# ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ

## (ਭਾਗ ਤੀਜਾ)



ਸੰਪਾਦਕ
ਡਾ. ਸਰਬਜਿੰਦਰ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਿਤ)

VISHAV DHARAM BANNI, GRANTH *(Punjabi)*
SAMPERDIA ATE CHINTAK
(PART-III)

*Edited by*
**Dr. Sarbjinder Singh**

ISBN 81-302-0122-4

2007
ਕਾਪੀਆਂ : 1100
ਕੀਮਤ : 200.00

ਡਾ. ਬੀ. ਐਸ. ਸੰਧੂ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ ਮੈਸਰਜ਼
ਲਿਓਨਾਰਡ ਪ੍ਰਿੰਟਰਜ਼ ਪਟਿਆਲਾ ਵਿਖੇ ਛਪੀ ।

# ਤਤਕਰਾ



+10 +10 +10 +10

# ਦੋ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼ ਵਿਭਾਗ, ਪੰਜਾਬੀ ਯੂਨੀਵਰਸਿਟੀ ਦੇ ਸਭ ਤੋਂ ਮਹੱਤਵਪੂਰਨ ਵਿਭਾਗਾਂ ਵਿਚੋਂ ਇਕ ਹੈ । ਇਹ ਵਿਭਾਗ ਅਣਥੱਕ ਰੂਪ ਵਿਚ ਆਪਣੀਆਂ ਮੰਜ਼ਲਾਂ ਤਹਿ ਕਰਦਾ ਹੋਇਆ ਕਿਸੇ ਨਵੇਂ ਸਵੇਰੇ ਦੀ ਆਸ ਵਿਚ ਅੱਗੇ ਵਧ ਰਿਹਾ ਹੈ । ਆਪਣੇ ਗੁਣਾਤਮਿਕ ਪੱਖਾਂ ਕਰਕੇ ਇਸਨੇ ਅਕਾਦਮਿਕ ਖੇਤਰ ਵਿਚ ਆਪਣਾ ਅਹਿਮ ਸਥਾਨ ਬਣਾਇਆ ਹੋਇਆ ਹੈ । ਇਸ ਵਿਭਾਗ ਦਾ ਮੁੱਖ ਮਨੋਰਥ ਸਿੱਖ ਧਰਮ ਨਾਲ ਸਬੰਧਤ ਅਧਿਆਤਮਕ, ਦਾਰਸ਼ਨਿਕ, ਇਤਿਹਾਸਕ ਅਤੇ ਸਭਿਆਚਾਰਕ ਸੰਕਲਪਾਂ ਨੂੰ ਸੌਖੇ ਢੰਗ ਨਾਲ ਪ੍ਰਕਾਸ਼ਤ ਕਰਕੇ ਇਸ ਖੇਤਰ ਵਿਚ ਕੰਮ ਕਰ ਰਹੇ ਵਿਦਿਆਰਥੀਆਂ, ਖੋਜਾਰਥੀਆਂ ਅਤੇ ਵਿਦਵਾਨਾਂ ਨੂੰ ਸਹਿਯੋਗ ਦੇਣਾ ਹੈ । 'ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ ਕਿਤਾਬ ਨੂੰ ਚਾਰ ਭਾਗਾਂ ਵਿਚ ਛਾਪ ਕੇ ਧਰਮ ਅਧਿਐਨ ਦੇ ਖੇਤਰ ਵਿਚ ਵਡੀ ਪੁਲਾਂਘ ਭਰੀ ਹੈ·। ਕਿਤਾਬ ਦੇ ਇਸ ਤੀਜੇ ਹਿੱਸੇ ਵਿਚ ਜਿਸ ਖੂਬਸੂਰਤੀ ਨਾਲ ਪੂਰਬੀ ਅਤੇ ਸਾਮੀ ਧਰਮ ਪਰੰਪਰਾ ਨਾਲ ਜੁੜੀਆਂ ਹੋਈਆਂ ਧਰਮ ਸੰਪ੍ਰਦਾਵਾਂ ਦਾ ਇਤਿਹਾਸਕ ਅਤੇ ਸਿਧਾਂਤਕ ਬਖਾਨ ਕੀਤਾ ਹੈ, ਇਹ ਨਿਸਚੇ ਹੀ ਸ਼ਲਾਘਾਯੋਗ ਹੈ । ਕਿਸੇ ਵੀ ਧਰਮ ਦੇ ਪ੍ਰਚਾਰ ਅਤੇ ਪਸਾਰ ਹਿਤ ਸੰਪ੍ਰਦਾਵਾਂ ਦਾ ਟਕਸਾਲੀ ਯੋਗਦਾਨ ਹੁੰਦਾ ਹੈ । ਸੰਪ੍ਰਦਾਵਾਂ ਧਰਮਾਂ ਦੁਆਰਾ ਦਿੱਤੇ ਹੋਏ ਸਿਧਾਂਤਾਂ ਨੂੰ ਜਨ-ਸਾਧਾਰਣ ਤਕ ਲਿਜਾ ਕੇ ਉਸ ਧਰਮ ਦੇ ਪੈਰੋਕਾਰਾਂ ਦੀ ਗਿਣਤੀ ਵਿਚ ਵਾਧਾ ਹੀ ਨਹੀਂ ਕਰਦੀਆਂ ਸਗੋਂ ਸਮਾਜ ਲਈ ਇਕ ਨੈਤਿਕ ਵਿਧੀ ਵਿਧਾਨ ਦਾ ਰਸਤਾ ਨਿਰਧਾਰਤ ਕਰਨ ਵਿਚ ਵੀ ਅਹਿਮ ਰੋਲ ਅਦਾ ਕਰਦੀਆਂ ਹਨ ।

ਮੈਂ ਇਸ ਕਿਤਾਬ ਨੂੰ ਧਰਮ ਅਧਿਐਨ ਦੇ ਖੇਤਰ ਵਿਚ ਪੇਸ਼ ਕਰਨ ਵਿਚ ਹਿੱਸੇਦਾਰ ਹੋਣ ਦੇ ਨਾਲ ਨਾਲ ਅਕਾਦਮਿਕ ਅਦਾਰੇ ਦੇ ਮੁਖੀ ਦੀ ਜ਼ਿੰਮੇਵਾਰੀ ਨਿਭਾ ਕੇ ਫ਼ਖਰ ਮਹਿਸੂਸ ਕਰਦਾ ਹਾਂ । ਆਸ ਹੈ ਕਿ ਵਿਦਵਾਨ ਪਾਠਕ ਇਸ ਤੋਂ ਭਰਪੂਰ ਲਾਭ ਉਠਾ ਸਕਣਗੇ ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

**ਸਵਰਨ ਸਿੰਘ ਬੋਪਾਰਾਏ**
ਵਾਈਸ-ਚਾਂਸਲਰ

# ਸੰਪਾਦਕੀ

ਸੰਸਾਰ ਦੇ ਇਤਿਹਾਸ ਤੋਂ ਸਪਸ਼ਟ ਹੈ ਕਿ ਦੁਨੀਆਂ ਦਾ ਕੋਈ ਵੀ ਅਜਿਹਾ ਹਿੱਸਾ ਨਹੀਂ ਹੈ, ਜਿਥੇ ਧਰਮ ਦੀ ਹੋਂਦ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਅਨੁਭਵ ਨਾ ਕੀਤੀ ਜਾ ਸਕਦੀ ਹੋਵੇ। ਧਰਮ ਮਾਨਵ ਜੀਵਨ ਦਾ ਅਨਿਖੜ ਅੰਗ ਹੈ। ਉਪਰੋਕਤ ਦੇ ਪ੍ਰਸੰਗ ਵਿਚ ਜੇਕਰ ਧਰਮਾਂ ਦੇ ਇਤਿਹਾਸ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਿਵੇਂ ਕੋਈ ਵੀ ਸਮਾਜ ਧਰਮ ਤੋਂ ਬਿਨਾਂ ਨਹੀਂ ਹੈ, ਉਸੇ ਤਰ੍ਹਾਂ ਦੁਨੀਆਂ ਦਾ ਕੋਈ ਵੀ ਅਜਿਹਾ ਧਰਮ ਨਹੀਂ ਹੈ, ਜਿਸ ਵਿਚ ਸੰਪ੍ਰਦਾਇ ਪਹਿਪਾਟੀ ਨਾ ਚਲੀ ਹੋਵੇ ਜਾਂ ਸੰਪ੍ਰਦਾ ਨੇ ਧਰਮ ਦੇ ਵਿਕਾਸ ਵਿਚ ਅਹਿਮ ਰੋਲ ਅਦਾ ਨਾ ਕੀਤਾ ਹੋਵੇ। ਸੰਪ੍ਰਦਾਵਾਂ ਕਿਸੇ ਵੀ ਧਰਮ ਦੇ ਅਜਿਹੇ ਸਦ ਜਾਗਦੇ ਚੇਤਨਾਂ ਕੇਂਦਰ ਹੁੰਦੇ ਹਨ, ਜੋ ਧਰਮ ਦੇ ਅਨੁਆਈਆਂ ਅੰਦਰ ਵਿਰਾਸਤ ਦੇ ਫ਼ਖ਼ਰ ਦਾ ਅਹਿਸਾਸ ਹੀ ਪੈਦਾ ਨਹੀਂ ਕਰਦੇ, ਸਗੋਂ ਵਿਰਾਸਤ ਦੇ ਫ਼ਖਰ ਨੂੰ ਹੰਢਾਉਣ ਦਾ ਰਸਤਾ ਨਿਰਧਾਰਤ ਕਰਨ ਵਿਚ ਵੀ ਸਹਾਈ ਹੁੰਦੇ ਹਨ।

ਵਿਉਂਤਪਤੀ ਦੇ ਦ੍ਰਿਸ਼ਟੀਕੋਣ ਤੋਂ ਸੰਪ੍ਰਦਾ ਸ਼ਬਦ ਦਾ ਮੂਲ 'ਦ' ਧਾਤੂ ਹੈ, ਜਿਸ ਦਾ ਅਰਥ ਹੈ ਦੇਣਾ। 'ਦ' ਦੇ ਅਗੇ ਦੋ ਅਗੇਤਰ 'ਸੰ' ਅਤੇ 'ਪ੍ਰ' ਹਨ। ਇਨ੍ਹਾਂ ਦੋ ਅਗੇਤਰਾਂ ਦੇ ਮੇਲ ਨਾਲ ਸ਼ਬਦ ਸੰਪ੍ਰਦਾਇ ਹੋਂਦ ਵਿਚ ਆਇਆ। ਇਸ ਸਮੁੱਚੇ ਸ਼ਬਦ ਦਾ ਅਰਥ ਹੈ ਸੰਸਕ੍ਰਿਤੀ ਵਿਚੋਂ ਜੋ ਲਿਆ ਉਹ ਦੂਸਰਿਆਂ ਨੂੰ ਦੇਣਾ। ਮਹਾਨਕੋਸ਼ ਵਿਚ ਸੰਪ੍ਰਦਾ ਸ਼ਬਦ ਨੂੰ ਅਨੇਕ ਅਰਥਾਂ ਦਾ ਧਾਰਨੀ ਦਰਸਾਇਆ ਹੈ ਜਿਵੇਂ 1. ਪਰੰਪਰਾ ਤੋਂ ਉਪਦੇਸ਼ ਦੇਣ ਦੀ ਚਲੀ ਆਈ ਰੀਤਿ 2. ਧਰਮ ਰੀਤਿ 3. ਗੁਰੂ ਚੇਲੇ ਦੀ ਪੱਧਤੀ 4. ਗੁਰੂ ਉਪਦੇਸ਼ ਧਾਰਨ ਵਾਲੀ ਜਮਾਤ 5. ਉਪਦੇਸ਼ ਵਿਦਿਆ ਆਦਿ ਦੇਣ ਦਾ ਸਿਲਸਲੇ ਵਾਰ ਕ੍ਰਮ 6. ਕਿਸੇ ਵਿਚਾਰ ਜਾਂ ਸਿਧਾਂਤ ਦੇ ਸੰਬੰਧ ਵਿਚ ਇਕੋ ਹੀ ਤਰ੍ਹਾਂ ਦੇ ਵਿਚਾਰ ਜਾਂ ਮਤ ਰੱਖਣ ਵਾਲੇ ਲੋਕਾਂ ਦਾ ਵਰਗ ਆਦਿ। ਅੰਗਰੇਜ਼ੀ ਵਿਚ ਸੰਪ੍ਰਦਾ ਸ਼ਬਦ ਲਈ Sect ਸ਼ਬਦ ਦੀ ਵਰਤੋਂ ਕੀਤੀ ਗਈ ਹੈ।

ਜਿਵੇਂ ਪਹਿਲਾਂ ਗੱਲ ਕਰ ਚੁੱਕਾ ਹਾਂ ਕਿ ਹਰ ਧਰਮ ਵਿਚ ਅਨੇਕਾਂ ਸੰਪ੍ਰਦਾਵਾਂ ਹੋ ਸਕਦੀਆਂ ਹਨ। ਪਰ ਇਕ ਗੱਲ ਨੂੰ ਸਮਝ ਲੈਣਾ ਬੇਹੱਦ ਜ਼ਰੂਰੀ ਹੈ ਕਿ ਸੰਪ੍ਰਦਾਵਾਂ ਅਨੇਕਾਂ ਹੋ ਸਕਦੀਆਂ ਹਨ, ਪਰ ਹਰ ਸੰਪ੍ਰਦਾ ਜਿਸ ਵੀ ਧਰਮ ਨਾਲ ਸਬੰਧਤ ਹੋਵੇਗੀ, ਉਸ ਦੇ ਮੂਲ ਸਿਧਾਂਤ ਨਾਲ ਜੁੜੇ ਰਹਿਣਾ ਉਸ ਲਈ ਲਾਜ਼ਮੀ ਹੁੰਦਾ ਹੈ। ਉਦਾਹਰਣ ਵਜੋਂ ਈਸਾਈ ਧਰਮ ਵਿਚ ਭਾਵੇਂ ਕੈਥੋਲਿਕ ਸੰਪ੍ਰਦਾ ਹੈ ਜਾਂ ਪ੍ਰੋਟੇਸਟੈਂਟ ਉਸ ਦਾ ਮੂਲ ਯਿਸੂ ਅਤੇ ਬਾਈਬਲ ਹੈ। ਇਸਲਾਮ ਦੀਆ ਪ੍ਰਮੁਖ ''ਸੁੰਨੀ ਅਤੇ ਸ਼ੀਆਂ'' ਸੰਪ੍ਰਦਾਵਾਂ ਪਵਿੱਤਰ ਕੁਰਾਨ ਅਤੇ ਮੁਹੰਮਦ ਸਾਹਿਬ ਨੂੰ ਆਪਣਾ ਇਸ਼ਟ ਪਰਵਾਨ ਕਰਕੇ ਹੀ ਚੱਲਦੀਆਂ ਹਨ। ਇਸ ਤਰ੍ਹਾਂ ਹਿੰਦੂ ਧਰਮ ਹੋਵੇ, ਬੁੱਧ ਜਾਂ ਜੈਨ, ਉਨ੍ਹਾਂ ਦਾ ਕੇਂਦਰੀ ਧੁਰਾ ਉਨ੍ਹਾਂ ਦੇ ਪਵਿੱਤਰ ਧਰਮ ਗ੍ਰੰਥ ਅਤੇ ਬਾਨੀ ਹੀ ਹਨ। ਸਿੱਖ ਧਰਮ ਦੇ ਇਤਿਹਾਸ ਵਲ ਨਜ਼ਰ ਮਾਰੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਹਾਲਾਤ

ਦੀ ਤਬਦੀਲੀ ਨੇ ਸਿੱਖ ਧਰਮ ਵਿਚ ਵੀ ਅਨੇਕਾਂ ਸੰਪ੍ਰਦਾਵਾਂ ਨੂੰ ਜਨਮ ਦਿੱਤਾ, ਬੇਸ਼ਕ ਹਰੇਕ ਸੰਪ੍ਰਦਾ ਵਿਚ ਵੱਡੇ ਵਖਰੇਵੇਂ ਸਪਸ਼ਟ ਹਨ, ਪਰ ਫਿਰ ਵੀ ਹਰ ਸਿੱਖ ਸੰਪ੍ਰਦਾ ਦਸ ਗੁਰੂ ਸਾਹਿਬਾਨ ਵਿਚ ਪੂਰਨ ਵਿਸ਼ਵਾਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿਚ ਪੂਰਨ ਆਸਥਾ ਰੱਖਦੀ ਹੈ। ਧਾਰਮਿਕ ਸੰਪ੍ਰਦਾਵਾਂ ਦੇ ਵਿਸ਼ਵਾਸਾਂ ਦਾ ਆਦਰ ਸਹਿਤ ਅਧਿਐਨ ਕਰਨਾ ਸਾਡੀ ਪਰੰਪਰਾ ਵੀ ਹੈ ਅਤੇ ਸਮੇਂ ਦੀ ਲੋੜ ਵੀ। ਸੰਪ੍ਰਦਾਇ ਦੇ ਅਧਿਐਨ ਨੂੰ ਮਹੱਤਤਾ ਇਸ ਲਈ ਮਿਲਣੀ ਚਾਹੀਦੀ ਹੈ, ਕਿਉਂਕਿ ਇਹ ਸਾਮੂਹਿਕ ਜਨ ਅਵਚੇਤਨ ਦੇ ਪ੍ਰਗਟਾਵੇ ਦਾ ਇਕ ਸ਼ਕਤੀਸ਼ਾਲੀ ਰੂਪ ਹੈ। ਇਸ ਵੰਨ-ਸੁਵੰਨਤਾ ਵਿਚੋਂ ਹੀ ਸਾਡੀ ਵਿਸ਼ਾਲ ਸੋਚ ਅਤੇ ਸਰਬ ਧਰਮ ਸਮ ਭਾਵ ਦੇ ਦਰਸ਼ਨ ਹੁੰਦੇ ਹਨ।

ਧਰਮਾਂ ਦੀ ਲੜੀ ਵਿਚ ਈਸਾਈ ਧਰਮ ਸਾਮੀ ਧਰਮ ਪਰੰਪਰਾ ਦਾ ਬਹੁਤ ਹੀ ਮਹੱਤਵਪੂਰਨ ਧਰਮ ਹੈ। ਮੌਜੂਦਾ ਸਮੇਂ ਵਿਚ ਜੇਕਰ ਪੈਰੋਕਾਰਾਂ ਦੇ ਆਧਾਰ ਤੇ ਗੱਲ ਕੀਤੀ ਜਾਵੇ ਤਾਂ ਇਹ ਧਰਮ ਦੁਨੀਆਂ ਦਾ ਸਭ ਤੋਂ ਵੱਡਾ ਧਰਮ ਪ੍ਰਵਾਨ ਕੀਤਾ ਜਾ ਸਕਦਾ ਹੈ। ਯਹੂਦੀ ਧਰਮ ਗ੍ਰੰਥ ਅਤੇ ਬਾਈਬਲ ਦਾ ਪਹਿਲਾ ਭਾਗ 'ਪੁਰਾਣਾ ਅਹਿਦਨਾਮਾਂ' ਕਿਸੇ ਮਸੀਹੇ ਦੇ ਸੰਸਾਰ ਵਿਚ ਆਉਣ ਵਲ ਇਸ਼ਾਰਾ ਕਰਦਾ ਹੈ। ਈਸਾਈ ਵਿਸ਼ਵਾਸੀਆਂ ਅਨੁਸਾਰ ਉਪਰੋਕਤ ਭਵਿਖਬਾਣੀ ਪ੍ਰਭੂ ਯਿਸੂ ਮਸੀਹ ਦੇ ਇਸ ਧਰਤੀ ਤੇ ਜਨਮ ਲੈਣ ਨਾਲ ਪੂਰੀ ਹੋ ਗਈ। ਬੇਸ਼ਕ ਇਸ ਧਰਮ ਗ੍ਰੰਥ ਦੇ ਪੈਰੋਕਾਰ, ਯਹੂਦੀ ਯਿਸੂ ਨੂੰ ਮਸੀਹਾ ਪ੍ਰਵਾਨ ਕਰਨ ਤੋਂ ਪੂਰਨ ਤੌਰ ਤੇ ਇਨਕਾਰੀ ਹੀ ਨਹੀਂ ਹਨ, ਸਗੋਂ ਯਿਸੂ ਮਸੀਹ ਦੁਆਰਾ ਸ਼ੁਰੂ ਕੀਤੇ ਇਸ ਧਰਮ ਨੂੰ ਕੁਫ਼ਰ ਕਰਾਰ ਵੀ ਦਿੰਦੇ ਰਹੇ ਹਨ। ਈਸਾਈਆਂ ਅਤੇ ਯਹੂਦੀਆਂ ਦੀ ਦੁਸ਼ਮਣੀ ਦਾ ਇਕ ਆਪਣਾ ਵੱਡਾ ਪ੍ਰਸੰਗ ਹੈ। ਜਿਸਦਾ ਇਥੇ ਜ਼ਿਕਰ ਕਰਨਾ ਨਾ ਸੰਭਵ ਹੈ ਅਤੇ ਨਾ ਹੀ ਮੁਨਾਸਿਬ। ਪ੍ਰਭੂ ਯਿਸੂ ਦੀ ਆਮਦ ਨਾਲ ਈਸਾਈ ਧਰਮ ਦੀ ਸਥਾਪਨਾ ਹੋਈ ਅਤੇ ਹੌਲੀ ਹੌਲੀ ਇਹ ਧਰਮ ਦੁਨੀਆਂ ਭਰ ਦਾ ਹਿੱਸਾ ਬਣ ਗਿਆ। ਇਸ ਧਰਮ ਦਾ ਸਰੂਪ ਵੀ ਸਮੇਂ ਸਮੇਂ ਬਦਲਦਾ ਰਿਹਾ, ਬੇਸ਼ਕ ਮੂਲਭੂਤ ਢਾਂਚਾ ਅਤੇ ਵਿਸ਼ਵਾਸਾਂ ਦੀ ਲੜੀ ਵਿਚ ਕੋਈ ਫਰਕ ਨਹੀਂ ਹੈ। ਅਜ ਇਸ ਧਰਮ ਦੇ ਲਗਭਗ ਛੋਟੇ ਛੋਟੇ 400 ਤੋਂ ਵਧ ਫਿਰਕੇ ਹਨ, ਪਰ ਮਹੱਤਵਪੂਰਨ ਸੰਪ੍ਰਦਾਵਾਂ ਤਿੰਨ ਹੀ ਹਨ : ਪੂਰਵੀ ਪਰੰਪਰਾਵਾਦੀ (Eastern Orthodox) ਚਰਚ, ਰੋਮਨ ਕੈਥੋਲਿਕ ਅਤੇ ਪ੍ਰੋਟੈਸਟੈਂਟ ਚਰਚ।

ਇਸਲਾਮ ਧਰਮ ਸਾਮੀ ਧਰਮ ਪਰੰਪਰਾ ਦਾ ਇਕ ਹੋਰ ਮਹੱਤਵਪੂਰਨ ਧਰਮ ਹੈ। ਜਿਸ ਨੇ ਭਾਰਤ ਦੀ ਧਰਤੀ ਤੇ ਆਪਣਾ ਸਥਾਨ ਮੁਹੰਮਦ ਬਿਨ ਕਾਸਮ ਦੇ ਹਮਲੇ ਨਾਲ ਸਥਾਪਤ ਕੀਤਾ ਅਤੇ ਫਿਰ ਲਗਭਗ ਅੱਠ ਸੌ ਸਾਲ ਇਹ ਹਾਕਮ ਧਿਰ ਦੇ ਧਰਮ ਵਜੋਂ ਭਾਰਤੀ ਧਰਮ ਧਾਰਾ ਦਾ ਅੰਗ ਬਣ ਗਿਆ। ਮੱਕੇ ਦੇ ਅਸਥਾਨ 571 ਈਸਵੀ ਨੂੰ ਮੁਹੰਮਦ ਸਾਹਿਬ ਦਾ ਜਨਮ ਹੋਇਆ ਅਤੇ ਜੋ ਰੱਬੀ ਪ੍ਰਕਾਸ਼ ਉਨ੍ਹਾਂ ਉਪਰ ਉਤਰਿਆ, ਉਸ ਪ੍ਰਕਾਸ਼ ਨੂੰ ਇਸਲਾਮ ਦਾ ਨਾਮ ਦਿੱਤਾ ਗਿਆ। ਇਹ ਧਰਮ ਅੱਜ ਈਸਾਈ ਧਰਮ ਨੂੰ ਛੱਡ ਕੇ ਦੁਨੀਆਂ ਦਾ ਦੂਜਾ ਵੱਡਾ ਧਰਮ ਹੈ। ਮੁਹੰਮਦ ਸਾਹਿਬ ਦੇ ਅਕਾਲ ਚਲਾਣੇ ਤੋਂ ਬਾਅਦ ਖਲੀਫਿਆਂ ਦੇ ਸਮੇਂ ਇਸ ਧਰਮ ਵਿਚ ਦੋ ਮਹੱਤਵਪੂਰਨ ਸੰਪ੍ਰਦਾਵਾਂ ਹੋਂਦ ਵਿਚ ਆਈਆਂ, ਜਿਨ੍ਹਾਂ ਨੂੰ ਸੁੰਨੀ ਅਤੇ ਸ਼ੀਆਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸਲਾਮੀ ਪ੍ਰਚਾਰਕਾਂ ਦੇ ਅਤਿ ਕਟੜਤਾ ਵਾਲੇ ਵਿਚਾਰਾਂ ਦੇ ਵਿਰੋਧ ਵਿਚ

ਇਕ ਹੋਰ ਮਹੱਤਵਪੂਰਨ ਸੰਪ੍ਰਦਾ ਪੈਦਾ ਹੋਈ, ਜਿਸਨੂੰ ਸੂਫੀਵਾਦ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਸੰਪ੍ਰਦਾ ਨੇ ਇਸਲਾਮ ਧਰਮ ਦਾ ਪਿਆਰ ਅਤੇ ਨਿਮਰਤਾ ਵਾਲਾ ਸੰਦੇਸ਼ ਦੁਨੀਆਂ ਵਿੱਚ ਫੈਲਾਇਆ ਅਤੇ ਇਸਲਾਮ ਧਰਮ ਦੀ ਸਭ ਤੋਂ ਸਤਿਕਾਰਤ ਸੰਪ੍ਰਦਾ ਦੇ ਤੌਰ ਤੇ ਇਤਿਹਾਸ ਵਿਚ ਆਪਣਾ ਸਥਾਨ ਬਣਾਇਆ। ਸੂਫੀਵਾਦ ਅੱਗੇ ਕਈ ਹਿੱਸਿਆ ਵਿਚ ਵੰਡਿਆ ਹੋਇਆ ਹੈ, ਜਿਨ੍ਹਾਂ ਨੂੰ ਸਿਲਸਿਲੇ ਕਿਹਾ ਜਾਂਦਾ ਹੈ।


ਹਿੰਦੂ ਧਰਮ ਪੂਰਬੀ ਧਰਮਾਂ ਦੀ ਲੜੀ ਵਿਚੋਂ ਸਭ ਤੋਂ ਪ੍ਰਾਚੀਨ ਧਰਮ ਹੈ। ਦੁਨੀਆਂ ਭਰ ਦੇ ਧਰਮਾਂ ਵਿਚੋਂ ਇਸ ਦਾ ਨਿਵੇਕਲਾ ਪੱਖ ਇਹ ਹੈ ਕਿ ਇਸ ਧਰਮ ਦਾ ਕੋਈ ਵੀ ਇਕ ਬਾਨੀ ਨਹੀਂ ਹੈ, ਜਿਸ ਕਰਕੇ ਇਸਦੇ ਆਰੰਭਕ ਇਤਿਹਾਸ ਬਾਰੇ ਕੁਝ ਵੀ ਕਿਹਾ ਨਹੀਂ ਜਾ ਸਕਦਾ। ਪਰ ਇਸ ਦੇ ਬਾਵਜੂਦ ਵੱਡੀ ਗਿਣਤੀ ਵਿਚ ਇਸ ਧਰਮ ਦੇ ਪੈਰੋਕਾਰ ਹਨ ਅਤੇ ਇਸਦੇ ਧਰਮ ਗ੍ਰੰਥ ਵੇਦ, ਉਪਨਿਸ਼ਦ, ਸ਼ਾਸਤਰ, ਸਿਮਰਤੀਆਂ ਅਤੇ ਪੁਰਾਣ ਆਦਿ ਵਿਸ਼ੇਸ਼ ਕਿਸਮ ਦੇ ਜੀਵਨ-ਜਾਂਚ ਦਾ ਪ੍ਰਗਟਾਵਾ ਕਰਦੇ ਹਨ। ਇਸ ਧਰਮ ਵਿਚ ਅਨੇਕਾਂ ਸੰਪ੍ਰਦਾਵਾਂ ਵੀ ਪ੍ਰਚਲਤ ਹਨ ਜੋ ਸਰਗੁਣ ਅਤੇ ਨਿਰਗੁਣ ਭਗਤੀ ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਨ੍ਹਾਂ ਵਿਚ ਵੈਸ਼ਨਵ ਸ਼ੈਵ, ਸ਼ਾਕਤ, ਦਵੈਤਵਾਦੀ, ਅਦਵੈਤਵਾਦੀ ਆਦਿ ਪ੍ਰਮੁਖ ਹਨ।

ਇਹ ਇਤਿਹਾਸਕ ਤਥ ਵੀ ਹੈ ਅਤੇ ਪ੍ਰਵਾਨਤ ਧਾਰਨਾ ਵੀ ਕਿ ਜੈਨ ਅਤੇ ਬੁੱਧ ਧਰਮ, ਧਰਮਾਂ ਦੇ ਰੂਪ ਵਿਚ ਵੈਦਿਕ ਪ੍ਰਣਾਲੀ ਦੇ ਵਿਰੁੱਧ ਵਿਦਰੋਹ ਵਿਚੋਂ ਉਤਪੰਨ ਹੋਏ। ਵੈਦਿਕ ਪਰੰਪਰਾ ਵਿਚ ਪ੍ਰਮੁਖਤਾ ਯੱਗ ਅਤੇ ਬਲੀ ਨੂੰ ਸੀ। ਇਨ੍ਹਾਂ ਦੀ ਪ੍ਰਮੁਖਤਾ ਕਾਰਣ ਸਮਾਜ ਵਿਚ ਬ੍ਰਾਹਮਣਾਂ ਦਾ ਸਥਾਨ ਬਹੁਤ ਉਚਤਮ ਸੀ। ਮਨੁੱਖ ਅਤੇ ਅਕਾਲ ਪੁਰਖ ਦੇ ਵਿਚਕਾਰ ਪੁਜਾਰੀ ਵਿਚੋਲਾ ਹੋ ਗਿਆ ਸੀ, ਜਿਸ ਕਾਰਣ ਆਮ ਲੋਕ ਧਰਮ ਦੀ ਚੇਤਨਾ ਤੋਂ ਹੀ ਮਹਿਰੂਮ ਨਹੀਂ ਸਨ ਹੋਏ ਸਗੋਂ ਧਰਮ ਦੇ ਘੇਰੇ ਵਿਚੋਂ ਵੀ ਬਾਹਰ ਕੱਢ ਦਿੱਤੇ ਗਏ ਸਨ। ਜਦ ਅਜਿਹੇ ਹਾਲਾਤ ਸਿਖਰ ਤੇ ਸਨ ਤਾਂ ਉਸ ਵੇਲੇ ਜੈਨ ਅਤੇ ਬੁੱਧ ਧਰਮ ਦਾ ਪ੍ਰਕਾਸ਼ ਹੋਇਆ। ਇਨ੍ਹਾਂ ਦੋਵਾਂ ਧਰਮਾਂ ਨੇ ਵੈਦਿਕ ਧਰਮ ਦੀ ਹਰ ਪਰੰਪਰਾ ਅਤੇ ਵੇਦਾਂ ਨੂੰ ਮੁਢੋਂ ਰੱਦ ਕਰ ਦਿੱਤਾ। ਹਿੰਦੂ ਧਰਮ ਨੇ ਇਨ੍ਹਾਂ 'ਤੇ ਉਲਟਾ ਵਾਰ ਕਰਦੇ ਹੋਏ ਇਨ੍ਹਾਂ ਦੋਵਾਂ ਮੱਤਾਂ ਨੂੰ ਨਾਸਤਿਕ ਕਹਿਣਾ ਸ਼ੁਰੂ ਕਰ ਦਿੱਤਾ, ਕਿਉਂਕਿ ਵੇਦ ਜੋ 'ਅਪੁਰਸ਼ ਰਚਨਾ' ਹੈ ਜੋ ਉਸਨੂੰ ਨਹੀਂ ਮੰਨਦਾ ਉਸ ਨੂੰ ਨਾਸਤਿਕ ਕਿਹਾ ਜਾਣਾ ਸਭਾਵਕ ਸੀ।

ਜੈਨ ਧਰਮ ਦੇ ਬਾਨੀਆਂ ਨੂੰ ਤੀਰਥਾਂਕਰ ਕਿਹਾ ਜਾਂਦਾ ਹੈ। ਤੀਰਥਾਂਕਰ ਦਾ ਸ਼ਾਬਦਿਕ ਅਰਥ ਹੈ (ਪੁਲ) ਪਾਰ ਕਰਾਉਣ ਵਾਲਾ। ਤੀਰਥਾਂਕਰ ਦੀ ਗਿਣਤੀ ਚੌਵੀ ਹੈ, ਜਿਨ੍ਹਾਂ ਵਿਚ ਪਹਿਲੇ ਰਿਸ਼ਭ ਦੇਵ ਅਤੇ ਆਖਰੀ ਮਹਾਂਵੀਰ ਜੈਨ ਸਨ। ਜੈਨ ਸ਼ਬਦ ਦਾ ਨਿਕਾਸ 'ਜਿੰਨ' ਸ਼ਬਦ ਤੋਂ ਮੰਨਿਆ ਜਾਂਦਾ ਹੈ ਅਤੇ ਇਸਦਾ ਸ਼ਾਬਦਿਕ ਅਰਥ ਹੈ, ਉਹ ਵਿਅਕਤੀ ਜਿਸਨੇ ਆਪਣੀਆਂ ਇੱਛਾਵਾਂ ਅਤੇ ਮਨੋਵੇਗਾਂ ਤੇ ਪੂਰਨ ਤੌਰ ਤੇ ਵਸੀਕਾਰ ਕਰ ਲਿਆ ਹੋਵੇ। ਜੈਨ ਧਰਮ ਵਿਚ ਪ੍ਰਮੁਖ ਸੰਪ੍ਰਦਾਵਾਂ ਦੋ ਹੀ ਹਨ, ਪਰ ਅੱਗੇ ਇਹ ਸੰਪ੍ਰਦਾਵਾਂ ਵੀ ਕਈ ਹਿੱਸਿਆਂ ਵਿਚ ਵੰਡੀਆਂ ਹੋਈਆਂ ਹਨ। ਇਹ ਦੋ ਸੰਪ੍ਰਦਾਵਾਂ ਹਨ- ਸ਼ਵੇਤਾਂਬਰ ਅਤੇ ਦਿਗੰਬਰ। ਸ਼ਵੇਤਾਂਬਰ ਚਿੱਟੇ ਕੱਪੜੇ ਧਾਰਨ ਕਰਦੇ ਹਨ ਅਤੇ ਦਿਗੰਬਰ ਆਕਾਸ਼ ਨਾਲ ਹੀ ਆਪਣੇ ਸਰੀਰ ਨੂੰ ਕਜਦੇ ਹਨ ਭਾਵ ਨੰਗੇ ਰਹਿੰਦੇ ਹਨ। ਇਨ੍ਹਾਂ ਸੰਪ੍ਰਦਾਵਾਂ ਵਿਚ ਵੱਡੇ ਸਿਧਾਂਤਕ ਵਖਰੇਵੇਂ ਨਹੀਂ ਹਨ।

ਮੈਕਸਮੂਲਰ ਬੁੱਧ ਧਰਮ ਬਾਰੇ ਵਿਚਾਰ ਪ੍ਰਗਟ ਕਰਦਾ ਹੋਇਆ ਲਿਖਦਾ ਹੈ ਕਿ ਬੁੱਧ

ਮਤ ਜੋ ਅਸ਼ੋਕ ਦਾ ਧਰਮ ਸੀ, ਦਾ ਵੈਦਿਕ, ਪ੍ਰਾਚੀਨ ਬ੍ਰਾਹਮਣਵਾਦ ਨਾਲ ਉਹੋ ਸੰਬੰਧ ਹੈ, ਜੋ ਅਤਾਲਵੀ ਧਰਮ ਦਾ ਲਾਤੀਨੀ ਧਰਮ ਨਾਲ ਹੈ ਜਾਂ ਪ੍ਰੋਟੈਸਟੈਂਟ ਸੰਪ੍ਰਦਾ ਦਾ ਰੋਮਨ ਕੈਥੋਲਿਕ ਸੰਪ੍ਰਦਾ ਨਾਲ ਹੈ। ਸੱਚੀ ਗੱਲ ਤਾਂ ਇਹ ਹੈ ਕਿ ਬੁੱਧਮਤ ਦੀ ਸਮਝ ਹੀ ਤਦ ਆਉਂਦੀ ਹੈ, ਜੋ ਇਸ ਨੂੰ ਬ੍ਰਾਹਮਣੀ ਮਤ ਦੇ ਵਿਕਾਸ ਜਾਂ ਉਸ ਦੇ ਵਿਰੁੱਧ ਪ੍ਰਤੀਕਰਮ ਦੇ ਰੂਪ ਵਿਚ ਵਿਚਾਰਿਆ ਜਾਵੇ। ਸਪਸ਼ਟ ਹੈ ਕਿ ਬੁੱਧ ਧਰਮ ਦਾ ਆਰੰਭ ਅਤੇ ਵਿਕਾਸ ਹਿੰਦੂ ਧਰਮ ਦੇ ਕਰਮਕਾਂਡ, ਪੁਜਾਰੀਵਾਦ ਦੀ ਹਉਮੈ, ਯੱਗ ਅਤੇ ਬਲੀ ਦੀ ਲੁੱਟ ਅਤੇ ਵਹਿਮਾਂ-ਭਰਮਾਂ ਦੁਆਰਾ ਭਾਰਤ ਵਰਸ਼ ਵਿਚ ਆਈ ਖੜੋਤ ਦੇ ਵਿਰੋਧ ਵਿਚ ਹੋਇਆ। ਮਹਾਤਮਾ ਬੁੱਧ ਦਾ ਜਨਮ ਇਕ ਅਮੀਰ ਰਿਆਸਤ ਵਿਚ ਹੋਇਆ। ਭਰ ਜਵਾਨੀ ਵਿਚ ਉਨ੍ਹਾਂ ਘਰ ਤਿਆਗ ਦਿੱਤਾ ਅਤੇ ਇਕ ਅਜਿਹੇ ਧਰਮ ਦੀ ਨੀਂਹ ਰੱਖੀ, ਜਿਸ ਦਾ ਮੁੱਖ ਨਿਸ਼ਾਨਾ ਸੀ ਕਿ ਮਨੁੱਖ ਧਰਮ ਤੇ ਧਾਰਨ ਕਰੇ ਪਰ ਕਰਮਕਾਂਡੀ ਦੇ ਝਮੇਲਿਆਂ ਤੋਂ ਵਿੱਥ ਤੇ ਰਹੇ। ਬੁੱਧ ਧਰਮ ਨੇ ਮਨੁੱਖਤਾ ਦੀ ਬੰਦ ਖਲਾਸੀ ਵਿਰੁੱਧ ਸੰਗਰਾਮ ਛੇੜਿਆ। ਫਲਸਰੂਪ ਇਹ ਧਰਮ ਭਾਰਤ ਦੀ ਸਰਹੱਦ ਤੋਂ ਪਾਰ ਵੀ ਹਰਮਨ ਪਿਆਰਾ ਹੋ ਗਿਆ। ਮਹਾਤਮਾ ਬੁੱਧ ਦੀ ਮੌਤ ਤੋਂ ਬਾਅਦ ਦੂਸਰੇ ਧਰਮਾਂ ਵਾਂਗ ਇਸ ਧਰਮ ਵਿਚ ਵੀ ਕਈ ਸੰਪ੍ਰਦਾਵਾਂ ਪੈਦਾ ਹੋ ਗਈਆਂ, ਜਿਨ੍ਹਾਂ ਨੂੰ ਹੇਠਾਂ ਦਿੱਤੇ ਖਾਕੇ ਅਨੁਸਾਰ ਦਰਸਾਇਆ ਜਾ ਰਿਹਾ ਹੈ :




ਸਿੱਖ ਧਰਮ ਦੁਨੀਆਂ ਦਾ ਸਭ ਤੋਂ ਨਵੀਨਤਮ ਧਰਮ ਮੰਨਿਆ ਜਾਂਦਾ ਹੈ। ਇਸ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਸਾਹਿਬ ਨੇ 1469 ਈਸਵੀ ਨੂੰ ਰਾਇ ਭੋਇੰ ਦੀ ਤਲਵੰਡੀ ਵਿਚ ਜਨਮ ਲਿਆ ਅਤੇ ਇਕ ਅਜਿਹੇ ਧਰਮ ਦੀ ਨੀਂਹ ਰੱਖੀ, ਜਿਸ ਨੇ 'ਸਭੇ ਸਾਂਝੀਵਾਲ ਸਦਾਇਨ' ਦਾ ਇਲਾਹੀ ਨਾਦ ਦੁਨੀਆਂ ਵਿਚ ਗੂੰਜਾ ਕੇ ਮਨੁੱਖਤਾ ਦੇ ਦੁਆਲੇ ਖੜੀਆਂ ਕੀਤੀਆਂ ਹਰ ਤਰ੍ਹਾਂ ਦੀ ਵਲਗਣਾਂ ਨੂੰ ਖਤਮ ਕਰ ਸ਼ੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਥਾਪਤ ਕੀਤਾ। ਜਦ ਗੁਰੂ ਨਾਨਕ ਦੇਵ ਸਾਹਿਬ ਦੇ ਧਰਮ ਦਾ ਆਗਾਜ਼ ਪੰਜਾਬ ਦੀ ਧਰਤੀ ਤੇ ਹੋਇਆ ਤਾਂ ਸਮਕਾਲੀ ਸਥਿਤੀਆਂ ਧਰਮ ਦੀ ਧਾਰਾ ਦੇ ਉਲਟ ਵਹਿ ਰਹੀਆਂ ਸਨ। ਧਰਮ ਦੀਆਂ ਕੀਮਤਾਂ ਮਨੁੱਖੀ ਜੀਵਨ ਵਿਚੋਂ ਮਨਫੀ ਸਨ। ਰਾਜਸੀ ਤੇ ਸਮਾਜਿਕ ਭ੍ਰਿਸ਼ਟਤਾ ਦਾ ਆਤੰਕ ਚੋਹੀਂ ਪਾਸੀ ਫੈਲਿਆ ਹੋਇਆ ਸੀ। ਮਨੁੱਖੀ ਜੀਵਨ ਵਿਚ ਹਰ ਪ੍ਰਕਾਰ ਦਾ ਸਵੈਮਾਣ ਅਥਵਾ ਗੌਰਵਤਾ ਮੁਕਣ ਕਿਨਾਰੇ ਸੀ। ਇਸ ਦੇ ਦੀਦਾਰੇ ਉਸ ਵੇਲੇ ਦੇ ਇਤਿਹਾਸ ਵਿਚੋਂ ਸਪਸ਼ਟ ਹੋ ਜਾਂਦੇ ਹਨ। ਇਸ ਧਰਮ ਨੂੰ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤਕ ਦਸ ਗੁਰੂ ਪਾਤਸ਼ਾਹ ਨੇ ਬੀਜਿਆ, ਸਿੰਜਿਆ ਅਤੇ ਵੱਡਾ ਕੀਤਾ। ਇਸ ਧਰਮ ਵਿਚ ਵੀ ਅਨੇਕਾਂ ਸੰਪ੍ਰਦਾਵਾਂ ਪੈਦਾ ਹੋਈਆਂ, ਜਿਨ੍ਹਾਂ ਨੇ ਆਪਣਾ ਅਹਿਮ ਯੋਗਦਾਨ ਇਸ ਧਰਮ ਦੇ ਵਿਕਾਸ ਵਿਚ ਪਾਇਆ। ਉਨ੍ਹਾਂ ਵਿਚੋਂ ਪ੍ਰਮੁਖ : ਉਦਾਸੀ, ਨਿਰਮਲੇ, ਸੇਵਾ ਪੰਥੀ ਅਤੇ ਗਿਆਨੀ ਆਦਿ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ ਦਾ ਮਹੱਤਵਪੂਰਨ ਖੋਜ ਵਿਭਾਗ ਹੈ ਅਕਾਦਮਿਕ ਢਾਂਚੇ ਨੂੰ ਜਰਖੇਜ਼ ਬਨਾਉਣ ਵਿਚ ਇਸ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ, ਇਸ ਵਿਭਾਗ ਦੀ ਸਿਰਜਣਾ ਦਾ ਮੁਖ ਉਦੇਸ਼ ਹੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਨਾਲ ਦੂਜੇ ਧਰਮਾਂ ਦੇ ਸਿਧਾਂਤਾਂ ਨੂੰ ਪਾਠਕਾਂ, ਖੋਜਾਰਥੀਆਂ ਤੇ ਵਿਦਵਾਨਾਂ ਤੱਕ ਲੈ ਕੇ ਜਾਣਾ ਹੈ। ਇਸ ਆਦਰਸ਼ ਦੀ ਪੂਰਤੀ ਹਿਤ ਇਹ ਮਹੱਤਵਪੂਰਨ ਕਿਤਾਬ ਜੋ ਚਾਰ ਭਾਗਾਂ ਵਿਚ ਛਾਪੀ ਜਾ ਰਹੀ ਹੈ ਦਾ ਇਹ ਤੀਸਰਾ ਭਾਗ ਹੈ। ਮੈਨੂੰ ਪੂਰਨ ਆਸ ਹੈ ਕਿ ਧਰਮ ਅਧਿਐਨ ਦੇ ਖੇਤਰ ਵਿਚ ਕੰਮ ਕਰ ਰਹੇ ਪਾਠਕ ਤੇ ਵਿਦਵਾਨ ਇਸ ਕਾਰਜ ਨੂੰ ਮਹੱਤਵਪੂਰਨ ਭੇਟ ਦੇ ਰੂਪ ਵਿਚ ਪ੍ਰਵਾਨ ਕਰਨਗੇ। ਉਸਾਰੂ ਹੁੰਗਾਰੇ ਅਤੇ ਸੁਝਾਵਾਂ ਦੀ ਵਿਭਾਗ ਨੂੰ ਹਮੇਸ਼ਾਂ ਹੀ ਤਾਂਘ ਰਹੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਸਰਬਜਿੰਦਰ ਸਿੰਘ**
ਸੰਪਾਦਕ

# ਈਸਾਈ ਧਰਮ ਦੇ ਸੰਪ੍ਰਦਾਇ

–ਬਲਜੀਤ ਸਿੰਘ ਖਾਰਾ
(ਡਾ.) ਸਰਬਜਿੰਦਰ ਸਿੰਘ*

*ਹੇ ਸਾਡੇ ਪਿਤਾ, ਜਿਹੜਾ ਸੁਰਗ ਵਿੱਚ ਹੈਂ,*
*ਤੇਰਾ ਨਾਮ ਪਾਕ ਮੰਨਿਆ ਜਾਵੇ,*
*ਤੇਰਾ ਰਾਜ ਆਵੇ,*
*ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜ਼ਮੀਨ ਉੱਤੇ ਵੀ ਹੋਵੇ।*
*ਸਾਡੀ ਰੋਜ਼ ਦੀ ਰੋਟੀ ਅੱਜ ਸਾਨੂੰ ਦਿਹ,*
*ਅਤੇ ਸਾਡੇ ਕਰਜ਼ ਸਾਨੂੰ ਮਾਫ਼ ਕਰ,*
*ਜਿਵੇਂ ਅਸਾਂ ਵੀ ਆਪਣੇ ਕਰਜ਼ਾਈਆਂ ਨੂੰ ਮਾਫ਼ ਕੀਤਾ ਹੈ,*
*ਅਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ,*
*ਸਗੋਂ ਬੁਰਿਆਈ ਤੋਂ ਬਚਾ ॥ (ਮੱਤੀ 6:9-13)*

ਪੁਰਾਣੇ ਅਹਿਦਨਾਮੇ ਵਿੱਚ ਇੱਕ ਮਸੀਹੇ ਦੇ ਆਉਣ ਦੀ ਭਵਿੱਖਬਾਣੀ ਕੀਤੀ ਹੋਈ ਮਿਲਦੀ ਹੈ। ਉਹ ਭਵਿੱਖ ਬਾਣੀ ਪੂਰੀ ਹੋਈ ਅਤੇ ਅੱਜ ਤੋਂ ਵੀਹ ਸਦੀਆਂ ਪਹਿਲਾਂ ਇਸਰਾਇਲ ਦੇ ਛੋਟੇ ਜਿਹੇ ਕਸਬੇ ਬੈਤਲਹਮ ਵਿੱਚ ਇੱਕ ਮਸੀਹੇ ਨੇ ਜਨਮ ਲਿਆ। ਯਿਸੂ ਨਾਮੀ ਇਸ ਮਸੀਹੇ ਨੇ ਖ਼ੁਦ ਨੂੰ ਪਰਮਾਤਮਾ ਦਾ ਪੁੱਤਰ ਅਤੇ ਯਹੂਦੀਆਂ ਦਾ ਰਾਜਾ ਕਿਹਾ। ਉਸਨੇ ਧਰਤੀ ਉੱਪਰ ਸੁਰਗ ਦੇ ਰਾਜ ਦੇ ਆਉਣ ਦੀ ਗੱਲ ਕੀਤੀ। ਉਸ ਦਾ ਸੰਦੇਸ਼ ਸਿੱਧਾ ਸਾਦਾ ਸੀ-ਪਾਪਾਂ ਤੋਂ ਤੋਬਾ ਕਰੋ, ਪਰਮਾਤਮਾ ਅਤੇ ਉਸਦੇ ਬੰਦਿਆਂ ਨਾਲ ਪ੍ਰੇਮ ਕਰੋ। ਪਰ ਮੌਕੇ ਦੇ ਰਾਜਨੀਤਿਕ ਅਤੇ ਧਾਰਮਿਕ ਨਿਜ਼ਾਮਾਂ ਨੂੰ ਇਹ ਰਾਸ ਨਾ ਆਇਆ ਅਤੇ ਉਸ ਮਸੀਹੇ ਨੂੰ ਸਲੀਬ ਉੱਤੇ ਟੰਗ ਕੇ ਮਾਰ ਦਿੱਤਾ ਗਿਆ। ਉਸਦੇ ਪੈਰੋਕਾਰਾਂ ਉੱਪਰ ਵੀ ਅੰਨ੍ਹਾਂ ਤਸ਼ੱਦਦ ਕੀਤਾ ਗਿਆ, ਪਰ ਉਨ੍ਹਾਂ ਦਾ ਸਿਦਕ ਅਤੇ ਵਿਸ਼ਵਾਸ ਅਟੁੱਟ ਰਿਹਾ। ਇਸ ਸਿਰੜ੍ਹ ਕਰਕੇ ਹੀ ਸੰਨ 311 ਈ. ਵਿੱਚ ਰੋਮਨ ਸਮਰਾਟ ਨੇ ਇਸ ਮੱਤ ਨੂੰ ਖੁੱਲ੍ਹ ਦੇ ਦਿੱਤੀ ਅਤੇ ਵਧਦਾ-ਵਧਦਾ ਇਹ ਮੱਤ ਈਸਾਈ ਧਰਮ ਦੇ ਰੂਪ ਵਿੱਚ ਅੱਜ ਦੁਨੀਆਂ ਦੀ ਆਬਾਦੀ ਦੇ ਸਭ ਤੋਂ ਵੱਡੇ (ਤੀਜੇ) ਹਿੱਸੇ ਦਾ ਧਰਮ ਬਣ ਗਿਆ ਹੈ। ਯਹੂਦੀ ਪਰੰਪਰਾ ਵਿੱਚੋਂ ਜਨਮੇ ਇਸ ਧਰਮ ਦੀ ਪਵਿੱਤਰ ਪੁਸਤਕ ਬਾਈਬਲ ਹੈ ਜਿਸਦੇ ਦੋ ਹਿੱਸਿਆਂ ਵਿੱਚੋਂ ਪਹਿਲਾ "ਪੁਰਾਣਾ ਅਹਿਦਨਾਮਾ" ਯਹੂਦੀ ਧਰਮ ਗ੍ਰੰਥ ਹੀ ਹੈ ਅਤੇ ਦੂਸਰੇ ਹਿੱਸੇ "ਨਵਾਂ ਅਹਿਦਨਾਮਾ" ਵਿੱਚ ਯਿਸੂ ਦੇ ਜੀਵਨ ਅਤੇ ਈਸਾਈ ਮਤ ਦੇ ਸ਼ੁਰੂਆਤੀ ਪ੍ਰਚਾਰ ਦਾ ਬਿਰਤਾਂਤ ਹੈ। ਚਰਚ ਨਾਮੀ ਮੰਦਿਰ ਵਾਲੇ ਇਸ ਧਰਮ ਦੇ ਆਗੂ ਬਿਸ਼ਪ, ਪੋਪ, ਪ੍ਰੈਸਬਾਈਟਸ, ਡੀਕਨ ਅਤੇ ਪਾਦਰੀ

* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਆਦਿ ਹਨ। ਸਲੀਬ ਇਸ ਦਾ ਪਵਿੱਤਰ ਨਿਸ਼ਾਨ ਹੈ। ਸ਼ੁਰੂ ਤੋਂ ਹੀ ਇਸਦਾ ਮੰਤਵ ਪਰਮਾਤਮਾ, ਉਸਦੇ ਪੁੱਤਰ ਯਿਸੂ, ਪਵਿੱਤਰ ਆਤਮਾ ਅਤੇ ਰਸੂਲਾਂ ਪ੍ਰਤੀ ਨਿਸ਼ਠਾਵਾਨ ਰਹਿਣਾ ਅਤੇ ਦੁਨੀਆਂ ਨੂੰ ਇਸ ਤੋਂ ਜਾਣੂ ਕਰਵਾਉਣਾ ਹੈ। ਇਹ ਇੱਕ ਮਿਸ਼ਨਰੀ ਧਰਮ ਹੈ। ਹਰ ਧਰਮ ਵਾਂਗ ਇਸ ਧਰਮ ਦਾ ਸਰੂਪ ਵੀ ਸਮੇਂ-ਸਮੇਂ ਬਦਲਦਾ ਰਿਹਾ, ਹਾਲਾਂਕਿ ਮੂਲਭੂਤ ਢਾਂਚਾ ਅਤੇ ਵਿਸ਼ਵਾਸ ਤਕਰੀਬਨ ਉਹੀ ਰਹੇ। ਅੱਜ ਇਸਦੇ 400 ਤੋਂ ਵੀ ਵੱਧ ਫਿਰਕੇ ਹਨ, ਪਰ ਤਿੰਨ ਸੰਪ੍ਰਦਾਇ ਮੁੱਖ ਮੰਨੇ ਜਾਂਦੇ ਹਨ। ਇਹ ਹਨ-ਸੰਨ 1054 ਵਿੱਚ ਅਲੱਗ ਹੋਏ ਪੂਰਵੀ ਪਰੰਪਰਾਵਾਦੀ (Eastern Orthodox) ਚਰਚ, ਰੋਮਨ ਕੈਥੋਲਿਕ ਚਰਚ ਅਤੇ ਫਿਰ ਸੋਲਵੀਂ ਸਦੀ ਵਿੱਚ ਰੋਮਨ ਕੈਥੋਲਿਕ ਚਰਚ ਵਿੱਚ ਫੈਲੇ ਭ੍ਰਿਸ਼ਟਾਚਾਰ ਦੇ ਵਿਰੋਧ (Protest) ਵਿੱਚ ਪੈਦਾ ਹੋਇਆ ਪ੍ਰੋਟੈਸਟੈਂਟ ਚਰਚ। ਇਸ ਖੋਜ ਪੇਪਰ ਰਾਹੀਂ ਅਸੀਂ ਇਨ੍ਹਾਂ ਸੰਪ੍ਰਦਾਵਾਂ ਦੀ ਉਤਪੱਤੀ ਦੇ ਕਾਰਨਾਂ ਅਤੇ ਉਨ੍ਹਾਂ ਵਿਚਲੇ ਵਿਸ਼ਵਾਸਾਂ ਅਤੇ ਵਿਧੀ-ਵਿਧਾਨਾਂ ਦੇ ਫਰਕ ਨੂੰ ਸਮਝਣ ਦਾ ਯਤਨ ਕਰਾਂਗੇ।

## ਯਹੂਦੀ ਸਮਾਜ ਦਾ ਧਾਰਮਿਕ ਪਿਛੋਕੜ

ਜਦੋਂ ਯਿਸੂ ਪੈਦਾ ਹੋਇਆ ਉਸ ਵੇਲੇ ਇਸਰਾਇਲ ਵਿੱਚ ਰੋਮਨ ਰਾਜ ਸੀ। ਯਹੂਦੀ ਧਰਮ ਤੋਂ ਇਲਾਵਾ ਕਈ ਹੋਰ ਧਰਮ ਪ੍ਰਚੱਲਿਤ ਸਨ ਯਹੂਦੀ ਇਨ੍ਹਾਂ ਨੂੰ ਕਾਫ਼ਰ (Pagan) ਧਰਮ ਕਹਿੰਦੇ ਸਨ। ਯਹੂਦੀ ਧਰਮ ਨਿਰੋਲ ਇੱਕ ਈਸ਼ਵਰਵਾਦੀ ਧਰਮ ਹੈ। ਜਿਸ ਵਿੱਚ ਮੂਰਤੀ ਪੂਜਾ, ਝਾੜ-ਫੂਕ, ਮਹੂਰਤ ਆਦਿ ਦੇ ਵਹਿਮਾਂ-ਭਰਮਾਂ ਅਤੇ ਜਾਦੂ ਆਦਿ ਦਾ ਪੂਰਨ ਨਿਖੇਧ ਹੈ। ਪਰ ਯਿਸੂ ਦੇ ਸਮੇਂ ਤੱਕ ਜਿਥੇ ਕਈ ਬੁਰਾਈਆਂ ਇਸ ਧਰਮ ਵਿੱਚ ਆ ਵੜੀਆਂ ਸਨ ਉਥੇ ਯਹੂਦੀ ਲੋਕ ਵੱਖੋ-ਵੱਖਰੇ ਫਿਰਕਿਆਂ ਵਿੱਚ ਵੀ ਵੰਡੇ ਗਏ ਸਨ। ਇਸ ਵੰਡ ਦਾ ਆਧਾਰ ਨਿਰੋਲ ਧਾਰਮਿਕ ਨਾ ਹੋ ਕੇ ਰਾਜਨੀਤਿਕ ਵੀ ਸੀ। ਪੰਜ ਮੁੱਖ ਧਾਰਮਿਕ ਜੱਥੇਬੰਦੀਆਂ ਸਨ : (1) ਫ਼ਰੀਸੀ (2) ਸਾਦੂਸੀ (3) ਇਸੈਨ (4) ਹੈਰੋਦੀ (5) ਜੇਲੱਟ। ਸਾਦੂਸੀ ਕਿਆਮਤ ਅਤੇ ਰੂਹਾਂ ਦੀ ਹੋਂਦ ਵਿੱਚ ਵਿਸ਼ਵਾਸ ਨਹੀਂ ਸਨ ਕਰਦੇ। ਇਹ ਅਮੀਰ ਅਤੇ ਰਾਜ ਸ਼ਕਤੀ ਦੇ ਨੇੜੇ ਸਨ। ਇਨ੍ਹਾਂ ਦਾ ਯਹੂਦੀਆਂ ਦੀ ਸਨਹੇਡ੍ਰਿਨ ਨਾਂ ਦੀ ਨਯਾਇਕ, ਧਾਰਮਿਕ ਅਤੇ ਪ੍ਰਸ਼ਾਸਨਿਕ ਕਾਊਂਸਿਲ ਉੱਪਰ ਕਬਜ਼ਾ ਸੀ। ਹੈਰੋਡਿਅਨ ਉਹ ਸਨ ਜੋ ਮੌਕੇ ਦੇ ਰਾਜੇ ਹੈਰੋਡ ਦੇ ਪੱਖੀ ਸਨ। ਇਹ ਵੀ ਅਮੀਰ ਤੇ ਅਸਰ-ਰਸੂਖ ਵਾਲੇ ਸਨ।

ਉਪਰੋਕਤ ਦੋਨੋਂ ਗਰੁੱਪ ਯਥਾਸਥਿਤੀ ਰੱਖਣਾ ਚਾਹੁੰਦੇ ਸਨ ਤਾਂ ਕਿ ਉਨ੍ਹਾਂ ਦਾ ਰੁਤਬਾ ਬਰਕਰਾਰ ਰਹੇ। ਜੇਲੱਟ ਜੱਥੇਬੰਦੀ ਹਿੰਸਾ ਰਾਹੀਂ ਰੋਮਨ ਰਾਜ ਨੂੰ ਖ਼ਤਮ ਕਰਕੇ ਫਿਲੀਸਤੀਨ ਵਿੱਚ ਯਹੂਦੀਆਂ ਦਾ ਰਾਜ ਸਥਾਪਤ ਕਰਨਾ ਚਾਹੁੰਦੀ ਸੀ। ਫ਼ਰੀਸੀ ਇੱਕ ਰੂੜੀਵਾਦੀ ਸੰਪ੍ਰਦਾਇ ਸੀ ਜੋ ਤੋਰਾਹ (ਪੁਰਾਣੇ ਅਹਿਦਨਾਮੇ ਵਿੱਚ ਯਹੂਦੀਆਂ ਦਾ ਕਾਨੂੰਨ ਅਤੇ ਵਿਧੀ-ਵਿਧਾਨ) ਦੇ ਪਰੰਪਾਰਿਕ ਅਰਥਾਂ ਮੁਤਾਬਿਕ ਹੀ ਚੱਲਣਾ ਚਾਹੁੰਦੇ ਸਨ। ਥੋੜ੍ਹੇ ਜਿਹੇ ਵੀ ਫੇਰ-ਬਦਲ ਨੂੰ ਉਹ ਬਰਦਾਸ਼ਤ ਨਹੀਂ ਸਨ ਕਰਦੇ। ਯਿਸੂ ਨੇ ਇਨ੍ਹਾਂ ਨੂੰ ਵਾਰ-ਵਾਰ ਮਕਰੇ ਕਿਹਾ ਅਤੇ ਨਿੰਦਿਆ। ਇਸੈਨ ਵੀ ਬਹੁਤ ਧਾਰਮਿਕ ਸਨ, ਪਰ ਇਹ ਸਮਾਜ ਤੋਂ ਵੱਖਰੇ ਰਹਿ ਕੇ ਇਬਾਦਤ ਅਤੇ ਪੜ੍ਹਨ-ਪੜ੍ਹਾਉਣ ਦਾ ਕੰਮ ਕਰਦੇ ਸਨ। ਇਸ ਲਈ ਯਹੂਦੀ ਸਮਾਜ ਵਿੱਚ ਇਨ੍ਹਾਂ ਦਾ

ਕੋਈ ਬਹੁਤਾ ਪ੍ਰਭਾਵ ਨਹੀਂ ਸੀ।

**ਯਿਸੂ ਦਾ ਜੀਵਨ ਬ੍ਰਿਤਾਂਤ**

ਯਿਸੂ 4 ਈ. ਪੂ. ਵਿੱਚ ਰੋਮ ਸਾਮਰਾਜ ਦੇ ਗਰੀਬੜੇ ਜਿਹੇ ਜੂਡੀਆ ਰਾਜ ਦੇ ਇੱਕ ਛੋਟੇ ਜਿਹੇ ਕਸਬੇ ਬੈਤਲਹਮ ਵਿੱਚ ਮੈਰੀ ਨਾਂ ਦੀ ਲੜਕੀ ਅਤੇ ਉਸਦੇ ਮੰਗੇਤਰ ਜੋਸੇਫ਼ ਦੇ ਘਰ ਪੈਦਾ ਹੋਇਆ। ਮੈਰੀ ਨੇ ਕੁਆਰੀ ਨੇ ਹੀ ਪਵਿੱਤਰ ਆਤਮਾ ਰਾਹੀਂ ਗਰਭ ਧਾਰਣ ਕੀਤਾ ਸੀ। ਯਿਸੂ ਨਾਮੀ ਇਸ ਬਾਲਕ ਦੇ ਮੁੱਢਲੇ ਜੀਵਨ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਮਿਲਦੀ ਹੈ। ਜਦ ਉਹ ਤੀਹ ਸਾਲ ਦਾ ਹੋਇਆ ਤਾਂ ਬਪਤਿਸਮਾ ਲੈਣ ਲਈ ਯੂਹੰਨਾ ਨਾਮੀ ਧਾਰਮਿਕ ਮੁਖੀ ਕੋਲ ਗਿਆ। (ਬਪਤਿਸਮਾ (Baptism) ਗ੍ਰੀਕ ਸ਼ਬਦ ਤੋਂ ਬਣਿਆ ਹੈ, ਜਿਸਦਾ ਅਰਥ ਹੈ ਡੁਬਕੀ ਲਗਾਉਣੀ ਅਤੇ ਇਹ ਨਵੇਂ ਬੰਦੇ ਨੂੰ ਧਰਮ ਵਿੱਚ ਸ਼ਾਮਿਲ ਕਰਨ ਦੀ ਰਸਮ ਹੈ।) ਅੱਜ-ਕਲ ਆਮ ਤੌਰ 'ਤੇ ਬੱਚੇ ਨੂੰ ਪਾਣੀ ਦੇ ਛਿੱਟੇ ਮਾਰ ਕੇ ਬਪਤਿਸਮਾ ਦਿੱਤਾ ਜਾਂਦਾ ਹੈ। ਯੂਹੰਨਾ ਯਰਦਨ ਨਦੀ ਦੇ ਪਾਣੀ ਨਾਲ ਯਹੂਦੀਆਂ ਨੂੰ ਬਪਤਿਸਮਾ ਦਿੰਦਾ ਸੀ ਯੂਹੰਨਾ ਨੇ ਇਸ ਮਸੀਹੇ ਨੂੰ ਪਛਾਣ ਲਿਆ ਅਤੇ ਕਿਹਾ ਕਿ ਸਗੋਂ ਉਸਨੂੰ ਯਿਸੂ ਕੋਲੋਂ ਬਪਤਿਸਮਾ ਲੈਣਾ ਚਾਹੀਦਾ ਹੈ। ਪਰ ਯਿਸੂ ਦੇ ਜ਼ੋਰ ਦੇਣ 'ਤੇ ਯੂਹੰਨਾ ਨੇ ਉਸਨੂੰ ਬਪਤਿਸਮਾ ਦੇ ਦਿੱਤਾ। ਉਸ ਸਮੇਂ ਯਿਸੂ ਦੇ ਪਰਮਾਤਮਾ ਦਾ ਪੁੱਤਰ ਹੋਣ ਬਾਰੇ ਦੇਵਵਾਣੀ ਹੋਈ ਅਤੇ ਪਵਿੱਤਰ ਆਤਮਾ ਚਿੱਟੇ ਕਬੂਤਰ ਦੇ ਰੂਪ ਵਿੱਚ ਉਸਦੇ ਸਿਰ ਉੱਪਰ ਆਣ ਬੈਠੀ। ਬਪਤਿਸਮਾ ਲੈਣ ਤੋਂ ਬਾਅਦ ਯਿਸੂ 40 ਦਿਨ ਵਰਤ ਰੱਖ ਕੇ ਉਜਾੜ ਵਿੱਚ ਘੁੰਮਦਾ ਰਿਹਾ। ਇੱਥੇ ਸ਼ੈਤਾਨ ਨੇ ਉਸਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਪਰ ਯਿਸੂ ਨੇ ਹਰ ਵਾਰ ਮੋੜਵਾਂ ਜਵਾਬ ਦੇ ਕੇ ਉਸਨੂੰ ਨਿਰੁੱਤਰ ਕਰ ਦਿੱਤਾ। ਯਿਸੂ ਦੇ ਵਿਵਹਾਰ ਤੋਂ ਪ੍ਰਗਟ ਹੋਣ ਲੱਗਾ ਕਿ ਇਹ ਸਧਾਰਣ ਮਨੁੱਖ ਨਹੀਂ ਹੈ।

ਇਸ ਤੋਂ ਬਾਅਦ ਯਿਸੂ ਨੇ ਪ੍ਰਚਾਰ ਸ਼ੁਰੂ ਕੀਤਾ ਅਤੇ ਕਿਹਾ ਕਿ ਭਾਈ ਤੌਬਾ ਕਰੋ ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ (ਮੱਤੀ 4:17) ਇਹ ਰਾਜ ਸਮਾਜ ਦੇ ਗ਼ਰੀਬ ਅਤੇ ਦੱਬੇ-ਕੁਚਲੇ ਲੋਕਾਂ ਵਾਸਤੇ ਸੀ। ਉਸਦੇ ਚੇਲੇ ਸਿੱਧੇ-ਸਾਦੇ ਅਨਪੜ੍ਹ ਲੋਕ ਸਨ। ਇਸ ਕਰਕੇ ਉਸਦੇ ਉਪਦੇਸ਼ ਵੀ ਸਿੱਧੇ ਅਤੇ ਸਰਲ ਸਨ। ਉਹ ਅਕਸਰ ਨੀਤੀ ਕਥਾਵਾਂ ਅਤੇ ਦ੍ਰਿਸ਼ਟਾਂਤ ਸੁਣਾ ਕੇ ਆਪਣੀ ਗੱਲ ਸਮਝਾਉਂਦਾ ਹੋਇਆ ਲੋਕਾਂ ਨੂੰ ਸਿੱਧੇ ਰਾਹੇ ਪਾਉਂਦਾ ਸੀ। ਬਾਈਬਲ ਵਿੱਚ ਯਿਸੂ ਰਾਹੀਂ ਕੀਤੇ ਗਏ ਕ੍ਰਿਸ਼ਮਿਆਂ ਦਾ ਵੀ ਜ਼ਿਕਰ ਹੈ।

ਯਿਸੂ ਦੇ 12 ਚੇਲੇ ਸਨ। ਉਸ ਨੇ ਉਨ੍ਹਾਂ ਨੂੰ ਬਿਲਕੁਲ ਸਾਦਗੀ ਵਿੱਚ ਰਹਿ ਕੇ ਇਸਰਾਇਲ ਦੀਆਂ ਗੁਆਚੀਆਂ ਹੋਈਆਂ ਭੇਡਾਂ (ਯਹੂਦੀਆਂ) ਕੋਲ ਜਾ ਕੇ ਪ੍ਰਚਾਰ ਕਰਨ ਲਈ ਕਿਹਾ (ਮੱਤੀ 10:6)। ਉਹ ਯਹੂਦੀਆਂ ਤੋਂ ਇਲਾਵਾ ਹੋਰ ਲੋਕਾਂ ਵਿੱਚ ਵੀ ਆਪਣਾ ਪਵਿੱਤਰ ਸੰਦੇਸ਼ ਦੇਣਾ ਚਾਹੁੰਦਾ ਸੀ। ਕਿਉਂਕਿ ਉਸ ਨੇ ਕਿਹਾ, "ਅਤੇ ਮੇਰੀਆਂ ਹੋਰ ਵੀ ਭੇਡਾਂ ਹਨ ਜਿਹੜੀਆਂ ਇਸ ਬਾੜੇ ਦੀਆਂ ਨਹੀਂ। ਮੈਨੂੰ ਚਾਹੀਦਾ ਹੈ ਜੋ ਉਨ੍ਹਾਂ ਨੂੰ ਵੀ ਲਿਆਵਾਂ ਅਰ ਉਹ ਮੇਰੀ ਆਵਾਜ਼ ਸੁਣਨਗੀਆਂ ਅਤੇ ਇੱਕੋ ਇੱਜੜ ਅਤੇ ਇੱਕੋ ਅਯਾਲੀ ਹੋਵੇਗਾ।"

(ਯੂਹੰਨਾ 10:16)

ਯਿਸੂ ਦੀਆਂ ਗੱਲਾਂ, ਕ੍ਰਿਸ਼ਮਿਆਂ ਅਤੇ ਉਸਦੇ ਮਗਰ ਲੱਗੀ ਭੀੜ ਦੇ ਵਾਧੇ ਨੂੰ ਦੇਖ ਦੇ ਯਹੂਦੀਆਂ ਦੇ ਧਾਰਮਿਕ ਆਗੂ ਈਰਖਾ ਕਰਨ ਲੱਗ ਪਏ। ਉਸਦੇ ਸਬਤ ਦੇ ਦਿਨ ਕੰਮ ਨਾ ਕਰਨ ਦੇ ਨੇਮ ਤੋਂ ਇਨਕਾਰੀ ਹੋਣ ਅਤੇ ਆਪਣੇ ਆਪ ਨੂੰ ਪਰਮੇਸ਼ਰ ਕਹਿਣ ਕਰਕੇ ਉਸਨੂੰ ਕਾਫ਼ਰ ਕਿਹਾ ਗਿਆ। ਉਸਦੇ ਚੇਲਿਆਂ ਵਿੱਚੋਂ ਬਹੁਤੇ ਪਿਛਾਂਹ ਨੂੰ ਫਿਰ ਗਏ ਅਤੇ ਮੁੜ ਉਹਦੇ ਨਾਲ ਨਾ ਚੱਲ (ਯੂਹੰਨਾ 6:66)। ਉਸਦੇ ਸ਼ੁਰੂ ਵਾਲੇ 12 ਚੇਲੇ ਉਸਦੇ ਨਾਲ ਹੀ ਰਹੇ। ਯਿਸੂ ਆਪਣੇ-ਆਪ ਨੂੰ ਯਹੂਦੀਆਂ ਦਾ ਰਾਜਾ ਕਹਿੰਦਾ ਸੀ - ਇਸ ਲਈ ਵਿਰੋਧੀਆਂ ਨੇ ਇਸ ਨੂੰ ਰੋਮਨ ਰਾਜ ਦੇ ਖ਼ਿਲਾਫ਼ ਵਿਦਰੋਹ ਦੇ ਤੌਰ ’ਤੇ ਪੇਸ਼ ਕੀਤਾ। ਯਿਸੂ ਨੂੰ ਪਹਿਲਾਂ ਹੀ ਜਾਣਦਾ ਸੀ ਕਿ ਕੀ ਵਾਪਰਨਾ ਹੈ। ਯਹੂਦੀਆਂ ਦੇ ਪਸਾਹ ਤਿਉਹਾਰ (Passover) (ਜੋ ਮੂਸਾ ਦੇ ਯਹੂਦੀਆਂ ਨੂੰ ਮਿਸਰ ਦੀ ਕੈਦ ਵਿੱਚੋਂ ਛੁਡਾਏ ਜਾਣ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ) ’ਤੇ ਸ਼ੁਕਰਾਨੇ ਦੇ ਭੋਜ ਵਿੱਚ ਜਦ ਉਸਦੇ 12 ਚੇਲੇ ਮੌਜੂਦ ਸਨ ਤਾਂ ਉਸਨੇ ਰੋਟੀ ਦਾ ਟੁਕੜਾ ਤੋੜ ਕੇ ਕਿਹਾ ਕਿ ਇਹ ਮੇਰਾ ਸਰੀਰ ਹੈ ਅਤੇ ਸ਼ਰਾਬ (Wine) ਦੇ ਕੇ ਕਿਹਾ ਕਿ ਇਹ ਮੇਰਾ ਖ਼ੂਨ ਹੈ ਮੈਂ ਬਹੁਤਿਆਂ ਦੇ ਪਾਪਾਂ ਦੀ ਮਾਫ਼ੀ ਖ਼ਾਤਰ ਦਿੰਦਾ ਹਾਂ। ਸਾਰੇ ਈਸਾਈ ਇਸ ਭੋਜ ਦੀ ਯਾਦ ਵਿੱਚ ਅੱਜ ਵੀ ਯੂਕੇਰਿਸਟ (ਜਾਂ ਮਾਸ-Mass) ਮਨਾਉਂਦੇ ਹਨ, ਇਸ ਦਾ ਸੰਖੇਪ ਜ਼ਿਕਰ ਅਸੀਂ ਅੱਗੇ ਜਾ ਕੇ ਵੀ ਕਰਾਂਗੇ।

ਇਸ ਤੋਂ ਛੇਤੀ ਬਾਅਦ ਹੀ ਯਿਸੂ ਦੇ ਚੇਲੇ ਯਹੂਦਾ ਇਸਕਰਿਯੋਤੀ ਨੇ ਉਸਦਾ ਟਿਕਾਣਾ ਦੁਸ਼ਮਣਾਂ ਨੂੰ ਦੱਸ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਯਹੂਦੀਆਂ ਦੀ ਪੰਚਾਇਤ ਸਨਹੇਡ੍ਰਿਨ ਨੇ ਉਸਨੂੰ ਦੋਸ਼ੀ ਕਰਾਰ ਦਿੱਤਾ ਅਤੇ ਮੌਕੇ ਦੇ ਰੋਮਨ ਹਾਕਮ ਪਿਲਾਤੁਸ (Pontius Pilate) ਨੇ ਯਿਸੂ ਨੂੰ ਮੌਤ ਦੀ ਸਜ਼ਾ ਸੁਣਾਈ। ਫਿਰ ਯਿਸੂ ਦੇ ਸਿਰ ਉੱਪਰ ਕੰਡਿਆਂ ਦਾ ਤਾਜ ਰੱਖ ਕੇ ਦੋ ਹੋਰ ਮੁਜਰਮਾਂ ਨਾਲ, ਯੇਰੂਸ਼ਲਮ ਦੇ ਬਾਹਰ ਗੋਲਗੋਥਾ ਨਾਂ ਦੀ ਜਗ੍ਹਾ ’ਤੇ ਉਸ ਨੂੰ ਸਲੀਬ ਉੱਤੇ ਟੰਗ ਦਿੱਤਾ ਗਿਆ। ਬਾਈਬਲ ਵਿੱਚ ਜ਼ਿਕਰ ਆਉਂਦਾ ਹੈ ਕਿ ਤੀਸਰੇ ਦਿਨ ਯਿਸੂ ਕਬਰ ਵਿੱਚੋਂ ਜੀ ਉੱਠਿਆ ਅਤੇ ਆਪਣੇ 11 ਚੇਲਿਆਂ ਅਤੇ ਹੋਰ ਸੇਵਕਾਂ ਨੂੰ ਕਈ ਵਾਰ ਦਰਸ਼ਨ ਦੇਣ ਤੋਂ ਬਾਅਦ ਸੁਰਗ ਨੂੰ ਚਲਾ ਗਿਆ। ਇੱਥੇ ਇਹ ਜ਼ਿਕਰਯੋਗ ਹੈ ਕਿ ਯਹੂਦਾ ਨੇ ਧ੍ਰੋਹ ਕਰਨ ਤੋਂ ਬਾਅਦ ਫਾਹਾ ਲੈ ਲਿਆ ਸੀ। ਯਿਸੂ ਦੀ ਚੇਲਿਆਂ ਨੂੰ ਆਖ਼ਰੀ ਤਾਕੀਦ ਸੀ, “ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ। ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁੱਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ” (ਮੱਤੀ 28:18-20)। ਯਿਸੂ ਨੂੰ ਸ਼ੁੱਕਰਵਾਰ ਨੂੰ ਸੂਲੀ ’ਤੇ ਚੜ੍ਹਾਇਆ ਗਿਆ ਸੀ। ਅੱਜ ਵੀ ਹਰ ਸਾਲ ਇਹ ਗੁੱਡ ਫਰਾਈਡੇ ਦੇ ਨਾਮ ਨਾਲ ਸੋਗ ਦਾ ਦਿਨ ਹੁੰਦਾ ਹੈ। ਰੋਮਨ ਕੈਥੋਲਿਕ ਸੰਪ੍ਰਦਾਇ ਵਿੱਚ ਇਸ ਸ਼ੁੱਕਰਵਾਰ ਅਤੇ ਅਗਲੇ ਦਿਨ (ਸ਼ਨੀਵਾਰ) Mass (ਯੂਕੇਰਿਸਟ) ਨਹੀਂ ਮਨਾਈ ਜਾਂਦੀ। ਦੂਸਰੇ ਚਰਚਾਂ ਵਿੱਚ ਵੀ ਸਾਦਗੀ ਪੂਰਨ ਪ੍ਰਾਰਥਨਾ ਹੀ ਹੁੰਦੀ ਹੈ। ਪਰ ਗੁੱਡ ਫਰਾਈਡੇ ਤੋਂ ਬਾਅਦ ਵਾਲਾ ਐਤਵਾਰ, ਯਿਸੂ ਦੇ ਕਬਰ ਵਿੱਚੋਂ ਉੱਠਣ ਦੀ ਖ਼ੁਸ਼ੀ

ਵਿੱਚ ਧੂਮ-ਧਾਮ ਨਾਲ ਈਸਟਰ ਤਿਉਹਾਰ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਈਸਟਰ ਦਾ ਦਿਨ ਬਸੰਤ (21 ਮਾਰਚ) ਤੋਂ ਬਾਅਦ ਵਾਲੀ ਪਹਿਲੀ ਪੂਰਨਮਾਸ਼ੀ ਤੋਂ ਬਾਅਦ ਪਹਿਲੇ ਐਤਵਾਰ ਨੂੰ ਹੁੰਦਾ ਹੈ।

**ਨਵਾਂ ਧਰਮ**

ਉਪਰੋਕਤ ਆਦੇਸ਼ ਤੋਂ ਤੁਰੰਤ ਬਾਅਦ ਧਰਮ ਪ੍ਰਚਾਰ ਦਾ ਕੰਮ ਸ਼ੁਰੂ ਨਾ ਹੋਇਆ ਕਿਉਂਕਿ ਯਿਸੂ ਨੇ ਕਿਹਾ ਸੀ ਕਿ ਪਵਿੱਤਰ ਆਤਮਾ ਆ ਕੇ ਉਨ੍ਹਾਂ ਦੀ ਅਗਵਾਈ ਕਰੇਗਾ (ਯੂਹੰਨਾ 16:13)। ਜਦ ਪੈਂਤਾਂ ਕੋਸਤ (ਸਬਤ ਤੋਂ ਬਾਅਦ ਪੰਜ੍ਹਾਵਾਂ ਦਿਨ-Pentecost) ਦਾ ਦਿਨ ਆਇਆ ਤਾਂ ਉਹ ਸਭ ਯੇਰੁਸ਼ਲਮ ਵਿਖੇ ਇੱਕ ਥਾਂ ਇਕੱਠੇ ਹੋਏ। ਅਚਾਨਕ ਅਕਾਸ਼ ਤੋਂ ਇੱਕ ਗੂੰਜ ਆਈ ਜਿਵੇਂ ਵੱਡੀ ਭਾਰੀ ਹਨ੍ਹੇਰੀ ਵਗਣ ਦੀ ਹੁੰਦੀ ਹੈ ਅਤੇ ਉਸ ਨਾਲ ਸਾਰਾ ਘਰ ਜਿੱਥੇ ਉਹ ਬੈਠੇ ਸਨ ਭਰ ਗਿਆ। ਉਨ੍ਹਾਂ ਨੂੰ ਅੱਗ ਜਿਹੀਆਂ ਜੀਭਾਂ ਵੱਖਰੀਆਂ-ਵੱਖਰੀਆਂ ਹੁੰਦੀਆਂ ਦਿਖਾਈ ਦਿੱਤੀਆਂ ਅਤੇ ਉਹ ਉਨ੍ਹਾਂ ਵਿੱਚੋਂ ਹਰੇਕ ਉੱਤੇ ਠਹਿਰੀਆਂ। ਤਦ ਉਹ ਸਾਰੇ ਪਵਿੱਤਰ ਆਤਮਾ ਨਾਲ ਭਰ ਗਏ ਅਤੇ ਅਜੀਬੋ ਗਰੀਬ ਬੋਲੀਆਂ ਬੋਲਣ ਲੱਗ ਪਏ ਜਿਵੇਂ ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ (ਚੇਲਿਆਂ ਦੇ ਕਰਤੱਬ 2:1-4)। ਇਸ ਤੋਂ ਛੇਤੀ ਬਾਅਦ ਹੀ ਪਤਰਸ (Peter) ਨੇ ਪਹਿਲਾ ਪ੍ਰਵਚਨ ਕੀਤਾ ਜਿਸ ਵਿੱਚ ਇਸਾਈ ਧਰਮ ਦੀ ਰੂਪ-ਰੇਖਾ ਪੇਸ਼ ਕੀਤੀ ਗਈ ਅਤੇ ਐਲਾਨ ਕੀਤਾ ਕਿ ਯਿਸੂ ਹੀ ਉਹ ਮਸੀਹਾ ਸੀ ਜਿਸਦੇ ਦੁਨੀਆਂ 'ਤੇ ਆਉਣ ਦੇ ਬਚਨ ਪਹਿਲਾਂ ਹੀ ਹੋ ਚੁੱਕੇ ਸਨ, ਪਰ ਧਾਰਮਿਕ ਆਗੂਆਂ ਨੇ ਉਸ ਨੂੰ ਸਲੀਬ 'ਤੇ ਚੜ੍ਹਾ ਕੇ ਮਰਵਾ ਦਿੱਤਾ। ਇਸ ਲਈ ਓਹ ਵਿਸ਼ਵਾਸਘਾਤ ਦੇ ਦੋਸ਼ੀ ਸਨ। ਕਬਰ ਵੀ ਯਿਸੂ ਨੂੰ ਨਾ ਜਿੱਤ ਸਕੀ ਅਤੇ ਪਰਮੇਸ਼ਵਰ ਨੇ ਉਸਨੂੰ ਜਿਉਂਦਾ ਉਠਾਇਆ। ਪਰਮੇਸ਼ਵਰ ਨੇ ਯਿਸੂ ਨੂੰ ਪ੍ਰਭੂ ਵੀ ਅਤੇ ਮਸੀਹ ਵੀ ਕੀਤਾ। ਇਸ ਲਈ ਜਿਹੜਾ ਯਿਸੂ ਵਿੱਚ ਵਿਸ਼ਵਾਸ ਕਰੇਗਾ ਅਤੇ ਪ੍ਰਭੂ ਦਾ ਨਾਮ ਲਵੇਗਾ ਬਚਾਇਆ ਜਾਵੇਗਾ। ਪਹਿਲੇ ਹੀ ਦਿਨ ਪਤਰਸ ਨੇ ਤਿੰਨ ਕੁ ਹਜ਼ਾਰ ਲੋਕਾਂ ਨੂੰ ਬਪਤਿਸਮਾ ਦਿੱਤਾ।

ਯਿਸੂ ਦੇ ਚੇਲਿਆਂ ਦੇ ਪ੍ਰਵਚਨਾਂ ਅਤੇ ਕਾਰਜਾਂ ਨੇ ਯਹੂਦੀਆਂ ਦੇ ਧਾਰਮਿਕ ਆਗੂਆਂ ਦੇ ਗੁੱਸੇ ਨੂੰ ਬਹੁਤ ਭੜਕਾ ਦਿੱਤਾ, ਪਰ ਨਵੇਂ ਵਿਸਵਾਸ਼ੀ ਤਾਂ ਸਿਰਫ਼ ਇੱਕ ਹੀ ਗੱਲ 'ਤੇ ਕਾਇਮ ਸਨ ਕਿ ਉਹ ਪਰਮਾਤਮਾ ਤੋਂ ਇਲਾਵਾ ਹੋਰ ਕਿਸੇ ਨੂੰ ਨਹੀਂ ਸਨ ਮੰਨਦੇ ਅਤੇ ਯਿਸੂ ਵੀ ਪ੍ਰਭੂ ਸੀ। ਉਨ੍ਹੀਂ ਦਿਨੀਂ ਚੇਲਿਆਂ ਨੇ ਆਪਣੀ ਮੱਦਦ ਲਈ ਕੁੱਝ ਸੇਵਕ ਰੱਖੇ ਜਿਨ੍ਹਾਂ ਨੂੰ ਡੀਕਨ ਕਹਿੰਦੇ ਸਨ। ਸਤੀਫ਼ਨ (Stephen) ਨਾਂ ਦਾ ਇੱਕ ਨੌਜਵਾਨ ਅਜਿਹਾ ਪਹਿਲਾ ਸੇਵਕ ਸੀ ਜੋ ਬੜੇ ਜੋਸ਼ ਨਾਲ ਨਵੇਂ ਪੰਥ ਦਾ ਪ੍ਰਚਾਰ ਕਰਦਾ ਸੀ। ਉਸ ਨੂੰ ਯਹੂਦੀਆਂ ਦੀ ਮਹਾਂਸਭਾ (Sanhedrin) ਦੇ ਸਾਹਮਣੇ ਪੇਸ਼ ਕੀਤਾ ਗਿਆ। ਉਸਨੇ ਅਬਰਾਹਮ ਤੋਂ ਲੈ ਕੇ ਯਿਸੂ ਤੀਕਰ ਯਹੂਦੀਆਂ ਦੇ ਇਤਿਹਾਸ ਨੂੰ ਇੱਕ ਨਵੇਂ ਢੰਗ ਨਾਲ ਬਿਆਨਿਆ ਜਿਸ ਤੋਂ ਖ਼ਫ਼ਾ ਹੋ ਕੇ ਸਭਾ ਨੇ ਉਸਨੂੰ ਪੱਥਰ ਮਾਰ-ਮਾਰ ਕੇ ਕਤਲ ਕੀਤੇ ਜਾਣ ਦਾ ਹੁਕਮ ਦਿੱਤਾ (ਰਸੂਲਾਂ ਦੇ ਕਰਤੱਬ :7)। ਇਹ ਪਹਿਲਾ ਈਸਾਈ ਸ਼ਹੀਦ ਸੀ। ਇਸ ਸ਼ਹਾਦਤ ਨੇ ਇਸ ਨਵੇਂ ਧਰਮ ਦੀਆਂ ਜੜ੍ਹਾਂ ਹੋਰ ਮਜ਼ਬੂਤ ਕਰ ਦਿੱਤੀਆਂ।

ਜਦੋਂ ਸਤੀਫ਼ਨ ਨੂੰ ਮਾਰਿਆ ਜਾ ਰਿਹਾ ਸੀ ਤਾਂ ਉੱਥੇ ਇੱਕ ਸੌਲਸ (Saul) ਨਾਮੀ ਨੌਜਵਾਨ ਯਹੂਦੀ ਵੀ ਮੌਜੂਦ ਸੀ। ਇਹ ਅੰਤਾਂ ਦਾ ਕੱਟੜ ਸੀ ਅਤੇ ਨਵੇਂ ਧਰਮ ਵਾਲਿਆਂ ਨਾਲ ਬਹੁਤ ਬੁਰੀ ਕਰਦਾ ਸੀ। ਨਵੇਂ ਧਰਮ ਦੇ ਨਾਸ਼ ਦੀ ਮਨਸ਼ਾ ਮਨ ਵਿੱਚ ਲੈ ਕੇ ਜਦ ਉਹ ਦੰਮਿਸ਼ਕ ਸ਼ਹਿਰ ਵੱਲ ਜਾ ਰਿਹਾ ਸੀ ਤਾਂ ਰਸਤੇ ਵਿੱਚ ਇੱਕ ਚਕਾਚੌਂਧ ਕਰਨ ਵਾਲੀ ਰੌਸ਼ਨੀ ਹੋਈ ਅਤੇ ਯਿਸੂ ਦੀ ਆਵਾਜ਼ ਆਈ। ਉਹ ਭੁੰਜੇ ਡਿੱਗ ਗਿਆ ਅਤੇ ਅੰਨ੍ਹਾ ਹੋ ਗਿਆ ਪਰ ਉਸਦੀ ਅੰਦਰਲੀ ਅੱਖ ਖੁੱਲ੍ਹ ਗਈ। ਦੰਮਿਸ਼ਕ ਜਾ ਕੇ ਉਸਨੇ ਬਪਤਿਸਮਾ ਲਿਆ ਅਤੇ ਸੁਜਾਖਾ ਹੋ ਗਿਆ। ਉਸਨੇ ਗੈਰ-ਯਹੂਦੀਆਂ ਵਿੱਚ ਧਰਮ ਪ੍ਰਚਾਰ ਕੀਤਾ। ਬਾਅਦ ਵਿੱਚ ਉਸ ਦਾ ਨਾਂ ਪੌਲੁਸ (Paul) ਪੈ ਗਿਆ। ਜਿਵੇਂ-ਜਿਵੇਂ ਧਰਮ ਫੈਲਿਆ, ਬਾਹਰ ਅੱਤਿਆਚਾਰ ਦੇ ਨਾਲ-ਨਾਲ ਅੰਦਰੂਨੀ ਭਰਮ-ਭੁਲੇਖੇ ਵੀ ਤੰਗ ਕਰਨ ਲੱਗੇ। ਪੌਲੁਸ ਜਦ ਆਪਣੇ ਸਾਥੀ ਬਰਨਬਾਸ ਨਾਲ ਸੀਰੀਆ ਦੇ ਸ਼ਹਿਰ ਅੰਤਾਕਿਆ ਵਿੱਚ ਸੀ ਤਾਂ ਸੁੰਨਤ ਦੇ ਬਾਰੇ ਬਹਿਸ ਹੋਣ ਲੱਗੀ। ਮੂਸਾ ਦਾ ਕਾਨੂੰਨ ਸੁੰਨਤੀ ਬੰਦੇ ਨੂੰ ਹੀ ਮੁਕਤੀ ਦਾ ਹੱਕਦਾਰ ਸਮਝਦਾ ਸੀ। ਪਰ ਨਵੇਂ ਧਰਮ ਵਿੱਚ ਤਾਂ ਗੈਰ ਯਹੂਦੀ ਵੀ ਸ਼ਾਮਲ ਹੋ ਰਹੇ ਸਨ ਅਤੇ ਪੌਲੁਸ ਇਹ ਕੰਮ ਬਾਖ਼ੂਬੀ ਕਰ ਰਿਹਾ ਸੀ। ਇਹ ਮਸਲਾ ਯੇਰੂਸ਼ਲਮ ਵਿਖੇ ਚੇਲਿਆਂ ਅਤੇ ਵਡੇਰਿਆਂ ਦੇ ਸਾਹਮਣੇ ਪੇਸ਼ ਕੀਤਾ ਗਿਆ। ਕਾਫ਼ੀ ਬਹਿਸ ਤੋਂ ਬਾਅਦ ਪੌਲੁਸ ਦਾ ਇਹ ਵਿਚਾਰ ਕਿ ਗੈਰ-ਯਹੂਦੀਆਂ ਨੂੰ ਨਵੇਂ ਧਰਮ ਵਿੱਚ ਦਾਖ਼ਲ ਹੋਣ ਵਾਸਤੇ ਸੁੰਨਤ ਕਰਵਾਉਣ ਦੀ ਲੋੜ ਨਹੀਂ, ਮੰਨ ਲਿਆ ਗਿਆ। ਪੌਲੁਸ ਨੇ ਨਵੇਂ ਧਰਮ ਦਾ ਬਹੁਤ ਪ੍ਰਚਾਰ ਕੀਤਾ। ਉਸਨੇ ਯੂਰਪ ਜਾ ਕੇ ਮਕਦੂਨੀਆਂ ਦੇ ਫਿਲਿਪੀ ਸ਼ਹਿਰ ਵਿੱਚ ਪਹਿਲਾ ਚਰਚ ਬਣਾਇਆ ਅਤੇ ਲਿਡੀਆ ਨਾਂ ਦੀ ਇੱਕ ਅਮੀਰ ਵਪਾਰੀ ਔਰਤ ਪਹਿਲੀ ਈਸਾਈ ਬਣੀ। ਨਵੇਂ ਅਹਿਦਨਾਮੇ ਜਿਸ ਵਿੱਚ ਸ਼ੁਰੂਆਤੀ ਈਸਾਈ ਧਰਮ ਦੀ ਰੂਪ-ਰੇਖਾ ਨਜ਼ਰ ਆਉਂਦੀ ਹੈ। ਇਸ ਵਿੱਚ ਪੌਲੁਸ ਦਾ ਯੋਗਦਾਨ ਸਭ ਤੋਂ ਵੱਧ ਨਜ਼ਰ ਆਉਂਦਾ ਹੈ। ਕੁੱਲ 27 ਕਿਤਾਬਾਂ ਵਿੱਚੋਂ 13 ਕਿਤਾਬਾਂ ਇਕੱਲੇ ਪੌਲੁਸ ਦੁਆਰਾ ਲਿਖੀਆਂ ਹਨ। ਉਸਨੇ ਚਰਚ ਨੂੰ ਇੱਕ ਯਹੂਦੀ ਸੰਪ੍ਰਦਾਇ ਤੋਂ ਅੰਤਰਰਾਸ਼ਟਰੀ ਧਰਮ ਬਣਾ ਦਿੱਤਾ। ਇਸੇ ਕਰਕੇ ਉਸਨੂੰ ਈਸਾਈ ਧਰਮ ਦਾ ਦੂਸਰਾ ਸੰਸਥਾਪਕ ਵੀ ਕਿਹਾ ਜਾਂਦਾ ਹੈ। ਪਤਰਸ (Peter) ਜਿਸਨੇ ਯੇਰੂਸ਼ਲਮ ਵਿਖੇ ਪਹਿਲਾ ਪ੍ਰਵਚਨ ਕੀਤਾ ਸੀ, ਰੋਮ ਦੇ ਚਰਚ ਦਾ ਪਹਿਲਾ ਬਿਸ਼ਪ ਬਣਿਆ। ਰੋਮ ਦੇ ਬਿਸ਼ਪ ਦੀ ਇਹੀ ਪਦਵੀ ਬਾਅਦ ਵਿੱਚ ਪੋਪ ਦੇ ਰੂਪ ਵਿੱਚ ਚੱਲੀ ਅਤੇ ਅੱਜ ਤੀਕਰ ਕਾਇਮ ਹੈ (Pope ਸ਼ਬਦ ਗ੍ਰੀਕ ਦੇ Papa ਸ਼ਬਦ ਤੋਂ ਬਣਿਆ ਹੈ ਜਿਸਦਾ ਅਰਥ ਹੈ 'ਪਿਤਾ')। ਹੋਰ ਰਸੂਲਾਂ ਨੇ ਵੀ ਧਰਮ ਪ੍ਰਚਾਰ ਦਾ ਕੰਮ ਕੀਤਾ ਅਤੇ ਫਿਰ ਬਹੁਤ ਸਾਰੇ ਨਵੇਂ ਪ੍ਰਚਾਰਕ ਵੀ ਇਸ ਕੰਮ ਵਿੱਚ ਲੱਗ ਗਏ।

### ਜ਼ੁਲਮ ਅਤੇ ਅੱਤਿਆਚਾਰ

ਸ਼ੁਰੂਆਤੀ ਦੌਰ ਵਿੱਚ ਈਸਾਈ ਧਰਮ ਨੂੰ ਬਹੁਤ ਵਿਰੋਧ ਅਤੇ ਅੱਤਿਆਚਾਰ ਦਾ ਸਾਹਮਣਾ ਕਰਨਾ ਪਿਆ। ਇੱਕ ਪਾਸੇ ਯਹੂਦੀ ਸਨ ਜੋ ਨਵੇਂ ਧਰਮ ਨੂੰ ਕੁਫ਼ਰ ਮੰਨਦੇ ਸਨ। ਦੂਜੇ ਪਾਸੇ ਰੋਮ ਦਾ ਰਾਜ ਸੀ। ਜੂਲਿਅਸ ਸੀਜ਼ਰ ਤੋਂ ਰਾਜਿਆਂ ਦੀ ਪੂਜਾ ਸ਼ੁਰੂ ਹੋ ਗਈ ਸੀ, ਪੁਰਖਿਆਂ ਅਤੇ ਹੋਰ ਦੇਵੀ-ਦੇਵਤਿਆਂ ਦੀ ਪੂਜਾ ਤਾਂ ਪਹਿਲਾਂ ਤੋਂ ਹੀ ਜਾਰੀ ਸੀ। ਈਸਾਈ ਇਨ੍ਹਾਂ ਵਿੱਚੋਂ ਕਿਸੇ ਵੀ

ਪੂਜਾ ਵਿੱਚ ਸ਼ਾਮਲ ਨਹੀਂ ਸਨ ਹੁੰਦੇ। ਹਾਲ ਤਾਂ ਯਹੂਦੀਆਂ ਦਾ ਵੀ ਅਜਿਹਾ ਹੀ ਸੀ, ਪਰ ਉਹ ਪੁਰਾਣਾ ਧਰਮ ਹੋਣ ਕਰਕੇ ਬਹੁਤਾ ਨਜ਼ਰਾਂ ਵਿੱਚ ਨਹੀਂ ਸੀ। ਈਸਾਈ ਧਰਮ ਨਵਾਂ ਸੀ। ਇਸ ਲਈ ਇਸ ਦੇ ਪੈਰੋਕਾਰਾਂ ਵੱਲੋਂ ਰੋਮਨ ਰਾਜ ਦੀ ਕੋਈ ਵੀ ਹੁਕਮ ਅਦੂਲੀ ਬਰਦਾਸ਼ਤ ਨਹੀਂ ਸੀ ਕੀਤੀ ਜਾਂਦੀ, ਈਸਾਈ ਹੋਣ ਦਾ ਮਤਲਬ ਹੀ ਬਗ਼ਾਵਤ ਸਮਝਿਆ ਜਾਂਦਾ ਸੀ। ਸੰਨ 64ਈ. ਵਿੱਚ ਰਾਜਾ ਨੀਰੋ ਨੇ ਰੋਮ ਨੂੰ ਅੱਗ ਲਗਵਾ ਦਿੱਤੀ, ਪਰ ਜਾਣ-ਬੁੱਝ ਕੇ ਇਸਦਾ ਇਲਜ਼ਾਮ ਇਸਾਈਆਂ ਦੇ ਮੱਥੇ ਮੜ੍ਹ ਦਿੱਤਾ। ਬਹੁਤ ਸਾਰੇ ਇਸਾਈ ਸੂਲੀ 'ਤੇ ਚੜ੍ਹਾ ਦਿੱਤੇ ਗਏ, ਕਈਆਂ ਨੂੰ ਕੁੱਤਿਆਂ ਤੋਂ ਪੜਵਾਇਆ ਗਿਆ ਅਤੇ ਕਈ ਜਿਉਂਦੇ ਸਾੜ ਦਿੱਤੇ ਗਏ। ਪਰ ਅਜਿਹੇ ਤਸ਼ੱਦਦ ਦੇ ਬਾਵਜੂਦ ਵੀ ਧਰਮ ਪ੍ਰਚਾਰ ਮੱਠਾ ਨਹੀਂ ਪਿਆ। ਚੇਲਿਆਂ ਤੋਂ ਬਾਅਦ ਉਨ੍ਹਾਂ ਰਾਹੀਂ ਚੁਣੇ ਹੋਏ ਬਿਸ਼ਪਾਂ ਨੇ ਇਹ ਕੰਮ ਸੰਭਾਲ ਲਿਆ ਅਤੇ ਅੱਗੇ ਤੋਂ ਅੱਗੇ ਜਾਰੀ ਰੱਖਿਆ।

### ਧਾਰਮਿਕ ਆਜ਼ਾਦੀ

ਲਗਭਗ ਢਾਈ ਸਦੀਆਂ ਦੇ ਤਸ਼ੱਦਦ ਤੋਂ ਬਾਅਦ ਆਖ਼ਰਕਾਰ ਸੰਨ 311 ਈ. ਵਿੱਚ ਇਸਾਈ ਧਰਮ ਨੂੰ ਧਾਰਮਿਕ ਆਜ਼ਾਦੀ ਮਿਲ ਗਈ। ਜਦੋਂ ਰੋਮਨ ਸਾਮਰਾਜ ਦੇ ਪੱਛਮੀ ਹਿੱਸੇ ਦੇ ਸ਼ਾਸਕ ਕੌਂਸਟੈਨਟਾਈਨ ਨੇ ਧਾਰਮਿਕ ਸਹਿਣਸ਼ੀਲਤਾ ਦੀ ਨੀਤੀ ਅਪਣਾਈ। ਫਿਰ ਸੰਨ 313 ਈ. ਵਿੱਚ ਉਸਨੇ ਪੂਰਵ ਦੇ ਰਾਜੇ ਲਿਸੀਨਿਅਸ ਨੂੰ ਮਿਲਕੇ ਇਟਲੀ ਦੇ ਮਿਲਾਨ ਸ਼ਹਿਰ ਵਿੱਚ ਧਾਰਮਿਕ ਸਹਿਣਸ਼ੀਲਤਾ ਦਾ ਫ਼ਰਮਾਨ ਜਾਰੀ ਕੀਤਾ। ਫਿਰ ਸੰਨ 324 ਈ. ਵਿੱਚ ਪੂਰਵੀ ਹਿੱਸਾ ਵੀ ਉਸਨੇ ਜਿੱਤ ਲਿਆ ਅਤੇ ਕੌਂਸਤਨਤਾਈਨੋਪਲ (Constantinople) ਸ਼ਹਿਰ (ਮਜੂਦਾ ਇਸਤੰਬੂਲ) ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਈਸਾਈ ਧਰਮ ਦੀ ਨੁਹਾਰ ਬਦਲ ਦਿੱਤੀ। ਉਸਨੇ ਚਰਚ ਨੂੰ ਵੀ ਸਰਕਾਰੀ ਪ੍ਰਸ਼ਾਸਨਿਕ ਢਾਂਚੇ ਵਾਂਗ ਇਲਾਕਿਆਂ ਵਿੱਚ ਵੰਡ ਦਿੱਤਾ। ਹਰ ਇਲਾਕੇ ਨੂੰ ਡਾਇਓਸੀਜ਼ ਕਿਹਾ ਜਾਂਦਾ ਜਿਸਦਾ ਨਿਗਰਾਨ ਬਿਸ਼ਪ ਹੁੰਦਾ ਸੀ (Bishop ਸ਼ਬਦ ਗ੍ਰੀਕ ਸ਼ਬਦ episkopos ਤੋਂ ਬਣਿਆ ਹੈ ਜਿਸਦਾ ਅਰਥ ਹੈ ਨਿਗਰਾਨ)। ਬਿਸ਼ਪ ਦੇ ਬੈਠਣ ਵਾਲੀ ਜਗ੍ਹਾ ਨੂੰ ਕੈਥੇਡ੍ਰਲ ਕਿਹਾ ਜਾਂਦਾ ਸੀ (Latin ਵਿੱਚ Cathedra ਦਾ ਮਤਲਬ ਹੈ ਕੁਰਸੀ)। ਉਸਨੇ ਬਿਸ਼ਪਾਂ ਨੂੰ ਸਿਨੇਟਰਾਂ ਦੇ ਬਰਾਬਰ ਦਾ ਰੁਤਬਾ ਦੇ ਕੇ ਇੱਕ ਤਰ੍ਹਾਂ ਰਾਜ ਅਧਿਕਾਰੀ ਬਣਾ ਦਿੱਤਾ ਉਸਤੋਂ ਬਾਅਦ ਰੋਮਨ ਸਾਮਰਾਜ ਦੇ ਫਿਰ ਦੋ ਹਿੱਸੇ ਹੋ ਗਏ। ਸੰਨ 380 ਈ. ਵਿੱਚ ਪੂਰਵੀ ਹਿੱਸੇ ਦੇ ਸਮਰਾਟ ਫਲੇਵਿਅਸ ਥਿਓਡੋਸਿਅਸ (ਰਾ. 379-95 ਈ.) ਨੇ ਈਸਾਈ ਧਰਮ ਨੂੰ ਰਾਜ ਧਰਮ ਬਣਾ ਦਿੱਤਾ ਅਤੇ ਫਿਰ ਸੰਨ 391 ਈ. ਵਿੱਚ ਹੋਰ ਸਾਰੇ ਕਾਫ਼ਰ (Pagan) ਮੰਦਿਰ ਬੰਦ ਕਰਵਾ ਦਿੱਤੇ। ਇਸ ਤੋਂ ਬਾਅਦ ਇਸ ਧਰਮ ਨੇ ਬਹੁਤ ਤਰੱਕੀ ਕੀਤੀ ਭਾਵੇਂ ਮੁਸ਼ਕਿਲਾਂ ਅਤੇ ਵਿਰੋਧ ਬਾਅਦ ਵਾਲੇ ਸਮੇਂ ਵਿੱਚ ਵੀ ਆਏ।

### ਫੁੱਟ ਦੇ ਸ਼ੁਰੂਆਤੀ ਬੀਜ

ਸਮੇਂ ਦੇ ਨਾਲ-ਨਾਲ ਈਸਾਈ ਧਰਮ ਵਿੱਚ ਬਹੁਤ ਸਾਰੇ ਵੱਖੋ-ਵੱਖਰੇ ਪਿਛੋਕੜਾਂ ਵਾਲੇ ਲੋਕ ਆ ਗਏ, ਜਿਨ੍ਹਾਂ ਦੇ ਪੁਰਾਣੇ ਰੀਤੀ-ਰਿਵਾਜ ਅਤੇ ਵਿਸ਼ਵਾਸ ਨਵੇਂ ਵਿਸ਼ਵਾਸ ਦੇ ਰਸਤੇ ਵਿੱਚ ਆ ਖਲੋਂਦੇ। ਯੂਨਾਨੀ ਫਲਸਫੇ ਦੇ ਪ੍ਰਭਾਵ ਹੇਠ ਵੀ ਧਰਮ ਦੀਆਂ ਗੁੰਝਲਾਂ ਨੂੰ ਵਿਸ਼ਵਾਸ ਦੀ ਬਜਾਇ ਤਰਕ ਦੀ ਕਸੌਟੀ 'ਤੇ ਰੱਖ ਕੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ। ਇਸ ਵਾਸਤੇ

ਅਜਿਹੇ ਸੁਲਝੇ ਪ੍ਰਚਾਰਕਾਂ ਦੀ ਲੋੜ ਸੀ ਜੋ ਨਵੇਂ ਧਰਮ ਦੇ ਸਾਹਮਣੇ ਦਰਪੇਸ਼ ਮੁਸ਼ਕਿਲਾਂ ਦੇ ਬਾਵਜੂਦ ਇਸਦੇ ਜ਼ਰੂਰੀ ਤੱਤਾਂ ਅਤੇ ਸਰੂਪ ਨੂੰ ਬਰਕਰਾਰ ਰੱਖਣ ਵਿੱਚ ਸਹਾਈ ਹੋਣ। ਨਵੇਂ ਅਹਿਦਨਾਮੇ ਦੀਆਂ ਪਹਿਲੀਆਂ ਚਾਰ ਪੁਸਤਕਾਂ Gospels (ਅੰਗਰੇਜ਼ੀ ਦਾ ਪੁਰਾਣਾ ਸ਼ਬਦ ਜੋ ਗ੍ਰੀਕ ਦੇ euangelion ਸ਼ਬਦ ਦਾ ਤਰਜ਼ਮਾ ਹੈ ਜਿਸ ਦਾ ਅਰਥ ਹੈ ਅੱਛੀ ਖ਼ਬਰ) ਵਿੱਚੋਂ ਮੱਤੀ, ਮਰਕੁਸ ਅਤੇ ਲੂਕਾ ਦੀਆਂ ਅੰਜੀਲਾਂ ਵਿੱਚ ਯਿਸੂ ਦੀ ਮਨੁੱਖਤਾ ਉੱਪਰ ਜ਼ੋਰ ਹੈ ਜਦੋਂ ਕਿ ਚੋਥੀ, ਯੂਹੰਨਾ ਦੀ ਅੰਜੀਲ ਵਿੱਚ ਉਸ ਦੀ ਈਸ਼ਵਰਤਾ ਉੱਪਰ ਜ਼ੋਰ ਹੈ। ਯਿਸੂ ਦੀ ਮਨੁੱਖਤਾ ਅਤੇ ਈਸ਼ਵਰਤਾ ਵਿੱਚ ਸਤੁੰਲਨ ਦਾ ਮਸਲਾ ਬਹੁਤ ਗੰਭੀਰ ਰਿਹਾ ਹੈ।

### ਏਰੀਅਨਵਾਦ ਅਤੇ ਆਮ ਸਭਾਵਾਂ

ਅਜਿਹਾ ਇੱਕ ਮਸਲਾ ਸੰਨ 319 ਈ: ਵਿੱਚ ਮਿਸਰ ਦੇ ਅਲੈਗਜ਼ੈਂਡਰੀਆ ਸ਼ਹਿਰ ਵਿੱਚ ਪੈਦਾ ਹੋਇਆ। ਏਰਿਅਸ (256-336 ਈ.) ਨਾਂ ਦੇ ਇੱਕ ਪਾਦਰੀ ਨੇ ਤ੍ਰਿਏਕਤਾ (Trinity) ਬਾਰੇ ਪਰੰਪਰਾ ਤੋਂ ਹਟ ਕੇ ਪ੍ਰਚਾਰ ਸ਼ੁਰੂ ਕਰ ਦਿੱਤਾ। ਉਸਨੇ ਕਿਹਾ ਕਿ ਜੇ ਪਿਤਾ ਨੇ ਪੁੱਤਰ ਪੈਦਾ ਕੀਤਾ ਤਾਂ ਜੋ ਪੈਦਾ ਹੋਇਆ ਉਸਦੀ ਹੋਂਦ ਦੀ ਇੱਕ ਸ਼ੁਰੂਆਤ ਸੀ। ਇੱਕ ਸਮਾਂ ਸੀ ਜਦੋਂ ਪੁੱਤਰ ਨਹੀਂ ਸੀ। ਯਾਨੀ ਕਿ ਪੁੱਤਰ (ਯਿਸੂ) ਸਦੀਵੀ ਨਹੀਂ ਜਦੋਂਕਿ ਪ੍ਰਭੂ ਤਾਂ ਸਦੀਵੀ ਹੈ। ਸੋ ਯਿਸੂ ਪ੍ਰਭੂ ਨਹੀਂ। ਇਸ ਮਸਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਇਹ ਹੋਰ ਭੱਖ ਉੱਠਿਆ। ਇਸ ਦੇ ਹੱਲ ਲਈ ਰਾਜਾ ਕੌਂਸਤਨਤਾਈਨ ਨੇ ਨਾਈਸੀਆ ਨਾਂ ਦੀ ਜਗ੍ਹਾ ਉੱਪਰ ਸੰਨ 325ਈ. ਵਿੱਚ ਪਹਿਲੀ ਆਮ ਸਭਾ ਬੁਲਾਈ। ਇੱਥੇ ਏਰੀਅਸ ਨੂੰ ਨਿੰਦਿਆ ਗਿਆ ਅਤੇ ਇੱਕ ਮਤਾ ਪਾਸ ਕੀਤਾ ਗਿਆ ਜਿਸ ਵਿੱਚ ਕਿਹਾ ਗਿਆ, "ਅਸੀਂ ਵਿਸ਼ਵਾਸ ਕਰਦੇ ਹਾਂ-ਇੱਕ ਪਰਮਾਤਮਾ ਵਿੱਚ ਜੋ ਸਰਵਸ਼ਕਤੀਮਾਨ ਪਿਤਾ, ਸਭ ਦਿੱਖ-ਅਦਿੱਖ ਵਸਤਾਂ ਦਾ ਕਰਤਾ ਅਤੇ ਇੱਕ ਮਾਲਕ ਯਿਸੂ ਮਸੀਹ ਵਿੱਚ ਜੋ ਪਰਮਾਤਮਾ ਦਾ ਪੁੱਤਰ ਹੈ, ਪਿਤਾ ਤੋਂ ਪੈਦਾ ਹੋਇਆ, ਪ੍ਰਕਾਸ਼ਾਂ ਦਾ ਪ੍ਰਕਾਸ਼ ਹੈ, ਉਸ ਪਰਮਾਤਮਾ ਦਾ ਹੀ ਪਰਮਾਤਮਾ ਹੈ ਜੋ ਪੈਦਾ ਹੋਇਆ, ਬਣਾਇਆ ਨਹੀਂ ਗਿਆ, ਜੋ ਪਿਤਾ ਨਾਲ ਇੱਕ ਤੱਤ ਹੈ .....ਅਤੇ ਪਵਿੱਤਰ ਆਤਮੇ ਨਾਲ ਵੀ।" ਇਸ ਨੂੰ ਨਾਈਸੀਅਨ ਮਤ ਕਿਹਾ ਗਿਆ। ਸਿਕੰਦਰੀਆ ਦੇ ਬਿਸ਼ਪ ਦੇ ਅਥਨੇਸੀਅਸ (C. 293-374 ਈ.) ਨਾਮੀ ਸੈਕਟਰੀ ਨੇ ਇਸ ਵਿੱਚ ਕਾਫ਼ੀ ਯੋਗਦਾਨ ਪਾਇਆ। (ਇਸਨੇ ਹੀ ਅੱਜ ਦੇ ਨਵੇਂ ਅਹਿਦਨਾਮੇ ਵਿੱਚ ਸ਼ਾਮਿਲ 27 ਲਿਖਤਾਂ ਨੂੰ ਉਸ ਸਮੇਂ ਪ੍ਰਚੱਲਿਤ ਬਹੁਤ ਸਾਰੀਆਂ ਲਿਖਤਾਂ ਵਿੱਚੋਂ ਛਾਂਟਿਆ ਜਿਸਨੂੰ ਪੋਪ ਦਮਾਸਸ ਨੇ ਸੰਨ 382 ਈ. ਵਿੱਚ ਰੋਮ ਦੀ ਸਭਾ ਵਿੱਚ ਮੰਨ ਲਿਆ।) ਏਰੀਅਨਵਾਦ ਖ਼ਤਮ ਨਾ ਹੋਇਆ। ਫਿਰ ਸੰਨ 381 ਈ. ਵਿੱਚ ਕੌਂਸਤਨਤਾਈਨੋਪਲ ਦੇ ਰਾਜੇ ਥਿਓਡੋਸਿਅਸ ਨੇ ਆਪਣੇ ਮਹਿਲ ਵਿੱਚ ਦੂਸਰੀ ਸਭਾ ਬੁਲਾਈ। ਇਸ ਵਿੱਚ ਇਹ ਮਤਾ ਪਾਸ ਕੀਤਾ ਗਿਆ ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਇੱਕੋ ਸਮੇਂ ਬਰਾਬਰ ਵੀ ਹਨ ਅਤੇ ਅਲੱਗ ਵੀ। ਫਿਰ ਨੇਸਟੋਰੀਅਸ ਨਾਮੀ ਪਾਦਰੀ ਨੇ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ ਯਿਸੂ ਵਿੱਚ ਦੋ ਸਖ਼ਸ਼ ਹਨ-ਇੱਕ ਈਸ਼ਵਰੀ ਅਤੇ ਇੱਕ ਮਨੁੱਖੀ। ਉਸਨੇ ਯਿਸੂ ਦੇ ਮਨੁੱਖ ਦੇ ਤੌਰ 'ਤੇ ਕੀਤੇ ਕਰਤੱਬਾਂ ਅਤੇ ਭੋਗੇ ਗਏ ਕਸ਼ਟਾਂ ਨੂੰ ਈਸ਼ਵਰੀ ਮੰਨਣੋਂ ਇਨਕਾਰ ਕਰ ਦਿੱਤਾ। ਉਸ ਨੇ ਕਿਹਾ ਕਿ ਮਰਿਅਮ ਨੂੰ ਪ੍ਰਭੂ ਦੀ ਮਾਂ

ਨਹੀਂ ਕਿਹਾ ਜਾ ਸਕਦਾ ਕਿਉਂਕਿ ਉਹ ਯਿਸੂ ਨਾਮੀ ਮਨੁੱਖ ਦੀ ਮਾਂ ਸੀ। ਇਸ ਮਸਲੇ ਉੱਪਰ ਸੰਨ 431 ਈ. ਵਿੱਚ ਇਫ਼ੇਸਸ ਦੀ ਸਭਾ ਹੋਈ ਜਿਸ ਵਿੱਚ ਨੇਸਟੋਰਿਅਸ ਨੂੰ ਨਿੰਦਿਆ ਗਿਆ ਅਤੇ ਦੇਸ਼ ਨਿਕਾਲਾ ਦੇ ਦਿੱਤਾ ਗਿਆ ਅਤੇ ਪਰੰਪਰਾਵਾਦੀ ਵਿਸ਼ਵਾਸ ਦੁਹਰਾਇਆ ਗਿਆ ਕਿ ਯਿਸੂ ਇੱਕੋ ਸਮੇਂ ਪ੍ਰਭੂ ਵੀ ਹੈ ਤੇ ਮਨੁੱਖ ਵੀ। ਇਸ ਤੋਂ ਉਲਟ ਯਿਸੂ ਦੀ ਈਸ਼ਵਰਤਾ ਨੂੰ ਹੀ ਬਹੁਤ ਵਧਾ-ਚੜ੍ਹਾ ਕੇ ਪ੍ਰਚਾਰ ਕਰਨ ਵਾਲੇ ਪਾਦਰੀ ਇਯੁਟੀਚੇਜ਼ ਕਰਕੇ ਸੰਨ 451 ਈ. ਵਿੱਚ ਪੂਰਵੀ ਰਾਜੇ ਮਾਰਸਿਓਨ ਨੇ ਚੈਲਸੀਡੋਨ ਵਿਖੇ ਚੌਥੀ ਸਭਾ ਬੁਲਾਈ। ਇਸ ਮਸਲੇ ਦਾ ਨਿਪਟਾਰਾ ਰੋਮ ਦੇ ਬਿਸ਼ਪ ਲਿਓ ਨੇ ਇੱਕ ਪੱਤਰ ਰਾਹੀਂ ਕੀਤਾ। ਉਸ ਕਿਹਾ ਕਿ ਯਿਸੂ ਵਿੱਚ ਮਨੁੱਖੀ ਅਤੇ ਈਸ਼ਵਰੀ ਦੋ ਬਰਾਬਰ ਦੇ ਸੁਭਾਓ ਹਨ ਅਤੇ ਜੇ ਅਜਿਹਾ ਨਾ ਮੰਨੀਏ ਤਾਂ ਲੱਗੇਗਾ ਕਿ ਈਸ਼ਵਰੀ ਯਿਸੂ ਨੇ ਮਨੁੱਖੀ ਮੁਖੌਟਾ ਪਾਇਆ ਹੋਇਆ ਹੈ। ਇੱਥੇ ਇਹ ਕਿਹਾ ਗਿਆ ਕਿ ਜਿੱਥੋਂ ਤੀਕਰ ਈਸ਼ਵਰਤਾ ਦਾ ਸਬੰਧ ਹੈ ਪਰਮ ਪਿਤਾ ਨੇ ਯਿਸੂ ਨੂੰ ਸਮੇਂ ਦੇ ਵੀ ਹੋਂਦ ਵਿੱਚ ਆਉਣ ਤੋਂ ਪਹਿਲਾਂ ਹੀ ਪੈਦਾ ਕਰ ਲਿਆ ਸੀ, ਪਰ ਸਾਡੀ ਮੁਕਤੀ ਵਾਸਤੇ ਇਸੀ ਯਿਸੂ ਨੇ ਮਰਿਅਮ ਦੀ ਕੁੱਖੋਂ ਜਨਮ ਲਿਆ। ਮਾਨਵੀ ਸਰੂਪ ਵਿੱਚ ਉਹ ਸਾਡੇ ਵਾਂਗ ਹੀ ਹੈ, ਪਰ ਹੈ ਪਾਪ ਰਹਿਤ। ਉਸਦੇ ਦੋਨੋਂ ਸੁਭਾਵਾਂ ਵਿੱਚ ਕੋਈ ਮੁਗਾਲਤਾ, ਕੋਈ ਪਰਿਵਰਤਨ, ਕੋਈ ਵੰਡ ਅਤੇ ਕੋਈ ਅਲਗਾਓ ਨਹੀਂ। ਉਹ ਦੋਨੋਂ ਸੁਭਾਅ ਰੱਖਦਿਆਂ ਹੋਇਆਂ ਵੀ ਉਹੀ ਇੱਕ ਪੁੱਤਰ ਹੈ ਜੋ ਆਦ ਸ਼ਬਦ ਦਾ ਦੇਹ ਰੂਪ, ਪ੍ਰਭੂ ਯਿਸੂ ਮਸੀਹ ਹੈ। ਅੱਜ ਵੀ ਇਹ ਵਿਚਾਰ ਈਸਾਈ ਪਰੰਪਰਾ ਦਾ ਹਿੱਸਾ ਹੈ।

### ਵਿਧੀ-ਵਿਧਾਨਾਂ ਦੀ ਪਕਿਆਈ

ਰਾਜਸੀ ਸਹਾਇਤਾ ਮਿਲਣ ਨਾਲ ਧਰਮ ਪ੍ਰਚਾਰ ਤੇਜ਼ ਹੋਇਆ, ਬੜੇ ਸ਼ਾਨਦਾਰ ਚਰਚ ਬਣਾਏ ਗਏ, ਪਰ ਇਸ ਵਧਦੀ ਸ਼ਾਨੋ-ਸ਼ੌਕਤ ਕਰਕੇ ਚਰਚ ਦੀਆਂ ਪਦਵੀਆਂ ਲਈ ਝਗੜੇ ਵੀ ਸ਼ੁਰੂ ਹੋ ਗਏ। ਚਰਚ ਅਤੇ ਰਾਜਤੰਤਰ ਦੇ ਆਪਸੀ ਰਿਸ਼ਤਿਆਂ ਵਿੱਚ ਵੀ ਬਦਲਾਅ ਨਜ਼ਰ ਆਉਣ ਲੱਗੇ। ਕਈ ਵਾਰ ਇੱਕ-ਦੂਜੇ ਉੱਪਰ ਹਾਵੀ ਹੋਣ ਦੀ ਰੱਸਾਕਸ਼ੀ ਖੁੱਲ੍ਹ ਕੇ ਨਜ਼ਰ ਆਉਂਦੀ। ਇਸ ਸਮੇਂ ਵਿੱਚ ਜਿੱਥੇ ਚਰਚ ਦੇ ਵਿਧੀ-ਵਿਧਾਨਾਂ ਵਿੱਚ ਵਾਧਾ ਹੋਇਆ, ਉੱਥੇ ਬਹੁਤ ਸਾਰੀਆਂ ਮਾਨਤਾਵਾਂ ਵਿੱਚ ਵੀ ਪਕਿਆਈ ਆਈ ਜੋ ਅੱਜ ਤੀਕਰ ਚੱਲਦੀ ਆ ਰਹੀ ਹੈ। ਇਟਲੀ ਦੇ ਮਿਲਾਨ ਸ਼ਹਿਰ ਦਾ ਬਿਸ਼ਪ ਐਂਬਰੋਜ (339-97) ਬਹੁਤ ਹੀ ਕੁਸ਼ਲ ਪ੍ਰਬੰਧ ਕਰਤਾ ਅਤੇ ਅੰਜੀਲ ਦਾ ਨਿਪੁੰਨ ਪ੍ਰਚਾਰਕ ਹੋਇਆ। ਉਸਨੇ ਸੰਤ ਅਗਸਤਾਈਨ ਦਾ ਧਰਮ ਪਰਿਵਰਤਨ ਕਰਵਾਇਆ ਸੀ। ਪੂਰਵੀ ਯੂਰਪ ਤੋਂ ਭਿਖੂ ਬੁਲਵਾਏ ਜਿਨ੍ਹਾਂ ਨੇ ਮਠਾਂ ਦੀ ਸਥਾਪਨਾ ਕੀਤੀ। ਪਵਿੱਤਰ ਮਹਾਂਪੁਰਸ਼ਾਂ ਦੀਆਂ ਨਿਸ਼ਾਨੀਆਂ (Relics) ਦੀ ਪੂਜਾ ਸ਼ੁਰੂ ਕੀਤੀ। ਉਸਨੇ ਕਿਹਾ ਕਿ ਬਿਸ਼ਪਾਂ ਨੂੰ ਕੁਆਰੇ ਰਹਿਣਾ ਚਾਹੀਦਾ ਹੈ ਮਤੇ ਪਾਦਰੀਆਂ ਦੇ ਖ਼ਾਨਦਾਨ ਸ਼ੁਰੂ ਹੋ ਜਾਣ। ਮਿਲਾਨ ਦੇ ਚਰਚ ਵਿੱਚ ਰੋਜ਼ਾਨਾਂ ਯੂਕੇਰਿਸਟ ਮਨਾਉਣਾ ਸ਼ੁਰੂ ਕੀਤਾ। ਇਸਨੂੰ Mass ਕਿਹਾ (ਲੈਟਿਨ ਸ਼ਬਦ Missa ਤੋਂ ਜਿਸਦਾ ਮਤਲਬ ਹੈ ਭੇਜਣਾ ਜਾਂ ਖ਼ਾਰਜ ਕਰਨਾ-ਪ੍ਰਾਰਥਨਾ ਦੀ ਸਮਾਪਤੀ)। ਦਿਨ ਵਿੱਚ ਕਈ ਵਾਰ ਪ੍ਰਾਰਥਨਾ ਕੀਤੀ ਜਾਂਦੀ ਅਤੇ ਸੰਤਾਂ ਦੇ ਦਿਨ ਵੀ ਮਨਾਉਣੇ ਸ਼ੁਰੂ ਕੀਤੇ। ਇਹ ਸਭ ਵਿਧਾਨ ਬਾਅਦ ਵਿੱਚ ਵੀ ਜਾਰੀ ਰਹੇ। ਜਦੋਂ ਰਾਜਾ ਥਿਓਡੋਸਿਅਸ ਨੇ ਹਜ਼ਾਰਾਂ

ਨਾਗਰਿਕ ਇੱਕ ਜਗ੍ਹਾ 'ਤੇ ਮਾਰ ਦਿੱਤੇ ਤਾਂ ਐਂਬਰੋਜ਼ ਨੇ ਉਸਨੂੰ ਧਰਮ ਵਿੱਚੋਂ ਕੱਢ ਦਿੱਤਾ ਅਤੇ ਉਸਦੇ ਧਾਰਮਿਕ ਦੰਡ (Penance) ਭੋਗਣ ਤੋਂ ਬਾਅਦ ਹੀ ਉਸਨੂੰ ਧਰਮ ਵਿੱਚ ਵਾਪਸ ਲਿਆ। ਪਹਿਲਾਂ ਕਦੀ ਕਿਸੇ ਰਾਜੇ ਨੇ ਅਜਿਹਾ ਨਹੀਂ ਸੀ ਕੀਤਾ। ਪਾਪ, ਪ੍ਰਾਸਚਿਤ ਅਤੇ ਮਾਫ਼ੀ ਦਾ ਇਹ ਸਿਲਸਿਲਾ ਯਹੂਦੀ ਧਰਮ ਵਿੱਚ ਵੀ ਸੀ। ਯਹੋਵਾਹ ਸੁਲੇਮਾਨ ਨੂੰ ਕਹਿੰਦਾ ਹੈ, "ਅਤੇ ਜੇ ਮੇਰੀ ਪਰਜਾ ਜੋ ਮੇਰੇ ਨਾਮ 'ਤੇ ਅਖਵਾਉਂਦੀ ਹੈ ਅਧੀਨ ਹੋ ਕੇ ਪ੍ਰਾਰਥਨਾ ਕਰੇ ਅਤੇ ਮੇਰੇ ਦਰਸ਼ਨ ਦੀ ਚਾਹਵੰਦ ਹੋਵੇ ਅਤੇ ਭੈੜੇ ਰਾਹ ਤੋਂ ਮੁੜੇ ਤਾਂ ਮੈਂ ਸੁਰਗ ਉੱਤੋਂ ਸੁਣ ਕੇ ਉਨ੍ਹਾਂ ਦੇ ਪਾਪ ਖਿਮਾ ਕਰਾਂਗਾ" (ਇਤਿਹਾਸ 2-7:14)। ਈਸਾਈ ਧਰਮ ਵਿੱਚ ਪਾਪ ਕਬੂਲਣ ਦੀ ਬੜੀ ਮਹੱਤਤਾ ਹੈ। ਯਾਕੂਬ ਕਹਿੰਦਾ ਹੈ, "ਤੁਸੀਂ ਆਪੋ ਵਿੱਚੀਂ ਆਪਣੇ ਪਾਪਾਂ ਦਾ ਇਕਰਾਰ ਕਰੋ ਅਤੇ ਇੱਕ ਦੂਜੇ ਲਈ ਪ੍ਰਾਰਥਨਾ ਕਰੋ। ਤੁਸੀਂ ਨਰੋਏ ਹੋ ਜਾਓ। ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ" (ਯਾਕੂਬ 5:16)। ਇਸ ਸਮੇਂ ਵਿੱਚ ਲੋਕ ਪਾਦਰੀਆਂ ਨੂੰ ਇਕੱਲੇ ਮਿਲ ਕੇ ਆਪਣੇ ਪਾਪਾਂ ਦਾ ਇਕਰਾਰ ਕਰਨ ਲੱਗ ਪਏ। ਪਾਦਰੀ ਉਨ੍ਹਾਂ ਨੂੰ ਪ੍ਰਾਸਚਿਤ ਦੀ ਸੌਂਹ ਖਵਾਉਂਦੇ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰਦੇ।

ਪੰਜਵੀਂ ਸਦੀ ਵਿੱਚ ਹੀ ਉੱਤਰੀ ਅਫ਼ਰੀਕਾ ਵਿੱਚ ਹਿਪੋ ਸ਼ਹਿਰ ਦਾ ਬਿਸ਼ਪ ਸੰਤ ਅਗਸਤਾਈਨ ਹੋਇਆ। ਇਸ ਦਾ ਮੁੱਖ ਜ਼ੋਰ ਪਰਮਾਤਮਾ ਦੀ ਮਿਹਰ (Grace) ਉੱਪਰ ਸੀ ਕਿਉਂਕਿ ਪੌਲੁਸ ਨੇ ਕਿਹਾ ਸੀ ਕਿ ਆਦਮ ਦੇ ਪਹਿਲੇ ਪਾਪ ਤੋਂ ਮੌਤ ਦੁਨੀਆਂ ਵਿੱਚ ਆਈ ਪਰ ਯਿਸੂ ਮਸੀਹ ਤੋਂ ਜੀਵਨ ਮਿਲਿਆ, "ਪਰਮੇਸ਼ਵਰ ਦੀ ਕਿਰਪਾ ਅਤੇ ਉਹ ਬਖ਼ਸ਼ੀਸ਼ ਜਿਹੜੀ ਇੱਕੋ ਮਨੁੱਖ ਅਰਥਾਤ ਯਿਸੂ ਮਸੀਹ ਦੀ ਕਿਰਪਾ ਦੇ ਕਾਰਨ ਸੀ, ਬਹੁਤਿਆਂ ਲੋਕਾਂ ਲਈ ਵਾਫ਼ਰ ਪ੍ਰਗਟ ਹੋਈ" (ਰੋਮੀਆ ਨੂੰ 5:15)। ਜਦੋਂ ਰੋਮ ਰਾਜ ਉੱਪਰ ਵੰਡਾਲ, ਫਰੈਂਕ, ਹੂਣ, ਵਿਜਿਗੋਥ ਆਦਿ ਪੂਰਵੀ ਕਬੀਲਿਆਂ ਨੇ ਹਮਲੇ ਕੀਤੇ ਤਾਂ ਅਗਸਤਾਈਨ ਦੇ ਈਸਾਈਆਂ ਦੀ ਪਾਰੰਪਰਿਕ ਉਦਾਸੀਨਤਾ ਦੇ ਖ਼ਿਲਾਫ਼ ਬੋਲਦਿਆਂ ਧਰਮ ਯਧ ਦਾ ਮਤ ਦਿੱਤਾ ਅਤੇ ਕਿਹਾ ਕਿ ਜਦੋਂ ਆਪਣੇ ਹੱਕਾਂ ਦੀ ਰਾਖੀ ਦੇ ਹੋਰ ਤਰੀਕੇ ਫੇਲ੍ਹ ਹੋ ਜਾਣ ਤਾਂ ਹਮਲਾਵਰ ਨੂੰ ਮਾਰ ਦੇਣਾ ਜਾਇਜ਼ ਹੈ। ਉਸ ਨੇ ਕਿਹਾ ਕਿ ਰੱਬ ਲਈ ਕੋਮਲ ਪਿਆਰ ਅਤੇ ਉਸਨੂੰ ਜਾਣਨ ਲਈ ਤੀਬਰ ਇੱਛਾ ਦਾ ਮੇਲ ਹੀ ਸੱਚਾ ਵਿਸ਼ਵਾਸ ਹੈ।

### ਬਦਲੇ ਹਾਲਾਤਾਂ ਵਿੱਚ ਚਰਚ ਅਤੇ ਸ਼ਾਹੀ ਤੰਤਰ ਦੇ ਸਬੰਧ

ਪੱਛਮ ਵਿੱਚ ਉੱਤਰੀ ਯੂਰਪ ਦੇ ਕਬਾਇਲੀ ਲੋਕਾਂ ਦੇ ਹਮਲਿਆਂ ਕਰਕੇ ਪੁਰਾਣਾ ਰੋਮਨ ਰਾਜ ਖ਼ਤਮ ਹੋ ਗਿਆ। ਇਹ ਨਵੇਂ ਸ਼ਾਸਕ ਰੋਮਨ ਸੰਸਕ੍ਰਿਤੀ ਤੋਂ ਬਹੁਤ ਪ੍ਰਭਾਵਿਤ ਹੋਏ। ਈਸਾਈ ਧਰਮ ਨੂੰ ਵੀ ਉਨ੍ਹਾਂ ਅਪਣਾ ਲਿਆ। ਦਰਅਸਲ ਧਾਰਮਿਕ ਆਗੂਆਂ ਦੇ ਯੋਗਦਾਨ ਨਾਲ ਲੋਕਾਂ ਨੂੰ ਕਾਬੂ ਕਰਨਾ ਜ਼ਿਆਦਾ ਸੌਖਾ ਸੀ। ਮੁਆਵਜ਼ੇ ਵਿੱਚ ਚਰਚ ਨੂੰ ਜਗੀਰਾਂ ਮਿਲਣੀਆਂ ਸ਼ੁਰੂ ਹੋ ਗਈਆਂ। ਈਸਾਈ ਧਾਰਮਿਕ ਆਗੂ ਅਤੇ ਖ਼ਾਸ ਕਰ ਰੋਮ ਦਾ ਪੋਪ ਤਾਕਤ ਫੜਨ ਲੱਗੇ। ਪਰ ਪੂਰਵੀ ਹਿੱਸੇ ਵਿੱਚ ਹਾਲੀਂ ਵੀ ਰਾਜਾ ਹਾਵੀ ਸੀ ਅਤੇ ਧਾਰਮਿਕ ਮਾਮਲਿਆਂ ਵਿੱਚ ਅੰਤਮ ਫੈਸਲਾ ਉਸਦਾ ਹੀ ਹੁੰਦਾ ਸੀ। ਮੁਸਲਿਮ ਧਰਮ ਪੈਦਾ ਹੋਣ ਨਾਲ ਪੁਰਾਣੇ ਰੋਮਨ ਰਾਜ ਦੇ ਪੱਛਮੀ ਅਤੇ ਪੂਰਵੀ ਭਾਗਾਂ ਵਿੱਚ ਤਾਲਮੇਲ ਘਟਣ ਲੱਗਾ। ਕੋਨਸਟਾਂਸ (ਰਾ. 641-68) ਪੂਰਵ ਦਾ ਆਖ਼ਰੀ

ਰਾਜਾ ਸੀ ਜੋ ਰੋਮ ਗਿਆ ਅਤੇ ਪੋਪ ਗ੍ਰੇਗੋਰੀ ਤੀਜਾ (ਰਾ. 713-41) ਆਖ਼ਰੀ ਪੋਪ ਸੀ ਜਿਸਨੇ ਪੂਰਵ ਤੋਂ ਸਹਿਮਤੀ ਲਈ। ਈਸਾਈ ਧਰਮ ਯੂਰਪ ਦੇ ਬਾਕੀ ਹਿੱਸਿਆ ਵਿੱਚ ਫੈਲਣ ਲੱਗਾ ਅਤੇ ਪੋਪ ਸਥਾਨਕ ਰਾਜਿਆਂ ਵੱਲ ਮੁਖ਼ਾਤਬ ਹੋਏ।

ਸੰਨ 800 ਈ. ਦੇ ਕ੍ਰਿਸਮਸ ਵਾਲੇ ਦਿਨ ਪੋਪ ਲਿਓ ਤੀਜੇ ਰੋਮ ਦੇ ਸੰਤ ਪਤਰਸ (St. Peter) ਚਰਚ ਵਿੱਚ ਉਸ ਸਮੇਂ ਯੂਰਪ ਦੇ ਇੱਕ ਵੱਡੇ ਹਿੱਸੇ ਦੇ ਸ਼ਾਸਕ ਚਾਰਲਮੇਗਨੇ ਦੀ ਪਵਿੱਤਰ ਰੋਮਨ ਸਾਮਰਾਜ ਦੇ ਸਮਰਾਟ ਦੇ ਤੌਰ 'ਤੇ ਤਾਜਪੋਸ਼ੀ ਕੀਤੀ। ਇਸ ਨਾਲ ਰਾਜ ਤੰਤਰ ਵਿੱਚ ਪੋਪ ਦੀ ਅਹਿਮੀਅਤ ਬਹੁਤ ਵੱਧ ਗਈ। ਪਰ ਇਸਨੇ ਪੋਪ ਦੀ ਪਦਵੀ ਨੂੰ ਲੜਾਈ ਦੀ ਜੜ੍ਹ ਵੀ ਬਣਾ ਦਿੱਤਾ। ਸੰਨ 882ਈ. ਵਿੱਚ ਕਤਲ ਕੀਤਾ ਗਿਆ ਪੋਪ ਜਾਨ ਅੱਠਵਾਂ ਅਜਿਹਾ ਪਹਿਲਾ ਪੋਪ ਸੀ ਜੋ ਇਸ ਖਿੱਚੋਤਾਣ ਵਿੱਚ ਕਤਲ ਹੋਇਆ। ਮਗਰੋਂ ਹੋਰ ਵੀ ਕਈ ਕਤਲ ਹੋਏ।

### ਪੱਛਮੀ ਅਤੇ ਪੂਰਵੀ ਚਰਚ ਦਾ ਅੰਤਿਮ ਅਲਗਾਓ

ਸੰਨ 589 ਵਿੱਚ ਤੋਲੇਦੋ (Toledo) ਦੀ ਸਭਾ ਵਿੱਚ ਨਾਈਸਿਅਨ ਮੱਤ ਵਿੱਚ ਤਿੰਨ ਸ਼ਬਦਾਂ ਦਾ ਵਾਧਾ ਕੀਤਾ ਗਿਆ ਸੀ। ਇਹ ਸਨ "and the son" ਅਤੇ ਹੁਣ ਪ੍ਰਾਰਥਨਾ ਸੀ, "ਮੈਂ ਪਵਿੱਤਰ ਆਤਮਾ ਵਿੱਚ ਵਿਸ਼ਵਾਸ ਕਰਦਾ ਹਾਂ ਜੋ ਕਿ ਪਿਤਾ ਅਤੇ ਪੁੱਤਰ ਤੋਂ ਨਿਕਲਦਾ ਹੈ।" ਨੌਵੀਂ ਸਦੀ ਵਿੱਚ ਕੋਨਸਤਾਈਨੋਪਲ ਦੇ ਪ੍ਰਧਾਨ ਬਿਸ਼ਪ ਫੋਟੀਅਸ (810-95) ਨੇ "ਅਤੇ ਪੁੱਤਰ" ਸ਼ਬਦਾਂ ਉੱਪਰ ਵਿਰੋਧ ਜਤਾਇਆ ਅਤੇ ਇਸਨੂੰ ਪਰੰਪਰਾ ਦੇ ਉਲਟ ਦੱਸ ਕੇ ਇਸਨੂੰ ਮੰਨਣ ਵਾਲਿਆਂ ਨੂੰ ਧਰਮ ਦੇ ਦੋਖੀ ਕਰਾਰ ਦਿੱਤਾ। ਪੋਪ ਨੇ ਫੋਟੀਅਸ ਦੀ ਨਿਯੁਕਤੀ ਨੂੰ ਹੀ ਰੱਦ ਕਰ ਦਿੱਤਾ ਜਿਸਨੂੰ ਇੱਕ ਗੈਰ ਜ਼ਰੂਰੀ ਦਖ਼ਲ ਸਮਝਿਆ ਗਿਆ। ਈਸਟਰਨ ਓਰਥੋਡੋਕਸ ਇਸ ਪ੍ਰਾਰਥਨਾ ਵਿੱਚ "ਪਿਤਾ ਅਤੇ ਪੁੱਤਰ ਤੋਂ" ਦੀ ਬਜਾਇ "ਪਿਤਾ ਤੋਂ ਪੁੱਤਰ ਰਾਹੀਂ" ਸ਼ਬਦ ਵਰਤਦੇ ਹਨ।

ਪੁਰਾਣੇ ਅਹਿਦਨਾਮੇ ਵਿੱਚ ਕਿਸੇ ਵੀ ਤਰ੍ਹਾਂ ਦੀ ਬੁੱਤ ਪੂਜਾ ਦਾ ਨਿਸ਼ੇਧ ਕੀਤਾ ਗਿਆ ਹੈ (ਕੂਚ 24:4)। ਪਰ ਈਸਾਈ ਧਰਮ ਵਿੱਚ ਯਿਸੂ, ਮਰਿਅਮ ਜਾਂ ਸੰਤਾਂ ਦੀਆਂ ਮੂਰਤੀਆਂ ਦੀ ਪੂਜਾ ਕੀਤੀ ਜਾਣ ਲੱਗੀ। ਫਿਰ ਸੱਤਵੀਂ ਸਦੀ ਵਿੱਚ ਪੈਦਾ ਹੋਇਆ ਮੁਸਲਿਮ ਧਰਮ ਵੀ ਮੂਰਤੀਪੂਜਾ ਦਾ ਕੱਟੜ ਵਿਰੋਧੀ ਸੀ ਅਤੇ ਸ਼ਾਇਦ ਇਸ ਮਿਲੇ-ਜੁਲੇ ਅਸਰ ਕਰਕੇ ਕੋਨਸਤਾਈਨੋਪਲ ਦੇ ਰਾਜੇ ਲਿਓ ਤੀਜੇ ਨੇ ਸੰਨ 726 ਵਿੱਚ ਸ਼ਹਿਰ ਦੇ ਦਰਵਾਜ਼ੇ 'ਤੇ ਲਟਕਦੀ ਯਿਸੂ ਦੀ ਵਿਸ਼ਾਲ ਮੂਰਤੀ ਭੰਨ ਦਿੱਤੀ, ਨਾਲ ਹੋਰ ਵੀ ਬਹੁਤ ਸਾਰੀਆਂ ਮੂਰਤੀਆਂ ਤੋੜ ਦਿੱਤੀਆਂ। ਇਹ ਮਸਲਾ ਸੰਨ 787 ਈ. ਵਿੱਚ ਨਾਈਸਿਆ ਦੀ ਦੂਜੀ ਸਭਾ ਵਿੱਚ ਸੁਲਝਾ ਲਿਆ ਗਿਆ ਅਤੇ ਪਵਿੱਤਰ ਮੂਰਤੀਆਂ ਦਾ ਪ੍ਰਯੋਗ ਬਹਾਲ ਕਰ ਦਿੱਤਾ ਗਿਆ, ਪਰ ਨਾਲ ਤਾਕੀਦ ਕੀਤੀ ਕਿ ਇਨ੍ਹਾਂ ਦਾ ਸਿਰਫ਼ ਸਨਮਾਨ ਕਰਨਾ ਹੈ, ਪੂਜਾ ਨਹੀਂ। ਇਸ ਮਸਲੇ ਦੇ ਸੁਲਝਾਓ ਦੀ ਯਾਦ ਵਿੱਚ ਆਰਥੋਡੋਕਸ ਚਰਚਾਂ ਵਿੱਚ ਅੱਜ ਵੀ ਸਲਾਨਾ ਭੋਜ ਹੁੰਦਾ ਹੈ। ਰੋਮਨ ਕੈਥੋਲਿਕ ਮੂਰਤੀਆਂ ਨਹੀਂ ਰੱਖਦੇ, ਪਰ ਕੰਧ ਚਿੱਤਰਾਂ ਰਾਹੀਂ ਬਾਈਬਲ ਦੀਆਂ ਘਟਨਾਵਾਂ ਦਿਖਾਉਣ 'ਤੇ ਮਨਾਹੀ ਨਹੀਂ। ਇੱਕ ਹੋਰ ਫਰਕ ਭਾਸ਼ਾ ਦੇ ਪ੍ਰਯੋਗ ਨਾਲ ਜੁੜਿਆ ਸੀ। ਪੱਛਮੀ ਚਰਚ ਦਾ ਲੈਟਿਨ ਭਾਸ਼ਾ ਉੱਪਰ ਜ਼ੋਰ ਸੀ ਜਦੋਂਕਿ ਪੂਰਵੀ

ਚਰਚ ਗ੍ਰੀਕ ਭਾਸ਼ਾ ਦਾ ਪ੍ਰਯੋਗ ਕਰਦਾ ਸੀ।

ਪੋਪ ਲਿਓ ਨੌਂਵੇਂ (ਰਾ. 1049-1054ਈ.) ਨੇ ਪੂਰਵੀ ਚਰਚ ਦੇ ਅਧੀਨ ਆਉਂਦੇ ਸਿਸਿਲੀ (ਇਟਲੀ) ਦੇ ਇਲਾਕੇ ਦੇ ਚਰਚਾਂ ਵਿੱਚ ਕੁੱਝ ਸੁਧਾਰ ਲਿਆਂਦੇ ਅਤੇ ਉੱਥੇ ਇੱਕ ਨਵਾਂ ਆਰਕਬਿਸ਼ਪ ਲਗਾ ਦਿੱਤਾ। ਇਸ ਤੋਂ ਖਿਝ ਕੇ ਕੋਨਸਤਾਈਨੋਪਲ ਦੇ ਮੁੱਖ ਬਿਸ਼ਪ ਮਾਈਕੇਲ ਸੈਰੂਲੇਰਿਅਸ ਨੇ ਆਪਣੇ ਇਲਾਕੇ ਵਿੱਚੋਂ ਪੱਛਮੀ ਚਰਚ ਬੰਦ ਕਰਵਾ ਦਿੱਤੇ ਅਤੇ ਪਾਦਰੀ ਬਾਹਰ ਕੱਢ ਦਿੱਤੇ। ਪੋਪ ਨੇ ਆਪਣਾ ਨੁਮਾਇੰਦਾ ਭੇਜਿਆ। 16 ਜੁਲਾਈ, 1054 ਨੂੰ ਕਾਰਡੀਨਲ ਹੰਬਰਟ ਡੀਸਿਲਵਾ ਕੈਂਡਿਡਾ ਨਾਮੀ ਇਹ ਨੁਮਾਇੰਦਾ ਸ਼ਹਿਰ ਦੇ ਮੁੱਖ ਚਰਚ ਹੈਗੀਆ ਸੋਫੀਆ ਵਿੱਚ ਜਾ ਵੜਿਆ ਅਤੇ ਮਾਈਕੇਲ ਨੂੰ ਧਰਮ ਵਿੱਚੋਂ ਕੱਢਣ ਦਾ ਪੋਪ ਦਾ ਫਤਵਾ ਜਾਰੀ ਕਰ ਦਿੱਤਾ (ਹਾਲਾਂਕਿ ਪੋਪ ਅਪ੍ਰੈਲ ਵਿੱਚ ਹੀ ਮਰ ਚੁੱਕਾ ਸੀ)। ਪੂਰਵੀ (ਗ੍ਰੀਕ) ਚਰਚ ਨੇ ਵੀ ਬਰਾਬਰ ਦਾ ਜਵਾਬ ਦਿੱਤਾ ਅਤੇ ਚਰਚ ਦੇ ਸਦਾ ਲਈ ਦੋ ਹਿੱਸੇ ਹੋ ਗਏ। ਫਿਰ ਸੰਨ 1204ਈ. ਵਿੱਚ ਚੌਥੇ ਕਰੂਸੇਡ (ਧਰਮਯੁੱਧ) ਵੇਲੇ ਕਰੂਸੇਡਰਾਂ ਨੇ ਕੋਨਸਤਾਈਨੋਪਲ ਉੱਪਰ ਹਮਲਾ ਕਰਕੇ ਲੁੱਟਮਾਰ ਕੀਤਾ ਤਾਂ ਫਿਰ ਮੇਲ ਦੀ ਕੋਈ ਆਸ ਨਾ ਰਹੀ।

ਅੱਜ ਵੀ ਪੂਰਵੀ ਆਰਥੋਡੋਕਸ (ਪਰੰਪਰਾਵਦੀ) ਚਰਚ ਪੋਪ ਨੂੰ ਇੱਜ਼ਤ ਤਾਂ ਦਿੰਦਾ ਹੈ ਪਰ ਉਸਦੀ ਅਧੀਨਗੀ ਨਹੀਂ ਮੰਨਦਾ। ਸੰਨ 1582ਈ. ਤੀਕਰ ਯੂਰਪ ਵਿੱਚ ਜੂਲੀਅਸ ਸੀਜ਼ਰ ਦੁਆਰਾ ਚਲਾਇਆ ਗਿਆ ਜੂਲੀਅਨ ਕਲੈਂਡਰ ਚਲਦਾ ਸੀ, ਪਰ ਪੋਪ ਗ੍ਰਿਗੋਰੀ ਤੇਰ੍ਹਵੇਂ ਨੇ ਇਸ ਨੂੰ ਸੋਧ ਕੇ ਨਵਾਂ ਕਲੈਂਡਰ (ਗ੍ਰਿਗੋਰਿਅਨ) ਬਣਾਇਆ ਜੋ ਪਹਿਲੇ ਕਲੈਂਡਰ ਤੋਂ 13 ਦਿਨ ਅੱਗੇ ਹੈ। ਆਰਥੋਡੋਕਸ ਈਸਾਈ ਅੱਜ ਵੀ ਜੂਲੀਅਨ ਕਲੈਂਡਰ ਨੂੰ ਮੰਨਦੇ ਹਨ ਅਤੇ ਆਪਣੇ ਪਵਿੱਤਰ ਦਿਹਾੜੇ ਪੱਛਮ ਨਾਲੋਂ ਲਗਭਗ ਦੋ ਹਫਤੇ ਪਿਛੋਂ ਮਨਾਉਂਦੇ ਹਨ। ਆਰਥੋਡੋਕਸ ਪਵਿੱਤਰ ਮੂਰਤੀਆਂ (Icons) ਵਰਤਦੇ ਹਨ। ਇਨ੍ਹਾਂ ਦੇ ਪਾਦਰੀ ਵਿਆਹ ਕਰ ਸਕਦੇ ਹਨ, ਪਰ ਬਿਸ਼ਪ ਕੁਆਰੇ ਹੀ ਹੁੰਦੇ ਹਨ। ਜਦੋਂਕਿ ਰੋਮਨ ਕੈਥੋਲਿਕ ਮੂਰਤੀਆਂ ਨਹੀਂ ਵਰਤਦੇ ਅਤੇ ਪੋਪ ਅਤੇ ਸਾਰੇ ਪਾਦਰੀ ਕੁਆਰੇ ਹੁੰਦੇ ਹਨ। ਉਪਰੋਕਤ ਫਰਕਾਂ ਦੇ ਬਾਵਜੂਦ ਸਿਧਾਂਤਕ ਅਤੇ ਅਮਲੀ ਤੌਰ 'ਤੇ ਹਾਲੀਂ ਵੀ ਇਹ ਨੇੜੇ ਹਨ। ਪਵਿੱਤਰ ਬਾਈਬਲ ਵਿੱਚ ਵਿਸ਼ਵਾਸ, ਚਰਚਾ ਦਾ ਉਹੀ ਮੁੱਢ ਕਦੀਮੀ ਢਾਂਚਾ, ਸੱਤ ਪਵਿੱਤਰ ਪ੍ਰਤੀਕ ਅਤੇ ਸੰਸਕਾਰ [ਜਿਨ੍ਹਾਂ ਵਿੱਚ ਬਪਤਿਸਮਾ, ਯੂਕੇਰਿਸਟ, ਕਨਫਰਮੇਸ਼ਨ ਧਾਰਮਿਕ ਦੰਡ (Penance), ਆਖਰੀ ਮਾਲਸ਼ (Extreme Unction ਮੌਤ ਦੀ ਤਿਆਰੀ), ਵਿਆਹ ਅਤੇ ਪਾਦਰੀਆਂ ਦੇ ਵਿਧਾਨ ਜਾਂ ਆਦੇਸ਼ ਹਨ], ਸੰਤਾ ਦੇ ਦਿਨ ਅਤੇ ਹੋਰ ਤਿਉਹਾਰ ਮਨਾਉਣੇ ਅਤੇ ਜਿਸੂ ਦੀ ਮਾਂ ਮਰਿਅਮ ਦਾ ਸਤਿਕਾਰ ਆਦਿ ਦੋਨਾਂ ਚਰਚਾਂ ਦੇ ਵਿਸ਼ਵਾਸ ਵਿੱਚ ਸ਼ਾਮਲ ਹਨ। ਇਸ ਲੇਖ ਦੇ ਸ਼ੁਰੂ ਵਿੱਚ ਦਿੱਤੀ ਗਈ ਪ੍ਰਾਰਥਨਾ ਸਾਰੇ ਈਸਾਈ ਕਰਦੇ ਹਨ। ਬਪਤਿਸਮਾ ਦੇਣ ਵੇਲੇ ਜਾਂ ਧਰਮ ਪਰਿਵਰਤਨ ਕਰਕੇ ਈਸਾਈ ਬਣਨ ਵਾਲੇ ਨੂੰ ਵੀ ਇਹੀ ਪ੍ਰਾਰਥਨਾ ਬੋਲਣੀ ਪੈਂਦੀ ਹੈ। ਸੋਲ੍ਹਵੀਂ ਸਦੀ ਤੀਕਰ ਇਸਨੂੰ "Our Father" ਕਹਿੰਦੇ ਸਨ ਪਰ ਪ੍ਰੋਟੈਸਟੈਂਟ ਮਤ ਵਾਲਿਆਂ ਨੇ ਇਸਨੂੰ "The Lord's Prayer" ਕਹਿਣਾ ਸ਼ੁਰੂ ਕਰ ਦਿੱਤਾ ਅਤੇ ਇਸ ਵਿੱਚ ਇਹ ਸ਼ਬਦ ਹੋਰ ਜੋੜ ਦਿੱਤੇ, "ਕਿਉਂਕਿ ਰਾਜ, ਸ਼ਕਤੀ ਅਤੇ ਸੋਭਾ ਹਮੇਸ਼ਾ ਵਾਸਤੇ ਤੇਰੇ ਹੀ ਹਨ—ਆਮੀਨ।"

## ਪੱਛਮੀ (ਰੋਮਨ ਕੈਥੋਲਿਕ) ਚਰਚ ਦਾ ਵਿਕਾਸ

ਪੋਪ ਦੇ ਵੱਧ ਰਹੇ ਅਧਿਕਾਰਾਂ ਕਰਕੇ ਰੋਮ ਦੇ ਰਾਜ ਪਰਿਵਾਰ ਇਸ ਪਦਵੀ ਉੱਪਰ ਕਬਜ਼ਾ ਰੱਖਣਾ ਚਾਹੁੰਦੇ ਸਨ ਜਿਸਨੂੰ ਨਜਿੱਠਣ ਲਈ ਸੰਨ 1059 ਈ. ਵਿੱਚ ਪੋਪ ਨਿਕੋਲਸ ਦੂਜੇ ਨੇ ਫਰਮਾਨ ਜਾਰੀ ਕੀਤਾ ਕਿ ਰੋਮ ਅਤੇ ਇਸਦੇ ਆਸ-ਪਾਸ ਦੇ ਚਰਚਾਂ ਦੇ ਕਾਰਡੀਨਲ ਹੀ ਪੋਪ ਦੀ ਚੋਣ ਕਰ ਸਕਣਗੇ। ਕਾਰਡੀਨਲ ਪੋਪ ਦੀ ਮੱਦਦ ਵਾਸਤੇ ਨਿਯੁਕਤ ਕੀਤੇ ਜਾਂਦੇ ਸਨ। ਅੱਜ ਤੱਕ ਇਹੀ ਇੰਤਜਾਮ ਚੱਲ ਰਿਹਾ ਹੈ, ਹਾਲਾਂਕਿ ਕਾਰਡੀਨਲਾਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ। ਫੇਰ ਵੀ ਪੋਪ ਦੀ ਪਦਵੀ ਲਈ ਬਹੁਤ ਲੜਾਈਆਂ ਝਗੜੇ ਹੁੰਦੇ ਰਹੇ। ਫਿਰ ਮੁਸਲਿਮ ਧਰਮ ਦੇ ਫੈਲਾਅ ਨਾਲ ਇਸਾਈਆਂ ਦੇ ਪੁਰਾਣੇ ਪਵਿੱਤਰ ਸਥਾਨ ਉਨ੍ਹਾਂ ਦੇ ਕਬਜ਼ੇ ਵਿੱਚ ਚਲੇ ਗਏ ਅਤੇ ਉਨ੍ਹਾਂ ਦੀ ਆਜ਼ਾਦੀ ਲਈ ਸੰਨ 1099ਈ. ਤੋਂ ਲੈ ਕੇ ਤੇਹਰਵੀਂ ਸਦੀ ਦੇ ਮੱਧ ਤੀਕਰ ਕਈ ਧਰਮਯੁੱਧ (Crusades) ਲੜੇ ਗਏ। ਇਸ ਨਾਲ ਪੋਪ ਦੀ ਮਹੱਤਤਾ ਵਧੀ। ਕਈ ਨਵੇਂ ਚਰਚ ਬਣੇ ਪਰ ਖਰਚਾ ਵੀ ਵਧ ਗਿਆ। ਪਾਦਰੀਆਂ ਨੇ ਆਪਣੇ ਇਲਾਕਿਆਂ ਵਿੱਚੋਂ ਟੈਕਸ ਦੀ ਉਗਰਾਹੀ ਸ਼ੁਰੂ ਕਰ ਦਿੱਤੀ। ਅਜਿਹੇ ਮੌਕੇ ਵੀ ਆਏ ਜਦੋਂ ਦੋ-ਦੋ ਜਾਂ ਤਿੰਨ-ਤਿੰਨ ਪੋਪ ਬਣੇ। ਕੋਈ ਵੀ ਵਿਰੋਧੀ ਆਵਾਜ਼ ਪੁੱਛ-ਪੜਤਾਲ (Inquisition) ਦੇ ਨਾਂ 'ਤੇ ਜ਼ਬਰਨ ਦਬਾ ਦਿੱਤੀ ਜਾਂਦੀ। ਸੰਨ 1483 ਤੋਂ 1498ਈ. ਤੱਕ 'ਕੱਲੇ ਸਪੇਨ ਵਿੱਚ ਤਕਰੀਬਨ 2,000 ਲੋਕ ਪੁੱਛ-ਪੜਤਾਲ ਦੇ ਨਾਂ 'ਤੇ ਜਿਉਂਦੇ ਸਾੜ ਦਿੱਤੇ ਗਏ। ਰੋਮ ਵਿੱਚ ਸੰਤ ਪਤਰਸ ਦਾ ਨਵਾਂ ਕੈਥੇਡ੍ਰਲ ਬਣਾਉਣ ਲਈ ਪੈਸਾ ਚਾਹੀਦਾ ਸੀ। ਇੱਕ ਨਵਾਂ ਤਰੀਕਾ ਸੀ ਬੰਦ ਖਲਾਸੀ (Indulgence) ਵੇਚਣ ਦਾ। ਦਰਅਸਲ ਜਦੋਂ ਧਰਮਯੁੱਧ ਸ਼ੁਰੂ ਹੋਏ ਤਾਂ ਪੋਪ ਨੇ ਕਿਹਾ ਕਿ ਸਾਰੇ ਧਰਮ ਯੋਧੇ ਆਪਣੇ ਪਾਪਾਂ ਤੋਂ ਮੁਕਤ ਹੋ ਜਾਣਗੇ। ਫਿਰ ਇਹ ਮੁਆਫ਼ੀ ਦੇਣ ਲਈ ਹੌਲੀ-ਹੌਲੀ ਪੈਸੇ ਲੈਣੇ ਸ਼ੁਰੂ ਕਰ ਦਿੱਤੇ ਗਏ। ਬੰਦ-ਖਲਾਸੀ ਖਾਸ ਤੌਰ 'ਤੇ ਆਸ਼ੀਰਵਾਦ ਪ੍ਰਾਪਤ ਮੈਡਲਾਂ, ਸਲੀਬਾਂ ਜਾਂ ਮਾਲਾਵਾਂ ਦੇ ਰੂਪ ਵਿੱਚ ਵੇਚੀ ਜਾਂਦੀ ਸੀ। ਪਰ ਇਸ ਸਮੇਂ ਵਿੱਚ ਸਭ ਕੁੱਝ ਗ਼ਲਤ ਨਹੀਂ ਹੋਇਆ। ਇਸਲਾਮ ਧਰਮ ਨਾਲ ਮੇਲ-ਮਿਲਾਪ ਤੋਂ ਯੂਰਪ ਵਿੱਚ ਸਦੀਆਂ ਪਹਿਲਾਂ ਤੋਂ ਗੁਆਚੇ ਪੁਰਾਤਨ ਗ੍ਰੀਕ ਫਲਸਫੇ ਦੀ ਆਮਦ ਹੋਈ। ਅਰਸਤੂ ਦੇ ਪ੍ਰਭਾਓ ਹੇਠ ਈਸਾਈ ਫਲਸਫੇ ਵਿੱਚ ਬਹੁਤ ਤਰੱਕੀ ਹੋਈ ਜੋ ਕਿ ਸੰਤ ਥਾਮਸ ਐਕਵਿਨਾਸ (1225-74ਈ.) ਆਦਿ ਵਿਦਵਾਨਾਂ ਦੀਆਂ ਲਿਖਤਾਂ ਵਿੱਚ ਪ੍ਰਤੱਖ ਨਜ਼ਰ ਆਉਂਦੀ ਹੈ। ਉਸਨੇ ਤਰਕ ਅਤੇ ਵਿਸ਼ਵਾਸ ਨੂੰ ਇਕੱਠਾ ਕਰਨ ਦਾ ਯਤਨ ਕੀਤਾ। ਇਸੇ ਸਮੇਂ ਯੂਰਪ ਵਿੱਚ ਵਿਸ਼ਵਵਿਦਿਆਲੇ ਵੀ ਹੋਂਦ ਵਿੱਚ ਆਏ। ਸੰਤ ਬੈਨੇਡਿਕਟ ਆਫ ਨੁਰਸੀਆ (480-550ਈ.) ਨੇ ਮਠਾਂ ਦਾ ਸਿਲਸਿਲਾ ਸ਼ੁਰੂ ਕੀਤਾ ਸੀ ਅਤੇ ਉਸਦੇ ਲਿਖੇ ਨੇਮ ਅੱਜ ਵੀ ਮਠਾਂ ਵਿੱਚ ਸੌਣ, ਕੰਮ ਕਰਨ, ਪੜ੍ਹਨ ਅਤੇ ਖਾਣੇ ਦੇ ਸਮੇਂ ਦੇ ਨਿਰਧਾਰਨ ਲਈ ਵਰਤੇ ਜਾਂਦੇ ਹਨ। ਤੇਰ੍ਹਵੀਂ ਸਦੀ ਵਿੱਚ ਮਠਾਂ ਵਿੱਚ ਸੁਧਾਰਾਂ ਕਰਕੇ ਡੋਮੀਨਿਕਨ ਅਤੇ ਫ੍ਰਾਂਸਿਸਕਨ ਫਿਰਕੇ ਹੋਂਦ ਵਿੱਚ ਆਏ ਜੋ ਯਿਸੂ ਅਤੇ ਉਸਦੇ ਚੇਲਿਆਂ ਵਾਂਗ ਗ਼ਰੀਬੜੇ ਰਹਿ ਕੇ, ਮੰਗ ਕੇ ਖਾਂਦੇ ਸਨ ਅਤੇ ਧਰਮ ਪ੍ਰਚਾਰ ਕਰਦੇ ਸਨ। ਇਸ ਸਮੇਂ ਤੱਕ ਸੱਤ ਵੱਜਰ ਪਾਪ- ਹੰਕਾਰ, ਲੋਭ, ਕਾਮ, ਕ੍ਰੋਧ, ਪੇਟੂਪੁਣਾ, ਈਰਖਾ ਅਤੇ ਆਲਸ ਮੰਨੇ ਜਾਣ ਲੱਗ ਪਏ ਸਨ। ਸੱਤ ਹੀ ਜ਼ਰੂਰੀ ਗੁਣ ਸਨ ਜੋ ਇੱਕ ਈਸਾਈ ਨੂੰ ਪਾਪ ਤੋਂ ਬਚਾਉਂਦੇ ਸਨ। ਇਸ ਵਿੱਚ ਚਾਰ-ਸਮਝਦਾਰੀ, ਸੰਜਮ, ਸਹਿਣਸ਼ਕਤੀ ਅਤੇ ਨਿਆਂ ਮੁੱਖ ਸੰਸਾਰਕ ਗੁਣ

ਹਨ ਜਦੋਂ ਕਿ ਬਾਕੀ ਤਿੰਨ-ਵਿਸ਼ਵਾਸ, ਆਸ ਅਤੇ ਪਿਆਰ ਈਸਾਈ ਪੰਥ ਲਈ ਸਭ ਤੋਂ ਜ਼ਰੂਰੀ ਗੁਣ ਹਨ ਜੋ ਸਭ ਮਤਾਂ ਵਾਲੇ ਮੰਨਦੇ ਹਨ।

## ਚਰਚ ਦੇ ਸੁਧਾਰ ਅਤੇ ਦੂਜੀ ਵੰਡ

ਪੰਦਰਵੀਂ ਸਦੀ ਦੇ ਰਾਜਨੀਤਿਕ ਵਿਚਾਰਕ ਮੈਕਿਆਵੇਲੀ ਨੇ ਕਿਹਾ, "ਅਸੀਂ ਇਟਲੀ ਵਾਸੀ ਹੋਰਾਂ ਨਾਲੋਂ ਵਧੇਰੇ ਭ੍ਰਿਸ਼ਟ ਅਤੇ ਅਧਾਰਮਿਕ ਹਾਂ ਕਿਉਂਕਿ ਸਾਡੇ ਸਾਹਮਣੇ ਚਰਚ ਅਤੇ ਇਸ ਦੇ ਪ੍ਰਤੀਨਿਧਾਂ ਦਾ ਸਭ ਤੋਂ ਮਾੜਾ ਉਦਾਹਰਣ ਹੈ।" ਛਾਪੇ ਦੀ ਖੋਜ ਨੇ ਪ੍ਰਚਾਰ ਦਾ ਕੰਮ ਸੁਖਾਲਾ ਕਰ ਦਿੱਤਾ। ਉਧਰ ਚਰਚ ਦੇ ਭ੍ਰਿਸ਼ਟਾਚਾਰ ਦੇ ਬਾਵਜੂਦ ਲੋਕਾਂ ਵਿੱਚ ਵਿੱਦਿਆ ਦੇ ਪਸਾਰੇ ਵਿੱਚ ਇਸਦਾ ਕਾਫ਼ੀ ਯੋਗਦਾਨ ਰਿਹਾ। ਕਈ ਪੜ੍ਹੇ-ਲਿਖੇ ਪਾਦਰੀ ਚਰਚ ਦਾ ਕੰਮ ਕਰ ਰਹੇ ਸਨ। ਅਜਿਹੇ ਇਕ ਪਾਦਰੀ ਮਾਰਟਿਨ ਲੂਥਰ ਨੇ 31 ਅਕਤੂਬਰ, 1517 ਈ. ਨੂੰ ਜਰਮਨੀ ਦੇ ਵਿਟਨਬਰਗ ਸ਼ਹਿਰ ਵਿੱਚ ਆਪਣੇ ਚਰਚ ਦੇ ਦਰਵਾਜ਼ੇ ਉੱਪਰ 95 ਨੁਕਤੀਆਂ ਵਾਲਾ ਇਸ਼ਤਿਹਾਰ ਲਗਾ ਦਿੱਤਾ। ਇਸ ਇਸ਼ਤਿਹਾਰ ਵਿੱਚ ਕੁੱਝ ਗੱਲਾਂ ਇਸ ਤਰ੍ਹਾਂ ਸਨ – ਆਤਮਸ਼ੁਧੀ ਕਰਨ ਦੀ ਤਾਕਤ ਸਿਰਫ਼ ਪੋਪ ਵਿੱਚ ਹੀ ਨਹੀਂ ਸਗੋਂ ਕਿਸੇ ਵੀ ਪਾਦਰੀ ਜਾਂ ਬਿਸ਼ਪ ਵਿੱਚ ਹੋ ਸਕਦੀ ਹੈ। ਸੱਚਾ ਪ੍ਰਾਸ਼ਚਿਤ ਕਰਕੇ ਕੋਈ ਵੀ ਪਾਪ ਤੋਂ ਮੁਕਤ ਹੋ ਸਕਦਾ ਹੈ। ਕਿਸੇ ਗ਼ਰੀਬ ਜਾਂ ਲੋੜਵੰਦ ਦੀ ਮੱਦਦ ਕਰਨੀ ਬੰਦ ਖਲਾਸੀ ਖਰੀਦਣ ਨਾਲੋਂ ਵਧੀਆ ਕਰਮ ਹੈ। ਇਸ ਤਰ੍ਹਾਂ ਲੂਥਰ ਨੇ ਉਸ ਸਮੇਂ ਦੇ ਭ੍ਰਿਸ਼ਟ ਚਰਚ ਦਾ ਵਿਰੋਧ ਕਰਕੇ ਇੱਕ ਨਵੇਂ ਸੰਪ੍ਰਦਾਇ ਦੀ ਨੀਂਹ ਰੱਖੀ ਹਾਲਾਂਕਿ ਉਸਦਾ ਇਰਾਦਾ ਸਿਰਫ਼ ਅਜੋਕੇ ਚਰਚ ਵਿੱਚ ਸੁਧਾਰ ਲਿਆਉਣਾ ਹੀ ਸੀ। ਸੰਨ 1518 ਵਿੱਚ ਪੋਪ ਦੇ ਪੁੱਛ-ਪੜਤਾਲ ਵਾਲੇ ਅਧਿਕਾਰੀ ਸਿਲਵੇਸਟਰ ਪ੍ਰੀਰੀਅਸ ਨੇ ਕੁਫ਼ਰ ਤੋਲਣ ਦੇ ਦੋਸ਼ ਵਿੱਚ ਉਸਨੂੰ ਰੋਮ ਬੁਲਾਇਆ, ਪਰ ਲੂਥਰ ਨੇ ਹੁਕਮ ਮੰਨਣੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਸਿਰਫ਼ ਯਿਸੂ ਦੀ ਸੱਤਾ ਨੂੰ ਹੀ ਜਵਾਬਦੇਹ ਸੀ, ਉਸ ਇਹ ਵੀ ਕਿਹਾ ਕਿ ਪੋਪ ਨਹੀਂ, ਸਗੋਂ ਸਿਰਫ਼ ਬਾਈਬਲ ਹੀ ਅਭੁੱਲਣਹਾਰ ਹੈ। ਪੋਪ ਨੇ ਲੂਥਰ ਨੂੰ ਜੰਗਲੀ ਸੂਰ ਕਿਹਾ ਜੋ ਪ੍ਰਭੂ ਦੇ ਅੰਗੂਰਾਂ ਦੇ ਖੇਤ ਵਿੱਚ ਵੜ ਗਿਆ ਸੀ। ਲੂਥਰ ਨੂੰ ਧਮਕੀ ਦਿੱਤੀ ਕਿ ਉਹ 60 ਦਿਨਾਂ ਵਿੱਚ ਜਵਾਬ ਦੇਵੇ ਨਹੀਂ ਤਾਂ ਉਸਨੂੰ ਧਰਮ ਵਿੱਚੋਂ ਬਾਹਰ ਕੱਢ ਦਿੱਤਾ ਜਾਵੇਗਾ। 10 ਦਸੰਬਰ, 1520 ਨੂੰ ਲੂਥਰ ਨੇ ਇਹ ਹੁਕਮ ਸ਼ਰੇਆਮ ਸਾੜ ਦਿੱਤਾ। ਇਹ ਖ਼ਬਰ ਸੁਣ ਕੇ ਪੋਪ ਨੇ ਆਪਣੀ ਧਮਕੀ ਅੰਜਾਮ ਦੇ ਦਿੱਤੀ।

1519 ਵਿੱਚ ਪਵਿੱਤਰ ਰੋਮਨ ਸਾਮਰਾਜ ਦੇ ਨਵੇਂ ਬਣੇ ਰਾਜੇ ਚਾਰਲਸ ਪੰਜਵੇਂ ਨੇ ਪੋਪ ਦੀ ਇਹ ਮੰਗ ਕਿ ਲੂਥਰ ਨੂੰ ਕਾਫ਼ਰ ਗਰਦਾਨ ਕੇ ਜਿਉਂਦਾ ਸਾੜ ਦਿੱਤਾ ਜਾਵੇ, ਠੁਕਰਾ ਦਿੱਤੀ। 18 ਅਪ੍ਰੈਲ, 1521 ਨੂੰ ਵੋਰਮਸ ਵਿਖੇ ਸਭਾ ਸੱਦੀ ਗਈ। ਦੂਜੇ ਪਾਸੇ ਨਰਮਪੰਥੀ ਕੈਥੋਲਿਕਾਂ ਨੇ ਲੂਥਰ ਨੂੰ ਝੁਕ ਜਾਣ ਲਈ ਕਿਹਾ, ਪਰ ਉਸ ਨੇ ਕਿਹਾ ਕਿ ਉਸਨੂੰ ਰੱਬ 'ਤੇ ਭਰੋਸਾ ਹੈ। ਰਾਜੇ ਨੇ ਲੂਥਰ, ਉਸ ਦੀਆਂ ਲਿਖਤਾਂ ਅਤੇ ਉਸਦੇ ਹਿਮਾਇਤੀਆਂ ਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ। ਉਸਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਪਰ ਰਾਜਕੁਮਾਰ ਫਰੈਡਰਿਕ ਨੇ ਉਸਨੂੰ ਲੁਕਾ ਲਿਆ। ਫਿਰ ਲੂਥਰ ਵਿਟਨਬਰਗ ਵਾਪਸ ਆ ਕੇ ਰਹਿਣ ਲੱਗਾ। ਰਾਜੇ ਨੂੰ ਹੋਰ ਕੰਮਾਂ ਤੋਂ ਵਿਹਲ ਨਹੀਂ ਸੀ ਕਿ ਲੂਥਰ ਨੂੰ ਫੜ ਕੇ ਫਾਂਸੀ ਦਿੰਦਾ। ਅਗਲੇ 25 ਸਾਲ ਗ੍ਰਹਿਸਥੀ ਜੀਵਨ ਜੀ ਕੇ 1546 ਈ. ਵਿੱਚ ਉਸਦੀ ਮੌਤ ਹੋ ਗਈ। 1525 ਈ. ਵਿੱਚ ਇੱਕ ਪਹਿਲਾਂ ਨਨ ਰਹੀ ਔਰਤ ਨਾਲ ਵਿਆਹ

ਤੋਂ ਉਸਦੇ ਛੇ ਬੱਚੇ ਹੋਏ। ਜਰਮਨੀ ਵਿੱਚ ਕਈ ਰਾਜਕੁਮਾਰ ਲੂਥਰ ਦਾ ਪੱਖ ਪੂਰਦੇ ਸਨ। ਨਵੇਂ ਸੰਪ੍ਰਦਾਇ "ਪ੍ਰੋਟੈਸਟੈਂਟ" ਅਤੇ ਕੈਥੋਲਿਕਾਂ ਵਿਚਾਲੇ ਜੰਗ ਛਿੜ ਗਈ ਜੋ 1555 ਈ. ਵਿੱਚ ਔਗਸਬਰਗ ਦੀ ਸ਼ਾਂਤੀ ਸੰਧੀ ਨਾਲ ਖ਼ਤਮ ਹੋਈ। ਫੈਸਲਾ ਹੋਇਆ ਕਿ ਰਾਜਕੁਮਾਰ ਆਪਣੀ ਮਰਜ਼ੀ ਨਾਲ ਆਪਣੇ ਇਲਾਕੇ ਵਿੱਚ ਕੈਥੋਲਿਕ ਚਰਚ ਰੱਖਣ ਜਾਂ ਪ੍ਰੋਟੈਸਟੈਂਟ। ਇਸ ਤਰ੍ਹਾਂ ਲੂਥਰ ਦੀ ਮੌਤ ਤੋਂ ਨੌਂ ਸਾਲ ਬਾਅਦ ਹੀ ਪਵਿੱਤਰ ਰੋਮਨ ਸਾਮਰਾਜ ਵਿੱਚ ਲੂਥਰਵਾਦ ਨੂੰ ਕਾਨੂੰਨੀ ਮਾਨਤਾ ਮਿਲ ਗਈ। ਫਿਰ ਇਹ ਹੌਲੀ-ਹੌਲੀ ਹੋਰ ਦੇਸ਼ਾਂ ਵਿੱਚ ਫੈਲ ਗਿਆ। ਇਸਨੇ ਇੰਗਲੈਂਡ, ਇਟਲੀ ਅਤੇ ਸਪੇਨ ਵਿੱਚ ਵੀ ਸੁਧਾਰਾਂ ਲਈ ਪ੍ਰੇਰਣਾ ਦਿੱਤੀ। ਲੂਥਰ ਨੇ ਪ੍ਰਚਾਰ ਕੀਤਾ ਕਿ ਜੋ ਬਾਈਬਲ ਨੇ ਕਿਹਾ ਉਹੀ ਸੱਚ ਹੈ, ਬਾਕੀ ਸਭ ਮਨੁੱਖ ਦੀਆਂ ਕਾਢਾਂ ਹਨ। ਉਸ ਸਮੇਂ ਤੀਕਰ ਲੈਟਿਨ ਭਾਸ਼ਾ ਸਿਰਫ਼ ਪੜ੍ਹਿਆਂ-ਲਿਖਿਆਂ ਦੀ ਭਾਸ਼ਾ ਰਹਿ ਗਈ ਸੀ ਅਤੇ ਬਾਈਬਲ ਸਿਰਫ਼ ਲੈਟਿਨ ਵਿੱਚ ਹੀ ਉਪਲੱਬਧ ਸੀ। ਮਾਰਟਿਨ ਲੂਥਰ ਨੇ ਸੰਨ 1522 ਈ. ਵਿੱਚ ਨਵੇਂ ਅਹਿਦਨਾਮੇ ਦਾ ਜਰਮਨ ਵਿੱਚ ਤਰਜਮਾ ਛਪਵਾਇਆ। ਸੰਨ 1582 ਈ. ਵਿੱਚ ਇਹ ਫਰੈਂਚ ਵਿੱਚ ਛਪਿਆ। ਅੰਗਰੇਜ਼ੀ ਵਿੱਚ ਰਾਜਾ ਜੇਮਜ਼ ਪਹਿਲੇ ਦੇ ਉੱਦਮਾਂ ਨਾਲ ਤਰਜਮਾ ਹੋਇਆ ਜੋ King James Version ਕਰਕੇ ਅੱਜ ਵੀ ਮਸ਼ਹੂਰ ਹੈ। ਇਨ੍ਹਾਂ ਯਤਨਾਂ ਦਾ ਹੀ ਸਿੱਟਾ ਹੈ ਕਿ ਅੱਜ ਬਾਈਬਲ 2,000 ਤੋਂ ਵੀ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ।

ਇਸੇ ਸਮੇਂ ਉਲਰਿਚ ਜ਼ਵਿੰਗਲੀ (Ulrich Zwingli) (1484-1531 ਈ.) ਨਾਂ ਦਾ ਪ੍ਰਚਾਰਕ ਸਵਿਟਜ਼ਰਲੈਂਡ ਵਿੱਚ ਹੋਇਆ ਜਿਸਨੇ ਲੂਥਰ ਵਾਂਗ ਬਾਈਬਲ ਦੀ ਸੱਤਾ ਉੱਪਰ ਜ਼ੋਰ ਦਿੱਤਾ। ਉਸਨੇ ਕਿਹਾ ਕਿ ਸੰਤਾਂ ਦਾ ਸਤਿਕਾਰ, ਮਠਾਂ ਵਾਲੇ ਫਿਰਕੇ, ਪੋਪ ਦੀ ਚੌਧਰ, ਬੰਦ-ਖਲਾਸੀ ਅਤੇ ਚੰਗੇ ਕਰਮਾਂ ਦੀ ਸ਼ਲਾਘਾ ਸਭ ਮਨੁੱਖ ਦੀਆਂ ਕਾਢਾਂ ਹਨ। ਉਸਨੇ ਕਿਹਾ ਕਿ ਪਵਿੱਤਰ ਨਿਸ਼ਾਨੀਆਂ, ਸਲੀਬਾਂ ਅਤੇ ਬੁੱਤ ਹਟਾ ਦਿਉ। ਗਾਉਣਾ ਅਤੇ ਘੰਟੀਆਂ ਵਜਾਉਣਾ ਬੰਦ ਕਰੋ। ਲੂਥਰ ਅਤੇ ਜ਼ਵਿੰਗਲੀ ਵਿੱਚ ਪ੍ਰਭੂ ਭੋਜ (Lord's Supper) ਬਾਰੇ ਮਤਭੇਦ ਸਨ। ਲੂਥਰ ਮੰਨਦਾ ਸੀ ਕਿ ਭੋਜ ਵਿੱਚ ਯਿਸੂ ਰੋਟੀ ਅਤੇ ਸ਼ਰਾਬ ਦੇ ਰੂਪ ਵਿੱਚ ਹਾਜ਼ਰ ਹੁੰਦਾ ਹੈ, ਜਦੋਂਕਿ ਜ਼ਵਿੰਗਲੀ ਦਾ ਕਹਿਣਾ ਸੀ ਕਿ ਇਹ ਇੱਕ ਯਾਦਗਾਰ ਮਾਤਰ ਹੈ। ਈਸਾਈ ਧਰਮ ਵਿੱਚ ਪ੍ਰਭੂ ਭੋਜ (ਯੂਕੇਰਿਸਟ ਜਾਂ ਮਾਸ) ਬਾਰੇ ਬਹੁਤ ਮਤਭੇਦ ਹੈ। ਰੋਮਨ ਕੈਥੋਲਿਕ, ਈਸਟਰਨ ਓਰਥੋਡੋਕਸ ਅਤੇ ਕੁੱਝ ਐਂਜਲਿਕਨ ਸੰਪ੍ਰਦਾਇ ਇਹ ਮੰਨਦੇ ਹਨ ਕਿ ਜਦੋਂ ਪ੍ਰਭੂ ਭੋਜ ਦੌਰਾਨ ਪਾਦਰੀ ਪਵਿਤਰੀਕਰਣ ਕਰਦਾ ਹੈ ਤਾਂ ਵਿਸ਼ਵਾਸਕਾਂ ਵਿੱਚ ਵੰਡੀ ਜਾਣ ਵਾਲੀ ਰੋਟੀ ਅਤੇ ਸ਼ਰਾਬ ਸੱਚੀਂ-ਮੁੱਚੀਂ ਯਿਸੂ ਦੇ ਮਾਸ ਅਤੇ ਖ਼ੂਨ ਵਿੱਚ ਬਦਲ ਜਾਂਦੀਆਂ ਹਨ। ਇਸਨੂੰ ਤੱਤ ਪਰਿਵਰਤਨ (Transubstantiation) ਕਿਹਾ ਜਾਂਦਾ ਹੈ। ਲੂਥਰ ਦਾ ਉਪਰੋਕਤ ਵਿਚਾਰ ਈਸਾ ਦੀ ਹਾਜ਼ਰ-ਨਾਜ਼ਰੀ (Consubstantiation) ਕਹਿਲਾਉਂਦਾ ਹੈ। ਬਾਕੀ ਸਭ ਜ਼ਵਿੰਗਲੀ ਵਾਲ਼ ਮਤ ਰੱਖਦੇ ਹਨ। ਰੋਮਨ ਕੈਥੋਲਿਕ ਅਤੇ ਈਸਟਰਨ ਓਰਥੋਡੋਕਸ ਸੰਪ੍ਰਦਾਵਾਂ ਵਿੱਚ ਸਿਰਫ਼ ਬਪਤਿਸਮਾ ਪ੍ਰਾਪਤ ਮਨੁੱਖ ਹੀ ਯੂਕੇਰਿਸਟ ਵਿੱਚ ਹਿੱਸਾ ਲੈ ਸਕਦੇ ਹਨ।

ਜ਼ਵਿੰਗਲੀ ਦੀ ਮੌਤ ਤੋਂ ਬਾਅਦ ਧਰਮ ਸੁਧਾਰ ਲਹਿਰ ਵਿੱਚ ਉਸਦਾ ਅਸਰ ਮੱਧਮ ਪੈ ਗਿਆ ਕਿਉਂਕਿ ਫਰਾਂਸ ਵਿੱਚ ਜਨਮੇ ਜਾਨ ਕਾਲਵਿਨ (1509-64 ਈ.) ਨਾਂ ਦੇ ਸੁਧਾਰਕ ਨੇ ਸਾਰਾ

ਧਿਆਨ ਖਿੱਚ ਲਿਆ। ਸੰਨ 1532 ਈ. ਤੋਂ ਬਾਅਦ ਕਾਲਵਿਨ ਨੂੰ ਆਤਮਿਕ ਗਿਆਨ ਪ੍ਰਾਪਤ ਹੋਇਆ। ਉਸਨੇ ਸੰਨ 1534 ਈ. ਵਿੱਚ ਰੋਮਨ ਕੈਥੋਲਿਕ ਧਰਮ ਨਾਲੋਂ ਨਾਤਾ ਤੋੜ ਲਿਆ ਅਤੇ ਜਦੋਂ ਫਰਾਂਸ ਦੇ ਰਾਜੇ ਫਰਾਂਸਿਸ ਪਹਿਲੇ ਨੇ ਪ੍ਰੋਟੈਸਟੈਂਟ ਵਿਸ਼ਵਾਸਕਾਂ ਉੱਪਰ ਜ਼ੁਲਮ ਢਾਉਣੇ ਸ਼ੁਰੂ ਕਰ ਦਿੱਤੇ ਤਾਂ ਉਹ ਥੋੜ੍ਹਾ ਸਮਾਂ ਜਰਮਨੀ ਅਤੇ ਇਟਲੀ ਰਹਿ ਕੇ ਸਵਿਟਜ਼ਰਲੈਂਡ ਦੇ ਸ਼ਹਿਰ ਜੈਨੇਵਾ ਵਿਖੇ ਰਹਿਣ ਲੱਗਾ। ਉਸਨੇ ਸਾਮੂਹਿਕ ਇਬਾਦਤ (Congregational worship) ਸ਼ੁਰੂ ਕੀਤੀ। ਉਸਨੇ ਇਸ ਗੱਲ ਉੱਪਰ ਜ਼ਿਆਦਾ ਜ਼ੋਰ ਦਿੱਤਾ ਕਿ ਰੋਜ਼ਾਨਾ ਜ਼ਿੰਦਗੀ ਦਾ ਹਰ ਪਹਿਲੂ ਪਰਮਾਤਮਾ ਦੀ ਰਜ਼ਾ ਵਿੱਚ ਜੀਵਿਆ ਜਾਵੇ। ਉਸਨੇ ਕਿਹਾ ਕਿ ਚਰਚ ਅਤੇ ਰਾਜਸੀ ਪ੍ਰਬੰਧ ਦੋਨੋਂ ਯਿਸੂ ਦੇ ਅਧੀਨ ਹੋਣੇ ਚਾਹੀਦੇ ਹਨ। ਮਨੁੱਖ ਆਪਣੀ ਸੁਤੰਤਰ ਇੱਛਾ ਨਾਲ ਕੁੱਝ ਨਹੀਂ ਕਰ ਸਕਦਾ, ਜਦੋਂ ਤੀਕਰ ਪਰਮਾਤਮਾ ਦੀ ਅਡੋਲ ਇੱਛਾ ਨਾ ਹੋਵੇ। ਇਸ ਤਰ੍ਹਾਂ ਕਾਲਵਿਨਵਾਦ ਕਹਿੰਦਾ ਹੈ ਕਿ ਪਰਮਾਤਮਾ ਕੁੱਝ ਲੋਕਾਂ ਨੂੰ ਮੁਕਤੀ ਵਾਸਤੇ ਚੁਣਦਾ ਹੈ ਅਤੇ ਬਾਕੀਆਂ ਨੂੰ ਰਹਿਣ ਦਿੰਦਾ ਹੈ। ਕਾਲਵਿਨ ਨੇ ਜੈਨੇਵਾ ਨੂੰ ਪ੍ਰੋਟੈਸਟੈਂਟ ਧਰਮ ਦਾ ਰੋਮ ਬਣਾ ਦਿੱਤਾ।

ਪ੍ਰੋਟੈਸਟੈਂਟ ਸੁਧਾਰਾਂ ਨੇ ਯੂਰਪ ਦਾ ਰਾਜਨੀਤਿਕ ਅਤੇ ਧਾਰਮਿਕ ਨਕਸ਼ਾ ਹੀ ਬਦਲ ਦਿੱਤਾ। ਇਨ੍ਹਾਂ ਕਰਕੇ ਕਈ ਲੜਾਈਆਂ ਲੜੀਆਂ ਗਈਆਂ। ਕਈ ਹਿੱਸੇ ਆਜ਼ਾਦ ਦੇਸ਼ਾਂ ਦੇ ਰੂਪ ਵਿੱਚ ਹੋਂਦ ਵਿੱਚ ਆਏ। ਡੈਨਮਾਰਕ ਵਿੱਚ ਲੂਥਰਵਾਦ ਸੰਨ 1530 ਈ. ਵਿੱਚ ਮੰਨ ਲਿਆ ਗਿਆ। ਇਸ ਤੋਂ ਹਾਲ ਹੀ ਵਿੱਚ ਆਜ਼ਾਦ ਹੋਏ ਸਵੀਡਨ ਨੇ ਸੰਨ 1524 ਈ. ਵਿੱਚ ਰੋਮ ਨਾਲੋਂ ਨਾਤਾ ਤੋੜ ਲਿਆ ਹਾਲਾਂਕਿ ਲੂਥਰਵਾਦ ਨੂੰ ਧਰਮ ਦੇ ਤੌਰ 'ਤੇ ਸੰਨ 1593 ਈ. ਵਿੱਚ ਜਾ ਕੇ ਮੰਨਿਆ। ਇਸੇ ਤਰ੍ਹਾਂ ਫਿਨਲੈਂਡ, ਆਈਸਲੈਂਡ, ਲਾਟਵਿਆ, ਇਸਟੋਨਿਆ ਅਤੇ ਲਿਥੂਨਿਆਂ ਆਦਿ ਵਿੱਚ ਵੀ ਪ੍ਰੋਟੈਸਟੈਂਟ ਧਰਮ ਫੈਲ ਗਿਆ।

### ਐਂਜਲਿਕਨ ਚਰਚ

ਇੰਗਲੈਂਡ ਦਾ ਮਾਮਲਾ ਹੋਰ ਦੇਸ਼ਾਂ ਨਾਲੋਂ ਵੱਖਰਾ ਸੀ। ਇੱਥੋਂ ਦਾ ਰਾਜਾ ਹੇਨਰੀ ਅੱਠਵਾਂ (ਰਾਜ 1509-47ਈ.) ਆਪਣੇ ਭਰਾ ਦੀ ਵਿਧਵਾ ਕੈਥਰੀਨ ਆਫ ਆਰਾਗੋਨ (ਸਪੇਨ ਵਾਸੀ) ਨਾਲ ਵਿਆਹ ਕਰਵਾਉਣ ਤੋਂ ਬਾਅਦ ਪੁੱਤਰ ਪ੍ਰਾਪਤੀ ਲਈ ਐਨੀ ਬੋਲੇਯਨ ਨਾਂ ਦੀ ਅੰਗਰੇਜ਼ ਔਰਤ ਨਾਲ ਵਿਆਹ ਕਰਨਾ ਚਾਹੁੰਦਾ ਸੀ। ਉਸਦੀ ਤਲਾਕ ਦੀ ਅਰਜ਼ੀ ਨੂੰ ਰੋਮ ਤੋਂ ਮਨਜ਼ੂਰੀ ਨਾ ਮਿਲੀ। ਬਾਅਦ ਵਿੱਚ ਕੈਂਟਰਬਰੀ ਦੇ ਆਰਕਬਿਸ਼ਪ ਥੋਮਸ ਕਰੈਨਮਰ ਨੇ ਤਲਾਕ ਕਰਵਾ ਦਿੱਤਾ। ਇੰਗਲੈਂਡ ਨੇ ਰੋਮ ਨਾਲ ਸਬੰਧ ਤੋੜ ਲਏ ਅਤੇ ਪਾਰਲੀਮੈਂਟ ਨੇ ਇੱਕ ਐਕਟ ਪਾਸ ਕੀਤਾ ਕਿ ਇੰਗਲੈਂਡ ਦੇ ਚਰਚ ਦਾ ਜ਼ਮੀਨੀ ਮੁੱਖੀ ਇੰਗਲੈਂਡ ਦਾ ਰਾਜਾ ਹੋਏਗਾ। ਹੇਨਰੀ ਦਾ ਮਨਚਾਹਿਆ ਵਿਆਹ ਤਾਂ 1533ਈ. ਵਿੱਚ ਹੋ ਗਿਆ। ਪਰ ਉਹ ਕੈਥੋਲਿਕ ਤੌਰ ਤਰੀਕੇ ਹੀ ਮੰਨਦਾ ਰਿਹਾ ਅਤੇ ਪ੍ਰੋਟੈਸਟੈਂਟ ਧਰਮ ਨਾਲ ਖਾਰ ਖਾਂਦਾ ਰਿਹਾ। ਲੇਕਿਨ ਕਰੈਨਮਰ ਨੇ ਹੌਲੀ-ਹੌਲੀ ਪ੍ਰੋਟੈਸਟੈਂਟ ਧਰਮ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਅਤੇ ਹੇਨਰੀ ਦੀ ਮੌਤ ਤੋਂ ਬਾਅਦ ਰਾਜੇ ਐਡਵਰਡ ਛੇਵੇਂ (ਰਾਜ 1547-53 ਈ.) ਨੂੰ ਇਸ ਧਰਮ ਵਿੱਚ ਲੈ ਆਂਦਾ। ਪਰ ਐਡਵਰਡ ਦੀ ਮੌਤ ਤੋਂ ਬਾਅਦ ਕੈਥਰੀਨ ਆਫ ਅਰਾਗੋਨ ਤੋਂ ਹੇਨਰੀ ਦੀ ਲੜਕੀ ਮੈਰੀ ਪਹਿਲੀ ਰਾਣੀ ਬਣੀ ਜੋ ਕੈਥੋਲਿਕ

ਸੀ। ਕਰੈਨਮਰ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਅਤੇ ਪ੍ਰੋਟੈਸਟੈਂਟ ਧਰਮ ਵਾਲਿਆਂ ਉੱਪਰ ਬਹੁਤ ਜ਼ੁਲਮ ਕੀਤਾ ਗਿਆ। ਫਿਰ 1558 ਵਿੱਚ ਮੈਰੀ ਦੀ ਮੌਤ ਤੋਂ ਬਾਅਦ ਹੇਨਰੀ ਅਤੇ ਐਨੀ ਦੀ ਧੀ ਅਲਿਜ਼ਾਬੇਥ ਪਹਿਲੀ (ਰਾ. 1558-1603 ਈ.) ਰਾਣੀ ਰਹੀ। ਉਸਨੇ ਝਗੜੇ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਪਰ ਝਗੜਾ ਚੱਲਦਾ ਰਿਹਾ। ਸੰਨ 1642 ਈ. ਵਿੱਚ ਸਿਵਲ ਵਾਰ ਸ਼ੁਰੂ ਹੋ ਗਈ। ਇੰਗਲੈਂਡ ਦੇ ਰਾਜੇ ਚਾਰਲਸ ਪਹਿਲੇ ਦੇ ਖ਼ਿਲਾਫ਼ ਅੰਗਰੇਜ਼ੀ ਪਾਰਲੀਮੈਂਟ ਦੇ ਸਦੱਸ ਓਲੀਵਰ ਕ੍ਰੋਮਵੈਲ ਨੇ ਅੰਗਰੇਜ਼ੀ ਅਤੇ ਸਕੋਟਿਸ਼ ਫੌਜ ਦੀ ਮੱਦਦ ਨਾਲ ਜਿੱਤ ਹਾਸਿਲ ਕੀਤੀ। ਇਸ ਝਗੜੇ ਨੂੰ ਪਾਰਲੀਮੈਂਟ ਨੇ ਸੰਨ 1689ਈ. ਵਿੱਚ ਸਹਿਣਸ਼ੀਲਤਾ ਦਾ ਕਾਨੂੰਨ ਪਾਸ ਕਰਕੇ ਖ਼ਤਮ ਕੀਤਾ ਜਿਸ ਰਾਹੀਂ ਹਰ ਤਰ੍ਹਾਂ ਦੇ ਪ੍ਰੋਟੈਸਟੈਂਟ ਧਰਮ ਨੂੰ ਆਜ਼ਾਦੀ ਮਿਲ ਗਈ। ਹਾਲਾਂਕਿ ਕੈਥੋਲਿਕ ਧਰਮ ਨੂੰ ਇੰਗਲੈਂਡ ਵਿੱਚ ਇਹ ਆਜ਼ਾਦੀ ਉਨੀਂਵੀ ਸਦੀ ਵਿੱਚ ਮਿਲੀ।

### ਕੈਥੋਲਿਕ ਸੁਧਾਰ

ਇਨ੍ਹਾਂ ਸੁਧਾਰਾਂ ਕਰਕੇ ਰੋਮਨ ਕੈਥੋਲਿਕ ਚਰਚ ਨੇ ਵੀ ਸੁਧਾਰ ਕੀਤੇ। ਇਟਲੀ ਦੇ ਸ਼ਹਿਰ ਟਰੈਂਟ ਵਿੱਚ ਸੰਨ 1545ਈ. ਤੀਕਰ ਪਹਿਲੀ ਸਭਾ ਹੋਈ। ਇਸ ਵਿੱਚ ਬਿਸ਼ਪਾਂ ਦੀ ਆਪਣੇ ਖੇਤਰ ਵਿੱਚ ਰਹਿਣ ਦੀ ਜ਼ਰੂਰਤ, ਨਾਈਸਿਆ ਦੇ ਮਤ ਅਤੇ ਵਿਸ਼ਵਾਸ ਦੇ ਸੱਤ ਪ੍ਰਤੀਕਾਂ ਬਾਰੇ ਗੱਲ ਕੀਤੀ ਗਈ। ਸੰਨ 1551ਈ. ਵਿੱਚ ਹੋਈ ਦੂਸਰੀ ਸਭਾ ਵਿੱਚ ਲੂਥਰਵਾਦ, ਕਾਲਵਿਨਵਾਦ ਅਤੇ ਜ਼ਵਿੰਗਲੀਵਾਦ ਨੂੰ ਨਿੰਦਿਆ ਗਿਆ। ਸੰਨ 1662ਈ. ਵਿੱਚ ਆਖ਼ਰੀ ਸਭਾ ਹੋਈ ਜਿਸ ਵਿੱਚ ਬਹੁਤ ਸਾਰੇ ਮੱਧਕਾਲੀਨ ਮਤ ਫੇਰ ਦੁਹਰਾਏ ਗਏ-ਜਿਵੇਂ ਕੁਆਰੇ ਪਾਦਰੀਆਂ ਦੀ ਲੋੜ ਅਤੇ ਸ਼ੋਧਕ ਸਥਾਨ (Purgatory) ਵਿੱਚ ਵਿਸ਼ਵਾਸ। ਇਸ ਵਿੱਚ ਕਿਹਾ ਗਿਆ ਕਿ ਮਨੁੱਖ ਕੋਲ ਸਵਤੰਤਰ ਇੱਛਾ ਹੈ ਅਤੇ ਇਕੱਲੇ ਵਿਸ਼ਵਾਸ (Faith) ਨਾਲ ਪਾਰ ਉਤਾਰਾ ਨਹੀਂ ਹੋ ਸਕਦਾ। ਪਿਆਰ (Love) ਅਤੇ ਆਸ (Hope) ਵੀ ਮੁਕਤੀ ਲਈ ਜ਼ਰੂਰੀ ਹਨ। ਚਰਚ ਦੀਆ ਪਦਵੀਆਂ ਦੀ ਖ਼ਰੀਦੋ-ਫ਼ਰੋਖ਼ਤ ਵੀ ਬੰਦ ਕਰ ਦਿੱਤੀ ਗਈ। ਪੋਪ ਨੇ ਕੈਥੋਲਿਕ ਚਰਚ ਦੇ ਧੁਰੇ ਦੇ ਤੌਰ 'ਤੇ ਸਭਾ ਦੇ ਅੰਤ ਵਿੱਚ ਪਾਸ ਕੀਤੇ ਸਾਰੇ ਮਤਿਆਂ ਦੀ ਘੋਸ਼ਣਾ ਕੀਤੀ। ਫਿਰ ਬਸਤੀਵਾਦ ਕਰਕੇ ਈਸਾਈ ਧਰਮ ਦੁਨੀਆਂ ਦੇ ਹਰ ਕੋਨੇ ਵਿੱਚ ਪਹੁੰਚ ਗਿਆ।

### ਸਲੀਬ (Cross) ਅਤੇ ਸਲੀਬ ਉੱਪਰ ਟੰਗੇ ਈਸਾ ਦੀ ਤਸਵੀਰ (Crucifix)

ਸਲੀਬ ਈਸਾਈ ਧਰਮ ਦਾ ਚਿੰਨ੍ਹ ਹੈ। ਜਿਸ ਸਲੀਬ ਉੱਪਰ ਯਿਸੂ ਨੂੰ ਟੰਗਿਆ ਗਿਆ ਸੀ ਉਸਦੇ ਕਲਬੂਤ (Shape) ਬਾਰੇ ਕੋਈ ਠੋਸ ਜਾਣਕਾਰੀ ਨਹੀਂ ਹੈ। ਸ਼ੁਰੂ ਵਿੱਚ Crucifix ਦੀ ਮੂਰਤੀਕਾਰੀ ਤੋਂ ਗੁਰੇਜ਼ ਕੀਤਾ ਜਾਂਦਾ ਸੀ, ਸਿਰਫ਼ ਜਲੂਸਾਂ ਵਿੱਚ ਸਲੀਬ ਦੀ ਵਰਤੋਂ ਹੁੰਦੀ ਸੀ। ਤੇਰ੍ਹਵੀਂ ਸਦੀ ਵਿੱਚ ਫ਼੍ਰਾਂਸਿਸਕਨ ਪਾਦਰੀਆਂ ਨੇ ਸਲੀਬ ਦੀ ਬਜਾਇ ਸਲੀਬ ਉੱਪਰ ਟੰਗੇ ਯਿਸੂ ਦੀ ਮੂਰਤੀ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਅੱਜ ਵੀ ਪੋਪ ਦੇ ਰਾਜ-

ਡੰਡੇ ਉੱਪਰ Crucifix ਬਣਿਆ ਹੁੰਦਾ ਹੈ। ਈਸਟਰਨ ਆਰਥੋਡੋਕਸ ਚਰਚ ਦੋ ਪਸਾਰੀ ਅਤੇ ਤਿੰਨ ਪਸਾਰੀ Cross ਅਤੇ Crucifix ਵਰਤਦੇ ਹਨ। ਹਾਲਾਂਕਿ ਪ੍ਰੋਟੈਸਟੈਂਟ ਚਰਚ ਕਿਸੇ ਵੀ ਤਰ੍ਹਾਂ ਦੀ ਮੂਰਤੀਕਾਰੀ ਦੇ ਵਿਰੁੱਧ ਹੈ ਪਰ ਲੂਥਰਵਾਦੀਆਂ ਅਤੇ ਹਾਈ ਚਰਚ ਐਂਜਲਿਕਨਾਂ ਨੂੰ ਛੱਡ ਕੇ ਬਾਕੀ ਸਭ ਸਲੀਬ ਵਰਤਦੇ ਹਨ। ਪਾਦਰੀ Cross ਜਾਂ Crucifix ਆਪਣੇ ਗਲੇ ਵਿੱਚ ਵੀ ਪਹਿਨਦੇ ਹਨ। ਬੱਚੇ ਨੂੰ ਬਪਤਿਸਮਾ ਦੇਣ ਵੇਲੇ ਪਾਦਰੀ ਪਾਣੀ ਦੇ ਛਿੱਟੇ ਮਾਰਨ ਤੋਂ ਬਾਅਦ ਉਸਦੇ ਮੱਥੇ ਉੱਪਰ ਹੱਥ ਨਾਲ ਸਲੀਬ ਦਾ ਨਿਸ਼ਾਨ ਬਣਾਉਂਦਾ ਹੈ। ਕਿਸੇ ਵੀ ਇਕੱਠ, ਮਨੁੱਖ ਜਾਂ ਵਸਤ ਨੂੰ ਆਸ਼ੀਰਵਾਦ ਦੇਣ ਲਈ ਵੀ ਹੱਥ ਨਾਲ ਛਾਤੀ ਦੇ ਦੋਨੋਂ ਪਾਸੇ, ਮੱਥੇ ਅਤੇ ਧੁੰਨੀ ਨੂੰ ਛੂਹ ਕੇ ਸਲੀਬ ਦਾ ਚਿੰਨ੍ਹ ਬਣਾਇਆ ਜਾਂਦਾ ਹੈ। ਈਸਟਰਨ ਓਰਥੋਡੋਕਸ ਛਾਤੀ ਉੱਪਰ ਸੱਜੇ ਤੋਂ ਖੱਬੇ ਪਾਸੇ ਵੱਲ ਅਤੇ ਪੱਛਮੀ ਚਰਚ ਖੱਬੇ ਤੋਂ ਸੱਜੇ ਪਾਸੇ ਵੱਲ ਹੱਥ ਲਿਜਾ ਕੇ ਇਹ ਚਿੰਨ੍ਹ ਬਣਾਉਂਦ ਹਨ।

### ਚਰਚ

ਚਰਚ (Church) ਸ਼ਬਦ ਗ੍ਰੀਕ ਸ਼ਬਦ Kuriakon ਤੋਂ ਬਣਿਆ ਹੈ ਜਿਸਦਾ ਅਰਥ ਹੈ ਪਰਮਾਤਮਾ ਦਾ (belonging to the Lord), ਇਸ ਤਰ੍ਹਾਂ ਇਹ ਜਗ੍ਹਾ ਪ੍ਰਭੂ ਯਿਸੂ ਦੀ ਉਸਤਤ ਲਈ ਹੈ। ਸ਼ੁਰੂਆਤੀ ਚਰਚ ਰੋਮਨ ਰਾਜਸੀ ਹਾਲਾਂ (Basilica) ਵਾਂਗ ਆਇਤਾਕਾਰ ਹੁੰਦੇ ਸਨ। ਚਰਚ ਦਾ ਦਰਵਾਜ਼ਾ ਪੱਛਮ ਵੱਲ ਹੁੰਦਾ ਸੀ ਅਤੇ ਵੇਦੀ (ਪਵਿੱਤਰ ਵਸਤਾਂ ਚੱਖਣ ਜਾਂ ਪਾਦਰੀਆਂ ਦੀ ਜਗ੍ਹਾ) ਪੂਰਵ ਵੱਲ ਹੁੰਦੀ ਸੀ। ਅਜਿਹਾ ਪੂਰਵ ਦੇ ਰੌਸ਼ਨੀ ਅਤੇ ਪੱਛਮ ਦਾ ਹਨ੍ਹੇਰੇ ਅਤੇ ਮੌਤ ਦਾ ਪ੍ਰਤੀਕ ਹੋਣ ਕਰਕੇ ਸੀ। ਮੱਧ ਯੁੱਗ ਵਿੱਚ ਸਲੀਬ ਦੀ ਸ਼ਕਲ ਦੇ ਚਰਚ ਵੀ ਬਣੇ। ਈਸਟਰਨ ਓਰਥੋਡੋਕਸ ਚਰਚ ਹਮੇਸ਼ਾ ਤੋਂ ਹੀ ਵਰਗਾਕਾਰ ਅਤੇ ਗੁੰਬਦ ਵਾਲੇ ਰਹੇ ਹਨ ਅਤੇ ਇੱਥੇ ਪ੍ਰਾਰਥਨਾ ਖੜ੍ਹੇ ਹੋ ਕੇ ਕੀਤੀ ਜਾਂਦੀ ਹੈ ਪ੍ਰੋਟੈਸਟੈਂਟ ਚਰਚ ਬਹੁਤ ਸਾਦਗੀ ਵਾਲੇ ਅਤੇ ਇੱਥੇ ਦਿਸ਼ਾਵਾਂ ਦਾ ਵੀ ਕੋਈ ਵਹਿਮ ਨਹੀਂ ਹੁੰਦਾ, ਬਾਈਬਲ ਦੀਆਂ ਬਹੁਤ ਸਾਰੀਆਂ ਪੁਸਤਕਾਂ ਲੋਕਾਂ ਦੇ ਪੜ੍ਹਨ ਵਾਸਤੇ ਹੁੰਦੀਆਂ ਹਨ।

### ਅਜੋਕੇ ਸਮੇਂ ਵਿੱਚ ਈਸਾਈ ਧਰਮ ਅਤੇ ਸੰਪ੍ਰਦਾਇ

ਅਗਲੇ ਚਾਰ ਸੌ ਸਾਲਾਂ ਵਿੱਚ ਇਸਾਈ ਧਰਮ ਨੇ ਵਿਗਿਆਨਕ ਖੋਜਾਂ ਕਰਕੇ ਪੁਰਾਣੇ ਵਿਸ਼ਵਾਸਾਂ ਉੱਪਰ ਹਮਲਿਆਂ, ਸਮਾਜਿਕ ਸੁਧਾਰਾਂ ਅਤੇ ਉਦਾਰਵਾਦੀ ਰਾਜਨੀਤੀ ਕਰਕੇ ਬਹੁਤ ਬਦਲਾਅ ਦੇਖਿਆ। ਨਵੇਂ ਆਜ਼ਾਦ ਹੋਏ ਦੇਸ਼ਾਂ ਨੇ ਆਪਣੇ ਚਰਚ ਵੀ ਅਲੱਗ ਬਣਾਏ। ਈਸਟਰਨ ਓਰਥੋਡੋਕਸ ਚਰਚ ਵਿੱਚ ਹਰ ਦੇਸ਼ ਦਾ ਆਪਣਾ ਚਰਚ ਹੈ ਅਤੇ ਕੌਨਸਤਾਈਨੋਪਲ ਦੇ ਮੁੱਖ ਬਿਸ਼ਪ (Patriarch) ਦੀ ਅਧੀਨਗੀ ਛੱਡ ਦਿੱਤੀ ਗਈ ਪਰ ਵਿਸ਼ਵਾਸ ਜਾਂ ਪ੍ਰਾਰਥਨਾ ਦੇ ਢੰਗ ਨਹੀਂ ਬਦਲੇ। ਸੰਨ 1861 ਈ. ਵਿੱਚ ਨਵੇਂ ਇਕੱਠੇ ਹੋਏ ਇਟਲੀ ਨੇ ਪੋਪ ਦਾ ਰਾਜ (State) ਆਪਣੇ ਵਿੱਚ ਮਿਲਾ ਲਿਆ ਅਤੇ ਸੰਨ 1870 ਈ. ਵਿੱਚ ਰੋਮ ਵੀ ਪੋਪ ਕੋਲੋਂ ਖੋਹ ਲਿਆ ਗਿਆ। ਪਰ ਇਟਲੀ ਨੇ 237 ਬਿਸ਼ਪਾਂ ਨੂੰ ਨਾਮਜ਼ਦ

ਕਰਨ ਦਾ ਹੱਕ ਪੋਪ ਨੂੰ ਦੇ ਦਿੱਤਾ। ਸੰਨ 1870 ਈ. ਵਿੱਚ ਪਹਿਲੀ ਵੈਟੀਕਨ ਸਭਾ ਹੋਈ ਜਿਸ ਵਿੱਚ ਕੈਥੋਲਿਕ ਸੰਪ੍ਰਦਾਇ ਦੇ ਦੋ ਪੁਰਾਣੇ ਵਿਸ਼ਵਾਸਾਂ ਨੂੰ ਪਰਿਭਾਸ਼ਤ ਕੀਤਾ ਗਿਆ-ਪਵਿੱਤਰ ਆਤਮਾ ਚਰਚ ਨੂੰ ਜ਼ਰੂਰੀ ਵਿਸ਼ਵਾਸਾਂ ਅਤੇ ਨੈਤਿਕਤਾ ਦੇ ਮਾਮਲਿਆਂ ਵਿੱਚ ਗ਼ਲਤ ਨਹੀਂ ਹੋਣ ਦੇਵੇਗਾ ਅਤੇ ਪਵਿੱਤਰ ਆਤਮਾ ਪੋਪ ਰਾਹੀਂ ਚਰਚ ਦਾ ਮਾਰਗ ਦਰਸ਼ਨ ਕਰੇਗਾ। ਪੋਪ ਨੂੰ ਗ਼ਲਤੀਆਂ ਤੋਂ ਉੱਪਰ ਉਠਾਉਣ ਕਰਕੇ ਚਰਚ ਨੂੰ ਫਿਰ ਕਈ ਵਿਰੋਧਤਾਈਆਂ ਦਾ ਸਾਹਮਣਾ ਕਰਨਾ ਪਿਆ। ਪ੍ਰੋਟੈਸਟੈਂਟ ਸੰਪ੍ਰਦਾਇ ਵਿੱਚ ਫਰੈਡ੍ਰਿਕ ਸ਼ੀਲੀਮੇਕਰ (1768-1834ਈ.) ਵਰਗੇ ਵਿਦਵਾਨਾਂ ਨੇ ਹੋਰ ਉਦਾਰਵਾਦੀ ਦ੍ਰਿਸ਼ਟੀਕੋਣ ਲੈ ਆਂਦਾ ਅਤੇ ਬਹੁਤ ਸਾਰੇ ਵਿਸ਼ਵਾਸ ਨਕਾਰ ਦਿੱਤੇ ਕਿਉਂਕਿ ਇਹ ਤਰਕ ਦੀ ਕਸੌਟੀ ਉੱਪਰ ਖ਼ਰੇ ਨਹੀਂ ਸਨ ਉਤਰਦੇ। ਇਸ ਤਰ੍ਹਾਂ ਪਰੰਪਰਾਵਾਦੀ ਪ੍ਰੋਟੈਸਟੈਂਟ ਧਰਮ ਨਾਲ ਖਹਿਬੜਬਾਜ਼ੀ ਸ਼ੁਰੂ ਹੋ ਗਈ ਜਿਸ ਨਾਲ ਫਿਰਕਿਆਂ ਵਿੱਚ ਹੋਰ ਵਾਧਾ ਹੋਇਆ। ਪਹਿਲੀ ਵੱਡੀ ਜੰਗ ਨੇ ਈਸਾਈ ਲੋਕਾਂ ਨੂੰ ਦੋ ਵੱਡੇ ਖੇਮਿਆਂ ਵਿੱਚ ਵੰਡ ਦਿੱਤਾ ਜਿੱਥੇ ਦੋਨੋਂ ਪਾਸੇ ਆਪਣੇ ਆਪ ਨੂੰ ਸਹੀ ਕਹਿ ਰਹੇ ਸਨ। ਇੱਥੇ ਪ੍ਰੋਟੈਸਟੈਂਟ ਸੰਪ੍ਰਦਾਇ ਵਿੱਚ ਨਵ-ਪਰੰਪਰਾਵਾਦ (Neo-Orthodoxy) ਨਾਂ ਹੇਠ ਇੱਕ ਲਹਿਰ ਚੱਲੀ ਜਿਸਨੂੰ ਸੰਕਟ ਕਾਲੀਨ ਧਰਮ ਸ਼ਾਸਤਰ (Crisis Theology) ਕਿਹਾ ਗਿਆ। ਕਾਰਲ ਬਾਰਥ (1886-1968 ਈ.) ਨਾਂ ਦੇ ਧਰਮ ਸ਼ਾਸਤਰੀ ਨੇ ਕਿਹਾ, "ਪਰਮਾਤਮਾ ਕੋਈ ਅਬੋਧ ਸ਼ੈ ਨਹੀਂ .....ਜਿਸਨੂੰ ਪਰਮਾਤਮਾ ਕਹਿੰਦੇ ਹਾਂ, ਉਹ ਇੱਕ ਪਰਮਾਤਮਾ ਹੈ। ਇਕੱਲਾ ਅਤੇ ਇਕਮਾਤਰ ਹੈ।"

### ਕੁੱਝ ਹੋਰ ਫਰਕ

ਤਕਰੀਬਨ ਸਾਰੇ ਈਸਾਈ ਸੰਪ੍ਰਦਾਇ ਸੰਤਾਂ ਨੂੰ ਮਾਨਤਾ ਅਤੇ ਸਨਮਾਨ ਦਿੰਦੇ ਹਨ। ਈਸਟਰਨ ਓਰਥੋਡੋਕਸ ਬਹੁਤ ਥੋੜ੍ਹੇ ਸੰਤਾਂ ਨੂੰ ਮੰਨਦੇ ਹਨ, ਪ੍ਰੋਟੈਸਟੈਂਟ ਹਾਲਾਂਕਿ ਯਿਸੂ ਤੋਂ ਇਲਾਵਾ ਹੋਰ ਕਿਸੇ ਨੂੰ ਮੰਨਣ ਨੂੰ ਬੁੱਤ-ਪ੍ਰਸਤੀ ਮੰਨਦੇ ਹਨ, ਫੇਰ ਵੀ ਐਂਜਲਿਕਨ ਅਤੇ ਲੂਥਰਵਾਦੀ ਚਰਚ ਕੁੱਝ ਸੰਤਾਂ ਨੂੰ ਸ਼ੁਕਰਾਨੇ ਵਜੋਂ ਯਾਦ ਕਰਦੇ ਹਨ। ਰੋਮਨ ਕੈਥੋਲਿਕ ਚਰਚ ਵਿੱਚ ਸੰਤਾਂ ਦਾ ਬਹੁਤ ਮਹੱਤਵ ਹੈ ਹਾਲਾਂਕਿ ਇਨ੍ਹਾਂ ਦੀ ਪੂਜਾ ਨਹੀਂ ਕੀਤੀ ਜਾ ਸਕਦੀ, ਸਿਰਫ਼ ਸਨਮਾਨ ਹੀ ਦਿੱਤਾ ਜਾਂਦਾ ਹੈ। ਇੱਥੇ ਇੱਕ ਖ਼ਾਸ ਅਮਲ ਰਾਹੀਂ ਸੰਤ ਦੀ ਉਪਾਧੀ ਦਿੱਤੀ ਜਾਂਦੀ ਹੈ। ਇਸ ਅਮਲ ਨੂੰ Canonization ਕਹਿੰਦੇ ਹਨ। ਮੌਤ ਬਾਰੇ ਸਾਰੇ ਸੰਪ੍ਰਦਾਇ ਇਹ ਮੰਨਦੇ ਹਨ ਕਿ ਯਿਸੂ ਦੁਬਾਰਾ ਆਏਗਾ ਅਤੇ ਕਿਆਮਤ ਵਾਲੇ ਦਿਨ ਸਭ ਦੇ ਕਰਮਾ ਦਾ ਨਿਬੇੜਾ ਹੋਵੇਗਾ। ਰੋਮਨ ਕੈਥੋਲਿਕ ਮੰਨਦੇ ਹਨ ਕਿ ਸੋਧਣ ਸਥਾਨ (Purgatory) ਉਹ ਜਗ੍ਹਾ ਹੈ, ਜਿੱਥੇ ਉਹ ਆਤਮਾਵਾਂ ਜਾਣਗੀਆਂ ਜੋ ਪਾਪ ਰਹਿਤ ਨਹੀਂ ਹੋ ਸਕੀਆਂ, ਪਰ ਪ੍ਰੋਟੈਸਟੈਂਟ ਅਜਿਹੀ ਕੋਈ ਜਗ੍ਹਾ ਨਹੀਂ ਮੰਨਦੇ। ਨਾਰੀਵਾਦ (Feminism) ਬਾਰੇ ਵੀ ਮਤਭੇਦ ਹਨ। ਅੱਜ ਬਹੁਤ ਸਾਰੇ ਪ੍ਰੋਟੈਸਟੈਂਟ ਚਰਚਾਂ ਵਿੱਚ ਔਰਤਾ ਪਾਦਰੀ ਹਨ ਜਦੋਂਕਿ ਰੋਮਨ ਕੈਥੋਲਿਕ ਅਤੇ ਓਰਥੋਡੋਕਸ ਇਸ ਦੇ ਵਿਰੁੱਧ ਹਨ ਸੰਨ 1895ਈ. ਵਿੱਚ ਐਲਿਜ਼ਾਬੇਥ ਕੈਡੀ ਸਟੈਨਟਨ ਅਤੇ ਉਸ ਦੀਆਂ ਸਾਥਣਾਂ ਨੇ ਪੁਰਾਣੇ ਅਤੇ ਨਵੇਂ ਅਹਿਦਨਾਮਿਆਂ ਉੱਪਰ ਟੀਕਾ ਲਿਖੀ ਜਿਸਦਾ

ਨਾਮ ਸੀ The Woman's Bible. ਇਸ ਵਿੱਚ ਔਰਤਾਂ ਪ੍ਰਤੀ ਬਾਈਬਲ ਵਿੱਚ ਹੋਈਆਂ ਜ਼ਿਆਦਤੀਆਂ ਨੂੰ ਠੀਕ ਕਰਨ ਦਾ ਯਤਨ ਕੀਤਾ ਗਿਆ ਹਾਲਾਂਕਿ ਚਰਚਾਂ ਨੇ ਇਸਦੀ ਆਲੋਚਨਾ ਕੀਤੀ।

## ਸੰਪ੍ਰਦਾਇਕ ਏਕਤਾ ਦੇ ਯਤਨਾਂ ਦੀ ਸ਼ੁਰੂਆਤ

ਇਸਾਈ ਧਰਮ ਨੂੰ ਅਜੋਕੇ ਹਾਲਾਤਾਂ ਮੁਤਾਬਿਕ ਹੋਰ ਲੋਕਾਂ ਨੂੰ ਸਮਝਾਉਣ ਦੇ ਯਤਨਾਂ ਦੇ ਨਾਲ-ਨਾਲ ਇਸਦੇ ਅਲੱਗ-ਅਲੱਗ ਸੰਪ੍ਰਦਾਵਾਂ ਦੇ ਆਪਸੀ ਵਿਚਾਰ-ਵਿਮਰਸ਼ ਵੀ ਸ਼ੁਰੂ ਹੋਏ ਹਨ। ਸੰਨ 1948 ਵਿੱਚ ਅਮੈਸਟਰਡਮ ਵਿੱਚ ਪ੍ਰੋਟੈਸਟੈਂਟ ਸੰਪ੍ਰਦਾਇ ਦੀ ਵਰਲਡ ਕਾਊਂਸਿਲ ਆਫ ਚਰਚਿਜ਼ ਬਣੀ ਤਾਂ ਕਿ ਅਲੱਗ-ਅਲੱਗ ਇਸਾਈ ਫਿਰਕੇ ਅਤੇ ਭਾਈਚਾਰਾ ਇੱਕ-ਦੂਸਰੇ ਪ੍ਰਤੀ ਪੂਰਵ ਧਾਰਨਾਵਾਂ ਤੋਂ ਮੁਕਤ ਹੋ ਸਕਣ। ਸ਼ੁਰੂ ਵਿੱਚ ਕੈਥੋਲਿਕ ਭਾਈਚਾਰਾ ਇਸ ਪਹਿਲ ਪ੍ਰਤੀ ਸ਼ੰਕਾਵਾਨ ਰਿਹਾ, ਪਰ ਸੰਨ 1959 ਵਿੱਚ ਪੋਪ ਜਾਨ ਤੇਈਵੇਂ ਨੇ ਪ੍ਰੋਟੈਸਟੈਂਟ ਅਤੇ ਕੈਥੋਲਿਕ ਸੰਪ੍ਰਦਾਵਾਂ ਦੇ ਏਕੇ ਲਈ ਮਿਲ ਕੇ ਪ੍ਰਾਰਥਨਾ ਕਰਨ ਲਈ ਕਿਹਾ। ਸੰਨ 1962 ਵਿੱਚ ਕੈਥੋਲਿਕ ਸੰਪ੍ਰਦਾਇ ਦੀ ਦੂਸਰੀ ਵੈਟੀਕਨ ਸਭਾ ਬੁਲਾਈ ਗਈ ਜੋ ਤਿੰਨ ਸਾਲ ਚੱਲਣੀ ਸੀ। (ਵੈਟੀਕਨ-ਜੋ ਕਿ ਰੋਮਨ ਕੈਥੋਲਿਕ ਧਰਮ ਦਾ ਕੇਂਦਰ ਹੈ, ਨੂੰ ਸੰਨ 1929 ਤੋਂ 1948 ਤੱਕ ਹੋਏ ਸਮਝੌਤਿਆਂ ਤਹਿਤ ਇੱਕ ਆਜ਼ਾਦ ਦੇਸ਼ ਦਾ ਰੁਤਬਾ ਦਿੱਤਾ ਜਾ ਚੁੱਕਾ ਸੀ।) ਇਸ ਸਭਾ ਵਿੱਚ ਪ੍ਰਾਰਥਨਾ ਲੈਟਿਨ ਦੀ ਬਜਾਇ ਸਥਾਨਕ ਭਾਸ਼ਾਵਾਂ ਵਿੱਚ ਕੀਤੇ ਜਾਣ ਦੀ ਖੁੱਲ੍ਹ ਦਿੱਤੀ ਗਈ। ਚਰਚ ਨੂੰ ਅਜੋਕੇ ਹਾਲਾਤਾਂ ਵਿੱਚ ਕਿਵੇਂ ਕੰਮ ਕਰਨਾ ਚਾਹੀਦਾ ਹੈ, ਇਸ ਉੱਪਰ ਵਿਚਾਰਾਂ ਹੋਈਆਂ। ਧਾਰਮਿਕ ਆਜ਼ਾਦੀ ਨੂੰ ਕੈਥੋਲਿਕ ਚਰਚ ਨੇ ਪਹਿਲੀ ਵਾਰ ਹੁੰਗਾਰਾ ਦਿੱਤਾ ਅਤੇ ਯਹੂਦੀਆਂ ਸਮੇਤ ਹੋਰ ਫਿਰਕਿਆਂ ਪ੍ਰਤੀ ਸਹਿਣਸ਼ੀਲਤਾ ਉੱਪਰ ਵੀ ਜ਼ੋਰ ਦਿੱਤਾ ਗਿਆ। 7 ਦਸੰਬਰ, 1965 ਨੂੰ ਪੋਪ ਪਾਲ ਛੇਵੇਂ ਅਤੇ ਗ੍ਰੀਕ ਓਰਥੋਡੋਕਸ ਚਰਚ ਦੇ ਮੁੱਖ ਬਿਸ਼ਪ (Patriarch) ਐਥਨਾਗੋਰਸ ਨੇ ਇੱਕ ਸਾਂਝੇ ਬਿਆਨ ਰਾਹੀਂ ਸੰਨ 1054 ਵਿੱਚ ਹੋਈ ਵੰਡ ਨੂੰ ਮੰਦਭਾਗਾ ਕਿਹਾ ਅਤੇ ਪੋਪ ਨੇ ਕਿਹਾ, "A day will come when all Christians will drink from the same chalice." 11 ਸਤੰਬਰ 2001 ਨੂੰ ਅਮਰੀਕਾ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਦੁਨੀਆਂ ਭਰ ਦੇ ਧਾਰਮਿਕ ਆਗੂਆਂ ਜਿਨ੍ਹਾਂ ਵਿੱਚ ਯਹੂਦੀ, ਮੁਸਲਮਾਨ ਅਤੇ ਹਿੰਦੂ ਵੀ ਸਨ, ਪੋਪ ਜਾਨ ਪਾਲ ਦੂਜੇ ਨਾਲ ਅਸੀਸੀ ਵਿਖੇ ਇਕੱਠੇ ਹੋਏ। 24 ਜਨਵਰੀ, 2002 ਨੂੰ ਪ੍ਰਾਰਥਨਾ ਦਾ ਦਿਨ ਮਨਾਇਆ ਗਿਆ। ਇਸ ਇਕੱਠ ਨੇ ਦੁਨੀਆਂ ਨੂੰ ਦਿਖਾ ਦਿੱਤਾ ਕਿ ਧਰਮ ਤੋੜਦਾ ਨਹੀਂ ਸਗੋਂ ਸੁਮੇਲ, ਸ਼ਾਂਤੀ ਅਤੇ ਮੇਲ-ਮਿਲਾਪ ਵੀ ਕਰਵਾ ਸਕਦਾ ਹੈ। ਸੰਨ 2007 ਦੇ ਈਸਟਰ ਜਸ਼ਨਾਂ ਸਮੇਂ ਜਦੋਂ ਪੋਪ ਬੈਨੇਡਿਕਟ ਸੋਲ੍ਹਵਾਂ ਰੱਬੀ ਭੋਜ ਸਮੇਂ ਦੀ ਪ੍ਰਾਰਥਨਾ (Mass) ਦੀ ਅਗਵਾਈ ਕਰ ਰਿਹਾ ਸੀ ਤਾਂ ਵੇਦੀ ਦੇ ਨੇੜੇ ਈਸਟਰਨ ਓਰਥੋਡੋਕਸ ਸੰਪ੍ਰਦਾਇ ਦੁਆਰਾ ਸਤਿਕਾਰੀ ਜਾਣ ਵਾਲੀ ਇੱਕ ਮੂਰਤੀ (Icon) ਵੀ ਪਈ ਸੀ, ਅਜਿਹਾ ਸੰਨ 1054 ਤੋਂ ਬਾਅਦ ਪਹਿਲੀ ਵਾਰ ਹੋਇਆ।

## ਸਹਾਇਕ ਪੁਸਤਕਾਂ ਅਤੇ ਹਵਾਲੇ


1. ਪਵਿੱਤਰ ਬਾਈਬਲ, ਬਾਈਬਲ ਸੋਸਾਇਟੀ ਆਫ ਇੰਡੀਆ, 206 ਮਹਾਤਮਾ ਗਾਂਧੀ ਰੋਡ, ਬੰਗਲੌਰ-560001.
2. *Thompson Chain-Reference Bible* (King James Version), Fifth Improved Edition, Bangalore, The Bible Society of India.
3. Parrinder, Geoffrey. *A Concise Encyclopedia of Christianity*, Oxford Oneworld Publications Ltd. (First South Asian Edition), 2007.
4. Hopkins, Keith. *A World Full Of Gods: The Strange Triumph of Christianity*, New York, The Free Press, A Division of Simon & Schuster Inc. 2000.
5. Collins, Father Michael & Matthew A. Price. *The Story of Christianity,* London, Dorling Kindersley Limited, 2003.
6. Hale, Rosemary Drage. *Understanding Christianity,* London, Duncan Baird Publishers, 2004.
7. Lossky, Vladimir. *The Mystical Theology of the Eastern Church,* London, James Clarke & Co. Ltd., 1957.
8. Hinnells, John R. (Ed.) *Penguin Dictionary of Religions,* London, Penguin Books Ltd., Expanded New Edition, 1997.
9. Hindustan Times, Monday, April 09, 2007.

# ਮੁਸਲਿਮ ਸੰਪ੍ਰਦਾਇ

• (ਡਾ.) ਤਾਰਿਕ ਕਿਫ਼ਾਇਤਉੱਲ੍ਹਾ*

ਸੰਸਾਰ ਦੇ ਲਗਭਗ ਸਾਰੇ ਹੀ ਵੱਡੇ ਧਰਮ ਮਨੁੱਖਾਂ ਵਿਚਕਾਰ ਭਾਈਚਾਰੇ ਨੂੰ ਉਤਸ਼ਾਹਤ ਕਰਦੇ ਹਨ ਅਤੇ ਆਪਣੇ ਮੰਨਣ ਵਾਲਿਆਂ ਨੂੰ ਏਕਤਾ 'ਤੇ ਇਕਜੁਟਤਾ ਦਾ ਉਪਦੇਸ਼ ਦਿੰਦੇ ਹਨ ਪਰੰਤੂ ਵਿਡੰਬਨਾ ਇਹ ਹੈ ਕਿ ਸੰਸਾਰ ਦੇ ਲੋਕ ਅਣਗਿਣਤ ਸੰਪ੍ਰਦਾਇਆਂ ਵਿਚ ਵੰਡੇ ਨਜ਼ਰ ਆਉਂਦੇ ਹਨ। ਆਪਣੇ ਆਪ ਨੂੰ ਧਾਰਮਿਕ ਅਖਵਾਉਣ ਵਾਲਿਆਂ ਵਿਚ ਇਹ ਵੰਡ ਹੋਰ ਵੀ ਤਿੱਖੀ ਅਤੇ ਸੰਪ੍ਰਦਾਇਆਂ ਉਪ-ਸੰਪ੍ਰਦਾਇਆਂ ਦੀ ਗਿਣਤੀ ਹੋਰਨਾਂ ਨਾਲੋਂ ਵੀ ਕਿਤੇ ਵੱਧ ਹੈ। ਕਿੰਨੀ ਹੀ ਵਾਰੀ ਇਹ ਮਤਭੇਦ ਭਿਆਨਕ ਜੰਗਾਂ ਦਾ ਰੂਪ ਲੈ ਲੈਂਦੇ ਹਨ ਅਤੇ ਹਜ਼ਾਰਾਂ ਲੱਖਾਂ ਜਾਨਾਂ ਇਨ੍ਹਾਂ ਦੀ ਭੇਂਟ ਚੜ੍ਹ ਜਾਂਦੀਆਂ ਹਨ। ਇਸਲਾਮ ਸਮੁੱਚੀ ਮਨੁੱਖ ਜਾਤੀ ਵਿਸ਼ੇਸ਼ ਕਰਕੇ ਆਪਣੇ ਮੰਨਣ ਵਾਲਿਆਂ ਵਿਚਕਾਰ ਭਰਾ-ਭਰਾ ਦਾ ਸੰਬੰਧ ਕਾਇਮ ਕਰਦਾ ਹੈ। ਕੁਰਆਨ ਆਖਦਾ ਹੈ "ਖ਼ਲਕਕੁਮ ਮਿਨ ਨਫ਼ਸਿਮ ਵਾਹਿਦਾ" (ਤੁਹਾਨੂੰ ਸਭਨਾਂ ਨੂੰ ਇਕੋ ਹੀ ਜਾਨ ਤੋਂ ਪੈਦਾ ਕੀਤਾ ਗਿਆ ਹੈ)[1] ਅਤੇ ਹਦੀਸ ਵਿਚ ਹਜ਼ਰਤ ਮੁਹੰਮਦ ਦਾ ਫ਼ਰਮਾਨ ਹੈ "ਇੱਨੱਲ ਮੋਮਿਨੂਨ ਇਖ਼ਵਤੁਨ" (ਨਿਰਸੰਦੇਹ ਸਾਰੇ ਮੁਸਲਿਮ ਆਪਸ ਵਿਚ ਭਾਈ ਭਾਈ ਹਨ)। ਇਸਲਾਮ ਦੀ ਇਕ ਵੱਡੀ ਦੇਣ ਸੰਸਾਰ ਦੇ ਲੋਕਾਂ ਨੂੰ ਆਮ ਤੌਰ 'ਤੇ ਅਤੇ ਅਰਬਾਂ ਨੂੰ ਖ਼ਾਸ ਤੌਰ ਤੇ, ਸਦੀਆਂ ਦੀਆਂ ਲੜਾਈਆਂ ਤੋਂ ਮੁਕਤੀ ਦਿਵਾ ਕੇ, ਇਕ ਲੜੀ ਵਿਚ ਪਰੋਣਾ ਹੈ। ਕੁਰਆਨ ਵਿਚ ਅੱਲਾਹ ਤਆਲਾ ਦਾ ਆਦੇਸ਼ ਹੈ "ਵ ਅਤਸਿਮੂ ਬਿਹਬਲਿੱਲਾਹਿ ਜਮੀਅਮ ਵਲਾ ਤੱਫ਼ਰਕੂ (ਇਕ ਜੁਟ ਹੋ ਕੇ ਅੱਲਾਹ ਦੀ ਰੱਸੀ ਨੂੰ ਮਜ਼ਬੂਤੀ ਨਾਲ ਫੜ ਲਵੋ 'ਤੇ ਆਪਸ ਵਖਰੇਵੇਂ ਨਾ ਪਾਓ)[2]। ਦੀਨ (ਧਰਮ) ਵਿਚ ਫ਼ਿਰਕਾਬੰਦੀ ਕਰਨ ਵਾਲਿਆਂ ਨੂੰ ਇੰਝ ਤਾੜਨਾ ਕੀਤੀ ਗਈ ਹੈ : ਜਿਨ੍ਹਾਂ ਨੇ ਆਪਣੇ ਦੀਨ ਵਿਚ ਤਫ਼ਰਕਾ ਪੈਦਾ ਕੀਤਾ ਅਤੇ ਖੇਰੂੰ ਖੇਰੂੰ ਹੋ ਗਏ ਉਨ੍ਹਾਂ ਦਾ ਸਾਡੇ ਨਾਲ ਕੋਈ ਸੰਬੰਧ ਨਹੀਂ[3]। ਧਾਰਮਿਕ ਖੇਤਰ ਤੋਂ ਛੁੱਟ ਸਮਾਜਿਕ ਮਾਮਲਿਆਂ ਵਿਚ ਵੀ ਇਸਲਾਮ ਜਮਾਅਤ (ਸਮੂਹਕਤਾ, ਸੰਗਠਨ) ਦਾ ਨਿਯਮ ਪੇਸ਼ ਕਰਦਾ ਹੈ। ਨਿੱਜੀ ਆਜ਼ਾਦੀ ਅਤੇ ਰਾਏ ਦੇ ਮਤਭੇਦ ਦਾ ਅਧਿਕਾਰ ਭਾਵੇਂ ਦਿਤਾ ਗਿਆ ਪਰੰਤੂ ਸਮੂਹਕ ਮਾਮਲਿਆਂ ਨੂੰ ਨਜਿੱਠਣ ਲਈ ਆਪਸੀ ਸਲਾਹ ਮਸ਼ਵਰੇ ਦੇ ਹੱਲ ਤੇ ਜ਼ੋਰ ਦਿੱਤਾ ਗਿਆ ਤਾਂ ਜੋ ਸਮਾਜ ਵੰਡਿਆ ਨਾ ਜਾਵੇ। ਇਸ ਦੇ ਬਾਵਜੂਦ ਆਪਣੀ ਰਾਏ ਨੂੰ ਸਰਬੋਤਮ ਸਮਝਣ ਦੀ ਮਨੁੱਖੀ ਬਿਰਤੀ ਨੇ ਹੋਰਨਾਂ ਵਾਂਗ ਮੁਸਲਮਾਨਾਂ ਵਿਚ ਵੀ ਵਖਰੇਵਿਆਂ ਦੇ ਬੂਟੇ ਲਾ ਦਿੱਤੇ ਅਤੇ ਏਕਤਾ ਤੇ ਇਕਜੁਟਤਾ ਦੇ ਦਾਅਵਿਆਂ ਦੇ ਬਾਵਜੂਦ ਮੁਸਲਿਮ ਕੌਮ ਵੀ ਅਨੇਕਾਂ ਫ਼ਿਰਕਿਆਂ 'ਤੇ ਸੰਪ੍ਰਦਾਇਆਂ ਵਿਚ ਵੰਡੀ ਨਜ਼ਰ ਆਉਂਦੀ ਹੈ। ਇਨ੍ਹਾਂ ਨੂੰ ਮੋਟੇ ਤੌਰ ਤੇ ਦੋ ਮੁਖ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ : (ੳ) ਉਹ ਜਿਹੜੇ ਜਾਂ ਤਾਂ ਖ਼ੁਦ ਹੀ ਆਪਣੇ ਆਪ ਨੂੰ

* ਫ਼ਾਰਸੀ, ਉਰਦੂ ਅਤੇ ਅਰਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਇਸਲਾਮ ਵਿਚ ਸ਼ਾਮਿਲ ਨਹੀਂ ਸਮਝਦੇ ਜਾਂ ਦੂਜੇ ਉਨ੍ਹਾਂ ਨੂੰ ਇਸਲਾਮੀ ਫ਼ਿਰਕਾ ਮੰਨਣ ਨੂੰ ਤਿਆਰ ਨਹੀਂ ਜਿਵੇਂ ਕਿ ਨਖ਼ਸ਼ਬੀ, ਬਹਾਈ, ਬਾਬੀ ਅਤੇ ਮਿਰਜ਼ਾਈ (ਕਾਦਿਆਨੀ)[4] ਆਦਿ (ਅ) ਉਹ ਸੰਪ੍ਰਦਾਇ ਜਿਹੜੇ ਆਪਣੇ ਆਪ ਨੂੰ ਇਸਲਾਮੀ ਅਖਵਾਉਂਦੇ ਹਨ ਅਤੇ ਦੂਜੇ ਵੀ ਉਨ੍ਹਾਂ ਦੀ ਗਿਣਤੀ ਇਸਲਾਮੀ ਸੰਪ੍ਰਦਾਇਆ ਵਿਚ ਕਰਦੇ ਹਨ। ਇਨ੍ਹਾਂ ਬਾਰੇ ਅੱਗੇ ਚੱਲ ਕੇ ਗੱਲ ਕੀਤੀ ਜਾਵੇਗੀ।

ਇਸਲਾਮੀ ਇਤਿਹਾਸ ਵਿਚ ਦੂਜੀ ਸ਼੍ਰੇਣੀ ਅਧੀਨ ਆਉਣ ਵਾਲੇ ਸੰਪ੍ਰਦਾਇਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਇਨ੍ਹਾਂ ਵਿੱਚ ਸੂਫ਼ੀਆਂ ਦੇ ਅਨੇਕਾਂ ਛੋਟੇ ਵੱਡੇ ਸੰਪ੍ਰਦਾਇਆਂ ਨੂੰ ਛੱਡ ਦੇਈਏ ਤਾਂ ਵੀ ਇਹ ਗਿਣਤੀ ਘਟਦੀ ਨਹੀਂ, ਆਮ ਤੌਰ ਤੇ ਇਹ ਸੰਪ੍ਰਦਾਇ ਕਿਸੇ ਧਾਰਮਿਕ ਸ਼ਖ਼ਸੀਅਤ ਵਿਸ਼ੇਸ਼ ਰਾਜਸੀ ਮਨੋਰਥ ਦੀ ਪੂਰਤੀ ਲਈ ਵਜੂਦ ਵਿਚ ਆਉਂਦੇ ਹਨ, ਕਈ ਵਾਰੀ ਸਮੇਂ ਨਾਲ ਹੌਲੀ ਹੌਲੀ ਅਲੋਪ ਵੀ ਹੋ ਜਾਂਦੇ ਹਨ। ਇਸੇ ਕਾਰਨ ਇਨ੍ਹਾਂ ਦੀ ਠੀਕ ਗਿਣਤੀ ਕਰਨੀ ਔਖੀ ਹੁੰਦੀ ਹੈ। ਇਤਿਹਾਸ ਦੇ ਵੱਖ ਵੱਖ ਪੜਾਵਾਂ ਵਿਚ ਉਭਰਨ ਵਾਲੇ ਕੁਝ ਪ੍ਰਮੁਖ ਸੰਪ੍ਰਦਾਇਆਂ ਵਿਚੋਂ ਖ਼ਾਰਜੀ, ਮੁਅਤਜ਼ਿਲਾ, ਕਰਾਮਤਾ, ਅਸ਼ਅਰੀਆ, ਮਰਜੀਆ, ਬਾਤਿਨੀਆ, ਮਹਦਵੀਆ, ਰੌਸ਼ਨੀਆ ਦੇ ਨਾਂ ਲਏ ਜਾ ਸਕਦੇ ਹਨ ਪਰੰਤੂ ਅੱਜ ਦੀ ਗੱਲ ਕਰਦਿਆਂ ਦੋ ਹੀ ਪ੍ਰਮੁਖ ਸੰਪ੍ਰਦਾਇ ਖ਼ਬਰਾਂ ਵਿਚ ਆਉਂਦੇ ਹਨ :

(ੳ) ਸ਼ੀਆ

(ਅ) ਸੁੰਨੀ

ਭਾਵੇਂ ਇਨ੍ਹਾਂ ਦੇ ਖ਼ਬਰਾਂ ਵਿਚ ਆਉਣ ਦਾ ਕਾਰਨ ਲੜਾਈ ਝਗੜਾ ਹੀ ਹੁੰਦਾ ਹੈ। ਇਸੇ ਕਰਕੇ ਇਨ੍ਹਾਂ ਅਤੇ ਇਨ੍ਹਾਂ ਦੇ ਮਤਭੇਦਾਂ ਬਾਰੇ ਠੀਕ ਅਤੇ ਪ੍ਰਮਾਣਿਤ ਜਾਣਕਾਰੀ ਦੀ ਲੋੜ ਹੋਰ ਜ਼ਿਆਦਾ ਮਹਿਸੂਸ ਹੁੰਦੀ ਹੈ। ਇਹ ਤੱਥ ਧਿਆਨ ਦੇਣ ਯੋਗ ਹੈ ਕਿ ਇਸਲਾਮ ਦੇ ਮੂਲ ਸਿਧਾਂਤਾਂ ਬਾਰੇ ਦੋਵਾਂ ਵਿਚਕਾਰ ਕੋਈ ਮਤਭੇਦ ਜਿਨ੍ਹਾਂ ਮੁੱਦਿਆਂ ਤੇ ਹੈ ਉਨ੍ਹਾਂ ਦਾ ਵਰਨਣ ਅੱਗੇ ਚੱਲ ਕੇ ਕਰਾਂਗੇ। 'ਸ਼ੀਆਂ' ਦਾ ਕੋਸ਼ਗਤ ਅਰਥ ਹਮਾਇਤੀ, ਮਦਦਗਾਰ, ਤਰਫ਼ਦਾਰ ਆਦਿ ਹੈ। ਸ਼ੀਆ ਉਨ੍ਹਾਂ ਸੰਪ੍ਰਦਾਇਆਂ ਵਿਚੋਂ ਹੈ ਜਿਨ੍ਹਾਂ ਨੇ ਇਸਲਾਮੀ ਇਤਿਹਾਸ ਵਿਚ ਸਭ ਤੋਂ ਪਹਿਲਾਂ ਇਕ ਫ਼ਿਰਕੇ ਦੇ ਤੌਰ ਤੇ ਆਪਣੀ ਵੱਖਰੀ ਪਛਾਣ ਬਣਾਈ। ਖ਼ਿਲਾਫ਼ਤ ਦੇ ਮਸਲੇ ਵਿਚ, ਵਿਸ਼ੇਸ਼ ਕਰਕੇ ਚੌਥੇ ਖ਼ਲੀਫ਼ਾ (ਸ਼ੀਆਂ ਅਨੁਸਾਰ ਪਹਿਲੇ ਇਮਾਮ) ਹਜ਼ਰਤ ਅਲੀ ਅਤੇ ਅਮੀਰ ਮੁਆਵੀਆ ਵਿਚਕਾਰ ਖ਼ਿਲਾਫ਼ਤ ਦੇ ਦਾਅਵਿਆਂ ਦੇ ਮੁੱਦੇ ਤੇ ਜਿਨ੍ਹਾਂ ਲੋਕਾਂ, ਵਿਸ਼ੇਸ਼ ਕਰਕੇ ਬਨੂ ਹਾਸ਼ਿਮ (ਹਜ਼ਰਤ ਮੁਹੰਮਦ ਦੇ ਕਬੀਲੇ ਦਾ ਨਾਂ) ਨੇ ਹਜ਼ਰਤ ਅਲੀ ਦਾ ਸਾਥ ਦਿੱਤਾ, ਉਹ ਆਪਣੇ ਆਪ ਨੂੰ 'ਸ਼ੀਆਨ-ਏ-ਅਲੀ' (ਅਲੀ ਦਾ ਗੁਟ) ਆਖਦੇ ਸਨ। ਅੱਗੇ ਚਲਕੇ ਇਸ ਗੁਟ ਨੇ ਫ਼ਿਰਕੇ ਦਾ ਰੂਪ ਲਿਆ ਤਾਂ ਇਹ ਸ਼ੀਆਨ (ਸ਼ੀਆ ਦਾ ਬਹੁਵਚਨ) ਅਖਵਾਏ। ਇਸ ਤ੍ਰੇੜ ਨੂੰ ਕਰਬਲਾ ਦੀ ਲੜਾਈ ਨੇ, ਜਿਹੜੀ ਹਜ਼ਰਤ ਅਲੀ ਦੇ ਪੁੱਤਰ ਇਮਾਮ ਹੁਸੈਨ ਵਲੋਂ ਮੁਆਵੀਆ ਦੇ ਜ਼ਾਲਿਮ 'ਤੇ ਬਦ ਕਿਰਦਾਰ ਪੁੱਤਰ ਯਜ਼ੀਦ ਨੂੰ ਮੁਸਲਮਾਨਾਂ ਦਾ ਖ਼ਲੀਫ਼ਾ ਨਾ ਮੰਨੇ ਜਾਣ ਕਾਰਨ ਹੋਈ ਅਤੇ ਜਿਸ ਵਿਚ ਹਜ਼ਰਤ ਹੁਸੈਨ ਅਤੇ ਉਨ੍ਹਾਂ ਦੇ ਦੁੱਧ ਪੀਂਦੇ ਬੱਚਿਆਂ ਸਮੇਤ ਪਰਿਵਾਰ ਦੇ ਲਗਭਗ ਸਾਰੇ ਜੀਅ ਸ਼ਹੀਦ ਹੋ ਗਏ, ਹੋਰ ਵੀ ਡੂੰਘਾ ਕਰ ਦਿੱਤਾ।

ਜਿਥੇ ਤਕ ਸ਼ਬਦ ਸੁੰਨੀ ਦਾ ਸਬੰਧ ਹੈ ਤਾਂ ਇਹ 'ਅਹਿਲ-ਏ-ਸੁਨੰਤ ਵਲਜਮਾਅਤ'

ਦਾ ਸੰਖੇਪ ਰੂਪ ਹੈ। ਸਯੱਦ ਅਮੀਰ ਅਲੀ ਅਨੁਸਾਰ ਇਕ ਧਾਰਮਿਕ ਫ਼ਿਰਕੇ ਲਈ ਇਹ ਨਾਂ ਪਹਿਲੀ ਵਾਰ ਅੱਬਾਸੀ ਖ਼ਲੀਫ਼ਾ ਮਨਸੂਰ (786-809 ਈ.) ਦੇ ਸਮੇਂ ਪ੍ਰਚਲਤ ਹੋਇਆ, ਉਨ੍ਹਾਂ ਅਨੁਸਾਰ ਪਹਿਲਾਂ ਇਮਾਮ ਅਬੂ ਹਨੀਫ਼ਾ (699-769 ਈ.) ਨੇ ਸ਼ੀਆਂ ਦੇ ਪ੍ਰਚਲਤ 'ਜਾਅਫ਼ਰੀ' ਫ਼ਿਕਹ ਸਕੂਲ ਤੋਂ ਅਲਗ ਨਵੇਂ ਫ਼ਿਕਹ ਦੀ ਨੀਂਹ ਰੱਖੀ ਫਿਰ ਉਨ੍ਹਾਂ ਦੇ ਹੀ ਪਦ-ਚਿਨ੍ਹਾਂ ਤੇ ਇਮਾਮ ਮਾਲਿਕ (ਮ. 179 ਹਿ), ਇਮਾਮ ਸ਼ਾਫ਼ਈ (ਮ. 204 ਹਿ) ਅਤੇ ਇਮਾਮ ਅਹਿਮਦ ਬਿਨ ਹੰਬਲ (ਮ. 241 ਹਿ) ਨੇ ਆਪਣੇ ਆਪਣੇ ਫ਼ਿਕਰ ਸਥਾਪਤ ਕੀਤੇ। ਪਿਛੋਂ ਇਨ੍ਹਾਂ ਸਾਰਿਆਂ ਦੇ ਪੈਰੋਕਾਰਾਂ ਨੂੰ ਅਹਿਲ-ਏ-ਸੁਨੰਤ ਵਲਜਮਾਅਤ ਆਖਿਆ ਜਾਣ ਲੱਗਾ। ਇਸ ਨਾਂ ਪਿਛੇ ਇਹ ਵਿਚਾਰਧਾਰਾ ਹੈ ਕਿ ਫ਼ਿਕਰ ਦਾ ਆਧਾਰ ਦੋ ਤੱਤਾਂ ਤੇ ਹੈ : (ੳ) ਪੈਗ਼ੰਬਰ ਹਜ਼ਰਤ ਮੁਹੰਮਦ ਸ. ਦੀ ਸੁਨੰਤ (ਅ) ਜਮਾਅਤ ਜਾਂ (ਪਹਿਲੇ) ਚਾਰੇ ਖ਼ਲੀਫ਼ਿਆਂ ਦੀਆਂ ਲੀਹਾਂ (ਧਿਆਨਯੋਗ ਹੈ ਕਿ ਸ਼ੀਆ ਪਹਿਲੇ ਤਿੰਨ ਖ਼ਲੀਫ਼ਿਆਂ ਦੀ ਖ਼ਿਲਾਫ਼ਤ ਨੂੰ ਜਾਇਜ਼ ਨਹੀਂ ਮੰਨਦੇ)। ਵੈਸੇ ਅੱਜ ਕੱਲ੍ਹ ਇਹ ਸ਼ਬਦ ਆਮ ਤੌਰ ਤੇ ਸਾਰੇ ਗ਼ੈਰ-ਸ਼ੀਆ ਮੁਸਲਮਾਨ ਫ਼ਿਰਕੇ ਦੇ ਲੋਕਾਂ ਲਈ ਵਰਤਿਆ ਜਾਂਦਾ ਹੈ ਅਤੇ ਅਹਿਲ-ਏ-ਸੁੰਨਤ ਵਲਜਮਾਅਤ ਨਾਲ ਸੰਬੰਧਤ ਫ਼ਿਰਕਿਆਂ ਨੂੰ ਹਨਫ਼ੀ, ਮਾਲਕੀ, ਸ਼ਾਫ਼ਈ ਅਤੇ ਹੰਬਲੀ, ਦੇ ਨਾਂ ਦਿੱਤੇ ਜਾਂਦੇ ਹਨ।

### ਮਤਭੇਦਾਂ ਦਾ ਕਾਰਨ ਅਤੇ ਪਿਛੋਕੜ

ਸ਼ੀਆ ਅਤੇ ਸੁੰਨੀ ਮਤਭੇਦ ਦੀ ਨਜ਼ਰੀਆਤੀ ਜੜ ਇਮਾਰਤ 'ਤੇ ਖ਼ਿਲਾਫ਼ਤ ਦਾ ਮੁੱਦਾ ਜਾਂ ਹਜ਼ਰਤ ਅਲੀ ਦੇ ਰੁਤਬੇ ਦਾ ਨਿਰਧਾਰਨ ਹੈ। ਹਜ਼ਰਤ ਅਲੀ, ਹ.ਅਬੂ ਬਕਰ, ਹ.ਉਮਰ ਅਤੇ ਹ. ਉਸਮਾਨ ਪਿਛੋਂ ਮੁਸਲਮਾਨਾਂ ਦੇ ਚੌਥੇ ਖ਼ਲੀਫ਼ਾ ਹੋਏ। ਸੁੰਨੀ ਮਾਨਤਾ ਹੈ ਕਿ ਇਹ ਇਤਿਹਾਸਕ ਕ੍ਰਮ ਹੀ ਸੁਭਾਵਕ, ਨਿਆਂ-ਸੰਗਤ ਅਤੇ ਰੱਬੀ ਮਸ਼ੀਅਤ (ਭਾਣਾ) ਦਾ ਸੂਚਕ ਹੈ, ਇਸ ਦੇ ਵਿਪਰੀਤ ਸ਼ੀਆ ਮਤ ਹੈ ਕਿ ਹਜ਼ਰਤ ਮੁਹੰਮਦ ਸ. ਪਿਛੋਂ ਹਜ਼ਰਤ ਅਲੀ ਪਹਿਲੇ ਨੰਬਰ ਤੇ ਖ਼ਿਲਾਫ਼ਤ ਜਾਂ ਇਮਾਰਤ ਦੇ ਹੱਕਦਾਰ ਸਨ ਅਤੇ ਇਹ ਕਿ ਪਹਿਲੇ ਤਿੰਨੋਂ ਖ਼ਲੀਫ਼ਿਆਂ ਵਲੋਂ ਉਨ੍ਹਾਂ ਦਾ ਹੱਕ ਮਾਰਿਆ ਗਿਆ ਸੀ। ਸ਼ੀਆ ਹਜ਼ਰਤ ਅਲੀ ਨੂੰ ਪਹਿਲਾ ਇਮਾਮ ਮੰਨਦੇ ਹਨ। ਉਨ੍ਹਾਂ ਦਾ ਤਰਕ ਇਹ ਹੈ ਕਿ ਹਜ਼ਰਤ ਅਲੀ ਦੀ ਜਾਨਸ਼ੀਨੀ ਲਈ ਆਪ ਹਜ਼ਰਤ ਮੁਹੰਮਦ ਸ. ਵਲੋਂ ਵਸੀਅਤ ਕੀਤੀ ਗਈ ਸੀ। ਇਸ ਲਈ ਉਹ ਗ਼ਦੀਰਖ਼ੁਮ ਦੀ ਹਦੀਸ ਨੂੰ ਆਧਾਰ ਬਣਾਉਂਦੇ ਹਨ। ਇਸ ਅਨੁਸਾਰ ਆਪਣੇ ਅੰਤਮ ਹੱਜ ਤੋਂ ਮਦੀਨੇ ਵਾਪਸੀ ਦੇ ਮੌਕੇ ਜਦੋਂ ਹਜ਼ਰਤ ਮੁਹੰਮਦ ਸ. ਗ਼ਦੀਰਖ਼ੁਮ ਦੇ ਸਥਾਨ ਤੇ ਪਹੁੰਚੇ ਤਾਂ ਉਥੇ ਉਨ੍ਹਾਂ ਤੇ ਵਹੀ ਨਾਜ਼ਲ ਹੋਈ ਜਿਸ ਵਿਚ ਉਨ੍ਹਾਂ ਨੂੰ ਹਜ਼ਰਤ ਅਲੀ ਦੀ ਜਾਨਸ਼ੀਨੀ ਦਾ ਐਲਾਨ ਕਰਨ ਦਾ ਆਦੇਸ਼ ਦਿਤਾ ਗਿਆ ਅਤੇ ਉਸ ਦੀ ਪਾਲਨਾ ਕਰਦੇ ਹੋਏ ਉਨ੍ਹਾਂ ਨੇ ਹਜ਼ਰਤ ਅਲੀ ਨੂੰ ਆਪਣਾ ਉਤਰਅਧਿਕਾਰੀ ਬਨਾਉਣ ਦਾ ਐਲਾਨ ਕਰਦੇ ਹੋਏ ਆਖਿਆ "ਅਲੀ ਦਾ ਮੇਰੇ ਨਾਲ ਉਹੀ ਸੰਬੰਧ ਹੈ ਜਿਹੜਾ ਹਾਰੂਨ ਅ. ਦਾ ਮੂਸਾ ਅ. ਨਾਲ ਸੀ। ਹੇ ਅੱਲਾਹ ! ਤੂੰ ਉਸਦੇ ਦੋਸਤਾਂ ਦਾ ਦੋਸਤ ਰਹੀਂ ਅਤੇ ਉਸ ਦੇ ਵੈਰੀਆਂ ਦਾ ਵੈਰੀ, ਜਿਹੜੇ ਲੋਕ ਉਸ ਦੀ ਮਦਦ ਕਰਨ ਤੂੰ ਉਨ੍ਹਾਂ ਦੀ ਮਦਦ ਕਰੀਂ ਤੇ ਜਿਹੜੇ ਉਸ ਨਾਲ ਗ਼ੱਦਾਰੀ ਕਰਨ ਉਨ੍ਹਾਂ ਦੀਆਂ ਉਮੰਗਾਂ ਨੂੰ ਮਲਿਆਮੇਟ ਕਰ ਦੇਈਂ"[7]। ਇਸ ਹਦੀਸ ਨੂੰ ਬਿਆਨ ਕਰਦਿਆਂ ਸੁੰਨੀ ਇਤਿਹਾਸਕਾਰਾਂ ਵਲੋਂ ਇਸ ਦਾ ਪਿਛੋਕੜ ਇਹ ਦੱਸਿਆ ਗਿਆ ਹੈ ਕਿ ਯਮਨ ਦੇ ਕੁਝ ਲੋਕਾਂ ਵਲੋਂ ਹਜ਼ਰਤ ਅਲੀ ਦੀ ਸ਼ਿਕਾਇਤ ਕੀਤੇ ਜਾਣ ਤੇ ਉਨ੍ਹਾਂ ਨੂੰ ਢਾਰਸ ਦੇਣ ਦੇ

ਮੰਤਵ ਨਾਲ ਹਜ਼ਰਤ ਮੁਹੰਮਦ ਸ. ਨੇ ਇਹ ਸ਼ਬਦ ਆਖੇ ਸਨ ਨਾ ਕਿ ਉਨ੍ਹਾਂ ਨੂੰ ਉਤਰਅਧਿਕਾਰੀ ਥਾਪਣ ਲਈ[9]। ਆਪਣੇ ਪੱਖ ਵਿਚ ਸ਼ੀਆ ਇਕ ਦਲੀਲ ਇਹ ਦਿੰਦੇ ਹਨ ਕਿ ਹਿਜਰਤ ਦੀ ਰਾਤ ਹਜ਼ੂਰ ਵਲੋਂ ਹਜ਼ਰਤ ਅਲੀ ਨੂੰ ਹੀ ਆਪਣੀ ਥਾਂ ਬਿਸਤਰੇ ਤੇ ਲੇਟਣ ਅਤੇ ਲੋਕਾਂ ਦੀਆਂ ਅਮਾਨਤਾਂ ਉਨ੍ਹਾਂ ਦੇ ਹਵਾਲੇ ਕਰਨ ਲਈ ਚੁਣਿਆ ਗਿਆ ਸੀ। ਇਸ ਦੇ ਮੁਕਾਬਲੇ ਸੁੰਨੀਆਂ ਦਾ ਤਰਕ ਇਹ ਹੈ ਕਿ ਹਜ਼ੂਰ ਸ. ਨੇ ਆਪਣੇ ਅੰਤਮ ਦਿਨਾਂ ਵਿਚ ਬਿਮਾਰੀ ਕਾਰਣ ਆਪਣੀ ਥਾਂ ਤੇ ਨਮਾਜ਼ਾਂ ਦੀ ਇਮਾਮਤ ਲਈ ਪਹਿਲੇ ਖ਼ਲੀਫ਼ਾ ਹਜ਼ਰਤ ਅਬੂ ਬਕਰ ਨੂੰ ਹੀ ਨਿਯਤ ਕੀਤਾ ਸੀ। ਦੂਜੇ ਸ਼ਬਦਾਂ ਵਿਚ ਸ਼ੀਆਂ ਲਈ ਰਸੂਲ ਦੀ ਜਾਨਸ਼ੀਨੀ (ਇਮਾਮਤ) ਲਈ ਆਧਾਰ ਖ਼ੂਨੀ ਸੰਬੰਧ ਹੈ ਤਾਂ ਸੁੰਨੀਆਂ ਲਈ ਇਸ (ਖਿਲਾਫ਼ਤ) ਲਈ ਖ਼ੂਨੀ ਸੰਬੰਧ ਨਹੀਂ ਸਗੋਂ ਅਧਿਆਤਮਕ ਨੇਤ੍ਰਤਾ ਜ਼ਰੂਰੀ ਹੈ, ਅਰਥਾਤ ਹਜ਼ੂਰ ਦੇ ਉਹ ਸਾਥੀ ਜਿਨ੍ਹਾਂ ਨੇ ਧਰਮ ਦੇ ਪ੍ਰਚਾਰ ਪ੍ਰਸਾਰ ਵਿਚ ਆਪ ਦਾ ਤਨੋਂ ਮਨੋਂ ਸਾਥ ਦਿੱਤਾ ਉਹ ਵੀ ਜਾਨਸ਼ੀਨੀ ਦੇ ਉਨੇ ਹੀ ਹੱਕਦਾਰ ਹਨ ਜਿੰਨੇ ਖ਼ੂਨੀ ਰਿਸ਼ਤੇਦਾਰ।

ਇਥੇ ਹਜ਼ਰਤ ਅਲੀ ਦੀ ਜਾਨਸ਼ੀਨੀ ਦੇ ਪੱਖ ਵਿਚ ਇਕ ਹੋਰ ਸ਼ੀਆ ਨਿਯਮ ਦਾ ਵਰਨਣ ਵੀ ਜ਼ਰੂਰੀ ਹੈ, ਡਾ. ਜਅਫ਼ਰ ਰਜ਼ਾ ਅਨੁਸਾਰ ਇਸਲਾਮ ਦੇ ਮੌਲਿਕ ਧਾਰਮਿਕ ਨਿਯਮਾਂ ਤੋਂ ਛੁਟ ਸ਼ੀਆ ਧਰਮ-ਫ਼ਿਲਾਸਫ਼ੀ ਦਾ ਆਧਾਰ "ਤੱਵਲਾ" ਅਤੇ "ਤਬੱਰਾ" ਤੇ ਹੈ[9]। ਤਵੱਲਾ ਤੋਂ ਭਾਵ ਹਜ਼ਰਤ ਮੁਹੰਮਦ ਸ. ਦੇ ਅਹਿਲ-ਏ-ਬੈਤ (ਪਰਿਵਾਰ) ਨਾਲ ਮੁਹੱਬਤ ਹੈ ਅਤੇ ਹਜ਼ਰਤ ਅਲੀ ਹਜ਼ੂਰ ਦੀ ਪਿਆਰੀ ਸਪੁੱਤਰੀ ਹਜ਼ਰਤ ਫ਼ਾਤਿਮਾ ਦੇ ਪਤੀ ਹੋਣ ਵਜੋਂ ਇਸ ਦੇ ਸਭ ਤੋਂ ਵੱਧ ਹੱਕਦਾਰ ਹਨ। ਤਵੱਲਾ ਨਾਲ ਸੁੰਨੀਆਂ ਨੂੰ ਵੀ ਮਤਭੇਦ ਨਹੀਂ ਪਰ ਇਕ ਤਾਂ ਉਹ ਅਹਿਲ-ਏ-ਬੈਤ ਨੂੰ ਹਜ਼ਰਤ ਫ਼ਾਤਿਮਾ ਤਕ ਸੀਮਤ ਨਹੀਂ ਸਮਝਦੇ ਅਤੇ ਹਜ਼ੂਰ ਦੀਆਂ ਦੂਜੀਆਂ ਸਪੁੱਤਰੀਆਂ[10] (ਸ਼ੀਆ ਦੂਜੀਆਂ ਸਪੁੱਤਰੀਆਂ ਦੀ ਹੋਂਦ ਨੂੰ ਹੀ ਮੰਨਦੇ) ਅਤੇ ਸੁਪਤਨੀਆਂ ਨੂੰ ਇਸ ਵਿਚ ਸ਼ਾਮਿਲ ਕਰਦੇ ਹਨ ਦੂਜੇ ਜਿਵੇਂ ਕਿ ਪਹਿਲਾਂ ਗੱਲ ਹੋਈ ਉਹ ਹਜ਼ੂਰ ਦੇ ਕਰੀਬੀ ਸਾਥੀਆਂ ਨੂੰ ਵੀ ਅਹਿਲ-ਏ-ਬੈਤ ਹੀ ਗਿਣਦੇ ਹਨ। ਇਸ ਪ੍ਰਕਾਰ ਤੱਵਲਾ ਦੇ ਸ਼ੀਆ ਦ੍ਰਿਸ਼ਟੀਕੋਣ ਅਨੁਸਾਰ ਹਜ਼ਰਤ ਉਸਮਾਨ ਦਾ ਹੱਕ ਹਜ਼ਰਤ ਅਲੀ ਤੋਂ ਵੀ ਵਧੇਰੇ ਹੈ ਕਿਉਂਕਿ ਇਕ ਇਕ ਕਰਕੇ ਹਜ਼ੂਰ ਦੀਆਂ ਦੋ ਸਪੁੱਤਰੀਆਂ ਹਜ਼ਰਤ ਰੁਕੱਯਾ ਅਤੇ ਹਜ਼ਰਤ ਉਮੇਂ-ਏ-ਕੁਲਸੂਮ ਉਨ੍ਹਾਂ ਦੇ ਨਿਕਾਹ ਵਿਚ ਰਹੀਆਂ।

ਤਵੱਲਾ ਦੀ ਹਦ ਤਕ ਮਤਭੇਦ ਤਾਂ ਕੇਵਲ ਅਸੂਲੀ ਹਨ ਪਰੰਤੂ ਤਬੱਰਾ ਅਰਥਾਤ ਹਜ਼ਰਤ ਅਲੀ ਦੇ ਦੁਸ਼ਮਨਾਂ (ਜਿਨ੍ਹਾਂ ਵਿਚ ਸ਼ੀਆ ਪਹਿਲੇ ਤਿੰਨ ਖ਼ਲੀਫ਼ਿਆਂ ਦੇ ਨਾਲ ਅਨੇਕਾਂ ਮਹਾਨ ਸਹਾਬੀਆਂ ਨੂੰ ਵੀ ਸ਼ਾਮਿਲ ਕਰਦੇ ਹਨ) ਤੋਂ ਨਿਖੇੜਾ ਤੇ ਨਿਖੇਧੀ ਦਾ ਨਿਯਮ ਦੋਹਾਂ ਫ਼ਿਰਕਿਆਂ ਵਿਚਕਾਰ ਲੜਾਈਆਂ, ਜਿਹੜੀਆਂ ਹਿੰਸਕ ਵੀ ਹੋ ਜਾਇਆ ਕਰਦੀਆਂ ਹਨ, ਦਾ ਕਾਰਨ ਬਣਦਾ ਹੈ।

ਸ਼ੀਆ ਅਨੁਸਾਰ ਇਮਾਮ ਦਾ ਪੈਗੰਬਰ ਦੀ ਸੰਤਾਨ ਵਿਚੋਂ ਹੋਣਾ ਵੀ ਜ਼ਰੂਰੀ ਹੈ ਇਸੇ ਕਰਕੇ ਬਾਅਦ ਵਾਲੇ ਸਾਰੇ 11 ਇਮਾਮ ਹਜ਼ਰਤ ਫ਼ਾਤਿਮਾ ਤੇ ਹਜ਼ਰਤ ਅਲੀ ਦੀ ਔਲਾਦ ਵਿਚੋਂ ਹੀ ਹਨ। ਇਸੇ ਪ੍ਰਕਾਰ ਸ਼ੀਆ 14 ਵਿਅਕਤੀਆਂ ਜਿਨ੍ਹਾਂ ਵਿਚ ਹਜ਼ਰਤ ਮੁਹੰਮਦ ਸ. ਅਤੇ ਹਜ਼ਰਤ ਫ਼ਾਤਿਮਾ ਤੋਂ ਛੁਟ ਸਾਰੇ 12 ਇਮਾਮ[11] ਸ਼ਾਮਿਲ ਹਨ, ਨੂੰ ਮਾਸੂਮ (ਪੈਦਾਇਸ਼ੀ ਤੌਰ ਤੇ ਪਾਪ ਜਾਂ ਗਲਤੀ ਤੋਂ ਪਾਕ) ਅਤੇ ਕਿਸੇ ਵੀ ਤਰ੍ਹਾਂ ਦੀ ਟੀਕਾ ਟਿੱਪਣੀ ਤੋਂ ਉਪਰ ਸਮਝਦੇ ਹਨ। ਉਨ੍ਹਾਂ ਨੂੰ ਉਹ ਪਰਿਭਾਸ਼ਕ ਤੌਰ ਤੇ 14 ਮਾਸੂਮੀਨ ਆਖਦੇ ਹਨ। ਸੁੰਨੀ ਟੀਕਾ ਟਿੱਪਣੀ ਤੋਂ ਉਪਰ ਵਿਅਕਤੀਆਂ

ਦੀ ਸੂਚੀ ਵਿਚ ਹਜ਼ੂਰ ਦੇ ਪਰਿਵਾਰ, ਚਹੁੰਆਂ ਖ਼ਲੀਫ਼ਿਆਂ, ਅਸ਼ਰਾ-ਏ-ਮੁਬੱਸ਼ਰਾ (ਉਹ 10 ਸਹਾਬੀ ਜਿਨ੍ਹਾਂ ਨੂੰ ਜਿਉਂਦਿਆਂ ਹੀ ਜੰਨਤ ਦੀ ਖ਼ੁਸ਼ਖ਼ਬਰੀ ਦੇ ਦਿੱਤੀ ਗਈ) ਆਦਿ ਨੂੰ ਵੀ ਸ਼ਾਮਿਲ ਕਰਦੇ ਹਨ।

ਸ਼ੀਆ-ਸੁੰਨੀ ਵਿਹਾਰਕ ਮਤਭੇਦਾਂ ਬਾਰੇ ਐਂਡਰਿਊ ਰਿਪਿਨ (Andrew Rippin) ਨੇ ਬਹੁਤ ਸੰਖੇਪ ਜਿਹੇ ਸ਼ਬਦਾਂ ਵਿਚ ਆਪਣੀ ਟਿਪਣੀ ਦਿੱਤੀ ਹੈ। ਉਸ ਨੇ ਲਿਖਿਆ ਹੈ ਕਿ ਫ਼ਿਕਰ ਦੇ ਮਾਮਲੇ ਵਿਚ ਦੋਹਾਂ ਵਿਚਕਾਰ ਬਹੁਤ ਘਟ ਫ਼ਰਕ ਹੈ ਜਿਵੇਂ ਸੁੰਨੀਆਂ ਦੀ ਬਹੁਗਿਣਤੀ ਇਮਾਮ ਅਬੂ ਹਨੀਫ਼ਾ, ਇਮਾਮ ਮਾਲਿਕ, ਇਮਾਮ ਇਮਾਮ ਸ਼ਾਫ਼ਈ ਜਾਂ ਇਮਾਮ ਅਹਿਮਦ ਬਿਨ ਹੰਬਲ ਵਿਚੋਂ ਕਿਸੇ ਇਕ ਦੀ ਪੈਰਵੀਂ ਕਰਦੇ ਹਨ ਉਵੇਂ ਹੀ ਸ਼ੀਆ ਇਮਾਮ ਜਅਫ਼ਰ ਸਾਦਿਕ ਦੀ ਫ਼ਿਕਹ ਅਨੁਸਾਰ ਅਮਲ ਕਰਦੇ ਹਨ। ਧਾਰਮਿਕ ਵਿਧੀ-ਵਿਧਾਨ ਵਿਚ ਵੀ ਮਾਮੂਲੀ ਫ਼ਰਕ ਹਨ। ਸੁੰਨੀਆਂ ਲਈ ਜੁਮਆ ਅਤੇ ਈਦ ਦੀਆਂ ਨਮਾਜ਼ਾਂ ਜਮਾਅਤ ਨਾਲ ਅਦਾ ਕਰਨੀਆਂ ਜ਼ਰੂਰੀ ਹਨ ਜਦੋਂ ਕਿ ਸ਼ੀਆਂ ਲਈ ਜਮਾਅਤ ਇਸ ਲਈ ਜ਼ਰੂਰੀ ਨਹੀਂ ਕਿਉਂਕਿ ਉਥੇ ਜਮਾਅਤ ਲਈ ਇਮਾਮ ਦੀ ਹਾਜ਼ਰੀ ਦੀ ਸ਼ਰਤ ਹੈ। ਸ਼ੀਆ ਵਿਸ਼ਵਾਸ ਅਨੁਸਾਰ 'ਲਾ ਇਲਾਹ ਇਲੱਲਾਹ ਮੁਹੰਮਦੁੱਰਸੂਲੱਲਾਹ' ਦੇ ਨਾਲ ਹੀ ਅਲੀਉਨ ਵਲੀਉੱਲਾਹ ਦੇ ਸ਼ਬਦ ਵੀ ਸ਼ਹਾਦਤ ਦੇ ਕਲਿਮੇ ਦਾ ਹਿੱਸਾ ਹਨ। ਇਕ ਵੱਡਾ ਫ਼ਰਕ ਮੁਹੱਰਮ ਨੂੰ ਸੋਗ ਵਜੋਂ ਮਨਾਉਣ ਦਾ ਹੈ। ਸ਼ੀਆ ਕਰਬਲਾ ਵਿਖੇ ਮੁਹੱਰਮ ਦੀ 10ਵੀਂ ਤਾਰੀਖ਼ ਨੂੰ ਹਜ਼ਰਤ ਇਮਾਮ ਹੁਸੈਨ ਅਤੇ ਉਨ੍ਹਾਂ ਦੇ ਪਰਿਵਾਰ ਅਤੇ ਸਾਥੀਆਂ ਦੀ ਸ਼ਹੀਦੀ ਦੀ ਯਾਦ ਵਿਚ ਹਰ ਸਾਲ ਲਗਭਗ ਪੂਰਾ ਮਹੀਨਾ, ਵਿਸ਼ੇਸ਼ਕਰ ਪਹਿਲੇ 10 ਦਿਨ ਮਾਤਮੀ ਮਜਲਿਸਾਂ ਕਰਦੇ ਅਤੇ ਉਸ ਘਟਣਾ ਦੇ ਚਿਤ੍ਰਣ ਵਜੋਂ ਤਅਜ਼ੀਆ, ਅਲਮ ਅਤੇ ਜ਼ੁਲਜਨਾਹ ਦਾ ਪ੍ਰਦਰਸ਼ਨ ਕਰਦੇ ਹਨ ਸੁੰਨੀਆਂ ਵਿਚ ਅਜਿਹੀ ਕੋਈ ਰਸਮ ਨਹੀਂ। ਇਸੇ ਤਰ੍ਹਾਂ ਸ਼ੀਆ ਮੁਤਆ (ਨਿਯਤ ਸਮੇਂ ਲਈ ਆਰਜ਼ੀ ਨਿਕਾਹ) ਅਤੇ ਤਕੀਯਾ (ਮਸਲਿਹਤ ਜਾਂ ਡਰ ਕਾਰਨ ਸੱਚ ਨੂੰ ਲੁਕਾਉਣਾ) ਨੂੰ ਜਾਇਜ਼ ਸਮਝਦੇ ਹਨ ਪਰੰਤੂ ਸੁੰਨੀ ਜਾਇਜ਼ ਨਹੀਂ ਸਮਝਦੇ[12]। ਸ਼ੀਆ ਦੀ ਮਾਨਤਾ ਇਹ ਵੀ ਹੈ ਕਿ 12ਵੇਂ ਇਮਾਮ ਮਹਦੀ ਅਲੋਪ ਹਨ ਪਰ ਇਕ ਦਿਨ ਉਹ ਜ਼ਾਹਿਰ ਹੋ ਕੇ ਸ਼ੀਆ ਨੂੰ ਜ਼ਾਲਿਮਾਂ ਤੋਂ ਮੁਕਤੀ ਦਿਵਾਉਣਗੇ, ਉਨ੍ਹਾਂ ਨੂੰ ਉਹ ਇਮਾਮ-ਏ-ਮੁਨਤਜ਼ਰ ਵੀ ਆਖਦੇ ਹਨ।[13]

## ਸ਼ੀਆ ਉਪ ਸੰਪ੍ਰਦਾਇ

ਸ਼ੀਆਂ ਦਾ ਸਭ ਤੋਂ ਵੱਡਾ ਸੰਪ੍ਰਦਾਇ ਇਮਾਮੀਆਂ ਜਾਂ ਇਸਨਾ ਅਸ਼ਰੀ ਹੈ ਜਿਹੜਾ 12 ਇਮਾਮਾਂ ਨੂੰ ਮੰਨਦਾ ਹੈ। ਖ਼ੁਦ ਇਸਨਾ ਅਸ਼ਰ ਦਾ ਅਰਥ ਹੀ 12 ਹੁੰਦਾ ਹੈ, ਸ਼ੀਆ ਦੀ ਬਹੁਤ ਵੱਡੀ ਬਹੁਗਿਣਤੀ ਇਸੇ ਨਾਲ ਸੰਬੰਧ ਰੱਖਦੀ ਹੈ ਪਰੰਤੂ ਕੁਝ ਛੋਟੇ ਛੋਟੇ ਸੰਪ੍ਰਦਾਇ ਹੋਰ ਵੀ ਹਨ। ਅਗਲੀਆਂ ਸਤਰਾਂ ਵਿਚ ਇਨ੍ਹਾਂ ਦਾ ਸੰਖੇਪ ਜਿਹਾ ਵੇਰਵਾ ਦਿੱਤਾ ਜਾ ਰਿਹਾ ਹੈ :

**(ੳ) ਇਸਮਾਈਲੀ ਜਾਂ ਸਾਬਿਊਨ :** ਇਹ ਲੋਕ 6ਵੇਂ ਇਮਾਮ ਹ. ਜਅਫ਼ਰ ਸਾਦਿਕ ਦੇ ਵੱਡੇ ਸਾਹਿਬਜ਼ਾਦੇ ਹਜ਼ਰਤ ਇਸਮਾਈਲ ਦੇ ਪੈਰੋ ਹਨ ਅਤੇ ਉਨ੍ਹਾਂ ਨੂੰ ਆਪਣੇ ਪਿਤਾ ਤੋਂ ਬਾਅਦ ਇਮਾਮ ਮੂਸਾ ਕਾਜ਼ਿਮ ਦੀ ਥਾਂ 7ਵਾਂ ਇਮਾਮ ਮੰਨਦੇ ਹਨ[14]। ਇਸ ਸੰਪ੍ਰਦਾਇ ਵਿਚ 7 (ਅਰਬੀ: ਸਾਬਿਅ) ਦੇ ਅੰਕ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾਂਦੀ ਹੈ। ਪੱਛਮੀ ਭਾਰਤ ਦੇ ਬੋਹਰਾ ਜਾਂ ਖ਼ੋਜਾ ਸੰਪ੍ਰਦਾਇ ਦਾ ਸੰਬੰਧ ਇਸੇ ਮਤ ਨਾਲ ਹੈ।

**ਅ) ਜ਼ੈਦੀਆ :** ਇਹ ਲੋਕ ਚੌਥੇ ਇਮਾਮ ਹ. ਜ਼ੈਨੁਲਆਬਿਦੀਨ ਪਿਛੋਂ ਇਮਾਮ ਬਾਕਿਰ ਦੀ ਥਾਂ ਉਨ੍ਹਾਂ ਦੇ ਭਰਾ ਹ. ਜ਼ੈਦ ਨੂੰ ਇਮਾਮ ਮੰਨਦੇ ਹਨ। ਉਨ੍ਹਾਂ ਦਾ ਆਪਣੇ ਭਰਾ ਨਾਲ ਮਤਭੇਦ ਉਮਵੀ ਖ਼ਲੀਫ਼ਾ ਹੱਸ਼ਾਮ ਵਿਰੁਧ ਸਿਆਸੀ ਲੜਾਈ ਜਾਂ ਬਗ਼ਾਵਤ ਦੇ ਮੁੱਦੇ ਤੇ ਸੀ। ਇਮਾਮ ਬਾਕਿਰ ਸਿਆਸੀ ਲੜਾਈ ਦੇ ਹੱਕ ਵਿਚ ਨਹੀਂ ਸਨ ਇਸ ਲਈ ਦੋਵੇਂ ਭਰਾ ਅਲੱਗ ਹੋ ਗਏ। ਜ਼ੈਦੀਆਂ ਅੱਜਕਲ ਯਮਨ ਵਿਚ ਮਿਲਦੇ ਹਨ।

**ੲ) ਗ਼ਾਲੀਅ ਜਾਂ ਗ਼ੁਲਾਤ :** ਇਕ ਨਜ਼ਰੀਆਤੀ-ਅਤਿਵਾਦੀ ਸੰਪ੍ਰਦਾਇ ਹੈ। ਇਸੇ ਦੀ ਇਕ ਸ਼ਾਖ ਨੁਸੈਰੀ ਹਜ਼ਰਤ ਅਲੀ ਨੂੰ ਰੱਬ ਦਾ ਦਰਜਾ ਦਿੰਦੇ ਹਨ। ਇਸ ਨਾਲ ਸੰਬੰਧਤ ਲੋਕ ਅੱਜਕਲ ਸੀਰੀਆ ਆਦਿ ਇਲਾਕਿਆਂ ਵਿਚ ਰਹਿੰਦੇ ਹਨ।

## ਸੁੰਨੀ ਉਪ ਸੰਪ੍ਰਦਾਇ

ਜਿਵੇਂ ਕਿ ਉਪਰ ਗੱਲ ਹੋਈ ਹੈ ਸੁੰਨੀ ਫ਼ਿਕਹ ਦੇ 4 ਸਕੂਲਾਂ ਦੇ ਨਾਂ ਉਤੇ ਹਨਫ਼ੀ, ਮਾਲਕੀ, ਸ਼ਾਫ਼ਈ ਅਤੇ ਹੰਬਲੀ ਸੰਪ੍ਰਦਾਇ ਹਨ। ਇਨ੍ਹਾਂ ਵਿਚੋਂ ਭਾਰਤ ਵਿਚ ਬਹੁਗਿਣਤੀ ਹਨਫ਼ੀਆਂ ਦੀ ਹੈ। ਇਨ੍ਹਾਂ ਵਿਚੋਂ ਮਜ਼ਾਰਾਂ ਦੀ ਜ਼ਿਆਰਤ ਕਰਨ, ਉਰਸ, ਨਜ਼ਰ-ਨਿਆਜ਼ ਆਦਿ ਨੂੰ ਜਾਇਜ਼ ਸਮਝਣ ਵਾਲੇ ਬਰੇਲਵੀ ਅਤੇ ਦੂਜੇ ਦਿਓਬੰਦੀ ਆਖੇ ਜਾਂਦੇ ਹਨ। ਭਾਰਤ ਤੋਂ ਛੁੱਟ ਹਨਫ਼ੀ ਅਫ਼ਗਾਨਿਸਤਾਨ, ਤੁਰਕੀ ਅਤੇ ਮਿਸਰ ਆਦਿ ਵਿਚ ਹਨ। ਸ਼ਾਫ਼ਈ ਉਤਰੀ ਅਫ਼ਰੀਕਾ, ਯਮਨ, ਸ੍ਰੀ ਲੰਕਾ, ਅਤੇ ਪੱਛਮੀ ਭਾਰਤ ਦੇ ਕੁਝ ਇਲਾਕਿਆਂ ਵਿਚ ਹਨ। ਹੰਬਲੀ ਸਊਦੀ ਅਰਬ ਅਤੇ ਭਾਰਤ ਵਿਚ ਹਨ। ਕਿਸੇ ਵੀ ਸੁੰਨੀ ਇਮਾਮ ਦੀ ਫ਼ਿਕਹ ਤੇ ਚਲਣ ਵਾਲੇ ਨੂੰ ਮੁਕੱਲਿਦ (ਪੈਰੋਕਾਰ) ਆਖਿਆ ਜਾਂਦਾ ਹੈ। ਇਸ ਦੇ ਮੁਕਾਬਲੇ ਵਿਚ ਉਹ ਸੁੰਨੀ ਜਿਹੜੇ ਆਪਣੇ ਆਪ ਨੂੰ ਕਿਸੇ ਇਕ ਵਿਸ਼ੇਸ਼ ਫ਼ਿਕਰ ਦਾ ਪਾਬੰਦ ਨਹੀਂ ਸਮਝਦੇ ਸਗੋਂ ਹਦੀਸ ਦੀ ਸਿਧਿਆਂ ਪੈਰਵੀ ਦੇ ਕਾਇਲ ਹਨ ਉਹ ਆਪਣੇ ਆਪ ਨੂੰ 'ਅਹਿਲ-ਏ-ਹਦੀਸ' ਅਖਵਾਉਂਦੇ ਹਨ।

### ਟਿੱਪਣੀਆਂ ਤੇ ਹਵਾਲੇ

1. ਕੁਰਆਨ : 4:1. ਇਸੇ ਵਿਸ਼ੇ 'ਤੇ 6:98, 7:189, 39:6 ਵੀ ਹਨ।
2. ਉਹੀ : 3:103
3. ਉਹੀ : 6:159
4. ਇਸਲਾਮ ਦਾ ਮੂਲ ਆਧਾਰ ਪਹਿਲੇ ਕਲਮੇ "ਲਾ ਇਲਾਹਾ ਇਲੱਲਾਹ ਅੱਲਾਹ ਮੁਹੰਮਦੁੱਰਸੂਲੁੱਲਾਹ" ਤੇ ਹੈ ਅਰਥਾਤ ਤੌਹੀਦ (ਅੱਲਾਹ ਤੇ ਈਮਾਨ) ਅਤੇ ਰਿਸਾਲਤ (ਹਜ਼ਰਤ ਮੁਹੰਮਦ ਸ. ਤੇ ਅੱਲਾਹ ਦੇ ਰਸੂਲ ਵਜੋਂ ਈਮਾਨ ਅਤੇ ਉਨ੍ਹਾਂ ਨੂੰ ਅੱਲਾਹ ਦਾ ਅਖ਼ਰੀ ਰਸੂਲ ਮੰਨਣਾ) ਦੇ ਸਿਧਾਂਤਾਂ ਤੇ ਹੈ। ਕੋਈ ਵੀ ਫ਼ਿਰਕਾ ਜਿਹੜਾ ਇਨ੍ਹਾਂ ਵਿਚੋਂ ਕਿਸੇ ਨੂੰ ਪੂਰੇ ਤੌਰ ਤੇ ਜਾਂ ਆਂਸ਼ਕ ਤੌਰ ਤੇ ਨਹੀਂ ਮੰਨਦਾ ਉਸ ਨੂੰ ਇਸਲਾਮੀ ਫ਼ਿਰਕਾ ਨਹੀਂ ਮੰਨਿਆ ਜਾਂਦਾ। ਆਮ ਤੌਰ ਤੇ ਰਿਸਾਲਤ ਦੇ ਪਹਿਲੇ ਖੰਡ ਨੂੰ ਸਾਰੇ ਹੀ ਮੰਨਦੇ ਹਨ ਪਰੰਤੂ ਆਪਣੇ ਨਿਹਿਤ ਸਵਾਰਥਾਂ ਕਾਰਨ ਕਈ ਫ਼ਿਰਕੇ ਦੂਜੇ ਖੰਡ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ। ਇਸੇ ਕਾਰਨ ਉਨ੍ਹਾਂ ਦੀ ਗਿਣਤੀ ਗ਼ੈਰ-ਇਸਲਾਮੀ ਸੰਪ੍ਰਦਾਇਆਂ ਵਿਚ ਹੁੰਦੀ ਹੈ।
5. S. Amir Ali, The Sipirt of Islam, Idara Adabiyat-e-Delhi, 1978, pp. 314
6. ਉਹੀ, ਪੰਨਾ : 314

7. ਉਹੀ, ਪੰਨਾ : 293. ਹਵਾਲਾ Ibn-e-Khallikan. Vol. 1, pp. 383.
8. ਮੌ. ਅਕਬਰ ਸ਼ਾਹ ਖ਼ਾਂ ਨਜੀਬਆਬਾਦੀ, *ਤਾਰੀਖ਼-ਏ-ਇਸਲਾਮ* ਉਰਦ, ਜਿਲਦ ਪਹਿਲੀ, ਪੰਨਾ-242
9. ਪ੍ਰ. ਜਅਫ਼ਰ ਰਜ਼ਾ, *ਤਿਮਾਹੀ ਰਾਹ-ਏ-ਇਸਲਾਮ* (ਉਰਦੂ) ਅੰਕ 190, (ਅਕਤੂਬਰ-ਦਸੰਬਰ 2003) ਪੰਨਾ - 71
10. ਹਜ਼ਰਤ ਮੁਹੰਮਦ ਸ. ਦੀਆਂ ਕਈਆਂ ਸੰਤਾਨਾਂ ਦਾ ਛੋਟੀਆਂ ਉਮਰਾਂ ਵਿਚ ਹੀ ਦਿਹਾਂਤ ਹੋ ਗਿਆ ਸੀ। ਕੇਵਲ ਚਾਰ ਸਪੁੱਤਰੀਆਂ ਵੱਡੇ ਹੋਣ ਤੀਕ ਜੀਵਤ ਰਹੀਆਂ, ਜਿਨ੍ਹਾਂ ਦੇ ਨਾਂ ਹ. ਜ਼ੈਨਬ, ਹ. ਰੁਕੱਯਾ, ਹ. ਉੱਮ-ਏ-ਕੁਲਸੂਮ ਅਤੇ ਹ. ਫ਼ਾਤਿਮਾ ਹਨ। ਇਨ੍ਹਾਂ ਵਿਚੋਂ ਵੀ ਹ. ਫ਼ਾਤਿਮਾ ਦਾ ਹੀ ਅੱਗੋਂ ਬੰਸ ਚਲਿਆ।
11. ਇਨ੍ਹਾਂ ਇਮਾਮਾਂ ਦੇ ਨਾਂ ਕ੍ਰਮਵਾਰ ਇਹ ਹਨ : 1-ਹ. ਅਲੀ (ਮ. 661ਈ.) 2-ਹ. ਹਸਨ ਬਿਨ ਅਲੀ (ਮ.664 ਈ.) 3-ਹ.ਹੁਸੈਨ ਬਿਨ ਅਲੀ (ਮ.679 ਈ.) 4-ਹ.ਅਲੀ ਜ਼ੈਨੁਲਅਬਿਦੀਨ (ਮ. 713 ਈ.) 5- ਹ.ਮੁਹੰਮਦ.ਬਾਕਿਰ (676-731 ਈ.) 6-ਹ.ਜਅਫ਼ਰ ਸਾਦਿਕ (699- 675 ਈ.) 7-ਹ. ਮੂਸਾ ਕਾਜ਼ਿਮ ( 646-799 ਈ.) 8- ਹ. ਅਲੀ ਰਜ਼ਾ ( 770-817 ਈ.) 9- ਹ. ਅਬੂ ਜਅਫ਼ਰ ਮੁਹੰਮਦ ਤਕੀ (811-835 ਈ.) 10- ਹ. ਅਲੀ ਨਕੀ (ਮ. 868 ਈ.) 11- ਹ. ਹਸਨ ਅਸਕਰੀ (845-874 ਈ.) 12- ਹ. ਮੁਹੰਮਦ ਮਹਦੀ (ਜ. 878 ਈ.)
12. Andrew Rippin, Muslims, Vol. 1pp 114-15, S. Amir Ali. pp 125
13. S. Amir Ali, pp 123
14. ਪ੍ਰੋ ਜਅਫ਼ਰ ਰਜ਼ਾ, *ਤਿਮਾਹੀ ਰਾਹ-ਏ ਸਿਲਾਮ* ਅੰਕ 191, ਪੰਨਾ-58

# ਸੂਫ਼ੀਵਾਦ : ਪ੍ਰਮੁਖ ਸੰਪ੍ਰਦਾਇ

ਡਾ. ਅਨਵਰ ਚਿਰਾਗ਼*

ਸੂਫ਼ੀ ਸ਼ਬਦ ਦੀ ਵਿਉਤਪਤੀ ਸੰਬੰਧੀ ਵਿਦਵਾਨਾਂ ਨੇ ਵੱਖ-ਵੱਖ ਵਿਚਾਰ ਪ੍ਰਸਤੁਤ ਕੀਤੇ ਹਨ। ਇਸ ਸੰਬੰਧੀ ਜਿਹੜੇ ਵਿਭਿੰਨ ਸ਼ਬਦਾਂ ਦਾ ਜ਼ਿਕਰ ਕੀਤਾ ਜਾਂਦਾ ਹੈ ਉਹ ਹਨ ਸਫ਼ਾ, ਸਫ਼, ਸੁਫ਼ਾ, ਸੂਫ਼ ਅਤੇ ਸੂਫ਼ਾਨ ਆਦਿ। ਪੰਜਾਬੀ ਸਾਹਿਤ ਜਗਤ ਵਿਚ ਆਮ ਪ੍ਰਚੱਲਿਤ ਧਾਰਨਾ ਅਨੁਸਾਰ ਸੂਫ਼ੀ ਸ਼ਬਦ ਦੀ ਵਿਉਤਪਤੀ ਸੂਫ਼ ਸ਼ਬਦ ਤੋਂ ਹੋਈ ਪ੍ਰਵਾਨ ਕੀਤੀ ਜਾਂਦੀ ਹੈ। ਪਰੰਤੂ ਇਕਬਾਲ ਅਲੀ ਸ਼ਾਹ ਨੇ ਸੂਫ਼ੀ ਸ਼ਬਦ ਦੀ ਵਿਉਤਪਤੀ ਨੂੰ ਸਫ਼ਾ ਸ਼ਬਦ ਨਾਲ ਜੋੜਦਿਆਂ ਇਸਦੀ ਸੂਫ਼ੀਆਂ ਦੀ ਮਾਨਸਿਕ ਸ਼ੁੱਧਤਾ ਅਤੇ ਪਾਕੀਜ਼ਗੀ ਨਾਲ ਇਕਸੁਰਤਾ ਬਿਆਨ ਕੀਤੀ ਹੈ।[1] ਹਜ਼ਰਤ ਸ਼ੇਖ਼ ਅਲੀ ਹੁਜਵੀਰੀ ਨੇ ਆਪਣੀ ਪ੍ਰਸਿੱਧ ਪੁਸਤਕ ਕਸ਼ਫ਼ੁਲ ਮਹਿਜੂਬ ਵਿਚ ਇਸ ਬਾਰੇ ਗੰਭੀਰ ਚਰਚਾ ਕੀਤੀ ਹੈ। ਉਹਨਾਂ ਸੂਫ਼ੀ ਨਾਮਕਰਣ ਦੇ ਵਿਭਿੰਨ ਆਧਾਰਾਂ ਜਿਵੇਂ ਸੂਫ਼ ਦੇ ਕੱਪੜੇ ਪਹਿਨਣਾ, ਪਹਿਲੀ ਸਫ਼ ਵਿਚ ਬੈਠਣਾ, ਅਸਹਾਬ-ਏ-ਸੁਫ਼ਾ ਨਾਲ ਸੰਬੰਧਿਤ ਹੋਣਾ ਆਦਿ ਬਾਰੇ ਜ਼ਿਕਰ ਕਰਦਿਆਂ ਸੂਫ਼ੀ ਸ਼ਬਦ ਦੀ ਸਫ਼ਾ (ਸਫ਼ਾਈ, ਪਵਿੱਤਰਤਾ) ਸ਼ਬਦ ਨਾਲ ਅਧਿਕ ਨੇੜਤਾ ਸਵੀਕਾਰ ਕੀਤੀ ਹੈ।[2] ਹਜ਼ਰਤ ਅਬਦੁਲ ਕਾਦਿਰ ਜੀਲਾਨੀ ਅਨੁਸਾਰ ਵੀ ਸੂਫ਼ੀ ਸ਼ਬਦ ਤੋਂ ਭਾਵ ਹੈ ਪਵਿੱਤਰਤਾ, ਅੱਲਾਹ ਦਾ ਪਾਕ ਕੀਤਾ ਹੋਇਆ।[3] ਇਸ ਤਰ੍ਹਾਂ ਸੂਫ਼ੀ ਸ਼ਬਦ ਆਪਣੀ ਮੂਲ ਭਾਵਨਾ ਅਨੁਸਾਰ ਸ਼ਬਦ ਸਫ਼ਾ ਦੇ ਵਧੇਰੇ ਨਜ਼ਦੀਕ ਪ੍ਰਤੀਤ ਹੁੰਦਾ ਹੈ। ਸੂਫ਼ੀ ਸ਼ਬਦ ਦਾ ਪ੍ਰਯੋਗ ਸਭ ਤੋਂ ਪਹਿਲਾਂ ਸੂਫ਼ੀ ਦਰਵੇਸ਼ ਹਜ਼ਰਤ ਅਬੂ ਹਾਸ਼ਮ ਕੂਫ਼ੀ ਦੇ ਨਾਮ ਨਾਲ ਹੋਇਆ।[4] ਉਰਦੂ ਦਾਇਰਾ-ਏ-ਮਆਰਫ਼-ਏ- ਇਸਲਾਮੀਆ ਅਨੁਸਾਰ ਸੂਫ਼ੀ ਸ਼ਬਦ ਇਕ ਲਕਬ ਵਜੋਂ ਸਭ ਤੋਂ ਪਹਿਲਾਂ ਅੱਠਵੀਂ ਸਦੀ ਦੇ ਦੂਜੇ ਅੱਧ ਵਿਚ ਕੂਫ਼ਾ ਸ਼ਹਿਰ ਦੇ ਜਾਬਿਰ ਬਿਨ ਹੱਯਾਨ ਦੇ ਨਾਮ ਨਾਲ ਪ੍ਰਯੋਗ ਕੀਤਾ ਗਿਆ। ਤਪੱਸਿਆ ਦੇ ਖੇਤਰ ਵਿਚ ਇਹਨਾਂ ਦਾ ਵਿਸ਼ੇਸ਼ ਸਥਾਨ ਸੀ। ਅਬੂ ਹਾਸ਼ਮ ਕੂਫ਼ੀ ਦੇ ਨਾਮ ਨਾਲ ਪਹਿਲੀ ਵਾਰ 199 ਹਿ./814 ਈ. ਵਿਚ ਇਸ ਸ਼ਬਦ ਦੇ ਬਹੁਵਚਨ ਰੂਪ 'ਸੂਫ਼ੀਆ' ਦਾ ਪ੍ਰਯੋਗ ਕੀਤਾ ਗਿਆ। ਇਮਾਮ ਕੁਸ਼ੈਰੀ ਅਨੁਸਾਰ ਸੂਫ਼ੀ ਸ਼ਬਦ ਦਾ ਪ੍ਰਚਲਨ 822 ਈ. ਤੱਕ ਆਮ ਹੋ ਗਿਆ ਸੀ।[5]

ਇਸਲਾਮੀ ਸਾਹਿਤ ਵਿਚ ਸੂਫ਼ੀ ਦਰਵੇਸ਼ ਲਈ ਵਲੀ-ਅੱਲਾਹ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਸਦਾ ਅਰਥ ਹੈ ਅੱਲਾਹ ਦਾ ਦੋਸਤ। ਵਲੀ ਦਾ ਬਹੁਵਚਨ ਔਲੀਆ ਹੈ। ਇਸ ਤਰ੍ਹਾਂ ਵਲੀ ਜਾਂ ਔਲੀਆ ਰੱਬ ਦੇ ਦੋਸਤ ਹਨ। ਇਸਲਾਮ ਵਿਚ ਇਹਨਾਂ ਦਾ ਮਰਤਬਾ ਸਹਾਬਾ-ਏ-ਕਰਾਮ ਅਰਥਾਤ ਹਜ਼ਰਤ ਮੁਹੰਮਦ (ਸ.) ਦੇ ਸਾਥੀਆਂ ਤੋਂ ਬਾਅਦ ਸਭ ਤੋਂ ਉੱਚਤਮ ਹੈ। ਹਜ਼ਰਤ ਅਲੀ ਹੁਜਵੀਰੀ ਅਨੁਸਾਰ ਜਦੋਂ ਮਨੁੱਖ ਨੇ ਆਪਣੇ ਇਖ਼ਲਾਕ ਅਤੇ ਸੰਸਾਰਿਕ ਕਾਰ-

* ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਵਿਹਾਰ ਨੂੰ ਸੱਭਿਅਕ ਬਣਾ ਲਿਆ ਅਤੇ ਦੁੱਖਾਂ ਤੇ ਮੁਸੀਬਤਾਂ (ਸੰਸਾਰਿਕ ਬੁਰਾਈਆਂ) ਤੋਂ ਆਪਣੇ ਆਪ ਨੂੰ ਪਾਕ ਸਾਫ਼ ਕਰ ਲਿਆ ਤਾਂ ਉਹਨਾਂ ਨੂੰ ਸੂਫ਼ੀ ਕਿਹਾ ਗਿਆ। ਇਸ ਪ੍ਰਕਾਰ ਸੂਫ਼ੀ ਉਹ ਹੁੰਦਾ ਹੈ ਜੋ ਆਪਣੇ ਆਪ ਤੋਂ ਫ਼ਾਨੀ ਅਤੇ ਰੱਬ ਦੀ ਜ਼ਾਤ ਨਾਲ ਬਾਕੀ ਹੋਵੇ। ਤਬੀਅਤ ਅਨੁਸਾਰ ਕਬਜ਼ੇ ਦੀ ਭਾਵਨਾ (ਸੰਸਾਰਕ ਇੱਛਾਵਾਂ) ਤੋਂ ਮੁਕਤ ਹੋਵੇ ਅਤੇ ਰੱਬ ਨਾਲ ਮਿਲਿਆ ਹੋਵੇ। ਅਬੁਲ ਹਸਨ ਨੂਰੀ ਅਨੁਸਾਰ ਸੂਫ਼ੀ ਉਹ ਲੋਕ ਹਨ ਜਿਨ੍ਹਾਂ ਦੀਆਂ ਰੂਹਾਂ ਦੁਨਿਆਵੀ ਬੁਰਾਈਆਂ ਤੋਂ ਪਾਕ ਹੋ ਚੁੱਕੀਆਂ ਹਨ। ਉਹ ਅੱਲਾਹ ਦੇ ਹਜ਼ੂਰ ਪਹਿਲੀ ਕਤਾਰ ਵਿਚ ਉਪਸਥਿਤ ਹਨ। ਮੌਲਾਨਾ ਸ਼ਿਬਲੀ ਮੁਤਾਬਿਕ ਸੂਫ਼ੀ ਦੋਹਾਂ ਜਹਾਨਾਂ ਵਿਚ ਅੱਲਾਹ ਤੋਂ ਸਿਵਾ ਕਿਸੇ ਹੋਰ ਨੂੰ ਨਹੀਂ ਵੇਖਦਾ।

ਹਜ਼ਰਤ ਖ਼ੁਆਜਾ ਬੰਦਾ ਨਵਾਜ਼ ਅਨੁਸਾਰ "ਸੂਫ਼ੀ ਉਹ ਹੈ ਜੋ ਕਦੂਰਤ ਅਰਥਾਤ ਗੰਦਗੀ ਤੋਂ ਪਾਕ, ਚਿੰਤਨ ਨਾਲ ਲਬਰੇਜ਼, ਖ਼ਲਕਤ ਤੋਂ ਦੂਰ ਅਤੇ ਰੱਬ ਦੇ ਨਜ਼ਦੀਕ ਹੋਵੇ ਅਤੇ ਜਿਸ ਵਾਸਤੇ ਸੋਨਾ ਤੇ ਮਿੱਟੀ ਦਾ ਢੇਲਾ ਬਰਾਬਰ ਹੋਣ। ਹਜ਼ਰਤ ਜ਼ੁਲਨੂਨ ਮਿਸਰੀ ਅਨੁਸਾਰ ਸੂਫ਼ੀ ਜਦੋਂ ਬੋਲਦਾ ਹੈ ਤਾਂ ਉਸਦੇ ਬੋਲ ਹਕੀਕਤਾਂ ਦਾ ਇਜ਼ਹਾਰ ਕਰਦੇ ਹਨ। ਹਜ਼ਰਤ ਅਬਦੁਲ ਕਾਦਿਰ ਜੀਲਾਨੀ ਨੇ ਸੂਫ਼ੀ-ਵਿਅਕਤਿਤਵ ਦੀ ਸਮੁੱਚੀ ਤਸਵੀਰ ਪੇਸ਼ ਕਰਦਿਆਂ ਲਿਖਿਆ ਹੈ ਕਿ ਸੂਫ਼ੀ ਤੋਂ ਭਾਵ ਹੈ ਪਾਕੀਜ਼ਗੀ, ਸਫ਼ਾਈ ਜਾਂ ਪਵਿੱਤਰਤਾ। ਭਾਵ ਅੱਲਾਹ ਦਾ ਪਾਕ ਕੀਤਾ ਹੋਇਆ। ਸਪਸ਼ਟ ਹੋਇਆ ਕਿ ਸੂਫ਼ੀ ਪਾਕ ਵਿਅਕਤੀ ਨੂੰ ਕਿਹਾ ਜਾਂਦਾ ਹੈ ਅਤੇ ਪਾਕ ਵਿਅਕਤੀ ਉਹ ਹੈ ਜੋ ਆਪਣੇ ਦਿਲ ਨੂੰ ਨਫ਼ਸਾਨੀ ਬੁਰਾਈਆਂ ਅਤੇ ਬੁਰੇ ਅਮਲਾਂ ਤੋਂ ਪਾਕ ਰੱਖੇ, ਨੇਕ ਕੰਮ ਕਰੇ, ਅੱਲਾਹ ਦਾ ਹੱਕ ਅਦਾ ਕਰੇ। ਆਮ ਲੋਕਾਂ ਦੇ ਪਿਆਰ ਵਿਚ ਉਸਦਾ ਦਿਲ ਬੇਚੈਨ ਰਹੇ, ਗੋਸ਼ਾਨਸ਼ੀਨੀ ਇਖ਼ਤਿਆਰ ਕਰਕੇ ਅੱਲਾਹ ਦੀ ਬਾਰਗਾਹ ਵਿਚ ਹਾਜ਼ਰ ਰਹੇ, ਖ਼ੁਦਾ ਦੇ ਹਜ਼ੂਰ ਉਸਨੂੰ ਸਕੂਨ ਹਾਸਲ ਹੋਵੇ, ਸੂਫ਼ੀ ਮਿਹਨਤ ਅਤੇ ਮੁਸ਼ੱਕਤ ਦਾ ਰਸਤਾ ਤੈਅ ਕਰਕੇ ਜਦੋਂ ਮੰਜ਼ਿਲ 'ਤੇ ਪਹੁੰਚ ਜਾਂਦਾ ਹੈ ਤਾਂ ਮਹਿਬੂਬ (ਰੱਬ) ਦਾ ਵਸਲ (ਮਿਲਾਪ) ਉਸਨੂੰ ਪ੍ਰਾਪਤ ਹੋ ਜਾਂਦਾ ਹੈ। ਉਸ ਦਾ ਨਫ਼ਸ ਅੱਲਾਹ ਦੀ ਮੁਹੱਬਤ ਵਿਚ ਜਲ ਜਾਂਦਾ ਹੈ। ਉਸਦੇ ਦਿਲ ਤੋਂ ਦੁਨੀਆਂ ਦੀ ਹਵਸ ਦੂਰ ਹੋ ਜਾਂਦੀ ਹੈ ਅਤੇ ਕੋਈ ਇੱਛਾ ਬਾਕੀ ਨਹੀਂ ਰਹਿੰਦੀ। ਉਸ ਵੇਲੇ ਉਹ ਸੂਫ਼ੀ ਅਖਵਾਉਂਦਾ ਹੈ।[6] ਇਸ ਤਰ੍ਹਾਂ ਸੂਫ਼ੀ ਉਸ ਵਿਅਕਤੀ ਨੂੰ ਕਿਹਾ ਜਾ ਸਕਦਾ ਹੈ ਜਿਸ ਦਾ ਦਿਲ ਗ਼ੈਰ-ਅੱਲਾਹ ਅਤੇ ਸੰਸਾਰ ਦੀਆਂ ਤਮਾਮ ਬੁਰਾਈਆਂ ਤੋਂ ਪਾਕ ਹੋਵੇ। ਉਸਨੂੰ ਰੱਬ ਦੀ ਮਾਰਫ਼ਤ ਅਤੇ ਉਸਦਾ ਵਿਸਾਲ ਪ੍ਰਾਪਤ ਹੋਵੇ।

ਸੂਫ਼ੀਵਾਦ ਨੂੰ ਇਸਲਾਮੀ ਸਾਹਿਤ ਦੀ ਪਰਿਭਾਸ਼ਕ ਸ਼ਬਦਾਵਲੀ ਵਿਚ ਤਸੱਵੁਫ਼ ਕਿਹਾ ਜਾਂਦਾ ਹੈ। ਤਸੱਵੁਫ਼ ਇਕ ਅਮਲੀ ਅਤੇ ਅਧਿਆਤਮਕ ਜੀਵਨ-ਜਾਚ ਹੈ। ਇਸ ਸੰਬੰਧੀ ਵਿਭਿੰਨ ਸੂਫ਼ੀ ਦਰਵੇਸ਼ਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਹਜ਼ਰਤ ਅਬੁਲ ਹਸਨ ਨੂਰੀ ਅਨੁਸਾਰ 'ਤਸੱਵੁਫ਼' ਸਾਰੀਆਂ ਕਾਮ ਵਾਸ਼ਨਾਵਾਂ ਦੀਆਂ ਲੱਜ਼ਤਾਂ ਨੂੰ ਤਰਕ ਕਰ ਦੇਣ ਦਾ ਨਾਮ ਹੈ। ਇਸ ਦੀਆਂ ਦੋ ਕਿਸਮਾਂ ਹਨ ਪਹਿਲੀ ਰਸਮ ਅਤੇ ਦੂਸਰੀ ਹਕੀਕਤ। ਲੱਜ਼ਤ ਨੂੰ ਤਰਕ ਕਰ ਦੇਣਾ ਬੰਦੇ ਦਾ ਕੰਮ ਹੈ ਅਤੇ ਇਸ ਦਾ ਫ਼ਨਾਹ ਹੋ ਜਾਣਾ ਹਕੀਕਤ ਹੈ ਜਿਸਦਾ ਸੰਬੰਧ ਖ਼ੁਦਾਈ ਦਰਸ਼ਨ ਨਾਲ ਜੁੜਿਆ ਹੋਇਆ ਹੈ। ਅਬੂਬਕਰ ਸ਼ਿਬਲੀ ਅਨੁਸਾਰ ਤਸੱਵੁਫ਼ ਵਿਚ ਕੇਵਲ ਖ਼ੁਦਾ 'ਤੇ ਹੀ ਨਜ਼ਰ ਰੱਖੀ ਜਾਂਦੀ ਹੈ, ਗ਼ੈਰ ਤੇ ਨਹੀਂ। ਹਜ਼ਰਤ ਮੁਰਤਅਸ਼ ਦਾ ਕਥਨ ਹੈ ਕਿ ਤਸੱਵੁਫ਼ ਨੇਕ

ਸੁਭਾਅ ਦਾ ਨਾਮ ਹੈ। ਇਸ ਦੀਆਂ ਤਿੰਨ ਕਿਸਮਾਂ ਹਨ ਪਹਿਲੀ ਰੱਬੀ ਹੁਕਮਾਂ ਦੀ ਸ਼ਰਧਾ ਪੂਰਵਕ ਪੈਰਵੀ ਕਰਨਾ, ਦੂਸਰੀ ਲੋਕਾਂ ਨਾਲ ਪਿਆਰ ਨਾਲ ਪੇਸ਼ ਆਉਣਾ। ਵੱਡਿਆਂ ਦਾ ਸਤਿਕਾਰ, ਛੋਟਿਆਂ ਨੂੰ ਪਿਆਰ ਅਤੇ ਹਮ-ਉਮਰ ਵਾਲਿਆਂ ਨਾਲ ਬਰਾਬਰੀ ਦਾ ਵਿਹਾਰ ਕਰਨਾ ਅਤੇ ਨੇਕੀ ਬਦਲੇ ਕਿਸੇ ਤੋਂ ਕੋਈ ਇੱਛਾ ਨਾ ਰੱਖਣਾ। ਤੀਸਰੀ ਕਿਸਮ ਹੈ ਸ਼ੈਤਾਨ ਅਤੇ ਕਾਮ ਵਾਸ਼ਨਾਵਾਂ ਦੀ ਪੈਰਵੀ ਨਾ ਕਰਨਾ। ਸ਼ੇਖ਼ ਅਬੂ-ਉਲ-ਹਸਨ ਦੇ ਕਥਨ ਅਨੁਸਾਰ 'ਤਸੱਵੁਫ਼' ਇਲਮਾਂ ਤੇ ਰਸਮਾਂ ਦਾ ਨਾਂ ਨਹੀਂ ਸਗੋਂ ਇਖ਼ਲਾਕ ਦਾ ਨਾਂ ਹੈ।

ਸੂਫ਼ੀਵਾਦ ਇਕ ਅਜਿਹਾ ਸਵੈ-ਅਨੁਸ਼ਾਸਨ ਹੈ ਜਿਹੜਾ ਵਿਸ਼ੇਸ਼ ਵਿਧੀ-ਵਿਧਾਨ ਦਾ ਅਨੁਸਰਨ ਕਰਦਿਆਂ ਉੱਤਮ ਰੂਹਾਨੀ ਜੀਵਨ-ਜਾਚ ਦੀ ਸਿਰਜਣਾ ਕਰਦਾ ਹੈ। ਹਜ਼ਰਤ ਜੁਨੈਦ ਬਗ਼ਦਾਦੀ ਅਨੁਸਾਰ ਖ਼ੁਦਾ ਤੋਂ ਬਿਨ੍ਹਾਂ ਹੋਰ ਸਭ ਕੁਝ ਨੂੰ ਤਰਕ ਕਰ ਦੇਣਾ ਤਸੱਵੁਫ਼ ਹੈ। ਤਸੱਵੁਫ਼ ਦਾ ਇਲਮ ਕੁਰਆਨ-ਓ-ਸੁਨਤ ਤੋਂ ਬਾਹਰ ਨਹੀਂ ਹੈ। ਜੋ ਕੁਰਆਨ ਅਤੇ ਹਦੀਸ ਦਾ ਗਿਆਨ ਨਹੀਂ ਰੱਖਦਾ, ਉਹ ਤਸੱਵੁਫ਼ ਬਾਰੇ ਜ਼ਿਕਰ ਕਰਨ ਦੇ ਯੋਗ ਨਹੀ ਹੈ। ਹਰ ਬੁਰੇ ਇਖ਼ਲਾਕ ਤੋਂ ਕਿਨਾਰਾਕਸ਼ੀ ਅਤੇ ਹਰ ਚੰਗੇ ਇਖ਼ਲਾਕ ਦਾ ਧਾਰਨ ਕਰਨਾ ਤਸੱਵੁਫ਼ ਹੈ।' ਰੱਬ ਦੀ ਜ਼ਾਤ ਤੋਂ ਬਿਨ੍ਹਾਂ ਹੋਰ ਸਭ ਕੁਝ ਦਾ ਪੂਰਨ ਤਿਆਗ ਸੂਫ਼ੀ ਦਾ ਮੂਲ ਧਰਮ ਹੈ। ਇਕ ਰੱਬ ਵਿਚ ਫ਼ਨਾ (ਅਭੇਦ) ਹੋ ਕੇ ਬਕਾ (ਸਦੀਵੀ ਜੀਵਨ) ਪ੍ਰਾਪਤ ਕਰਨਾ ਸੂਫ਼ੀਵਾਦ ਦਾ ਆਦਰਸ਼ ਹੈ। ਇਸ ਤਰ੍ਹਾਂ ਸਮੁੱਚੇ ਰੂਪ 'ਚ ਕਿਹਾ ਜਾ ਸਕਦਾ ਹੈ ਕਿ ਸੂਫ਼ੀਵਾਦ ਦਾ ਪ੍ਰਮੁਖ ਵਿਸ਼ਾ ਆਤਮਿਕ ਸ਼ੁੱਧਤਾ ਅਤੇ ਆਦਰਸ਼ ਰੱਬੀ ਗਿਆਨ/ਵਿਸ਼ਾਲ ਦੀ ਪ੍ਰਾਪਤੀ ਨਾਲ ਸੰਬੰਧਿਤ ਹੈ। ਇਸਲਾਮੀ ਵਿਚਾਰਧਾਰਾ ਦੇ ਅੰਤਰਗਤ ਇਸ ਮੰਤਵ ਦੀ ਪੂਰਤੀ ਲਈ ਜਿਸ ਵਿਧੀ-ਵਿਧਾਨ ਦਾ ਪ੍ਰਯੋਗ ਕੀਤਾ ਜਾਂਦਾ ਹੈ ਉਸਨੂੰ ਤਸੱਵੁਫ਼ ਕਿਹਾ ਜਾਂਦਾ ਹੈ।

ਸੂਫ਼ੀਵਾਦ ਦਾ ਆਰੰਭ ਹਜ਼ਰਤ ਮੁਹੰਮਦ (ਸ.) ਤੋਂ ਹੀ ਪ੍ਰਵਾਨ ਕੀਤਾ ਜਾਂਦਾ ਹੈ। ਆਪ (ਸ.) ਦੁਆਰਾ ਪ੍ਰਯੁਕਤ ਸ਼ਬਦ 'ਇਹਸਾਨ' ਅਜੋਕੇ 'ਤਸੱਵੁਫ਼' ਨਾਲ ਭਾਵਾਰਥ ਇਕਸੁਰਤਾ ਦਾ ਲਖਾਇਕ ਹੈ। ਇਸ ਸੰਬੰਧੀ ਆਪ (ਸ.) ਦੀਆਂ ਵਿਭਿੰਨ ਹਦੀਸਾਂ ਮਿਲਦੀਆਂ ਹਨ। ਇਕ ਹਦੀਸ ਅਨੁਸਾਰ ਆਪ (ਸ.) ਨੇ ਫ਼ਰਮਾਇਆ ਕਿ 'ਇਹਸਾਨ ਇਹ ਹੈ ਕਿ ਤੁਸੀਂ ਇਸ ਤਰ੍ਹਾਂ ਇਬਾਦਤ ਕਰੋ ਜਿਵੇਂ ਤੁਸੀਂ ਰੱਬ ਨੂੰ ਵੇਖ ਰਹੇ ਹੋਵੋ। ਜੇਕਰ ਇਹ ਸੰਭਵ ਨਾ ਹੋਵੇ ਤਾਂ ਤੁਸੀਂ ਇਹ ਮਹਿਸੂਸ ਕਰੋ ਕਿ ਉਹ ਤੁਹਾਨੂੰ ਵੇਖ ਰਿਹਾ ਹੈ।' ਇਸ ਤਰ੍ਹਾਂ ਇਸ ਹਦੀਸ ਵਿਚ ਮਨੁੱਖ ਅਤੇ ਰੱਬ ਵਿਚ ਨਿੱਜੀ ਅਤੇ ਸਪਸ਼ਟ ਸੰਬੰਧ ਸਥਾਪਿਤ ਹੋਣ ਦਾ ਉਲੇਖ ਅੰਕਿਤ ਹੈ। ਹਜ਼ਰਤ ਮੁਹੰਮਦ (ਸ.) ਦਾ ਸਮੁੱਚਾ ਜੀਵਨ ਦਰਵੇਸ਼ਾਨਾ ਜੀਵਨ-ਜਾਚ ਦੀ ਉੱਤਮ ਮਿਸਾਲ ਪੇਸ਼ ਕਰਦਾ ਹੈ। ਖ਼ੁਲਫ਼ਾ-ਏ-ਰਾਸ਼ਦੀਨ ਅਤੇ ਦੂਸਰੇ ਸਹਾਬਾ ਦਾ ਜੀਵਨ ਵਿਸ਼ੇਸ਼ਕਰ ਅਸਹਾਬ-ਏ-ਸੁਫ਼ਾ ਦਰਵੇਸ਼ਾਨਾ ਜੀਵਨ ਬਤੀਤ ਕਰਦੇ ਸਨ। ਉਹਨਾਂ ਦੀ ਜ਼ਿੰਦਗੀ ਪੂਰਨ ਰੂਪ ਵਿਚ ਰੱਬ ਦੀ ਇਬਾਦਤ ਲਈ ਸਮਰਪਿਤ ਸੀ।

ਇਸਲਾਮ ਨੇ ਆਂਤਰਿਕ ਪਵਿੱਤਰਤਾ ਵਲ ਵਿਸ਼ੇਸ਼ ਧਿਆਨ ਦਿੱਤਾ ਹੈ ਕਿਉਂਕਿ ਜਦ ਤੱਕ ਮਨੁੱਖ ਦਾ ਦਿਲ ਨਾ ਬਦਲੇ, ਉਸ ਵਿਚ ਕੋਈ ਇਨਕਲਾਬ ਪੈਦਾ ਨਹੀਂ ਹੋ ਸਕਦਾ। ਇਸਲਾਮ ਵਿਚ ਇਬਾਦਤ ਅਤੇ ਜ਼ੁਹਦ ਦੀ ਸਿੱਖਿਆ ਦਿੱਤੀ ਗਈ ਹੈ। ਸੂਫ਼ੀ ਦਰਵੇਸ਼ ਵੀ ਅਤਿ ਅਧਿਕ ਬੰਦਗੀ ਕਰਦੇ ਹਨ ਅਤੇ ਆਪਣੇ ਮੁਰੀਦਾਂ ਨੂੰ ਵੀ ਇਸ ਦੀ ਪੈਰਵੀ ਕਰਨ ਦਾ ਆਦੇਸ਼ ਦਿੰਦੇ

ਹਨ। ਤਸੱਵੁਫ਼ ਦਾ ਪ੍ਰਮੁਖ ਵਿਸ਼ਾ ਤਜ਼ਕੀਆ-ਏ-ਨਫ਼ਸ (purification of self) ਹੈ। ਪਵਿੱਤਰ ਕੁਰਆਨ ਵਿਚ ਇਸ ਸੰਬੰਧੀ ਫ਼ਰਮਾਇਆ ਗਿਆ ਹੈ :

*ਹਮੇਸ਼ਾਂ ਰਹਿਣ ਵਾਲੇ ਬਾਗ, ਜਿਨ੍ਹਾਂ ਦੇ ਥੱਲੇ ਨਹਿਰਾਂ ਵਗਦੀਆਂ ਹਨ, ਉਹ ਉਹਨਾਂ ਵਿਚ ਹਮੇਸ਼ਾਂ ਰਹਿਣਗੇ। ਇਹ ਇਨਾਮ ਉਸਦੇ ਲਈ ਹੈ ਜੋ (ਨਫ਼ਸ ਦੀ ਬੁਰਾਈ ਤੋਂ) ਪਾਕ ਹੋਵੇ।* (ਸੂਰਤ ਤਾ.ਹਾ. : 12)

ਇਕ ਹਦੀਸ-ਏ-ਕੁਦਸੀ ਵਿਚ ਫ਼ਰਮਾਇਆ ਗਿਆ ਹੈ ਕਿ 'ਮੈਂ ਆਪਣੀ ਜ਼ਮੀਨ ਅਤੇ ਅਸਮਾਨ ਵਿਚ ਨਹੀਂ ਸਮਾ ਸਕਦਾ ਪਰੰਤੂ ਮੈਂ ਆਪਣੇ ਮੋਮਿਨ, ਪ੍ਰਹੇਜ਼ਗਾਰ ਦੇ ਦਿਲ ਵਿਚ ਸਮਾ ਜਾਂਦਾ ਹਾਂ।' ਇਸ ਤਰ੍ਹਾਂ ਨਫ਼ਸ ਜਾਂ ਦਿਲ ਦੀ ਸਫ਼ਾਈ ਈਮਾਨ ਦੀ ਉੱਤਮਤਾ ਅਤੇ ਨੇਕ ਅਮਲਾਂ ਦੀ ਜੜ੍ਹ ਹੈ। ਜਦੋਂ ਮਨੁੱਖ ਦਾ ਦਿਲ ਬੁਰਾਈ ਤੋਂ ਪਾਕ ਸਾਫ਼ ਹੋ ਜਾਂਦਾ ਹੈ ਤਾਂ ਸਰੀਰ ਦੇ ਦੂਸਰੇ ਅੰਗ ਵੀ ਬੁਰਾਈ ਤੋਂ ਦੂਰ ਹੋ ਜਾਂਦੇ ਹਨ। ਮਿਸਾਲ ਵਜੋਂ ਅੱਖ ਵਿਚੋਂ ਅਸ਼ਲੀਲਤਾ ਦੂਰ ਹੋ ਜਾਂਦੀ ਹੈ। ਜ਼ਬਾਨ ਝੂਠ ਅਤੇ ਨਿੰਦਾ ਚੁਗਲੀ ਦਾ ਸਾਥ ਛੱਡ ਦਿੰਦੀ ਹੈ। ਹਜ਼ਰਤ ਮੁਹੰਮਦ (ਸ.) ਦੇ ਕਥਨ ਅਨੁਸਾਰ 'ਇਨਸਾਨ ਦੇ ਜਿਸਮ ਵਿਚ ਇਕ ਲੋਥੜਾ ਹੈ। ਜੇਕਰ ਉਹ ਵਧੀਆ ਬਣ ਜਾਵੇ ਤਾਂ ਇਨਸਾਨ ਵਧੀਆ ਬਣ ਜਾਂਦਾ ਹੈ। ਜੇ ਉਹ ਖ਼ਰਾਬ ਹੋ ਜਾਵੇ ਤਾਂ ਇਨਸਾਨ ਖ਼ਰਾਬ ਹੋ ਜਾਂਦਾ ਹੈ। ਸਾਵਧਾਨ ਰਹੋ! ਉਹ ਲੋਥੜਾ ਦਿਲ ਹੈ।' ਇਸ ਪ੍ਰਕਾਰ ਆਤਮਿਕ ਸ਼ੁੱਧਤਾ ਜਾਂ ਦਿਲ ਦੀ ਸਫ਼ਾਈ ਇਸਲਾਮੀ ਅਤੇ ਸੂਫ਼ੀ ਚਿੰਤਨ ਦਾ ਪ੍ਰਮੁਖ ਵਿਸ਼ਾ ਹੈ। ਪਵਿੱਤਰ ਕੁਰਆਨ ਦੀਆਂ ਵਿਭਿੰਨ ਆਇਤਾਂ ਅਤੇ ਹਜ਼ਰਤ ਮੁਹੰਮਦ (ਸ.) ਦੇ ਕਥਨਾਂ ਦਾ ਜੇਕਰ ਗੰਭੀਰਤਾ ਪੂਰਵਕ ਅਧਿਐਨ ਕੀਤਾ ਜਾਵੇ ਤਾਂ ਸੂਫ਼ੀਵਾਦ ਦੇ ਬੁਨਿਆਦੀ ਸਿਧਾਂਤ ਕੁਰਆਨ ਅਤੇ ਹਦੀਸ ਵਿਚੋਂ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ। ਇਸ ਤਰ੍ਹਾਂ ਇਸਲਾਮੀ ਚਿੰਤਨ ਨੂੰ ਸੂਫ਼ੀ ਦਰਸ਼ਨ ਦੀ ਨੀਂਹ ਸਵੀਕਾਰ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ।

ਹਜ਼ਰਤ ਮੁਹੰਮਦ (ਸ.) ਦੀ ਵਫ਼ਾਤ (632 ਈ.) ਉਪਰੰਤ ਮੁਸਲਿਮ ਜਗਤ ਵਿਚ ਆਪ (ਸ.) ਦੇ ਸਾਥੀਆਂ ਨੂੰ ਸਤਿਕਾਰਤ ਸ਼ਬਦ 'ਸਹਾਬਾ' ਨਾਲ ਸੰਬੋਧਿਤ ਕੀਤਾ ਜਾਂਦਾ ਸੀ। ਇਹ ਲੋਕ ਆਰਿਫ਼ ਅਰਥਾਤ ਗਿਆਨਵਾਨ ਸਨ। ਜਿਹਨਾਂ ਬਜ਼ੁਰਗਾਂ ਨੂੰ ਸਹਾਬਾ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੋਇਆ ਉਨ੍ਹਾਂ ਨੂੰ 'ਤਾਬੇਈਨ' ਕਿਹਾ ਜਾਣ ਲੱਗ ਪਿਆ। ਜੋ ਲੋਕ ਤਾਬੇਈਨ ਤੋਂ ਰੂਹਾਨੀ ਫ਼ੈਜ਼ ਪ੍ਰਾਪਤ ਕਰਨ ਵਾਲੇ ਸਨ ਉਹਨਾਂ ਨੂੰ 'ਅਤਬਾ-ਏ-ਤਾਬੇਈਨ' ਭਾਵ ਤਾਬੇਦਾਰਾਂ ਦੇ ਤਾਬੇਦਾਰ ਦੇ ਨਾਮ ਨਾਲ ਸਨਮਾਨਿਆ ਗਿਆ। ਇਸ ਤੋਂ ਬਾਅਦ ਵਕਤ ਨੇ ਕਰਵਟ ਬਦਲੀ ਅਤੇ ਲੋਕਾਂ ਦੀ ਜੀਵਨ-ਜਾਚ, ਹਾਲ ਤੇ ਮਰਤਬੇ ਵਿਚ ਵਿਸ਼ੇਸ਼ ਅੰਤਰ ਆਉਣ ਲੱਗ ਪਿਆ। ਜਿਹੜੇ ਲੋਕਾਂ ਦਾ ਧਿਆਨ ਸ਼ਰੱਈ ਆਦੇਸ਼ਾਂ ਦੀ ਪੈਰਵੀ ਵਲ ਅਧਿਕ ਸੀ ਉਹਨਾਂ ਨੂੰ 'ਜ਼ੁਹਾਦ' ਅਤੇ 'ਉੱਬਾਦ' ਕਿਹਾ ਗਿਆ। ਫਿਰ ਹੌਲੀ ਹੌਲੀ ਧਰਮ ਵਿਚ ਪਤਨ ਸ਼ੁਰੂ ਹੋ ਗਿਆ ਜਿਸਨੂੰ ਵੇਖ ਕੇ ਸੱਚੇ ਪ੍ਰਭੂ-ਪ੍ਰੇਮੀਆਂ ਨੇ ਦੁਨੀਆਂ ਤੋਂ ਅਲਹਿਦਗੀ ਅਖ਼ਤਿਆਰ ਕਰਨੀ ਆਰੰਭ ਕਰ ਦਿੱਤੀ ਤੇ ਲੋਕ ਉਹਨਾਂ ਨੂੰ ਸੂਫ਼ੀ ਕਹਿਣ ਲੱਗ ਪਏ।[10] ਖੁਲਫ਼ਾ-ਏ-ਰਾਸ਼ਦੀਨ ਦੇ ਸ਼ਾਸਨਕਾਲ (632-66 ਈ.) ਦੌਰਾਨ ਇਹਨਾਂ ਦਰਵੇਸ਼ਾਂ ਨੂੰ ਅਧਿਆਤਮਕ ਸਾਧਨਾ ਲਈ ਲੋੜੀਂਦਾ ਮਾਹੌਲ ਪ੍ਰਾਪਤ ਰਿਹਾ ਕਿਉਂਕਿ ਇਹਨਾਂ ਖ਼ਲੀਫ਼ਿਆਂ ਦੀ ਆਪਣੀ ਸ਼ਖ਼ਸੀਅਤ ਫ਼ਕੀਰਾਨਾ ਅਤੇ ਉੱਚਤਮ ਨੈਤਿਕ ਕਦਰਾਂ-ਕੀਮਤਾਂ ਦੀ ਧਾਰਨੀ ਸੀ। ਇਸ ਖ਼ਿਲਾਫ਼ਤ ਦੇ ਦੌਰ ਤੋਂ ਬਾਅਦ ਜਦੋਂ ਉਮੈਯਾ ਵੰਸ਼ੀ

ਬਾਦਸ਼ਾਹਤ ਦਾ ਯੁੱਗ ਸ਼ੁਰੂ ਹੋਇਆ ਤਾਂ ਇਸਲਾਮ ਧਾਰਮਿਕ ਅਤੇ ਰਾਜਨੀਤਿਕ ਤੌਰ 'ਤੇ ਪਤਨ-ਗ੍ਰਸਤ ਹੋਣ ਲੱਗ ਪਿਆ।

ਹਜ਼ਰਤ ਮੁਹੰਮਦ (ਸ.) ਦੇ ਜੀਵਨ ਕਾਲ ਵਿਚ ਕੁਝ ਨਿਆਸਰੇ ਅਤੇ ਗਰੀਬ ਲੋਕ ਮਸਜਿਦ-ਏ-ਨਬਵੀ ਵਿਖੇ ਇਕ ਛੱਤ-ਰਹਿਤ ਚਬੂਤਰੇ 'ਤੇ ਰੱਬੀ ਇਬਾਦਤ ਵਿਚ ਜੀਵਨ ਬਤੀਤ ਕਰਦੇ ਸਨ। ਇਹਨਾਂ ਦੇ ਜੀਵਨ ਦਾ ਮੂਲ ਆਦਰਸ਼ ਰੱਬੀ ਸਿਮਰਨ ਅਤੇ ਇਸਲਾਮ ਦਾ ਪ੍ਰਚਾਰ ਸੀ। ਇਸਲਾਮੀ ਜਗਤ ਵਿਚ ਇਹਨਾਂ ਨੂੰ ਅਸਹਾਬ-ਏ-ਸੁਫਾ ਕਿਹਾ ਜਾਂਦਾ ਹੈ। ਇਹਨਾਂ ਵਿਚੋਂ ਅਧਿਕਤਰ ਲੋਕ ਮੱਕੇ ਤੋਂ ਹਿਜਰਤ ਕਰਕੇ ਆਏ ਸਨ। ਵਪਾਰ ਜਾਂ ਖੇਤੀ ਕਰਨ ਦੇ ਸਾਧਨ ਇਹਨਾਂ ਕੋਲ ਨਹੀਂ ਸਨ। ਇਹਨਾਂ ਲੋਕਾਂ ਦੀ ਜ਼ਿੰਦਗੀ ਇਬਾਦਤ, ਕੁਰਆਨ ਅਤੇ ਹਦੀਸ ਦੀ ਸਿੱਖਿਆ ਅਤੇ ਹਜ਼ਰਤ ਮੁਹੰਮਦ (ਸ.) ਤੋਂ ਰੂਹਾਨੀ ਫ਼ੈਜ਼ ਹਾਸਲ ਕਰਨ ਲਈ ਸਮਰਪਿਤ ਸੀ। ਸਬਰ, ਸ਼ੁਕਰ, ਰਜ਼ਾ ਅਤੇ ਇਲਾਹੀ ਯਾਦ ਵਿਚ ਲੀਨਤਾ ਹੀ ਇਹਨਾਂ ਦੇ ਜੀਵਨ ਦਾ ਸਰਮਾਇਆ ਸੀ। ਪਵਿੱਤਰ ਕੁਰਆਨ ਵਿਚ ਇਹਨਾਂ ਸਹਾਬਾ-ਏ-ਕਰਾਮ ਦਾ ਜ਼ਿਕਰ ਮੁਕੱਰਿਬੀਨ (ਰੱਬ ਦੇ ਕਰੀਬੀ/ਦੋਸਤ), ਸਾਬਿਰੀਨ (ਧੀਰਜਵਾਨ), ਅਬਰਾਰ (ਧਾਰਮਿਕ, ਪਵਿੱਤਰ) ਅਤੇ ਜ਼ੁਹਾਦ (ਤਪੱਸਵੀ) ਆਦਿ ਸਤਿਕਾਰਤਾ ਸ਼ਬਦਾਂ ਨਾਲ ਕੀਤਾ ਗਿਆ ਹੈ। ਅਸਹਾਬ-ਏ-ਸੁਫ਼ਾ ਅਤੇ ਸੂਫ਼ੀਆਨਾ ਵਿਚਾਰ-ਪੱਧਤੀ ਵਿਚ ਸਮੁੱਚੇ ਰੂਪ ਵਿਚ ਸਮਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਲਈ ਪੈਗੰਬਰ-ਏ-ਇਸਲਾਮ ਤੋਂ ਬਾਅਦ ਸਹਾਬਾ ਅਤੇ ਅਸਹਾਬ-ਏ-ਸੁਫਾ ਸੂਫ਼ੀਆਂ ਲਈ ਵਿਸ਼ੇਸ਼ ਪ੍ਰੇਰਨਾ ਸ੍ਰੋਤ ਹਨ ਜਿਹਨਾਂ ਤੋਂ ਉਹ ਰੂਹਾਨੀ ਅਗਵਾਈ ਪ੍ਰਾਪਤ ਕਰਦੇ ਹਨ।

ਮੁਸਲਿਮ ਵਿਚਾਰਵਾਨਾਂ ਵਲੋਂ ਤਸੱਵੁਫ਼ ਦੇ ਇਲਮ ਅਤੇ ਅਮਲ ਨੂੰ ਇਸ ਲਈ ਅਪਣਾਇਆ ਗਿਆ ਕਿਉਂਕਿ ਇਸ ਨਾਲ ਨਫ਼ਸ ਦੀ ਸ਼ੁੱਧਤਾ ਰੂਪਮਾਨ ਹੁੰਦੀ ਹੈ ਅਤੇ ਦਿਲ ਵਿਚ ਰੱਬ ਦਾ ਨੂਰ ਪੈਦਾ ਹੁੰਦਾ ਹੈ। ਕਾਮ ਵਾਸ਼ਨਾਵਾਂ, ਧਨ ਦੌਲਤ ਦੀ ਇੱਛਾ ਅਤੇ ਹੰਕਾਰ ਖ਼ਤਮ ਹੋ ਜਾਂਦਾ ਹੈ। ਰੱਬੀ ਭੇਦ ਜ਼ਾਹਿਰ ਹੋਣ ਲਗਦੇ ਹਨ ਅਤੇ ਮਾਨਵੀ ਜ਼ਬਾਨ ਇਲਾਹੀ ਹਕੀਕਤਾਂ ਦੀ ਤਰਜਮਾਨੀ ਕਰਨ ਲਗਦੀ ਹੈ। ਸੂਫ਼ੀਵਾਦ ਦਾ ਆਰੰਭ ਸੱਤਵੀ ਸਦੀ ਈ. ਵਿਚ ਹੀ ਹੋ ਗਿਆ ਸੀ। ਇਸਲਾਮ ਦੇ ਪਹਿਲੇ ਖ਼ਲੀਫਾ ਹਜ਼ਰਤ ਅਬੂ ਬਕਰ ਸਿੱਦੀਕ (ਰਜ਼ੀ.) ਅਤੇ ਅੰਤਿਮ ਖ਼ਲੀਫਾ ਹਜ਼ਰਤ ਅਲੀ (ਰਜ਼ੀ.) ਨੇ ਸੂਫ਼ੀ ਸੰਪ੍ਰਦਾਵਾਂ ਦੀ ਨਹੀਂ ਰੱਖੀ।[11] ਮੁਢਲੇ ਸੂਫ਼ੀਆਂ ਵਿਚ ਹਜ਼ਰਤ ਅਬੂਕਰ (ਰਜ਼ੀ.), ਹਜ਼ਰਤ ਅਬੂ ਹਜ਼ੀਫਾ (ਰਜ਼ੀ.), ਹਜ਼ਰਤ ਉਵੈਸ ਕਰਨੀ, ਸਲਮਾਨ ਫ਼ਾਰਸੀ, ਹਸਨ ਬਸਰੀ ਆਦਿ ਦਾ ਵਿਸ਼ੇਸ਼ ਰੂਪ ਵਿਚ ਉਲੇਖ ਕੀਤਾ ਜਾ ਸਕਦਾ ਹੈ। ਇਹਨਾਂ ਦੀ ਅਧਿਆਤਮਕ ਜੀਵਨ-ਜਾਚ ਕਠਿਨ ਤਪੱਸਿਆ ਅਤੇ ਸ਼ਰੀਅਤ ਦੀ ਪੈਰਵੀ 'ਤੇ ਆਧਾਰਿਤ ਸੀ।

ਸੂਫ਼ੀਆਨਾ ਤਰਜ਼-ਏ-ਜ਼ਿੰਦਗੀ ਦੀ ਮੂਲ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸਾਧਕ ਹਰ ਮਾਮਲੇ ਵਿਚ ਕੇਵਲ ਅੱਲਾਹ 'ਤੇ ਨਜ਼ਰ ਰੱਖਦਾ ਹੈ। ਉਸ ਦੀ ਇੱਛਾ ਅਤੇ ਆਦਰਸ਼ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੀ ਹੁੰਦਾ ਹੈ। ਖ਼ੁਦਾ ਦੀ ਤਕਦੀਰ 'ਤੇ ਮੁਕੰਮਲ ਈਮਾਨ, ਕਾਮ ਵਾਸ਼ਨਾਵਾਂ ਦਾ ਵਿਰੋਧ, ਸ਼ਰਧਾ ਅਤੇ ਸ਼ਿੱਦਤ ਸੂਫ਼ੀ ਸਾਧਕਾਂ ਦੇ ਜੀਵਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ। ਸੂਫ਼ੀ ਲੋਕ ਕੁਰਆਨ ਅਤੇ ਸੁੰਨਤ ਦੇ ਜ਼ਾਹਿਰੀ ਅਤੇ ਬਾਤਿਨੀ ਦੋਵੇਂ ਪਹਿਲੂਆਂ 'ਤੇ ਅਮਲ ਕਰਦੇ ਹਨ। ਖ਼ੁਦਾ ਪ੍ਰਤਿ ਹੁਸਨ-ਏ-ਜ਼ਨ ਰਖਦਿਆਂ ਉਸ ਤੇ ਪੂਰਨ ਭਰੋਸਾ ਰੱਖਦੇ ਹਨ। ਇਹ ਆਮ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮਨੁੱਖ ਜਦੋਂ ਸੂਫ਼ੀ-ਸਾਧਨਾ 'ਤੇ ਅਮਲ ਕਰਨ ਲਗਦਾ ਹੈ

ਤਾਂ ਉਹ ਉੱਚਤਮ ਰੂਹਾਨੀ ਦਰਜਿਆਂ ਦਾ ਧਾਰਨੀ ਹੋ ਜਾਂਦਾ ਹੈ। ਸ਼ਰੀਅਤ ਦੀ ਪੈਰਵੀ ਕਰਨ ਵਾਲੇ ਆਮ ਵਿਅਕਤੀ ਜਾਂ ਆਮਿਲ ਲੋਕਾਂ ਦੀ ਇਸ ਮਰਤਬੇ ਤੱਕ ਰਸਾਈ ਨਹੀਂ ਹੁੰਦੀ। ਇਕ ਵਾਰ ਹਜ਼ਰਤ ਮੁਹੰਮਦ (ਸ.) ਨੇ ਹਜ਼ਰਤ ਅਬੂ ਬਕਰ ਸਿੱਦੀਕ (ਰਜ਼ੀ.) ਤੋਂ ਵਿਸ਼ੇਸ਼ ਮੰਤਵ ਹਿਤ ਕੁਝ ਧਨ ਦੌਲਤ ਦੀ ਮੰਗ ਕੀਤੀ ਤਾਂ ਉਹ ਸਾਰਾ ਮਾਲ ਹਜ਼ੂਰ ਦੀ ਖ਼ਿਦਮਤ ਵਿਚ ਲੈ ਆਏ। ਆਪ (ਸ.) ਨੇ ਪੁੱਛਿਆ ਕਿ 'ਘਰ ਵਾਲਿਆਂ ਲਈ ਕੀ ਬਾਕੀ ਰੱਖਿਆ ਹੈ? ਹਜ਼ਰਤ ਅਬੂ ਬਕਰ ਸਿੱਦੀਕ (ਰਜ਼ੀ.) ਨੇ ਆਖਿਆ ਕਿ ਘਰ ਵਾਲਿਆਂ ਲਈ ਮੈਂ ਖ਼ੁਦਾ ਅਤੇ ਉਸਦੇ ਰਸੂਲ ਨੂੰ ਛੱਡ ਆਇਆ ਹਾਂ।' ਹਦੀਸ ਵਿਚ ਵਿਦਮਾਨ ਸਹਾਬਾ ਦੇ ਅਜਿਹੇ ਵਿਭਿੰਨ ਕਥਨ ਤਸੱਵੁਫ਼ ਦੀ ਮੂਲ ਭਾਵਨਾ ਦੇ ਲਖਾਇਕ ਹਨ।

ਆਰੰਭਿਕ ਕਾਲ ਦੇ ਸੂਫ਼ੀ ਸੰਤ ਦਾ ਜੀਵਨ ਸਮੁੱਚੇ ਰੂਪ ਵਿਚ ਇਸਲਾਮੀ ਸ਼ਰੀਅਤ 'ਤੇ ਆਧਾਰਿਤ ਸੀ। 'ਕੁਰਆਨ-ਓ-ਸੁੰਨਤ ਦੀ ਪੈਰਵੀ, ਹਲਾਲ ਰੋਜ਼ੀ ਦਾ ਪ੍ਰਬੰਧ ਅਤੇ ਇਸਦੇ ਲਈ ਜਦੋ-ਜਹਿਦ, ਬਿਨ੍ਹਾਂ ਭੇਦ-ਭਾਵ ਖ਼ੁਦਾ ਦੀ ਮਖ਼ਲੂਕ ਨਾਲ ਨੇਕ ਸਲੂਕ, ਆਂਤਰਿਕ ਅਤੇ ਜ਼ਾਹਿਰੀ ਆਮਾਲ ਵਿਚ ਇਖ਼ਲਾਸ ਆਦਿ ਆਰੰਭਿਕ ਸੂਫ਼ੀਆਂ ਦੀਆਂ ਅਹਿਮ ਵਿਸ਼ੇਸ਼ਤਾਵਾਂ ਹਨ। ਇਸ ਸੰਬੰਧੀ ਹਜ਼ਰਤ ਅਬੂ ਬਕਰ ਤਮਸਤਾਨੀ (ਮ੍ਰਿਤੂ 340 ਹਿ.) ਲਿਖਦੇ ਹਨ ਕਿ 'ਰਸਤਾ ਖੁੱਲ੍ਹਿਆ ਹੋਇਆ ਹੈ ਅਤੇ ਕਿਤਾਬ ਤੇ ਸੁੰਨਤ ਸਾਡੇ ਸਾਹਮਣੇ ਮੌਜੂਦ ਹੈ। ਹਜ਼ਰਤ ਬਾਯਜ਼ੀਦ ਬਿਸਤਾਮੀ ਨੇ ਫ਼ਰਮਾਇਆ ਕਿ 'ਜੇਕਰ ਕੋਈ ਵਿਅਕਤੀ ਇਸ ਕਦਰ ਕਰਾਮਾਤ ਦਾ ਧਾਰਨੀ ਹੋਵੇ ਕਿ ਤੁਸੀਂ ਉਸਨੂੰ ਹਵਾ ਵਿਚ ਉੱਡਦਾ ਹੋਇਆ ਵੇਖੋ ਤਾਂ ਉਸਦੇ ਧੋਖੇ ਵਿਚ ਨਾ ਆ ਜਾਣਾ। ਇਥੋਂ ਤੱਕ ਕਿ ਤੁਸੀਂ ਪਹਿਲਾਂ ਇਹ ਵੇਖ ਲਵੋ ਕਿ ਉਹ ਵਿਅਕਤੀ ਸ਼ਰੀਅਤ ਦੀ ਪੈਰਵੀ ਅਤੇ ਸੁਰੱਖਿਆ ਵਿਚ ਕਿਤਨਾ ਪਾਬੰਦ ਹੈ। ਹਜ਼ਰਤ ਜੁਨੈਦ ਬਗਦਾਦੀ ਮਰਜ਼-ਉਲ-ਮੌਤ ਵਿਚ ਵੀ ਸਿਰਹਾਣੇ 'ਤੇ ਮੂੰਹ ਰੱਖ ਕੇ ਨਮਾਜ਼ ਪੜ੍ਹ ਰਹੇ ਸਨ। ਇਕ ਨੌਜਵਾਨ ਨੇ ਪੁੱਛਿਆ ਕਿ ਕੀ ਅਜਿਹੀ ਹਾਲਤ ਵਿਚ ਵੀ ਨਮਾਜ਼ ਨਹੀਂ ਛੱਡੀ ਜਾ ਸਕਦੀ। ਹਜ਼ਰਤ ਜੁਨੈਦ ਨੇ ਆਖਿਆ ਕਿ 'ਨਮਾਜ਼ ਦੇ ਜ਼ਰੀਏ ਹੀ ਖ਼ੁਦਾ ਤੱਕ ਪਹੁੰਚਿਆ ਹਾਂ। ਇਸ ਲਈ ਇਸਨੂੰ ਨਹੀਂ ਛੱਡ ਸਕਦਾ।' ਇਹ ਸੂਫ਼ੀ ਦਰਵੇਸ਼ ਕੁਰਆਨ, ਹਦੀਸ, ਫ਼ਿਕਹ ਅਤੇ ਤਫ਼ਸੀਰ ਦੇ ਵਿਦਵਾਨ ਸਨ। ਆਮ ਮੁਸਲਮਾਨਾਂ ਨੂੰ ਸ਼ਰੀਅਤ ਦੀ ਪੈਰਵੀ ਲਈ ਪ੍ਰੇਰਿਤ ਕਰਦੇ ਸਨ ਅਤੇ ਆਪ ਵੀ ਇਸਲਾਮੀ ਸ਼ਰੀਅਤ ਦੇ ਪੂਰਨ ਰੂਪ ਵਿਚ ਪਾਬੰਦ ਸਨ।

ਇਸਲਾਮ ਧਰਮ ਅਰਬ ਦੀਆਂ ਹੱਦਾਂ ਲੰਘ ਕੇ ਜਿਸ ਕਦਰ ਵਿਸ਼ਵ ਦੇ ਹੋਰ ਦੇਸ਼ਾਂ ਵਿਚ ਫੈਲਦਾ ਗਿਆ, ਇਸਲਾਮ ਦੇ ਪੈਰੋਕਾਰਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ। ਇਸ ਦੇ ਨਾਲ ਸੂਫ਼ੀਵਾਦ ਨੇ ਵੀ ਵਿਸ਼ੇਸ਼ ਵਿਕਾਸ ਅਤੇ ਵਿਸਤਾਰ ਗ੍ਰਹਿਣ ਕੀਤਾ। ਵਿਅਕਤੀਗਤ ਸਾਧਨਾ ਅਤੇ ਅਨੁਭਵ 'ਤੇ ਆਧਾਰਿਤ ਹੋਣ ਕਰਕੇ ਇਸ ਦੇ ਵਿਭਿੰਨ ਸਿਲਸਿਲੇ ਹੋਂਦ ਵਿਚ ਆ ਗਏ। ਇਹ ਸਿਲਸਿਲੇ ਸਮੁੱਚੇ ਰੂਪ ਵਿਚ ਸ਼ਰੀਅਤ 'ਤੇ ਆਧਾਰਿਤ ਸਨ। ਇਹਨਾਂ ਤੋਂ ਇਲਾਵਾ ਕੁੱਝ ਅਜਿਹੇ ਸਿਲਸਿਲੇ ਵੀ ਹੋਂਦ ਵਿਚ ਆਏ ਜੋ ਸ਼ਰੀਅਤ ਦੇ ਕਰਮ-ਕਾਂਡ ਨਾਲ ਸੰਬੰਧਿਤ ਸਾਰੇ ਨਿਯਮਾਂ ਦੀ ਪਾਲਣਾ ਨਹੀਂ ਸਨ ਕਰਦੇ। ਇਹਨਾਂ ਵਿਚ ਮਦਾਰੀਆ, ਰਾਫ਼ੀਆ ਤੇ ਕਲੰਦਰੀਆ ਆਦਿ ਸੂਫ਼ੀ ਸੰਪ੍ਰਦਾਵਾਂ ਦਾ ਵਿਸ਼ੇਸ਼ ਰੂਪ ਵਿਚ ਉਲੇਖ ਕੀਤਾ ਜਾ ਸਕਦਾ ਹੈ। ਹਜ਼ਰਤ ਮੁਹੰਮਦ (ਸ.) ਦੇ ਜੀਵਨ ਕਾਲ ਵਿਚ ਕੋਈ ਸੂਫ਼ੀ ਸੰਪ੍ਰਦਾਇ ਵਿਦਮਾਨ ਨਹੀਂ ਸੀ। ਆਪ (ਸ.) ਦੀ ਪਵਿੱਤਰ

ਸੰਗਤ ਅਤੇ ਸਿੱਖਿਆ ਕਾਰਨ ਕਿਸੇ ਵਿਅਕਤੀ ਨੂੰ ਵਿਸ਼ੇਸ਼ ਸਾਧਨਾ-ਵਿਧੀ ਅਪਨਾਉਣ ਦੀ ਲੋੜ ਹੀ ਨਹੀਂ ਸੀ। ਆਪ (ਸ.) ਦੀ ਸੋਹਬਤ ਸਦਕਾ ਮਨੁੱਖ ਨੂੰ ਉਹ ਕੁਝ ਥੋੜ੍ਹੇ ਸਮੇਂ ਵਿਚ ਹੀ ਪ੍ਰਾਪਤ ਹੋ ਜਾਂਦਾ ਸੀ ਜੋ ਅੱਜਕੱਲ੍ਹ ਆਮ ਤੌਰ ਤੇ ਕਈ ਸਾਲਾਂ ਦੀ ਕਰੜੀ ਤਪੱਸਿਆ ਦੇ ਫਲਸਰੂਪ ਪ੍ਰਾਪਤ ਹੁੰਦਾ ਹੈ।

ਸੂਫ਼ੀ ਸੰਪ੍ਰਦਾਵਾਂ ਸਥਾਪਨਾ ਇਸਲਾਮ ਦੇ ਪਹਿਲੇ ਖ਼ਲੀਫ਼ਾ ਹਜ਼ਰਤ ਅਬੂ ਬਕਰ ਸਿੱਦੀਕ (ਰਜ਼ੀ.) ਅਤੇ ਹਜ਼ਰਤ ਅਲੀ (ਰਜ਼ੀ.) ਤੋਂ ਹੀ ਆਰੰਭ ਹੋ ਗਈ ਸੀ ਜੋ ਵਰਤਮਾਨ ਯੁੱਗ ਵਿਚ ਵੀ ਨਿਰੰਤਰ ਜਾਰੀ ਹੈ। ਹਜ਼ਰਤ ਅਲੀ ਹੁਜਵੀਰੀ ਨੇ ਮੁਢਲੇ ਸੂਫ਼ੀਆਂ ਦੇ ਆਧਾਰ 'ਤੇ ਗਿਆਰਾਂ ਸੰਪ੍ਰਦਾਵਾਂ ਮੁਹਾਸਿਬੀਆ, ਕਸਾਰੀਆ, ਤੈਫ਼ੂਰੀਆ, ਜੁਨੈਦੀਆ, ਨੂਰੀਆ, ਸੁਹੇਲੀਆ, ਹਕੀਮੀਆ, ਖ਼ਰਾਜੀਆ, ਖ਼ਫ਼ੀਫ਼ੀਆ, ਸੱਯਾਰੀਆ ਅਤੇ ਹਲੂਲੀਆ ਦੀ ਨਿਸ਼ਾਨਦੇਹੀ ਕੀਤੀ ਹੈ। ਬਾਦਸ਼ਾਹ ਅਕਬਰ ਦੇ ਦਰਬਾਰੀ ਵਿਦਵਾਨ ਅਬੁਲ ਫਜ਼ਲ ਨੇ ਪੰਦਰਾਂ ਸਿਲਸਿਲਿਆਂ ਦਾ ਉਲੇਖ ਕੀਤਾ ਹੈ। ਡਿਕਸ਼ਨਰੀ ਆਫ਼ ਇਸਲਾਮ ਵਿਚ ਸੂਫ਼ੀਆਂ ਦੇ ਪ੍ਰਮੁਖ 32 ਸਿਲਸਿਲਿਆਂ ਦਾ ਉਲੇਖ ਅੰਕਿਤ ਹੈ।[13] ਹਰ ਸੰਪ੍ਰਦਾਇ ਦਾ ਨਾਮ ਆਮ ਤੌਰ 'ਤੇ ਇਸ ਦੇ ਬਾਨੀ ਦੇ ਨਾਮ ਨਾਲ ਸੰਬੰਧਿਤ ਹੈ। ਹਰ ਸਿਲਸਿਲੇ 'ਅੱਗੇ ਹੋਰ ਸਿਲਸਿਲੇ ਉਤਪੰਨ ਹੋਏ ਜਿਵੇਂ ਚਿਸ਼ਤੀ ਸੰਪ੍ਰਦਾਇ ਵਿਚੋਂ ਸਾਬਿਰੀਆ ਅਤੇ ਨਿਜ਼ਾਮੀਆ ਸੰਪ੍ਰਦਾਇ ਦਾ ਨਿਕਾਸ ਹੋਇਆ।

ਹਜ਼ਰਤ ਨਿਸਾਰ ਅਹਿਮਦ ਖ਼ਾਂ ਅਨੁਸਾਰ ਸਭ ਸੰਪ੍ਰਦਾਵਾਂ ਦੀ ਮੰਜ਼ਿਲ ਅਤੇ ਮਕਸਦ ਇਕੋ ਹੀ ਹੈ ਭਾਵੇਂ ਤਰੀਕੇ ਅਤੇ ਰਸਤੇ ਅਲੱਗ ਅਲੱਗ ਹਨ। ਕੋਈ ਉੱਚੀ ਅਵਾਜ਼ ਵਿਚ ਜ਼ਿਕਰ ਕਰਦਾ ਹੈ ਅਤੇ ਕੋਈ ਜ਼ਿਕਰ-ਏ-ਖ਼ਫ਼ੀ ਨੂੰ ਤਰਜੀਹ ਦਿੰਦਾ ਹੈ। ਕੋਈ ਇਕਾਂਤਵਾਸ ਪਸੰਦ ਕਰਦਾ ਹੈ ਅਤੇ ਕੋਈ ਲੋਕਾਂ ਦੀ ਸੰਗਤ ਨੂੰ ਇਸ ਰਸਤੇ ਵਿਚ ਲਾਭਦਾਇਕ ਸਮਝਦਾ ਹੈ। ਖ਼ੁਦਾ ਦਾ ਅਹਿਸਾਨ ਹੈ ਕਿ ਉਸਨੇ ਹਰ ਜਗ੍ਹਾ, ਇਨਸਾਨ ਦੇ ਮਿਜ਼ਾਜ, ਤਬੀਅਤ ਅਤੇ ਪ੍ਰਕਿਰਤੀ ਨੂੰ ਧਿਆਨ ਵਿਚ ਰੱਖਿਆ ਹੈ।[14] ਸੂਫ਼ੀ ਸੰਪ੍ਰਦਾਵਾਂ ਆਪਣੇ ਅੰਤਿਮ ਲਖਸ਼ ਪ੍ਰਤਿ ਇਕਸੁਰਤਾ ਦੀਆਂ ਧਾਰਨੀ ਹਨ ਭਾਵੇਂ ਇਸਦੀ ਪ੍ਰਾਪਤੀ ਹਿਤ ਵਿਭਿੰਨ ਸੂਫ਼ੀ ਸੰਪ੍ਰਦਾਵਾਂ ਵਿਚ ਸਾਧਨਾ ਦੀਆਂ ਵੱਖ-ਵੱਖ ਵਿਧੀਆਂ 'ਤੇ ਬਲ ਦਿੱਤਾ ਜਾਂਦਾ ਹੈ। ਵਿਭਿੰਨ ਸੂਫ਼ੀ ਸਿਲਸਿਲਿਆਂ ਵਿਚ ਅੰਤਿਮ ਅੰਤਰ-ਰੇਖਾ ਸਥਾਪਿਤ ਕਰਨਾ ਤਾਂ ਭਾਵੇਂ ਮੁਸ਼ਕਿਲ ਹੈ ਪਰੰਤੂ ਫਿਰ ਵੀ ਵਿਭਿੰਨ ਸਿਲਸਿਲਿਆਂ ਦੇ ਕੁਝ ਵਿਸ਼ੇਸ਼ ਪਛਾਣ-ਚਿੰਨ੍ਹ ਅਵੱਸ਼ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹ ਨੁਕਤਾ ਵੀ ਅਹਿਮ ਹੈ ਕਿ ਕਈ ਵਾਰ ਇਕ ਦਰਵੇਸ਼ ਵਿਭਿੰਨ ਸਿਲਸਿਲਿਆਂ ਵਿਚ ਖ਼ੁਦ ਵੀ ਬੈਅਤ ਹੁੰਦਾ ਹੈ ਅਤੇ ਮੁਰੀਦਾਂ ਨੂੰ ਵੀ ਉਹਨਾਂ ਦੀ ਇੱਛਾ ਅਨੁਸਾਰ ਇਹਨਾਂ ਸਿਲਸਿਲਿਆਂ ਵਿਚ ਬੈਅਤ (ਮੁਰੀਦ) ਕਰ ਲੈਂਦਾ ਹੈ। ਇਸ ਸੰਬੰਧੀ ਪ੍ਰਮੁਖ ਮਿਸਾਲ ਹਜ਼ਰਤ ਅਹਿਮਦ ਫ਼ਾਰੂਕੀ ਸਰਹਿੰਦੀ ਦੀ ਹੈ ਜੋ ਨਕਸ਼ਬੰਦੀਆ ਸਿਲਸਿਲੇ ਤੋਂ ਬਿਨਾਂ ਚਿਸ਼ਤੀਆ, ਕਾਦਿਰੀਆ ਅਤੇ ਕੁਬਰੋਇਆ ਸਿਲਸਿਲਿਆਂ ਦੇ ਵੀ ਧਾਰਨੀ ਸਨ। ਇਸਲਾਮੀ ਚਿੰਤਨ ਵਿਚ ਵਿਦਵਾਨਾਂ ਦੇ ਕਿਸੇ ਵਿਸ਼ੇ ਪ੍ਰਤੀ ਵਿਭਿੰਨ ਉਸਾਰੂ ਵਿਚਾਰਾਂ ਨੂੰ ਖ਼ੁਦਾ ਦੀ ਰਹਿਮਤ ਮੰਨਿਆ ਗਿਆ ਹੈ ਕਿਉਂਕਿ ਇਸਲਾਮ ਅਤੇ ਤਸੱਵੁਫ਼ ਦੀ ਹਕੀਕਤ ਬਜ਼ੁਰਗਾਂ ਦੇ ਬਚਨਾਂ ਦੁਆਰਾ ਹੀ ਰੂਪਮਾਨ ਹੁੰਦੀ ਹੈ।[15]

ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿਚ ਵਿਭਿੰਨ ਸੂਫ਼ੀ ਸੰਪ੍ਰਦਾਵਾਂ ਵਿਕਸਿਤ ਹੋਈਆਂ। ਡਾ. ਸੱਈਅਦ ਹੁਸੈਨ ਕਾਦਰੀ ਅਨੁਸਾਰ ਅਰਬ ਦੇਸ਼ਾਂ ਵਿਚ ਨਕਸ਼ਬੰਦੀ ਅਤੇ ਕਾਦਰੀ, ਭਾਰਤ ਤੇ

ਪਾਕਿਸਤਾਨ ਵਿਚ ਨਕਸ਼ਬੰਦੀ, ਚਿਸ਼ਤੀ, ਕਾਦਰੀ, ਮਿਸਰ ਤੇ ਸੂਡਾਨ ਵਿਚ ਸ਼ਾਜਲੀਆ, ਰੋਮ ਵਿਚ ਜਲਾਲੀਆ, ਇਰਾਕ ਵਿਚ ਅਹਿਮਦੀਆ, ਖੁਰਾਸਾਨ ਵਿਚ ਹੈਦਰੀਆ ਆਦਿ ਸੰਪ੍ਰਦਾਵਾਂ ਦੀ ਬਹੁਗਿਣਤੀ ਸ਼ਰੀਅਤ ਦੀ ਪਾਲਣਾ 'ਤੇ ਆਧਾਰਿਤ ਅਰਥਾਤ ਬਾਸ਼ਰ੍ਹਾ ਹੈ। ਕੁਝ ਅਜਿਹੀਆਂ ਸੰਪ੍ਰਦਾਵਾਂ ਵੀ ਹਨ ਜਿਨ੍ਹਾਂ ਵਿਚ ਸ਼ਰੀਅਤ ਦੇ ਕਰਮ-ਕਾਂਡ ਨਾਲ ਸੰਬੰਧਿਤ ਸਾਰੇ ਪੱਖਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ। ਇਹਨਾਂ ਵਿਚ ਮਦਾਰੀਆ, ਕਲੰਦਰੀਆ ਆਦਿ ਸੰਪ੍ਰਦਾਵਾਂ ਦਾ ਉਲੇਖ ਕੀਤਾ ਜਾ ਸਕਦਾ ਹੈ। ਸਪਸ਼ਟ ਹੈ ਕਿ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵਿਚ ਤਤਕਾਲੀਨ ਪ੍ਰਸਥਿਤੀਆਂ, ਤਕਾਜ਼ਿਆਂ ਅਤੇ ਰੱਬ ਦੀ ਮਰਜ਼ੀ ਅਨੁਸਾਰ ਵਿਭਿੰਨ ਸਿਲਸਿਲੇ ਹੋਂਦ ਵਿਚ ਆਏ ਅਤੇ ਇਹਨਾਂ ਨੇ ਤੱਸਵੁਫ਼ ਦੇ ਬਹੁਪੱਖੀ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ। ਭਾਰਤ, ਪੰਜਾਬ ਅਤੇ ਪੰਜਾਬੀ ਸਾਹਿਤ ਦੇ ਸੰਦਰਭ ਵਿਚ ਮਹੱਤਵ ਅਤੇ ਪ੍ਰਭਾਵ ਪੱਖੋਂ ਨਿਮਨ-ਲਿਖਤ ਚਾਰ ਸੂਫ਼ੀ ਸੰਪ੍ਰਦਾਵਾਂ ਦਾ ਵਿਸ਼ੇਸ਼ ਰੂਪ ਵਿਚ ਜ਼ਿਕਰ ਕੀਤਾ ਜਾ ਸਕਦਾ ਹੈ : (ੳ) ਕਾਦਿਰੀ ਸੰਪ੍ਰਦਾਇ (ਅ) ਚਿਸ਼ਤੀ ਸੰਪ੍ਰਦਾਇ (ੲ) ਨਕਸ਼ਬੰਦੀ ਸੰਪ੍ਰਦਾਇ (ਸ) ਸੁਹਰਵਰਦੀ ਸੰਪ੍ਰਦਾਇ

### ਕਾਦਿਰੀ ਸੰਪ੍ਰਦਾਇ

ਇਸ ਸੰਪ੍ਰਦਾਇ ਦੇ ਬਾਨੀ ਹਜ਼ਰਤ ਅਬਦੁਲ ਕਾਦਿਰ ਜੀਲਾਨੀ ( 470-561 ਹਿ.) ਤਸੱਵੁਫ਼ ਦੀ ਦੁਨੀਆਂ ਵਿਚ ਆਪਦਾ ਮਰਤਬਾ ਬਹੁਤ ਬੁਲੰਦ ਹੈ। ਆਪ ਨੂੰ ਗ਼ੌਸ-ਉਲ-ਆਜ਼ਮ, ਪੀਰ-ਏ-ਦਸਤਗੀਰ ਅਤੇ ਵਲੀਆਂ ਦੇ ਸਰਦਾਰ ਆਦਿਕ ਵਿਭਿੰਨ ਸਤਿਕਾਰਤ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਆਪ ਜਨ ਸਾਧਾਰਨ ਵਿਚ ਗਿਆਰ੍ਹਵੀਂ ਵਾਲੇ ਪੀਰ ਵਜੋਂ ਪ੍ਰਸਿੱਧ ਹਨ। ਕੁਰਆਨ, ਹਦੀਸ, ਫ਼ਿਕਹ ਸੰਬੰਧੀ ਗੰਭੀਰ ਜਾਣਕਾਰੀ ਰੱਖਣ ਵਾਲੇ ਹਜ਼ਰਤ ਜੀਲਾਨੀ ਉੱਚ ਕੋਟੀ ਦੇ ਵਿਦਵਾਨ, ਲੇਖਕ ਅਤੇ ਵਕਤਾ ਸਨ ਜਿਨ੍ਹਾਂ ਆਪਣੇ ਪ੍ਰਵਚਨਾਂ ਰਾਹੀਂ ਮਾਨਵਤਾ ਦੇ ਦਿਲ ਵਿਚ ਇਕ ਅਧਿਆਤਮਕ ਇਨਕਲਾਬ ਪੈਦਾ ਕਰ ਦਿੱਤਾ ਸੀ। ਆਪ ਨੇ ਇਰਾਕ ਦੇ ਜੰਗਲਾਂ ਵਿਚ ਪੱਚੀ ਸਾਲ ਕਠੋਰ ਸਾਧਨਾ ਕੀਤੀ। ਫ਼ਤੂਹ-ਉਲ-ਗੈਬ, ਅਲ-ਫ਼ਤਿਹ-ਉਰ-ਰੱਬਾਨੀ ਆਪਦੇ ਸੂਫ਼ੀਆਨਾ ਪ੍ਰਵਚਨਾਂ ਦੇ ਪ੍ਰਸਿੱਧ ਸੰਗ੍ਰਹਿ ਹਨ। ਗੁਨੀਆ-ਤੁਤ-ਤਾਲਿਬੀਨ ਫ਼ਿਕਹ ਅਤੇ ਤਸੱਵੁਫ਼ ਦੀ ਮਸ਼ਹੂਰ ਕਿਤਾਬ ਹੈ। ਆਪ ਦੇ ਜੀਵਨ ਨਾਲ ਸੰਬੰਧਿਤ ਪੁਸਤਕਾਂ ਵਿਚ ਆਪ ਤੋਂ ਪ੍ਰਗਟ ਹੋਈਆਂ ਅਨੇਕ ਕਰਾਮਾਤਾਂ ਦਾ ਵਰਨਣ ਮਿਲਦਾ ਹੈ।

ਹਜ਼ਰਤ ਜੀਲਾਨੀ ਦੀ ਵਫ਼ਾਤ ਉਪਰੰਤ ਹਜ਼ਰਤ ਅਹਿਮਦ ਰਿਫ਼ਾਈ (ਮ੍ਰਿ. 1183 ਈ.) ਨੇ ਇਸ ਸੰਪ੍ਰਦਾਇ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ। ਰਿਫ਼ਾਈ ਦੁਆਰਾ ਇਹ ਸੰਪ੍ਰਦਾਇ ਤੁਰਕੀ, ਮਿਸਰ ਅਤੇ ਸੀਰੀਆ ਤੱਕ ਜਾ ਪਹੁੰਚਿਆ। ਹੌਲੀ ਹੌਲੀ ਇਹ ਸੰਪ੍ਰਦਾਇ ਸਾਊਦੀ ਅਰਬ, ਉੱਤਰੀ ਅਤੇ ਪੂਰਬੀ ਅਫ਼ਰੀਕਾ, ਸੂਡਾਨ, ਟਿਊਨਿਸ਼, ਮੋਰਾਕੋ, ਮਲੇਸ਼ੀਆ ਭਾਰਤ ਆਦਿ ਦੇਸ਼ਾਂ ਵਿਚ ਫੈਲ ਗਿਆ। ਸਮੁੱਚੇ ਰੂਪ ਵਿਚ ਕਾਦਿਰੀ ਸੰਪ੍ਰਦਾਇ ਨੇ ਪੂਰੇ ਇਸਲਾਮੀ ਜਗਤ ਨੂੰ ਬੜੀ ਸ਼ਿੱਦਤ ਨਾਲ ਪ੍ਰਭਾਵਿਤ ਕੀਤਾ। ਭਾਰਤ ਵਿਚ ਕਾਦਿਰੀ ਸੰਪ੍ਰਦਾਇ ਦਾ ਪ੍ਰਵੇਸ਼ ਸੋਲ੍ਹਵੀਂ ਸਦੀ ਦੌਰਾਨ ਹੋਇਆ। ਪ੍ਰੋ. ਗੁਲਵੰਤ ਸਿੰਘ ਅਨੁਸਾਰ ਹਜ਼ਰਤ ਨਿਆਮਤ-ਉੱਲਾਹ ਅਤੇ ਮਖ਼ਦੂਮ ਜੀਲਾਨੀ ਇਸ ਸੰਪ੍ਰਦਾਇ ਦੇ ਭਾਰਤ ਵਿਚ ਹਜ਼ਰਤ ਮੀਆਂ ਮੀਰ (1531-1635 ਈ.) ਦੁਆਰਾ ਅਦਭੁਤ ਲੋਕ-ਪ੍ਰਿਯਤਾ ਪ੍ਰਾਪਤ ਹੋਈ। ਹਜ਼ਰਤ ਮੀਆਂ ਮੀਰ ਨੇ ਲਾਹੌਰ ਵਿਖੇ ਆਪਣੀ ਖ਼ਾਨਗਾਹ ਕਾਇਮ ਕੀਤੀ। ਦਾਰਾ ਸ਼ਿਕੋਹ ਇਹਨਾਂ ਦਾ ਅਤਿਅੰਤ ਸ਼ਰਧਾਲੂ

ਸੀ। ਸਿੱਖ ਗੁਰੂ ਸਾਹਿਬਾਨ ਨਾਲ ਮੀਆਂ ਮੀਰ ਦਾ ਡੂੰਘਾ ਭਾਵੁਕਤਾ ਪੂਰਨ ਸੰਬੰਧ ਸੀ। ਕਵੀ ਬੁੱਲ੍ਹੇ ਸ਼ਾਹ ਅਤੇ ਸੁਲਤਾਨ ਬਾਹੂ ਦਾ ਸੰਬੰਧ ਵੀ ਕਾਦਿਰੀ ਸੰਪ੍ਰਦਾਇ ਨਾਲ ਹੈ। ਇਸ ਸਿਲਸਿਲੇ ਦੇ ਪ੍ਰਸਿੱਧ ਸੂਫ਼ੀ ਸੰਤਾਂ ਵਿਚ ਹਜ਼ਰਤ ਅਬੁਲ ਹਸਨ ਸ਼ਾਜ਼ਲੀ, ਸ਼ੇਖ ਦਾਊਦ, ਸ਼ੇਖ ਇਸਹਾਕ ਕਾਦਿਰੀ, ਸ਼ੇਖ ਅਬੁਲ ਮੁਆਲੀ, ਸੱਈਅਦ ਇਸਮਾਈਲ ਜੀਲਾਨੀ, ਸ਼ਾਹ ਕਮਾਲ ਕੈਥਲੀ, ਇਨਾਇਤ ਸ਼ਾਹ ਕਾਦਿਰੀ, ਮੀਆਂ ਮੀਰ, ਸ਼ੇਖ ਅਬਦੁਲ ਕੁੱਦੂਸ ਗੰਗੋਹੀ ਆਦਿ ਦਾ ਉਲੇਖ ਕੀਤਾ ਜਾ ਸਕਦਾ ਹੈ।

ਹਜ਼ਰਤ ਅਬਦੁਲ ਕਾਦਿਰ ਜੀਲਾਨੀ ਦਾ ਕਥਨ ਹੈ ਕਿ ਮੇਰਾ 'ਕਲਾਮ' ਦਿਲਾਂ ਲਈ ਹੈ। ਇਸ ਨੂੰ ਦਿਲ ਅਤੇ ਰੂਹ ਨਾਲ ਸੁਣੋ ਤਾਂ ਕਿ ਤੁਹਾਡੇ ਜ਼ਾਹਿਰ ਅਤੇ ਬਾਤਿਨ ਨੂੰ ਚੈਨ ਨਸੀਬ ਹੋਵੇ ਅਤੇ ਤੁਹਾਡੇ ਨਫ਼ਸ ਤੇ ਵਾਸ਼ਨਾਵਾਂ ਕਮਜ਼ੋਰ ਪੈ ਜਾਣ ਤੇ ਕਾਮ ਵਾਸ਼ਨਾ ਦੀ ਅੱਗ ਬੁੱਝ ਜਾਵੇ। ਨਫ਼ਸ ਤੇ ਵਾਸ਼ਨਾਵਾਂ ਤੁਹਾਡੀਆਂ ਦੁਸ਼ਮਣ ਹਨ ਜੋ ਦੁਨੀਆਂ ਨੂੰ ਤੁਹਾਡੀ ਨਜ਼ਰ ਵਿਚ ਮਹਿਬੂਬ ਬਣਾਉਂਦੀਆਂ ਹਨ ਅਤੇ ਫ਼ਕੀਰੀ ਤੋਂ ਤੁਹਾਡਾ ਮਨ ਉਚਾਟ ਕਰਦੀਆਂ ਹਨ।[17] ਆਪ ਨੇ ਫ਼ਰਮਾਇਆ ਕਿ 'ਮੇਰੀ ਨਸੀਹਤ ਇਹ ਹੈ ਕਿ ਖ਼ੁਦਾ ਦੀ ਬੰਦਗੀ ਕਰੋ ਅਤੇ ਸ਼ਰੀਅਤ ਦੀ ਪਾਲਣਾ ਨੂੰ ਜ਼ਰੂਰੀ ਸਮਝੋ। ਦਿਲ ਨੂੰ ਦੁਸ਼ਟਤਾ ਅਤੇ ਵਾਸ਼ਨਾ ਤੋਂ ਦੂਰ ਰੱਖੋ। ਕਿਸੇ ਨੂੰ ਦੁੱਖ ਨਾ ਦੇਵੋ। ਜੇਕਰ ਕੋਈ ਦੁੱਖ ਦੇਵੇ ਤਾਂ ਉਸਨੂੰ ਬਰਦਾਸ਼ਤ ਕਰੋ। ਵੱਡਿਆਂ ਦਾ ਸਤਿਕਾਰ, ਬਰਾਬਰ ਵਾਲਿਆਂ ਨਾਲ ਪਿਆਰ ਵਾਲਾ ਵਿਹਾਰ ਕਰੋ ਅਤੇ ਛੋਟਿਆਂ ਨੂੰ ਸਦ-ਉਪਦੇਸ਼ ਦਿੰਦੇ ਰਹੋ। ਹਜ਼ਰਤ ਮੀਆਂ ਮੀਰ ਅਨੁਸਾਰ ਤਰੀਕਤ ਅੰਤਰਮਨ ਦੀ ਨਿਰਮਲਤਾ ਹੈ ਅਤੇ ਹਕੀਕਤ ਤੋਂ ਭਾਵ ਹੈ ਦਿਲ ਦਾ ਗ਼ੈਰ-ਅੱਲਾਹ ਤੋਂ ਖਾਲੀ ਹੋ ਜਾਣਾ। ਇਨਸਾਨ ਨਫ਼ਸ, ਦਿਲ ਅਤੇ ਰੂਹ ਦਾ ਸੁਮੇਲ ਹੈ। ਨਫ਼ਸ ਦੀ ਸਫਾਈ ਸ਼ਰੀਅਤ ਨਾਲ, ਦਿਲ ਦੀ ਸਫਾਈ ਤਰੀਕਤ ਨਾਲ ਅਤੇ ਰੂਹ ਦੀ ਸਫਾਈ ਹਕੀਕਤ ਨਾਲ ਹੁੰਦੀ ਹੈ।[18]

## ਚਿਸ਼ਤੀ ਸੰਪ੍ਰਦਾਇ

ਸੂਫ਼ੀ ਸੰਪ੍ਰਦਾਵਾਂ ਵਿਚ ਚਿਸ਼ਤੀ ਸੰਪ੍ਰਦਾਇ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਇਸ ਸੰਪ੍ਰਦਾਇ ਦੀ ਬੁਨਿਆਦ ਖ਼ੁਆਜਾ ਅਲੂ ਦੁਨਿਆਵਰੀ (ਮਿ.299 ਹਿ.) ਨੇ ਰੱਖੀ। ਕੁਝ ਵਿਦਵਾਨਾਂ ਦੀ ਰਾਇ ਅਨੁਸਾਰ ਇਸ ਸੰਪ੍ਰਦਾਇ ਦੇ ਸੰਸਥਾਪਕ ਹਜ਼ਰਤ ਅਬੂ ਅਹਿਮਦ ਅਬਦਾਲ ਚਿਸ਼ਤੀ (ਮ੍ਰਿ. 966 ਈ.) ਹਨ।[19] ਭਾਰਤ ਵਿਚ ਇਸ ਸਿਲਸਿਲੇ ਦੇ ਪ੍ਰਮੁਖ ਸੰਚਾਲਕ ਹਜ਼ਰਤ ਉਸਮਾਨ ਹਾਰੂਨੀ ਦੇ ਮੁਰੀਦ ਖ਼ੁਆਜਾ ਮੁਈਨ-ਉਦ-ਦੀਨ ਚਿਸ਼ਤੀ (1142-1236 ਈ.) ਹਨ। ਆਪ ਬਾਰ੍ਹਵੀਂ ਸਦੀ ਦੇ ਅਖੀਰ ਵਿਚ ਭਾਰਤ ਆਏ ਅਤੇ ਇਸਲਾਮੀ-ਸੂਫ਼ੀ ਵਿਚਾਰਧਾਰਾ ਦੇ ਵਿਕਾਸ ਵਿਚ ਸ਼ਲਾਘਾਯੋਗ ਯੋਗਦਾਨ ਪਾਇਆ। ਇਸ ਸੰਪ੍ਰਦਾਇ ਦੇ ਕੇਂਦਰ ਸਮੁੱਚੇ ਭਾਰਤ ਵਿਚ ਕਾਇਮ ਹੋਏ ਅਤੇ ਇਹਨਾਂ ਕੇਂਦਰਾਂ ਨੇ ਭਾਰਤ ਵਾਸੀਆਂ ਨੂੰ ਬੜੀ ਸ਼ਿੱਦਤ ਨਾਲ ਆਪਣੇ ਵਲ ਆਕਰਸ਼ਿਤ ਕੀਤਾ। ਇਥੋਂ ਤੀਕ ਕਿ ਭਾਰਤੀ ਬ੍ਰਾਹਮਣ ਵੀ ਆਪਦੇ ਪ੍ਰਭਾਵ ਤੋਂ ਦੂਰ ਨਾ ਰਹਿ ਸਕੇ।[20] ਆਪਦੀ ਖ਼ਾਨਗਾਹ ਵਿਚ ਮੁਸਲਿਮ ਅਤੇ ਹਿੰਦੂ ਲੋਕ ਸਮਾਨ ਰੂਪ ਵਿਚ ਹਾਜ਼ਰ ਹੁੰਦੇ ਹਨ। ਇਸ ਸੰਪ੍ਰਦਾਇ ਦੇ ਪ੍ਰਮੁਖ ਦਰਵੇਸ਼ਾਂ ਹਜ਼ਰਤ ਕੁਤਬ-ਉਦ-ਦੀਨ ਬਖ਼ਤਿਆਰ ਕਾਕੀ, ਫ਼ਰੀਦ-ਉਦ-ਦੀਨ ਮਸਊਦ ਸ਼ਕਰਗੰਜ, ਅਲਾ-ਉਦ-ਦੀਨ ਅਲੀ ਅਹਿਮਦ ਸਾਬਿਰ, ਹਜ਼ਰਤ ਨਿਜ਼ਾਮ-ਉਦ-ਦੀਨ ਔਲੀਆ ਤੇ ਸ਼ੇਖ ਹਮੀਦ-ਉਦ-ਦੀਨ ਨਾਗੌਰੀ ਆਦਿ ਦਾ ਸ਼ੁਮਾਰ ਭਾਰਤ ਦੇ ਪ੍ਰਸਿੱਧ ਸੂਫ਼ੀ ਸੰਤਾਂ ਵਿਚ ਹੁੰਦਾ ਹੈ।

ਹਜ਼ਰਤ ਮੁਈਨ-ਉਦ-ਦੀਨ ਚਿਸ਼ਤੀ ਦਾ ਜੀਵਨ ਦਰਵੇਸ਼ਾਨਾ ਜ਼ਿੰਦਗੀ ਦੀ ਸਰਬੋਤਮ ਉਦਾਹਰਨ ਪ੍ਰਸਤੁਤ ਕਰਦਾ ਹੈ। ਆਪ ਦਾ ਨੂਰਾਨੀ ਵਿਅਕਤੀਤਵ ਅੱਲਾਹ ਦੀ ਇਬਾਦਤ, ਉਸਦੀ ਰਜ਼ਾ, ਪ੍ਰਹੇਜ਼ਗਾਰੀ, ਸੰਸਾਰਿਕ ਸੁਖ-ਸਾਧਨਾਂ ਦਾ ਤਿਆਗ ਅਤੇ ਉੱਚਤਮ ਇਖ਼ਲਾਕੀ ਕਦਰਾਂ-ਕੀਮਤਾਂ ਦਾ ਮੁਜੱਸਮਾ ਸੀ। ਧਾਰਮਿਕ ਉਦਾਰਤਾ ਅਤੇ ਮਾਨਵਤਾ ਪ੍ਰਤਿ ਸੁਹਿਰਦ ਹਜ਼ਰਤ ਚਿਸ਼ਤੀ ਰਾਜ ਦਰਬਾਰ ਤੋਂ ਹਮੇਸ਼ਾਂ ਦੂਰ ਰਹੇ। ਆਪਨੇ ਕਿਸੇ ਵੀ ਰੂਪ ਵਿਚ ਧਨ ਦੌਲਤ ਦੇ ਇਕੱਤਰੀਕਰਨ ਦਾ ਵਿਰੋਧ ਕੀਤਾ।[21] ਆਪ ਅਨੁਸਾਰ 'ਤਸੱਵੁਫ਼ ਕੇਵਲ ਇਲਮ ਨਹੀਂ ਬਲਕਿ ਵਿਸ਼ੇਸ਼ ਨੈਤਿਕ ਵਿਧੀ-ਵਿਧਾਨ ਹੈ। ਸੂਫ਼ੀ-ਸਾਧਕ ਦਾ ਕਮਾਲ ਇਹ ਹੈ ਕਿ ਉਹ ਆਪਣੇ ਆਪ ਨੂੰ ਰੱਬ ਦੀ ਜ਼ਾਤ ਵਿਚ ਫ਼ਨਾ ਕਰ ਦੇਵੇ। ਆਪ ਅਨੁਸਾਰ ਜਿਸ ਵਿਅਕਤੀ ਨੂੰ ਰੱਬ ਦਾ ਜ਼ਿਕਰ ਕਰਦਿਆਂ ਕੰਬਣੀ ਨਾ ਛਿੜੇ, ਉਹ ਵਿਅਕਤੀ ਮਾਨਵੀ ਕੋਮਲਤਾ ਤੋਂ ਮੁਕਤ ਹੈ।' ਹਜ਼ਰਤ ਮੁਈਨ-ਉਦ-ਦੀਨ ਚਿਸ਼ਤੀ ਨੇ ਸੂਫ਼ੀਆਨਾ ਜੀਵਨ ਲਈ ਦਸ ਨਿਯਮ ਨਿਰਧਾਰਤ ਕੀਤੇ ਹਨ। ਸਤਿ-ਜਿਗਿਆ ਸਾ, ਕਾਮਲ ਮੁਰਸ਼ਿਦ ਦੀ ਤਲਬ, ਅਦਬ, ਰਜ਼ਾ, ਮੁਹੱਬਤ, ਪ੍ਰਹੇਜ਼ਗਾਰੀ, ਸ਼ਰੀਅਤ ਦੀ ਪਾਲਣਾ ਵਿਚ ਦ੍ਰਿੜ੍ਹਤਾ, ਘੱਟ ਖਾਣਾ, ਘੱਟ ਸੌਣਾ, ਆਮ ਲੋਕਾਂ ਤੋਂ ਇਕ ਪਾਸੇ ਰਹਿਣਾ ਅਤੇ ਨਮਾਜ਼ ਰੋਜ਼ੇ ਦੀ ਪਾਬੰਦੀ ਕਰਨਾ। ਆਪ ਨੇ ਮਾਤਾ-ਪਿਤਾ ਦੀ ਸੇਵਾ, ਵਿਦਵਾਨਾਂ ਦਾ ਸਤਿਕਾਰ ਅਤੇ ਮੁਰਸ਼ਿਦ ਦੀ ਖ਼ਿਦਮਤ 'ਤੇ ਬਲ ਦਿੰਦਿਆਂ ਇਸ ਨੂੰ ਇਬਾਦਤ ਦਾ ਦਰਜਾ ਦਿੱਤਾ ਹੈ।

ਚਿਸ਼ਤਿਆ ਸ਼ਿਲਸਿਲੇ ਵਿਚ ਕਲਮਾ-ਏ-ਸ਼ਹਾਦਤ ਪੜ੍ਹਦੇ ਵਕਤ ਲਾ-ਇਲਾਹ ਇੱਲ-ਲੱਲਾਹ 'ਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਹੈ। ਇਹਨਾਂ ਸ਼ਬਦਾਂ ਨੂੰ ਦੁਹਰਾਉਂਦੇ ਹੋਇਆਂ ਆਮ ਤੌਰ 'ਤੇ ਸਿਰ ਅਤੇ ਜਿਸਮ ਦੇ ਉਪਰਲੇ ਭਾਗ ਨੂੰ ਹਿਲਾਇਆ ਜਾਂਦਾ ਹੈ। ਚਿਸ਼ਤੀ ਦਰਵੇਸ਼ ਆਮ ਤੌਰ 'ਤੇ ਰੰਗਦਾਰ ਕੱਪੜੇ ਪਹਿਨਦੇ ਹਨ ਅਤੇ ਹਲਕੇ ਬਾਦਾਮੀ ਰੰਗ ਨੂੰ ਆਮ ਤੌਰ 'ਤੇ ਤਰਜੀਹ ਦਿੱਤੀ ਜਾਂਦੀ ਹੈ। ਚਿਸ਼ਤੀ ਸੰਪ੍ਰਦਾਇ ਸਮੁੱਚੇ ਰੂਪ ਵਿਚ ਸ਼ਰੀਅਤ ਦੇ ਨਿਯਮਾਂ ਦੀ ਪਾਲਣਾ 'ਤੇ ਜ਼ੋਰ ਦਿੰਦਾ ਹੈ। ਇਸ ਵਿਚ 'ਸਮਾਅ' ਦਾ ਵਿਸ਼ੇਸ਼ ਪ੍ਰਚਲਨ ਰਿਹਾ ਹੈ[22] ਅਤੇ ਇਸ ਨੂੰ ਸੂਫ਼ੀ ਸਾਧਨਾ ਵਿਚ ਸਹਾਇਕ ਤਸੱਵੁਰ ਕੀਤਾ ਗਿਆ ਹੈ।

### ਨਕਸ਼ਬੰਦੀ ਸੰਪ੍ਰਦਾਇ

ਇਸ ਸੰਪ੍ਰਦਾਇ ਦੇ ਸੰਸਥਾਪਕ ਖ਼ੁਆਜਾ ਬਹਾ-ਉਦ-ਦੀਨ ਨਕਸ਼ਬੰਦ (1318-1389 ਈ.) ਹਨ। ਭਾਰਤ ਵਿਚ ਇਸ ਦੀ ਸਥਾਪਨਾ ਹਜ਼ਰਤ ਬਾਕੀ-ਬਿੱਲਾਹ (1564-1603 ਈ.) ਨੇ ਕੀਤੀ ਅਤੇ ਇਹਨਾਂ ਦੇ ਪ੍ਰਮੁਖ ਮੁਰੀਦ ਹਜ਼ਰਤ ਸ਼ੇਖ ਅਹਿਮਦ ਸਰਹਿੰਦੀ ਮਜੱਦਿਦ ਅਲਿਫ਼ਸਾਨੀ (1564-1624 ਈ.) ਦੁਆਰਾ ਇਸ ਸੰਪ੍ਰਦਾਇ ਦਾ ਵਿਸ਼ੇਸ਼ ਪ੍ਰਚਾਰ ਅਤੇ ਪ੍ਰਸਾਰ ਹੋਇਆ। ਸ਼ਰੀਅਤ ਦੇ ਨਿਯਮਾਂ ਦੀ ਸੰਪੂਰਨ ਪਾਲਣਾ 'ਤੇ ਅਤਿ ਅਧਿਕ ਬਲ ਦੇਣਾ ਇਸ ਸੰਪ੍ਰਦਾਇ ਦੀ ਪ੍ਰਮੁਖ ਵਿਸ਼ੇਸ਼ਤਾ ਹੈ। ਹਜ਼ਰਤ ਮੁਜੱਦਿਦ ਅਲਿਫ਼ਸਾਨੀ ਲਿਖਦੇ ਹਨ ਕਿ ਜੋ ਕੁਝ ਅਸਾਨੂੰ ਬਖ਼ਸ਼ਿਸ਼ ਹੋਈ ਹੈ ਉਹ ਮਹਿਜ਼ ਅੱਲਾਹ ਦਾ ਫ਼ਜ਼ਲ ਅਤੇ ਕਰਮ ਹੈ। ਜੇਕਰ ਇਸ ਮਿਹਰਬਾਨੀ ਦੇ ਲਈ ਕੋਈ ਸਾਧਨ ਬਣਿਆ ਹੈ ਤਾਂ ਉਹ ਹਜ਼ਰਤ ਮੁਹੰਮਦ (ਸ.) ਦੀ ਪੈਰਵੀ ਅਤੇ ਗ਼ੁਲਾਮੀ ਹੈ ਅਤੇ ਜੋ ਕੁਝ ਅਸਾਨੂੰ ਨਹੀਂ ਦਿੱਤਾ ਗਿਆ ਉਸਦੀ ਵਜ੍ਹਾ ਇਹ ਹੈ ਕਿ ਸ਼ਰੀਅਤ ਦੇ ਹੁਕਮਾਂ ਦੀ ਪਾਲਣਾ ਵਿਚ ਕੋਈ ਕਮੀ ਰਹਿ ਗਈ ਹੋਵੇਗੀ।

ਨਕਸ਼ਬੰਦੀ ਸੰਪ੍ਰਦਾਇ ਦੇ ਹੋਰ ਪ੍ਰਮੁਖ ਦਰਵੇਸ਼ਾਂ ਵਿਚ ਖ਼ੁਆਜਾ ਯਾਕੂਬ ਚਰਖ਼ੀ, ਖ਼ੁਆਜਾ ਨਸੀਰ-ਉਦ-ਦੀਨ ਅਹਿਰਾਰ, ਫੱਯਾਜ਼ੀ ਬੁਖਾਰੀ, ਖ਼ੁਆਜਾ ਹੁਸਾਮ-ਉਦ-ਦੀਨ, ਸ਼ੇਖ ਬਦਰ-ਉਦ-ਦੀਨ, ਅਲਵੀ ਹੁਸੈਨੀ ਆਦਿ ਬਜ਼ੁਰਗਾਂ ਦਾ ਉਲੇਖ ਕੀਤਾ ਜਾ ਸਕਦਾ ਹੈ। ਅਰਬ ਦੇਸ਼ਾਂ ਤੋਂ ਬਿਨ੍ਹਾਂ ਭਾਰਤ, ਅਫ਼ਗਾਨਿਸਤਾਨ, ਪਾਕਿਸਤਾਨ, ਤਾਸ਼ਕੰਦ, ਤੁਰਕੀ ਆਦਿ ਦੇਸ਼ਾਂ ਵਿਚ ਇਸ ਸੰਪ੍ਰਦਾਇ ਦੇ ਕੇਂਦਰ ਸਥਾਪਿਤ ਹੋਏ। ਹਜ਼ਰਤ ਮੁਜੱਦਿਦ ਦਾ ਮਜ਼ਾਰ ਪੰਜਾਬ ਵਿਚ ਸਰਹਿੰਦ ਵਿਖੇ ਸਥਿਤ ਹੈ। ਆਪ ਦੇ ਜੀਵਨ ਅਤੇ ਰੂਹਾਨੀ ਕਮਾਲਾਤ ਬਾਰੇ ਸ਼ੇਖ ਬਦਰ-ਉਦ-ਦੀਨ ਸਰਹਿੰਦੀ ਦੁਆਰਾ ਲਿਖੀ ਪੁਸਤਕ 'ਹਜ਼ਰਾਤ-ਉਲ-ਕੁਦਯ' ਵਿਚ ਆਪ ਤੋਂ ਹੋਈਆਂ ਅਨੇਕ ਕਰਾਮਾਤਾਂ ਦਾ ਵਰਨਣ ਕੀਤਾ ਗਿਆ ਹੈ। ਰਿਸਾਲਾ ਤਹਿਲੀਲੀਆ, ਰਿਸਾਲਾ ਅਸਬਾਤ-ਵੁਨ-ਨਾਬੂਦ (ਅਰਬੀ) ਅਤੇ ਰਿਸਾਲਾ ਰੱਦ-ਏ-ਸ਼ੀਆ (ਫ਼ਾਰਸੀ) ਆਪ ਦੀਆਂ ਪ੍ਰਸਿੱਧ ਰਚਨਾਵਾਂ ਹਨ। ਆਪ ਦੇ ਵਿਚਾਰ 'ਮਲਫ਼ੂਜ਼ਾਤ-ਏ-ਹਜ਼ਰਤ ਮੁਜੱਦਿਦ ਅਲਿਫਸਾਨੀ' ਅਤੇ 'ਮਨਕੂਬਾਤ' ਦੇ ਸਿਰਲੇਖ ਅਧੀਨ ਪ੍ਰਕਾਸ਼ਿਤ ਰੂਪ ਵਿਚ ਉਪਲਬਧ ਹਨ।

ਨਕਸ਼ਬੰਦੀ ਸੰਪ੍ਰਦਾਇ ਵਿਚ ਇਲਾਹੀ ਪ੍ਰਾਪਤੀ ਲਈ ਇਬਾਦਤ ਦੀਆਂ ਵਿਭਿੰਨ ਸਾਧਨਾਂ ਵਿਧੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਨਕਸ਼ਬੰਦੀ ਸੰਪ੍ਰਦਾਇ ਦੇ ਬਾਨੀ ਖ਼ੁਆਜਾ ਬਹਾ-ਉਦ-ਦੀਨ ਨੇ ਆਪਣੇ ਮੁਰਸ਼ਿਦ ਖ਼ੁਆਜਾ ਅਬਦੁਲ ਖ਼ਾਲਿਕ ਗੁਜਦੁਵਾਨੀ ਦੁਆਰਾ ਪੇਸ਼ ਅੱਠ ਨਿਯਮਾਂ ਵਿਚ ਤਿੰਨ ਨਿਯਮਾਂ ਦਾ ਇਜ਼ਾਫ਼ਾ ਕਰਕੇ ਇਸ ਸੰਪ੍ਰਦਾਇ ਦੀ ਗਿਆਰਾਂ-ਸੂਤਰੀ ਨਿਯਮਾਵਲੀ ਤਿਆਰ ਕੀਤੀ। ਇਹ ਨਿਯਮਾਵਲੀ ਨਿਮਨ ਲਿਖਤ ਅਨੁਸਾਰ ਹੈ :

(ੳ) ਹੋਸ਼-ਦਰ-ਦਮ (ਹਰ ਸਾਹ ਨਾਲ ਰੱਬ ਨੂੰ ਯਾਦ ਕੀਤਾ ਜਾਵੇ)।

(ਅ) ਨਜ਼ਰ-ਬਰ-ਕਦਮ (ਸਾਲਿਕ ਆਪਣੇ ਕਦਮਾਂ 'ਤੇ ਹੀ ਨਜ਼ਰ ਰੱਖੇ ਅਤੇ ਹਰ ਬੁਰਾਈ ਵਾਲੀ ਥਾਂ ਤੋਂ ਨਜ਼ਰ ਬਚਾਵੇ)।

(ੲ) ਸਫ਼ਰ-ਦਰ-ਬਤਨ (ਮਾਨਵੀ ਸਿਫ਼ਤਾਂ ਤੋਂ ਫਰਿਸ਼ਤਿਆਂ ਦੀ ਸਿਫ਼ਤ ਵਲ ਯਾਤਰਾ ਕਰਦਿਆਂ ਸਾਲਿਕ ਦਿਲ ਦੀ ਪਵਿੱਤਰਤਾ 'ਤੇ ਨਜ਼ਰ ਰੱਖੇ)।

(ਸ) ਖ਼ਿਲਵਤ-ਦਰ-ਅੰਜੁਮਨ (ਹਰ ਹਾਲ ਵਿਚ ਦਿਲੋਂ ਰੱਬ ਨਾਲ ਜੁੜਿਆ ਰਹੇ)।

(ਹ) ਯਾਦ ਕਰਦ (ਮੁਰਸ਼ਿਦ ਦੁਆਰਾ ਦੱਸੇ ਜ਼ਿਕਰ ਦਾ ਹਰ ਦਮ ਜਾਪ ਕਰਦਾ ਰਹੇ)।

(ਕ) ਨਿਗਾਹਦਾਸ਼ਤ (ਹਰ ਪਲ ਗੁਨਾਹਾਂ ਅਤੇ ਦਿਲ ਦੇ ਵਸਵਸਿਆਂ ਪ੍ਰਤਿ ਸਾਵਧਾਨ ਰਹੇ)।

(ਗ) ਯਾਦਦਾਸ਼ਤ (ਹਰ ਸਮੇਂ ਰੱਬੀ ਧੁਨ ਵਿਚ ਲੀਨ ਰਹੇ)।

(ਘ) ਵੁਕੂਫ਼-ਏ-ਜ਼ਮਾਨੀ (ਨਿਰੰਤਰ ਆਤਮ-ਵਿਸ਼ਲੇਸ਼ਣ ਕਰੇ ਕਿ ਦਲ ਵਿਚ ਕਿਤੇ ਗ਼ਫਲਤ ਤਾਂ ਨਹੀਂ ਆਈ)।

(ਙ) ਵੁਕੂਫ਼-ਏ-ਕਲਬੀ (ਦਿਲ ਦੀ ਭਟਕਣ ਦੀ ਪੂਰਨ ਰੂਪ ਵਿਚ ਰੋਕਥਾਮ ਕਰੇ)।

(ਚ) ਵੁਕੂਫ਼-ਏ-ਅਦੀਦ[24] (ਜ਼ਿਕਰ ਤਾਕ ਦੀ ਸੰਖਿਆ ਅਨੁਸਾਰ ਕਰੇ)।

ਡਾ. ਮੁਹੰਮਦ ਇਕਰਾਮ ਅਨੁਸਾਰ ਨਕਸ਼ਬੰਦੀ ਬਜ਼ੁਰਗ ਜ਼ਿਕਰ-ਏ-ਜਲੀ ਨੂੰ ਪਸੰਦ ਨਹੀਂ ਕਰਦੇ ਅਤੇ ਕੇਵਲ ਜ਼ਿਕਰ-ਏ-ਖ਼ਫ਼ੀ ਨੂੰ ਜਾਇਜ਼ ਸਮਝਦੇ ਹਨ। ਮੁਰਾਕਬੇ ਵਿਚ ਸਿਰ ਨੂੰ

ਝੁਕਾਕੇ, ਅੱਖਾਂ ਬੰਦ ਕਰਕੇ ਜ਼ਮੀਨ 'ਤੇ ਬੈਠਦੇ ਹਨ। ਸੰਗੀਤ ਅਰਥਾਤ ਸਮਾਅ ਦੇ ਖ਼ਿਲਾਫ਼ ਹਨ ਅਤੇ ਸ਼ਰੀਅਤ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕਰਦੇ ਹਨ। ਬੈਅਤ ਸਮੇਂ ਮੁਰੀਦਾਂ ਦਾ ਸਿਰ ਮੁੰਨਿਆ ਜਾਂਦਾ ਹੈ, ਤੋਬਾ ਕਰਾਈ ਜਾਂਦੀ ਹੈ ਅਤੇ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਮੁਰੀਦ ਲਈ ਬੈਅਤ ਇਕ ਨਵੀਂ ਰੂਹਾਨੀ ਅਤੇ ਇਖ਼ਲਾਕੀ ਜ਼ਿੰਦਗੀ ਦਾ ਆਰੰਭ ਹੋਵੇ। ਇਸ ਵਿਚ ਜ਼ਿਕਰ-ਏ -ਨਫ਼ੀ-ਅਸਬਾਤ 'ਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਹੈ।

ਹਜ਼ਰਤ ਮੁਜੱਦਿਦ ਨੇ ਵਹਿਦਤ-ਉਲ-ਵਜੂਦ ਦੀ ਵਿਰੋਧਤਾ ਕਰਦਿਆਂ ਵਹਿਦਮ-ਉਲ-ਵਜੂਦ ਦੀ ਵਿਰੋਧਤਾ ਕਰਦਿਆਂ ਵਹਿਦਤ-ਉਲ-ਸ਼ਹੂਦ ਦਾ ਨਜ਼ਰੀਆ ਪੇਸ਼ ਕੀਤਾ। ਉਹਨਾਂ ਸਪਸ਼ਟ ਸ਼ਬਦਾਂ ਰਾਹੀਂ ਇਹ ਵਿਚਾਰ ਪੇਸ਼ ਕੀਤਾ ਕਿ ਬੰਦਾ ਬੰਦਾ ਹੈ ਅਤੇ ਰੱਬ ਰੱਬ ਹੈ। ਦੋਹਾਂ ਵਿਚਕਾਰ ਅਬਦ (ਸੇਵਕ) ਅਤੇ ਰੱਬ (ਮਾਲਿਕ) ਦਾ ਸੰਬੰਧ ਹੀ ਉਚਿਤ ਅਤੇ ਦਰੁਸਤ ਹੈ। ਆਪ ਨੇ ਫ਼ਰਮਾਇਆ ਕਿ ਸ਼ਰੀਅਤ ਸੰਬੰਧੀ ਪੂਰਨ ਵਾਕਫੀਅਤ ਤੋਂ ਬਿਨਾਂ ਕੋਈ ਵਿਅਕਤੀ ਸੂਫ਼ੀਆਂ ਦੇ ਕਥਨਾਂ ਦੀਆਂ ਰਮਜ਼ਾਂ ਤੋਂ ਲਾਭ ਨਹੀਂ ਉਠਾ ਸਕਦਾ। ਆਪ ਅਨੁਸਾਰ ਤਰੀਕਤ ਅਤੇ ਹਕੀਕਤ ਦੋਵੇਂ ਸ਼ਰੀਅਤ ਦੀਆਂ ਖ਼ਿਦਮਤਗਾਰ ਹਨ। ਨਬੁੱਵਤ ਦੇ ਮੁਕਾਬਲੇ ਵਿਚ ਕਿਸੇ ਵਲੀ ਦੀ ਵਿਲਾਇਤ ਦੀ ਉਹੀ ਹੈਸੀਅਤ ਹੈ ਜਿਵੇਂ ਦਰਿਆ ਸਾਹਵੇਂ ਕਤਰੇ ਦੀ। ਅੱਲਾਹ ਤਾਅਲਾ ਦੀ ਮਾਰਫ਼ਤ ਉਸ ਵਿਅਕਤੀ 'ਤੇ ਹਰਾਮ ਹੈ ਜਿਸਦੇ ਦਿਲ ਵਿਚ ਰੱਤੀ ਭਰ ਵੀ ਹੰਕਾਰ ਜਾਂ ਵਡਿਆਈ ਦੀ ਭਾਵਨਾ ਹੋਵੇ। ਹਜ਼ਰਤ ਮੁਜੱਦਿਦ ਅਲਿਫ਼ ਸਾਨੀ ਅਨੁਸਾਰ ਇਸ ਜ਼ਮਾਨੇ ਵਿਚ ਧਰਮ ਵਿਚ ਜਿੰਨੀਆਂ ਖ਼ਰਾਬੀਆਂ ਉਤਪੰਨ ਹੋਈਆਂ ਹਨ ਇਹ ਸਭ ਸੰਸਾਰਿਕ ਲੋਭ ਵਿਚ ਗ੍ਰਸਤ ਧਾਰਮਿਕ ਵਿਦਵਾਨਾਂ/ਆਲਿਮਾਂ ਕਾਰਨ ਹਨ ਕਿਉਂਕਿ ਇਹਨਾਂ ਦਾ ਮੁਖ ਉਦੇਸ਼ ਆਪਣੇ ਲਈ ਵੱਧ ਤੋਂ ਵੱਧ ਦੁਨਿਆਵੀ ਲਾਭ ਪ੍ਰਾਪਤ ਕਰਨਾ ਹੈ।

### ਸੁਹਰਵਰਦੀ ਸੰਪ੍ਰਦਾਇ

ਸ਼ੇਖ਼ ਸ਼ਹਾਬ-ਉਦ-ਦੀਨ ਉਮਰ ਸੁਹਰਵਰਦੀ (1145-1234 ਈ.) ਇਸ ਸੰਪ੍ਰਦਾਇ ਦੇ ਸੰਸਥਾਪਕ ਹਨ। ਆਪ ਹਜ਼ਰਤ ਅਬੂ ਨਜੀਬ ਦੇ ਸ਼ਿਸ਼ ਹਨ। ਪ੍ਰੋ. ਗੁਲਵੰਤ ਸਿੰਘ ਅਨੁਸਾਰ ਹਜ਼ਰਤ ਸੁਹਰਵਰਦੀ ਉਚ ਕੋਟੀ ਦੇ ਵਿਦਵਾਨ ਅਤੇ ਤੱਪਸਿਆਸ਼ੀਲ ਸੂਫ਼ੀ ਸੰਤ ਸਨ। ਉਹਨਾਂ ਦੇ ਮੁਰੀਦ ਹਜ਼ਰਤ ਬਹਾ-ਉਦ-ਦੀਨ ਜ਼ਕਰੀਆ ( 1183-1262 ਈ.) ਨੇ ਮੁਲਤਾਨ ਵਿਚ ਇਕ ਖ਼ਾਨਗਾਹ ਸਥਾਪਿਤ ਕਰਨ ਤੋਂ ਬਾਅਦ ਭਾਰਤ ਵਿਚ ਇਸ ਸੰਪ੍ਰਦਾਇ ਦੀ ਸਥਾਪਨਾ ਕੀਤੀ। ਹਜ਼ਰਤ ਸੁਹਰਵਰਦੀ ਨੇ ਈਰਾਨ, ਖੁਰਾਸਾਨ, ਸੀਰੀਆ, ਤੁਰਕੀ ਆਦਿ ਦੇਸ਼ਾਂ ਵਿਚਲੇ ਸੂਫ਼ੀ ਦਰਵੇਸ਼ਾਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਸੂਫੀ-ਚਿੰਤਨ ਦਾ ਗੰਭੀਰ ਅਧਿਐਨ ਕੀਤਾ ਅਤੇ ਇਸ ਚਿੰਤਨਧਾਰਾ ਸੰਬੰਧੀ ਕਈ ਪੁਸਤਕਾਂ ਦੀ ਰਚਨਾ ਕੀਤੀ। ਸੂਫੀ ਦਰਸ਼ਨ ਸੰਬੰਧੀ ਆਪ ਦੁਆਰਾ ਲਿਖੀ ਅਵਾਰਿਫ਼-ਉਲ-ਮਆਰਿਫ਼ ਵਿਚ ਸੂਫ਼ੀ-ਸਿੱਧਾਂਤ ਅਤੇ ਸਾਧਨਾ ਦੇ ਵਿਭਿੰਨ ਪੱਖਾਂ ਉਤੇ ਬੜੀ ਗੰਭੀਰ ਅਤੇ ਵਿਸਤ੍ਰਿਤ ਵਿਚਾਰ ਚਰਚਾ ਕੀਤੀ ਗਈ ਹੈ।

ਇਸ ਸਿਲਸਿਲੇ ਵਿਚ ਸਾਹ ਬੰਦ ਕਰਕੇ 'ਅੱਲਾਹ ਹੂ' ਦਾ ਵਿਰਦ ਕਰਨ ਦਾ ਵਿਸ਼ੇਸ਼ ਰਿਵਾਜ ਹੈ। ਜ਼ਿਕਰ-ਏ-ਜ਼ਲੀ ਅਤੇ ਜ਼ਿਕਰ-ਏ-ਖ਼ਫ਼ੀ ਦੋਵਾਂ 'ਤੇ ਬਲ ਦਿੱਤਾ ਜਾਂਦਾ ਹੈ। ਇਸ ਸੰਪ੍ਰਦਾਇ ਦੇ ਧਾਰਨੀ ਸਮਾਅ ਨੂੰ ਪਸੰਦ ਨਹੀਂ ਕਰਦੇ ਬਲਕਿ ਇਸ ਵਿਚ ਕੁਰਆਨ ਦੀ ਤਿਲਾਵਤ

'ਤੇ ਅਧਿਕ ਧਿਆਨ ਦਿੱਤਾ ਜਾਂਦਾ ਹੈ। ਮੁਲਤਾਨ, ਸਿੰਧ, ਬੰਗਾਲ ਅਤੇ ਦੱਖਣ ਭਾਰਤ ਵਿਚ ਸੁਹਰਵਰਦੀ ਸੰਪ੍ਰਦਾਇ ਦਾ ਵਿਸ਼ੇਸ਼ ਰੂਪ ਵਿਚ ਪ੍ਰਭਾਵ ਪਿਆ। ਇਸ ਦੀ ਲੋਕ-ਪ੍ਰਿਯਤਾ ਵਿਚ ਸ਼ੇਖ ਸਾਅਦੀ ਅਤੇ ਮਿਸਰ ਦੇ ਸੂਫ਼ੀ ਸ਼ਾਇਰ ਉਮਰ-ਬਿਨ-ਫਰਾਜ਼ ਨੇ ਵਿਸ਼ੇਸ਼ ਯੋਗਦਾਨ ਪਾਇਆ। ਇਸ ਸੰਪ੍ਰਦਾਇ ਦੀਆਂ ਉੱਘੀਆਂ ਅਧਿਆਤਮਕ ਸ਼ਖ਼ਸੀਅਤਾਂ ਵਿਚ ਸ਼ੇਖ ਜਲਾਲ-ਉਦ-ਦੀਨ ਤਬਰੇਜ਼ੀ, ਸ਼ੇਖ ਸਦਰ-ਉਦ-ਦੀਨ, ਸ਼ੇਖ ਅਹਿਮਦ ਮਾਅਸ਼ੂਕ, ਸ਼ੇਖ ਫ਼ਖਰ-ਉਦ-ਦੀਨ, ਹਜ਼ਰਤ ਮਖ਼ਦੂਮ ਜਹਾਨੀਆਂ, ਸ਼ੇਖ ਹਸਨ ਅਫਗਾਨ, ਸ਼ੇਖ ਅਮੀਰ ਹਸਨ, ਸ਼ੇਖ ਰੁਕਨ-ਉਦ-ਦੀਨ ਤੇ ਸ਼ੇਖ ਉਸਮਾਨ ਆਦਿ ਦਾ ਨਾਮ ਲਿਆ ਜਾ ਸਕਦਾ ਹੈ।[25]

ਇਸਲਾਮੀ ਸ਼ਰੀਅਤ ਦੀ ਪੈਰਵੀ ਦਾ ਧਾਰਨੀ ਇਹ ਸੰਪ੍ਰਦਾਇ ਰਾਜ ਦਰਬਾਰ ਨਾਲ ਵੀ ਸੰਬੰਧਿਤ ਰਿਹਾ ਹੈ। ਹਜ਼ਰਤ ਸੁਹਰਵਰਦੀ ਨੇ ਮੁਸਲਮਾਨ ਸ਼ਾਸਕਾਂ ਅਤੇ ਸੂਫ਼ੀਆਂ ਵਿਚਕਾਰ ਸੁਹਿਰਦ ਮਾਹੌਲ ਪੈਦਾ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ। ਆਪਨੇ ਫਰਮਾਇਆ ਕਿ ਤਸੱਵੁਫ਼ ਦੇ ਤਿੰਨ ਮੂਲ ਆਧਾਰ ਹਨ ਫ਼ਕਰ, ਸੇਵਾ ਅਤੇ ਤਿਆਗ। ਹਜ਼ਰਤ ਸੁਹਰਵਰਦੀ ਅਨੁਸਾਰ ਫ਼ਕਰ ਦੀ ਉਤਮਤਾ ਫ਼ਕੀਰ ਦੀ ਸ਼ਖ਼ਸੀਅਤ ਉਪਰ ਨਿਰਭਰ ਕਰਦੀ ਹੈ। ਸੂਫ਼ੀ ਦੀ ਦ੍ਰਿਸ਼ਟੀ ਵਿਚ ਉਤਮਤਾ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਵਿਚ ਹੈ। ਸੂਫ਼ੀ ਸਾਧਕ ਨਿੱਜੀ ਇਲਮ ਦੇ ਮੁਕਾਬਲੇ 'ਤੇ ਇਲਾਹੀ ਇਲਮ ਨੂੰ ਅਤੇ ਨਿਜੀ ਮਰਜ਼ੀ ਦੇ ਮੁਕਾਬਲੇ 'ਤੇ ਇਲਾਹੀ ਇੱਛਾ ਨੂੰ ਪ੍ਰਮੁਖਤਾ ਦਿੰਦਾ ਹੈ। ਇਸ ਆਤਮ-ਤਿਆਗ ਦੇ ਫਲਸਰੂਪ ਹੀ ਫ਼ਕੀਰ ਨੂੰ ਅਧਿਆਤਮਕ ਨਿਆਮਤ/ਮਾਰਫ਼ਤ ਪ੍ਰਾਪਤ ਹੁੰਦੀ ਹੈ।

ਉਪਰੋਕਤ ਅਧਿਐਨ ਤੋਂ ਬਾਅਦ ਸਮੁੱਚੇ ਰੂਪ 'ਚ ਕਿਹਾ ਜਾ ਸਕਦਾ ਹੈ ਕਿ ਸੂਫ਼ੀਵਾਦ ਇਸਲਾਮੀ ਚਿੰਤਨ ਦਾ ਅਧਿਆਤਮਕ ਅੰਗ ਹੈ। ਇਸਲਾਮੀ ਜਗਤ ਵਿਚ ਸੂਫ਼ੀ ਜਾਂ ਵਲੀ-ਅੱਲਾਹ ਦਾ ਸਥਾਨ ਅਤਿ ਉੱਚਤਮ ਅਤੇ ਸਤਿਕਾਰ ਭਰਿਆ ਹੈ। ਸੂਫ਼ੀ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਜਿਸਦਾ ਦਿਲ ਤਮਾਮ ਨਫ਼ਸਾਨੀ ਬੁਰਾਈਆਂ ਤੋਂ ਪਾਕ ਹੋਵੇ ਅਤੇ ਉਸਨੂੰ ਰੱਬ ਦੀ ਮਾਰਫ਼ਤ ਅਤੇ ਉਸਦਾ ਵਿਸਾਲ ਹਾਸਲ ਹੋਵੇ। ਇਸ ਤਰ੍ਹਾਂ ਤਸੱਵੁਫ਼ ਦਾ ਮੁੱਖ ਮੰਤਵ ਦਿਲ ਨੂੰ ਗ਼ੈਰ-ਅੱਲਾਹ ਤੋਂ ਪਾਕ ਕਰਕੇ ਰੱਬੀ ਨੇੜਤਾ ਪ੍ਰਾਪਤ ਕਰਨਾ ਹੈ। ਇਸਲਾਮੀ ਵਿਚਾਰਧਾਰਾ ਦੇ ਅੰਤਰਗਤ ਇਸ ਆਦਰਸ਼ ਦੀ ਪੂਰਤੀ ਲਈ ਜਿਸ ਵਿਧੀ-ਵਿਧਾਨ ਦਾ ਪ੍ਰਯੋਗ ਕੀਤਾ ਜਾਂਦਾ ਹੈ, ਉਸਨੂੰ ਤਸੱਵੁਫ਼ ਕਿਹਾ ਜਾਂਦਾ ਹੈ। ਸੂਫ਼ੀ-ਚਿੰਤਨ ਦੀ ਇਹ ਵਿਲੱਖਣੀ ਵਿਸ਼ੇਸ਼ਤਾ ਹੈ ਕਿ ਇਸ ਦੁਆਰਾ ਪੇਸ਼ ਦਰਸ਼ਨ ਅੱਖਰ-ਗਿਆਨ ਹੀ ਨਹੀਂ ਬਲਕਿ ਅਨੁਭਵ/ਇਲਹਾਮ ਤੇ ਆਧਾਰਿਤ ਵੀ ਹੈ। ਇਸਦਾ ਸ੍ਰੋਤ ਦ੍ਰਿਸ਼ਟ ਅਤੇ ਅਦ੍ਰਿਸ਼ਟ ਦੋਵੇਂ ਜਗਤ ਹਨ।

ਸੂਫ਼ੀਵਾਦ ਦਾ ਨਿਕਾਸ ਤੇ ਵਿਕਾਸ ਸਮੁੱਚੇ ਰੂਪ ਵਿਚ ਇਸਲਾਮੀ ਚਿੰਤਨ 'ਤੇ ਆਧਾਰਿਤ ਹੈ। ਅਤਿਅੰਤ ਇਬਾਦਤ, ਰਜ਼ਾ-ਏ-ਇਲਾਹੀ ਵਿਚ ਰਾਜ਼ੀ ਰਹਿਣਾ, ਨਫ਼ਸਾਨੀ ਖ਼ਾਹਿਸ਼ਾਂ ਦਾ ਤਿਆਗ, ਆਤਮਿਕ ਸ਼ੁੱਧਤਾ, ਤਰਕ-ਏ-ਦੁਨੀਆਂ ਅਰਥਾਤ ਦੁਨਿਆਵੀ ਬੁਰਾਈਆਂ ਦਾ ਤਿਆਗ ਅਤੇ ਇਖ਼ਲਾਕੀ ਆਚਾਰ-ਵਿਹਾਰ ਦੀ ਉਤਮਤਾ ਸੂਫ਼ੀਆਨਾ ਜੀਵਨ-ਜਾਚ ਦੇ ਮੂਲ ਪਛਾਣ ਚਿੰਨ੍ਹ ਹਨ। ਹਜ਼ਰਤ ਮੁਹੰਮਦ (ਸ.) ਨੂੰ ਪ੍ਰਥਮ ਸੂਫ਼ੀ ਸਵੀਕਾਰ ਕੀਤਾ ਜਾਂਦਾ ਹੈ ਕਿਉਂਕਿ ਸੂਫ਼ੀਆਨਾ ਜੀਵਨ-ਪੱਧਤੀ ਦੇ ਪ੍ਰਮੁਖ ਗੁਣ ਆਪ (ਸ.) ਦੇ ਵਿਅਕਤੀਤਵ ਵਿਚ ਉੱਚਤਮ ਰੂਪ ਵਿਚ ਵਿਦਮਾਨ ਸਨ। ਸਮਾਂ ਬੀਤਣ ਦੇ ਨਾਲ ਨਾਲ ਸੂਫ਼ੀਵਾਦ ਨਵੀਨ ਸਿਧਾਂਤਕ ਅਤੇ ਵਿਹਾਰਕ ਪਾਸਾਰ ਗ੍ਰਹਿਣ

ਕਰਦਾ ਗਿਆ। ਸੂਫੀਵਾਦ ਦੇ ਵਿਕਾਸ ਅਤੇ ਵਿਸਤਾਰ ਵਿਚ ਵਿਸ਼ਵ ਦੇ ਵਿਭਿੰਨ ਦੇਸ਼ਾਂ ਵਿਚ ਪ੍ਰਚਲਿਤ ਵੱਖ ਵੱਖ ਸੂਫ਼ੀ ਸੰਪ੍ਰਦਾਵਾਂ ਨੇ ਮਹੱਤਵਪੂਰਨ ਰੋਲ ਅਦਾ ਕੀਤਾ। ਇਹ ਸੂਫ਼ੀ ਸੰਪ੍ਰਦਾਵਾਂ ਸਮੁੱਚੇ ਰੂਪ ਵਿਚ ਬਾ-ਸ਼ਰਾ ਹਨ ਪਰੰਤੂ ਕੁਝ ਇਕ ਸੰਪ੍ਰਦਾਵਾਂ ਅਜਿਹੀਆਂ ਵੀ ਹਨ ਜਿਨ੍ਹਾਂ ਵਿਚ ਸ਼ਰੀਅਤ ਦੇ ਕਰਮ-ਕਾਂਡੀ ਪੱਖ ਨਾਲ ਸੰਬੰਧਿਤ ਸਾਰੇ ਨਿਯਮਾਂ ਦੀ ਪਾਲਣਾ ਲਾਜ਼ਮੀ ਨਹੀਂ ਹੈ। ਭਾਰਤ, ਪੰਜਾਬ ਅਤੇ ਪੰਜਾਬੀ ਸਾਹਿਤ ਦੇ ਪ੍ਰਸੰਗ ਅਧੀਨ ਪ੍ਰਮੁਖ ਰੂਪ ਵਿਚ ਚਾਰ ਸੂਫ਼ੀ ਸੰਪ੍ਰਦਾਵਾਂ ਕਾਦਿਰੀ, ਚਿਸ਼ਤੀ, ਨਕਸ਼ਬੰਦੀ ਅਤੇ ਸੁਹਰਵਰਦੀ ਦਾ ਵਿਸ਼ੇਸ਼, ਵਿਲੱਖਣ ਅਤੇ ਮਹੱਤਵਪੂਰਨ ਸਥਾਨ ਹੈ।

## ਟਿੱਪਣੀਆਂ ਤੇ ਹਵਾਲੇ

1. *"It is therefore, probable that the word comes from safa, purity. These were men of pure hearts and pure lives like the hawaris (apostles) of Jesus Christ. Baidhawi derives the word Hawari from hawara, to be white (Syriac, hewara). They became hawaris, not because they wore white garments, but because of their pure lives and pure hearts and spiritual elevation."*
   (Iqbal Ali Shah : *Islamic Sufism*; 1979, P. 18)
2. ਹਜ਼ਰਤ ਸ਼ੇਖ਼ ਮਖ਼ਦੂਮ ਅਲੀ ਹੁਜਵੀਰੀ : ਕਸ਼ਫੁਲ ਮਹਿਜੂਬ ; 1989, ਪੰਨਾ 38
3. ਹਜ਼ਰਤ ਅਬਦੁਲ ਕਾਦਿਰ ਜੀਲਾਨੀ : ਗੁਨੀਆ-ਤੁਤ-ਤਾਲਿਬੀਨ : 1987, ਪੰਨਾ 624.
4. James Hastings (ed) : *Encylopaedia of Religion and Ethics*, 1967, P. 10 (Vol. XII)
5. Dr. Mir Valiuddin : *The Quranic Sufis*, 1981, P. 2.
6. ਹਜ਼ਰਤ ਅਬਦੁਲ ਕਾਦਿਰ ਜੀਲਾਨੀ : ਗੁਨੀਆ-ਤੁਤ-ਤਾਲਿਬੀਨ ; 1987, ਪੰਨਾ 624
7. ਡਾ. ਸੱਈਅਦ ਹੁਸੈਨ ਕਾਦਰੀ ਸ਼ੋਰ : *ਇਮਾਮ ਗੱਜ਼ਾਲੀ ਕਾ ਫ਼ਲਸਫ਼ਾ-ਏ-ਮਜ਼ਹਬ-ਓ-ਇਖ਼ਲਾਕ* ; 1961, ਪੰਨਾ 215
8. *"Islamic mysticism, called Sufism, has been variously traced to Christianity, Manichaeism, Buddhism, Hinduism and Parseeism. But Muslim mystics have always claimed, ........ that Sufism is based on the Koran and Hadith only, and has no borrowings from extra Islamic sources."*
   (Kapur Singh : *Mansur-Al-Hallaj*; 1970, P. 1)
9. ਗੁਲਵੰਤ ਸਿੰਘ : ਇਸਲਾਮ ਅਤੇ ਸੂਫ਼ੀਵਾਦ ; 1986, ਪੰਨਾ 68.
10. ਡਾ. ਗੁਰਦੇਵ ਸਿੰਘ : ਪੰਜਾਬ ਸੂਫ਼ੀ-ਸਾਹਿੱਤ ਸੰਦਰਭ ਗ੍ਰੰਥ ; 1989, ਪੰਨਾ 97.
11. *"Syedna Abu Bakr and Syedna Ali, the first and the fourth Coalifs, founded their own orders. Three important orders trace their origin to the first, viz. Naqshbandiyyah, Baktashiyyah and Bistamiyyah ; the remaining orders were the offshoots of the one founded by Hazrat Ali."* (Iqbal Ali Shah : *Islamic Sufism*; 1979 ; P. 21-22)

12. "ਤਸੱਵੁਫ਼ ਮੇਂ ਸਿਲਸਿਲਾ" ਕਿਸੀ ਤਰੀਕ ਕੇ ਆਮਿਲ ਕਾ ਆਪਨਾ ਰੂਹਾਨੀ ਰਿਸ਼ਤਾ ਮੁਰਸ਼ਿਦ-ਏ-ਕਾਮਿਲ ਯਾਨੀ ਹਜ਼ਰਤ ਮੁਹੰਮਦ (ਸ.) ਸੇ ਜੋੜਨਾ ਹੈ। ਇਸ ਮੇਂ ਵਾਸਤੇ ਕੇ ਤੌਰ ਪਰ ਜਿਨ ਜਿਨ ਸ਼ਖ਼ਸੀਆਤ ਕੇ ਅਸਮਾ-ਏ-ਗਿਰਾਮੀ ਆਤੇ ਹੈਂ ਵੋਹ ਅਰਕਾਨ-ਏ-ਸਿਲਸਿਲਾ ਹੈਂ। ... ਗੋਯਾ ਸਿਲਸਿਲਾ ਏਕ ਤਰਹ ਸੇ ਸ਼ਿਜਰਾ ਹੀ ਹੋਤਾ ਹੈ ਅਲਬੱਤਾ ਸ਼ਿਜਰਾ ਕੀ ਬੁਨਿਆਦ ਨਸਬ ਯਾ ਖ਼ੂਨ ਪਰ ਹੋਤੀ ਹੈ ਜਬਕਿ ਸਿਲਸਿਲਾ ਰੂਹਾਨੀ ਨਿਸਬਤ ਕੀ ਬਿਨਾ ਪਰ ਕਾਇਮ ਹੋਤਾ ਹੈ। ਸਿਲਸਿਲੇ ਕੀ ਵਜ੍ਹਾ ਤਸਮੀਆ ਅਮੂਮਨ ਕੋਈ ਜਲੀਲ-ਉਲ-ਕਦਰ ਔਰ ਅਹਿਮ ਸ਼ਖਸੀਅਤ ਹੂਆ ਕਰਤੀ ਹੈ ਜੈਸੇ ਕਾਦਿਰੀਆ ਗੌਸ-ਏ-ਆਜ਼ਮ ਹਜ਼ਰਤ ਅਬਦੁਲ ਕਾਦਿਰ ਜੀਲਾਨੀ (ਰਹਿ.), ਨਕਸ਼ਬੰਦੀਆ ਖ਼ੁਆਜਾ ਬਹਾ-ਉਦ-ਦੀਨ ਨਕਸ਼ਬੰਦ (ਰਹਿ.) ਕੇ ਨਾਮ ਪਰ ਯਾ ਮੌਲਵੀਆ ਮੌਲਾਨਾ ਜਲਾਲ-ਉਦ-ਦੀਨ ਰੂਮੀ ਕੇ ਨਾਮ-ਏ-ਨਾਮੀ ਸੇ ਮੌਸੂਮ ਹੈ। ਅਲਬੱਤਾ ਇਸਕੀ ਮੁਨਫਰਿਦ ਸ਼ਨਾਖਤ ਅਰਕਾਨ-ਏ-ਸਿਲਸਿਲਾ ਕੇ ਕਿਸੀ ਮਖ਼ਸੂਸ ਨਜ਼ਰੀਏ ਯਾ ਇਬਾਦਤ-ਓ-ਰਿਆਜ਼ਤ ਯਾ ਜ਼ਿਕਰ-ਓ-ਫ਼ਿਕਰ ਮੇਂ ਕਿਸੀ ਖ਼ਾਸ ਅੰਦਾਜ਼ ਕੋ ਇਖਤਿਆਰ ਕਰ ਲੇਨੇ ਸੇ ਬਨਤੀ ਹੈ।" (ਡਾ. ਤਾਰਿਕ ਕਿਫ਼ਾਇਤ : ਪੰਜਾਬ ਕੇ ਅਹਿਮ ਸੂਫ਼ੀ ਸਿਲਸਿਲੇ, ਅਣ-ਪ੍ਰਕਾਸ਼ਿਤ ਖੋਜ-ਪੱਤਰ)
13. Thomas Patric Hughes : *Dictionary of Islam;* 1992, P. 117.
14. ਹਜ਼ਰਤ ਨਿਸਾਰ ਅਹਿਮਦ ਖਾਂ : *ਆਈਨਾ-ਏ-ਸਲੂਕ;* ਸੰਨ ਰਹਿਤ, ਪੰਨਾ 94.
15. ਹਜ਼ਰਤ ਸ਼ੇਖ ਮਖ਼ਦੂਮ ਅਲੀ ਹੁਜਵੀਰੀ : *ਕੁਸ਼ਫੁਲ ਮਹਿਜੂਬ* ; 1989, ਪੰਨਾ 207.
16. ਹਜ਼ਰਤ ਸ਼ਾਹ ਵਲ਼ੀ - ਅੱਲਾਹ : *ਅਲ-ਕੌਲ-ਉਲ-ਜਮੀਲ;* ਸੰਨ ਰਹਿਤ, ਪੰਨਾ 49-51.
17. ਹਜ਼ਰਤ ਅਬਦੁਲ ਕਾਦਿਰ ਜੀਲਾਨੀ : *ਅਲ-ਫ਼ਤਹਿ-ਉਰ-ਰੱਬਾਨੀ* ; 1999, ਪੰਨਾ 298.
18. ਗੁਲਵੰਤ ਸਿੰਘ : *ਇਸਲਾਮ ਅਤੇ ਸੂਫ਼ੀਵਾਦ* ; 1986, ਪੰਨਾ 157-59.
19. Iqbal Ali Shah : Islamic Sufism ; 1979 P. 285.
20. Kshitimohan Sen : Medieval Mysticism of India ; 1974, P. 15.
21. David Waines : *An Introduction to Islam* ; 1995, P. 149.
22. ਡਾ. ਮੁਹੰਮਦ ਇਕਰਾਮ : *ਆਬ-ਏ-ਕੌਸਰ* ; 1979, ਪੰਨਾ 253-54.
23. ਸ਼ੇਖ਼ ਬਦਰ-ਉਦ-ਦੀਨ ਸਰਹਿੰਦੀ : *ਹਜ਼ਰਾਤ-ਉਲ-ਕੁਦਸ* ; 1991, ਪੰਨਾ 132.
24. ਹਜ਼ਰਤ ਸ਼ਾਹ ਵਲੀ-ਅੱਲਾਹ : *ਅਲ-ਕੌਲ-ਉਲ-ਜਮੀਲ* ; ਸੰਨ ਰਹਿਤ, ਪੰਨਾ 91-102.
25. ਡਾ. ਨਰੇਸ਼ : *ਸੂਫ਼ੀਮਤ ਅਤੇ ਸੂਫ਼ੀ-ਕਾਵਿ* ; 1993, ਪੰਨਾ 55-58.

# ਹਿੰਦੂ ਧਰਮ ਦੇ ਵੈਸ਼ਣਵ ਸੰਪ੍ਰਦਾਇ

ਡਾ. ਨਵਰਤਨ ਕਪੂਰ*

•

ਹਿੰਦੂ ਧਰਮ ਸੰਸਾਰ ਦਾ ਸਭ ਤੋਂ ਪੁਰਾਣਾ ਧਰਮ ਮੰਨਿਆ ਜਾਂਦਾ ਹੈ। ਹਿੰਦੂਆਂ ਦੇ ਸਭ ਤੋਂ ਪ੍ਰਾਚੀਨ ਗ੍ਰੰਥ ਹਨ : ਚਾਰ ਵੇਦ, ਜਿਨ੍ਹਾਂ ਦੇ ਨਾਂ ਹਨ - ਸਾਮਵੇਦ, ਯਜੁਰਵੇਦ, ਅਥਰਵੇਦ ਅਤੇ ਰਿਗਵੇਦ। ਹਿੰਦੂ ਧਰਮ ਵਿਚ ਆਦਿ ਸੰਪ੍ਰਦਾਇ ਹਨ : (1) ਆਸਤਿਕ ਅਤੇ (2) ਨਾਸਤਿਕ। 'ਆਸਤਿਕ' ਵਿਚਾਰਧਾਰਾ ਵਾਲੇ ਲੋਕੀ ਵੇਦਾਂ ਵਿਚ ਵਿਸ਼ਵਾਸ ਵੀ ਕਰਦੇ ਹਨ ਅਤੇ ਈਸ਼ਵਰ ਦੀ ਹੋਂਦ (Entity) ਨੂੰ ਵੀ ਮੰਨਦੇ ਹਨ। 'ਨਾਸਤਿਕ' ਵਿਚਾਰਧਾਰਾ ਵਾਲੇ ਲੋਕੀ ਵੇਦਾਂ ਦੀ ਪ੍ਰਮਾਣਿਕਤਾ (Authenticity) ਦੇ ਖਿਲਾਫ ਹਨ ਅਤੇ ਉਹ ਈਸ਼ਵਰ ਦੀ ਹਸਤੀ (Entity) ਵਿਚ ਵੀ ਵਿਸ਼ਵਾਸ ਨਹੀਂ ਕਰਦੇ।

"ਆਸਤਿਕ ਸੰਪ੍ਰਦਾਇ" ਵਿਚ ਦੋ ਪ੍ਰਕਾਰ ਦੀਆਂ ਵਿਚਾਰਧਾਰਾਵਾਂ ਨਜ਼ਰ ਆਉਂਦੀਆ ਹਨ। ਇਕ ਹੈ 'ਸਗੁਨ' ਜਾਂ 'ਸਾਕਾਰ' ਮਾਰਗੀ ਅਤੇ ਦੂਜੀ ਹੈ 'ਨਿਰਗੁਣ' ਜਾਂ 'ਨਿਰਾਕਾਰ' ਮਾਰਗੀ। ਆਪਣੇ ਦੇਵੀ ਦੇਵਤਾ ਦੀ ਮੂਰਤੀ ਦਾ ਧਿਆਨ ਕਰਕੇ ਪੂਜਾ-ਪਾਠ ਕਰਨਾ 'ਸਗੁਨ' (ਸਾਕਾਰ) ਭਗਤੀ ਦਾ ਆਧਾਰ-ਤੱਤ (Basic feature) ਹੈ। 'ਨਿਰਗੁਣ' ਜਾਂ 'ਨਿਰਾਕਾਰ' ਭਗਤੀ ਵਿਚ ਪਰਮਾਤਮਾ ਦੇ ਮਨੋਂ ਮਨੀ ਧਿਆਨ ਅਤੇ ਨਾਮ-ਜਪ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਭਗਤੀ ਦੀ ਇਸ 'ਨਿਰਗੁਣ (ਨਿਰਾਕਾਰ)' ਸ਼ਾਖਾ ਦੇ ਵੀ ਦੋ ਰੂਪ ਮਿਲਦੇ ਹਨ : (1) ਗਿਆਨ ਮਾਰਗੀ (2) ਪ੍ਰੇਮ ਮਾਰਗੀ।

ਹਿੰਦੂ ਧਰਮ ਦੀ ਸਗੁਨ (ਸਾਕਾਰ) ਭਗਤੀ ਆਰਾਧ ਦੇਵ ਦੀ ਮੂਰਤੀ ਦੀ ਪੂਜਾ ਕਾਰਨ ਕਈ ਰੂਪਾਂ ਵਿਚ ਮਿਲਦੀ ਹੈ। ਹਿੰਦੂਆਂ ਦੇ ਤੇਤੀ ਕਰੋੜ ਦੇਵਤਿਆਂ ਵਿਚੋਂ ਕੁਝ ਇਕ ਦੇ ਨਾਵਾਂ ਉੱਤੇ ਸੰਪ੍ਰਦਾਇ (seats) ਚਲ ਪਏ ਹਨ। ਇਨ੍ਹਾਂ ਵਿਚੋਂ ਕੁਝ ਪ੍ਰਸਿੱਧ ਨਾਂ ਹਨ :

**(1) ਸ਼ੈਵ ਮਤ** - ਜਿਸ ਵਿਚ ਸ਼ਿਵ ਜੀ ਦੀ ਪਿੰਡ (ਮੂਰਤੀ) ਦੀ ਪੂਜਾ ਕੀਤੀ ਜਾਂਦੀ ਹੈ। ਇਸ ਪਿੰਡੀ (ਲਿੰਗ) ਵਾਲੇ ਮੰਦਿਰ ਨੂੰ "ਸ਼ਿਵਾਲਾ" [ਸ਼ਿਵ+ਆਲਯ, ਅਰਥਾਤ "ਸ਼ਿਵ ਜੀ ਦਾ ਘਰ"] ਆਖਿਆ ਜਾਂਦਾ ਹੈ।

**(2) ਸ਼ਾਕਤ ਮਤ** - ਸ਼ਿਵ ਜੀ ਦੀ ਪਤਨੀ 'ਪਾਰਬਤੀ' ਦੀ "ਸ਼ਕਤੀ" ਦਾ ਰੂਪ ਹੈ। ਇਸ ਨੂੰ ਬਹੁਤ ਕਰਕੇ 'ਦੁਰਗਾ' [ ਦੁਰਗਾ (ਕਿਲਿਆਂ) ਦੀ] ਆਖਿਆ ਜਾਂਦਾ ਹੈ। 'ਦੁਰਗਾ' ਦੇ ਭਗਤਾਂ ਨੂੰ 'ਸ਼ਾਕਤ' (ਸ਼ਕਤੀ ਦੇ ਪੁਜਾਰੀ/ਭਗਤ) ਆਖਿਆ ਜਾਂਦਾ ਹੈ।

**(3) ਗਣਪਤਯ ਮਤ** - ਸ਼ਿਵ ਅਤੇ ਪਾਰਬਤੀ ਜੀ ਦੇ ਪੁੱਤਰ ਗਣੇਸ਼ ਜੀ, ਉਹੀ ਦੇਵਤਾ ਹਨ, ਜਿਨ੍ਹਾਂ ਦਾ ਮੂੰਹ "ਹਾਥੀ ਦੀ ਸੁੰਡ" ਵਾਲਾ ਹੁੰਦਾ ਹੈ। ਗਣੇਸ਼ ਜੀ ਦੇ ਪੁਜਾਰੀ (ਭਗਤਾਂ)

---

* 1697, ਮੁਹੱਲਾ ਦੀਵਾਨ ਮੂਲ ਚੰਦ, ਆਰੀਆ ਸਮਾਜ, ਪਟਿਆਲਾ ।

ਨੂੰ 'ਗਣਪਤਜ' ਸੱਦਿਆ ਜਾਂਦਾ ਹੈ।

**(4) ਵੈਸ਼ਣਵ ਮਤ** - ਕੁਝ ਪੁਰਾਣ ਗ੍ਰੰਥਾਂ ਵਿਚ ਵਿਸ਼ਨੂ ਭਗਵਾਨ ਦੇ 10 ਅਵਤਾਰਾਂ (Ten Incarnations) ਦਾ ਉੱਲੇਖ ਹੋਇਆ ਅਤੇ ਕੁਝ ਵਿਚ 24 (ਚੌਬੀ) ਦਾ। ਪਰ ਇਨ੍ਹਾਂ ਵਿਚ ਦੋ ਦੀ ਪੂਜਾ-ਅਰਚਣਾ ਪ੍ਰਤੀ ਹਿੰਦੂਆਂ ਦਾ ਬਹੁਤਾ ਰੁਝਾਨ ਨਜ਼ਰ ਆਉਂਦਾ ਹੈ। ਇਹ ਹਨ :

(ਕ) ਤ੍ਰੇਤਾ ਯੁਗ ਵਿਚ ਪੈਦਾ ਹੋਏ ਅਜੁੱਧਿਆ (ਅਜੋਕੇ ਉੱਤਰ ਪ੍ਰਦੇਸ਼) ਦੇ ਰਾਜਾ ਦਸ਼ਰਥ ਅਤੇ ਮਹਾਰਾਨੀ ਕੁਸ਼ਲਿਆ ਜੀ ਦੇ ਪੁੱਤਰ 'ਸ੍ਰੀ ਰਾਮ'। ਇਨ੍ਹਾਂ ਦੇ ਨਾਂ ਉੱਤੇ ਹੀ ਹਿੰਦੂ ਧਰਮ ਵਿਚ "ਰਾਮ ਭਗਤੀ ਧਾਰਾ" ਦੇ ਦਰਸ਼ਨ ਹੁੰਦੇ ਹਨ।

(ਖ) ਦੁਆਪਰ ਯੁਗ ਵਿਚ ਪੈਦਾ ਹੋਏ ਵਸੁਦੇਵ ਜੀ ਅਤੇ ਮਾਤਾ ਦੇਵਕੀ ਜੀ ਦੇ ਪੁੱਤਰ ਭਗਵਾਨ ਕ੍ਰਿਸ਼ਣ। ਇਨ੍ਹਾਂ ਦੇ ਨਾਂ ਉੱਤੇ ਹਿੰਦੂ ਧਰਮ ਵਿਚ 'ਕ੍ਰਿਸ਼ਣ ਭਗਤੀ ਧਾਰਾ' ਦੇ ਦਰਸ਼ਨ ਹੁੰਦੇ ਹਨ। ਬਾਲ-ਅਵਸਥਾ ਵਿਚ ਨੰਦ ਜੀ ਅਤੇ ਮਾਤਾ ਜਸੋਦਾ ਦੇ ਘਰ ਪਲਣ ਵਾਲੇ ਗੋਪੀਆਂ ਨਾਲ 'ਰਾਸ ਲੀਲਾ' ਕਰਨ ਵਾਲੇ ਇਹੋ ਸ੍ਰੀ ਕ੍ਰਿਸ਼ਣ "ਸ਼੍ਰੀਮਦ ਭਗਵਤਗੀਤਾ" ਦੇ ਰਚਨਾਕਾਰ-ਉਪਦੇਸ਼ਕ ਸਨ।

## ਵੈਸ਼ਣਵ ਧਰਮ (ਭਗਤੀ) ਦਾ ਉਦਯ ਅਤੇ ਵਿਕਾਸ

"ਵਿਸ਼ਨੂ" ਸ਼ਬਦ ਦਾ ਉੱਲੇਖ 'ਰਿਗਵੇਦ' ਵਿਚ ਹੋਇਆ ਹੈ। ਇਸ ਦਾ ਨਿਕਾਸ "ਵਿਸ਼" ਧਾਤੂ ਤੋਂ ਹੋਇਆ ਹੈ, ਜਿਸ ਦਾ ਅਰਥ ਹੈ : ਵਿਆਪਤ ਹੋਣਾ (ਫੈਲਣਾ)। ਪਰ ਰਿਗਵੇਦ ਵਿਚ "ਵਿਸ਼ਨੂੰ" ਨੂੰ ਪਹਿਲੀ ਸ਼੍ਰੇਣੀ (First Category) ਦੇ ਦੇਵਤਾ ਵਜੋਂ ਮਾਣ ਨਹੀਂ ਦਿੱਤਾ ਗਿਆ, ਉਸਨੂੰ ਸੂਰਜ ਦਾ ਰੂਪ (ਸ਼ੌਰ-ਸ਼ਕਤੀ, solar power) ਹੀ ਮੰਨਿਆ ਗਿਆ ਹੈ। ਰਿਗਵੇਦ ਵਿਚ ਵਿਸ਼ਨੂੰ ਦੀ ਇਸ ਸੌਰ-ਸ਼ਕਤੀ ਦਾ ਪ੍ਰਗਟਾਵਾ ਇਸ ਪ੍ਰਕਾਰ ਹੋਇਆ ਹੈ ਕਿ ਇਹ ਵਿਸ਼ਵ ਦੇ ਸੱਤ ਹਿੱਸਿਆਂ ਨੂੰ ਕੇਵਲ ਤਿੰਨ ਕਦਮ ਪੁੱਟ ਕੇ ਪਾਰ ਕਰ ਲੈਂਦਾ ਹੈ, ਇਸ ਵਿਚ ਪੂਰਨ ਸੁਰੱਖਿਆ (Patronage) ਅਤੇ ਵਿਆਪਤ ਹੋਣ ਦੀ ਭਾਵਨਾ ਵਿਦਮਾਨ ਹੈ। ਪਰ ਹਿੰਦੂਆਂ ਦੇ ਅਠਾਰਾਂ ਪੁਰਾਣਾਂ ਵਿਚੋਂ ਤਿੰਨ ਪੁਰਾਣ ਅਜਿਹੇ ਹਨ, ਜਿਨ੍ਹਾਂ ਵਿਚ ਵਿਸ਼ਨੂੰ ਨੂੰ "ਪਰਬ੍ਰਹਮ" ਆਖ ਕੇ ਸਰਬ ਉੱਤਮ ਸਥਾਨ ਦਿੱਤਾ ਗਿਆ ਹੈ। ਇਨ੍ਹਾਂ ਪੁਰਾਣਾਂ ਦੇ ਨਾਂ ਹਨ : "ਵਿਸ਼ਨੂ-ਪੁਰਾਣ", "ਬ੍ਰਹਮ ਵੈਵਰਤ-ਪੁਰਾਣ" ਅਤੇ "ਭਾਗਵਤ-ਪੁਰਾਣ"। ਇਸ ਵਿਸ਼ਨੂ ਦੀ ਸਵਾਰੀ ਗਰੁੜ ਹੈ, ਇਸ ਦਾ ਨਿਵਾਸ-ਸਥਾਨ "ਬੈਕੁੰਠ" ਹੈ ਅਤੇ "ਲਛਮੀ ਜੀ" ਇਨ੍ਹਾਂ ਦੀ ਪਤਨੀ ਹਨ।

ਇਸ ਪ੍ਰਕਾਰ ਦੇ ਰੂਪ ਵਾਲੇ ਵਿਸ਼ਨੂ ਸੰਬੰਧੀ "ਵੈਸ਼ਣ-ਭਗਤੀ" ਸਚਮੁਚ ਹਿੰਦੂਆਂ ਦੇ ਪੁਰਾਣ-ਕਾਲ ਦੀ ਦੇਣ ਹੈ, ਭਾਵੇਂ ਉਸ ਦਾ ਮੂਲ ਸੋਮਾ (original source) ਰਿਗਵੇਦ ਨੂੰ ਮੰਨਿਆ ਜਾਂਦਾ ਹੈ। ਵੈਸ਼ਣਵ-ਭਗਤੀ (ਸੰਪ੍ਰਦਾਇ) ਦੀ ਮੁੱਖ ਪਛਾਣ ਇਹ ਹੈ ਕਿ ਇਸ ਵਿਚ ਗਿਆਨ, ਕਰਮ ਅਤੇ ਉਪਾਸਨਾ ਨੂੰ ਤਿਆਗ ਕੇ ਸ੍ਰਵਣ, ਕੀਰਤਨ, ਦੀਨਤਾ (ਆਜੁਜੀ) ਅਤੇ ਆਤਮ-ਨਿਵੇਦਨ ਰਾਹੀਂ ਪ੍ਰਭੂ ਭਗਤੀ ਕਰਨ ਦਾ ਸਹੀ ਅਤੇ ਸਰਲ ਢੰਗ ਮੰਨਿਆ ਗਿਆ ਹੈ।

ਵੈਦਿਕ ਕਾਲ ਵਿਖੇ ਵੇਦਾਂ ਪ੍ਰਤੀ "ਸ਼ਰਧਾ" ਨੂੰ ਹੀ ਉਪਾਸਨਾ (worship) ਦਾ ਰੂਪ ਮੰਨਿਆ ਜਾਂਦਾ ਸੀ। ਪਰ ਅਗਾਂਹ ਚਲ ਕੇ ਇਹੋ ਸ਼ਰਧਾ ਏਕਾਂਤਿਕ, ਸਾਤਵਤ, ਭਾਗਵਤ ਅਤੇ

ਪੰਚਰਾਤ੍ਰ ਉਪਾਸਨਾ ਪ੍ਰਣਾਲੀਆਂ ਵਿਚ ਤਬਦੀਲ ਹੋ ਕੇ ਵੈਸ਼ਣਵਾਂ (ਵਿਸ਼ਨੂੰ ਦੇ ਭਗਤਾਂ) ਦੀ ਅਤਿਅੰਤ ਸ਼ੁੱਧ "ਸਗੁਣ (ਸਾਕਾਰ) ਉਪਾਸਨਾ" ਦੇ ਰੂਪ ਵਿਚ ਪ੍ਰਗਟ ਹੋਈ। ਉੱਤਰ ਵੈਦਿਕ-ਕਾਲ ਵਿਚ 'ਵਿਸ਼ਨੂੰ' ਦੇ ਪਰਿਆਇਵਾਚੀ (Synonyms) ਨਾਵਾਂ "ਨਾਰਾਇਣ" ਅਤੇ "ਵਾਸੁਦੇਵ" ਨੂੰ ਅਪਨਾ ਲਿਆ ਗਿਆ। ਸੂਰਸੇਨ ਪ੍ਰਦੇਸ਼ ਦੇ ਸਾਤਵੰਤ ਕਸ਼ਤ੍ਰੀ ਦੀ ਔਲਾਦ ਜਦੋਂ ਦੱਖਣ ਭਾਰਤ ਵਿਚ ਜਾ ਵਸੀ ਤਾਂ ਉਹ 'ਨਾਰਾਇਣ' ਅਤੇ 'ਵਾਸੁਦੇਵ' ਦੀ ਪਰੰਪਰਾਗਤ ਉਪਾਸਨਾ - ਵਿਧੀ ਨੂੰ ਵੀ ਅਪਨਾਉਂਦੀ ਰਹੀ। ਪੰਜਵੀਂ ਤੋਂ ਨੌਵੀਂ ਸਦੀ ਦੇ ਵਿਚਕਾਰ ਦੱਖਣ ਦੇ ਵਾਸੀ "ਆਲਵਾਰ ਸੰਤਾਂ" ਨੇ ਇਸ ਉਪਾਸਨਾ - ਵਿਧੀ ਵਿਚ ਕੁਝ ਸੁਧਾਰ ਕਰਕੇ ਇਸ ਦਾ ਚਹੁੰਮੁਖੀ ਵਿਕਾਸ ਕੀਤਾ। ਦਸਵੀਂ ਤੋਂ ਚੌਦ੍ਹਵੀਂ-ਪੰਦਰਵੀਂ ਸਦੀ ਈਸਵੀ ਵਿਚ ਵਿਦਵਾਨ ਆਚਾਰੀਆ ਨੇ ਆਪਣੀਆਂ ਆਪਣੀਆਂ ਭਾਵਨਾਵਾਂ ਅਨੁਸਾਰ ਭਗਵਾਨ ਵਿਸ਼ਨੂੰ ਦੇ ਅਵਤਾਰ "ਸ੍ਰੀ ਰਾਮ" ਅਤੇ "ਸ੍ਰੀ ਕ੍ਰਿਸ਼ਣ" ਦੀਆਂ ਕਾਰਗੁਜ਼ਾਰੀਆਂ ਨੂੰ ਤੱਕਿਆ ਅਤੇ ਇਕ ਨਿਸ਼ਚਿਤ ਸੋਚ ਅਨੁਸਾਰ ਆਪਣਾ ਨਵਾਂ ਸੰਪ੍ਰਦਾਇ (Seat) ਖੜਾ ਕਰ ਲਿਆ। ਇਸ ਪ੍ਰਕਾਰ ਵੈਸ਼ਣਵ ਮਤ ਦੇ ਪੰਜ ਸੰਪ੍ਰਦਾਇ ਹੋਂਦ ਵਿਚ ਆਏ ਜਿਨ੍ਹਾਂ ਦੇ ਨਾਂ ਹਨ : (1) ਸ੍ਰੀ ਸੰਪ੍ਰਦਾਇ (2) ਬ੍ਰਹਮ ਸੰਪ੍ਰਦਾਇ (3) ਸਨਕ ਸੰਪ੍ਰਦਾਇ (4) ਰੁਦ੍ਰ ਸੰਪ੍ਰਦਾਇ ਅਤੇ (5) ਗੌੜੀਯ ਸੰਪ੍ਰਦਾਇ। ਆਲਵਾਰ ਸੰਤਾਂ ਦੀ ਸੋਚ ਭਾਵੇਂ ਵੈਸ਼ਣਵੀ ਸੀ, ਫੇਰ ਵੀ ਉਪਰੋਕਤ ਪੰਜ ਸੰਪ੍ਰਦਾਇਆਂ ਦੇ ਮੋਢੀਆਂ ਦੀ ਸੋਚ ਵਿਚ ਕੁਝ ਅੰਤਰ ਨਜ਼ਰ ਆਉਂਦਾ ਹੈ। ਇਸ ਸੰਬੰਧ ਵਿਚ ਡਾ. ਬਲਦੇਵ ਉਪਧਾਯ ਦਾ ਮਤ ਪੇਸ਼ ਹੈ :

"ਆਲਵਾਰਾਂ ਦੇ ਜੀਵਨ ਦਾ ਇਕ ਮਾਤਰ ਆਧਾਰ ਸੀ "ਪ੍ਰਪੱਤਿ" ਅਰਥਾਤ "ਨਿਰੋਲ" (ਵਿਸ਼ੁੱਧ) ਭਗਤੀ"। ਪਰ ਆਚਾਰਿਆਂ (ਉਪਰੋਕਤ ਸੰਪ੍ਰਦਾਇਆਂ ਦੇ ਮੋਢੀਆਂ) ਦੀ ਜੀਵਨ ਪ੍ਰਣਾਲੀ ਵਿਚ ਭਗਤੀ ਅਤੇ ਕਰਮ ਦਾ ਸੁੰਦਰ ਸਮਨਵੈ (ਸੁਮੇਲ) ਸੀ। ਆਲਵਾਰ ਭਗਤ (ਦਰਸ਼ਨ) ਸ਼ਾਸਤਰ ਦੇ ਵਿਦਵਾਨ ਨਹੀਂ ਸਨ। ਉਹ ਕੇਵਲ ਭਗਤੀ ਰਸ ਵਿਚ ਡੁੱਬੇ ਹੋਏ ਸਨ। ਇਸ ਦੇ ਵਿਪਰੀਤ ਆਚਾਰੀਆਗਣ ਵੇਦਾਂਤ ਦੇ ਪਰੰਪਰਾਗਤ ਵਿਦਵਾਨ ਤਾਂ ਹੈ ਸਨ, ਤਰਕ ਅਤੇ ਯੁਕਤੀ ਦੇ ਸਹਾਰੇ ਵਿਰੋਧੀਆਂ ਦਾ ਮੂੰਹ ਬੰਦ ਕਰਨ ਵਾਲੇ 'ਪੰਡਤ' (ਵਿਦਵਾਨ) ਵੀ ਸਨ। ਆਲਵਾਰਾਂ ਵਿਚ ਜੇ ਹਿਰਦੇ ਪੱਖ ਦੀ ਪ੍ਰਬਲਤਾ ਸੀ ਤਾਂ ਆਚਾਰੀਆਂ ਵਿਚ ਬੁੱਧੀ ਪੱਖ ਦੀ ਦ੍ਰਿੜਤਾ ਸੀ।[1]"

ਇਕ ਵਿਦਵਾਨ ਦਾ ਮੱਤ ਹੈ ਕਿ ਉਪਰੋਕਤ ਪਹਿਲੇ ਚਾਰ ਸੰਪ੍ਰਦਾਇ ਆਦਿ ਸ਼ੰਕ੍ਰਾਚਾਰਯ ਦੇ "ਮਾਇਆਵਾਦ" ਦੇ ਪ੍ਰਤਿਕ੍ਰਿਆ ਸਰੂਪ ਹੋਂਦ ਵਿਚ ਆਏ ਅਤੇ ਅਵਤਾਰਵਾਦ ਨੂੰ ਸਵੀਕਾਰ ਕਰਕੇ ਭਗਤੀ ਭਾਵਨਾ ਨੂੰ ਦਾਰਸ਼ਨਿਕ ਆਧਾਰ ਪ੍ਰਦਾਨ ਕੀਤਾ।

## ਰਾਮ ਭਗਤੀ-ਪਰਕ ਵੈਸ਼ਣਵ ਸੰਪ੍ਰਦਾਇ
## ਸ੍ਰੀ ਸੰਪ੍ਰਦਾਇ ਅਤੇ ਰਾਮ-ਭਗਤੀ

ਇਸ ਸੰਪ੍ਰਦਾਇ ਦੇ ਪਹਿਲੇ ਆਚਾਰੀਆ ਨਾਥ ਮੁਨੀ (ਸੰਨ 824-924) ਸਨ। ਉਨ੍ਹਾਂ ਨੇ ਸ਼ਠਕੋਪ ਨਾਂ ਦੇ ਆਲਵਾਰ ਸੰਪ੍ਰਦਾਇ ਦੇ ਸੰਤ ਦੀਆਂ ਲੀਹਾਂ ਉੱਤੇ ਟੁਰ ਕੇ ਆਪਣੀ ਸਾਧਨਾ ਵਿਚ "ਰਾਮ-ਨਿਸ਼ਠਾ" (ਭਗਵਾਨ ਰਾਮ ਉੱਤੇ ਦ੍ਰਿੜ ਵਿਸ਼ਵਾਸ) ਨੂੰ ਪ੍ਰਮੁੱਖਤਾ ਦਿੱਤੀ। ਹਿੰਦੂ ਦੇਵੀ-ਦੇਵਤਿਆਂ (ਦਿਵਯ) ਨਾਲ ਸੰਬੰਧਤ ਤੀਰਥ ਸਥਾਨਾਂ ਦੀ ਤੋਰਾ ਫੇਰੀ ਦੌਰਾਨ ਨਾਥ ਮੁਨੀ ਅਜੁੱਧਿਆ ਅਤੇ ਚਿਤ੍ਰਕੂਟ ਵਿਖੇ ਵੀ ਪਧਾਰੇ ਸਨ। ਉਹ ਧਨੁਖਧਾਰੀ (ਕੋਦੰਡ ਪਾਣਿ) ਰੂਪ ਵਾਲੇ

ਜਿਸ ਭਗਵਾਨ ਰਾਮ ਦੀ ਮੂਰਤੀ ਦੀ ਪੂਜਾ-ਆਰਾਧਨਾ ਕਰਦੇ ਸਨ ਉਹ ਅਜੇ ਤਕ ਬਾਲਾ ਜੀ ਪਰਬਤ ਉੱਤੇ ਸਥਿਤ "ਵੱਡੇ ਜਿਯਰਸਠ" ਵਿਚ ਮੌਜੂਦ ਹੈ।

ਆਚਾਰੀਆ ਨਾਥ ਮੁਨੀ ਦੀ ਸ਼ਿੱਸ਼ ਪਰੰਪਰਾ ਵਿਚ ਕ੍ਰਮ ਅਨੁਸਾਰ ਪੁੰਡਰੀਕਾਕਸ਼ ਅਤੇ ਰਾਮ ਮਿਸ਼ਰ ਹੋਏ। ਰਾਮ ਮਿਸ਼ਰ ਦੇ ਪ੍ਰਮੁਖ ਚੇਲੇ ਦਾ ਨਾਂ ਸੀ ਯਾਮੁਨ ਆਚਾਰੀਆ (ਸੰਨ 916-1040) ਸੀ। ਯਾਮੁਨ ਆਚਾਰੀਆ ਨੇ ਹੀ ਵਿਧੀ-ਵਿਧਾਨ ਅਨੁਸਾਰ 'ਸ੍ਰੀ ਸੰਪ੍ਰਦਾਇ' ਨੂੰ ਸਿਧਾਂਤਕ ਰੂਪ ਪ੍ਰਦਾਨ ਕੀਤਾ। ਇਸੇ ਕਾਰਨ ਹਿੰਦੀ ਸਾਹਿੱਤ ਵਿਚ ਬਹੁਤਾ ਕਰਕੇ ਯਾਮੁਨ ਆਚਾਰੀਆਂ ਨੂੰ ਹੀ "ਸ੍ਰੀ ਸੰਪ੍ਰਦਾਇ" ਦਾ ਮੋਢੀ ਦੱਸਿਆ ਜਾਂਦਾ ਹੈ। ਪਰ ਯਾਮੁਨ ਆਚਾਰੀਆ ਨੇ ਆਪਣੀ ਪ੍ਰਸਿੱਧ ਰਚਨਾ "ਆਲਵੰਦਾਰ ਸਤੋਤ੍ਰ" (ਸਤੋਤ੍ਰ ਰਤਨਮ) ਵਿਖੇ ਭਗਵਾਨ ਰਾਮ ਦੇ ਸਾਮ੍ਹਣੇ ਰਾਵਨ ਦੇ ਭਰਾ ਭਵੀਖਣ ਵਲੋਂ ਕੀਤੀ ਗਈ ਪ੍ਰਤਿਗਿਆ "ਸਕ੍ਰਿਦੇਵ ਪ੍ਰਪੰਨਾਯ" ਦਾ ਹਵਾਲਾ ਦੇ ਕੇ ਆਪਣੇ ਨਕੜਦਾਦਾ ਦਾ ਗੁਰੂ ਨਾਥ ਮੁਨੀ ਦੀ ਡੂੰਘੀ ਰਾਮ-ਭਗਤੀ ਨੂੰ 67-68 ਸ਼ਲੋਕਾਂ ਵਿਚ ਪੇਸ਼ ਕੀਤਾ ਹੈ।[2]

ਇਸ ਸੰਪ੍ਰਦਾਇ ਦੇ ਆਧੁਨਿਕ ਵਿਦਵਾਨ ਸੁਆਮੀ ਰਘੁਵਰ ਆਚਾਰੀਆ ਅਤੇ ਭਗਵਦ ਆਚਾਰੀਆ ਦਾ ਕਥਨ ਹੈ ਕਿ ਆਦਿ ਕਾਲ ਵਿਚ "ਸ੍ਰੀ ਸੰਪ੍ਰਦਾਇ" ਹੀ ਵੈਸ਼ਨਵ ਭਗਤੀ-ਮੂਲਕ ਇਕੋ ਇਕ ਸੰਪ੍ਰਦਾਇ ਸੀ। ਪਰ ਸਮੇਂ ਦੀ ਚਾਲ ਨਾਲ ਉਪਾਸਨਾ ਕੀਤੇ ਜਾਣ ਵਾਲੇ ਦੇਵਤਾ ਦੇ ਨਾਂ, ਜਪ ਸੰਬੰਧੀ ਮੰਤਰ ਅਤੇ ਪੂਜਾ ਕਰਨ ਦੇ ਢੰਗ (=ਆਚਾਰ) ਵਿਚ ਭਿੰਨਤਾਵਾਂ ਹੋਣ ਕਾਰਨ, ਇਸ ਦੀਆਂ ਦੋ ਸ਼ਾਖਾਵਾਂ (Branches) ਹੋ ਗਈਆਂ। ਇਕ ਵਿਚ 'ਸ੍ਰੀ ਰਾਮ' ਨੂੰ ਪ੍ਰਧਾਨਤਾ ਦਿੱਤੀ ਗਈ ਅਤੇ ਦੂਜੀ ਵਿਚ "ਭਗਵਾਨ ਨਾਰਾਇਣ" ਨੂੰ।[3] ਇਸ ਪ੍ਰਕਾਰ ਮੁੱਖ ਸੰਪ੍ਰਦਾਇ (primary seats) ਤੋਂ ਬਹੁਤ ਸਾਰੇ ਉਪ-ਸੰਪ੍ਰਦਾਇ ਬਣਦੇ ਗਏ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

### (1) ਰਾਮਾਨੁਜ ਆਚਾਰੀਆ ਦਾ ਸੰਪ੍ਰਦਾਇ

ਬਹੁਤਾ ਕਰਕੇ ਇਸ ਨੂੰ ਰਾਮਾਨੁਜ ਆਚਾਰੀਆ (ਸੰਨ 1037-1137) ਦਾ "ਸ੍ਰੀ ਸੰਪ੍ਰਦਾਇ" ਹੀ ਸੱਦਿਆ ਜਾਂਦਾ ਹੈ।[4] ਰਾਮਾਨੁਜ ਦੇ ਗੁਰੂ ਯਾਮੁਨ ਆਚਾਰੀਆ ਸਨ। ਰਾਮਾਨੁਜ ਨੇ ਬ੍ਰਹਮ-ਸੂਤ੍ਰ ਉਤੇ ਇਕ ਟੀਕਾ ਲਿਖੀ, ਜਿਸ ਦਾ ਨਾਂ 'ਸ੍ਰੀ ਭਾਸ਼ਯ' ਧਰਿਆ। ਸ਼ਾਇਦ ਇਸੇ ਕਾਰਨ ਹਿੰਦੀ ਸਾਹਿੱਤ ਜਗਤ ਵਿਚ ਰਾਮਾਨੰਦ ਨੂੰ ਹੀ "ਸ੍ਰੀ ਸੰਪ੍ਰਦਾਇ" ਦਾ ਮੋਢੀ ਗਰਦਾਨਿਆ ਜਾਣ ਲਗ ਪਿਆ। ਪਰ ਰਾਮਾਨੁਜ ਦੇ 'ਸ੍ਰੀ ਭਾਸ਼ਯ' ਅਤੇ ਹੋਰ ਗ੍ਰੰਥਾਂ ਵਿਚ "ਵਿਸ਼ਨੂੰ" ਦਾ ਨਾਂ 'ਨਾਰਾਇਣ' ਹੀ ਵਰਤਿਆ ਗਿਆ ਹੈ। ਰਾਮਾਨੁਜ ਆਚਾਰੀਆ ਦਾ ਮਤ ਹੈ ਕਿ ਇਸ 'ਨਰਾਇਣ ਵਿਸ਼ਨੂੰ' ਦੀ ਪੂਜਾ-ਭਗਤੀ "ਦਾਸ" ਦੇ ਰੂਪ ਵਿਚ ਕਰਨ ਨਾਲ ਮੁਕਤੀ (salvation) ਦੀ ਪ੍ਰਾਪਤੀ ਹੁੰਦੀ ਹੈ। ਰਾਮਾਨੁਜ ਆਚਾਰੀਆ ਦੇ ਦਾਰਸ਼ਨਿਕ ਸਿਧਾਂਤ ਨੂੰ "ਵਿਸਿਸ਼ਟ-ਅਦ੍ਵੈਤਵਾਦ" ਸੱਦਿਆ ਜਾਂਦਾ ਹੈ। ਸ੍ਰੀ ਨਗੇਂਦ੍ਰ ਨਾਥ ਵਸੁ ਨੇ ਇਕ ਹੋਰ ਵਿਦਵਾਨ ਦਾ ਹਵਾਲਾ ਦੇ ਕੇ ਲਿਖਿਆ ਹੈ :

"ਅਧਿਆਪਕ ਰਾਮ ਕ੍ਰਿਸ਼ਣ ਗੋਪਾਲ ਭੰਡਾਰਕਰ ਦੇ ਅਨੁਸਾਰ 'ਪੰਚ ਰਾਤ੍ਰ' ਅਤੇ 'ਸਾਤਵਤ ਧਰਮ' ਕਸ਼ਤ੍ਰਿਯਮੂਲਕ ਸਨ। ਰਾਮਾਨੁਜ ਨੇ ਉਸੇ 'ਸਾਤਵਤ ਮਤ' ਦੇ ਆਧਾਰ ਤੇ ਵੈਦਾਂਤਿਕ (ਵੇਦਾਂਤ ਤੇ ਆਧਾਰਿਤ) "ਵਿਸ਼ਿਸ਼ਟ-ਅਦ੍ਵੈਤਵਾਦ" ਦੀ ਸਥਾਪਨਾ ਕੀਤੀ। ਜੀਵ,

ਈਸ਼ਵਰ, ਉਪਾਯ। ਈਸ਼ਵਰ ਪ੍ਰਾਪਤੀ ਦਾ ਮਾਰਗ। ਫਲ ਅਤੇ ਪੁਰਸ਼ਾਰਥ ਅਤੇ ਵਿਰੋਧੀ (ਈਸ਼ਵਰ ਪ੍ਰਾਪਤੀ ਦੇ ਔਕੜਿਕੇ) ਇਨ੍ਹਾਂ ਸਭਨਾਂ ਦੇ ਸਿਲਸਿਲੇ ਵਾਰ ਪੰਜ-ਪੰਜ ਰੂਪਾਂ (=ਪੰਚਕ) ਉੱਤੇ "ਰਾਮਾਨੁਜ ਮਤ" ਟਿਕਿਆ ਹੋਇਆ ਹੈ।"[5]

"ਨਾਰਾਇਣ" ਨੂੰ ਹੀ ਪੂਜਾ ਵਜੋਂ ਮਾਨਤਾ ਦਿੱਤੇ ਜਾਣ ਵਾਲਾ "ਸ੍ਰੀਮਤਨਾਰਾਯਣ" (ਸ੍ਰੀਮਤ+ਨਾਰਾਯਣ) ਸੰਪ੍ਰਦਾਇ ਹੀ ਇਸ ਦਾ ਆਧੁਨਿਕ ਰੂਪ ਜਾਪਦਾ ਹੈ। ਇਸ ਦੇ ਬਹੁਤੇ ਪੈਰੋਕਾਰ ਤਾਮਿਲਨਾਡੂ, ਮਾਰਵਾੜ (ਪੱਛਮੀ ਰਾਜਸਥਾਨ), ਤੈਲੰਗ ਅਤੇ ਗੁਜਰਾਤ ਵਿਚ ਮਿਲਦੇ ਹਨ।

(2) ਰਾਮਾਨੰਦ ਸੰਪ੍ਰਦਾਇ

ਇਸ ਦਾ ਦੂਜਾ ਨਾਂ "ਰਾਮਾਵਤ ਸੰਪ੍ਰਦਾਇ" ਵੀ ਹੈ। ਰਾਮਾਨੰਦ ਦਾ ਸਮਾਂ 15ਵੀਂ ਸ਼ਤਾਬਦੀ ਮਿੱਥਿਆ ਗਿਆ ਹੈ ਅਤੇ ਇਹ ਰਾਮਾਨੁਜ ਦੀ ਸ਼ਿਸ਼ ਪਰੰਪਰਾ (Disciple order) ਵਿਚੋਂ ਸਨ। ਕੁਝ ਵਿਦਵਾਨਾਂ ਅਨੁਸਾਰ ਸੁਆਮੀ ਰਾਮਾਨੰਦ ਦੇ ਗੁਰੂ ਦਾ ਨਾਂ ਰਾਘਵਾਨੰਦ ਸੀ। ਕਹਿੰਦੇ ਹਨ ਕਿ ਜਦੋਂ ਰਾਮਾਨੰਦ ਭਾਰਤ ਦੇ ਕੁਝ ਖੇਤਰਾਂ ਵਿਚ ਭੌਰਾਫੇਰੀ ਮਗਰੋਂ ਆਪਣੇ ਗੁਰੂ ਦੇ ਆਸ਼ਰਮ ਵਿਚ ਪੁੱਜੇ ਤਾਂ ਉਨ੍ਹਾਂ ਦੇ ਗੁਰੂ-ਭਾਈਆਂ ਨੇ ਇਹ ਇਤਰਾਜ਼ ਕੀਤਾ ਕਿ "ਤੁਸੀਂ ਇਸ ਭ੍ਰਮਣ-ਕਾਲ (tour) ਦੌਰਾਨ ਖਾਣ-ਪੀਣ ਲਈ ਉੱਚੀਆਂ ਅਤੇ ਨੀਵੀਆਂ ਜਾਤੀਆਂ ਦੀ ਮਹਿਮਾਨ-ਨਵਾਜ਼ੀ ਜ਼ਰੂਰ ਸਵੀਕਾਰ ਕੀਤੀ ਹੋਵੇਗੀ? ਉਦਾਰ ਹਿਰਦੇ ਵਾਲੇ ਸੁਆਮੀ ਰਾਮਾਨੰਦ ਦੇ ਹਾਮੀ ਭਰਨ ਤੇ ਉਨ੍ਹਾਂ ਨੂੰ ਰਾਮਾਨੁਜ ਸੰਪ੍ਰਦਾਇ ਵਿਚੋਂ ਛੇਕ ਦਿੱਤਾ ਗਿਆ। ਇਸ ਦਸ਼ਾ ਵਿਚ ਆਪਣੇ ਗੁਰੂ ਰਾਘਵਾਨੰਦ ਜੀ ਤੋਂ ਆਗਿਆ ਲੈ ਕੇ ਰਾਮਾਨੰਦ ਜੀ ਨੇ ਆਪਣੇ ਸੁਤੰਤਰ ਸੰਪ੍ਰਦਾਇ (Independent sub-seat) ਦੀ ਸਥਾਪਨਾ ਕਰ ਲਈ।[6]

ਸੁਆਮੀ ਰਾਮਾਨੰਦ ਨੇ ਭਗਵਾਨ ਰਾਮ ਨੂੰ ਆਪਣਾ ਇਸ਼ਟ ਦੇਵ ਮੰਨ ਕੇ 'ਰਾਮ ਨਾਮ' ਨੂੰ ਆਪਣਾ 'ਮੂਲ-ਮੰਤਰ' ਬਣਾਇਆ ਅਤੇ ਹਿੰਦੂਆਂ ਦੀ ਜਾਤ-ਪਾਤ ਦਾ ਵਿਰੋਧ ਕਰਦਿਆਂ ਨੀਵੀਆਂ ਜਾਤਾਂ ਦੇ ਸ਼ਰਧਾਲੂਆਂ ਨੂੰ ਵੀ ਆਪਣੇ ਸੰਪ੍ਰਦਾਇ ਵਿਚ ਸ਼ਾਮਿਲ ਕਰ ਲਿਆ। ਇਨ੍ਹਾਂ ਭਗਤਾਂ ਵਿਚੋਂ ਪ੍ਰਸਿੱਧ ਸਨ : ਕਬੀਰ ਜੀ ਅਤੇ ਰਵੀਦਾਸ ਜੀ। ਪਰ ਬਹੁਤ ਸਾਰੇ ਸੰਤਾਂ ਲਈ "ਵੈਰਾਗੀ" ਸ਼ਬਦ ਦੀ ਵਰਤੋਂ ਹੋਈ। ਅਗਾਂਹ ਚਲ ਕੇ ਇਨ੍ਹਾਂ ਵੈਰਾਗੀਆਂ ਦਾ ਇਕ ਦਲ (unit) "ਅਵਧੂਤ" ਜਾਂ "ਤਪਸੀ" ਵੀ ਅਖਵਾਉਣ ਲਗ ਪਿਆ। ਇਸ ਸੰਪ੍ਰਦਾਇ ਦਾ ਮੁੱਖ ਕੇਂਦਰ "ਅਜੁੱਧਿਆ" (ਉੱਤਰ ਪ੍ਰਦੇਸ਼) ਹੈ। ਵੈਰਾਗੀ, ਅਵਧੂਤ ਜਾਂ ਤਪਸੀ ਤਾਂ ਧਰਮ-ਪ੍ਰਚਾਰਕ ਦੀ ਭੂਮਿਕਾ ਨਿਭਾਉਂਦੇ ਹਨ। ਗ੍ਰਿਹਸਥੀ ਵੀ ਇਸ ਸੰਪ੍ਰਦਾਇ ਨੂੰ ਮੰਨਦੇ ਹਨ।

ਰਾਮਾਨੰਦ ਜੀ ਦੀਆਂ ਪ੍ਰਮਾਣਿਕ ਰਚਨਾਵਾਂ ਹਨ : "ਸ੍ਰੀ ਵੈਸ਼ਨਵਮਤਾਬੁਜ ਭਾਸਕਰ", "ਸ੍ਰੀ ਰਾਮਾਚਰਨ ਪੱਧਤਿ" ਅਤੇ 'ਆਨੰਦ ਭਾਸ਼ਯ'। ਇਸ ਸੰਪ੍ਰਦਾਇ ਵਿਚ ਵੀ ਰਾਮਾਨੁਜ ਆਚਾਰੀਆ ਦੇ ਦਾਰਸ਼ਨਿਕ ਸਿਧਾਂਤ "ਵਿਸ਼ਿਸ਼ਟ ਅਦ੍ਵੈਤ" ਨੂੰ ਮਾਣਤਾ ਦਿੱਤੀ ਜਾਂਦੀ ਹੈ। ਇਕ ਵਿਦਵਾਨ ਦਾ ਮਤ ਹੈ ਕਿ ਰਾਮਨੰਦੀ ਸੰਪ੍ਰਦਾਇ ਦੇ ਇਕ 'ਮਹਾਤਮਾ ਕੀਲਹ' ਯੋਗ ਵਿਚ ਬਹੁਤ ਰੁਚੀ ਰੱਖਦੇ ਸਨ। ਉਨ੍ਹਾਂ ਨੇ ਅਤੇ ਮਹਾਤਮਾ ਦੁਆਰਕਾ ਦਾਸ ਨੇ ਯੋਗ ਸਾਧਨਾ ਨੂੰ ਰਾਮ-ਨਾਮ-ਜਾਪ ਦੇ ਨਾਲੋਂ ਨਾਲ ਪ੍ਰਫੁਲਤ ਕੀਤਾ। ਇਸੇ ਕਾਰਨ ਇਸ ਸੰਪ੍ਰਦਾਇ ਦੇ ਸਾਧੂਆਂ ਨੂੰ 'ਅਵਧੂਤ' ਜਾਂ "ਤਪਸੀ" ਆਖਿਆ ਜਾਣ ਲਗ ਪਿਆ। ਰਾਮਾਨੰਦੀ ਅਵਧੂਤਾਂ ਦੇ ਉੱਘੇ ਗ੍ਰੰਥ ਹਨ : "ਯੋਗ

ਚਿੰਤਾਮਣਿ", "ਰਾਮਰਕਸ਼ਾ ਸਤੋਤ੍ਰ" ਅਤੇ "ਸਿਧਾਂਤ ਪਟਲ"।

ਰਾਮਾਨੰਦ ਸੰਪ੍ਰਦਾਇ ਦੀ ਹੁਣ ਇਕ ਹੋਰ ਸ਼ਾਖ ਫੁੱਟ ਪਈ ਹੈ। ਇਸ ਨੂੰ "ਰਸਿਕ ਸੰਪ੍ਰਦਾਇ" ਸੱਦਿਆ ਜਾਂਦਾ ਹੈ। ਇਸ ਉਪ-ਸੰਪ੍ਰਦਾਇ ਵਿਚ ਸਖਾ-ਭਾਵ (ਭਗਵਾਨ ਰਾਮ ਨਾਲ ਪੁਰਸ਼ ਵਾਲੀ ਮਿੱਤਰਤਾ), ਸਖਾ-ਸਖੀ (ਦੋਸਤ ਅਤੇ ਸਹੇਲੀ ਭਾਵਨਾ ਦਾ ਸੁਮੇਲ), ਦਾਸਯ ਭਾਵ (ਸੇਵਕ ਰੂਪ ਭਗਤੀ) ਅਤੇ ਵਾਤਸਲਯ ਭਾਵ (ਮਾਂ-ਪੁੱਤ ਵਾਲਾ ਸਨੇਹ) ਨੂੰ ਸਮੋ ਲਿਆ ਗਿਆ ਹੈ। "ਰਸਿਕ ਸੰਪ੍ਰਦਾਇ" ਦਾ ਬਹੁਤ ਸਾਹਿੱਤ ਹੱਥ-ਲਿਖਤਾਂ ਦੇ ਰੂਪ ਵਿਚ ਇਨ੍ਹਾਂ ਦੇ ਮਿਥਿਲਾ (ਬਿਹਾਰ), ਅਜੁੱਧਿਆ (ਉੱਤਰ ਪ੍ਰਦੇਸ਼), ਅਹਿਮਦਾਬਾਦ (ਗੁਜਰਾਤ) ਅਤੇ ਰਾਜਸਥਾਨ ਦੇ ਕੁਝ ਸ਼ਹਿਰਾਂ ਵਿਚ ਬਣੇ ਆਸ਼ਰਮਾਂ ਵਿਚ ਸੁਰੱਖਿਅਤ ਹੈ। ਇਸ ਦੀ ਇਕ ਹੋਰ ਉਪ-ਸ਼ਾਖਾ "ਸ੍ਰੀ ਰਾਮ ਸ਼ਰਣਮ" ਵੀ ਹੈ, ਜਿਸ ਦੇ ਸ਼ਰਧਾਲੂ ਬਹੁਤਾ ਕਰਕੇ ਟੱਬਰਦਾਰ ਇਸਤਰੀ-ਪੁਰਸ਼ ਹੁੰਦੇ ਹਨ, ਜੋ ਕਿ ਰਲ ਕੇ ਇਕ ਆਸ਼ਰਮ ਵਿਚ ਰਾਮ-ਨਾਮ ਦਾ ਕੀਰਤਨ ਕਰਦੇ ਹਨ। ਬਹੁਤੀਆਂ ਥਾਵਾਂ ਤੇ ਭਗਤ ਤੁਲਸੀਦਾਸ ਦੇ "ਰਾਮ ਚਰਿਤ ਮਾਨਸ" ਦੇ "ਸੁੰਦਰਕਾਂਡ" ਦੇ ਸਮੂਹਕ ਪਾਠ ਦਾ ਆਯੋਜਨ ਵੀ ਕੀਤਾ ਜਾਂਦਾ ਹੈ। ਲੋਕ ਵਿਸ਼ਵਾਸ ਹੈ ਕਿ "ਸੁੰਦਰਕਾਂਡ" ਦੇ ਪਾਠ ਨਾਲ ਮਨੁੱਖ ਨੂੰ ਔਕੜਾਂ ਉੱਤੇ ਜਿੱਤ ਪ੍ਰਾਪਤ ਕਰਨ ਦਾ ਹੌਸਲਾ ਮਿਲਦਾ ਹੈ।

### (3) ਸਮਰਥ ਸੰਪ੍ਰਦਾਇ

ਇਸ ਦੇ ਮੋਢੀ ਮਹਾਰਾਸ਼ਟਰ ਦੇ ਵੀਰ ਸ਼ਿਵਾਜੀ ਦੇ ਗੁਰੂ ਸੁਆਮੀ ਸਮਰਥ ਰਾਮ ਦਾਸ ਸਨ। ਇਸ ਸੰਪ੍ਰਦਾਇ ਵਿਚ ਭਗਵਾਨ ਰਾਮ ਦੀ ਹੀ ਆਰਾਧਨਾ ਕੀਤੀ ਜਾਂਦੀ ਹੈ। ਇਸ ਸੰਪ੍ਰਦਾਇ ਦਾ ਮੂਲ ਮੰਤਰ ਹੈ "ਜਲ-ਜਲ ਰਘੁਵੀਰ ਸਮਰਥ"। ਸੁਆਮੀ ਜੀ ਦੀਆਂ ਪ੍ਰਸਿੱਧ ਰਚਨਾਵਾਂ ਹਨ : (1) ਦਾਸਬੋਧ (2) ਕਰੁਣਾਸ਼ਟਕ, (3) ਮਨੋਬੋਧ ਅਤੇ (4) ਲਘੁ-ਬ੍ਰਹਤ ਰਾਮਾਯਣ (ਛੋਟੀ-ਵੱਡੀ ਰਾਮਾਇਣ)। ਇਨ੍ਹਾਂ ਗ੍ਰੰਥਾਂ ਵਿਚ ਪ੍ਰਯਤਨਵਾਦ ਅਤੇ ਕਰਮ ਯੋਗ ਦਾ ਮਹੱਤਵ ਦੱਸਦੇ ਹੋਏ ਸੁਆਮੀ ਜੀ ਨੇ ਪ੍ਰਪੰਚ (ਦੁਨੀਆਵੀ ਝੰਝਟਾਂ) ਅਤੇ ਪਰਮਾਰਥ ਦਾ ਵਿਵੇਚਨ ਕੀਤਾ ਹੈ। ਭਗਵਾਨ ਰਾਮ ਦੀ ਭਗਤੀ, ਉਨ੍ਹਾਂ ਦੇ ਆਦਰਸ਼ਾਂ ਅਤੇ ਸ੍ਰੀ ਰਾਮ-ਨਾਮ ਮਹਿਮਾ ਦਾ ਬਖਾਨ ਕਰਦੇ ਹੋਏ ਸੁਆਮੀ ਜੀ ਨੇ ਵੇਲੇ ਸਿਰ ਬਹਾਦੁਰੀ (ਵੀਰ-ਰਸ) ਦਰਸਾਉਣ ਲਈ ਵੀ ਆਪਣੇ ਸ਼ਰਧਾਲੂਆਂ ਨੂੰ ਪ੍ਰੇਰਿਆ, ਜਿਸ ਦੀ ਮਹਿਕ ਮਹਾਰਾਸ਼ਟਰ ਕੇਸਰੀ ਛਤ੍ਰਪਤੀ ਵੀਰ ਸ਼ਿਵਾ ਜੀ ਦੇ ਜੀਵਨ ਵਿਚੋਂ ਮਿਲਦੀ ਹੈ। ਇਸ ਪ੍ਰਕਾਰ ਇਸ ਸੰਪ੍ਰਦਾਇ ਵਿਚ ਭਗਵਾਨ ਰਾਮ ਦੀ ਸਾਕਾਰ ਭਗਤੀ ਦੇ ਨਾਲੋਂ ਨਾਲ ਸ਼ਕਤੀ-ਤੱਤ ਦਾ ਸੁਮੇਲ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ।

### (4) ਸ੍ਵਾਮੀ ਨਾਰਾਯਣ ਸੰਪ੍ਰਦਾਇ

ਇਸ ਸੰਪ੍ਰਦਾਇ ਦੇ ਮੋਢੀ ਸ੍ਰੀ ਸ੍ਵਾਮੀ ਨਾਰਾਯਣ ਦਾ ਜਨਮ ਭਗਵਾਨ ਰਾਮ ਵਾਂਗ ਅਜੁਧਿਆ ਦੇ ਨੇੜੇ ਪਿਛਲੀ ਸਦੀ ਵਿਚ "ਛਪੈਯਾ" ਨਾਂ ਦੇ ਪਿੰਡ ਵਿਖੇ ਹੋਇਆ ਸੀ। ਉਸ ਦਿਨ ਚੇਤ ਦੇ ਚਾਨਣੇ ਪੱਖ ਦੀ ਨੌਮੀ ਸੀ, ਜਿਸ ਨੂੰ ਭਗਵਾਨ ਰਾਮ ਦੀ ਜਨਮ-ਤਿਥੀ ਕਾਰਨ "ਰਾਮ ਨੌਮੀ" ਸੱਦਿਆ ਜਾਂਦਾ ਹੈ। ਸ੍ਵਾਮੀ ਨਾਰਾਇਣ ਦੇ ਪਰਿਵਾਰ ਦੇ ਕੁਲ ਦੇਵਤਾ ਹਨੂਮਾਨ ਜੀ ਸਨ। ਜਿਹੜੇ ਕਿ ਸੁਪਨਿਆਂ ਵਿਚ ਬ੍ਰਾਹਮਣ ਦਾ ਰੂਪ ਧਾਰਨ ਕਰਕੇ ਉਨ੍ਹਾਂ ਦੇ ਮਾਪਿਆਂ ਦਾ ਮਾਰਗ-ਦਰਸ਼ਨ ਕਰਦੇ ਸਨ। ਇਸ ਲਈ ਇਸ ਸੰਪ੍ਰਦਾਇ ਵਿਚ ਹਨੂਮਾਨ ਜੀ ਅਤੇ ਭਗਵਾਨ ਰਾਮ ਦੀ ਇਕੋ

ਜਿਹੀ ਮਹਿਮਾ ਸਮਝੀ ਜਾਂਦੀ ਹੈ। ਸ੍ਵਾਮੀ ਨਾਰਾਯਣ ਸੰਪ੍ਰਦਾਇ ਦੇ ਮਹਾਤਮਾਵਾਂ ਦਾ ਮਤ ਹੈ ਕਿ ਜਿਵੇਂ ਊਧੋ ਜੀ ਅਤੇ ਸ੍ਰੀ ਕ੍ਰਿਸ਼ਨ ਵਿਚ ਕੋਈ ਫਰਕ ਨਹੀਂ ਹੈ, ਉਵੇਂ ਹੀ ਹਨੂਮਾਨ ਜੀ ਅਤੇ ਸ੍ਰੀ ਰਾਮ ਵਿਚ ਕੋਈ ਅੰਤਰ ਨਹੀਂ ਹੈ। ਇਸ ਸੰਪ੍ਰਦਾਇ ਦੇ ਮੁਖ ਗ੍ਰੰਥ "ਸ਼ਿਕਸ਼ਾ ਪਤ੍ਰੀ" ਵਿਚ 'ਨਾਰਾਯਣ ਵਰਮ' ਅਤੇ 'ਹਨੂਮਾਨ ਜੀ' ਦੇ ਮੰਤਰ ਪੜ੍ਹਨ ਲਈ ਆਖਿਆ ਗਿਆ ਹੈ ਅਤੇ ਦੱਸਿਆ ਗਿਆ ਹੈ ਕਿ ਇਨ੍ਹਾਂ ਦੋਹਾਂ ਦੇ ਪੜ੍ਹਨ ਨਾਲ ਮਨੁੱਖ ਦੀਆਂ ਔਕੜਾਂ ਤੇ ਤਕਲੀਫਾਂ ਛੂ ਮੰਤਰ ਹੋ ਜਾਂਦੀਆਂ ਹਨ। ਸੇਵਕ ਦੀ ਪੂਜਾ ਹੀ ਰਾਮ ਦੀ ਪੂਜਾ ਹੈ। ਭਗਤ ਦਾ ਸਨਮਾਨ ਹੀ ਰਾਮ ਦਾ ਸਨਮਾਨ ਹੈ। ਇਸ ਪ੍ਰਕਾਰ ਰਾਮ-ਭਗਤੀ ਦਾ ਮਾਧਿਅਮ ਸ੍ਰੀ ਹਨੂਮਾਨ ਜੀ ਹੀ ਹਨ। ਅਜਿਹੀ ਸੋਚ ਸ੍ਵਾਮੀ ਨਾਰਾਯਣ ਦੇ ਬਚਪਨ ਦੇ ਸੰਸਕਾਰਾਂ ਕਾਰਨ ਨਜ਼ਰ ਆਉਂਦੀ ਹੈ, ਕਿਉਂਕਿ ਉਨ੍ਹਾਂ ਦੇ ਕੁਲ ਦੇਵਤਾ "ਰਾਮ-ਸੇਵਕ ਹਨੂਮਾਨ ਜੀ" ਸਨ।

### (5) ਰਾਮ-ਸਨੇਹੀ ਸੰਪ੍ਰਦਾਇ

ਇਸ ਸੰਪ੍ਰਦਾਇ ਦਾ ਬਹੁਤਾ ਪ੍ਰਚਾਰ ਰਾਜਸਥਾਨ ਅਤੇ ਗੁਜਰਾਤ ਪ੍ਰਦੇਸ਼ ਵਿਚ ਹੈ। ਇਸ ਸੰਪ੍ਰਦਾਇ ਵਿਚ ਨਵਧਾ-ਭਗਤੀ (ਨੌਂ ਪ੍ਰਕਾਰ ਦੀ ਭਗਤੀ) ਵਿਚੋਂ ਸਿਮਰਨ ਉੱਤੇ ਬਹੁਤਾ ਜ਼ੋਰ ਦਿੱਤਾ ਜਾਂਦਾ ਹੈ। ਇਹ ਮਹਾਤਮਾ ਸਿਮਰਨ ਨੂੰ 'ਸੁਰਤ-ਸ਼ਬਦ-ਯੋਗ' ਆਖਦੇ ਹਨ। ਉਨ੍ਹਾਂ ਦਾ ਮਤ ਹੈ ਕਿ ਰਾਮ ਮਹਾਰਾਜ ਨਿਰਗੁਣ-ਬ੍ਰਹਮ ਹਨ। ਪਰ ਜੇ ਕੋਈ ਭਗਤ ਆਪਣੇ ਆਪ ਨੂੰ ਬੇਸਹਾਰਾ ਸਮਝ ਕੇ ਭਗਵਾਨ ਰਾਮ ਨੂੰ ਪੁਕਾਰਦਾ ਹੈ ਤਾਂ ਉਹ ਸਾਕਾਰ ਰੂਪ ਵਿਚ ਪ੍ਰਗਟ ਹੋ ਕੇ ਉਸ ਦੀ ਸਹਾਇਤਾ ਕਰਨ ਲਈ ਪਹੁੰਚ ਜਾਂਦੇ ਹਨ। ਇਸ ਚਿੰਤਨ ਧਾਰਾ ਅਨੁਸਾਰ "ਰਾਮ ਸਨੇਹੀ ਸ਼ਰਧਾਲੂਆਂ ਦੀ ਰਾਮ-ਭਗਤੀ ਵਿਖੇ ਨਿਰਗੁਣ ਦੇ ਸਮਾਨ 'ਰ' ਕਾਰ ("ਰ" ਅੱਖਰ) ਪਿਤਾ ਹੈ ਅਤੇ ਸਗੁਣ ਵਾਂਗ 'ਮ' ਮਾਤਾ ਹੈ, ਜਾਂ ਨਿਰਗੁਣ ਬ੍ਰਹਮ ਪਿਤਾ ਹੈ ਤਾਂ ਸਗੁਣ ਬ੍ਰਹਮ ਪੁੱਤਰ ਹੈ।... ਇਸ ਪ੍ਰਕਾਰ ਰਾਮ-ਭਗਤੀ ਵਿਚ ਨਾ ਤਾਂ ਨਿਰਗੁਣ ਸ੍ਰੇਸ਼ਠ ਹੈ ਅਤੇ ਨਾ ਹੀ ਸਗੁਣ। ਸ੍ਰੇਸ਼ਠ (ਸਰਬ ਉੱਤਮ) ਹੈ ਤਾਂ ਪਰਮਾਤਮਾ ਦਾ ਨਾਂ ਕੇਵਲ "ਰਾਮ"। ਅਜਿਹੇ ਸੁਮੇਲਵਾਦ ਸੋਚ ਕਾਰਨ ਰਾਮ ਸਨੇਹੀ ਸੰਪ੍ਰਦਾਇ ਦੇ ਇਕ ਮਹਾਤਮਾ ਨੇ ਆਪਣੀ ਬਾਣੀ ਵਿਚ "ਅੱਲ੍ਹਾ" ਸ਼ਬਦ ਵੀ "ਰਾਮ" ਨਾਲ ਜੋੜ ਦਿੱਤਾ ਹੈ, ਜਿਵੇਂ :

> ਜਨ ਹਰਿ ਰਾਮ ਰਹੇਗਾ ਅੰਮਰ ਏਕੋ ਨਾਮ ਅਲਾ ਕਾ
> ਪਹਲੀ ਦਾਤਾ ਹਰਿ ਭਯਾ, ਜਿਨ ਤੇ ਪਾਈ ਜਿੰਦ
> ਪੀਛੇ ਦਾਤਾ ਗੁਰੁ ਭਯਾ, ਤਿਨ ਦਾਖੇ ਗੋਵਿੰਦ।

ਰਾਮ-ਨਾਮ ਸਿਮਰਨ ਦਾ ਮਾਰਗ ਦਰਸਾਉਣ ਵਾਲੇ ਗੁਰੂ ਨੂੰ ਵੀ ਇਸ ਸੰਪ੍ਰਦਾਇ ਵਿਖੇ ਪੂਰੀ ਤਰ੍ਹਾਂ ਸਤਿਕਾਰਿਆ ਜਾਂਦਾ ਹੈ।

### ਭਗਵਾਨ ਰਾਮ ਨਾਲੋਂ ਭਗਵਾਨ ਕ੍ਰਿਸ਼ਨ ਦੀ ਬਹੁਪੱਖੀ ਸ਼ਖ਼ਸੀਅਤ

ਭਗਵਾਨ ਰਾਮ ਇਕ ਤਿਆਗੀ ਮਹਾਪੁਰਖ ਸਨ। ਮਤ੍ਰੇਈ ਮਾਂ ਕੈਕਈ ਕਾਰਨ ਉਨ੍ਹਾਂ ਨੇ ਚੌਦਾਂ ਵਰ੍ਹਿਆਂ ਤਕ ਬਨਵਾਸ ਭੋਗਿਆ। ਇਕ ਧੋਬੀ ਦੇ ਮਿਹਣੇ ਨੂੰ ਸੁਣ ਕੇ ਉਨ੍ਹਾਂ ਨੇ ਆਪਣੀ ਧਰਮ ਪਤਨੀ ਸੀਤਾ ਜੀ ਨੂੰ ਵੀ ਰਿਸ਼ੀ ਬਾਲਮੀਕਿ ਜੀ ਦੇ ਆਸ਼ਰਮ ਵਿਚ ਘੱਲ ਦਿੱਤਾ ਸੀ। ਅਜਿਹੇ ਤਿਆਗਮਈ ਗੁਣਾਂ ਕਾਰਨ ਉਨ੍ਹਾਂ ਨੂੰ "ਮਰਿਆਦਾ ਪੁਰਸ਼ੋਤਮ" ਦੀ ਉਪਮਾ ਪ੍ਰਾਪਤ ਹੋਈ।

ਸ੍ਰੀ ਕ੍ਰਿਸ਼ਣ ਦਾ ਜਨਮ ਆਪਣੇ ਮਾਮੇ ਦੇ ਕੈਦ ਖਾਨੇ ਵਿਖੇ 'ਮਥੁਰਾ' ਸ਼ਹਿਰ ਵਿਚ ਹੋਇਆ ਸੀ। ਪਰ ਜੰਮਦਿਆਂ ਸਾਰ ਉਨ੍ਹਾਂ ਨੂੰ ਮਾਤਾ ਦੇਵਕੀ ਅਤੇ ਪਿਤਾ ਵਾਸੁਦੇਵਾ ਦਾ ਵਿਛੋੜਾ ਸਹਿਣਾ ਪਿਆ। ਮਾਤਾ ਦੇਵਕੀ ਦੀ ਸਹੇਲੀ ਜਸੋਧਾ ਜੀ ਅਤੇ ਉਨ੍ਹਾਂ ਦੇ ਪਤੀ ਨੰਦ ਜੀ ਦੀ ਦੇਖ ਰੇਖ ਵਿਚ ਪਲਦੇ ਕ੍ਰਿਸ਼ਣ ਨੂੰ ਇਸ ਜੁਗਲ ਜੋੜੀ ਨੇ ਸਗੇ ਮਾਪਿਆਂ ਤੋਂ ਵੀ ਵੱਧ ਪਿਆਰ ਦਿੱਤਾ ਅਤੇ ਉਹ "ਜਸੋਧਾ ਨੰਦਨ" ਅਤੇ "ਨੰਦ ਗੋਪਾਲ" ਦੇ ਨਾਂ ਨਾਲ ਗੋਕੁਲ ਅਤੇ ਬ੍ਰਿੰਦਾਬਨ ਵਿਚ ਪ੍ਰਸਿੱਧ ਹੋ ਗਏ। ਜਸੋਧਾ ਜੀ ਅਤੇ ਨੰਦ ਜੀ ਦਾ ਸਗਾ ਪੁੱਤਰ ਬਲਰਾਮ (ਬਲਭੱਦਰ) ਵੀ ਸ੍ਰੀ ਕ੍ਰਿਸ਼ਣ ਦੇ ਵੱਡੇ ਭਰਾ ਦੇ ਰੂਪ ਵਿਚ ਜਾਣਿਆ ਜਾਣ ਲਗ ਪਿਆ।

ਸ੍ਰੀ ਕ੍ਰਿਸ਼ਣ ਦੀ ਬਾਲ-ਲੀਲਾ ਵਿਚ ਗੁਆਲਿਆਂ ਦੇ ਪੁੱਤਰਾਂ ਅਤੇ ਧੀਆਂ ਦੀ ਵਿਸ਼ੇਸ਼ ਭੂਮਿਕਾ ਰਹੀ। ਉਨ੍ਹਾਂ ਦੀਆਂ ਉਹੀ ਬਾਲ-ਖੇਡਾਂ ਅਗਾਂਹ ਚਲ ਕੇ 'ਰਾਸ-ਲੀਲਾ' ਅਖਵਾਈ, ਜਿਸ ਨੂੰ ਅੱਜ ਵੀ ਗੁਜਰਾਤ ਅਤੇ ਰਾਜਸਥਾਨ ਵਿਚ "ਡਾਂਡੀਆਂ ਰਾਸ" ਆਖਿਆ ਜਾਂਦਾ ਹੈ। ਸ੍ਰੀ ਕ੍ਰਿਸ਼ਣ ਦੀਆਂ 108 ਰਾਣੀਆਂ ਮੰਨੀਆਂ ਜਾਂਦੀਆਂ ਹਨ। ਰੁਕਮਿਣੀ ਜੀ ਉਨ੍ਹਾਂ ਦੀ ਪਟਰਾਣੀ ਸੀ। ਸ੍ਰੀ ਕ੍ਰਿਸ਼ਣ ਦੁਆਰਕਾ ਧੀਮ ਦੇ ਨਾਂ ਨਾਲ ਵੀ ਜਾਣੇ ਜਾਂਦੇ ਹਨ, ਕਿਉਂਕਿ ਉਹ 'ਦੁਆਰਕਾ' (ਅਜੋਕੇ ਗੁਜਰਾਤ ਪ੍ਰਦੇਸ਼) ਸ਼ਹਿਰ ਨਾਂ ਦੀ ਆਪਣੀ ਰਾਜਧਾਨੀ ਤੋਂ ਆਪਣੀ ਹਕੂਮਤ ਚਲਾਉਂਦੇ ਰਹੇ।

ਸ੍ਰੀ ਕ੍ਰਿਸ਼ਣ ਨੇ ਜੋ "ਕਰਮ ਕਰੋ ਅਤੇ ਫਲ ਦੀ ਆਸ ਨਾ ਰੱਖੋ" ਦਾ ਉਪਦੇਸ਼ 'ਸ੍ਰੀਮਦ ਭਗਵਦ ਗੀਤਾ' ਰਾਹੀਂ ਸ੍ਰੀ ਅਰਜੁਨ ਨੂੰ ਦਿੱਤਾ ਤਾਂ ਉਨ੍ਹਾਂ ਨੇ ਆਪਣੇ ਹੱਕਾਂ (Rights) ਦੀ ਲੜਾਈ ਲਈ ਕੁਰੂਕਸ਼ੇਤਰ (ਹਰਿਆਣਾ) ਦੇ ਮੈਦਾਨ ਵਿਚ ਆਪਣੇ ਤਾਏ ਦੇ ਪੁੱਤਰ ਰਾਜਾ ਦੁਰਜੋਧਨ ਨਾਲ ਦੋ-ਦੋ ਹੱਥ ਕਰਨ ਲਈ ਉਤਰੇ ਪੰਜ ਪਾਂਡਵਾਂ (ਜੁਧਿਸਠਰ, ਭੀਮ, ਅਰਜੁਨ, ਨਕੁਲ ਅਤੇ ਸਹਿਦੇਵ) ਨੂੰ ਵੀ ਥਾਪੜਾ ਦਿੱਤਾ। ਇਨ੍ਹਾਂ ਸੰਦੇਸ਼ਾਂ ਨੂੰ ਜਨ-ਮਨ ਤਕ ਪਹੁੰਚਾਉਣ ਲਈ ਸ੍ਰੀ ਕ੍ਰਿਸ਼ਣ ਨੇ ਪਾਂਡਵ ਪੁੱਤਰ ਅਰਜੁਨ ਦਾ ਰਥਵਾਨ ਬਣਨ ਤੋਂ ਵੀ ਸੰਕੋਚ ਨਹੀਂ ਕੀਤਾ।

ਸ੍ਰੀ ਕ੍ਰਿਸ਼ਣ ਦੀ ਇਸੇ ਲਾਮਿਸਾਲ ਬਹੁਪੱਖੀ ਸ਼ਖ਼ਸੀਅਤ ਦਾ ਬੋਲਬਾਲਾ ਸਮੁੱਚੇ ਭਾਰਤ ਵਿਚ ਹੈ ਅਤੇ ਸਾਡੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਉਨ੍ਹਾਂ ਦੇ ਸਰੂਪ ਦੀ ਮਾਨਤਾ ਕਾਰਨ ਉਨ੍ਹਾਂ ਦੇ ਨਾਂਵਾਂ ਵਿਚ ਵੀ ਵਿਵਿਧਤਾ ਨਜ਼ਰ ਆਉਂਦੀ ਹੈ। ਰਾਧਾ ਸ੍ਰੀ ਕ੍ਰਿਸ਼ਣ ਦੀ ਸਭ ਤੋਂ ਪਿਆਰੀ ਬਾਲੜੇਪਣ ਦੀ ਸਹੇਲੀ ਸੀ। ਇਸੇ ਕਾਰਨ ਉੱਤਰ ਭਾਰਤ ਦੇ ਬਹੁਤ ਸਾਰੇ ਮੰਦਿਰਾਂ ਵਿਚ ਰਾਧਾ ਅਤੇ ਕ੍ਰਿਸ਼ਣ ਦੀ ਮੂਰਤੀ ਦੇ ਦਰਸ਼ਨ ਹੁੰਦੇ ਹਨ। ਤਮਿਲਨਾਡੂ ਵਿਚ ਭਗਵਾਨ ਵਿਸ਼ਣੂ ਨੂੰ "ਤਿਰੁਮਾਲ" ਜਾਂ "ਮਾਯੋਨ" ਸੱਦਿਆ ਗਿਆ ਹੈ। ਤਮਿਲ ਭਗਤੀ ਸਾਹਿੱਤ ਵਿਖੇ ਸ੍ਰੀ ਕ੍ਰਿਸ਼ਣ ਨੂੰ ਵਿਸ਼ਣੂ ਦਾ ਅਵਤਾਰ ਮੰਨਦੇ ਹੋਏ ਵੀ ਉਨ੍ਹਾਂ ਨੂੰ "ਕੰਨਨ" ਅਤੇ ਉਨ੍ਹਾਂ ਦੀ ਬਚਪਨ ਦੀ ਪ੍ਰੇਮਿਕਾ ਰਾਧਾ ਨੂੰ "ਨੱਪਿੰਨੈ" ਨਾਂ ਨਾਲ ਚੇਤੇ ਕੀਤਾ ਜਾਂਦਾ ਹੈ। ਤਮਿਲ ਭਾਸ਼ੀ ਖੇਤਰ ਦੇ "ਆਯਰ" ਅਖਵਾਉਣ ਵਾਲੇ ਗੁਆਲਿਆਂ (ਗਊਆਂ ਚਾਰਨ ਵਾਲੇ ਪਾਲੀਆਂ) ਦਾ ਪੂਜਨੀਕ ਦੇਵਤਾ "ਮਾਯੋਨ" ਸਚਮੁਚ ਬਾਲ ਦੇਵਤਾ ਮੰਨੇ ਜਾਣ ਕਾਰਨ ਸ੍ਰੀ ਕ੍ਰਿਸ਼ਣ ਜੀ ਹੀ ਹਨ।[7] ਚੰਨੇਈ (ਮਦਰਾਸ) ਸ਼ਹਿਰ ਵਿਚ ਇਕ ਮੰਦਿਰ ਦਾ ਨਾਂ ਹੀ "ਪਾਰਥ ਸਾਰਥੀ ਮੰਦਿਰ" (ਪਾਰਥ=ਅਰਜੁਨ + ਸਾਰਥੀ = ਰਥਵਾਨ ਦਾ ਮੰਦਿਰ) ਹੈ। ਇਸ ਪ੍ਰਕਾਰ ਇਹ "ਸ੍ਰੀ ਕ੍ਰਿਸ਼ਣ ਮੰਦਿਰ" ਹੀ ਹੈ। ਤੇਲਗੂ (ਆਂਧਰਾ ਪ੍ਰਦੇਸ਼) ਵਿਚ ਵੀ ਸ੍ਰੀ ਕ੍ਰਿਸ਼ਣ ਨੂੰ ਭਗਵਾਨ ਵਿਸ਼ਣੂ ਦਾ ਅਵਤਾਰ ਮੰਨਿਆ ਜਾਂਦਾ ਹੈ।

ਉੜੀਸਾ ਦੇ 'ਪੁਰੀ' ਨਾਂ ਦੇ ਇਕ ਵੱਡੇ ਸ਼ਹਿਰ ਦਾ ਪੂਰਾ ਨਾਂ ਹੈ "ਜਗਨਨਾਥ ਪੁਰੀ"।

ਇਸ ਸ਼ਹਿਰ ਦਾ ਇਹ ਨਾਂ ਉੱਥੇ ਵਿਰਾਜਮਾਨ ਉਸ ਮੰਦਿਰ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਸ੍ਰੀ ਕ੍ਰਿਸ਼ਣ ਆਪਣੇ ਭਰਾ ਬਲਭੱਦਰ (ਬਲਰਾਮ) ਅਤੇ ਭੈਣ ਸੁਭਦਰਾ ਨਾਲ ਵਿਰਾਜਮਾਨ ਹਨ। ਉਸ ਸ਼ਹਿਰ ਦੀ ਜੇਠ-ਹਾੜ ਦੀ 'ਰਥ-ਯਾਤਰਾ' ਦਾ ਮੇਲਾ ਹੁਣ ਭਾਰਤ ਵਿਆਪੀ ਹੋ ਗਿਆ ਹੈ ਅਤੇ ਇਹ ਹਿੰਦੂਆਂ ਦੇ "ਗੁਪਤ-ਨਵਰਾਤ੍ਰ" ਦੇ ਪਿਛੋਕੜ ਨਾਲ ਜੁੜਿਆ ਹੋਇਆ ਹੈ।[8] ਮਹਾਰਾਸ਼ਟਰ ਦੇ ਵਾਰਕੀਰੀ ਸੰਪ੍ਰਦਾਇ ਦੇ "ਵਿਠੱਲ" ਹੋਰ ਕੋਈ ਨਹੀਂ ਭਗਵਾਨ ਕ੍ਰਿਸ਼ਣ ਹੀ ਹਨ। ਮਹਾਰਾਸ਼ਟਰ ਦੇ "ਮੰਹਾਨੁਭਾਵ ਸੰਪ੍ਰਦਾਇ" ਦਾ ਸੰਬੰਧ ਵੀ ਕ੍ਰਿਸ਼ਣ-ਭਗਤੀ ਨਾਲ ਹੀ ਹੈ। ਇਸ ਪ੍ਰਕਾਰ ਅਨੇਕ ਨਾਵਾਂ ਨਾਲ ਬਣੇ ਕ੍ਰਿਸ਼ਣ-ਭਗਤੀ ਸੰਪ੍ਰਦਾਇ ਆਪਣੇ ਆਰਾਧ-ਦੇਵਤਾ ਦੇ ਬਹੁ-ਆਯਾਮੀ ਵਿਅਕਤੀਤਵ (Multi-dimentional personal) ਦੇ ਬੋਧਕ ਹਨ। ਇਨ੍ਹਾਂ ਸੰਪ੍ਰਦਾਇਆਂ ਦਾ ਲੜੀਵਾਰ ਪਰਿਚੈ ਪੇਸ਼ ਹੈ :

## ਸ੍ਰੀ ਕ੍ਰਿਸ਼ਣ - ਭਗਤੀ ਸੰਪ੍ਰਦਾਇ

**(1) ਨਿੰਬਾਰਕ ਸੰਪ੍ਰਦਾਇ :** "ਸ੍ਰੀ ਸੰਪ੍ਰਦਾਇ" ਦੇ ਮੋਢੀ ਨਾਥ ਮੁਨੀ (ਸੰਨ 824-924) ਨੇ ਆਪਣੇ ਪੂਜਾ-ਪਾਠ ਵਿਚ ਭਗਵਾਨ ਰਾਮ ਦੇ ਨਾਲੋਂ ਨਾਲ ਸ੍ਰੀ ਕ੍ਰਿਸ਼ਣ ਨੂੰ ਵੀ ਮਾਣ ਬਖਸ਼ਿਆ ਸੀ। ਪਰ ਉੱਤਰ ਭਾਰਤ ਵਿਚ ਸ੍ਰੀ ਕ੍ਰਿਸ਼ਣ ਭਗਤੀ ਦੇ ਪ੍ਰਚਾਰ-ਪ੍ਰਸਾਰ ਦਾ ਸਿਹਰਾ ਨਿੰਬਾਰਕ ਆਚਾਰੀਆ ਦੇ ਸਿਰ ਤੇ ਬੰਨਿਆ ਜਾਂਦਾ ਹੈ। ਨਿੰਬਾਰਕ ਦਾ ਸਮਾਂ ਗਿਆਰਵੀਂ ਸਦੀ ਈਸਵੀ ਮਿੱਥਿਆ ਗਿਆ ਅਤੇ ਉਸ ਦੇ ਸੰਪ੍ਰਦਾਇ ਨੂੰ "ਸਨਕ ਸੰਪ੍ਰਦਾਇ" ਸੱਦਿਆ ਜਾਂਦਾ ਹੈ। ਭਾਵੇਂ ਸਨਕ-ਸਨੰਦਨ ਨੂੰ ਭਾਰਤੀ ਦੇਵਤਿਆਂ ਵਿਚ ਗਿਣਿਆ ਜਾਂਦਾ ਹੈ, ਫੇਰ ਵੀ "ਨਿੰਬਾਰਕ ਸੰਪ੍ਰਦਾਇ" ਦੀ ਪੂਜਾ ਭਗਤੀ ਦਾ ਆਧਾਰ ਕੇਵਲ ਰਾਧਾ ਕ੍ਰਿਸ਼ਣ ਹੀ ਹਨ। ਇਸ ਸੰਬੰਧ ਵਿਚ ਨਿੰਬਾਰਕ ਜੀ ਨੇ ਖੁਦ ਸਪਸ਼ਟ ਕੀਤਾ ਹੈ : "ਜਿਹੜੇ ਸਾਧਕ ਦੀਨਤਾ (ਹਲੀਮੀ) ਦੇ ਗੁਣਾਂ ਨਾਲ ਯੁਕਤ ਹੋ ਕੇ ਸ੍ਰੀ ਰਾਧਾ-ਕ੍ਰਿਸ਼ਣ ਦਾ ਚਿੰਤਨ ਕਰਦੇ ਹਨ, ਉਨ੍ਹਾਂ ਵਿਚ ਉਨ੍ਹਾਂ (ਸ੍ਰੀ ਰਾਧਾ-ਕ੍ਰਿਸ਼ਣ) ਦੀ ਕਿਰਪਾ ਨਾਲ "ਪਰਾ-ਭਗਤੀ" (ਉੱਤਮ ਭਗਤੀ) ਉਤਪੰਨ ਹੁੰਦੀ ਹੈ।"[9]

"ਬ੍ਰਹਮ ਸੂਤ੍ਰ" ਗ੍ਰੰਥ ਦੀ ਵਿਆਖਿਆ ਕਰਦੇ ਹੋਏ ਨਿੰਬਾਰਕ ਜੀ ਨੇ ਆਪਣੇ ਸੰਪ੍ਰਦਾਇ ਦੀ ਸਥਾਪਨਾ ਕੀਤੀ ਸੀ। ਇਸ ਸੰਪ੍ਰਦਾਇ ਵਿਚ ਰਾਧਾ ਅਤੇ ਕ੍ਰਿਸ਼ਣ ਦੀ ਸਾਂਝੀ ਭਗਤੀ (ਯੁਗਲ ਉਪਾਸਨਾ) ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ। ਰਾਧਾ ਜੀ ਨੂੰ ਸ੍ਰੀ ਕ੍ਰਿਸ਼ਣ ਦੀ "ਆਹਲਾਦ ਸ੍ਵਰੂਪਿਨੀ" (ਖੁਸ਼ ਕਰਨ ਵਾਲੀ) ਸ਼ਕਤੀ" ਆਖਿਆ ਗਿਆ ਹੈ। ਇਸ ਸੰਪ੍ਰਦਾਇ ਵਿਚ ਰਾਧਾ-ਕ੍ਰਿਸ਼ਣ ਦੀ ਜੋੜੀ ਦੀ ਮੂਰਤੀ (statue) ਦੇ ਪ੍ਰਤੀਕ "ਸ਼ਾਲਿਗ੍ਰਾਮ" ਦੀ ਮੂਰਤੀ ਦੀ ਪੂਜਾ ਖਾਸ ਤੌਰ ਤੇ ਕੀਤੀ ਜਾਂਦੀ ਹੈ। ਇਸ ਸੰਪ੍ਰਦਾਇ ਦਾ ਦਾਰਸ਼ਨਿਕ ਸਿਧਾਂਤ ਹੈ : "ਭੇਦਾਭੇਦਭਾਵ"।

## ਬ੍ਰਜ ਪ੍ਰਦੇਸ਼ ਵਿਚ ਉਪਜੇ ਕ੍ਰਿਸ਼ਣ-ਭਗਤੀ ਸੰਪ੍ਰਦਾਇ

**(2) ਮਹਾਪ੍ਰਭੂ ਆਚਾਰੀਆ ਵੱਲਭ ਦਾ ਪੁਸ਼ਟੀ ਸੰਪ੍ਰਦਾਇ :** ਇਸ ਸੰਪ੍ਰਦਾਇ ਦੇ ਮੋਢੀ ਗੁਸਾਈਂ ਵੱਲਭ ਆਚਾਰੀਆ ਦਾ ਦਾਰਸ਼ਨਿਕ ਸਿਧਾਂਤ ਹੈ "ਸ਼ੁੱਧ-ਅਦ੍ਵੈਤਵਾਦ" ਅਤੇ ਉਨ੍ਹਾਂ ਦੀ ਉਪਾਸਨਾ ਵਿਧੀ ਨੂੰ "ਪੁਸ਼ਟੀ ਮਾਰਗ" ਜਾਂ "ਪੁਸ਼ਟੀ ਸੰਪ੍ਰਦਾਇ" ਆਖਿਆ ਜਾਂਦਾ ਹੈ। "ਪੁਸ਼ਟੀ ਮਾਰਗ" ਵਿਚ ਭਗਵਾਨ ਦੇ ਅਨੁਗ੍ਰਹ (= ਕਿਰਪਾ) ਨੂੰ ਸਭ ਤੋਂ ਵੱਧ ਮਹੱਤਵ ਦਿੱਤਾ ਗਿਆ ਹੈ। ਇਸ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਸਿਹਰਾ ਗੁਸਾਈਂ ਵਲੱਭ ਆਚਾਰੀਆ ਜੀ ਦੇ ਪੁੱਤਰ ਵਿਠੱਲ

ਨਾਥ ਅਤੇ ਗੁਸਾਈਂ ਜੀ ਦੇ ਚਾਰ ਚੇਲਿਆਂ ਦੇ ਸਿਰ ਉੱਤੇ ਬੰਨ੍ਹਿਆ ਜਾਂਦਾ ਹੈ। ਵਿਠੱਲ ਨਾਥ ਜੀ ਨੇ ਆਪਣੇ ਪਿਤਾ ਦੇ ਇਨ੍ਹਾਂ ਚਾਰ ਚੇਲਿਆਂ ਅਤੇ ਆਪਣੇ ਚਾਰ ਚੇਲਿਆਂ ਨੂੰ ਜੋੜ ਕੇ ਸੰਨ 1545 ਦੇ ਲਗਭਗ "ਅਸ਼ਟਛਾਪ" ਸੰਪ੍ਰਦਾਇ ਦੀ ਸਥਾਪਨਾ ਕੀਤੀ। ਇਨ੍ਹਾਂ ਅੱਠ ਭਗਤਾਂ ਨੂੰ "ਕ੍ਰਿਸ਼ਣ ਦੇ ਅਸ਼ਟਸਖਾ" (ਅੱਠ ਮਿੱਤਰ) ਵੀ ਆਖਿਆ ਜਾਂਦਾ ਹੈ ਅਤੇ ਇਨ੍ਹਾਂ ਦੇ ਨਾਂ ਹਨ :

(ੳ) ਮਹਾਪ੍ਰਭੂ ਵੱਲਭ ਦੇ ਚੇਲੇ : (1) ਸੂਰ ਦਾਸ (2) ਕ੍ਰਿਸ਼ਣ ਦਾਸ (3) ਪਰਮਾਨੰਦ ਦਾਸ (4) ਕੁੰਭਨ ਦਾਸ।

(ਅ) ਗੁਸਾਈਂ ਵਿਠੱਲ ਨਾਥ ਦੇ ਸ਼ਿਸ਼ : (1) ਨੰਦ ਦਾਸ (2) ਚਤੁਰਭੁਜ ਦਾਸ (3) ਛੀਤ ਸੁਆਮੀ (4) ਗੋਵਿੰਦ ਸੁਆਮੀ

ਵੱਲਭ ਆਚਾਰੀਆ ਜੀ ਦਾ ਕਥਨ ਹੈ ਕਿ "ਸ੍ਰੀਮਦ ਭਾਗਵਤ ਪੁਰਾਣ" ਹੀ ਇਕੋ ਇਕ ਸ਼ਾਸਤਰ ਹੈ, ਸ੍ਰੀ ਕ੍ਰਿਸ਼ਣ ਕੇਵਲ ਆਰਾਧਯ (ਪੂਜਣ ਯੋਗ) ਹਨ। ਸ੍ਰੀ ਕ੍ਰਿਸ਼ਣ ਦਾ ਨਾਮ-ਜਪ ਹੀ ਇਕੋ ਇਕ ਮੰਤਰ ਹੈ ਅਤੇ ਸ੍ਰੀ ਕ੍ਰਿਸ਼ਣ ਦੀ ਸੇਵਾ ਹੀ ਸਾਡਾ ਸਭਨਾਂ ਤੋਂ ਵੱਧ ਫਰਜ਼ (Duty) ਹੈ।

**(3) ਹਰਿਦਾਸੀ ਸੰਪ੍ਰਦਾਇ :** ਇਸ ਦੇ ਸੰਸਥਾਪਕ ਹਰਿਦਾਸ ਜੀ (ਜਨਮ ਭਾਦੋਂ ਸ਼ੁਦੀ ਅਸ਼ਟਮੀ, ਸੰਮਤ 1441) ਪਹਿਲਾਂ ਨਿੰਬਾਰਕ ਆਚਾਰੀਆ ਦੇ ਮਤ ਵਿਚ ਸ਼ਾਮਿਲ ਹਨ। ਪਰ ਕੁਝ ਚਿਰ ਮਗਰੋਂ ਉਨ੍ਹਾਂ ਨੇ ਭਗਵਾਨ ਦੀ ਭਗਤੀ ਵਿਚ ਗੋਪੀਆਂ ਦੀ ਭਾਵਨਾ ਜੋੜ ਕੇ ਆਪਣੇ ਨਵੇਂ ਸੰਪ੍ਰਦਾਇ ਦੀ ਨੀਂਹ ਧਰੀ। ਇਸ ਸੰਪ੍ਰਦਾਇ ਨੂੰ ਇਸੇ ਕਾਰਨ "ਸਖੀ ਸੰਪ੍ਰਦਾਇ" ਵੀ ਸੱਦਿਆ ਜਾਂਦਾ ਹੈ। ਇਸ ਸੰਪ੍ਰਦਾਇ ਵਿਚ ਰਾਧਾ ਅਤੇ ਕ੍ਰਿਸ਼ਣ ਦੀ ਉਪਾਸਨਾ ਕਰਨ ਵਾਲਾ ਭਗਤ ਸ੍ਰੀ ਕ੍ਰਿਸ਼ਣ ਦੀਆਂ ਬਾਲ-ਲੀਲਾਵਾਂ ਦਾ ਦਰਸ਼ਨ ਮਨੋਂ ਮਨੀਂ ਇੰਝ ਕਰਦਾ ਹੈ, ਜਿਵੇਂ ਉਹ ਖੁਦ ਸ੍ਰੀ ਕ੍ਰਿਸ਼ਣ ਦੀ "ਸਖੀ" ਹੋਵੇ। ਇਸ ਸੰਪ੍ਰਦਾਇ ਦਾ ਇਕ ਹੋਰ ਨਾਂ 'ਟਾਟੀ ਸੰਪ੍ਰਦਾਇ' ਵੀ ਹੈ। ਇਸ ਦੇ ਆਰਾਧਯ ਦੇਵ ਸ੍ਰੀ ਕ੍ਰਿਸ਼ਣ ਨੂੰ "ਸ਼ਯਾਮ ਕੁੰਜ ਬਿਹਾਰੀ" ਵੀ ਆਖਿਆ ਜਾਂਦਾ ਹੈ। ਕੁੱਝ ਵਿਦਵਾਨ ਇਸ ਸੰਪ੍ਰਦਾਇ ਦੇ ਦਾਰਸ਼ਨਿਕ ਸਿਧਾਂਤ ਨੂੰ "ਇੱਛਾ-ਅਦ੍ਵੈਤ" ਆਖਦੇ ਹਨ। ਪਰ ਕਈਆਂ ਦਾ ਮਤ ਹੈ ਕਿ ਇਸ ਦਾ ਕੋਈ ਦਾਰਸ਼ਨਿਕ ਸਿਧਾਂਤ ਹੈ ਹੀ ਨਹੀਂ ਇਸ ਵਿਚ ਤਾਂ ਸ਼ੁੱਧ-ਪ੍ਰੇਮਾ ਭਗਤੀ ਅਤੇ ਰਸ-ਉਪਾਸਨਾ (ਮਨੋਰੰਜਕ ਪ੍ਰਭੂ ਕਾਰਜਾਂ ਦੀ ਝਾਕੀ ਸਜਾਉਣ) ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਸੰਪ੍ਰਦਾਇ ਵਿਚ ਹਰਿਦਾਸ ਜੀ ਨੂੰ "ਲਲਿਤਾ ਸਖੀ" ਦਾ ਅਵਤਾਰ ਮੰਨਿਆ ਜਾਂਦਾ ਹੈ।

**(4) ਰਾਧਾ ਵੱਲਭ ਸੰਪ੍ਰਦਾਇ :** ਇਸ ਦੇ ਮੋਢੀ ਸੁਆਮੀ ਹਿਤ ਹਰਿਵੰਸ਼ ਦਾ ਜਨਮ ਸੰਨ 1502 ਵਿਚ ਇਕ ਬ੍ਰਾਹਮਣ ਪਰਿਵਾਰ ਵਿਖੇ ਹੋਇਆ ਸੀ। ਇਨ੍ਹਾਂ ਨੇ ਬ੍ਰਿੰਦਾਬਨ ਵਿਚ ਰਾਧਾ ਵੱਲਭ ਦੀ ਮੂਰਤੀ ਸਥਾਪਿਤ ਕਰਕੇ ਆਪਣਾ ਅੱਡ ਸੰਪ੍ਰਦਾਇ ਖੜਾ ਕਰ ਲਿਆ। 'ਹਿਤ ਹਰਿਵੰਸ਼' ਸ਼ਬਦ ਜੋੜ ਵਿਚ 'ਹਿਤ' ਸ਼ਬਦ ਦਾ ਅਰਥ ਹੈ : "ਪਰਮਤੱਤ੍ਵ ਹਿਤ" ਅਰਥਾਤ "ਪ੍ਰੇਮ ਤੱਤ"। ਇਸ ਸੰਪ੍ਰਦਾਇ ਦੇ ਪੈਰੋਕਾਰ ਆਪਣੇ ਗੁਰੂ ਸ੍ਰੀ ਹਿਤ ਹਰਿਵੰਸ਼ ਨੂੰ ਭਗਵਾਨ ਕ੍ਰਿਸ਼ਣ ਦੀ "ਮੁਰਲੀ" (ਵੰਸੀ, ਬਾਂਸੁਰੀ, flute) ਦਾ ਅਵਤਾਰ ਮੰਨਦੇ ਹਨ। ਸੁਆਮੀ ਜੀ ਨੇ ਹੋਰ ਸੰਪ੍ਰਦਾਇਆ ਦੇ ਵਿਪਰੀਤ ਰਾਧਾ ਜੀ ਨੂੰ ਆਪਣੇ ਸੰਪ੍ਰਦਾਇ ਵਿਖੇ ਪ੍ਰਧਾਨਤਾ ਦਿੱਤੀ, ਜਿਸ ਦੇ ਕਾਰਨ ਸ੍ਰੀ ਕ੍ਰਿਸ਼ਣ ਗੌਣ (Secondary) ਹੋ ਗਏ। ਉਨ੍ਹਾਂ ਦਾ ਮਤ ਸੀ ਕਿ ਸ੍ਰੀ ਕ੍ਰਿਸ਼ਣ ਤਾਂ ਖੁਦ ਰਾਧਾ ਜੀ ਦੀ ਕ੍ਰਿਪਾ ਦੀ ਚਾਹਨਾ (Desire) ਕਰਦੇ ਹਨ, ਇਸ ਲਈ ਰਾਧਾ ਜੀ ਦੀ ਮਹਿਮਾ ਹੋਣੀ ਇਕ ਸੁਭਾਵਿਕ

ਤੱਥ (Nature fact) ਹੈ। ਸੁਆਮੀ ਜੀ ਦੀ ਰਚਨਾ "ਹਿਤ ਚੋਰਾਸੀ" ਦੇ 84 ਪਦਾਂ ਵਿਚ ਕ੍ਰਿਸ਼ਣ ਜਨਮ, ਰਾਧਾ ਦੇ ਰੂਪ ਵਰਣਨ, ਨਿੱਤ ਵਿਹਾਰ ਲੀਲਾ ਅਤੇ ਰਾਧਾ ਵੱਲਭ ਸੰਪ੍ਰਦਾਇ ਦੇ ਸਿਧਾਂਤ ਦਰਜ ਹਨ। ਸੁਆਮੀ ਜੀ ਦੇ ਕੁਝ ਫੁਟਕਰ ਪਦ ਵੀ ਪ੍ਰਾਪਤ ਹੋਏ ਹਨ।

**(5) ਲਲਿਤ ਸੰਪ੍ਰਦਾਇ :** ਇਸ ਸੰਪ੍ਰਦਾਇ ਨੂੰ "ਵਿਸ਼ਣੂ ਸੁਾਮੀ ਸੰਪ੍ਰਦਾਇ" ਜਾਂ "ਰੁਦ੍ਰ ਸੰਪ੍ਰਦਾਇ" ਵੀ ਸੱਦਿਆ ਜਾਂਦਾ ਹੈ। ਇਸ ਦੇ ਸੰਸਥਾਪਕ ਦਾ ਮਾਪਿਆਂ ਵਲੋਂ ਬਖਸ਼ਿਆ ਨਾਂ "ਵੰਸ਼ੀ ਧਰ" ਸੀ। ਪਰ ਇਨ੍ਹਾਂ ਦਾ ਉਪਾਸਕ ਵਜੋਂ ਨਾਂ "ਵੰਸ਼ੀ ਅਲਿ" (ਬੰਸਰੀ ਦੀ ਸਖੀ) ਪ੍ਰਚੱਲਤ ਹੋ ਗਿਆ। ਇਸ ਲਈ ਕ੍ਰਿਸ਼ਣ ਭਗਤੀ ਸੰਪ੍ਰਦਾਇਆ ਵਿਚ ਇਸ ਦਾ ਚੌਥਾ ਨਾਂ "ਸ੍ਰੀ ਵੰਸ਼ੀ ਅਲਿ ਜੀ ਕਾ ਸੰਪ੍ਰਦਾਇ" ਵੀ ਮਿਲਦਾ ਹੈ।

ਵੰਸ਼ੀ ਅਲਿ ਸੰਪ੍ਰਦਾਇ ਵਿਚ ਰਾਧਾ ਜੀ ਦੀ ਪ੍ਰਮੁਖ ਸਹੇਲੀ ਲਲਿਤਾ ਜੀ ਦੀ ਉਪਾਸਨਾ ਗੁਰੂ ਦੇ ਰੂਪ ਵਿਚ ਕੀਤੀ ਜਾਂਦੀ ਹੈ। ਸੰਪ੍ਰਦਾਇ ਦੇ ਮੋਢੀ "ਸ੍ਰੀ ਵੰਸ਼ੀ ਧਰ" ਨੇ ਇਸੇ ਸਖੀ ਭਾਵ ਨੂੰ ਪ੍ਰਧਾਨਤਾ ਦੇ ਕੇ ਆਪਣੇ ਆਪ ਨੂੰ ਨਿੱਤ ਵੰਸ਼ੀ (ਬੰਸਰੀ ਦੀ ਸਦਾ ਵਜਣ ਵਾਲੀ ਧੁਨ) ਦਾ ਰੂਪ ਸਵੀਕਾਰ ਕੀਤਾ। ਇਸ ਸੰਪ੍ਰਦਾਇ ਦੇ ਸਿਧਾਂਤਾਂ ਦਾ ਵਰਣਨ ਸੰਸਕ੍ਰਿਤ ਗ੍ਰੰਥਾਂ ਵਿਚ ਦਰਜ ਹੈ, ਪਰ ਭਗਤੀ ਭਾਵ ਸੰਬੰਧੀ ਪਦ 'ਰਾਸ ਪੰਚਾਧਯਾਯੀ' ਅਤੇ 'ਹ੍ਰਿਦਯ ਸਰਵਸ' ਵਿਚ ਉਪਲਬਧ ਹੁੰਦੇ ਹਨ। ਫੁਟਕਰ ਪਦਾਂ (Miscellaneous Verses) ਦੇ ਰੂਪ ਵਿਚ ਬਸੰਤ, ਮਾਂਝੀ, ਹਿੰਡੋਲਾ, ਹੋਲੀ, ਧਮਾਰ, ਲਾਲ ਜੀ (ਸ੍ਰੀ ਕ੍ਰਿਸ਼ਣ) ਦੀ ਬਧਾਈ, ਲਲਿਤਾ ਜੂ ਕੀ ਬਧਾਈ, ਅਸ਼ਟ ਸਖਾ (ਅੱਠ ਮਿੱਤਰਾਂ) ਦੀ ਬਧਾਈ ਅਤੇ ਲੀਲਾ ਦੀ ਚਰਚਾ ਹੋਈ ਹੈ। ਸ੍ਰੀ ਕ੍ਰਿਸ਼ਣ ਦੇ ਜੀਵਨ ਸੰਬੰਧੀ ਇਸ ਸਾਰੀ ਸਾਮਗਰੀ "ਬ੍ਰਜ ਭਾਸ਼ਾ" ਵਿਚ ਲਿਖਿਤ ਹੈ।

## ਬ੍ਰਜ ਪ੍ਰਦੇਸ਼ ਤੋਂ ਬਾਹਰਲੇ ਸੰਪ੍ਰਦਾਇ

**(6) ਚਰਣਦਾਸੀ ਸੰਪ੍ਰਦਾਇ :** ਇਸ ਦੇ ਮੋਢੀ ਸ੍ਰੀ ਚਰਣ ਦਾਸ ਨੇ (ਸੰਨ 1703-1781) ਸਖੀ ਦੇ ਰੂਪ ਵਿਚ ਸ੍ਰੀ ਕ੍ਰਿਸ਼ਣ ਦੀ ਰਾਸ-ਲੀਲਾ ਦਾ ਦਰਸ਼ਨ ਕੀਤਾ ਸੀ। ਵੰਸ਼ੀ ਵਟ (ਉਹ ਬੁਹੜ ਦਾ ਰੁੱਖ, ਜਿਥੇ ਸ੍ਰੀ ਕ੍ਰਿਸ਼ਣ ਜੀ ਬੰਸਰੀ ਵਜਾਇਆ ਕਰਦੇ ਸਨ) ਥੱਲੇ ਵਿਰਾਜਮਾਨ ਚਰਣ ਦਾਸ ਜੀ ਨੂੰ ਸੁਕਦੇਵ ਮੁਨੀ ਨੇ ਦਰਸ਼ਨ ਦੇ ਕੇ ਨਵਧਾ-ਭਗਤੀ (ਨੌ ਪ੍ਰਕਾਰ ਦੀ ਭਗਤੀ) ਦਾ ਪ੍ਰਸਾਦ ਵੰਡਣ ਦੀ ਆਗਿਆ ਦਿੱਤੀ। ਤਦੋਂ ਤੋਂ ਸ੍ਰੀ ਚਰਣ ਦਾਸ ਦਿੱਲੀ ਵਿਚ ਸ੍ਰੀ ਕ੍ਰਿਸ਼ਣ ਭਗਤੀ ਦਾ ਪ੍ਰਚਾਰ ਕਰਦੇ ਰਹੇ। ਇਨ੍ਹਾਂ ਦੇ 52 ਚੇਲਿਆਂ ਵਿਚੋਂ ਦੋ ਚੇਲਿਆਂ ਨੇ ਬੜਾ ਨਾਮਣਾ ਖੱਟਿਆ। ਇਨ੍ਹਾਂ ਭਗਤਾਂ ਦੇ ਨਾਂ ਸਨ : ਸਹਜੋ ਬਾਈ ਅਤੇ ਦਯਾ ਬਾਈ। ਇਸ ਸੰਪ੍ਰਦਾਇ ਦੇ ਲੋਕੀ ਸ੍ਰੀ ਕ੍ਰਿਸ਼ਣ ਦੇ ਖੱਬੇ ਪਾਸੇ ਖੜੋਤੀ ਰਾਧਾ ਅਤੇ ਸਾਲਿਗ੍ਰਾਮ ਦੀਆਂ ਮੂਰਤੀਆਂ ਦੀ ਪੂਜਾ ਕਰਦੇ ਹਨ। ਸਾਰੇ ਸਾਧੂ ਮੱਥੇ ਉੱਤੇ ਤਿਲਕ (ਲੰਮਾ ਟਿੱਕਾ) ਲਾਉਂਦੇ ਅਤੇ ਪੀਲੇ ਕੱਪੜੇ ਪਹਿਨਦੇ ਹਨ। ਰਾਧਾ ਕ੍ਰਿਸ਼ਣ ਦੀ ਮੂਰਤੀ ਵਾਲੇ ਮੰਦਿਰ ਦੇ ਚੌਂਹਠ ਥੰਭਿਆਂ ਦੇ ਸਹਾਰੇ ਖੜੋਤੀਆਂ ਇਸਤਰੀਆਂ ਰਾਧਾ ਜੀ ਦੀਆਂ ਸਹੇਲੀਆਂ ਮੰਨੀਆਂ ਜਾਂਦੀਆਂ ਹਨ। ਇਸ ਦ੍ਰਿਸ਼ ਨੂੰ ਰੰਗ ਮਹਿਲ ਆਖਿਆ ਜਾਂਦਾ ਹੈ ਅਤੇ ਇਸ ਵਿਚ ਅਖੰਡ (ਅਟੁੱਟ) ਰਾਸ ਲੀਲਾ ਦੀ ਕਲਪਨਾ ਕੀਤੀ ਜਾਂਦੀ ਹੈ। ਇਸ ਸੰਪ੍ਰਦਾਇ ਵਿਚ ਬ੍ਰਿੰਦਾਬਨ ਨੂੰ ਹੀ ਸੰਪ੍ਰਦਾਇ ਦਾ ਮੁੱਖ ਸਥਾਨ ਮੰਨਿਆ ਜਾਂਦਾ ਹੈ ਅਤੇ ਸਖੀ ਰੂਪ ਵਿਚ ਮਾਧੁਰੀ ਭਾਵ ਵਾਲੀ ਉਪਾਸਨਾ ਕੀਤੀ ਜਾਂਦੀ ਹੈ। ਇਸ ਸੰਪ੍ਰਦਾਇ ਦਾ ਇਕ ਹੋਰ ਨਾਂ "ਸ਼ੁਕ

ਸੰਪ੍ਰਦਾਇ" ਵੀ ਹੈ। ਕੁਝ ਵਿਦਵਾਨਾਂ ਨੇ ਇਸ ਦੇ ਮੋਢੀ ਦੇ ਨਾਂ ਅੱਗੇ "ਸ਼ਯਾਮ" ਸ਼ਬਦ ਜੋੜ ਕੇ ਉਸਨੂੰ ਸ਼ਯਾਮ ਚਰਣ ਦਾਸ ਬਣਾ ਦਿੱਤਾ ਹੈ।

**(7) ਧਾਮੀ :** ਇਸ ਦੇ ਮੋਢੀ ਦਾ ਨਾਂ ਪ੍ਰਾਣਨਾਥ ਸੀ। ਇਨ੍ਹਾਂ ਨੇ ਸੂਰਤ (ਗੁਜਰਾਤ) ਵਿਚ ਆਪਣੇ ਸੁਤੰਤਰ ਮਤ ਦਾ ਪ੍ਰਚਾਰ ਕੀਤਾ। ਪ੍ਰਾਣਨਾਥ ਜੀ ਦੇ ਗੁਰੂ ਸੁਆਮੀ ਦੇਵੀ ਚੰਦ ਨੇ ਨਿੰਬਾਰਕਾਚਾਰੀਆ ਸੰਪ੍ਰਦਾਇ ਵਿਚੋਂ ਫੁੱਟੀ ਸੁਆਮੀ ਹਰਿਦਾਸ ਵਾਲੀ ਸ਼ਾਖਾ "ਹਰਿਦਾਸੀ ਸੰਪ੍ਰਦਾਇ" ਦੇ ਇਕ ਹੋਰ ਹਰਿਦਾਸ ਨਾਂ ਦੇ ਮਹਾਤਮਾ ਤੋਂ ਦਿਖਿਆ ਲੈਣ ਮਗਰੋਂ ਆਪਣਾ ਨਵਾਂ ਸੰਪ੍ਰਦਾਇ ਸਥਾਪਿਤ ਕਰ ਲਿਆ। ਪਰ ਅਜਿਹਾ ਕਿਉਂ ਹੋਇਆ, ਇਸ ਦਾ ਕਾਰਨ ਅਜੇ ਤਕ ਵਿਦਵਾਨ ਖੋਜੀ ਨਹੀਂ ਲੱਭ ਸਕੇ। ਇਸ ਸੰਪ੍ਰਦਾਇ ਦੇ ਉਪਾਸਕ ਸਖੀ ਭਾਵ ਵਿਚ ਮਨੋਮਨੀ (ਮਾਨਸੀ) ਸ੍ਰੀ ਕ੍ਰਿਸ਼ਣ ਅਤੇ ਰਾਧਾ ਦੀ ਜੋੜੀ ਦੀ ਉਪਾਸਨਾ ਕਰਦੇ ਹਨ। ਇਸ ਪ੍ਰਕਾਰ ਸ੍ਰੀ ਕ੍ਰਿਸ਼ਣ ਨਾਲ ਰਾਧਾ ਜੀ ਦੀ ਰਾਸ-ਲੀਲਾ ਦਾ ਚਿੱਤਰ ਉਪਾਸਕਾਂ ਦੇ ਮਨ ਉੱਤੇ ਉੱਕਰ ਜਾਂਦਾ ਹੈ। ਇਸ ਸੰਪ੍ਰਦਾਇ ਦਾ ਮੁੱਖ ਗ੍ਰੰਥ ਪ੍ਰਾਣਨਾਥ ਜੀ ਦੇ ਪਦਾਂ ਦਾ ਸੰਗ੍ਰਹਿ ਹੈ, ਜਿਸ ਨੂੰ "ਮਹਾਬਾਣੀ" ਆਖਿਆ ਜਾਂਦਾ ਹੈ। ਇਸ ਸੰਗ੍ਰਹਿ ਵਿਚ ਅਜਿਹੇ ਅਨੇਕ ਪਦ ਹਨ, ਜਿਨ੍ਹਾਂ ਵਿਚ ਕ੍ਰਿਸ਼ਣ ਜੀ ਦੇ ਮੁਕਟ (ਕਿਰੀਟ) ਅਤੇ ਮੁਰਲੀ (ਬੰਸਰੀ) ਦੀ ਮਹਿਮਾ ਗਾਈ ਗਈ ਹੈ।

**(8) ਚੈਤਨਯ ਸੰਪ੍ਰਦਾਇ :** ਇਸ ਨੂੰ "ਗੌੜੀਯ ਸੰਪ੍ਰਦਾਇ" ਜਾਂ "ਚੈਤਨਯ ਗੌੜੀਯ ਸੰਪ੍ਰਦਾਇ" ਵੀ ਸੱਦਿਆ ਜਾਂਦਾ ਹੈ। ਇਸ ਦੇ ਮੋਢੀ ਚੈਤਨਯ ਮਹਾਪ੍ਰਭੂ (ਸੰਨ 1485-1533) ਮੂਲ ਰੂਪ ਵਿਚ ਬੰਗਾਲ ਦੇ ਜੰਮਪਲ ਸਨ ਅਤੇ ਉੱਥੇ ਹੀ ਆਪਣੀ ਕ੍ਰਿਸ਼ਣ ਭਗਤੀ ਦਾ ਪ੍ਰਚਾਰ ਕਰਦੇ ਰਹੇ। ਇਨ੍ਹਾਂ ਦੇ ਦਾਰਸ਼ਨਿਕ ਸਿਧਾਂਤ ਨੂੰ "ਅਚਿੰਤਯਭੇਦਾਭੇਦ" ਆਖਿਆ ਜਾਂਦਾ ਹੈ। ਇਸ ਦੇ ਅਨੁਸਾਰ ਸ੍ਰੀ ਕ੍ਰਿਸ਼ਣ ਗਿਆਨ, ਯੋਗ ਅਤੇ ਭਗਤੀ ਦੇ ਸਾਧਨਾਂ ਰਾਹੀਂ ਆਪਣੇ ਆਪ ਨੂੰ ਕ੍ਰਮਵਾਰ ਬ੍ਰਹਮ, ਪਰਮਾਤਮਾ ਅਤੇ ਭਗਵਾਨ ਦੇ ਰੂਪਾਂ ਵਿਚ ਪ੍ਰਕਾਸ਼ਿਤ ਕਰਦੇ ਹਨ। ਉਨ੍ਹਾਂ ਨੂੰ ਗਿਆਨ ਮਾਰਗੀਆਂ ਦੇ ਬ੍ਰਹਮ ਦੇ ਰੂਪ ਵਿਚ ਯੋਗ ਮਾਰਗੀਆਂ ਦੇ ਪਰਮਾਤਮਾ ਦੇ ਰੂਪ ਵਿਚ ਅਤੇ ਭਗਤੀ-ਮਾਰਗੀਆਂ ਦੇ ਭਗਵਾਨ ਦੇ ਰੂਪ ਵਿਚ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਸੰਪ੍ਰਦਾਇ ਵਿਚ ਇਨ੍ਹਾਂ ਗੱਲਾਂ ਉੱਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਬ੍ਰਜ ਪ੍ਰਦੇਸ਼ ਦੇ ਸੁਆਮੀ ਨੰਦ ਜੀ ਦੇ ਪੁੱਤਰ ਸ੍ਰੀ ਕ੍ਰਿਸ਼ਣ ਹੀ ਆਰਾਧਨਾ ਦੇ ਯੋਗ ਅਧਿਕਾਰੀ ਹਨ। ਉਨ੍ਹਾਂ ਦਾ ਧਾਮ (ਰਿਹਾਇਸ਼ਗਾਹ) ਬ੍ਰਿੰਦਾਬਨ ਹੈ। ਜਿਵੇਂ ਸ੍ਰੀ ਕ੍ਰਿਸ਼ਣ ਦੇ ਰੂਪ ਉੱਤੇ ਮੋਹਿਤ ਹੋ ਕੇ ਬ੍ਰਜ ਪ੍ਰਦੇਸ਼ ਦੀਆਂ ਗੋਪੀਆਂ ਨੇ ਸ੍ਰੀ ਕ੍ਰਿਸ਼ਣ ਦੀ "ਰਮਣੀਯ ਉਪਾਸਨਾ" ਕੀਤੀ ਸੀ, ਉਸੇ ਨੂੰ ਪ੍ਰਮਾਣਿਕ ਮੰਨ ਕੇ ਸਾਧਕਾਂ ਨੂੰ ਉਪਾਸਨਾ ਕਰਨੀ ਚਾਹੀਦੀ ਹੈ। "ਸ੍ਰੀਮਦ ਭਾਗਵਤ ਪੁਰਾਣ" ਵਿਚੋਂ ਇਸ ਦੇ ਸਹੀ ਪ੍ਰਮਾਣ ਲੱਭ ਕੇ ਅਤੇ ਪ੍ਰੇਮ ਨੂੰ ਸਰਬ ਉੱਤਮ ਉਪਾਅ ਸਮਝ ਕੇ ਹੀ ਸੱਚੀ ਭਗਤੀ ਹੋ ਸਕਦੀ ਹੈ। ਕੁਝ ਵਿਦਵਾਨਾਂ ਦਾ ਮਤ ਹੈ ਕਿ ਜਦੋਂ ਵੱਲਭਾਚਾਰੀਆ ਬ੍ਰਜ ਮੰਡਲ, ਗੁਜਰਾਤ ਅਤੇ ਕਾਠੀਆਵਾੜ ਵਿਚ ਕ੍ਰਿਸ਼ਣ ਭਗਤੀ ਦਾ ਪ੍ਰਚਾਰ ਕਰ ਰਹੇ ਸਨ ਤਾਂ ਮਹਾਪ੍ਰਭੂ ਚੈਤਨਯ ਬੰਗਾਲ ਵਿਚ ਭਗਵਤ ਨਾਮ-ਪ੍ਰਚਾਰ ਕਰ ਰਹੇ ਸਨ।

## ਕ੍ਰਿਸ਼ਣ-ਭਗਤੀ ਮੂਲਕ ਸੁਮੇਲਵਾਦੀ ਸੰਪ੍ਰਦਾਇ

**(1) ਵਾਰਕਰੀ ਸੰਪ੍ਰਦਾਇ ਜਾਂ ਵਿਠੱਲ ਸੰਪ੍ਰਦਾਇ :** ਇਸ ਦੇ ਪ੍ਰਚਾਰਕ ਕੰਨੜ (ਕਰਨਾਟਕ ਰਾਜ) ਦੇ ਸੰਤ ਪੁੰਡਰੀਕ ਸਨ। ਇਸ ਦਾ ਪ੍ਰਚਾਰ ਸੰਨ 1209 ਈ. ਦੇ ਲਗਭਗ

ਪੰਢਰਪੁਰ (ਮਹਾਰਾਸ਼ਟਰ ਦੇ ਜ਼ਿਲ੍ਹਾ ਸ਼ੋਲਾਪੁਰ) ਤੋਂ ਸ਼ੁਰੂ ਹੋਇਆ।[11] ਕੁਝ ਵਿਦਵਾਨਾਂ ਦਾ ਮਤ ਹੈ ਕਿ ਕੰਨੜ ਭਾਸ਼ਾ ਦੇ 'ਵਾਰੀ' ਸ਼ਬਦ ਤੋਂ ਹੀ 'ਵਾਰਕਰੀ' ਸ਼ਬਦ ਬਣਿਆ ਹੈ, ਜਿਸ ਦਾ ਅਰਥ ਹੈ : "ਆਪਣੇ ਇਸ਼ਟ ਦੇਵ ਦੇ ਮੰਦਿਰ ਦੀ ਯਾਤਰਾ।" "ਵਾਰਕਰੀ ਸੰਪ੍ਰਦਾਇ" ਦੇ ਪੈਰੋਕਾਰ ਹਾੜ ਦੇ ਮਹੀਨੇ ਦੀ ਚਾਨਣੀ ਇਕਾਦਸ਼ੀ ਵੇਲੇ ਦੂਰ ਦੁਰਾਡੇ ਤੋਂ ਪੈਦਲ ਟੁਰ ਕੇ ਵਿਠੱਲ ਦੇਵ ਦੇ ਮੰਦਿਰ ਦੇ ਦਰਸ਼ਨ ਕਰਨ ਵਾਸਤੇ ਪੰਢਰਪੁਰ ਪਹੁੰਚਦੇ ਹਨ। ਹਾੜ ਮਹੀਨੇ ਦੀ ਚਾਨਣੇ ਪੱਖ ਦੀ ਇਕਾਦਸ਼ੀ ਨੂੰ ਦੇਵਸ਼ਯਨੀ (ਦੇਵਤਿਆਂ ਦੇ ਸੌਣ ਦੀ) ਇਕਾਦਸ਼ੀ ਆਖਿਆ ਜਾਂਦਾ ਹੈ। ਦੂਜੀ ਯਾਤਰਾ ਕੱਤਕ ਦੇ ਚਾਨਣੇ ਪੱਖ ਦੀ ਇਕਾਦਸ਼ੀ ਨੂੰ ਪੰਢਰਪੁਰ ਤੋਂ ਆਲੰਦੀ (ਜ਼ਿਲ੍ਹਾ ਪੂਣੇ, ਮਹਾਰਾਸ਼ਟਰ) ਵੱਲ ਹੁੰਦੀ ਹੈ। ਹਿੰਦੂ ਜੰਤਰੀਆਂ (Calenders) ਵਿਚ ਇਸ ਤਿੱਥ (Date) ਲਈ ਦੇਵ ਉਠਾਨ ਇਕਾਦਸ਼ੀ (ਦੇਵਤਿਆਂ ਦੇ ਜਾਗਣ ਦਾ ਦਿਨ) ਸ਼ਬਦ ਵਰਤੇ ਹੋਏ ਮਿਲਦੇ ਹਨ।

ਵਾਰਕਰੀ ਸੰਪ੍ਰਦਾਇ ਦੀ ਕ੍ਰਿਸ਼ਨ-ਭਗਤੀ ਵਿਚ ਰਾਧਾ ਦੀ ਹੋਂਦ ਨਹੀਂ ਹੈ। ਸਗੋਂ ਇਸ ਵਿਚ ਵਿਸ਼ਨੂ ਅਤੇ ਸ਼ਿਵ ਵਿਚਕਾਰ ਕੋਈ ਅੰਤਰ (Difference) ਨਹੀਂ ਮੰਨਿਆ ਜਾਂਦਾ।[12] ਵਿਠੱਲ ਮੰਦਿਰ ਦਾ ਅੰਦਰੂਨੀ ਸਰੂਪ ਇਸ ਪ੍ਰਕਾਰ ਹੁੰਦਾ ਹੈ :

"ਭਗਵਾਨ ਵਿਠੱਲ ਦੇ ਮੰਦਿਰਾਂ ਵਿਚ ਕਾਲੇ ਪੱਥਰ ਦੀਆਂ ਦੋ ਮੂਰਤੀਆਂ ਇਕ ਥੜੇ ਉੱਤੇ ਖੜੀਆਂ ਹੁੰਦੀਆਂ ਹਨ। ਆਦਮੀ ਦੀ ਮੂਰਤੀ ਵਿਠੱਲ ਦੀ ਹੁੰਦੀ ਹੈ ਅਤੇ ਉਸ ਤੋਂ ਕੁਝ ਮਧਰੇ ਕੱਦ ਦੀ ਮੂਰਤੀ ਉਨ੍ਹਾਂ ਦੀ ਪਤਨੀ 'ਰੁਕਮਿਣੀ' ਦੀ ਦੱਸੀ ਜਾਂਦੀ ਹੈ। ਭਾਰਤੀ ਪੁਰਾਣਾਂ ਅਤੇ ਮਹਾਭਾਰਤ ਅਨੁਸਾਰ ਰੁਕਮਿਣੀ ਜੀ, ਭਗਵਾਨ ਕ੍ਰਿਸ਼ਣ ਦੀ ਪਤਨੀ ਸਨ। ਵਿਠੱਲ ਦੇ ਸਿਰ ਉੱਤੇ ਸ਼ਿਵ ਲਿੰਗ ਵਰਗਾ ਨਿਕਾ ਜਿਹਾ ਕਾਲਾ ਪੱਥਰ ਧਰਿਆ ਹੁੰਦਾ ਹੈ। ਪਰ ਭਗਵਾਨ ਵਿਠੱਲ ਦੇ ਆਪਣੇ ਦੋਵੇਂ ਹੱਥ ਲੱਕ ਤੇ ਧਰੇ ਹੋਏ ਅਤੇ ਦੋਵੇਂ ਪੈਰ ਇਕ ਇੱਟ ਉਤੇ ਟਿਕਾਏ ਹੋਏ ਨਜ਼ਰ ਆਉਂਦੇ ਹਨ। ਇਸ ਲਈ ਉਨ੍ਹਾਂ ਦੇ ਸਰੂਪ ਬਾਰੇ ਮਰਾਠੀ ਭਗਤਾਂ ਵਲੋਂ ਇੰਝ ਟਿੱਪਣੀ ਕੀਤੀ ਜਾਂਦੀ ਹੈ : "ਵਿਟੇਵਰੀ ਉਭਾ, ਕਟੀਵਰੀ ਹਾਤ" ਅਰਥਾਤ ਇੱਟ ਉੱਤੇ ਖੜੋਤੇ ਹੋਏ (ਵਿਠੱਲ ਭਗਵਾਨ ਨੇ) ਆਪਣੇ ਹੱਥ ਲੱਕ ਉੱਤੇ ਧਰੇ ਹੋਏ ਹਨ।[13]

ਕੁਝ ਮੰਦਿਰਾਂ ਵਿਚ ਤਾਂ ਮੂਰਤੀ ਵਾਲੇ ਅਹਾਤੇ ਵਿਚ ਦਾਖਿਲ ਹੋਣ ਵਾਲੇ ਦਰਵਾਜ਼ੇ ਉੱਤੇ ਕਛੂਏ ਦੀ ਪੱਥਰ ਦੀ ਮੂਰਤੀ ਬਣੀ ਹੁੰਦੀ ਹੈ, ਜਿਸ ਨੂੰ ਮਾਨਸਿਕ ਸ਼ਾਂਤੀ (Mental peace) ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਅਹਾਤੇ ਦੇ ਅੰਦਰ ਵਿਠੱਲ ਅਤੇ ਰੁਕਮਿਣੀ ਵਾਲੇ ਥੜ੍ਹੇ ਹੇਠ "ਸ਼ਿਵ ਲਿੰਗ" ਸਥਾਪਿਤ ਕੀਤਾ ਹੁੰਦਾ ਹੈ। ਵਾਰਕਰੀ ਸੰਪ੍ਰਦਾਇ ਦੇ ਸ਼ਰਧਾਲੂਆਂ ਦੇ ਪੂਜਨੀਕ ਦੇਵਤਾ "ਵਿਠੱਲ" ਦੇ ਸਹੀ ਸਰੂਪ ਬਾਰੇ ਆਚਾਰੀਆ ਵਿਨਯ ਮੋਹਨ ਸ਼ਰਮਾ ਲਿਖਦੇ ਹਨ :

"ਮਹਾਰਾਸ਼ਟਰ ਦੇ ਸੰਤਾਂ ਨੇ ਆਮ ਤੌਰ ਤੇ "ਕ੍ਰਿਸ਼ਣ" ਦੇ ਬਾਲ ਅਤੇ ਮਰਿਆਦਾ ਵਿਚ ਬੰਨ੍ਹੇ ਹੋਏ ਰੂਪ ਨੂੰ ਹੀ ਅਪਣਾਇਆ ਹੈ। ਉਨ੍ਹਾਂ ਨੇ ਉੱਤਰ ਭਾਰਤ ਦੇ ਭਾਗਵਤ ਸੰਪ੍ਰਦਾਇ ਦੇ ਭਗਤਾਂ ਵਾਂਗ ਕ੍ਰਿਸ਼ਣ ਦੇ ਰਾਧਾ ਅਤੇ ਗੋਪੀ (ਨਾਲ ਸੰਬੰਧਤ) ਸ਼ਿੰਗਾਰ ਮੂਲਕ ਭਗਤੀ ਰਸ ਦਾ ਵਿਸ਼ੇਸ਼ ਰੂਪ ਵਿਚ ਸੁਆਦ ਨਹੀਂ ਮਾਣਿਆ। ਇਹੋ ਕਾਰਨ ਹੈ ਕਿ ਪੰਢਰਪੁਰ ਵਿਖੇ ਵਿਠੱਲ (ਕ੍ਰਿਸ਼ਣ) ਦੀ ਮੂਰਤੀ ਦੇ ਲਾਗੇ ਰਾਧਾ ਰਾਨੀ ਦੀ ਬਜਾਏ ਰੁਕਮਿਣੀ ਦੇਵੀ ਵਿਰਾਜਮਾਨ ਹੈ।"[14]

ਵਾਰਕਰੀ ਸੰਪ੍ਰਦਾਇ ਦਾ ਮੂਲ ਮੰਤਰ ਹੈ : "ਰਾਮ ਕ੍ਰਿਸ਼ਣ ਹਰਿ"। ਇਸ ਸੰਪ੍ਰਦਾਇ ਵਿਚ ਭਗਤੀ ਨੂੰ ਮੂਲ (=ਜੜ) ਅਤੇ ਗਿਆਨ ਨੂੰ ਫਲ ਆਖਿਆ ਜਾਂਦਾ ਹੈ। ਇਸ ਪ੍ਰਕਾਰ ਇਸ

ਵਿਚ ਭਗਤੀ ਅਤੇ ਗਿਆਨ ਦਾ ਸਮੇਂਨਵਾਦੀ ਰੂਪ ਹੀ ਉੱਭਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਨਾਮਦੇਵ ਅਤੇ ਭਗਤ ਤ੍ਰਿਲੋਚਨ ਦੇ ਪਦਾਂ ਵਿਚ "ਵਿਠੱਲ" ਸ਼ਬਦ ਦੀ ਵਰਤੋਂ ਹੋਈ ਹੈ, ਜੋ ਨਿਰਾਕਾਰ-ਬ੍ਰਹਮ ਦਾ ਰੂਪ ਹੀ ਹੈ।[15] ਇਸ ਸੰਪ੍ਰਦਾਇ ਦੇ ਹੋਰ ਸੰਤਾਂ ਵਿਚ ਗਿਆਨ ਦੇਵ, ਏਕ ਨਾਥ, ਤੁਕਾਰਾਮ ਵਰਗੇ ਲਗਭਗ ਦੋ ਦਰਜਨ ਨਾਂ ਗਿਣਾਏ ਜਾਂਦੇ ਹਨ। 'ਸ੍ਰੀਮਦ ਭਗਵਦ ਗੀਤਾ' ਦੀ ਕਾਵਿਮਈ ਟੀਕਾ ਸੰਤ ਗਿਆਨ ਦੇਵ ਨੇ "ਗਯਾਨੇਸ਼ਵਰੀ" ਸਿਰਲੇਖ ਅਧੀਨ ਕੀਤੀ ਸੀ ਅਤੇ ਨਾਮਦੇਵ ਆਪਣੀ ਜਨਮ ਭੂਮੀ ਤੋਂ ਅਲਾਵਾ ਰਾਜਸਥਾਨ ਅਤੇ ਪੰਜਾਬ ਵਿਚ ਵੀ ਆਪਣੀ ਨਿਰਾਕਾਰ-ਭਗਤੀ ਕਾਰਨ ਪ੍ਰਸਿੱਧ ਹੈ। ਇਹੋ ਕਾਰਨ ਹੈ ਕਿ ਏਕਨਾਥ ਨਾਂ ਦੇ ਮਰਾਠੀ ਕਵੀ ਨੂੰ ਗਿਆਨ ਦੇਵ ਦਾ ਅਵਤਾਰ ਅਤੇ ਤੁਕਾਰਾਮ ਨੂੰ ਨਾਮਦੇਵ ਦੇ ਅਵਤਾਰ ਦੀ ਪਦਵੀ ਮਹਾਰਾਸ਼ਟਰ ਦੇ ਸਾਹਿੱਤਕਾਰਾਂ ਨੇ ਪ੍ਰਦਾਨ ਕੀਤੀ ਹੈ

**(2) ਮਹਾਨੁਭਾਵ ਸੰਪ੍ਰਦਾਇ :** ਮਹਾਰਾਸ਼ਟਰ ਦੇ ਇਸ ਸੰਪ੍ਰਦਾਇ ਵਿਚ ਸ੍ਰੀ ਕ੍ਰਿਸ਼ਣ ਦੇ ਪੰਜ ਰੂਪਾਂ ਦੀ ਮਾਨਤਾ ਹੈ। ਇਸ ਸੰਪ੍ਰਦਾਇ ਦੇ "ਪੰਚ ਕ੍ਰਿਸ਼ਣ" ਦੇ ਨਾਂ ਉੱਪਰੋਂ ਥੱਲੇ ਇਸ ਪ੍ਰਕਾਰ ਹਨ : (1) ਸ੍ਰੀ ਕ੍ਰਿਸ਼ਣ ਚੱਕਰਵਰਤੀ (ਦੁਆਪਰ ਜੁਗ ਵਾਲੇ ਵਿਸ਼ਨੂ ਭਗਵਾਨ ਦੇ ਅਵਤਾਰ) (2) ਸ੍ਰੀ ਦਤਾਤ੍ਰੇਯ, (3) ਸ੍ਰੀ ਚਾਂਗ ਦੇਵ, (4) ਸ੍ਰੀ ਗੋਵਿੰਦ ਪ੍ਰਭੂ ਅਤੇ (5) ਸ੍ਰੀ ਚਾਂਗਦੇਵ ਹਾਊਲ। ਚਾਂਗ ਦੇਵ ਨਾਂ ਦੇ ਦੋ ਗੁਰੂਆਂ ਦੇ ਇਕੋ ਜਿਹੇ ਨਾਂ ਹੋਣ ਕਾਰਨ ਇਨ੍ਹਾਂ ਪੰਜ ਕ੍ਰਿਸ਼ਣਾਂ ਦੇ ਨਾਂ ਅੱਗੇ ਉਨ੍ਹਾਂ ਦਾ ਜਨਮ ਅਸਥਾਨ ਦਰਸਾ ਕੇ ਉਨ੍ਹਾਂ ਦਾ ਅੰਤਰ ਵਿਖਾਇਆ ਜਾਂਦਾ ਹੈ।[16] ਕੁਝ ਵਿਦਵਾਨਾਂ ਦਾ ਮਤ ਹੈ ਕਿ ਇਸ ਸੰਪ੍ਰਦਾਇ ਦੀ ਸਥਾਪਨਾ 11ਵੀਂ ਸਦੀ ਈਸਵੀ ਵਿਚ ਹੋਈ ਸੀ।

**(3) ਪ੍ਰਾਣਨਾਥੀ ਸੰਪ੍ਰਦਾਇ :** ਇਸ ਸੰਪ੍ਰਦਾਇ ਦੇ ਸੰਸਥਾਪਕ ਸ੍ਰੀ ਪ੍ਰਾਣਨਾਥ (ਸੰਨ 1618-1694) ਸਨ। ਉਨ੍ਹਾਂ ਦੇ ਗੁਰੂ ਦਾ ਨਾਂ ਸੀ ਨਿਜਾਨੰਦ ਸੁਆਮੀ ਦੇਵਚੰਦ੍ਰ (ਸੰਨ 1581-1655), ਇਸੇ ਕਾਰਨ ਇਸ ਦਾ ਦੂਜਾ ਨਾਂ "ਨਿਜਾਨੰਦੀਯ ਸੰਪ੍ਰਦਾਇ" ਵੀ ਹੈ। ਸ੍ਰੀ ਕ੍ਰਿਸ਼ਣ ਦੀ ਭਗਤੀ ਦੀ ਪ੍ਰਧਾਨਤਾ ਹੋਣ ਕਾਰਨ ਇਸ ਨੂੰ "ਸ੍ਰੀ ਕ੍ਰਿਸ਼ਣ ਪ੍ਰਣਾਮੀ ਸੰਪ੍ਰਦਾਇ" ਵੀ ਸੱਦਿਆ ਜਾਂਦਾ ਹੈ। ਡਾ. ਕ੍ਰਿਸ਼ਣ ਬਿਹਾਰੀ ਨੇ ਇਸ ਦਾ ਨਾਂ "ਮਹਾਰਾਜ ਪੰਥ" ਜਾਂ "ਮੇਰਾਜ ਪੰਥ" ਦੱਸਿਆ ਹੈ। ਕਹਿੰਦੇ ਹਨ ਕਿ ਇਹ ਨਾਂ ਇਸ ਕਾਰਨ ਪਿਆ, ਕਿਉਂਕਿ ਪ੍ਰਾਣਨਾਥ ਦਾ ਬਚਪਨ ਦਾ ਨਾਂ "ਮਿਹਰ ਰਾਜ" ਜਾਂ "ਮਹਾਰਾਜ ਠਾਕੁਰ" ਸੀ।[17] ਪਰਸ਼ੂਰਾਮ ਚਤੁਰਵੇਦੀ ਨੇ ਆਪਣੀ ਪੁਸਤਕ "ਉੱਤਰੀ ਭਾਰਤ ਕੀ ਸੰਤ ਪਰੰਪਰਾ" ਵਿਚ ਇਸ ਸੰਪ੍ਰਦਾਇ ਦਾ ਨਾਂ 'ਖਿਜੜਾ' ਅਤੇ 'ਚਕਲਾ' ਦੱਸਿਆ ਹੈ। ਇਸ ਸੰਪ੍ਰਦਾਇ ਦੇ ਅਨੇਕ ਗ੍ਰੰਥਾਂ ਦਾ ਸੰਕਲਨ "ਤਾਰਤਮ ਸਾਗਰ" ਦੇ ਨਾਂ ਹੇਠ ਹੋਇਆ ਹੈ, ਜਿਸ ਦਾ ਆਧਾਰ "ਸ਼੍ਰੀਮਦ ਭਾਗਵਤ ਪੁਰਾਣ" ਹੈ। "ਤਾਰਤਮ" ਸ਼ਬਦ ਦੇ ਪਿਛੋਕੜ ਦਾ ਸਰੂਪ ਹੇਠ ਲਿਖੇ ਵੇਰਵੇ ਤੋਂ ਸਪਸ਼ਟ ਹੋ ਜਾਵੇਗਾ :

"…. ਸ੍ਰੀ ਦੇਵਚੰਦ੍ਰ ਜੀ ਜਾਮ ਨਗਰ (ਗੁਜਰਾਤ) ਦੇ ਪ੍ਰਕਾਂਡ ਵਿਦਵਾਨ ਸ੍ਰੀ ਕਾਨ੍ਹ ਜੀ ਭੱਟ ਤੋਂ ਲਗਾਤਾਰ ਚੌਦਾਂ ਵਰ੍ਹਿਆਂ ਤਕ "ਸ੍ਰੀਮਦ ਭਾਗਵਤ" ਦੀ ਕਥਾ ਸੁਣਦੇ ਰਹੇ। ਉੱਥੇ ਹੀ ਇਕ ਦਿਨ ਪੂਰਨ ਬ੍ਰਹਮ ਪਰਮਾਤਮਾ, ਆਨੰਦ ਕੰਦ ਸ੍ਰੀ ਕ੍ਰਿਸ਼ਣ ਜੀ ਨੇ ਸਾਖਿਆਤ ਰੂਪ ਵਿਚ ਪ੍ਰਗਟ ਹੋ ਕੇ "ਸ੍ਰੀ ਤਾਰਤਮ ਮੰਤ੍ਰ" ਪ੍ਰਦਾਨ ਕੀਤਾ। …. ਪਰਮਾਤਮਾ ਸਰੂਪ ਸ੍ਰੀ ਕ੍ਰਿਸ਼ਣ ਨੇ ਆਖਿਆ - "ਕਸ਼ਰ ਅੱਖਰ ਤੋਂ ਵੱਖ ਮੇਰਾ ਨਾਂ ਕ੍ਰਿਸ਼ਣ ਹੈ …. ਵੇਦ, ਸ਼ਾਸਤਰ, ਪੁਰਾਣ, ਭਾਗਵਤਾਦਿ ਗ੍ਰੰਥ ਇਸ ਬਾਤ ਦੀ ਸਾਖੀ ਭਰਦੇ ਹਨ। ਤੂੰ ਖੁਦ ਮੇਰੇ ਜਿਹੇ ਸੱਚਿਦਾਨੰਦ ਬ੍ਰਹਮ

ਦੀ ਅੰਗਨਾ (ਹਿੱਸਾ) ਹੈ। ਤੇਰੇ ਵਰਗੀਆਂ ਹੀ ਮੇਰੀਆਂ ਹੋਰ ਸ਼ਕਤੀਆਂ ਮੇਰੇ ਧਾਮ (ਨਿਵਾਸ) ਤੋਂ ਮਾਯਾ ਤੋਂ ਉਤਪੰਨ ਦੁੱਖ ਪੂਰਨ ਦ੍ਵੈਤ ਦੀ ਲੀਲਾ ਵੇਖਣ ਆਈਆਂ ਹਨ। ਉਨ੍ਹਾਂ ਨੂੰ ਤਾਰਤਮ ਮੰਤ੍ਰ ਅਤੇ ਤੱਤ-ਗਿਆਨ ਰਾਹੀਂ ਜਾਗ੍ਰਤ ਕਰਕੇ ਪਰਮ ਧਾਮ (ਮੋਖ ਵਿਖੇ) ਲੈ ਆਉਣ ਦਾ ਕਾਰਜ ਤੈਨੂੰ ਸੌਂਪਿਆ ਜਾ ਰਿਹਾ ਹੈ। ਮੈਂ ਤੇਰੇ ਹਿਰਦੇ ਵਿਚ ਸਥਿਤ ਹੋ ਕੇ ਤੇਰਾ ਮਾਰਗ-ਦਰਸ਼ਨ ਕਰਾਂਗਾ।"

'ਤਾਰਤਮ' ਸ਼ਬਦ ਸੰਸਕ੍ਰਿਤ ਦੇ 'ਤਾਰਤਮਯ' ਦਾ ਅਪਭ੍ਰੰਸ਼ ਰੂਪ ਹੈ, ਜਿਸ ਦਾ ਅਰਥ ਹੈ : ਨਿਰੰਤਰ (ਲਗਾਤਾਰ) ਚੱਲਣ ਵਾਲਾ। ਪ੍ਰਭੂ ਦਾ ਮਨੋਂ ਮਨੀਂ ਨਿਰੰਤਰ ਧਿਆਨ ਕਰਦਿਆਂ ਭਗਵਾਨ ਸ੍ਰੀ ਕ੍ਰਿਸ਼ਣ ਦੀ ਮਹਿਮਾ ਨੂੰ ਗੁਰੂ-ਸ਼ਿਸ਼ ਪਰੰਪਰਾ ਰਾਹੀਂ ਲਗਾਤਾਰ ਵਧਾਉਣ ਲਈ ਸੱਚੇ -ਸੁੱਚੇ ਉਪਦੇਸ਼ਾਂ ਨੂੰ ਅਪਣਾਉਂਦੇ ਰਹਿਣਾ ਹੀ ਸਾਡੀ ਦ੍ਰਿਸ਼ਟੀ ਵਿਚ "ਤਾਰਤਮ ਮੰਤ੍ਰ" ਹੈ। ਇਹੋ ਕਾਰਨ ਹੈ ਕਿ ਪ੍ਰਾਣਨਾਥ ਜੀ ਨੇ "ਭਾਗਵਤ ਪੁਰਾਣ" ਵਾਂਗ ਸਾਰੇ ਧਰਮ ਗ੍ਰੰਥਾਂ ਅਤੇ ਸਭਨਾਂ ਧਰਮਾਂ ਦੇ ਮੋਢੀਆਂ ਨੂੰ ਭਰਪੂਰ ਸਨਮਾਨ ਦੇ ਕੇ ਆਪਣੇ ਸੰਪ੍ਰਦਾਇ ਨੂੰ ਸਮੋਨਵਾਦੀ ਬਣਾ ਦਿੱਤਾ ਹੈ। ਇਸ ਤੱਥ ਦੀ ਪ੍ਰੋੜਤਾ ਲਈ ਇਕ ਟੂਕ ਪੇਸ਼ ਹੈ :

"ਮਹਾਮਤਿ ਪ੍ਰਾਣਨਾਥ ਨੇ 17ਵੀਂ ਸਦੀ ਵਿਚ ਸ੍ਰੀ ਕ੍ਰਿਸ਼ਣ ਦੇ ਜਿਸ ਰੂਪ ਦੀ ਅਵਧਾਰਨਾ ਕੀਤੀ, ਉਹ ਸਮੁੱਚੇ ਭਾਰਤੀ ਸਾਹਿੱਤ ਵਿਚ ਨਵੀਨ ਅਤੇ ਦੁਰਲਭ ਹੈ। ਪ੍ਰਾਣਨਾਥ ਦੇ ਕ੍ਰਿਸ਼ਣ ਗੀਤਾ, ਭਾਗਵਤ, ਵਿਸ਼ਣੁਸ੍ਵਾਮੀ (ਸ਼ੁੱਧਾਦ੍ਵੈਤ), ਨਿੰਬਾਰਕਾਚਾਰਯ (ਦ੍ਵੈਤਾਦ੍ਵੈਤ), ਵੱਲਭਾਚਾਰਯ (ਪੁਸ਼ਟਿ ਮਾਰਗ) ਅਤੇ ਚੈਤਨਯ ਮਹਾਪ੍ਰਭੂ ਦੇ ਕ੍ਰਿਸ਼ਣ ਤੋਂ ਕਿਤੇ ਜ਼ਿਆਦਾ ਵਿਆਪਕ ਅਤੇ ਵੱਖਰੇ ਸਰੂਪ ਵਾਲੇ ਹਨ। .... ਯੁਗ ਯੁਗ ਵਿਚ ਅਵਤਾਰ ਲੈ ਕੇ ਅਧਰਮ ਦਾ ਨਾਸ਼ ਅਤੇ ਧਰਮ ਦੀ ਸਥਾਪਨਾ ਕਰਨ ਵਾਲੇ ਵਿਸ਼ਣੂ ਸਰੂਪ ਸ੍ਰੀ ਕ੍ਰਿਸ਼ਣ। ਉਨ੍ਹਾਂ ਦੇ ਧਰਮ ਰੱਖਿਅਕ ਅਤੇ ਸੱਚੇ ਧਰਮ ਦੀ ਸਥਾਪਨਾ ਕਰਨ ਵਾਲੇ ਸ੍ਰੀ ਕ੍ਰਿਸ਼ਣ ਹੀ ਰਾਸ-ਲੀਲਾ ਖੇਲ੍ਹਣ ਤੋਂ ਬਾਅਦ ਅਰਬ ਦੇਸ਼ਾਂ ਵਿਚ ਸਾਮ ਰੂਪ ਵਿਚ, ਪਰਮਾਤਮਾ ਦੇ ਆਦੇਸ਼ ਕਾਰਨ ਮੁਹੰਮਦ ਸਾਹਿਬ ਦੇ ਰੂਪ ਵਿਚ ਪਧਾਰੇ... ਮਹਾਮਤਿ ਪ੍ਰਾਣਨਾਥ ਨੇ (ਆਪਣੇ ਗੁਰੂ ਦੇ ਤਾਰਤਮ ਮੰਤ੍ਰ ਅਨੁਸਾਰ) ਅੱਖਰ-ਅਤੀਤ ਸ੍ਰੀ ਕ੍ਰਿਸ਼ਣ ਦੇ ਇਸ 'ਜਾਗਨੀ' (ਵਿਆਪਕਤਾ, ਵਿਰਾਟਤਾ, ਜੀਵੰਤਤਾ ਅਤੇ ਸਮਨਵੈ ਦੇ ਸਿੱਧਾਂਤ) ਸਰੂਪ ਦੀ ਅਵਤਾਰਨਾ ਕੀਤੀ, ਜੋ ਬੁੱਧ, ਈਸਾ, ਮੂਸਾ ਅਤੇ ਮੁਹੰਮਦ ਨੂੰ ਇਕੋ ਜਿਹੇ ਰੂਪ ਵਿਚ ਵੇਖਦਾ ਹੈ ਅਤੇ ਇਸ ਪ੍ਰਕਾਰ ਸਮੋਨਵਾਦ ਦਾ ਸੰਦੇਸ਼ ਦਿੰਦਾ ਹੈ।"[17]

**(4) ਹਰੇ ਕ੍ਰਿਸ਼ਣਾ ਮੂਵਮੈਂਟ :** ਸ੍ਰੀ ਕ੍ਰਿਸ਼ਣ ਦੀ ਮਹਿਮਾ ਦੀ ਪ੍ਰਚਾਰ ਪ੍ਰਸਾਰ ਦੀ ਇਹ ਲਹਿਰ (Movement) ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਬੰਗਾਲ ਦੇ ਜੰਮਪਲ ਇਕ ਵਪਾਰੀ ਨੇ ਪ੍ਰਚਾਰਕ (Preacher) ਬਣ ਕੇ ਅਮਰੀਕਾ ਵਿਖੇ ਸ਼ੁਰੂ ਕੀਤੀ ਸੀ। ਇਸ ਨੂੰ "ਇਸਕੌਨ" (Iskcon)" [International society for Krishna consciousness] ਵੀ ਸੱਦਿਆ ਜਾਂਦਾ ਹੈ। ਇਸ ਲਹਿਰ ਦੇ ਮੋਢੀ ਸੱਜਣ ਦਾ ਨਾਂ ਸ੍ਰੀ ਅਭਯ ਚਰਣ ਡੇ ਸੀ। ਹੁਣ ਤਾਂ ਇਸ ਦੇ ਪ੍ਰਭਾਵ ਕਾਰਨ ਬਹੁਤ ਸਾਰੇ ਵਿਦੇਸ਼ੀ ਪੁਰਸ਼ ਸਿਰ ਮੁੰਡਵਾ ਕੇ ਕ੍ਰਿਸ਼ਣ ਭਗਤ ਬਣ ਗਏ ਹਨ। ਇਹੋ ਨਹੀਂ ਬਹੁਤ ਸਾਰੀਆਂ ਮੇਮਾਂ (ਗੋਰੀਆਂ ਇਸਤਰੀਆਂ) ਵੀ ਇਸ ਸੰਪ੍ਰਦਾਇ ਵਿਚ ਸ਼ਾਮਿਲ ਹੋ ਗਈਆਂ ਹਨ। ਵਿਦੇਸ਼ਾਂ ਵਿਚ ਹੀ ਨਹੀਂ ਸਗੋਂ ਭਾਰਤ ਦੇ ਅਨੇਕ ਵੱਡੇ ਸ਼ਹਿਰਾਂ - ਖ਼ਾਸ ਤੌਰ ਤੇ ਸ੍ਰੀ ਕ੍ਰਿਸ਼ਣ ਦੇ ਜਨਮ ਅਸਥਾਨ ਮਥੁਰਾ - ਵਿਚ ਇਸਕੌਨ ਵਲੋਂ ਰਾਧਾ-ਕ੍ਰਿਸ਼ਣ ਦੀ ਜੁਗਲ ਜੋੜੀ ਵਾਲੇ ਮੰਦਿਰ ਬਣ ਚੁੱਕੇ ਹਨ। ਇਸ ਪ੍ਰਕਾਰ ਗੈਰ ਹਿੰਦੂ ਧਰਮਾਂ ਦੇ ਗੋਰਿਆਂ ਦਾ ਸ੍ਰੀ

ਕ੍ਰਿਸ਼ਣ ਦੀ ਭਗਤੀ ਪ੍ਰਤੀ ਰੁਝਾਨ "ਹਰੇ ਕ੍ਰਿਸ਼ਨਾ ਮੂਵਮੈਂਟ" ਨੂੰ ਸਮੇਨਵਾਦੀ ਸੰਪ੍ਰਦਾਇ ਬਣਾਉਣ ਵਿਚ ਸਹਾਈ ਹੋਇਆ ਹੈ। ਜਗਨ ਨਾਥ ਪੁਰੀ ਦੀ ਰੱਥ ਯਾਤਰਾ ਵਾਂਗ "ਇਸਕੋਨ" ਵਾਲੇ ਮੰਦਿਰਾਂ ਵਲੋਂ ਦੇਸ਼ ਵਿਚ ਕਿਸੇ ਨਾਂ ਕਿਸੇ ਵੇਲੇ ਸਾਲ ਵਿਚ ਇਕ ਵਾਰੀ ਆਪਣੇ-ਆਪਣੇ ਸ਼ਹਿਰ ਵਿਚ "ਰਥ ਯਾਤਰਾ ਉਤਸਵ" ਮਨਾਉਣ ਦੀ ਖਬਰ ਭਾਰਤੀ ਅਖਬਾਰਾਂ ਵਿਚ ਛਪਦੀ ਹੀ ਰਹਿੰਦੀ ਹੈ।

## ਕੁਝ ਹੋਰ ਵੈਸ਼ਣਵ ਸੰਪ੍ਰਦਾਇ

**(1) ਮੱਧ੍ਵਾਚਾਰੀਆ ਦਾ ਬ੍ਰਹਮ ਸੰਪ੍ਰਦਾਇ :** ਇਸ ਦੀ ਸਥਾਪਨਾ ਰਾਮਾਨੁਜ ਆਚਾਰੀਆ ਦੇ ਅਕਾਲ ਚਲਾਣੇ ਤੋਂ ਲਗਭਗ ਪੌਣੀ ਸਦੀ ਬਾਅਦ ਮਧ੍ਵ ਆਚਾਰੀਆ ਨਾਂ ਦੇ ਵਿਦਵਾਨ ਨੇ ਕੀਤੀ ਸੀ। ਇਸ ਸੰਪ੍ਰਦਾਇ ਦਾ ਦਾਰਸ਼ਨਿਕ ਸਿੱਧਾਂਤ "ਦ੍ਵੈਤਵਾਦ" ਅਖਵਾਉਂਦਾ ਹੈ। ਅਨਿੰਨ ਭਗਤੀ ਨੂੰ ਇਸ ਸੰਪ੍ਰਦਾਇ ਵਿਚ "ਅਮਲਾ ਭਗਤੀ" ਆਖਿਆ ਜਾਂਦਾ ਹੈ। ਇਹ ਭਗਤੀ ਸੁਆਰਥ ਤੋਂ ਬਿਨਾਂ ਦਾਸ ਭਾਵ ਨਾਲ ਹੀ ਨੇਪਰੇ ਚੜ੍ਹਦੀ ਹੈ।

**(2) ਵਿਸ਼ਣੂ ਸੁਾਮੀ ਦਾ ਰੁਦ੍ਰ ਸੰਪ੍ਰਦਾਇ :** ਵਿਸ਼ਣੂ ਸੁਆਮੀ ਅਸ਼ਟ ਛਾਪ ਵਾਲੇ ਸ੍ਰੀ ਵੱਲਭ ਆਚਾਰੀਆ ਦੇ ਪੈਰੋਕਾਰ ਅਤੇ ਉਨ੍ਹਾਂ ਦੀ ਗੱਦੀ ਦੇ ਉੱਤਰ ਅਧਿਕਾਰੀ ਸਨ। ਪਰ ਵਿੱਦਿਆਨਗਰ ਦੇ ਮਹੱਤਵਪੂਰਨ ਸ਼ਾਸਤਰਾਰਥ ਵਿਚ ਜਿੱਤ ਪ੍ਰਾਪਤ ਕਰਨ ਮਗਰੋਂ ਵੱਲਭ ਆਚਾਰੀਆ ਜੀ ਨੇ ਆਪਣੇ ਇਸ ਸ਼ਿਸ਼ ਨੂੰ ਨਵਾਂ ਸੰਪ੍ਰਦਾਇ ਸਥਾਪਿਤ ਕਰਨ ਦੀ ਆਗਿਆ ਦੇ ਦਿੱਤੀ। ਇਸ ਸੰਪ੍ਰਦਾਇ ਵਿਖੇ ਗੁਪਾਲ (ਗਊਆਂ ਚਾਰਨ ਵਾਲੇ) ਕ੍ਰਿਸ਼ਣ ਨੂੰ ਸਾਖਿਆਤ ਪਰਮੇਸ਼ਰ ਮੰਨ ਕੇ ਵਿਸ਼ਣੂ ਦੇ ਇਕ ਹੋਰ ਅਵਤਾਰ ਨਰਸਿੰਘ ਭਗਵਾਨ ਨੂੰ ਪੂਜਨੀਕ ਦੇਵਤਾ ਵਜੋਂ ਸਨਮਾਨ ਦਿੱਤਾ ਜਾਂਦਾ ਹੈ।

"ਰੁਦ੍ਰ" ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦੀ ਵਰਤੋਂ ਸ਼ਿਵ ਜੀ ਲਈ ਕੀਤੀ ਜਾਂਦੀ ਹੈ। ਇਸ ਸ਼ਬਦ ਤੋਂ ਹੀ ਭਾਰਤੀ ਸਾਹਿਤ ਦੇ ਨੌ ਰਸਾਂ ਵਿਚੋਂ ਇਕ "ਰੌਦ੍ਰ ਰਸ" ਦੀ ਬਣਤਰ ਦਾ ਪਿਛੋਕੜ ਲੱਭਿਆ ਜਾ ਸਕਦਾ ਹੈ। ਨਰਸਿੰਘ ਭਗਵਾਨ ਦਾ ਮੂੰਹ ਸ਼ੇਰ ਵਰਗਾ ਡਰਾਉਣਾ ਅਤੇ ਧੜ ਮਨੁੱਖ ਵਰਗਾ ਦਰਸਾਇਆ ਜਾਂਦਾ ਹੈ। ਇਸੇ ਰੂਪ ਵਿਚ ਪ੍ਰਗਟ ਹੋ ਕੇ ਉਨ੍ਹਾਂ ਨੇ ਆਪਣੇ ਭਗਤ ਪ੍ਰਹਿਲਾਦ ਦੀ ਰੱਖਿਆ ਕੀਤੀ ਸੀ। "ਰੁਦ੍ਰ ਸੰਪ੍ਰਦਾਇ" ਦਾ ਦਾਰਸ਼ਨਿਕ ਸਿੱਧਾਂਤ "ਸ਼ੁੱਧ-ਅਦ੍ਵੈਤਵਾਦ" ਅਖਵਾਉਂਦਾ ਹੈ।

**(3) ਵੈਸ਼ਨਵ ਸਹਜਯਾਨ :** ਇਹ ਬੋਧੀ ਮਤ (Buddhist) ਦੀ ਸਹਜਯਾਨ ਸ਼ਾਖਾ ਦੀ ਚਿੰਤਨ-ਧਾਰਾ ਦਾ ਵੈਸ਼ਣਵੀ ਰੂਪ ਮੰਨਿਆ ਜਾਂਦਾ ਹੈ। "ਬੋਧੀ ਸਹਜਯਾਨ" ਵਾਂਗ ਇਸ ਵਿਚ ਪ੍ਰੇਮ ਅਤੇ ਗੁਰੂ-ਭਗਤੀ ਦਾ ਮਹੱਤਵ ਬਰਕਰਾਰ ਹੈ। ਇਸ ਵਿਚ ਅਵਤਾਰਵਾਦ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਇਸ ਮਤ ਵਿਚ ਜੀਵ ਅਤੇ ਬ੍ਰਹਮ ਦੇ ਮਿਲਾਪ ਨੂੰ "ਸਹਾ ਸੁਖ" ਆਖਿਆ ਜਾਂਦਾ ਹੈ। ਇਹ ਸਥਿਤੀ ਰਾਧਾ ਤੇ ਕ੍ਰਿਸ਼ਣ ਅਤੇ ਸ਼ਿਵ ਤੇ ਸ਼ਕਤੀ ਦੇ ਮਿਲਾਪ ਵਿਚ ਇਕੋ ਜਿਹੀ ਵੈਸ਼ਣਵ ਸਹਜਯਾਨੀ ਭਗਤਾਂ ਵਲੋਂ ਅਨੁਭਵ ਕੀਤੀ ਜਾਂਦੀ ਹੈ।

ਇਨ੍ਹਾਂ ਤੋਂ ਅਲਾਵਾ ਗੋਕੁਲੇਸ਼, ਵ੍ਰਿੰਦਾਵਨੀ, ਹਰਿਗਯਾਮੀ ਅਤੇ ਭਾਗਵਤ ਨਾਂ ਦੇ ਕੁਝ ਹੋਰ ਨਿੱਕੇ ਮੋਟੇ ਸੰਪ੍ਰਦਾਇ ਵੀ ਆਪਣੇ ਸੀਮਿਤ ਖੇਤਰਾਂ ਵਿਚ ਵਿਦਮਾਨ ਰਹਿ ਕੇ ਵੈਸ਼ਣਵ ਭਗਤੀ ਦੇ ਪ੍ਰਚਾਰ-ਪ੍ਰਸਾਰ ਦਾ ਕਾਰਜ ਕਰਦੇ ਹਨ। ਇਨ੍ਹਾਂ ਦਾ ਆਪਸੀ ਅੰਤਰ ਬਹੁਤਾ ਕਰਕੇ ਪ੍ਰਚਾਰਕਾਂ

ਦੇ ਪਹਿਰਾਵੇ, ਮੱਥੇ ਉੱਤੇ ਤਿਲਕ ਅਤੇ ਪੂਜਾ-ਵਿਧੀ ਦੀ ਭਿੰਨਤਾ ਕਾਰਨ ਹੀ ਨਜ਼ਰ ਆਉਂਦਾ ਹੈ।

## ਟਿੱਪਣੀਆਂ ਤੇ ਹਵਾਲੇ

1. ਡਾ. ਬਲਦੇਵ ਉਪਾਧਯਾਯ, *ਭਾਗਵਤ ਸੰਪ੍ਰਦਾਯ*, ਪੰਨਾ 186
2. ਡਾ. ਭਗਵਤੀ ਪ੍ਰਸਾਦ ਸਿੰਹ : *ਜਨਮ ਸਿੱਧ ਆਲਵਾਰੋਂ ਤਥਾ ਵੈਸ਼ਣਵਾਚਾਰਯੋਂ ਕੀ ਰਾਮ-ਭਕਤਿ* (ਕਲਯਾਨ : ਸ੍ਰੀ ਰਾਮ-ਭਕਤਿ ਅੰਕ, ਜਨਵਰੀ, 1994, ਗੀਤਾ ਪ੍ਰੈਸ, ਗੋਰਖਪੁਰ), ਪੰਨਾ 364
3. ਡਾ. ਧੀਰੇਂਦ੍ਰ ਵਰਮਾ (ਸੰਪਾ.) *ਹਿੰਦੀ ਸਾਹਿਤਯ ਕੋਸ਼*, ਭਾਗ 1, ਗਯਾਨ ਮੰਡਲ, ਵਾਰਾਣਸੀ
4. ਡਾ. ਲਾਜਵੰਤੀ ਭਟਨਾਗਰ : *ਧਰਮ ਸੰਪ੍ਰਦਾਇ ਔਰ ਮੀਰਾਂ ਕਾ ਭਕਤਿ ਭਾਵ*, ਪੰਨਾ 30
5. ਨਗੇਂਦ੍ਰ ਨਾਥ ਵਸੁ : *ਹਿੰਦੀ ਵਿਸ਼੍ਵਕੋਸ਼* ("ਰਾਮਾਨੁਜ" ਵਾਲੀ ਐਂਟਰੀ), ਬੀ.ਆਰ ਪਬਲਿਸ਼ਿੰਗ ਕਾਰਪੋਰੇਸ਼ਨ, ਦਿੱਲੀ।
6. ਡਾ. ਧੀਰੇਂਦ੍ਰ ਵਰਮਾ (ਸੰਪਾ.) *ਹਿੰਦੀ ਸਾਹਿਤਯ ਕੋਸ਼*, ਭਾਗ 1, (ਉਪਰੋਕਤ)
7. ਡਾ. ਮੁਰਾਰੀ ਲਾਲ ਸ਼ਰਮਾ 'ਸੁਰਸ' : *ਹਿੰਦੀ ਕ੍ਰਿਸ਼ਣ-ਕਾਵਯ ਪਰੰਪਰਾ ਕਾ ਸ੍ਵਰੂਪ ਔਰ ਵਿਕਾਸ*, ਪੰਨਾ 51
8. ਡਾ. ਨਵਰਤਨ ਕਪੂਰ : *ਰਥ-ਯਾਤ੍ਰਾ ਔਰ ਗੁਪਤ ਨਵਰਾਤ੍ਰ* (ਦੈਨਿਕ ਟ੍ਰਿਬਯੂਨ, ਚੰਡੀਗੜ੍ਹ)
9. ਪ੍ਰਭੁ ਦਯਾਲ ਮਿੱਤਲ : *ਬ੍ਰਜ ਕੇ ਧਰਮ ਸੰਪ੍ਰਦਾਯੋਂ ਕਾ ਇਤਿਹਾਸ*, ਭਾਗ ਦੂਜਾ, ਪੰਨਾ 345
10. ਨੰਦ ਜੀ ਅਸਲ ਵਿਚ ਸ੍ਰੀ ਕ੍ਰਿਸ਼ਣ ਦੇ ਪਾਲਣਹਾਰ ਅਤੇ ਜਸੋਧਾ ਜੀ ਦੇ ਪਤੀ ਸਨ। ਸ੍ਰੀ ਕ੍ਰਿਸ਼ਣ ਦੇ ਅਸਲੀ ਮਾਤਾ-ਪਿਤਾ ਦੇਵਕੀ ਜੀ ਅਤੇ ਵਸੁਦੇਵ ਜੀ ਸਨ।
11- ਸੰ.ਕੇ. ਆੜਕਰ : *ਹਿੰਦੀ ਨਿਰਗੁਣ ਕਾਵਯ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਕਵਿਤਾ*,
12. ਪੰਨਾ 295 (ਇਲਾਹਾਬਾਦ, 1972)
13. ਡਾ. ਨਵਰਤਨ ਕਪੂਰ : *ਮਰਾਠੀ ਭਗਤਾਂ ਦੀ ਬਾਣੀ ਦਾ ਵਿਸ਼ਲੇਸ਼ਣ* (ਪੰਜਾਬੀ ਯੂਨੀਵਰਸਿਟੀ ਪਟਿਆਲਾ, ਸੰਨ 2006), ਪੰਨਾ 36
14. ਵਿਨਯ ਮੋਹਨ ਸ਼ਰਮਾ : *ਹਿੰਦੀ ਕੋ ਮਰਾਠੀ ਸੰਤੋਂ ਕੀ ਦੇਨ*, ਪੰਨਾ 76 (ਪਟਨਾ 1957)
15. ਡਾ. ਨਵਰਤਨ ਕਪੂਰ : *ਮਰਾਠੀ ਭਗਤਾਂ ਦੀ ਬਾਣੀ ਦਾ ਵਿਸ਼ਲੇਸ਼ਣ*, ਪੰਨਾ 74-75 (ਉਪਰੋਕਤ)
16. ਡਾ. ਨਵਰਤਨ ਕਪੂਰ : *ਸ੍ਰੀ ਕ੍ਰਿਸ਼ਣ ਜੀ ਦਾ ਜਨਮ ਦਿਹਾੜਾ*, ਪੰਨਾ 9 (ਜਾਗ੍ਰਤੀ ਅਗਸਤ, 2005 ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ)
17. ਡਾ. ਸਰੋਜਿਨੀ ਕੁਲਸ਼੍ਰੇਸ਼ਠ : *ਹਿੰਦੀ ਸਾਹਿਤਯ ਮੇਂ ਸ੍ਰੀ ਕ੍ਰਿਸ਼ਣ*, ਪੰਨਾ 110
18. ਡਾ. ਰਣਜੀਤ ਕੁਮਾਰ ਸਾਹਾ (ਸੰਪਾਦਕ) : *ਸੁਾਮੀ ਪ੍ਰਾਣਨਾਥ ਪ੍ਰਣੀਤ "ਕਿਰੰਤਨ"*, ਪੰਨਾ ਦੋ ("ਆਭਾਰ" ਵਾਲਾ ਅੰਸ਼), (ਸ੍ਰੀ ਪ੍ਰਾਣਨਾਥ ਮਿਸ਼ਨ, ਨਵੀਂ ਦਿੱਲੀ, ਸੰਨ 1981)
19. ਉਪਰੋਕਤ, ਪੰਨਾ ਸੱਤ ਅਤੇ ਅੱਠ ("ਆਭਾਰ" ਵਾਲਾ ਅੰਸ਼)

# ਜੈਨ ਧਰਮ ਦੇ ਸੰਪ੍ਰਦਾਇ

ਡਾ. ਨਵਰਤਨ ਕਪੂਰ*

## "ਜੈਨ" ਸ਼ਬਦ ਦਾ ਮੁੱਢ ਅਤੇ ਰੂਪ-ਵਿਕਾਸ

"ਜੈਨ" ਸ਼ਬਦ ਦਾ ਨਿਕਾਸ ਪ੍ਰਾਕ੍ਰਿਤ ਦੇ 'ਜਿਨ'(Jin) ਤੋਂ ਮੰਨਿਆ ਜਾਂਦਾ ਹੈ।[1] 'ਜਿਨ' ਦਾ ਮੁੱਢਲਾ ਅਰਥ ਹੈ 'ਜੇਤੂ'(Victor) ਅਰਥਾਤ ਜਿਸ ਨੇ ਆਪਣੀਆਂ ਇੰਦਰੀਆਂ ਉੱਤੇ ਕਾਬੂ ਪਾ ਕੇ ਪੁਰਾਣੇ ਮੰਦੇ ਕਰਮਾਂ ਦਾ ਨਾਸ਼ ਕਰ ਦਿੱਤਾ ਹੋਵੇ।[2] ਵਿਸ਼ਨੂ ਭਗਵਾਨ ਦੇ ਅਵਤਾਰਾਂ ਵਾਂਗ ਜੈਨ ਧਰਮ ਵਿੱਚ ਵੀ 24 ਤੀਰਥੰਕਰ ਮੰਨੇ ਗਏ ਹਨ। ''ਜਿਨ'' ਸ਼ਬਦ ਦੀ ਵਰਤੋਂ ਇਨ੍ਹਾਂ ਸਭਨਾਂ "ਤੀਰਥੰਕਰਾਂ" ਲਈ ਹੋਈ ਹੈ। ਇਨ੍ਹਾਂ ਨੂੰ ਹੀ "ਕੇਵਲੀ" ਅਤੇ "ਅਰਿਹੰਤ" ਵੀ ਸੱਦਿਆ ਜਾਂਦਾ ਹੈ। ਜੈਨ ਵਿਦਵਾਨ ਹੇਮ ਚੰਦਰ ਅਨੁਸਾਰ ਇਨ੍ਹਾਂ ਸ਼ਬਦਾਂ ਦਾ ਸਰੂਪ ਇਸ ਪ੍ਰਕਾਰ ਹੈ :

(ਕ) "ਤੀਰਥਕਰ" ਜਾਂ "ਤੀਰਥੰਕਰ" - ਜਿਸ ਨੇ ਪਾਰ ਪਾ ਲਿਆ ਹੋਵੇ, ਅਰਥਾਤ "ਸਮੁੰਦਰ"।

(ਖ) "ਕੇਵਲੀ" - ਕੇਵਲਜ ਗਿਆਨ ਅਰਥਾਤ "ਅਧਿਆਤਮਿਕ ਗਿਆਨ ਦਾ ਮਾਲਿਕ" ਜਿਸ ਵਿੱਚ ਖੋਟ ਲੱਭਣ ਦੀ ਗੁੰਜਾਇਸ਼ ਹੀ ਨਹੀਂ।

(ਗ) "ਅਰਹਤ" ਜਾਂ "ਅਰਹੰਤ" - ਦੇਵਤਿਆਂ ਅਤੇ ਸੰਸਾਰੀ ਮਨੁੱਖਾਂ ਦੀ ਸ਼ਰਧਾ ਦਾ ਪਾਤਰ।

(ਘ) "ਜਿਨ" - ਮਨੁੱਖੀ ਵਿਸ਼ੇ ਵਿਕਾਰਾਂ ਅਤੇ ਜੀਵਨ ਦੀਆਂ ਕਮੀਆਂ ਨੂੰ ਜਿੱਤਣ ਵਾਲਾ।[3]

ਆਪਣੀਆਂ ਇੰਦਰੀਆਂ ਉੱਤੇ ਕਾਬੂ ਪਾ ਕੇ ਜਿਨ੍ਹਾਂ ਵਿਸ਼ੇਸ਼ਤਾਵਾਂ ਦੀ ਖੱਟੀ "ਜਿਨ" (ਤੀਰਥੰਕਰ) ਕਰ ਲੈਂਦਾ ਹੈ, ਉਸ ਦੇ ਕਾਰਨ ਉਹ ਆਪਣੇ ਸ਼ਰਧਾਲੂਆਂ (ਜੈਨ ਸਮਾਜ) ਵਿੱਚ ਇਨ੍ਹਾਂ ਸਦਗੁਣਾਂ ਦਾ ਧਾਰਨੀ ਮੰਨਿਆ ਜਾਂਦਾ ਹੈ : (1) ਜਗਤ ਪ੍ਰਭੂ (Lord of the world) ; (2) ਸਰਬ ਜਨ (Omniscient) ; (3) ਤ੍ਰਿਕਾਲਾਵਿਤ (Knower of Past, Present and Future) ; (4) ਕਸ਼ੀਣ (ਖੀਣ) ਕਰਮਾਂ (Destroyer of corporeal action) ; (5) ਅਧੀਸ੍ਵਰ (Supreme Lord) ; (6) ਦੇਵ-ਅਧਿਦੇਵ (God of gods)।[4]

"ਜਿਨ" ਸ਼ਬਦ ਦੀ ਸ਼ਾਸਤਰੀ ਵਿਆਖਿਆ ਵੀ ਕੁਝ ਵਿਦਵਾਨਾਂ ਨੇ ਕੀਤੀ ਹੈ, ਜੋ ਇਸ ਪ੍ਰਕਾਰ ਹੈ :

1. ਨਾਮ ਜਿਨ - ਜਿਹੜਾ ਆਪਣੇ ਨਾਂ ਕਾਰਨ "ਜਿਨ" ਹੈ, ਜਿਵੇਂ "ਰਿਸ਼ਭ ਦੇਵ"।
2. ਸਥਾਪਨਾ ਜਿਨ - ਅਰਥਾਤ "ਜਿਨ" ਦੀਆਂ ਮੂਰਤੀਆਂ (Idols), ਜੋ ਧਾਤੂਆਂ (Metals) ਜਾਂ "ਪੱਥਰ" (Stones) ਵਿਚੋਂ ਘੜੀਆਂ ਜਾਂਦੀਆਂ ਹਨ।
3. ਦ੍ਰਵਜ ਜਿਨ - ਜੋ "ਜਿਨ" ਦੇ ਗੁਣਾਂ ਦਾ ਧਾਰਨੀ ਹੋਵੇ, ਜਿਵੇਂ ਰਾਜਾ ਸ੍ਰੇਣਿਕ।

* ਜੀਵਨ ਸੰਤ ਕੁਟੀਆ 1697, ਮੁਹੱਲਾ ਦੀਵਾਨ ਮੂਲ ਚੰਦ, ਆਰੀਆ ਸਮਾਜ ਦੇ ਨੇੜੇ, ਪਟਿਆਲਾ।

4. ਭਾਵ ਜਿਨ - ਜਿਹੜੇ ਲੋਕੀ ਸਮਵਸਰਣ (ਜੈਨ ਮੁਨੀਆਂ ਦੇ ਉਪਦੇਸ਼ਾਂ) ਵਿਖੇ ਹਾਜ਼ਿਰ ਰਹੇ ਹੋਣ।[5]

ਇੰਝ ਜਾਪਦਾ ਹੈ ਕਿ ਜਦੋਂ ਜੈਨ ਧਰਮ ਵਿੱਚ ਮੂਰਤੀ-ਪੂਜਾ ਜਾਂ ਗੁਣਵਾਨ-ਮਹਾਂਪੁਰਖਾਂ ਦੀ ਮਹਿਮਾ ਦਾ ਬਖਾਨ ਹੋਣ ਲਗ ਪਿਆ ਤਾਂ "ਜਿਨ" ਦੇ ਉਪਰੋਕਤ ਚਾਰ ਪ੍ਰਕਾਰ ਸਾਹਮਣੇ ਆਏ। ਇਸੇ ਪਰੰਪਰਾ ਕਾਰਨ "ਜਿਨ" ਸ਼ਬਦ ਹੀ ਨਹੀਂ, ਸਗੋਂ ਉਸ ਦੇ ਪਰਿਆਇ (Synonym) "ਤੀਰਥੰਕਰ" ਦੀਆਂ ਵੀ ਅੱਡ ਅੱਡ ਵਿਆਖਿਆਵਾਂ ਟੁਰ ਪਈਆਂ। ਅਜਿਹੀ ਇੱਕ ਵਿਆਖਿਆ ਪੇਸ਼ ਹੈ :

(i) 'ਤੀਰਥ' ਦਾ ਤਾਤਪਰਜ ਹੈ "ਧਰਮ"। ਜਿਹੜਾ ਧਰਮ ਦੀ ਵਿਆਖਿਆ ਕਰ ਲੈਂਦਾ ਹੈ, ਉਹੀ "ਤੀਰਥੰਕਰ" ਅਖਵਾਉਂਦਾ ਹੈ।

(ii) ਜਿਸ ਦੇ ਰਾਹੀਂ ਚੰਗਿਆਈ (Goodness) ਦੇ ਵਿਸਤ੍ਰਿਤ ਰੂਪ ਦਾ ਦਰਸ਼ਨ ਹੁੰਦਾ ਹੈ ਅਤੇ ਜਿਹੜਾ ਦੁੱਖਾਂ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ, ਉਹੀ "ਤੀਰਥੰਕਰ" ਹੈ।

(iii) ਸ਼ਵੇਤ-ਅੰਬਰ (ਸ਼ਵੇਤਾਂਬਰ) ਜੈਨ ਮਤ ਅਨੁਸਾਰ "ਤੀਰਥੰਕਰ" ਦਾ ਅਰਥ ਹੈ "ਸੰਘ" (Confederation) । ਤੀਰਥੰਕਰ ਤਾਂ ਸੰਘ ਦਾ ਨਿਰਮਾਣ ਕਰਦਾ ਹੈ। ਇਸ ਲਈ ਜੈਨ ਧਰਮ ਵਿੱਚ "ਤੀਰਥ" ਇੱਕ ਨਹੀਂ, ਸਗੋਂ ਚਾਰ ਮੰਨੇ ਗਏ ਹਨ। ਉਹ ਹਨ : ਸਾਧ (ਪੁਰਸ਼) ; ਸਾਧਵੀ (ਇਸਤਰੀ) ; ਸ੍ਰਾਵਕ (ਗ੍ਰਿਹਸਥੀ ਪੁਰਸ਼) ਅਤੇ 'ਸ੍ਰਾਵਕੀ' (ਗ੍ਰਿਹਸਥ ਇਸਤਰੀ)।[6] "ਸਾਧੂ" ਲਈ "ਸ਼੍ਰਮਣ" ਸ਼ਬਦ ਦੀ ਵਰਤੋਂ ਵੀ ਹੁੰਦੀ ਹੈ।

## ਨਿਚੋੜ

ਸੰਖੇਪ ਵਿੱਚ ਇਹ ਆਖਿਆ ਜਾ ਸਕਦਾ ਹੈ ਕਿ "ਜੈਨ" ਸ਼ਬਦ ਦਾ ਨਿਕਾਸ 'ਜਿਨ' ਸ਼ਬਦ ਤੋਂ ਹੋਇਆ ਹੈ ਅਤੇ ਅਗਾਂਹ ਚਲ ਕੇ "ਤੀਰਥੰਕਰ" (Incarnation) ਸ਼ਬਦ ਦਾ ਪਰਿਆਇ (Synonym) ਬਣ ਗਿਆ। ਇਸ ਪ੍ਰਕਾਰ 24 ਤੀਰਥੰਕਰਾਂ ਨੂੰ ਮਾਨਤਾ ਦੇਣ ਵਾਲੇ ਤਿਆਗੀ ਸਾਧੂ (Saints) ਹੀ ਨਹੀਂ ਸਗੋਂ ਅਹਿੰਸਾ-ਧਰਮ (Non-Violence) ਦੇ ਹਾਮੀ ਕਬੀਲਦਾਰ ਲੋਕੀ (Familymen) ਵੀ ਇਸ "ਜੈਨ ਧਰਮ" ਰੂਪੀ ਮਹਿਲ (Palace) ਦੇ ਚਾਰ ਥੰਭ (Four Pillars) ਬਣ ਗਏ। ਸਮੇਂ ਦੀ ਚਾਲ ਨਾਲ "ਜੈਨ" ਸ਼ਬਦ "ਧਰਮ" ਦੇ ਕੁਝ ਹੋਰ ਨਾਂਵਾਂ ਨਾਲ ਵੀ ਜਾਣਿਆ ਜਾਂਦਾ ਹੈ, ਜਿਵੇਂ (1) ਜੈਨ ਦਰਸ਼ਨ ; (2) ਜੈਨ ਸ਼ਾਸਨ ਅਤੇ (3) ਸਜਾਦਵਾਦ ਦ੍ਰਿਸ਼ਟੀ।[7]

## ਜੈਨ ਧਰਮ ਦਾ ਉਦਯ ਅਤੇ ਵਿਕਾਸ

ਜੈਨੀਆਂ ਦੀ ਸੋਚ ਅਨੁਸਾਰ ਜੈਨ ਧਰਮ ਨੂੰ ਅਨਾਦੀ ਕਾਲ ਤੋਂ ਟੁਰਿਆ ਆਉਂਦਾ ਅਤੇ ਅਨੰਤ ਕਾਲ ਤਕ ਚਲਦੇ ਰਹਿਣ ਵਾਲਾ ਮਤ ਆਖਿਆ ਗਿਆ ਹੈ। ਇਸ ਧਰਮ ਦੇ ਪ੍ਰਚਾਰ ਲਈ ਸਮੇਂ-ਸਮੇਂ ਤੇ 24 ਤੀਰਥੰਕਰਾਂ ਨੇ ਉਪਰਾਲੇ ਕੀਤੇ। ਇਨ੍ਹਾਂ ਵਿੱਚੋਂ ਪਹਿਲੇ ਸਨ ਸ੍ਰੀ ਰਿਸ਼ਭ ਦੇਵ (ਜਿਨ੍ਹਾਂ ਨੂੰ ਆਦਿ ਨਾਥ ਜਾਂ ਵ੍ਰਿਸ਼ਭਦੇਵ ਵੀ ਸੱਦਿਆ ਜਾਂਦਾ ਹੈ) ਅਤੇ ਚੌਬੀਵੇਂ ਜਾਂ ਅੰਤਿਮ

ਸਨ ਭਗਵਾਨ ਮਹਾਵੀਰ।[8] ਆਦਿ-ਅਨੰਤਕਾਲੀ ਧਰਮ ਵਾਲੀ ਗੱਲ ਮਨ ਭਾਉਂਦੀ ਨਾ ਹੋਣ ਕਾਰਨ ਜੈਨ ਧਰਮ ਦੇ ਮੋਢੀ ਅਤੇ ਧਰਮ ਵਿੱਚ ਸਮੇਂ ਦੀ ਚਾਲ ਨਾਲ ਪਈਆਂ ਵੰਡੀਆਂ (Division) ਦੀ ਤਹਿ ਤਕ ਪੁੱਜਣ ਦੇ ਉਪਰਾਲੇ ਕੁਝ ਬਦੇਸ਼ੀ ਚਿੰਤਕਾਂ ਵਲੋਂ ਕੀਤੇ ਗਏ। ਇਨ੍ਹਾਂ ਵਿੱਚ ਐਚ.ਟੀ. ਕੋਲਬਰੁਕ[9], ਜਾਰਲ ਚਾਰਪੇਂਟੀਅਰ[10], ਜਰਮਨ ਵਿਦਵਾਨ ਏ.ਗੁਰੀਨੋਟ ਨੇ ਜੈਨ ਧਰਮ ਦਾ ਮੋਢੀ 23ਵੇਂ ਤੀਰਥੰਕਰ ਸ੍ਰੀ ਪਾਰਸ਼ਵਨਾਥ ਨੂੰ ਮੰਨਿਆ ਹੈ ਅਤੇ ਉਸ ਦੇ ਹੋਰ ਵਿਕਾਸ ਦਾ ਸਿਹਰਾ 24ਵੇਂ ਤੀਰਥੰਕਰ ਭਗਵਾਨ ਮਹਾਵੀਰ ਦੇ ਸਿਰ ਉੱਤੇ ਬੰਨ੍ਹਿਆ ਹੈ। ਏ.ਗੁਰੀਨੋਟ ਨੇ ਭਗਵਾਨ ਪਾਰਸ਼ਵਨਾਥ ਦਾ ਸਮਾਂ ਈਸਾ ਪੂਰਬ 8ਵੀਂ ਸ਼ਤਾਬਦੀ ਮੰਨਿਆ ਹੈ। ਲਗਭਗ ਸਾਰੇ ਇਤਿਹਾਸਕਾਰ ਗੁਰੀਨੋਟ ਦੇ ਇਸ ਮਤ ਨਾਲ ਸਹਿਮਤ ਹਨ ਕਿ ਪਾਰਸ਼ਵਨਾਥ ਜੀ ਨੇ ਇੱਕ ਸੌ ਵਰ੍ਹੇ (One hundred years) ਦਾ ਜੀਵਨ ਭੋਗਿਆ ਅਤੇ ਉਹ ਭਗਵਾਨ ਮਹਾਵੀਰ ਦੇ ਜਨਮ ਤੋਂ ਢਾਈ ਸੌ ਵਰ੍ਹੇ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ ਸਨ।[11]

ਸ੍ਰੀ ਪਾਰਸ਼ਵਨਾਥ ਅਤੇ ਭਗਵਾਨ ਮਹਾਵੀਰ ਦੀ ਸੋਚ ਅਤੇ ਸਰੂਪ ਵਿੱਚ ਜੋ ਅੰਤਰ ਨਜ਼ਰ ਆਉਂਦਾ ਹੈ, ਉਹ ਇਸ ਪ੍ਰਕਾਰ ਹੈ :

(ੳ) ਪਾਰਸ਼ਵਨਾਥ ਜੀ ਨੇ ਕੱਪੜਿਆਂ ਸਮੇਤ ਤਪ ਕੀਤਾ। ਪਰ ਭਗਵਾਨ ਮਹਾਵੀਰ ਨੇ ਆਪਣੀ ਤਪੱਸਿਆ ਦੇ ਪਹਿਲੇ 13 ਮਹੀਨੇ ਦੌਰਾਨ ਤਾਂ ਕੱਪੜੇ ਪਹਿਨੀ ਰੱਖੇ, ਉਸ ਤੋਂ ਬਾਅਦ ਲਗਭਗ 12 ਵਰ੍ਹੇ ਤਕ ਉਹ ਬਾਣਾ ਲਾਹ ਕੇ ਨੰਗੇ ਹੋ ਕੇ (Naked) ਘੁੰਮਦੇ ਅਤੇ ਤਪੱਸਿਆ ਕਰਦੇ ਰਹੇ।[12]

(ਅ) ਪਾਰਸ਼ਵਨਾਥ ਜੀ ਨੇ ਜੈਨ ਪ੍ਰਿਵ੍ਰਾਜਕਾਂ (ਮੁਨੀਆਂ) ਲਈ ਚਾਰ ਵਰਤਾਂ ਨੂੰ ਪਾਲਣ ਕਰਨ ਦੀ ਗੱਲ ਕੀਤੀ ਸੀ। ਇਹ ਸਨ : (1) ਅਹਿੰਸਾ (ਕੇਵਲ ਮਾਰਨਾ ਹੀ ਨਹੀਂ, ਸਗੋਂ ਕਿਸੇ ਦਾ ਵੀ ਬੁਰਾ ਨਾ ਸੋਚਣਾ), (2) ਸਤਜ (ਹਮੇਸ਼ਾ ਸੱਚ ਬੋਲਣਾ ਅਤੇ ਸਚਿਆਰਿਆਂ ਦਾ ਪੱਖ ਪੂਰਨਾ) ; (3) ਅਸਤੇਯ (ਚੋਰੀ ਨਾ ਕਰਨਾ) ਅਤੇ (4) ਅਪਰਿਗ੍ਰਹ (ਕੋਈ ਵੀ ਚੀਜ਼ ਜਾਂ ਧਨ-ਮਾਲ ਇਕੱਠਾ ਕਰਕੇ ਅਤੇ ਸਾਂਭ ਕੇ ਨਾ ਰੱਖਣਾ)।

ਭਗਵਾਨ ਮਹਾਵੀਰ ਨੇ ਆਚਾਰ-ਵਿਵਸਥਾ (Code of Conduct) ਦੇ ਇਨ੍ਹਾਂ ਚਾਰ ਅੰਗਾਂ (Tenets) ਨੂੰ ਸਵੀਕਾਰ ਕਰਦਿਆਂ ਇਸ ਵਿੱਚ ਇੱਕ ਹੋਰ "ਵਰਤ" ਜੋੜ ਦਿੱਤਾ। ਇਹ ਪੰਜਵਾਂ ਵਰਤ ਹੈ : ਬ੍ਰਹਮਚਰਯ। ਇਸ ਬ੍ਰਹਮਚਰਯ (Celibacy) ਦੇ ਪੰਜ ਰੂਪ ਉਨ੍ਹਾਂ ਨੇ ਦੱਸੇ, ਜੋ ਇਸ ਪ੍ਰਕਾਰ ਹਨ :

(i) ਭਿੱਖੂ ਕਿਸੇ ਇਸਤਰੀ ਨਾਲ ਗੱਲ ਬਾਤ ਨਾ ਕਰੇ।

(ii) ਉਹ ਕਿਸੇ ਤੀਵੀਂ ਵੱਲ ਅੱਖ ਚੁੱਕ ਕੇ ਨਾ ਵੇਖੇ।

(iii) ਉਹ ਨਾਰੀ ਨਾਲ ਸੰਪਰਕ (Sexual Relations) ਦੀ ਭਾਵਨਾ ਕਦੇ ਵੀ ਮਨ ਵਿੱਚ ਨਾ ਲਿਆਵੇ।

(iv) ਉਹ ਐਸੇ ਘਰ ਵਿੱਚ ਨਾ ਜਾਵੇ ਜਿੱਥੇ ਇਕੱਲੀ ਤੀਵੀਂ (Lonely Woman) ਹੋਵੇ।

(v) ਉਸ ਦਾ ਭੋਜਨ ਸ਼ੁੱਧ ਅਤੇ ਥੋੜੀ ਮਾਤਰਾ ਵਿੱਚ ਹੋਣਾ ਚਾਹੀਦਾ ਹੈ।[13]

ਪਰ ਅਗਾਂਹ ਚਲ ਕੇ ਕੁਝ ਮੂਲ ਸਿਧਾਂਤਾਂ (Basic Principles) ; ਸ਼ਾਸਤਰਾਂ ਅਤੇ

ਬਹੁਤਾ ਕਰਕੇ ਬਾਣੇ (Dressed or undressed) ਕਾਰਨ ਮੂਲ-ਜੈਨ ਧਰਮ (Original Jainism) ਵਿੱਚ ਦੁਫਾੜ (Schism) ਪੈ ਗਿਆ ਅਤੇ ਅਜਿਹੀ ਵੰਡੀ (Division) ਦੇ ਦੋ ਨਾਂ ਧਰੇ ਗਏ : ਸ੍ਵੇਤਾਂਬਰ ਅਤੇ ਦਿਗੰਬਰ

ਸ੍ਵੇਤਾਂਬਰ - "ਸ੍ਵੇਤ" ਦਾ ਅਰਥ ਹੈ "ਚਿੱਟਾ" ਅਤੇ 'ਅੰਬਰ' ਦਾ ਅਰਥ ਹੈ ਕੱਪੜੇ (clothes)। ਜਿਹੜੇ ਜੈਨ ਮੁਨੀ ਸ੍ਰੀ ਪਾਰਸ਼ਵਨਾਥ ਵਾਂਗ ਤਪੱਸਿਆ ਕਰਨ ਲਈ ਚਿੱਟੇ ਕੱਪੜੇ ਨਹੀਂ ਤਿਆਗਦੇ ਅਤੇ ਸਰੀਰ ਨੂੰ ਢੱਕਣ ਵਿੱਚ ਵਿਸ਼ਵਾਸ ਰੱਖਦੇ ਹਨ।

ਦਿਗੰਬਰ - "ਦਿਗ" ਸ਼ਬਦ ਦਾ ਮੂਲ ਸੰਸਕ੍ਰਿਤ ਰੂਪ "ਦਿਕ" (ਦਿਸ਼ਾ) ਹੈ ਅਤੇ "ਅੰਬਰ" ਦਾ ਅਰਥ ਹੈ 'ਕੱਪੜੇ' । ਜਿਹੜੇ ਜੈਨ ਚਹੁੰ ਦਿਸ਼ਾਵਾਂ ਨੂੰ ਹੀ ਆਪਣੇ ਸਰੀਰ ਨੂੰ ਢੱਕਣਹਾਰ ਸਮਝ ਕੇ ਬਿਲਕੁਲ ਨੰਗੇ (Naked) ਰਹਿੰਦੇ ਹਨ।

## ਉਪਰੋਕਤ ਵੰਡ ਦਾ ਸਮਾਂ

ਕੁਝ ਵਿਦਵਾਨਾਂ ਨੇ ਅਜਿਹੀ ਵੰਡ ਦਾ ਸਮਾਂ ਪਹਿਲੀ ਸਦੀ ਈਸਵੀ ਦੇ ਨੇੜੇ ਮੰਨਿਆ ਹੈ।[14] ਪਰ ਇਤਿਹਾਸਿਕ ਪ੍ਰਮਾਣਾਂ ਦੇ ਆਧਾਰ ਤੇ ਇਹ ਚੌਥੀ ਸਦੀ ਸੰਨ ਈਸਵੀ (A.D.) ਬਣਦਾ ਹੈ। ਇਸ ਸਿਲਸਿਲੇ ਵਿੱਚ ਜੇਮਜ਼ ਬਰਡ ਦਾ ਕਥਨ ਹੈ :

"ਦਿਗੰਬਰ ਸੰਪ੍ਰਦਾਇ ਦਾ ਮੁੱਢ ਬੱਝੇ ਜਾਣ (origin) ਦੀ ਤਾਰੀਖ ਲਗਭਗ ਸੰਨ 436 ਈਸਵੀ ਹੈ, ਜੋ ਕਿ ਇਨ੍ਹਾਂ ਗੁਫਾਵਾਂ (Öves of western india) ਵਿੱਚ ਦਿੱਤੀ ਤਾਰੀਖ ਨਾਲ ਮੇਲ ਖਾਂਦੀ (Harmonises with the date) ਹੈ। "ਸ਼ਤਰੂੰਜਯ ਮਾਹਾਤਮਜ" ਜਾਂ ਕਾਠਿਆਵਾੜ ਵਿਖੇ ਸਥਿਤ ਪਾਲਿਤਾਨਾ ਦੇ ਜੈਨ ਮੰਦਿਰਾਂ ਸੰਬੰਧੀ ਲੋਕ ਕਥਾਵਾਂ (Legends) ਅਨੁਸਾਰ ਵੀ ਦਿਗੰਬਰ ਜੈਨ (ਸੰਪ੍ਰਦਾਇ) ਦੇ ਮੁੱਢ (origin) ਦਾ ਇਹੋ ਸਮਾਂ ਮਿੱਥਿਆ ਗਿਆ ਹੈ।[15]"

ਇਸੇ ਮਤ ਨੂੰ ਧਿਆਨ ਵਿੱਚ ਰੱਖ ਕੇ ਡਾ. ਸ਼ਾਹ ਨੇ ਆਪਣਾ ਨਿਰਣਾ ਇੰਝ ਦਿੱਤਾ ਹੈ ਅਤੇ ਜੇਮਜ਼ ਬਰਡ ਦੀ ਪੁਸ਼ਟੀ ਕੀਤੀ ਹੈ :

"ਸ੍ਵੇਤਾਂਬਰ ਸੰਘ ਵਾਲੇ ਇਸ ਵੰਡ ਦਾ ਸਮਾਂ ਭਗਵਾਨ ਮਹਾਵੀਰ ਦੇ 609 ਵਰ੍ਹਿਆਂ ਮਗਰੋਂ ਹੋਇਆ ਮਿੱਥਦੇ ਹਨ, ਜੋ ਕਿ ਵਿਕਰਮ (ਵਿਕਰਮਾਦਿੱਤਜ) ਦੀ ਮੌਤ ਤੋਂ 139 ਸਾਲ ਬਾਅਦ ਬਣਦਾ ਹੈ। ਇਸ ਪ੍ਰਕਾਰ ਪਰੰਪਰਾਗਤ ਰੂਪ ਵਿੱਚ ਇਸ ਸਮੇਂ ਦੇ ਵਿਚਕਾਰ 470 ਵਰ੍ਹਿਆਂ (609-139) ਦਾ ਅੰਤਰ ਸਿੱਧ ਹੁੰਦਾ ਹੈ।[16]

## ਅਜਿਹੀ ਵੰਡ ਦੇ ਕੁਝ ਹੋਰ ਕਾਰਨ

ਕੱਪੜੇ-ਲੀੜੇ ਦੇ ਪਹਿਣਨ (ਸ੍ਵੇਤਾਂਬਰ) ਜਾਂ ਨਾ ਪਹਿਣਨ (ਦਿਗੰਬਰ) ਸੰਬੰਧੀ ਇਸ ਦੁਫਾੜ ਤੋਂ ਅਲਾਵਾ ਜੈਨ ਧਰਮ ਦੇ ਖੋਜੀਆਂ ਨੇ ਕੁਝ ਹੋਰ ਆਪਸੀ ਮਤਭੇਦਾਂ ਦਾ ਉਲੇਖ ਵੀ ਕੀਤਾ ਹੈ, ਜੋ ਇਸ ਪ੍ਰਕਾਰ ਹਨ :

(i) ਸ੍ਵੇਤਾਂਬਰ ਸੰਪ੍ਰਦਾਇ ਵੱਲੋਂ ਮਾਣਤਾ ਦਿੱਤੇ ਗਏ ਆਗਮ ਗ੍ਰੰਥਾਂ ਨੂੰ ਦਿਗੰਬਰ ਸੰਪ੍ਰਦਾਇ ਵਾਲੇ ਪ੍ਰਮਾਣਿਕ ਨਹੀਂ ਮੰਨਦੇ।

(ii) ਸ੍ਵੇਤਾਂਬਰ ਮਤ ਅਨੁਸਾਰ ਸਰਬੱਗ ਭਗਵਾਨ ਨੂੰ ਕੇਵਲ ਗਿਆਨੀ ਬਣ ਜਾਣ ਤੋਂ ਬਾਅਦ ਭੋਜਨ (food) ਦੀ ਲੋੜ ਰਹਿੰਦੀ ਹੈ। ਪਰ ਦਿਗੰਬਰ ਮਤ ਦੇ ਧਾਰਨੀ ਇਸ ਦੇ ਵਿਰੁੱਧ ਭੋਜਨ ਕਰਨ ਦੇ ਵਿਰੁੱਧ ਹਨ।[17]

(iii) ਸ੍ਵੇਤਾਂਬਰ ਮਤ ਅਨੁਸਾਰ ਕੇਵਲੀ (ਕੇਵਲ ਗਿਆਨੀ) ਨੂੰ 'ਨਿਹਾਰ' (Evacuation) ਦੀ ਲੋੜ ਰਹਿੰਦੀ ਹੈ, ਦਿਗੰਬਰ ਅਜਿਹਾ ਨਹੀਂ ਮੰਨਦੇ।[18]

(iv) ਸ੍ਵੇਤਾਂਬਰ ਮਤ ਅਨੁਸਾਰ ਇਸਤਰੀ ਨੂੰ ਮੁਕਤੀ (Salvation) ਪ੍ਰਾਪਤ ਹੋ ਸਕਦੀ ਹੈ। ਇਸੇ ਲਈ ਇਨ੍ਹਾਂ ਨੇ 19ਵੇਂ ਤੀਰਥੰਕਰ "ਮੱਲੀਨਾਥ" ਨੂੰ ਪੁਰਸ਼ (Male) ਨਾ ਮੰਨ ਕੇ ਉਸ ਦਾ ਨਾਂ ਮੱਲਿ ਕੁਮਾਰੀ ਰੱਖ ਦਿੱਤਾ ਹੈ, ਜੋ ਇਸਤਰੀ ਵਾਚਕ ਹੈ।[19] ਦਿਗੰਬਰਾਂ ਦਾ ਮਤ ਹੈ ਕਿ ਇਸਤਰੀ ਨੂੰ ਮੁਕਤੀ ਤਾਂ ਹੀ ਪ੍ਰਾਪਤ ਹੋ ਸਕਦੀ ਹੈ, ਜੇ ਉਹ ਅਗਲੇ ਜਨਮ ਵਿੱਚ ਆਦਮੀ (Male) ਦੇ ਰੂਪ ਵਿੱਚ ਪੈਦਾ ਹੋ ਜਾਵੇ।[20]

(v) ਸ੍ਵੇਤਾਂਬਰ ਮਤ ਅਨੁਸਾਰ ਸ਼ੂਦਰ (Shudra) ਨੂੰ ਮੁਕਤੀ ਪ੍ਰਾਪਤ ਹੋ ਸਕਦੀ ਹੈ। ਦਿਗੰਬਰ ਮਤ ਵਾਲੇ ਅਜਿਹਾ ਨਹੀਂ ਮੰਨਦੇ।[21]

(vi) ਦਿਗੰਬਰ ਸੰਪ੍ਰਦਾਇ ਵਿੱਚ ਮੋਖ (Salvation) ਪ੍ਰਾਪਤੀ ਲਈ ਨੰਗਾ (Naked) ਰਹਿਣਾ ਇੱਕ ਜ਼ਰੂਰੀ ਸ਼ਰਤ ਹੈ। ਸ੍ਵੇਤਾਂਬਰ ਮਤ ਵਾਲੇ ਅਜਿਹਾ ਨਹੀਂ ਮੰਨਦੇ।[22]

(vii) ਗ੍ਰਿਹਸਥ ਇਸਤਰੀ ਜਾਂ ਪੁਰਸ਼ (House holder) ਆਪਣੇ ਪੁੰਨ-ਕਰਮਾਂ ਰਾਹੀਂ ਮੋਖ ਪ੍ਰਾਪਤ ਕਰ ਸਕਦਾ ਹੈ। ਸ੍ਵੇਤਾਂਬਰਾਂ ਦੇ ਇਸ ਵਿਚਾਰ ਨੂੰ ਦਿਗੰਬਰ ਸਵੀਕਾਰ ਨਹੀਂ ਕਰਦੇ।[23]

(viii) ਸ੍ਵੇਤਾਂਬਰਾਂ ਅਨੁਸਾਰ ਕੱਪੜਿਆਂ ਵਾਲੀਆਂ ਜੈਨ ਮੂਰਤੀਆਂ ਅਤੇ ਗਹਿਣਿਆਂ ਨਾਲ ਸਜੀਆਂ ਜੈਨ ਮੂਰਤੀਆਂ (Images having clothes & ornaments) ਦੀ ਪੂਜਾ ਕਰਨ ਦੀ ਆਗਿਆ ਹੈ। ਪਰ ਸ੍ਵੇਤਾਂਬਰ ਇਸ ਦੇ ਵਿਰੁੱਧ ਹਨ ਅਤੇ ਕੇਵਲ ਨੰਗੀਆਂ ਮੂਰਤੀਆਂ (Naked images) ਦੀ ਪੂਜਾ ਹੀ ਕਰਦੇ ਹਨ।[24]

(ix) ਸ੍ਵੇਤਾਂਬਰ ਜੈਨ ਮੁਨੀਆਂ ਨੂੰ ਨਿਸ਼ਚਿਤ ਕੀਤੀਆਂ ਕੁਲ ਚੌਦਾਂ ਚੀਜ਼ਾਂ (Specified fourteen things) ਰੱਖਣ ਦਾ ਹੀ ਅਧਿਕਾਰ ਹੈ।[25] ਨੰਗ-ਧੜੰਗ ਦਿਗੰਬਰ ਮੁਨੀਆਂ ਨੂੰ ਇਸ ਦੀ ਲੋੜ ਹੀ ਨਹੀਂ ਹੁੰਦੀ।

(x) ਸ੍ਵੇਤਾਂਬਰ ਦਾ ਮਤ ਹੈ ਕਿ ਬਾਰਾਂ ਮੂਲ ਅੰਗ (Twelve original canonical works) ਵਿੱਚੋਂ 11 ਅਜੇ ਵੀ ਵਿਦਮਾਨ (Exist) ਹਨ। ਪਰ ਦਿਗੰਬਰ ਇਸ ਦੀ ਹਾਮੀ ਨਹੀਂ ਭਰਦੇ।[26]

(xi) ਸ੍ਵੇਤਾਂਬਰ ਅਨੁਸਾਰ ਭਾਰਤ ਚੱਕਰਵਰਤੀ ਨੇ ਮਹਿਲਾਂ (Palace) ਵਿੱਚ ਰਹਿੰਦਿਆਂ ਵੀ ਕੇਵਲਜ -ਪਦ (Kevalihood) ਪ੍ਰਾਪਤ ਕਰ ਲਿਆ ਸੀ। ਦਿਗੰਬਰ ਇਸ ਗੱਲ ਨਾਲ ਸਹਿਮਤ ਨਹੀਂ ਹਨ।[27]

(xii) ਸ੍ਵੇਤਾਂਬਰ ਮਤ ਅਨੁਸਾਰ 24ਵੇਂ ਤੀਰਥੰਕਰ ਭਗਵਾਨ ਮਹਾਵੀਰ ਦੇ ਭਰੂਣ (Embryo) ਇੱਕ ਕੁੱਖ (Womb) ਤੋਂ ਦੂਜੀ ਕੁੱਖ ਵਿੱਚ ਘੁੰਮਿਆ ਅਤੇ ਉਨ੍ਹਾਂ ਦੀ ਪੈਦਾਇਸ਼ ਤੋਂ ਪਹਿਲਾਂ ਉਨ੍ਹਾਂ ਦੀ ਮਾਤਾ ਤ੍ਰਿਸ਼ਲਾ ਨੇ 14 ਸ਼ੁਭਕਾਰੀ ਸੁਪਨੇ (Fourteen auspicious dreams)

ਵੇਖੇ ਸਨ। ਦਿਗੰਬਰ ਮਤ ਵਾਲੇ ਭਰੂਣ ਦੀ ਘੁੰਮਣਬਾਜ਼ੀ ਨੂੰ ਨਹੀਂ ਸਵੀਕਾਰਦੇ। ਉਨ੍ਹਾਂ ਦਾ ਮਤ ਹੈ ਕਿ ਵਰਧਾਨ ਭਗਵਾਨ ਮਹਾਵੀਰ ਦੇ ਮਾਤਾ ਦੀ ਕੁੱਖ ਦੌਰਾਨ ਤ੍ਰਿਸ਼ਲਾ ਜੀ ਨੇ ਸੋਲਾਂ (sixteen) ਮੰਗਲਕਾਰੀ ਸੁਪਨੇ (Auspicious dreams) ਵੇਖੇ ਸਨ।[28]

(xiii) ਗ਼ੋਸਾਲ ਦੇ ਤੇਜੋਲੇਸਜਾ (ਜ਼ਹਿਰ ਦੇਣ) ਕਾਰਨ ਭਗਵਾਨ ਮਹਾਵੀਰ ਦੇ ਬੀਮਾਰ ਹੋ ਜਾਣ ਵਾਲੇ ਸ੍ਵੇਤਾਂਬਰਾਂ ਦੇ ਵਿਚਾਰ ਨਾਲ ਦਿਗੰਬਰ ਮਤ ਵਾਲੇ ਸਹਿਮਤ ਨਹੀਂ ਹਨ।[29]

(xiv) ਵਰਧਾਨ ਭਗਵਾਨ ਮਹਾਵੀਰ ਜੀ ਨੇ ਵਿਆਹ ਕੀਤਾ ਸੀ ਅਤੇ ਉਨ੍ਹਾਂ ਦੀ ਪਤਨੀ ਨੇ ਇੱਕ ਧੀ ਨੂੰ ਵੀ ਜਨਮ ਦਿੱਤਾ ਸੀ। ਸ੍ਵੇਤਾਂਬਰਾਂ ਦੇ ਇਸ ਮਤ ਨੂੰ ਦਿਗੰਬਰ ਸਵੀਕਾਰ ਨਹੀਂ ਕਰਦੇ।[30]

(xv) ਦੇਵਤਿਆਂ (Devadusya) ਵੱਲੋਂ ਭੇਟਾ ਕੀਤਾ ਹੋਇਆ ਕੱਪੜਾ (cloth) ਤੀਰਥੰਕਰਾਂ ਦੇ ਮੋਢਿਆਂ (shoulders) ਉੱਤੇ ਡਿੱਗਦਾ ਹੈ। ਸ੍ਵੇਤਾਂਬਰਾਂ ਦੀ ਇਸ ਧਾਰਨਾ ਨੂੰ ਦਿਗੰਬਰ ਮਤ ਵਾਲੇ ਪ੍ਰਵਾਣ ਨਹੀਂ ਕਰਦੇ।[31]

(xvi) ਮਰੂਦੇਵੀ ਇੱਕ ਹਾਥੀ ਉੱਤੇ ਸਵਾਰ ਹੋ ਕੇ ਮੋਖ ਵੱਲ ਚਲੀ ਗਈ। ਸ੍ਵੇਤਾਂਬਰਾਂ ਦੇ ਇਸ ਵਿਚਾਰ ਨੂੰ ਦਿਗੰਬਰ ਸੰਪ੍ਰਦਾਇ ਵਾਲੇ ਨਹੀਂ ਮੰਨਦੇ।[32]

(xvii) ਜੈਨ ਸਾਧੂ ਜਾਂ ਜੈਨ ਸਾਧਵੀ ਬਹੁਤ ਸਾਰੇ ਗ੍ਰਿਹਸਥੀਆਂ (ਸ਼ਰਾਵਕਾਂ) ਦੇ ਘਰ ਗੋਚਰੀ (Alms) ਲਈ ਜਾ ਸਕਦਾ ਹੈ। ਸ੍ਵੇਤਾਂਬਰਾਂ ਦੇ ਇਸ ਮਤ ਨਾਲ ਦਿਗੰਬਰ ਸਹਿਮਤ ਨਹੀਂ ਹਨ।[33]

(xviii) ਦਿਗੰਬਰ ਮਤ ਵਾਲੇ ਕੁੰਦਕੁੰਦ ਨੂੰ ਆਪਣਾ ਮੁੱਖ ਗੁਰੂ ਸਮਝਦੇ ਹਨ, ਜਦੋਂ ਕਿ ਸ੍ਵੇਤਾਂਬਰ ਸੰਪ੍ਰਦਾਇ ਵਾਲੇ 24ਵੇਂ ਤੀਰਥੰਕਰ ਭਗਵਾਨ ਮਹਾਵੀਰ ਦੇ ਸ਼ਿੱਸ਼ (Disciple) ਸੁਧਰਮਾ ਨੂੰ ਇਹ ਮਾਣ ਬਖ਼ਸ਼ਦੇ ਹਨ। ਸ੍ਵੇਤਾਂਬਰ ਸੁਧਰਮਾ ਤੋਂ ਬਾਅਦ ਇਸ ਸੂਚੀ ਵਿੱਚ ਜੰਬੂਸ੍ਵਾਮੀ ਦਾ ਨਾਂ ਧਰਦੇ ਹਨ ਅਤੇ ਇਹ ਆਖਦੇ ਹਨ ਕਿ ਜੰਬੂਸ੍ਵਾਮੀ ਮਗਰੋਂ ਕੇਵਲ ਗਿਆਨ ਅਤੇ ਨਿਰਵਾਣ-ਗਮਨ (Salvation) ਦੇ ਦਰਵਾਜ਼ੇ ਬੰਦ ਹੋ ਗਏ।[34] ਪਰ ਦਿਗੰਬਰ ਕੁੰਦਕੁੰਦ ਤੋਂ ਅਗਾਂਹ ਇਸ ਸੂਚੀ ਵਿੱਚ ਕ੍ਰਮਵਾਰ ਵੱਤਕੇਰਾ, ਕਾਰਤੀਕੇਯ ਸ੍ਵਾਮੀ ਆਦਿ ਨੂੰ ਸ਼ਾਮਿਲ ਕਰਦੇ ਹਨ। ਇਹ ਦਿਗੰਬਰ ਗੁਰੂ ਦੱਖਣ ਭਾਰਤ (South India) ਦੇ ਹੀ ਸਨ।[35]

ਇਹੋ ਨਹੀਂ ਸ੍ਵੇਤਾਂਬਰਾਂ ਅਤੇ ਦਿਗੰਬਰਾਂ ਦੇ ਪ੍ਰਚਾਰ-ਪ੍ਰਸਾਰ ਦੇ ਇਲਾਕਿਆਂ ਬਾਰੇ ਵੀ ਇੱਕ ਸੂਝਵਾਨ ਲੇਖਕ ਨੇ ਬੜੇ ਸੁਆਦਲੇ ਤੱਥ ਪੇਸ਼ ਕੀਤੇ ਹਨ, ਜਿਵੇਂ :

"ਸੰਨ ਈਸਵੀ ਦੀਆਂ ਆਰੰਭਿਕ ਸਦੀਆਂ (Early centuries of the Christian era) ਵਿੱਚ ਸ੍ਵੇਤਾਂਬਰਾਂ ਦੇ ਬੌਧਿਕ ਕੇਂਦਰ (Intellectual centres) ਪੱਛਮੀ ਭਾਰਤ (Western India) ਵਿੱਚ ਵਧ ਰਹੇ ਸਨ ਤਾਂ ਦਿਗੰਬਰਾਂ ਦਾ ਬੌਧਿਕ ਕੇਂਦਰ ਕਰਨਾਟਕ ਦਾ ਦੱਖਣ-ਪੱਛਮੀ ਇਲਾਕਾ ਸੀ। ਸ਼ਾਇਦ ਬੌਧਿਕ ਕੇਂਦਰਾਂ ਦੀ ਇਹੋ ਭੂਗੋਲਿਕ ਜੁਦਾਈ (Geographical separation) ਹੀ ਜੈਨ ਧਰਮ ਦੇ ਦੁਫਾੜ ਦਾ ਕਾਰਨ ਬਣੀ। ਇੱਥੋਂ ਤਈਂ ਕਿ ਦੇਵਤਿਆਂ ਬਾਰੇ ਵੀ ਵੰਡੀਆਂ ਪੈ ਗਈਆਂ। ਦੱਖਣ-ਪੱਛਮੀ ਕਰਨਾਟਕ ਦੇ ਦਿਗੰਬਰਾਂ ਨੇ ਪਹਿਲੇ ਤੀਰਥੰਕਰ (ਰਿਸ਼ਭਦੇਵ) ਦੇ ਪੁੱਤਰ ਬਾਹੂਬਲੀ ਨੂੰ ਆਪਣਾ ਪ੍ਰਮੁੱਖ ਦੇਵਤਾ ਮੰਨ ਕੇ ਉਸ ਦੀਆਂ ਵੱਡੀਆਂ-ਵੱਡੀਆਂ ਮੂਰਤੀਆਂ (colossal status) ਘੜ ਲਈਆਂ। ਦੂਜੇ ਪਾਸੇ ਸ੍ਵੇਤਾਂਬਰਾਂ ਦੇ ਮਿਥਿਹਾਸ

(Mythology) ਵਿੱਚ ਬਾਹੁਬਲੀ ਦੀ ਬਹੁਤ ਘੱਟ ਚਰਚਾ ਹੋਈ ਹੈ।[36]"

ਭਗਵਾਨ ਬਾਹੁਬਲੀ ਦਿਗੰਬਰ ਸੰਪ੍ਰਦਾਇ ਦੇ ਉਹੀ ਮੁੱਖ ਦੇਵਤਾ ਹਨ, ਜਿਨ੍ਹਾਂ ਦੀ ਮੂਰਤੀ ਦਾ ਨਿਰਮਾਣ ਉਨ੍ਹਾਂ ਦੇ ਵੱਡੇ ਭਰਾ ਰਾਜਾ ਭਰਤ ਨੇ ਕਰਵਾਇਆ ਸੀ। ਉਹ ਮੂਰਤੀ 525 ਧਨੁਖਾਂ (Bows ; ਕਮਾਨਾਂ) ਜਿੱਡੀ ਉੱਚੀ ਸੀ ਅਤੇ ਪੋਦਨਪੁਰ (ਕਰਨਾਟਕ ਦੇ ਨਿਜ਼ਾਮਾਬਾਦ ਜ਼ਿਲ੍ਹੇ ਦੇ ਬੋਦਨ ਤਾਲੁਕੇ) ਵਿੱਚ ਸਥਿਤ ਹੈ। ਉਸ ਤੋਂ ਮਗਰੋਂ ਕਰਨਾਟਕ ਰਾਜ ਦੇ ਹਾਸਨ ਜ਼ਿਲ੍ਹੇ ਵਿੱਚ ਸਥਿਤ "ਸ੍ਰਵਣਬੇਲ ਗੋਲਾ" ਵਿਖੇ ਚਾਮੁੰਡਰਾਇ ਨੇ ਬਾਹੁਬਲੀ ਜੀ ਦੀ ਜੋ ਮੂਰਤੀ ਸਥਾਪਿਤ ਕਰਵਾਈ ਉਸ ਦੀ ਉਚਾਈ 52 ਫੁੱਟ ਹੈ।[37] ਹਰ ਬਾਰਾਂ ਵਰ੍ਹਿਆਂ ਮਗਰੋਂ "ਬਾਹੁਬਲੀ ਮਸਤਕ ਅਭਿਸ਼ੇਕ" (Head anoitation) ਦਾ ਵਿਸ਼ਾਲ ਸਮਾਗਮ ਇੱਥੇ ਹੁੰਦਾ ਹੈ, ਜਿਸ ਨੂੰ ਦਿਗੰਬਰ "ਜੈਨੀਆਂ ਦਾ ਮਹਾਕੁੰਭ" ਵੀ ਆਖਿਆ ਜਾਂਦਾ ਹੈ। 8 ਫਰਵਰੀ ਤੋਂ 19 ਫਰਵਰੀ, 2006 ਤਕ ਚਲਣ ਵਾਲਾ ਇਹ ਮਹਾ-ਸਮਾਗਮ ਇਤਿਹਾਸਿਕ ਕ੍ਰਮ (Historical order) ਵਿੱਚ 86ਵਾਂ ਹੈ। ਇਸ ਤੋਂ ਜਾਪਦਾ ਹੈ ਕਿ ਅਜਿਹੀ ਪਰੰਪਰਾ "ਦਿਗੰਬਰ ਸੰਪ੍ਰਦਾਇ" ਵਿੱਚ ਸੰਨ 974 ਈਸਵੀ ਤੋਂ ਸ਼ੁਰੂ ਹੋਈ ਸੀ।[38]

## ਜੈਨ ਸੰਪ੍ਰਦਾਇਆਂ ਅਤੇ ਉਪ-ਸੰਪ੍ਰਦਾਇਆਂ ਦੀ ਅਜੋਕੀ ਸਥਿਤੀ

**ਸ਼੍ਵੇਤਾਂਬਰ** - ਚਿੱਟੇ ਬਾਣੇ (ਤੇੜ ਵਿੱਚ ਧੋਤੀ ਅਤੇ ਪਿੰਡੇ ਉੱਤੇ ਅਣਸੀਤੇ ਚਿੱਟੇ ਕੱਪੜੇ ਵਾਲੀ ਚੱਦਰ ਦੀ ਬੁੱਕਲ ਵਾਲੇ) ਅਤੇ ਚਿੱਟੇ ਧਾਗਿਆਂ ਵਾਲੀ ਡੰਡੇ ਹੇਠ ਲਪੇਟੀ ਹੋਈ ਚੋਰੀ ਵਾਲੇ ਜੈਨ ਮੁਨੀਆਂ ਦੇ ਦੋ ਭੇਦ ਹਨ। ਇਨ੍ਹਾਂ ਦੇ ਨਾਂ ਅਤੇ ਸਰੂਪ ਇਸ ਪ੍ਰਕਾਰ ਹਨ :

**(ਕ) ਮੂਰਤੀ ਪੂਜਕ (Idol worshipper)** - ਇਨ੍ਹਾਂ ਨੂੰ ਪੁਜੇਰੇ, ਮੂਰਤੀ ਪੂਜਕ, ਦੇਰਾਵਾਸੀ ਜਾਂ ਮੰਦਿਰਮਾਰਗੀ ਵੀ ਸੱਦਿਆ ਜਾਂਦਾ ਹੈ। ਇਹ ਉਪ-ਸ਼ਾਖਾ (sub-sect) ਵੀ 11ਵੀਂ ਤੋਂ 13ਵੀਂ ਸ਼ਤਾਬਦੀ ਵਿੱਚ 84 ਗੱਛਾਂ (further division) ਵਿੱਚ ਵੰਡੀ ਗਈ। ਮੁਨੀ ਉੱਤਮ ਕੁਲ ਜੈਨ ਨੇ ਤਾਂ ਆਪਣੀ ਪੁਸਤਕ (Jaina Sects & Schools) ਵਿੱਚ ਇਹ ਗਿਣਤੀ 117 ਦਿੱਤੀ ਹੈ।[39] ਪਰ ਹੁਣ ਇਨ੍ਹਾਂ ਵਿੱਚੋਂ ਕੇਵਲ ਤਿੰਨ ਹੀ ਗੁਜਰਾਤ ਅਤੇ ਰਾਜਸਥਾਨ ਵਿੱਚ ਜੀਵਿਤ ਹਨ। ਇਨ੍ਹਾਂ ਸਬੰਧੀ ਵੇਰਵੇ ਪੇਸ਼ ਹਨ :

**(i) ਖਰਤਰਗੱਛ** - ਇਸ ਗੱਛ (School) ਦੀ ਸਥਾਪਨਾ ਬਾਰੇ ਦੋ ਲੋਕ ਗਾਥਾਵਾਂ (Legends) ਮਿਲਦੀਆਂ ਹਨ। ਇੱਕ ਲੋਕ ਗਾਥਾ ਅਨੁਸਾਰ ਜਿਨੇਸ਼ਵਰ ਸੂਰਿ ਨੇ ਅਨਹਿਲਾਬਾਦ ਦੇ ਰਾਜਾ ਦੁਰਲਭਰਾਜ ਦੇ ਰਾਜ ਦਰਬਾਰ ਵਿਖੇ ਸੰਨ 1022 ਈਸਵੀ ਵਿੱਚ ਹੋਏ ਸ਼ਾਸਤਾਰਥ (Religious debate) ਵਿੱਚ ਚੈਤਜਵਾਸੀਆਂ (Monks, who lived in Temples) ਨੂੰ ਹਰਾ ਦਿੱਤਾ ਸੀ। ਇਸ ਪ੍ਰਕਾਰ ਜਿਨੇਸ਼ਵਰ ਸੂਰਿ ਨੂੰ ਖਰਤਰਗੱਛ ਆਚਾਰੀਆ (A man of bold character) ਦਾ ਸਨਮਾਨ (Title) ਬਖ਼ਸ਼ਿਆ ਗਿਆ। ਸ੍ਰੀ ਕੇ.ਐਮ. ਮੁੰਸ਼ੀ ਦਾ ਮਤ ਹੈ ਕਿ ਇਸ ਮੌਕੇ ਹੀ ਜੈਨੀਆਂ ਦਾ ਗੁਜਰਾਤ ਦੇ ਰਾਜ ਦਰਬਾਰ ਵਿਖੇ ਪ੍ਰਵੇਸ਼ ਹੋਇਆ ਸੀ। ਜਿਨੇਸ਼ਵਰ ਸੂਰਿ ਦੇ ਪੈਰੋਕਾਰ ਹੀ ਖਰਤਰਗੱਛ ਅਖਵਾਉਂਦੇ ਹਨ।[40]

ਦੂਜੀ ਲੋਕ ਗਾਥਾ ਅਨੁਸਾਰ ਖਰਤਰਗੱਛ ਦਾ ਮੋਢੀ ਜਿਨਦੱਤ ਸੂਰਿ ਦੱਸਿਆ ਗਿਆ ਹੈ, ਜਿਸ ਨੇ ਇਸ ਦਾ ਮੁੱਢ 1147 ਸੰਨ ਈਸਵੀ ਵਿੱਚ ਬੰਨਿਆ ਸੀ। ਤੀਜੀ ਵਿੱਚ ਇਸ ਦੀ

ਸਥਾਪਨਾ ਨਾਲ ਜਿਨ ਵੱਲਭ ਸੂਰਿ ਦਾ ਨਾਂ ਜੋੜਿਆ ਜਾਂਦਾ, ਪਰ ਉਸ ਦੇ ਸਮੇਂ ਦਾ ਕੋਈ ਸੁਰਾਗ ਅਜੇ ਨਹੀਂ ਲੱਭਿਆ ਹੈ।[41]

**(ii) ਤਪਾਗੱਛ** - ਇਸ ਦੇ ਮੋਢੀ ਜਗਛ ਚੰਦ ਸੂਰਿ ਸਨ, ਜਿਨ੍ਹਾਂ ਦੇ ਕਠੋਰ ਤਪੱਸਵੀ ਹੋਣ ਕਾਰਨ ਮੇਵਾੜ ਰਾਜ ਦੇ ਮਹਾਰਾਜ ਜੇਤਰ ਸਿੰਘ ਨੇ ਉਨ੍ਹਾਂ ਨੂੰ "ਤਪਾ" ਦੀ ਉਪਮਾ (Epithet) ਸੰਨ 1228 ਈਸਵੀ ਵਿੱਚ ਪ੍ਰਦਾਨ ਕੀਤੀ ਸੀ। ਇਸੇ ਕਾਰਨ ਜਗਛ ਚੰਦ ਸੂਰਿ ਦੀ ਪਰੰਪਰਾ ਵਾਲੇ ਜੈਨ ਮੁਨੀਆਂ ਨੂੰ 'ਤਪਾਗੱਛਿ' ਸੱਦਿਆ ਜਾਂਦਾ ਹੈ। ਭਾਵੇਂ ਇਸ ਉਪ-ਸੰਪ੍ਰਦਾਇ ਦੇ ਸ਼ਰਧਾਲੂ ਸਮੁੱਚੇ ਭਾਰਤ ਵਿੱਚ ਫੈਲੇ ਹੋਏ ਹਨ। ਪਰ ਇਨ੍ਹਾਂ ਦੇ ਵੱਡੇ ਸੰਸਥਾਨ (Institutions) ਹਰਿਆਣਾ ਅਤੇ ਰਾਜਸਥਾਨ ਵਿਖੇ ਹਨ। ਅੰਬਾਲਾ ਸ਼ਹਿਰ (ਹਰਿਆਣਾ) ਵਿਖੇ ਸਥਿਤ ਐਸ.ਏ. ਜੈਨ ਕਾਲਜ, ਇਸੇ ਗੱਛ ਦੇ ਪੈਰੋਕਾਰਾਂ ਵੱਲੋਂ ਸਥਾਪਿਤ ਕੀਤਾ ਹੋਇਆ ਹੈ।[42] 'ਤਪਾਗੱਛ' ਵਿਖੇ ਇਸਤਰੀਆਂ ਵੀ ਸਾਧਵੀਆਂ (Woman monks) ਬਣ ਸਕਦੀਆਂ ਹਨ ਅਤੇ ਇਨ੍ਹਾਂ ਦੀ ਰਿਹਾਇਸ਼ਗਾਹ ਨੂੰ 'ਤਪਾਗੱਛ ਮਹਿਲਾ ਉਪਾਸ਼੍ਰਯ ਮੰਦਿਰ' ਆਖਿਆ ਜਾਂਦਾ ਹੈ। ਪੁਰਸ਼ ਮਹਾਤਮਾਵਾਂ (Male monks) ਦੇ ਨਾਂ ਪਿੱਛੇ ਬਹੁਤਾ ਕਰਕੇ "ਸੂਰੀ" ਜਾਂ "ਸੂਰਿ" ਸ਼ਬਦ ਜੋੜਿਆ ਹੋਇਆ ਮਿਲਦਾ ਹੈ। ਰਾਜਸਥਾਨ ਵਿਖੇ ਇਸ ਨੂੰ "ਜੈਨ ਸ਼੍ਵੇਤਾਂਬਰ ਮੂਰਤਿ ਪੂਜਕ ਤਪਾਗੱਛ ਸੰਘ" ਵੀ ਸੱਦਿਆ ਜਾਂਦਾ ਹੈ।[43]

**(iii) ਅੰਚਲਗੱਛ** - ਇਸ ਦਾ ਪੁਰਾਣਾ ਨਾਂ ਵਿਧਿਪਕਸ਼ (Vidhipaksh) ਗੱਛ ਸੀ, ਜਿਸ ਦਾ ਅਰਥ ਹੈ : "ਜੋ ਪਵਿੱਤਰ ਧਾਰਮਿਕ ਵਿਧੀ-ਵਿਧਾਨ ਨੂੰ ਮਾਨਤਾ ਦਿੰਦਾ ਹੈ (To uphold the sacred rites)"। ਇਸ ਉਪ-ਸੰਪ੍ਰਦਾਇ ਦੇ ਮਹਾਤਮਾ ਆਪਣੇ ਮੂੰਹ ਉੱਤੇ ਸਦਾ ਪੱਟੀ ਬੰਨ੍ਹ ਕੇ ਨਹੀਂ ਰੱਖਦੇ। ਸਗੋਂ ਇਹ ਆਪਣੇ ਕੋਲ ਚਿੱਟੇ ਕੱਪੜੇ ਦਾ ਇੱਕ ਟੁਕੜਾ ਰੱਖਦੇ ਹਨ, ਜਿਸ ਨਾਲ ਬੋਲਣ ਵੇਲੇ ਉਹ ਆਪਣਾ ਮੂੰਹ ਢੱਕ ਲੈਂਦੇ ਹਨ। ਉਨ੍ਹਾਂ ਦੀ ਬੋਲਣ ਵਾਲੀ ਹਾਲਤ ਨੂੰ "ਪ੍ਰਤਿਕ੍ਰਮਣ" ਅਤੇ ਉਸ ਵੇਲੇ ਮੂੰਹ ਉੱਤੇ ਧਰਨ ਵਾਲੇ ਲੀੜੇ ਨੂੰ 'ਅੰਚਲ' ਆਖਿਆ ਜਾਂਦਾ ਹੈ। ਇਸ ਤੋਂ ਇਸ ਉਪ-ਸ਼ਾਖਾ ਦਾ ਨਾਂ "ਅੰਚਲਗੱਛ" ਪਿਆ ਹੈ। ਆਖਿਆ ਜਾਂਦਾ ਹੈ ਕਿ "ਵਿਧਿਪਕਸ਼" ਨਾਂ ਦੇ ਸ਼੍ਵੇਤਾਂਬਰ ਜੈਨ ਮੁਨੀ ਨੇ ਇਸ ਦੀ ਸਥਾਪਨਾ ਸੰਨ 1156 ਈਸਵੀ ਵਿੱਚ ਕੀਤੀ ਸੀ।[44] 15ਵੀਂ ਸਦੀ ਤੋਂ ਬਾਅਦ ਤਾਂ ਇਹ ਉੱਤਰੀ ਭਾਰਤ ਅਤੇ ਰਾਜਸਥਾਨ ਵਿੱਚ ਖੂਬ ਫਲਿਆ ਫੁੱਲਿਆ ਹੈ।

ਸਭਨਾਂ ਗੱਛਾਂ ਦੇ ਆਰੰਭ ਅਤੇ ਬਣਤਰ ਬਾਰੇ "ਹਿੰਦੀ ਵਿਸ਼ਵਕੋਸ਼" ਵਿੱਚ ਇਹ ਸੂਚਨਾ ਦਰਜ ਹੈ :

"ਉਦਜੋਤਨ ਸੂਰਿ ਦੇ ਸਮੇਂ (ਸੰਨ 937 ਈ.) ਤੋਂ ਇਨ੍ਹਾਂ ਗੱਛਾਂ ਦਾ ਆਰੰਭ ਹੋਣਾ ਮੰਨਿਆ ਜਾਂਦਾ ਹੈ। ਸਮੇਂ-ਸਮੇਂ ਗੱਛਾਂ ਦੇ ਨਾਂਵਾਂ ਵਿੱਚ ਸੰਸ਼ੋਧਨ-ਪਰਿਵਰਤਨ ਹੁੰਦਾ ਰਿਹਾ। ਸਾਰੇ ਗੱਛਾਂ ਦਾ ਮੋਹਰੀ (Head) ਇੱਕ 'ਸ੍ਰੀ ਪੂਜਜ' ਹੁੰਦਾ ਹੈ ; ਸਾਧੂਆਂ ਦੇ ਚਾਤੁਰਮਾਸ (ਬਰਸਾਤ ਦੇ ਚਾਰ ਮਹੀਨਿਆਂ ਦੌਰਾਨ ਨਿਸ਼ਚਿਤ ਠਿਕਾਣੇ) ਆਦਿ ਬਾਰੇ ਉਹ ਆਪਣਾ ਫ਼ੈਸਲਾ ਸੁਣਾਉਂਦਾ ਹੈ ਅਤੇ ਦੋਸ਼ੀ ਹੋਣ ਤੇ ਕਿਸੇ ਵੀ ਸਾਧੂ ਨੂੰ ਸੰਘ (Sect) ਤੋਂ ਬਾਹਰ ਕੱਢ ਸਕਦਾ ਹੈ। ਹਰੇਕ ਗੱਛ ਦੇ ਮੁਨੀਆਂ ਉੱਤੇ ਇੱਕ 'ਆਚਰਜ' (ਆਚਾਰਿਆ) ਹੁੰਦਾ ਹੈ, ਉਸ ਦੇ ਥੱਲੇ ਵਾਲੇ ਗੱਦੀਧਾਰੀ ਨੂੰ 'ਉਪਾਧਯਾਯ' ਸੱਦਿਆ ਜਾਂਦਾ ਹੈ। ਉਪਾਧਯਾਯ ਦੇ ਥਲੇ 'ਪੰਨਿਆਸ' ਹੁੰਦਾ ਹੈ, ਜੋ ਯਤੀਆਂ

(ਸਾਧੂਆਂ) ਦੀਆਂ ਕ੍ਰਿਆਵਾਂ (ਰਹਿਣੀ-ਬਹਿਣੀ ਤੇ ਪੂਜਾ-ਪਾਠ) ਦਾ ਧਿਆਨ ਰੱਖਦਾ ਹੈ। 'ਪੰਨੇ ਜਾਸ' ਦੇ ਹੇਠਲੇ ਧਾਰਮਿਕ ਅਧਿਕਾਰੀ ਨੂੰ 'ਗਣਿ' ਸੱਦਿਆ ਜਾਂਦਾ ਹੈ, ਉਹ 'ਭਗਵਤੀ ਸੂਤ੍ਰ' ਦਾ ਅਭਿਆਸੀ (ਪਾਠ ਕਰਨ ਵਿੱਚ ਮਾਹਿਰ) ਹੁੰਦਾ ਹੈ। ਜਿਹੜੇ ਮੁਨੀਆਂ ਨੂੰ 'ਮਹਾ-ਨਿਸ਼ੀਥ' ਤਕ ਦਾ ਅਭਿਆਸ ਹੁੰਦਾ ਹੈ, ਉਹ ਸ੍ਰਾਵਕਾਂ (Familymen Jains) ਨੂੰ 'ਵ੍ਰਤ' (Observation of rules for Jain Fasts) ਦੇ ਸਕਦੇ ਹਨ। 84 ਗੱਛਾਂ ਵਿੱਚੋਂ ਉਪਕੇਸ਼, ਖਰਤਰ, ਤਪਾ, ਪਾਯਚੰਦ, ਪੂਨਮਿਯਾ, ਅੰਚਲ ਅਤੇ ਆਗਮਿਕ ਨਾਂਵਾਂ ਵਾਲੇ ਗੱਛ ਹੀ ਮੁੱਖ ਹਨ।[45]"

**(ਖ) ਗ਼ੈਰ ਮੂਰਤੀ ਪੂਜਕ** - ਇਨ੍ਹਾਂ ਨੂੰ ਸੁਧਾਰਵਾਦੀ (Protestants or Puritans) ਲਹਿਰ ਵਾਲੇ ਜੈਨ ਧਰਮੀ ਮੰਨਿਆ ਜਾਂਦਾ ਹੈ। ਇਨ੍ਹਾਂ ਦੀਆਂ ਸਮੁੱਚੀਆਂ ਧਾਰਮਿਕ ਕ੍ਰਿਆਵਾਂ 'ਸਥਾਨਕ' ਵਿੱਚ ਹੋਣ ਕਾਰਨ ਹੁਣ ਇਨ੍ਹਾਂ ਨੂੰ "ਸਥਾਨਕਵਾਸੀ" ਸੱਦਿਆ ਜਾਂਦਾ ਹੈ। ਜੈਨ ਮੁਨੀਆਂ ਦੀ ਰਿਹਾਇਸ਼ ਲਈ ਨਿਸ਼ਚਿਤ ਧਰਮਸ਼ਾਲਾ ਨੂੰ ਹੀ 'ਸਥਾਨਕ' ਜਾਂ 'ਉਪਾਸ੍ਰਯ' (non-permanent residence or temporary residence) ਆਖਿਆ ਜਾਂਦਾ ਹੈ। ਮੰਦਿਰਾਂ ਵਿੱਚ ਪੂਜਾ ਦੀ ਵਿਰੋਧੀ ਸੁਧਾਰਵਾਦੀ ਲਹਿਰ ਦਾ ਮੋਢੀ (originator) ਲੋਂਕਾਸ਼ਾਹ ਨਾਂ ਦਾ ਇੱਕ ਸੱਜਨ ਸੀ, ਜਿਹੜਾ ਅਹਿਮਦਾਬਾਦ (ਗੁਜਰਾਤ) ਵਿਖੇ 15ਵੀਂ ਸਦੀ ਈਸਵੀ ਵਿੱਚ ਜੈਨ ਸ਼ਾਸਤਰਾਂ ਦੀ. ਨਕਲ (copy) ਤਿਆਰ ਕਰਦਾ ਸੀ। ਜੈਨ ਆਗਮਾਂ ਦਾ ਅਧਿਐਨ ਕਰਦਿਆਂ ਉਸ ਨੂੰ ਪਤਾ ਲਗਿਆ ਕਿ ਇਨ੍ਹਾਂ ਧਾਰਮਿਕ ਗ੍ਰੰਥਾਂ ਵਿੱਚ ਕਿਤੇ ਵੀ ਮੂਰਤੀ ਪੂਜਾ ਦਾ ਉਲੇਖ ਨਹੀਂ ਹੋਇਆ ਹੈ। ਇਸ ਲਈ ਮੂਰਤੀ ਪੂਜਾ ਸੰਬਧੀ ਸਾਰੇ ਆਗਮਾਂ ਨੂੰ ਪ੍ਰਮਾਣਿਕ ਨਹੀਂ ਮੰਨਿਆ ਜਾ ਸਕਦਾ। ਇਨ੍ਹਾਂ ਭਾਵਨਾਵਾਂ ਨੂੰ ਲੈ ਕੇ ਲੋਂਕਾਸ਼ਾਹ ਸੰਨ 1467 ਵਿੱਚ ਸਾਧੂ ਬਣ ਗਿਆ। ਚਿੱਟੇ ਕੱਪੜਿਆਂ ਅਤੇ ਮੂੰਹ ਪੱਟੀ ਵਾਲੇ ਇਸ ਸ੍ਵੇਤਾਂਬਰ ਮਤ ਵਾਲੇ ਸਾਧੂ ਦੇ ਨਾਂ ਉੱਤੇ ਇਸ ਨੂੰ ਪਹਿਲਾਂ ਸ਼ਰਧਾਲੂ 'ਲੋਂਕਾ ਸੰਘ' ਜਾਂ 'ਲੁਪਾਂਕ ਸੰਘ' ਸੱਦਦੇ ਰਹੇ। ਭਾਣਾ ਜੀ ਨਾਂ ਦਾ ਸ੍ਰਾਵਕ (Family man) ਇਸ ਦਾ ਪਹਿਲਾ ਗਣਧਰ ਮੰਨਿਆ ਜਾਂਦਾ ਹੈ। ਅਗਾਂਹ ਚਲ ਕੇ ਲਵ ਜੀ ਨਾਂ ਦੇ ਇੱਕ ਹੋਰ ਸ੍ਵੇਤਾਂਬਰ ਮੁਨੀ ਨੇ 'ਲੋਂਕਮਤ' ਵਿੱਚ ਕੁਝ ਸੁਧਾਰ ਕਰਕੇ ਸੰਨ 1653 ਵਿੱਚ "ਢੂੰਢਿਯਾ ਸੰਪ੍ਰਦਾਇ" ਚਲਾਇਆ। ਗੁਜਰਾਤ ਵਿੱਚ ਬਹੁਤ ਸਾਰੇ ਲੋਕੀ "ਢੂੰਢਿਯਾ ਸੰਪ੍ਰਦਾਇ" ਦੇ ਪੈਰੋਕਾਰ ਬਣੇ।[46]

ਕੁਝ ਵਿਦਵਾਨਾਂ ਦਾ ਮਤ ਹੈ ਕਿ ਲੋਂਕਾਸ਼ਾਹ ਸਾਰੀ ਉਮਰ ਇੱਕ ਪ੍ਰਚਾਰਕ (Preacher) ਹੀ ਬਣਿਆ ਰਿਹਾ। ਉਸ ਨੇ ਸ੍ਵੇਤਾਂਬਰ ਸਾਧੂਆਂ ਵਾਲਾ ਚਿੱਟਾ ਬਾਣਾ (White clothes) ਧਾਰਨ ਨਹੀਂ ਕੀਤਾ। ਪਰ ਉਸ ਦੇ ਬਹੁਤ ਸਾਰੇ ਚੇਲੇ ਮੁਨੀ (Monks) ਬਣ ਗਏ, ਜਿਨ੍ਹਾਂ ਵਿੱਚੋਂ ਮੁਨੀ ਸਰਵਜ, ਮੁਨੀ ਭਾਣਾ ਜੀ, ਮੁਨੀ ਮੂਨਾ ਜੀ ਅਤੇ ਮੁਨੀ ਜਗਮਲ ਜੀ ਬਹੁਤ ਪ੍ਰਸਿੱਧ ਹੋਏ। ਸਾਧਾਰਨ ਦੁਨੀਆਦਾਰ (Layman) ਲੋਂਕਾਸ਼ਾਹ ਨੂੰ 'ਮੁਨੀ ਦਯਾਧਰਮ' ਦੇ ਨਾਂ ਨਾਲ ਵੀ ਸੱਦਿਆ ਜਾਣ ਲਗ ਪਿਆ ਅਤੇ ਇਸੇ ਕਾਰਨ ਕਈ ਥਾਵਾਂ ਤੇ ਇਸ ਸੰਪ੍ਰਦਾਇ ਦਾ ਨਾਂ "ਦਯਾ ਗੱਛ" ਵੀ ਮਿਲਦਾ ਹੈ।[47]

'ਦਯਾਗੱਛ' ਜਾਂ 'ਲੋਂਕਾਗੱਛ' ਜਾਂ 'ਲੋਂਕਾ ਸੰਘ' ਦਾ ਨਾਂ "ਸਥਾਨਕਵਾਸੀ" ਕਦੋਂ ਅਤੇ ਕਿਉਂ ਪਿਆ। ਇਸ ਬਾਰੇ ਇੱਕ ਹੋਰ ਵਿਚਾਰ ਪੇਸ਼ ਹੈ:

"ਮੁੱਖ ਲੋਂਕਾਗੱਛ ਬਾਅਦ ਵਿੱਚ ਸ਼ਾਇਦ 'ਸਥਾਨਕਵਾਸੀ' ਅਖਵਾਉਣ ਲਗ ਪਿਆ। ਇਹ ਵੀ ਆਖਿਆ ਜਾਂਦਾ ਹੈ ਕਿ ਸਥਾਨਕਵਾਸੀ ਇੱਕ ਨਵਾਂ ਧਾਰਮਿਕ ਵਰਗ (Religious group)

ਸੀ, ਜਿਸ ਦੀ ਸ਼ੁਰੂਆਤ ਸੂਰਤ ਦੇ ਨਿਵਾਸੀ ਲਵ ਜੀ ਨੇ ਕੀਤੀ, ਜੋ ਖ਼ੁਦ ਲੌਂਕਾਗੱਛ ਨਾਲ ਸੰਬੰਧ ਰੱਖਦਾ ਸੀ। 'ਸਥਾਨਕਵਾਸੀ' ਨਾਂ ਕਿਵੇਂ ਪਿਆ, ਇਹ ਸਪਸ਼ਟ ਨਹੀਂ ਹੈ। ਸੰਭਵ ਹੈ ਇਸ ਦਾ ਆਧਾਰ ਇਹ ਹੋਵੇ ਕਿ ਸਥਾਨਕਵਾਸੀ ਮੁਨੀ ਇੱਕ ਹੀ ਸਥਾਨ ਤੇ ਟਿਕਦੇ ਸਨ (Sthankavasi monks were resident at one place)। ਜਾਂ ਜਿਵੇਂ ਸਚੁਬਰਿੰਗ (ਨਾਂ ਦਾ ਵਿਦਵਾਨ) ਦੱਸਦਾ ਹੈ "ਇਸ ਨਾਂ ਨਾਲ ਤਾਂ ਉਹ ਜੈਨੀ ਸੱਦੇ (Designated) ਜਾਂਦੇ ਹਨ, ਜਿਹੜੇ ਆਪਣੇ ਧਾਰਮਿਕ ਫ਼ਰਜ਼ (Religious duties) ਕਿਸੇ ਮੰਦਿਰ ਵਿੱਚ ਨਹੀਂ ਸਗੋਂ ਇੱਕੋ ਇੱਕ ਸਥਾਨਕ (Exclusively some profane place) ਅਰਥਾਤ "ਉਪਾਸ਼੍ਰਯ" ਵਿੱਚ ਨੇਪਰੇ ਚਾੜ੍ਹਦੇ ਹਨ।[48]"

ਸਥਾਨਕਵਾਸੀਆਂ ਨੂੰ "ਢੂੰਢਿਜਾ" ਜਾਂ 'ਢੂੰਢਕ' ਇਸ ਲਈ ਸੱਦਿਆ ਜਾਂਦਾ ਹੈ ਕਿ ਉਹ ਲਿਖਤ ਗ੍ਰੰਥਾਂ ਵਿੱਚੋਂ ਬੇਮਤਲਬ ਦੀਆਂ ਗੱਲਾਂ ਲੱਭਦੇ ਹਨ (they are futile seekers in the script)।[49] ਇਨ੍ਹਾਂ ਤੋਂ ਅਲਾਵਾ "ਸਥਾਨਕਵਾਸੀਆਂ" ਨੂੰ ਕਿਤੇ-ਕਿਤੇ 'ਬਿਸਤੋਲਾ' ਜਾਂ 'ਸਾਧੂਮਾਰਗੀ' ਵੀ ਪੁਕਾਰਿਆ ਜਾਂਦਾ ਹੈ।[50] ਪੰਜਾਬ ਦੇ ਉੱਘੇ ਸ਼ਹਿਰ ਪਟਿਆਲਾ ਦੇ ਕਿਲਾ ਮੁਬਾਰਕ (Fort) ਹੇਠ "ਬਜਾਜਾ ਬਾਜ਼ਾਰ" ਦੇ ਅਖ਼ੀਰ ਵਿੱਚ ਅਤੇ "ਗੁੜ ਮੰਡੀ" ਦੇ ਸ਼ੁਰੂ ਵਿੱਚ ਇੱਕ ਚੁਰਾਹਾ ਹੈ, ਜਿਸ ਨੂੰ "ਭਾਬੜਿਆਂ ਦਾ ਚੌਂਕ" ਸੱਦਿਆ ਜਾਂਦਾ ਹੈ। ਇਸ ਤੋਂ ਲਗਭਗ ਸੌ ਗਜ਼ ਦੀ ਦੂਰੀ ਤੇ ਗਲੀ ਅੰਦਰ ਸਥਾਨਕਵਾਸੀਆਂ ਦਾ ਉਪਾਸ਼੍ਰਯ ਹੈ, ਜਿਸ ਵਿੱਚ ਕੇਵਲ ਪੁਰਸ਼ ਸਾਧੂ (Male monks) ਹੀ ਚੁਮਾਸੇ ਦੌਰਾਨ ਠਹਿਰਦੇ ਹਨ। ਇਸ ਚੌਂਕ ਦੇ ਆਸ-ਪਾਸ ਭਾਂਡੇ ਵੇਚਣ ਵਾਲੇ ਜੈਨੀਆਂ ਦੀਆਂ ਦੁਕਾਨਾਂ ਹਨ, ਜੋ ਸਥਾਨਕਵਾਸੀ ਸਾਧੂਆਂ ਦੇ ਪੈਰੋਕਾਰ ਹਨ। ਸ਼ਾਇਦ ਮੂਰਤੀ ਦੀ ਬਜਾਏ ਜੈਨ ਸਿਧਾਂਤਾਂ ਦੇ ਮੂਲ ਭਾਵ ਨੂੰ ਸਮਝਣ ਵਾਲੇ ਸੁਧਾਰਵਾਦੀ 'ਸਥਾਨਕਵਾਸੀ ਮੁਨੀਆਂ' ਦੇ ਪੈਰੋਕਾਰ ਹੋ ਜਾਣ ਕਾਰਨ ਜਾਂ ਸਹੀ ਭਾਉਂਆਂ (ਕੀਮਤਾਂ : Prices) ਉੱਤੇ ਵਪਾਰ ਕਰਨ ਵਾਲੇ ਇਨ੍ਹਾਂ ਲੋਕਾਂ ਦਾ ਨਾਂ "ਭਾਬੜੇ" ਪੈ ਗਿਆ ਹੈ।

ਬਚਿੱਤਰ ਸੰਜੋਗ ਦੀ ਗੱਲ ਹੈ ਕਿ 15ਵੀਂ ਸਦੀ ਦੇ ਮੱਧ ਵਿੱਚ ਜਦੋਂ ਗੁਰੂ ਨਾਨਕ ਦੇਵ ਜੀ ਅਤੇ ਭਗਤ ਕਬੀਰ ਜੀ "ਨਿਰਗੁਣ ਭਗਤੀ" ਦਾ ਪ੍ਰਚਾਰ ਉੱਤਰ ਭਾਰਤ ਵਿੱਚ ਕਰ ਰਹੇ ਸਨ ਤਾਂ ਉਸੇ ਵੇਲੇ ਜੈਨ ਧਰਮ ਵਿੱਚ ਮੂਰਤੀ-ਪੂਜਾ ਵਿਰੋਧੀ ਇਸ ਸੁਧਾਰਵਾਦੀ ਲਹਿਰ (Reformist movement) "ਸਥਾਨਕਵਾਦੀ ਸੰਪ੍ਰਦਾਇ" ਦਾ ਜਨਮ ਹੋਇਆ। ਸੰਭਵ ਹੈ ਉਸ ਨੇ ਵੀ ਜੈਨ ਧਰਮ ਨੂੰ ਪ੍ਰਭਾਵਿਤ ਕੀਤਾ ਹੋਵੇ।[51] ਸ੍ਰੀਮਤੀ ਸਟੀਵੇਂਸਨ ਨੇ ਇਸ ਸਮੇਂ ਵਿੱਚ ਯੂਰਪ ਵਿੱਚ ਲੁਥੇਰੀਅਨ ਅਤੇ ਪਯੂਰੀਟਨ ਲਹਿਰਾਂ (Lutherian and Puritan movements) ਦੇ ਚਲਣ ਦੇ ਪਰਿਪੇਖ ਵਿੱਚ "ਲੌਂਕਾਗੱਛ" ਤੋਂ ਬਦਲ ਕੇ 'ਸਥਾਨਕਵਾਸੀ' ਨਾਂ ਪੈਣ ਦੀ ਗੱਲ ਇਸ ਪ੍ਰਕਾਰ ਦੱਸੀ ਹੈ :

"ਬਹੁਤ ਹੀ ਸੁਭਾਵਿਕ ਹੈ ਕਿ ਗੁਜਰਾਤ ਸਹਿਰ, ਜਿਹੜਾ ਕਿ (ਉਸ ਵੇਲੇ) ਡੂੰਘੇ ਇਸਲਾਮੀ ਪ੍ਰਭਾਵ ਹੇਠ ਸੀ, ਵਿੱਚ ਸ਼ੰਕਾਵਾਂ ਦੀ ਖ਼ਲਬਲੀ (Stirring of these doubts) ਦਾ ਮੁੱਢ ਅਸੀਂ ਲੱਭ ਸਕਦੇ ਹਾਂ। ਲਗਭਗ 1452 ਈਸਵੀ ਵਿੱਚ ਲੌਂਕਾਗੱਛ (Lonka Sect) ਦਾ ਜਨਮ ਹੋਇਆ ਜੋ ਗ਼ੈਰ-ਮੂਰਤੀ ਪੂਜਕ ਜੈਨੀਆਂ ਦਾ ਸੰਪ੍ਰਦਾਇ (non-idolatrous Jain sect) ਸੀ ਅਤੇ ਬਾਅਦ ਵਿੱਚ ਸੰਨ 1653 ਈਸਵੀ ਦੇ ਲਗਭਗ ਇਸ ਦੇ ਪੈਰੋਕਾਰ "ਢੂੰਢੀਆਂ"

ਜਾਂ "ਸਥਾਨਕਵਾਸੀ" ਅਖਵਾਏ। ਬਚਿੱਤਰ ਸੰਜੋਗ ਦੀ ਗੱਲ ਹੈ ਕਿ ਇਹ ਤਾਰੀਖ਼ਾਂ ਯੂਰਪ ਦੀਆਂ ਲੂਥੇਰੀਅਨ ਅਤੇ ਪਯੂਰੀਟਨ ਲਹਿਰਾਂ ਨਾਲ ਮੇਲ ਖਾਂਦੀਆਂ ਹਨ।[52]"

(ਗ) ਵੈਸ਼ਣਵ ਜੈਨ - ਮਾਰਵਾੜ (ਪੱਛਮੀ ਰਾਜਸਥਾਨ) ਦੇ ਜੋਧਪੁਰ ਜ਼ਿਲ੍ਹੇ ਵਿੱਚ ਅਜਿਹੇ ਜੈਨੀਆਂ ਦੀ ਗਿਣਤੀ ਕਾਫ਼ੀ ਹੈ। ਕਹਿੰਦੇ ਹਨ ਕਿ ਜੈਨ ਸ਼੍ਵੇਤਾਂਬਰ ਸਾਧੂਆਂ ਦੇ ਪੈਰੋਕਾਰ ਹੋਣ ਵਾਲੇ ਇਹ ਗ੍ਰਿਹਸਥੀ (Family holders) ਆਪਣੇ ਕੁਲ ਦੇਵਤਾ ਜਾਂ ਕੁਲ ਦੇਵੀ (Family deity) ਦੀ ਪੂਜਾ ਵੀ ਕਰਦੇ ਹਨ ਅਤੇ ਸਥਾਨਕ ਵਿਖੇ ਜਾ ਕੇ ਜੈਨ ਮੁਨੀਆਂ ਨੂੰ ਮੱਥਾ ਵੀ ਟੇਕਦੇ ਹਨ। ਕੁਝ ਵਿਦਵਾਨਾਂ ਦਾ ਮਤ ਹੈ ਕਿ ਰਾਜਸਥਾਨ ਦੇ ਵੈਸ਼ਨਵ ਵਿਚਾਰਧਾਰਾ ਵਾਲੇ ਮਹਾਰਾਜਿਆਂ (state rulers) ਦੇ ਪ੍ਰਭਾਵ ਕਾਰਨ ਇਹ ਲੋਕੀ ਸ੍ਰੀ ਕ੍ਰਿਸ਼ਣ, ਦੁਰਗਾ ਅਤੇ ਸ਼ਿਵ ਜੀ ਦੇ ਮੰਦਿਰਾਂ (ਸ਼ਿਵਾਲਿਆਂ) ਵਿੱਚ ਵੀ ਮੱਥਾ ਟੇਕ ਆਉਂਦੇ ਹਨ ; ਪਰ ਪੱਕੇ ਜੈਨੀਆਂ ਵਾਂਗ ਸੂਰਜ ਛਿਪਣ ਤੋਂ ਪਹਿਲਾਂ ਰਾਤ ਦਾ ਭੋਜਨ ਕਰ ਲੈਂਦੇ ਹਨ। ਇਸ ਦੇ ਨਾਲ ਹੀ ਉਹ ਜੈਨੀਆਂ ਵਾਂਗ ਛਮੱਛਰੀ (ਸੰਵਤਸ਼੍ਰੀ) ਆਦਿ ਦੇ ਮੌਕੇ ਤੇ ਵਰਤ (Fast) ਵੀ ਰੱਖਦੇ ਹਨ। "ਐਪੀਗ੍ਰਾਫੀਆ ਇੰਡੀਕਾ" ਦਾ ਸੰਦਰਭ ਦੇ ਕੇ ਡਾ. ਚਮਨ ਲਾਲ ਸ਼ਾਹ ਨੇ ਜੈਨ ਸੰਪ੍ਰਦਾਇ ਦੀ ਦਿਗੰਬਰ ਅਤੇ ਸ਼੍ਵੇਤਾਂਬਰ ਤੋਂ ਬਾਅਦ ਹੋਈ ਇੱਕ ਹੋਰ ਵੰਡ ਦਾ ਉੱਲੇਖ ਇੰਝ ਕੀਤਾ ਹੈ।

"ਦੂਜੀ (ਵੰਡ) ਦੇ ਸੰਦਰਭ ਵਿੱਚ "ਓਸਵਾਲ" ਅਤੇ 'ਸ਼੍ਰੀਮਾਲਾ' ਨਾਂ ਦੇ ਜੈਨ ਸੰਪ੍ਰਦਾਇਆਂ ਦਾ ਉੱਲੇਖ ਕੀਤਾ ਜਾ ਸਕਦਾ ਹੈ, ਜਿਨ੍ਹਾਂ ਵਿੱਚੋਂ ਪਿਛਲੇ (ਸ਼੍ਰੀਮਾਲ) ਦਾ ਨਾਂ 'ਸ਼੍ਰੀਮਾਲ' ਜਾਂ "ਭਿੱਲ ਮਾਲ" ਦੇ ਨਾਂ ਉੱਤੇ ਪਿਆ ਹੈ। ਇਹ ਮੌਜੂਦਾ "ਭਿਮਾਲ" ਹੈ, ਜੋ ਕਿ ਮਾਰਵਾੜ ਦੇ ਧੁਰ ਦੱਖਣ (Extreme South) ਵਿੱਚ (ਵਸਿਆ ਹੋਇਆ ਸ਼ਹਿਰ) ਹੈ।[53]"

ਹਿੰਦੂ ਧਰਮ ਵਿੱਚ ਆਸਥਾ ਰੱਖਣ ਵਾਲੇ "ਵੈਸ਼ਜ" (ਵਪਾਰ ਕਰਨ ਵਾਲੇ ਜਾਂ ਬਾਣੀਏ) ਆਪਣੇ ਨਾਂ ਦੇ ਪਿੱਛੇ 'ਅਗਰ੍ਵਾਲ' ਸ਼ਬਦ ਦੀ ਵਰਤੋਂ ਕਰਦੇ ਹਨ। ਉਹ ਆਪਣੇ ਪੂਰਬਜ (Predecessor) ਮਹਾਰਾਜਾ ਅਗ੍ਰਸੈਨ ਜੀ ਦੇ ਜਨਮ-ਸਥਾਨ "ਅਗ੍ਰੋਹਾ" (ਹਰਿਆਣਾ ਦੇ ਹਿਸਾਰ ਜ਼ਿਲ੍ਹੇ ਦਾ ਕਸਬੇ) ਨਾਲ ਆਪਣਾ ਪਿੱਛਾ ਜੋੜਦੇ ਹਨ।[54] ਪਰ 'ਓਸਵਾਲ' ਆਪਣਾ ਮੂਲ ਸਥਾਨ (origination) ਰਾਜਸਥਾਨ ਸਥਿਤ 'ਓਸੀਆਂ' ਨਾਂ ਦੇ ਕਸਬੇ ਨੂੰ ਦੱਸਦੇ ਹਨ। 'ਅਗਰ੍ਵਾਲ' ਦੇ ਵਜ਼ਨ ਤੇ 'ਓਸਵਾਲ' ਸ਼ਬਦ ਦੀ ਵਰਤੋਂ ਵਾਲੇ ਲੋਕੀ ਜੈਨੀ ਅਖਵਾਉਂਦੇ ਹਨ। ਪੰਜਾਬ ਦੇ ਲੁਧਿਆਣਾ ਸ਼ਹਿਰ ਦੇ ਵੱਡੇ-ਵੱਡੇ ਕਾਰਖ਼ਾਨਿਆਂ ਦੇ ਮਾਲਿਕ "ਓਸਵਾਲ ਜੈਨ" ਹੀ ਹਨ ਅਤੇ ਉਹ ਮੂਰਤੀ-ਪੂਜਕ ਸ਼੍ਵੇਤਾਂਬਰ ਜੈਨ ਮੁਨੀਆਂ ਨੂੰ ਹੀ ਆਪਣੇ ਗੁਰੂ ਮੰਨਦੇ ਹਨ। ਇਸ ਲਈ ਇਹ ਵੰਡ ਬਹੁਤਾ ਕਰਕੇ ਕਬੀਲਦਾਰ ਲੋਕਾਂ ਵਿੱਚ ਹੀ ਨਜ਼ਰ ਆਉਂਦੀ ਹੈ। ਜੈਨ ਮੁਨੀਆਂ ਵਿੱਚ ਅਜਿਹਾ ਕੋਈ ਅੰਤਰ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਰਾਜਸਥਾਨ ਵਿੱਚ "ਸ਼੍ਰੀਮਾਲੀ" ("ਸ਼੍ਰੀਮਾਲ" ਨਹੀਂ) ਬ੍ਰਾਹਮਣਾਂ ਦਾ ਇੱਕ ਮੁੱਖ ਗੋਤਰ ਹੈ। ਉਹ "ਭੀਨਮਾਲ" ਨਾਂ ਦੇ ਰਾਜਸਥਾਨ ਦੇ ਇੱਕ ਕਸਬੇ ਤੋਂ ਆਪਣਾ ਮੁੱਢ (origin) ਦੱਸਦੇ ਹਨ। ਉਨ੍ਹਾਂ ਦਾ ਮਤ ਹੈ ਕਿ ਪਹਿਲਾਂ 'ਭੀਨਮਾਲ' ਦਾ ਨਾਂ "ਸ਼੍ਰੀਮਾਲ" ਸੀ, ਪਰ ਜਦੋਂ (ਸ੍ਰੀ = ਲਛਮੀ + ਮਾਲ = ਮਾਲਾ ਜਪਣ ਵਾਲੇ) ਸ਼੍ਰੀਮਾਲੀ ਆਪਣੇ ਜੱਦੀ ਸਥਾਨ ਤੋਂ ਵੱਖ (ਭਿੰਨ) ਹੋਏ, ਉਦੋਂ ਤੋਂ ਉਸ ਸਥਾਨ ਦਾ ਨਾਂ 'ਭਿੰਨਮਾਲ' ਪਿਆ, ਜੋ ਕਿ ਬਿਗੜ ਕੇ ਬੋਲਚਾਲ ਵਿੱਚ ਭੀਨਮਾਲ ਬਣ ਗਿਆ ਹੈ। ਮਾਲਾ ਦੇ ਮਣਕਿਆਂ ਦੇ ਬਿਖਰ ਜਾਣ ਵਾਂਗ "ਸ਼੍ਰੀਮਾਲ" ਛੱਡ ਕੇ ਰਾਜਸਥਾਨ ਦੇ ਹੋਰ ਇਲਾਕਿਆਂ ਵਿੱਚ 'ਸ਼੍ਰੀਮਾਲੀ' ਬ੍ਰਾਹਮਣਾਂ ਦੇ

ਵਸ ਜਾਣ ਕਰਕੇ ਇਹ ਸਥਾਨ "ਭੀਨਮਾਲ" ਭਿੰਨ + ਮਾਲਾ ਅਖਵਾਉਣ ਲਗ ਪਿਆ।[55]

## ਦਿਗੰਬਰ ਸੰਪ੍ਰਦਾਇ ਦੀ ਵੰਡ (ਸੰਘ)

ਦਿਗੰਬਰ ਮਤ ਅਨੁਸਾਰ ਮੂਲ ਸੰਘ (Original organization of the Naked Jain monks) ਦੇ ਪ੍ਰਸਿੱਧ ਆਚਾਰੀਆ ਬਿਕਰਮੀ ਸੰਮਤ 26 (ਸੰਨ ਈਸਵੀ ਸ਼ੁਰੂ ਹੋਣ ਤੋਂ 31 ਵਰ੍ਹੇ ਪਹਿਲਾਂ) ਵਿੱਚ ਅਰਹਦਬਲਿ ਜੀ ਸਨ।[56] ਉਨ੍ਹਾਂ ਦਾ ਨਿਵਾਸ ਪੁੰਡਰਵਰਧਨ ਪੁਰ (ਦੱਖਣ ਭਾਰਤ) ਵਿੱਚ ਸੀ। ਉਨ੍ਹਾਂ ਨੂੰ 'ਗੁੰਪਤੀ ਗੁਪਤ' ਜਾਂ 'ਵਿਸਾਖ' ਨਾਂ ਨਾਲ ਵੀ ਚੇਤੇ ਕੀਤਾ ਜਾਂਦਾ ਹੈ। ਅਰਹਦਬਲਿ ਜੀ ਹਰੇਕ ਪੰਜ ਵਰ੍ਹੇ ਬੀਤਣ ਤੋਂ ਬਅਦ ਸੌ ਯੋਜਨ ਦੇ ਘੇਰੇ ਵਿੱਚ ਤਪ ਕਰਨ (ਜਾਂ ਚਾਤੁਰਮਾਸ ਕਰਨ) ਵਾਲੇ ਨੰਗ-ਧੜੰਗ ਸਾਧੂਆਂ ਨੂੰ ਪੁੰਡਰਵਰਧਨਪੁਰ ਵਿਖੇ ਸੱਦਦੇ ਸਨ। ਇੱਕ ਵਾਰੀ ਅਜਿਹੀ ਸਭਾ ਵਿੱਚ ਸ਼ਾਮਿਲ ਹੋਏ ਦਿਗੰਬਰ ਮੁਨੀਆਂ ਦੇ ਨਾਲ ਵਿਚਾਰ ਵਟਾਂਦਰਾ ਕਰਕੇ ਅਰਹਦਬਲਿ ਜੀ ਨੇ ਮੂਲ ਸੰਘ ਨੂੰ ਚਾਰ ਸ਼ਾਖਾਵਾਂ (Branches) ਵਿੱਚ ਵੰਡ ਦਿੱਤਾ।[57] ਇੰਦ੍ਰਨੰਦਿ ਭੱਟਾਰਕ ਦੇ ਗ੍ਰੰਥ "ਨੀਤਿ ਸਾਰ" ਵਿੱਚ ਇਨ੍ਹਾਂ ਦੇ ਨਾਂ ਅਤੇ ਹੋਰ ਵੇਰਵੇ ਇਸ ਪ੍ਰਕਾਰ ਦਿੱਤੇ ਗਏ ਹਨ :

**(i) ਨੰਦਿ ਸੰਘ** - ਇਸ ਦੇ ਮਹਾਤਮਾ ਆਪਣਾ ਚੁਮਾਸਾ (ਵਰਖਾ ਦੇ ਚਹੁੰ ਮਹੀਨੇ) ਨੰਦੀ ਨਾਂ ਦੇ ਰੁੱਖ ਹੇਠ ਕੱਟਦੇ ਸਨ। ਇਸ ਦਾ ਨੇਤਾ ਮਾਘਨੰਦੀ ਨੂੰ ਬਣਾਇਆ ਗਿਆ।

**(ii) ਸੇਨ ਸੰਘ** - ਇਸ ਦੇ ਮਹਾਤਮਾ ਆਪਣਾ ਚੁਮਾਸਾ ਝਾੜੀਆਂ ਥੱਲੇ ਬਹਿ ਕੇ ਕੱਟਦੇ ਸਨ। ਇਸ ਦਾ ਨੇਤਾ ਜਿਨ ਸੇਨ ਨੂੰ ਥਾਪਿਆ ਗਿਆ।

**(iii) ਸਿੰਹ ਸੰਘ** - ਇਸ ਦੇ ਮਹਾਤਮਾ ਆਪਣਾ ਚੁਮਾਸਾ ਸ਼ੇਰਾਂ ਦੀਆਂ ਗੁਫ਼ਾਵਾਂ ਵਿੱਚ ਕੱਟਦੇ ਸਨ। ਇਸ ਸੰਘ ਦੇ ਨੇਤਾ ਦੀ ਪਦਵੀ "ਸਿੰਹ" ਨਾਂ ਦੇ ਜੈਨ ਮੁਨੀ ਨੂੰ ਬਖ਼ਸ਼ੀ ਗਈ।

**(iv) ਦੇਵ ਸੰਘ** - ਇਸ ਦੇ ਮਹਾਤਮਾ ਆਪਣਾ ਚੁਮਾਸਾ ਦੇਵਦੱਤਾ ਨਾਂ ਦੀ ਗਣਿਕਾ ਦੇ ਘਰ ਬਤੀਤ ਕਰਦੇ ਸਨ। ਇਸ ਲਈ ਉਨ੍ਹਾਂ ਦਾ ਨੇਤਾ 'ਦੇਵ' ਨਾਂ ਦੇ ਮਹਾਤਮਾ ਨੂੰ ਮੁਕੱਰਰ ਕੀਤਾ ਗਿਆ।

ਅਜਿਹੀ ਵੰਡ ਬਾਰੇ ਇੱਕ ਹੋਰ ਵਿਦਵਾਨ ਦਾ ਮਤ ਹੈ :

(i) ਜਿਹੜੇ ਮੁਨੀ ਗੁਫ਼ਾਵਾਂ ਵਿੱਚੋਂ ਆਏ ਸਨ, ਉਨ੍ਹਾਂ ਵਿੱਚੋਂ ਕਿਸੇ ਨੂੰ 'ਨੰਦਿ' ਨਾਂ ਦਿੱਤਾ ਗਿਆ ਅਤੇ ਕਿਸੇ ਨੂੰ 'ਵੀਰ'।

(ii) ਜਿਹੜੇ ਮੁਨੀ ਅਸ਼ੋਕਵਾਟਿਕਾ ਵਿੱਚੋਂ ਆਏ ਸਨ, ਉਨ੍ਹਾਂ ਵਿੱਚੋਂ ਕੁਝ ਨੂੰ ਅਪਰਾਜਿਤ ਨਾਂ ਦਿੱਤਾ ਗਿਆ ਅਤੇ ਕੁਝ ਨੂੰ 'ਦੇਵ'।

(iii) ਜਿਹੜੇ ਪੰਜ ਸਤੂਪਾਂ ਵਾਲੀ ਰਿਹਾਇਸ਼ਗਾਹ (Residence) ਤੋਂ ਆਏ ਸਨ, ਉਨ੍ਹਾਂ ਵਿੱਚੋਂ ਕੁਝ ਨੂੰ 'ਸੇਨ' ਨਾਂ ਦਿੱਤਾ ਗਿਆ ਅਤੇ ਕੁਝ ਨੂੰ 'ਮਦ੍ਰ'।

(iv) ਜਿਹੜੇ ਸ਼ਾਲਮੀ ਰੁੱਖ ਦੀ ਜੜ੍ਹ ਵਿੱਚ ਨਿਵਾਸ ਕਰਨ ਵਾਲੇ ਸਨ, ਉਨ੍ਹਾਂ ਵਿੱਚੋਂ ਕੁਝ ਨੂੰ 'ਗੁਣਧਰ' ਅਤੇ ਕੁਝ ਨੂੰ 'ਗੁਪਤ' ਨਾਂ ਬਖ਼ਸ਼ਿਆ ਗਿਆ।

(v) ਜਿਹੜੇ ਖੰਡ ਕੇਸਰ ਰੁੱਖ ਦੀ ਜੜ੍ਹ ਵਿੱਚ ਨਿਵਾਸ ਕਰਦੇ ਸਨ, ਉਨ੍ਹਾਂ ਵਿੱਚੋਂ ਕੁਝ ਨੂੰ 'ਸਿੰਹ' ਅਤੇ ਕੁਝ ਨੂੰ 'ਚੰਦ੍ਰ' ਨਾਂ ਪ੍ਰਦਾਨ ਕੀਤਾ ਗਿਆ।[59] "

ਇਸ ਨਵੀਂ ਸੂਚੀ ਵਿੱਚ ਵੀਰ, ਅਪਰਾਜਿਤ, ਮਦ੍ਰ, ਗੁਣਧਰ, ਗੁਪਤ ਅਤੇ ਚੰਦ੍ਰ ਛੇ ਨਾਂ ਵਾਧੂ ਹਨ। "ਨੀਤਿਸਾਰ" ਦੇ ਲੇਖਕ ਭੱਟਾਰਕ ਨੇ ਪੰਜ ਹੋਰ ਸੰਘਾਂ ਨੂੰ ਜੈਨਾਭਾਸ (ਜੈਨੀਆਂ ਵਰਗੇ) ਆਖਿਆ ਹੈ ਅਤੇ ਇਨ੍ਹਾਂ ਦੇ ਨਾਂ ਦਿੱਤੇ ਹਨ : ਗੋਪੁਛਿੱਕ, ਸ਼੍ਵੇਤਾਂਬਰ, ਦ੍ਰਵਿੜ, ਯਾਪਨੀਯ ਅਤੇ ਨਿ:ਪਿੱਛ। ਇਸ ਵਿੱਚ 'ਕਾਸ਼ਠਾ ਸੰਘ' ਨੂੰ ਜੈਨ-ਆਭਾਸ ਨਹੀਂ ਆਖਿਆ। 'ਮਾਥੁਰ ਸੰਘ' ਦਾ ਤਾਂ ਉਸ ਵਿੱਚ ਨਾਂ ਵੀ ਨਹੀਂ ਮਿਲਦਾ।[60] ਇਨ੍ਹਾਂ ਤੋਂ ਅਲਾਵਾ ਸ਼੍ਵੇਤਾਂਬਰਾਂ ਵਾਂਗ ਦਿਗੰਬਰਾਂ ਵਿੱਚ ਵੀ ਮੂਰਤੀ-ਪੂਜਕ ਅਤੇ ਅਮੂਰਤੀ-ਪੂਜਕ (ਨਿਰਾਕਾਰ ਮਾਰਗੀ ਸੰਪ੍ਰਦਾਇ) ਮਿਲਦੇ ਹਨ।

**(v) ਤਾਰਣਪੰਥੀ ਜਾਂ ਸਮੈਯਾਪੰਥੀ** - ਇਸ ਦੀ ਸਥਾਪਨਾ ਤਾਰਣਸਵਾਮੀ (ਸੰਨ 1448-1515 ਈ.) ਨੇ ਕੀਤੀ ਸੀ। ਇਸ ਪੰਥ ਦੇ ਪੈਰੋਕਾਰ ਤਾਰਣਸਵਾਮੀ ਦੇ 14 ਗ੍ਰੰਥਾਂ ਨੂੰ ਵੇਦੀ ਉੱਤੇ ਸਥਾਪਿਤ ਕਰਕੇ ਉਨ੍ਹਾਂ ਦੀ ਪੂਜਾ ਕਰਦੇ ਹਨ।[61]

**(vi) ਯਾਪਨੀਯ ਸੰਪ੍ਰਦਾਇ** - ਇਹ ਪੰਜਵੀਂ ਤੋਂ 14ਵੀਂ ਸਦੀ ਤਕ ਕਰਨਾਟਕ ਵਿੱਚ ਖੂਬ ਵਧਿਆ ਫੁੱਲਿਆ। ਯਾਪਨੀਯ ਦਿਗੰਬਰ ਜੈਨ ਮੰਦਿਰਾਂ ਵਿੱਚ ਬਣੀਆਂ ਹੋਈਆਂ ਤੀਰਥੰਕਰਾਂ ਦੀਆਂ ਨੰਗੀਆਂ ਮੂਰਤੀਆਂ (Nude images) ਦੀ ਪੂਜਾ ਕਰਦੇ ਸਨ। ਇਸ ਸੰਪ੍ਰਦਾਇ ਦੇ ਸਾਧੂ ਖ਼ੁਦ ਵੀ ਅਲਫ਼-ਨੰਗੇ ਰਹਿੰਦੇ ਸਨ। ਹੁਣ ਇਸ ਸੰਪ੍ਰਦਾਇ ਦੇ ਮਹਾਤਮਾ ਅਤੇ ਦੁਨੀਆਦਾਰ ਸ਼ਰਧਾਲੂ ਹੋਰ ਦਿਗੰਬਰ ਸੰਪ੍ਰਦਾਇਆਂ ਵਿੱਚ ਸ਼ਾਮਿਲ ਹੋ ਗਏ ਹਨ।[62] ਮੋਨੀਅਰ ਵਿਲਿਅਮਜ਼ ਨੇ 'ਯਾਪਨੀਯ' (Yapaniya) ਦਾ ਨਿਕਾਸ 'ਯਾ' ਧਾਤੂ (root) ਤੋਂ ਲੱਭ ਕੇ, ਇਸ ਦਾ ਅਰਥ ਕੀਤਾ ਹੈ 'ਕੱਢੇ ਹੋਏ' (Expelled)। ਇਸ ਆਧਾਰ ਤੇ ਇਸ ਦਾ ਅਰਥ ਦੱਸਿਆ ਜਾਂਦਾ ਹੈ : ਸ਼ਾਇਦ ਉਹ ਲੋਕੀ ਯਾਪਨੀਯ ਸਨ ਜਿਹੜੇ ਦੋਵੇਂ (ਸ਼੍ਵੇਤਾਂਬਰ ਅਤੇ ਦਿਗੰਬਰ) ਸੰਪ੍ਰਦਾਇਆਂ ਵੱਲੋਂ ਕੱਢੇ ਜਾਣ ਕਾਰਨ ਬੇਸਹਾਰਾ ਹੋ ਕੇ ਖਿੰਡ-ਪੁੰਡ ਗਏ ਸਨ। (Those who wandered away after being expelled by both the communities).[63]"

**ਬੀਸ ਪੰਥ** - ਚੈਤਜਵਾਸੀ ਜਾਂ ਮਠਵਾਸੀ (ਮੰਦਿਰਾਂ ਜਾਂ ਮਠਾਂ ਵਿੱਚ ਰਹਿਣ ਵਾਲੇ) ਦਿਗੰਬਰ ਜੈਨ ਸਾਧੂ ਆਮ ਤੌਰ ਤੇ ਨੰਗੇ (Naked) ਹੀ ਰਹਿੰਦੇ ਸਨ। ਪਰ ਅਗਾਂਹ ਚਲ ਕੇ ਉਨ੍ਹਾਂ ਵਿੱਚ ਵੀ ਕੱਪੜੇ ਪਹਿਨਣ ਦਾ ਰਿਵਾਜ ਪੈ ਗਿਆ। ਇਸ ਦਾ ਕਾਰਨ 16ਵੀਂ ਸਦੀ ਬਿਕਰਮੀ ਵਿੱਚ ਹੋਏ ਸ਼੍ਰੁਤਸਾਗਰ ਨਾਂ ਦੇ ਇੱਕ ਵਿਦਵਾਨ ਦੀਆਂ ਕਿਰਤਾਂ (writings) ਤੋਂ ਮਿਲਦਾ ਹੈ। ਉਸ ਦਾ ਕਥਨ ਹੈ ਕਿ ਕਲਜੁਗ ਵਿੱਚ ਯਤੀਆਂ (ਸਾਧੂਆਂ) ਨੂੰ ਨੰਗੇ ਵੇਖ ਕੇ ਮਲੇੱਛ ਸ਼ਰਾਰਤਾਂ ਕਰਦੇ ਸਨ। ਇਹ ਗੱਲ ਸ੍ਰੀ ਵਸੰਤ ਕੀਰਤੀ ਸੁਆਮੀ ਨਾਂ ਦੇ ਦਿਗੰਬਰ ਜੈਨ ਮੁਨੀ ਨੂੰ ਪਸੰਦ ਨਾ ਆਈ ਤੇ ਉਨ੍ਹਾਂ ਨੇ ਉਪਦੇਸ਼ ਦਿੱਤਾ ਕਿ ਜਦੋਂ ਮੁਨੀ ਨੂੰ ਕਿਸੇ ਕਾਰਨ ਚਲਣਾ-ਫਿਰਨਾ ਪਵੇ ਤਾਂ ਉਹ ਕਿਸੇ ਚਟਾਈ ਜਾਂ ਟਾਟ ਦੇ ਟੋਟੇ ਨਾਲ ਆਪਣੇ ਸਰੀਰ ਨੂੰ ਢੱਕ ਲਵੇ ਅਤੇ ਅਜਿਹੇ ਕਾਰਜਾਂ ਤੋਂ ਬਾਅਦ ਢੱਕਣ ਵਾਲੀ ਚੀਜ਼ ਲਾਹ ਦੇਵੇ। ਇਹ ਵਸੰਤ ਕੀਰਤੀ ਜੀ ਚਿਤੌੜ (ਰਾਜਸਥਾਨ) ਦੀ ਗੱਦੀ ਦੇ ਭੱਟਾਰਕ (ਮੁਖੀਆ) ਸਨ ਅਤੇ ਬਿਕਰਮੀ ਸੰਮਤ 1264 ਦੇ ਲਗਭਗ ਮੌਜੂਦ ਸਨ। ਇਨ੍ਹਾਂ ਭੱਟਾਰਕ ਜੀ ਦੇ ਪੈਰੋਕਾਰ "ਬੀਸ ਪੰਥੀ" ਅਖਵਾਉਂਦੇ ਹਨ।[64]

'ਬੀਸ ਪੰਥ' ਵਿੱਚ ਆਸਥਾ ਰੱਖਣ ਵਾਲੇ ਭੱਟਾਰਕਾਂ ਨੂੰ ਆਪਣਾ ਪਰਮ ਗੁਰੂ ਮੰਨਦੇ ਹਨ। ਇਹ ਦਿਗੰਬਰ ਜੈਨ ਮਹਾਤਮਾ ਆਪਣੇ ਨਾਂ ਦੇ ਪਿੱਛੇ "ਭੱਟਾਰਕ" ਸ਼ਬਦ ਜੋੜਦੇ ਹਨ। ਇਹ ਭੱਟਾਰਕ ਆਪਣੇ ਮਠ ਵਿੱਚ ਭਾਵੇਂ ਨੰਗੇ ਰਹਿੰਦੇ ਹੋਣ, ਪਰ ਬਾਹਰ ਜਾਉਣ-ਆਉਣ ਵੇਲੇ

ਭਗਵੇਂ ਕੱਪੜੇ ਪਹਿਨਦੇ ਹਨ ਅਤੇ ਭਗਵੇਂ ਰੰਗ ਦੀ ਪੱਗੜੀ ਬੰਨ੍ਹਦੇ ਹਨ। 'ਸ੍ਰਵਣਬੇਲਗੋਲਾ' (ਕਰਨਾਟਕ) ਵਿਖੇ 8 ਫਰਵਰੀ - 19 ਫਰਵਰੀ, 2006 ਤਕ ਮਨਾਏ ਜਾ ਰਹੇ "ਭਗਵਾਨ ਬਾਹੂਬਲੀ ਮਸਤਕ-ਅਭਿਸ਼ੇਕ ਸਮਾਰੋਹ" ਦੀ ਪ੍ਰਬੰਧਕ ਕਮੇਟੀ ਦੇ ਮੁਖੀ ਸੁਆਮੀ ਚਾਰੂਕੀਰਤੀ ਭੱਟਾਰਕ ਦੀ ਮੱਠ ਵਿੱਚ ਖਿੱਚੀ ਫੋਟੋ ਵਿੱਚ ਉਨ੍ਹਾਂ ਨੂੰ ਕੱਪੜਿਆਂ ਤੋਂ ਬਿਨਾਂ ਵਿਖਾਇਆ ਗਿਆ ਹੈ। ਪਰ ਇਸ ਸਮਾਗਮ ਸੰਬੰਧੀ ਇਸਤਿਹਾਰਾਂ (Advertisements) ਵਿੱਚ ਉਨ੍ਹਾਂ ਨੂੰ ਪਗੜੀਧਾਰੀ ਗੈਰੂਏ ਕੱਪੜਿਆਂ ਵਿੱਚ ਵਿਖਾਇਆ ਗਿਆ ਹੈ ਅਤੇ ਇਸ ਚਿੱਤਰ ਹੇਠ ਲਿਖਿਆ ਹੋਇਆ ਹੈ : "ਪਰਮ ਪੂਜਜ ਜਗਦ ਗੁਰੂ ਕਰਮਯੋਗੀ ਸੁਸਤਿਸ੍ਰੀ ਚਾਰੂਕੀਰਤੀ ਭੱਟਾਰਕ ਮਹਾ ਸਵਾਮੀ ਜੀ।[65]"

ਬੀਸ ਪੰਥੀਆਂ ਦੇ ਮੰਦਿਰਾਂ ਵਿੱਚ ਖੇਤਰਪਾਲ ਅਤੇ ਭੈਰਵ ਆਦਿ ਦੇਵਤਿਆਂ ਦੀਆਂ ਮੂਰਤੀਆਂ ਵੀ ਹੁੰਦੀਆਂ ਹਨ। ਇਨ੍ਹਾਂ ਮੂਰਤੀਆਂ ਦੀ ਪੂਜਾ ਕੇਸਰ ਨਾਲ ਕੀਤੀ ਜਾਂਦੀ ਹੈ। ਮੂਰਤੀਆਂ ਨੂੰ ਫੁੱਲਾਂ ਨਾਲ ਸਜਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਚੜ੍ਹਾਇਆ ਹੋਇਆ ਪ੍ਰਸਾਦ ਸ਼ਰਧਾਲੂਆਂ ਨੂੰ ਵੰਡਿਆ ਜਾਂਦਾ ਹੈ। ਇਹ ਭੱਟਾਰਕ ਪਿੰਡਾਂ ਦੀ ਜ਼ਮੀਨ ਅਤੇ ਬਾਗ਼-ਬਗੀਚਿਆਂ ਦੇ ਮਾਲਿਕ ਹੁੰਦੇ ਹਨ, ਆਪਣੇ ਸੰਪ੍ਰਦਾਇ ਦੇ ਮੰਦਿਰਾਂ ਦੀ ਟੁੱਟ ਭੱਜ ਦੀ ਮੁਰੰਮਤ ਕਰਵਾਉਂਦੇ ਹਨ, ਦੂਜੇ ਮੁਨੀਆਂ ਨੂੰ ਭੋਜਨ ਮੁਹੱਈਆ ਕਰਵਾਉਂਦੇ ਹਨ, ਦਾਨਸ਼ਾਲਾਵਾਂ ਬਣਾਉਂਦੇ ਹਨ। ਇਹ ਗੱਦੇ-ਤਕਿਆਂ ਉੱਤੇ ਬੈਠਦੇ ਹਨ। ਪਾਲਕੀਆਂ ਵਿੱਚ ਚੱਲਣ ਵੇਲੇ ਇਨ੍ਹਾਂ ਤੇ ਛੱਤਰ ਟੰਗੇ ਜਾਂਦੇ ਹਨ ਅਤੇ ਚੌਰੀਆਂ ਘੁਮਾਈਆਂ ਜਾਂਦੀਆਂ ਹਨ। ਕਾਰਕਲ ਮੱਠ ਦੇ ਪ੍ਰਮੁਖ ਮਹਾਪਿਪਤਿ ਲਲਿਤਕੀਰਤਿ ਇਸ ਪ੍ਰਕਾਰ ਦੇ ਭੱਟਾਰਕ ਸਨ, ਜੋ ਸੰਨ 1907 ਵਿੱਚ ਮੌਜੂਦ ਸਨ।[66]

**ਦਿਗੰਬਰ ਤੇਰਾ ਪੰਥ** - ਚੈਤਜ (ਮਠ) ਵਾਸੀਆਂ ਦਾ ਵਿਰੋਧ ਜਿਵੇਂ ਸ੍ਵੇਤਾਂਬਰ ਸੰਪ੍ਰਦਾਇ ਵਿੱਚ ਵਿਧੀ ਮਾਰਗ ਦੇ ਵਿਦਵਾਨਾਂ ਵੱਲੋਂ ਕੀਤੇ ਜਾਣ ਕਾਰਨ "ਸਥਾਨਕ ਵਾਸੀ ਸ੍ਵੇਤਾਂਬਰ ਜੈਨ ਸੰਪ੍ਰਦਾਇ" ਹੋਂਦ ਵਿੱਚ ਆਇਆ, ਲਗਭਗ ਉਸੇ ਰੂਪ ਵਿੱਚ ਚੈਤਜਵਾਸੀ ਭੱਟਾਰਕਾਂ ਦਾ ਵਿਰੋਧ ਕਰਨ ਵਾਲਿਆਂ ਨੇ "ਦਿਗੰਬਰ ਸੰਪ੍ਰਦਾਇ" ਵਿੱਚ "ਤੇਰਾ ਪੰਥ" ਦੀ ਬੁਨਿਆਦ ਧਰੀ। "ਤੇਰਾਂ ਪੰਥ" ਦੇ ਪੈਰੋਕਾਰ (Followers) ਪ੍ਰਾਚੀਨ ਕਾਲ ਤੋਂ ਟੁਰੇ ਆ ਰਹੇ ਕਠੋਰ ਨਿਯਮਾਂ ਦੀ ਪਾਲਣਾ ਕਰਨਾ ਆਪਣਾ ਧਰਮ ਮੰਨਦੇ ਹਨ। ਉਨ੍ਹਾਂ ਦਾ ਮਤ ਹੈ ਕਿ ਜੰਗਲਾਂ ਵਿੱਚ ਨਿਵਾਸ ਕਰਨ ਵਾਲੇ ਹੀ ਸੱਚੇ ਮੁਨੀ ਹਨ।[67] "ਤੇਰਾਂ ਪੰਥ" ਦੇ ਮੋਢੀ ਬਾਰੇ ਵੇਰਵਾ ਇਸ ਪ੍ਰਕਾਰ ਹੈ :

"ਸੰਨ 1626 ਵਿੱਚ ਪੰਡਿਤ ਬਨਾਰਸੀ ਦਾਸ ਨੇ ਆਗਰਾ ਵਿਖੇ ਜਿਸ ਸ਼ੁੱਧ ਆਮਨਾਯ ਦਾ ਪ੍ਰਚਾਰ ਕੀਤਾ, ਉਹ ਅਗਾਂਹ ਚਲ ਕੇ 'ਤੇਰਾਂ ਪੰਥ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਜਦੋਂ 'ਤੇਰਾਂ ਪੰਥ' ਨਾਂ ਪ੍ਰਚੱਲਤ ਹੋ ਗਿਆ ਤਾਂ ਭੱਟਾਰਕਾਂ ਦਾ ਪੁਰਾਣਾ ਮਾਰਗ 'ਬੀਸ ਪੰਥ' ਅਖਵਾਉਣ ਲਗ ਪਿਆ। ਸਥਾਨਕਵਾਸੀਆਂ ਦੇ 'ਤੇਰਾਂ ਪੰਥ' ਨੂੰ ਇਸ ਤੋਂ ਵੱਖ ਸਮਝਣਾ ਚਾਹੀਦਾ ਹੈ। 'ਗੁਮਾਨ ਪੰਥੀ' ਅਤੇ 'ਤੋਤਾ ਪੰਥੀ' ਨਾਂ ਵਾਲੇ ਉਪ-ਸੰਪ੍ਰਦਾਇ ਵੀ ਦਿਗੰਬਰ ਸੰਪ੍ਰਦਾਇ ਵਿੱਚ ਪ੍ਰਚੱਲਤ ਸਨ।[68]"

**ਸ੍ਵੇਤਾਂਬਰ ਤੇਰਾਂ ਪੰਥ** - 'ਤੇਰਾਂ ਪੰਥ' ਨਾਂ ਬੜਾ ਭੁਲੇਖੇ ਵਾਲਾ ਹੈ। ਇਸੇ ਨਾਂ ਦਾ ਇੱਕ ਉਪ-ਸੰਪ੍ਰਦਾਇ ਸ੍ਵੇਤਾਂਬਰ ਸੰਪ੍ਰਦਾਇ ਵਿੱਚ ਵੀ ਵਿਦਮਾਨ ਹੈ। ਇਸ ਬਾਰੇ ਇੱਕ ਵਿਦਵਾਨ ਦੇ ਵਿਚਾਰ ਇੰਨ ਬਿੰਨ ਪੇਸ਼ ਹਨ :

"... ਮੂਲ "ਲੋਂਕਾਗੱਛ ਜਾਂ ਸਥਾਨਕਵਾਸੀ ਸੰਪ੍ਰਦਾਇ" ਸੰਨ 1760 ਤਕ ਉਵੇਂ

ਜਿਵੇਂ ਬਣਿਆ ਰਿਹਾ। ਉਸੇ ਸਾਲ ਸ਼੍ਵੇਤਾਂਬਰ ਬਰਾਦਰੀ (Shivetambar Community) ਵਿੱਚ ਮਹੱਤਵਪੂਰਨ ਸੁਧਾਰਵਾਦੀ ਲਹਿਰ (Reform movement) ਸ਼ੁਰੂ ਹੋਈ। ਮਾਰਵਾੜ ਇਲਾਕੇ (ਰਾਜਸਥਾਨ) ਦੇ ਭੀਖਨ ਜੀ ਨਾਂ ਦੇ ਇੱਕ ਓਸਵਾਲ ਸਾਧੂ ਨੇ 'ਤੇਰਾਂ ਪੰਥੀ ਸੰਪ੍ਰਦਾਇ' ਦੀ ਸਥਾਪਨਾ ਸਥਾਨਕਵਾਸੀਆਂ ਵਿੱਚੋਂ (Terapanthi sect out of the Sthanakavasis) ਕੀਤੀ। 'ਤੇਰਾਂ ਪੰਥੀ' ਨਾਂ ਦੀ ਉਤਪੱਤੀ ਬਾਰੇ ਬਹੁਤ ਸਾਰੀਆਂ ਲੋਕ ਗਾਥਾਵਾਂ (Legends) ਪ੍ਰਚੱਲਤ ਹਨ। ਇੱਕ ਇਹ ਹੈ ਕਿ ਤੇਰਾਂ ਪੰਥੀ ਜੈਨ ਧਰਮ ਦੇ 13 ਮੁੱਖ ਸਿੱਧਾਂਤਾਂ (Thirteen principal tenets of Jainism) ਨੂੰ ਅਪਣਾਉਣ ਉੱਤੇ ਦ੍ਰਿੜ੍ਹ ਵਿਸ਼ਵਾਸ ਰੱਖਦੇ ਹਨ। ਇਹ ਹਨ 5 ਮਹਾਵ੍ਰਤ (Five Vows), 5 ਸਮਿਤੀਆਂ (Five rules of conducts) ਅਤੇ 3 ਗੁਪਤੀਆਂ (Control of mind, body and speech)। ਤੇਰਾਂ ਪੰਥੀਆਂ ਦੇ ਸੁਧਾਰਾਂ (Reforms) ਨੂੰ ਸਵੀਕਾਰ ਨਾ ਕਰਨ ਵਾਲੇ ਸਥਾਨਕਵਾਸੀਆਂ ਨੂੰ ਵੇਸਟੋਲਾ (va-is-tola) ਸੱਦਿਆ ਜਾਂਦਾ ਹੈ।[69]

"ਤੇਰਾਂ ਪੰਥ" ਅਜੇ ਵੀ ਇੱਕ ਜਾਨਦਾਰ ਲਹਿਰ (vigorous movement) ਹੈ। ਇਸ ਦੀ ਸ਼ਕਤੀ ਦਾ ਇੱਕ ਕਾਰਨ ਇਹ ਹੈ ਕਿ ਇਸ ਦੇ ਮੋਢੀ (Founder) ਭੀਖਨ ਜੀ ਨੇ ਇਹ ਨਿਯਮ ਬਣਾਇਆ ਸੀ ਕਿ ਪੰਥ ਦਾ ਇੱਕੋ ਆਚਾਰੀਆ (Leader) ਹੋਣਾ ਚਾਹੀਦਾ ਹੈ। ਇਸੇ ਕਾਰਨ "ਤੇਰਾਂ ਪੰਥ" ਵਿੱਚ ਵੰਡੀਆਂ (Schisms) ਦੇ ਮੌਕੇ ਘੱਟ ਹਨ। ਇਸ ਪੰਥ ਦੇ ਨੌਵੇਂ ਆਚਾਰੀਆ ਤੁਲਸੀਰਾਮ ਜੀ ਦਾ ਜਨਮ ਸੰਨ 1914 ਵਿੱਚ ਹੋਇਆ ਸੀ।[70] ਇਹੋ ਆਚਾਰੀਆ ਤੁਲਸੀ ਜੀ 'ਮਹਾਪ੍ਰਗਜ' ਦੀ ਉਪਾਧੀ (Title) ਨਾਲ ਜਾਣੇ ਜਾਂਦੇ ਹਨ। ਇਨ੍ਹਾਂ ਦੇ ਆਸ਼ੀਰਵਾਦ ਨਾਲ ਹੀ ਲਾਡਨੂੰ (ਜ਼ਿਲ੍ਹਾ ਨਾਗੌਰ, ਰਾਜਸਥਾਨ) ਵਿਖੇ "ਜੈਨ ਵਿਸ਼ਵ ਭਾਰਤੀ" ਨਾਂ ਦੀ ਯੂਨੀਵਰਸਿਟੀ ਚਲ ਰਹੀ ਹੈ। ਇਸ ਵਿੱਚ ਹੋਰ ਵਿਭਾਗਾਂ (Departments) ਤੋਂ ਅਲਾਵਾ "ਸਮਣ ਸੰਸਕ੍ਰਿਤਿ ਸੰਕਾਯ" (Faculty of Jain Culture) ਵੱਲੋਂ "ਜੈਨ ਵਿੱਦਿਆ ਪਰੀਖਿਆ" ਦੇ ਅਧੀਨ ਕਈ ਪਾਠਕ੍ਰਮ (course) ਚਲ ਰਹੇ ਹਨ। ਤੇਰਾਂ ਪੰਥੀ ਸਮਾਜ ਵਿੱਚ ਅੱਜ ਕੱਲ੍ਹ ਮੁਨੀ ਰਾਕੇਸ਼ ਕੁਮਾਰ ਜੀ ਅਤੇ ਸੁਧਾਕਰ ਜੀ ਨੇ ਵੀ ਖ਼ੂਬ ਨਾਮਣਾ ਖੱਟਿਆ ਹੈ। 'ਜੈਨ ਵਿਸ਼ਵ ਭਾਰਤੀ' ਦੇ ਮੁੱਖੀ ਅੱਜ ਕੱਲ੍ਹ ਸ੍ਰੀ ਸਿੱਧ ਰਾਜ ਭੰਡਾਰੀ ਹਨ। ਮਹਾਪ੍ਰਗਜ ਤੁਲਸੀ ਜੀ ਦੇ 'ਤੇਰਾਂ ਪੰਥ' ਦਾ ਇੱਕ ਹੋਰ ਨਾਂ "ਅਣੁਵ੍ਰਤ ਆਂਦੋਲਨ" ਵੀ ਹੈ।

**ਜਾਤਾਂ** (Castes) **ਤੇ ਆਧਾਰਿਤ ਸੰਘ** - ਸੋਲਵੀਂ ਸਦੀ ਦੇ ਲਗਭਗ ਦਿਗੰਬਰ ਪੰਥੀ ਭੱਟਾਰਕਾਂ ਨੇ ਜਾਤਾਂ ਦੇ ਆਧਾਰ ਉੱਤੇ ਵੀ "ਸੰਘ" ਬਣਾਏ। ਇਹ ਹਨ ਚਤੁਰਥ (ਖੇਤੀ ਤੇ ਜ਼ਮੀਂਦਾਰੀ ਕਰਨ ਵਾਲੇ) ; ਕਾਸਾਰ ਜਾਂ ਵੋਗਾਰ (ਕਾਂਸੀ ਜਾਂ ਪਿੱਤਲ ਦੇ ਭਾਂਡੇ ਬਣਾਉਣ ਵਾਲੇ) ; ਸੇਤਵਾਲ (ਕੱਪੜੇ ਵੇਚਣ ਵਾਲੇ ਜਾਂ ਕੱਪੜੇ ਸੀਉਣ ਵਾਲੇ) ; ਪੰਚਮ (ਜਿਹੜੇ ਆਪਣੇ ਪੁਰਾਣੇ ਬੰਦਿਆਂ ਨਾਲ ਲੱਗੇ ਰਹੇ)।[71]

## ਟਿੱਪਣੀਆਂ ਤੇ ਹਵਾਲੇ

1. ਇਹ 'ਜਿਨ' ਸ਼ਬਦ "ਜਿੰਨ" (Ghost) ਤੋਂ ਵੱਖਰਾ ਹੈ। ਜੈਨੀਆਂ ਵਾਲੇ 'ਜਿਨ' ਸ਼ਬਦ ਵਿੱਚ ਟਿੱਪੀ ( ੰ ) ਦੀ ਵਰਤੋਂ ਨਹੀਂ ਹੋਈ ਹੈ, ਇਹ ਗੱਲ ਵਿਸ਼ੇਸ਼ ਰੂਪ ਵਿੱਚ ਧਿਆਨ ਦੇਣ ਯੋਗ ਹੈ।
2. (ੳ) ਨਾਗਰੀ ਪ੍ਰਚਾਰਿਣੀ ਸਭਾ ਵੱਲੋਂ ਪ੍ਰਕਾਸ਼ਿਤ *ਹਿੰਦੀ ਵਿਸ਼ਵਕੋਸ਼*, ਜਿਲਦ ਪੰਜਵੀਂ, ਪੰਨਾ 47

(ਖ) ਡਾ. ਮਧੁਲਿਕਾ ਬਾਜਪੇਜੀ : *ਮਧਜ ਪ੍ਰਦੇਸ਼ ਮੇਂ ਜੈਨ ਧਰਮ ਕਾ ਵਿਕਾਸ*, ਪੰਨਾ 60 (ਪ੍ਰਾਕ੍ਰਿਤ ਭਾਰਤੀ ਅਕਾਦਮੀ, ਜੈਪੁਰ, ਸੰਨ 1993)।

3. (a) Tirathkra or Tirthankara : one, who has crossed over (Tiryate Anena) - that is, the ocean.
(b) Kevali - the possessor of Kevala or spiritual nature, free from its investing sources of error.
(c) Arhat is one entitled to the homage of gods is men.
(d) Jina - the victor of all human passions & infirmities.
- Hemachandra : Abhidhan chintamani, Ch. I, Verse 24-25 quoted by Chaman Lal J. Shah : Jainism in North India (800 B.C - A.D. 526) ; Page 2-3 [A. Sagar Book House, New Delhi ; 1989].

4. Chaman Lal J. Shah : Jainism in North India (800 B.C.- A.D. 526), Page 2-3.

5-6. ਡਾ. ਮਧੁਲਿਕਾ ਬਾਜਪੇਜੀ : *ਮਧਜ ਪ੍ਰਦੇਸ਼ ਮੇਂ ਜੈਨ ਧਰਮ ਕਾ ਵਿਕਾਸ*, ਪੰਨਾ 60।

7. Vijyadhar Suri : Bhandarkar commemoration volume, page 139 (Poona, 1917).

8. ਇਨ੍ਹਾਂ 24 ਤੀਰਥੰਕਰਾਂ ਵਿਚਕਾਰ ਲੱਖਾਂ ਕਰੋੜਾਂ ਵਰ੍ਹਿਆਂ ਦਾ ਅੰਤਰ ਦੱਸਿਆ ਜਾਂਦਾ ਹੈ। ਪਰ ਸਾਰੇ ਹੀ ਤੀਰਥੰਕਰ ਦਾ ਜਨਮ ਕਸ਼ਤ੍ਰੀ (ਖੱਤਰੀ) ਕੁਲ ਵਿੱਚ ਹੋਇਆ ਮੰਨਿਆ ਜਾਂਦਾ ਹੈ.... ਰਿਸ਼ਭ ਦੇਵ ਅਜੁਧਿਆ ਦੇ ਨਿਵਾਸੀ ਸਨ। ਬੰਗਾਲ ਵਿੱਚ ਰਿਸ਼ਭ ਦੀ ਉਪਾਸਨਾ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਅਵਧੂਤ (ਪਰਮ ਤਿਆਗੀ ਯੋਗੀ) ਮੰਨਿਆ ਗਿਆ ਹੈ। ਨਾਥ ਸੰਪ੍ਰਦਾਇ ਵਿੱਚ ਇਨ੍ਹਾਂ ਨੂੰ ਹੀ 'ਆਦਿਨਾਥ' ਸੱਦਿਆ ਅਤੇ ਆਦਿ-ਗੁਰੂ ਮੰਨਿਆ ਗਿਆ ਹੈ। .... ਭਗਵਾਨ ਮਹਾਵੀਰ ਮਹਾਤਮਾ ਬੁੱਧ ਦੇ ਸਮਕਾਲੀ ਸਨ। - ਨਾਗਰੀ ਪ੍ਰਚਾਰਿਣੀ ਸਭਾ ਵਾਰਾਣਸੀ : ਹਿੰਦੀ ਵਿਸ਼ਵਕੋਸ਼, ਜਿਲਦ ਪੰਜਵੀਂ, ਪੰਨਾ 50।

9. H.T. Colbebrooke : Observations on the Sect of Jains – Miscellaneous Essays, Part II (Madras, 1872)

10. Jorl Charpentier : Uttradhyana (Introduction).

11. A Gurinot : Essai de Bibliographic Jaina (Paris, 1906)

12. (a) *ਕਲਪ ਸੂਤ੍ਰ ਦੀ ਸੁਬੋਧ ਟੀਕਾ*, ਸੂਤ੍ਰ 117
(b) Chaman Lal J. Shah : Jainism in North India (800 B.C. - A.D. 526) page 68.

13. ਡਾ. ਮਧੁਲਿਕਾ ਬਾਜਪੇਈ : *ਮਧਜ ਪ੍ਰਦੇਸ਼ ਮੇਂ ਜੈਨ ਧਰਮ ਕਾ ਵਿਕਾਸ*, ਪੰਨਾ 63।

14. ਨਾਗਰੀ ਪ੍ਰਚਾਰਿਣੀ ਸਭਾ, ਵਾਰਾਣਸੀ : *ਹਿੰਦੀ ਵਿਸ਼ਵਕੋਸ਼*, ਜਿਲਦ ਪੰਜਵੀਂ, ਪੰਨਾ 48।

15. James Bird : Historical Researches, Page 72.

16. Chaman Lal J. Shah : Jainism in North India (800 B.C. - A.D. 526), page 68.

17- (ਕ) ਨਾਗਰੀ ਪ੍ਰਚਾਰਿਣੀ ਸਭਾ, ਵਾਰਾਣਸੀ : *ਹਿੰਦੀ ਵਿਸ਼ਵਕੋਸ਼*, ਜਿਲਦ ਪੰਜਵੀਂ, ਪੰਨਾ 48।

18. (ਖ) A History of the Jains, Page 96.

19. ਨਾਗਰੀ ਪ੍ਰਚਾਰਿਣੀ ਸਭਾ, ਵਾਰਾਣਸੀ : *ਹਿੰਦੀ ਵਿਸ਼ਵਕੋਸ਼*, ਜਿਲਦ ਪੰਜਵੀਂ, ਪੰਨਾ 48।
20-33. A History of the Jains, Page 96-97.
34. ਨਾਗਰੀ ਪ੍ਰਚਾਰਿਣੀ ਸਭਾ, ਵਾਰਾਣਸੀ : *ਹਿੰਦੀ ਵਿਸ਼ਵਕੋਸ਼*, ਜਿਲਦ ਪੰਜਵੀਂ, ਪੰਨਾ 50
35-36. A History of the Jains, Page 96
37. ਪੰ. ਕੈਲਾਸ਼ ਚੰਦ੍ਰ ਸਿੱਧਾਂਤ ਸ਼ਾਸਤ੍ਰੀ : *ਦਕਸ਼ਿਣ ਭਾਰਤ ਮੇਂ ਜੈਨ ਧਰਮ*, ਪੰਨਾ 128-29 (ਭਾਰਤੀਯ ਗਯਾਨਪੀਠ ਪ੍ਰਕਾਸ਼ਨ ; 1967)।
38. (ੳ) ਡਾ. ਨਵਰਤਨ ਕਪੂਰ : *ਭਗਵਾਨ ਸ੍ਰੀ ਬਾਹੁਬਲੀ ਕਾ ਮਹਾ ਮਸਤਕ ਅਭਿਸ਼ੇਕ* (ਹਿੰਦੀ ਟ੍ਰਿਬਯੂਨ, ਚੰਡੀਗੜ੍ਹ, ਫਰਵਰੀ 2005)
(ਖ) ਡਾ. ਨਵਰਤਨ ਕਪੂਰ : *ਦਿਗੰਬਰ ਜੈਨ ਸੰਪ੍ਰਦਾਇ ਦਾ ਮਹਾਕੁੰਭ* (ਰਾਜਸਥਾਨ ਪੱਤ੍ਰਿਕਾ, ਜੈਪੁਰ ; ਫਰਵਰੀ, 2005)
39. A.K. Ray : A History of the Jains, Page 147 (Oxford Uni. Press).
40-42. Ibid, Page 143.
43. *ਰਾਜਸਥਾਨ ਪਤ੍ਰਿਕਾ*, ਜੋਧਪੁਰ ਅੰਕ ਵਿੱਚ ਪੰਨਾ 5 ਉੱਤੇ ਬੁੱਧਵਾਰ, 21 ਦਿਸੰਬਰ, 2005 ਨੂੰ ਪ੍ਰਕਾਸ਼ਿਤ ਸਮਾਚਾਰ।
44. A History of the Jains, Page 144.
45-46. ਨਾਗਰੀ ਪ੍ਰਚਾਰਿਣੀ ਸਭਾ ਵਾਰਾਣਸੀ : *ਹਿੰਦੀ ਵਿਸ਼ਵਕੋਸ਼*, ਜਿਲਦ ਪੰਜਵੀਂ, ਪੰਨਾ 49 ।
47-49. A History of the Jains, P. 146
50. ਨਾਗਰੀ ਪ੍ਰਚਾਰਿਣੀ ਸਭਾ ਵਾਰਾਣਸੀ : *ਹਿੰਦੀ ਵਿਸ਼ਵਕੋਸ਼*, ਜਿਲਦ ਪੰਜਵੀਂ, ਪੰਨਾ 50।
51. A History of the Jains, P. 144.
52. Chaman Lal J. Shah : Jainism in North India (800 B.C. - A.D. 526), Page 75.
53. Ibid, Page 76, foot note no. 1.
54. ਮਹਾਰਾਜਾ ਅਗ੍ਰਸੇਨ ਜੀ ਦੇ 5131ਵੇਂ ਜਨਮ-ਦਿਹਾੜੇ ਤੇ 4 ਅਕਤੂਬਰ, 2005 ਨੂੰ ਰਾਜਸਥਾਨ ਪਤ੍ਰਿਕਾ, ਜੋਧਪੁਰ ਵਿੱਚ ਛਪਿਆ ਵਿਸ਼ੇਸ਼-ਅੰਕ।
55. ਜੋਧਪੁਰ ਦੇ ਨਿਵਾਸੀ ਸ੍ਰੀਮਾਲੀ ਪਰਿਵਾਰਾਂ ਨਾਲ ਗੱਲਬਾਤ ਕਰਨ ਤੇ ਸਾਨੂੰ ਇਹ ਤੱਥ (Facts) ਪ੍ਰਾਪਤ ਹੋਏ ਹਨ।
56. (ੳ) ਕਾਸ਼ੀ ਨਾਗਰੀ ਪ੍ਰਚਾਰਿਣੀ ਸਭਾ, *ਵਾਰਾਣਸੀ ਵਾਲਾ ਹਿੰਦੀ ਵਿਸ਼ਵਕੋਸ਼*, ਪੰਜਵੀਂ ਜਿਲਦ, ਪੰਨਾ 49।
(ਖ) ਪੰ. ਕੈਲਾਸ਼ ਚੰਦ ਸਿੱਧਾਂਤ ਸ਼ਾਸਤ੍ਰੀ : *ਦਕਸ਼ਿਣ ਭਾਰਤ ਮੇਂ ਜੈਨ ਧਰਮ* , ਪੰਨਾ 173।
57-60. ਪੰ. ਕੈਲਾਸ਼ ਚੰਦ੍ਰ ਸਿੱਧਾਂਤ ਸ਼ਾਸਤ੍ਰੀ : *ਦਕਸ਼ਿਣ ਭਾਰਤ ਮੇਂ ਜੈਨ ਧਰਮ*, ਪੰਨਾ 173।
61. ਨਾਗਰੀ ਪ੍ਰਚਾਰਿਣੀ ਸਭਾ, *ਵਾਰਾਣਸੀ ਵਾਲਾ ਹਿੰਦੀ ਵਿਸ਼ਵਕੋਸ਼*, ਪੰਜਵੀਂ ਜਿਲਦ, ਪੰਨਾ 49 ।
62. A History of Jains, Page 127.
63. (a) Monier Williams : Sanskrit - English Dictionary, P. 849.
(b) A.N. Upadhyaya's Essay Yapniya Sangha - a Jain Sect; Bombay University Journal, May 1933.
64. (ੳ) ਕਾਸ਼ੀ ਨਾਗਰੀ ਪ੍ਰਚਾਰਿਣੀ ਸਭਾ, *ਵਾਰਾਣਸੀ ਵਾਲਾ ਹਿੰਦੀ ਵਿਸ਼ਵਕੋਸ਼*, ਪੰਜਵੀਂ ਜਿਲਦ, ਪੰਨਾ 49 ।

(ਖ) ਇਸੇ ਤਰ੍ਹਾਂ ਸਥਾਨਕਵਾਸੀ (ਸ਼੍ਵੇਤਾਂਬਰ) ਜੈਨੀਆਂ ਦੇ ਇੱਕ ਹੋਰ ਸੰਪ੍ਰਦਾਇ ਦਾ ਨਾਂ 'ਬੱਤੀਸੀ' ਵੀ ਧਰਿਆ ਗਿਆ ਹੈ, ਕਿਉਂਕਿ ਉਸ ਦੇ ਮੁਨੀ (Saints) ਸ਼੍ਵੇਤਾਂਬਰ ਦੇ 45 ਧਰਮ ਗ੍ਰੰਥਾਂ ਵਿੱਚੋਂ ਕੇਵਲ 32 ਨੂੰ ਹੀ ਪ੍ਰਮਾਣਿਕ ਮੰਨਦੇ ਹਨ।
... A History of the Jains, Page 146.

65. ਰਾਜਸਥਾਨ ਪਤ੍ਰਿਕਾ, ਜੋਧਪੁਰ ਵਿਖੇ 21 ਜਨਵਰੀ, 2006 ਨੂੰ ਸ੍ਰਵਣ ਬੇਲ ਗੋਲਾ ਵਿਖੇ ਮਨਾਏ ਜਾ ਰਹੇ ਮਹਾ - ਮਸਤਕ ਅਭਿਸ਼ੇਕ ਸੰਬੰਧੀ ਇਸ਼ਤਿਹਾਰ (Advertisement)

66-68. ਕਾਸ਼ੀ ਨਾਗਰੀ ਪ੍ਰਚਾਰਿਣੀ ਸਭਾ, *ਵਾਰਾਣਸੀ ਵਾਲਾ ਹਿੰਦੀ ਵਿਸ਼ਵਕੋਸ਼*, ਪੰਜਵੀਂ ਜਿਲਦ, ਪੰਨਾ 49 ।

69. (a) A History of the Jains, Page 146.
(b) ਸਾਡਾ ਵਿਚਾਰ ਹੈ ਕਿ 'ਵੇਸ਼ ਟੋਲਾ' ਸ਼ਬਦ ਕੇਵਲ ਚਿੱਟੇ ਕੱਪੜੇ ਧਾਰਨ (ਸੰਸਕ੍ਰਿਤ ਸ਼ਬਦ 'ਵੇਸ਼' ਕਰਨ ਵਿੱਚ ਵਿਸ਼ਵਾਸ ਰੱਖਣ ਵਾਲਾ 'ਟੋਲਾ' (Group) ਦਾ ਬੋਧਕ ਹੈ।

70. A History of the Jains, Page 146.

71. (ਕ) ਪੰ. ਕੈਲਾਸ਼ ਚੰਦ੍ਰ ਸਿੱਧਾਂਤ ਸਾਸ਼ਤ੍ਰੀ : *ਦਕਸ਼ਿਣ ਭਾਰਤ ਮੇਂ ਜੈਨ ਧਰਮ*, ਪੰਨਾ 172.
(ਖ) ਸਿੱਧਾਂਤ ਸਾਸਤ੍ਰੀ ਜੀ ਨੇ ਲਿਖਿਆ ਹੈ ਕਿ 'ਖੇਤੀ' ਦਾ ਪਰਿਆਇਵਾਚੀ ਸ਼ਬਦ (Synonym) 'ਸ਼ੇਤੀ' ਜਾਂ 'ਸ਼ੇਤਕੀ' ਮਰਾਠੀ ਭਾਸ਼ਾ ਦਾ ਸ਼ਬਦ ਹੈ, ਜਿਸ ਤੋਂ 'ਸ਼ੇਤਵਾਲ' ਸ਼ਬਦ ਬਣਿਆ ਹੈ। ਉਨ੍ਹਾਂ ਨੇ ਖੇਤੀ ਕਰਨ ਵਾਲਿਆਂ ਨੂੰ ਅਤੇ ਜ਼ਮੀਂਦਾਰਾਂ (ਪਾਟਲੀ) ਨੂੰ ਇੱਕ ਥਾਂ ਤੇ 'ਚਤੁਰਥ' ਵੀ ਲਿਖਿਆ ਹੈ। ਇਸ ਪ੍ਰਕਾਰ 'ਖੇਤੀ' ਕਰਨ ਵਾਲਿਆਂ ਨੂੰ ਵੱਖ-ਵੱਖ ਨਾਂਵਾਂ ਵਾਲੇ ਉਪ ਸੰਪ੍ਰਦਾਇਆਂ ਵਿੱਚ ਵੰਡਣ ਦਾ ਕਾਰਨ ਨਹੀਂ ਦੱਸਿਆ।

ਮੈਂ ਉਨ੍ਹਾਂ ਦੇ ਇਸ ਮਤ ਨਾਲ ਸਹਿਮਤ ਹਾਂ ਕਿ ਮਰਾਠੀ ਵਿੱਚ 'ਖੇਤੀ' (Agriculture) ਲਈ 'ਸ਼ੇਤੀ' ਸ਼ਬਦ ਵਰਤਿਆ ਜਾਂਦਾ ਹੈ ਅਤੇ ਖੇਤੀ ਕਰਨ ਵਾਲਿਆਂ ਨੂੰ ਸ਼ੇਤਕਰੀ (Agriculturist) ਸੱਦਿਆ ਜਾਂਦਾ ਹੈ। ਜਿੱਥੇ ਤਈਂ 'ਕਾਸਾਰ' (ਕਾਂਸੇ ਜਾਂ ਪਿੱਤਲ ਦੇ ਭਾਂਡੇ ਬਣਾਉਣ ਵਾਲਿਆਂ) ਦਾ ਸੰਬੰਧ ਹੈ, ਇਹ ਪੁਆਧੀ (ਪਟਿਆਲੇ ਦੀ ਬੋਲੀ) ਵਿੱਚ 'ਕਸੇਰਾ' ਬਣ ਗਿਆ ਹੈ। 'ਭਾਬੜਿਆਂ ਦੇ ਚੌਂਕ' ਬਾਰੇ ਜੋ ਵੇਰਵੇ ਮੈਂਨੇ ਉੱਪਰ ਦਿੱਤੇ ਹਨ (ਵੇਖੋ : ਗ਼ੈਰ-ਮੂਰਤੀ ਪੂਜਕ ਸ਼੍ਵੇਤਾਂਬਰ ਜਾਂ ਸੁਧਾਰਵਾਦੀ (Protestants or Puritans) ਉਸੇ ਚੌਂਕ (Circle, Round about) ਦਾ ਇੱਕ ਹੋਰ ਨਾਂ "ਕਸੇਰਿਆਂ ਦਾ ਚੌਂਕ" ਵੀ ਹੈ। ਇਸ ਚੌਂਕ ਦੇ ਸੱਜੇ ਪਾਸੇ ਕਿਲਾ ਮੁਬਾਰਕ ਦੀ ਕੰਧ ਕੋਲ ਭਾਂਡੇ ਬਣਾਉਣ ਵਾਲਿਆਂ ਦੀਆਂ ਭੱਠੀਆਂ ਹਨ। 'ਕਰਨਾਟਕ' ਤੋਂ 'ਕਾਸਾਰ' ਸ਼ਬਦ ਕਿਵੇਂ ਪੰਜਾਬ ਵਿੱਚ 'ਕਸੇਰਾ' ਬਣ ਕੇ ਪਹੁੰਚਿਆ, ਇਹ ਸਮਾਜ ਸ਼ਾਸਤਰੀਆਂ (Sociologists) ਅਤੇ ਭਾਸ਼ਿਕੀ ਦੇ ਵਿਦਵਾਨਾਂ (Linguists) ਲਈ ਸੁਆਦਲੀ ਖੋਜ ਦਾ ਵਿਸ਼ਾ ਹੈ।

ਮੇਰਾ ਨਿੱਮਰ ਵਿਚਾਰ ਹੈ ਕਿ ਭੱਟਾਰਕਾਂ ਦਾ ਉੱਦੇਸ਼ ਆਪਣੇ ਪੈਰੋਕਾਰਾਂ (Followers) ਵਿੱਚ ਕੋਈ ਵੰਡੀਆਂ (Divisions) ਪਾਉਣਾ ਨਹੀਂ ਸੀ। ਉਨ੍ਹਾਂ ਨੇ ਤਾਂ ਇਹ ਸ਼ਬਦ ਕੇਵਲ ਕਿੱਤਿਆਂ (Professions) ਦੇ ਆਧਾਰ ਤੇ ਸ਼ਰਧਾਲੂਆਂ ਨੂੰ ਪਛਾਨਣ ਲਈ ਰੱਖੇ ਸਨ। ਪਰ ਅਗਾਂਹ ਚਲ ਕੇ ਉਹ ਨਾਂ ਜਾਤੀਵਾਚਕ (Caste Based) ਬਣ ਗਏ। ਭਾਵੇਂ ਬਹੁਤ ਸਾਰੇ ਜੈਨੀਆਂ (ਦਿਗੰਬਰ ਮਤ ਵਾਲਿਆਂ) ਨੇ ਹੋਰ ਪੇਸ਼ੇ (Profession) ਅਪਣਾ ਲਏ ਹਨ, ਪਰ ਉਨ੍ਹਾਂ ਦੇ ਜਾਤੀਵਾਚਕ ਨਾਂਵਾਂ ਦੀ ਵਰਤੋਂ ਉਵੇਂ ਜਿਵੇਂ ਹੁਣ ਵੀ ਕੀਤੀ ਜਾਂਦੀ ਹੈ।

# ਬੁੱਧ ਧਰਮ ਦੇ ਸੰਪ੍ਰਦਾਇ

ਡਾ. ਬਾਲਮੀਕੀ ਪ੍ਰਸ਼ਾਦ*

"ਯੰ ਮਯਾ ਸਾਵਕਾਨੰ ਸਿੱਖਾਪਦੰ ਪੰਞਤੰ, ਤੰ ਮੇਂ ਸਾਵਕਾ ਜੀਵਿਤ ਹੇਤੁ ਪਿ ਨਾਤਿੱਕਮੰਤਿ। ਅਰਥਾਤ, 'ਜਿਹੜੇ ਸਿੱਖਿਆ ਪਦਾਂ ਨੂੰ ਮੈਂ ਆਪਣੇ ਚੇਲਿਆਂ ਦੇ ਲਈ ਉਪਦੇਸ਼ਿਤ ਕੀਤਾ ਹੈ, ਉਹਨਾਂ ਦਾ ਉਹ ਆਪਣੀ ਜਾਨ ਵਾਸਤੇ ਵੀ ਕਦੇ ਉਲੰਘਣ ਨਹੀਂ ਕਰਨਗੇ।"[1]

ਭਗਵਾਨ ਬੁੱਧ ਦੇ ਉਪਰੋਕਤ ਕਥਨ ਤੋਂ ਸਪਸ਼ਟ ਹੈ ਕਿ ਉਹਨਾਂ ਨੂੰ ਆਪਣੇ ਦੋਹਾਂ ਸੰਘਾਂ (ਭਿੱਖੂ ਸੰਘ ਅਤੇ ਭਿੱਖੁਣੀ ਸੰਘ) ਵਿੱਚ ਸੰਜਮੀ ਜੀਵਨ ਬਤੀਤ ਕਰ ਰਹੇ ਲੋਕਾਂ ਤੇ ਪੂਰਾ ਵਿਸ਼ਵਾਸ ਸੀ ਕਿ ਉਹਨਾਂ ਦੁਆਰਾ ਦਿੱਤੇ ਸਿੱਖਿਆ ਪਦਾਂ ਨੂੰ ਲੈ ਕੇ ਕਦੇ ਵਿਵਾਦ ਨਹੀਂ ਹੋਵੇਗਾ ਅਤੇ ਸ਼ਾਇਦ ਵਰਤਮਾਨ ਸਮੇਂ ਤੱਕ ਹੋਇਆ ਵੀ ਇਹੀ ਹੈ।

ਉਨੱਤੀ ਵਰ੍ਹਿਆਂ ਤੱਕ ਗ੍ਰਿਹਸਥ ਜੀਵਨ ਬਤੀਤ ਕਰਨ ਉਪਰੰਤ ਰਾਜ ਕੁਮਾਰ ਸਿਧਾਰਥ ਦਾ 'ਮਹਾਭਿਨਿਸ਼ਕਰਮਣ' (ਗ੍ਰਿਹ ਤਿਆਗ) ਹੀ ਇੱਕ ਨਵੇਂ ਮਾਰਗ ਦੇ ਨਿਰਮਾਣ ਦਾ ਇਸ਼ਾਰਾ ਦਿੰਦਾ ਹੈ ਅਤੇ ਉਸਦੀ ਪੂਰਤੀ ਛੇ ਸਾਲਾਂ ਬਾਅਦ ਬੋਧ-ਗਯਾ ਦੇ ਨੇੜੇ ਨਿਰੰਜਨਾ ਨਦੀ ਦੇ ਕੰਢੇ ਉਹਨਾਂ ਨੂੰ ਗਿਆਨ ਦੀ ਪ੍ਰਾਪਤੀ ਹੋ ਜਾਣ ਨਾਲ ਹੋ ਜਾਂਦੀ ਹੈ। ਸਾਰਨਾਥ ਦੇ ਰਿਸ਼ਿਪਤਨ ਮ੍ਰਿਗਦਾਵ (ਹਿਰਨ ਪਾਰਕ) ਵਿੱਚ ਧਰਮ ਚੱਕਰ ਪਰਵਰਤਨ ਅਤੇ ਸੰਘ ਦਾ ਨਿਰਮਾਣ ਅਤੇ ਮਹਾਪਰਿਨਿਰਵਾਣ ਤੱਕ ਅਰਥਾਤ ਪੰਤਾਲੀ ਵਰ੍ਹਿਆਂ ਤੱਕ ਭਗਵਾਨ ਬੁੱਧ ਨੇ ਭਿੱਖੂਆਂ ਅਤੇ ਭਿੱਖੁਣੀਆਂ ਤੇ ਆਪਣਾ ਕੰਟਰੋਲ ਬਣਾਈ ਰੱਖਿਆ ਜਿਸ ਵਿੱਚ ਉਹਨਾਂ ਦਾ ਵਿਅਕਤੀਤਵ ਅਤੇ ਧਰਮ ਉਪਦੇਸ਼ ਦਾ ਸਥਾਨ ਸਭ ਤੋਂ ਉੱਤੇ ਹੈ।

ਗਿਆਨ ਪ੍ਰਾਪਤੀ ਤੋਂ ਮਹਾਪਰਿਨਿਰਵਾਣ ਤਕ ਦੇ ਜੀਵਨ ਕਾਲ ਵਿੱਚ ਕਈ ਘਟਨਾਵਾਂ ਅਜਿਹੀਆਂ ਵਾਪਰੀਆਂ ਜਿਸ ਨਾਲ ਇੱਕ ਨਵੇਂ ਸੰਪਰਦਾ ਦੇ ਜਨਮ ਦਾ ਅਭਾਸ ਹੁੰਦਾ ਹੈ ਪਰੰਤੂ ਜੇਕਰ ਉਹਨਾਂ ਦੇ ਜੀਵਨ ਕਾਲ ਦੀਆਂ ਘਟਨਾਵਾਂ ਨੂੰ ਬੀਕਾ ਰੂਪ ਮੰਨ ਲਿਆ ਜਾਵੇ ਤਾਂ ਉਹ ਤਥਾਗਤ ਦੇ ਮਹਾਪਰਿਨਿਰਵਾਣ ਦੇ ਲਗਭਗ 110 ਸਾਲ ਬਾਅਦ ਹੀ ਫਲਿਆ। ਤਥਾਗਤ ਦੇ ਜੀਵਨ ਕਾਲ ਵਿੱਚ ਜੋ ਛੋਟੀਆਂ-ਛੋਟੀਆਂ ਘਟਨਾਵਾਂ ਵਾਪਰੀਆਂ ਜਾਂ ਜਦੋਂ ਕਦੇ ਭਿੱਖੂਆਂ ਜਾਂ ਭਿੱਖਣੂਆਂ ਵਿਚਕਾਰ ਕਲਹ-ਵਿਵਾਦ ਹੋਇਆ, ਉਸਦਾ ਨਿਰਾਕਰਨ ਤਥਾਗਤ ਨੇ ਆਪਣੇ ਵਿਅਕਤੀਤਵ ਦੇ ਬਲ ਤੇ ਕਰ ਦਿੱਤਾ ਸੀ। ਤਥਾਗਤ ਦੇ ਜੀਵਨ-ਕਾਲ ਦੀਆਂ ਦੋ ਘਟਨਾਵਾਂ ਪ੍ਰਮੁਖ ਹਨ ਜਿਸ ਵਿੱਚੋਂ ਪਹਿਲੀ ਘਟਨਾ ਦਾ ਸੰਬੰਧ ਕੋਸ਼ਾਂਬੀ ਨਾਮਕ ਸਥਾਨ ਨਾਲ ਹੈ।

ਇਹ ਘਟਨਾ ਉਸ ਸਮੇਂ ਦੀ ਹੈ ਜਦੋਂ ਭਗਵਾਨ ਬੁੱਧ ਕੋਸ਼ਾਂਬੀ ਦੇ ਘੋਸ਼ਿਤਾਰਾਮ ਵਿਚ ਵਿਹਾਰ ਕਰ ਰਹੇ ਸਨ। ਉਸ ਸਮੇਂ ਕੋਸ਼ਾਂਬੀ ਵਿੱਚ ਭਿੱਖੂ ਸੰਘ ਦੋ ਭਾਗਾਂ ਵਿੱਚ ਵੰਡਿਆ ਗਿਆ

* ਸੈਂਟਰ ਫਾਰ ਬੁਧਿਸਟ ਸਟੱਡੀਜ਼, ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਅਤੇ ਵਿਨਯ ਦੇ ਨਿਯਮਾਂ ਨੂੰ ਲੈ ਕੇ ਵਿਵਾਦ ਸ਼ੁਰੂ ਹੋ ਗਿਆ। ਦੋਹਾਂ ਹੀ ਪੱਖਾਂ ਦੇ ਭਿੱਖੂਗਣ ਆਪਣੀ ਹਾਰ ਨਹੀਂ ਮੰਨਣਾ ਚਾਹੁੰਦੇ ਸਨ, ਇਸੇ ਕਾਰਨ ਆਪਸੀ ਸਮਝੌਤਾ ਨਾ ਹੋ ਪਾਇਆ। ਵਿਵਾਦ ਦਾ ਕਾਰਨ ਸੰਘਾਰਾਮ ਵਿੱਚ ਨਿਵਾਸ ਕਰ ਰਹੇ ਦੋ ਭਿੱਖੂ ਸਨ ਜਿਨ੍ਹਾਂ ਵਿੱਚੋਂ ਪਹਿਲਾ ਵਿਨਯਧਰ (ਵਿਨਯਪਟਿਕ ਪਾਠੀ) ਅਤੇ ਦੂਜਾ ਸੋਤ੍ਰਾਂਤਿਕ (ਸੁਤਰਪੀਟਕ ਪਾਠੀ) ਸੀ। ਤਤਕਾਲੀ ਘਟਨਾ ਅਨੁਸਾਰ, ਸੋਤ੍ਰਾਂਤਿਕ ਭਿੱਖੂ ਇਕ ਦਿਨ ਪਖਾਨੇ ਵਿੱਚ ਸ਼ੋਚ ਦੇ ਬਚੇ ਹੋਏ ਜਲ ਨੂੰ ਭਾਂਡੇ ਵਿੱਚ ਹੀ ਛੱਡ ਕੇ ਚਲਾ ਆਇਆ। ਇਸ ਉਪਰੰਤ ਵਿਨਯਧਰ ਭਿੱਖੂ ਪਖਾਨੇ ਵਿੱਚ ਗਿਆ ਅਤੇ ਉਸ ਵਿੱਚ ਬਚੇ ਹੋਏ ਜਲ ਨੂੰ ਭਾਂਡੇ ਵਿੱਚ ਦੇਖਿਆ ਅਤੇ ਬਾਹਰ ਆ ਕੇ ਉਸ ਭਿੱਖੂ ਨਾਲ ਹੇਠਾਂ ਅਨੁਸਾਰ ਵਾਰਤਾਲਾਪ ਕੀਤਾ :-

| | |
|---|---|
| ਵਿਨਯਧਰ - | ਆਵੁਸ ! ਤੂੰ ਇਸ ਜਲ ਛੱਡਿਆ ਹੈ? |
| ਸੋਤ੍ਰਾਂਤਿਕ - | ਹਾਂ ਆਵੁਸ ! |
| ਵਿਨਯਧਰ - | ਤੈਨੂੰ ਇਸ ਵਿੱਚ ਕੋਈ ਮਾੜੀ ਗੱਲ ਨਹੀਂ ਜਾਪਦੀ? |
| ਸੋਤ੍ਰਾਂਤਿਕ - | ਮੈਨੂੰ ਨਹੀਂ ਜਾਪਦੀ। |
| ਵਿਨਯਧਰ - | ਆਵੁਸ ! ਇਹ ਇਤਰਾਜ਼ਯੋਗ ਗੱਲ ਹੈ। |
| ਸੋਤ੍ਰਾਂਤਿਕ - | ਜੇਕਰ ਇਤਰਾਜ਼ਯੋਗ ਹੈ ਤਾਂ ਪ੍ਰਤਿਦੇਸਣਾ (ਮਾਫੀ/ਪਸਚਾਤਾਪ) ਕਰਾਂਗਾ। |
| ਵਿਨਯਧਰ - | ਜੇਕਰ ਤੂੰ ਅਨਜਾਣੇ, ਭੁਲੇਖੇ ਨਾਲ ਕੀਤਾ ਹੈ ਤਾਂ ਕੋਈ ਇਤਰਾਜ਼ ਨਹੀਂ ਹੈ।[2] |

ਇਹਨਾਂ ਗੱਲਾਂ ਨੂੰ ਲੈ ਕੇ ਦੋਹਾਂ ਦੇ ਵਿਚਕਾਰ ਵਿਵਾਦ ਵੱਧ ਗਿਆ। ਇਕ ਦੇ ਅਨੁਸਾਰ ਇਤਰਾਜ਼ ਸੀ ਤੇ ਦੂਜੇ ਅਨੁਸਾਰ ਇਤਰਾਜ਼ ਨਹੀਂ ਸੀ। ਸੰਘਾਰਾਮ ਦੇ ਹੋਰ ਭਿੱਖੂ ਵੀ ਦੋ ਹਿੱਸਿਆਂ ਵਿੱਚ ਵੰਡੇ ਗਏ। ਅਜਿਹਾ ਹੋਣ ਤੇ ਕੁਝ ਭਿੱਖੂਆਂ ਨੇ ਮਿਲਕੇ ਸੋਤ੍ਰਾਂਤਿਕ ਭਿੱਖੂ ਨੂੰ ਇਤਰਾਜ ਨਾ ਦੇਖਣ ਕਰਕੇ ਉਤਛੇਪਣ (ਇਕ ਪ੍ਰਕਾਰ ਦਾ ਦੰਡ) ਕੀਤਾ। ਦੂਜੇ ਪਾਸੇ ਵਿਨਯਧਰ ਨੇ ਕਿਹਾ ਕਿ ਜੇ ਕਰ ਅਨਜਾਣੇ ਵਿੱਚ ਅਜਿਹਾ ਹੋਇਆ ਤਾਂ ਅਪਰਾਧ ਨਹੀਂ ਹੈ। ਇਸ ਲਈ ਲੋਕ ਵਿਨਯਧਰ ਭਿੱਖੂ ਨੂੰ ਮਿਥਿਆਵਾਦੀ ਕਹਿਣ ਲੱਗੇ। ਦੋਵੇਂ ਭਿੱਖੂ ਆਪਣੇ ਪੱਖ ਨੂੰ ਮਜ਼ਬੂਤ ਕਰਨ ਲਈ ਜ਼ਿਆਦਾ ਤੋਂ ਜ਼ਿਆਦਾ ਭਿੱਖੂਆਂ ਨਾਲ ਸੰਪਰਕ ਕਰਨ ਲੱਗੇ। ਜਦੋਂ ਭਗਵਾਨ ਬੁੱਧ ਨੂੰ ਪਤਾ ਲਗਿਆ ਕਿ ਭਿੱਖੂਆਂ ਵਿਚਕਾਰ ਵਿਵਾਦ ਹੋਇਆ ਅਤੇ ਸੰਘ ਵਿਚ ਫੁੱਟ ਪੈ ਗਈ ਤਾਂ ਉਹਨਾਂ ਨੇ ਜਲਦੀ ਹੀ ਭਿੱਖੂਆਂ ਵਿੱਚ ਏਕਤਾ ਲਿਆਉਣ ਦੇ ਮੰਤਵ ਨਾਲ ਸਭ ਤੋਂ ਪਹਿਲਾਂ ਉਤਛੇਪਣ ਕਰਨ ਵਾਲੇ ਭਿੱਖੂਆਂ ਦੇ ਕੋਲ ਜਾ ਕੇ ਕਿਹਾ ਕਿ ਜੇਕਰ ਤੁਹਾਡੇ ਲੋਕਾਂ ਦੇ ਅਜਿਹਾ ਕਰਨ ਨਾਲ ਸੰਘ ਵਿੱਚ ਲੜਾਈ, ਕਲਹ, ਕਲੇਸ਼, ਵਿਵਾਦ, ਸੰਘ ਵਿੱਚ ਫੁੱਟ, ਸੰਘ ਵਿੱਚ ਅਲਗਾਵ ਹੁੰਦਾ ਹੈ ਤਾਂ ਅਜਿਹੀ ਸਥਿਤੀ ਵਿੱਚ ਫੁੱਟ ਨੂੰ ਵੱਡਾ ਸਮਝਦਿਆਂ ਅਪਰਾਧ ਨਾ ਦੇਖਣ ਲਈ ਉਸ ਭਿੱਖੂ ਦਾ ਉਤਛੇਪਣ ਨਹੀਂ ਚਾਹੀਦਾ ਕਿਉਂਕਿ ਉਤਛੇਪਣ ਤੋਂ ਬਾਅਦ ਅਨੇਕ ਪ੍ਰਕਾਰ ਦੀਆਂ ਰੁਕਾਵਟਾਂ ਪੈਦਾ ਹੋਣਗੀਆਂ।

ਇਸ ਤੋਂ ਬਾਅਦ ਭਗਵਾਨ ਬੁੱਧ ਨੇ ਉਤਛੇਪਣ ਕੀਤੇ ਗਏ ਭਿੱਖੂ ਅਤੇ ਉਸਦਾ ਪੱਖ ਲੈਣ ਵਾਲੇ ਕੋਲ ਜਾ ਕੇ ਕਿਹਾ ਕਿ ਜੇਕਰ ਨਿਰਾਪਰਾਧ ਨੂੰ ਅਪਰਾਧ ਮੰਨ ਲੈਣ ਤੇ ਸੰਘ ਵਿੱਚ ਹੋਣ ਵਾਲੇ ਕਲਹ, ਵਿਵਾਦ, ਫੁੱਟ, ਅਲਗਾਵ ਨਹੀਂ ਹੁੰਦਾ ਜਾਂ ਰੁੱਕ ਜਾਂਦਾ ਹੈ ਤਾਂ ਅਜਿਹੀ ਸਥਿਤੀ

ਵਿੱਚ ਨਿਰਾਪਰਾਧ ਨੂੰ ਅਪਰਾਧ ਮੰਨ ਲੈਣਾ ਚਾਹੀਦਾ ਹੈ ਕਿਉਂਕਿ ਮਾਤਰ ਨਿਰਪਰਾਧ ਨੂੰ ਅਪਰਾਧ ਮੰਨ ਲੈਣ ਨਾਲ ਬਹੁਤ ਸਾਰੇ ਭਿੱਖੂ ਦਵੇਖ, ਮੋਹ, ਭੈਅ, ਅਗਤੀ (ਬੁਰੇ ਰਾਹ) ਤੇ ਜਾਣ ਤੋਂ ਬਚ ਸਕਦੇ ਹਨ ਅਤੇ ਅਜਿਹਾ ਕਰਨਾ ਪੁੰਨਕਾਰਕ ਸਾਬਿਤ ਹੋ ਸਕਦਾ ਹੈ। ਪਰੰਤੂ ਭਗਵਾਨ ਦੇ ਸਮਝਾਏ ਜਾਣ ਤੇ ਵੀ ਉਹਨਾਂ ਭਿੱਖੂਆਂ ਤੇ ਕੋਈ ਅਸਰ ਨਾ ਪਿਆ। ਇਸ ਤੋਂ ਵਿਪਰੀਤ ਹਰ ਰੋਜ਼ ਸੰਘ ਵਿੱਚ ਰਹਿੰਦਿਆਂ ਆਪਸੀ ਝਗੜੇ, ਵਿਵਾਦ, ਕਲਹ ਕਰਦੇ ਰਹੇ ਅਤੇ ਇੱਕ ਦੂਜੇ ਨੂੰ ਮੁਖ ਰੂਪੀ ਸ਼ਕਤੀ ਨਾਲ ਗਾਲਾਂ ਕੱਢਦੇ ਰਹੇ। ਵਿਵਾਦ ਦੀ ਇਸ ਹੱਦ ਦਾ ਪਤਾ ਚਲਦਿਆਂ ਭਗਵਾਨ ਨੇ ਆਪ ਆ ਕੇ ਸਮਝਾਇਆ, ਪਰੰਤੂ ਇਕ ਅਧਰਮੀ ਭਿੱਖੂ ਨੇ ਪ੍ਰਤਿਕ੍ਰਿਆ ਵਿਅਕਤ ਕਰਦੇ ਕਿਹਾ - "ਭੰਤੇ! ਭਗਵਾਨ! ਧਰਮ ਸੁਆਮੀ! ਰਹਿਣ ਦਿਉ। ਪਰਵਾਹ ਨਾ ਕਰੋ! ਭੰਤੇ! ਭਗਵਾਨ! ਧਰਮ ਸੁਆਮੀ! ਦ੍ਰਿਸ਼ਟ ਧਰਮ (ਇਸੇ ਜਨਮ) ਦੇ ਸੁੱਖ ਨਾਲ ਵਿਹਾਰ ਕਰੋ। ਅਸੀਂ ਇਸ ਝਗੜੇ, ਕਲਹ, ਵਿਗ੍ਰਹ ਵਿਵਾਦ ਨੂੰ ਸੁਲਝ ਲਵਾਂਗੇ।"[4]

ਉਪਰੋਕਤ ਘਟਨਾ ਤੋਂ ਦੁਖੀ ਹੋ ਕੇ ਭਗਵਾਨ ਬੁੱਧ ਸੰਘ ਨੂੰ ਛੱਡ ਕੁਝ ਦਿਨਾਂ ਲਈ ਇਕਾਂਤ ਵਾਸ ਚਲੇ ਗਏ। ਬਾਅਦ ਵਿੱਚ ਇਸ ਵਿਵਾਦ ਦਾ ਨਿਪਟਾਰਾ ਹੋ ਗਿਆ। ਇਸ ਘਟਨਾ ਦੇ ਜ਼ਿਕਰ ਤੋਂ ਪਤਾ ਚਲਦਾ ਹੈ ਕਿ ਉਹਨਾਂ ਦੇ ਜੀਵਨ ਕਾਲ ਵਿੱਚ ਹੀ ਸੰਘ ਵੰਡ ਦੇ ਨੇੜੇ ਪਹੁੰਚ ਗਿਆ ਸੀ।

ਦੂਜੀ ਘਟਨਾ ਜਿਸਦਾ ਸਬੰਧ ਭਗਵਾਨ ਬੁੱਧ ਦੇ ਚਚੇਰੇ ਭਰਾ ਦੇਵਦੱਤ ਨਾਲ ਹੈ। ਦੇਵਦੱਤ ਦੁਆਰਾ ਕੀਤਾ ਗਿਆ ਸੰਘਭੇਦਕ ਕਾਰਜ ਬੁੱਧ ਜਗਤ ਵਿੱਚ ਅਦੁੱਤੀ ਹੈ। ਦੇਵਦੱਤ ਨੇ ਸੰਘ ਦੇ ਕੰਟਰੋਲ ਦੀ ਇੱਛਾ ਨੂੰ ਇੱਕ ਦਿਨ ਉਜਾਗਰ ਕੀਤਾ। ਜਦੋਂ ਇੱਕ ਦਿਨ ਭਗਵਾਨ ਬੁੱਧ ਰਾਜਾ ਸਹਿਤ ਵੱਡੀ ਪਰਿਸ਼ਦ ਨਾਲ ਘਿਰੇ ਧਰਮ-ਉਪਦੇਸ਼ ਕਰ ਰਹੇ ਸਨ ਤਾਂ ਵਿਨਯਪੀਟਕ ਅਨੁਸਾਰ, ਦੇਵਦੱਤ ਆਸਨ ਤੋਂ ਉੱਠ, ਇੱਕ ਮੋਡੇ ਤੇ ਉੱਤਰਾਸੰਗ (ਅੰਗੋਛਾ) ਕਰਕੇ, ਭਗਵਾਨ ਵੱਲ ਅੰਜੁਲੀ ਜੋੜ ਕੇ ਕਿਹਾ - "ਭੰਤੇ! ਭਗਵਾਨ ਹੁਣ ਜੀਰਣ, ਬਿਰਧ, ਮਹਲਕ, ਅਧੋਗਤ ਬਜ਼ੁਰਗ ਹੋ ਗਏ ਹਨ। ਭੰਤੇ! ਹੁਣ ਭਗਵਾਨ ਨਿਸਚਿੰਤ ਹੋ ਇਸ ਜਨਮ ਦੇ ਸੁੱਖ-ਵਿਹਾਰ ਨਾਲ ਰਹਿਣ। ਭਿੱਖੂ-ਸੰਘ ਨੂੰ ਮੈਨੂੰ ਸੌਂਪ ਦੇਣ। ਮੈਂ ਭਿੱਖੂ ਸੰਘ ਨੂੰ ਗ੍ਰਹਿਣ ਕਰਾਂਗਾ।"[5] ਤਥਾਗਤ ਨੇ ਦੇਵਦੱਤ ਦੀ ਇਸ ਮੰਗ ਨੂੰ ਪੂਰੀ ਤਰ੍ਹਾਂ ਠੁਕਰਾ ਦਿੱਤਾ ਅਤੇ ਉਸਨੂੰ ਦੰਡ ਦਿੱਤਾ। ਆਪਣੀ ਇੱਛਾ ਪੂਰਤੀ ਹੇਤੂ ਉਸਨੇ ਆਪਣੇ ਵੱਡੇ ਪ੍ਰਸ਼ੰਸਕ ਅਜਾਤ ਸ਼ਤਰੂ ਕੁਮਾਰ ਨੂੰ ਕੁਝ ਲੋਭਪੂਰਣ ਗੱਲਾਂ ਸਮਝਾਂਦਿਆਂ ਬਹਿਕਾਂਦਿਆਂ ਕਿਹਾ - ਕੁੰਵਰ ਪਹਿਲੇ ਮਨੁੱਖ ਦੀਰਘ ਆਯੂ ਹੁੰਦੇ ਸਨ ਅਤੇ ਹੁਣ ਅਲਪਆਯੂ। ਹੋ ਸਕਦਾ ਹੈ ਕਿ ਤੂੰ ਕੁੰਵਰ ਰਹਿੰਦਿਆਂ ਹੀ ਮਰ ਜਾਵੇਂ। ਸੁਣ ਕੁੰਵਰ ਤੂੰ ਆਪਣੇ ਪਿਤਾ ਨੂੰ ਮਾਰ ਕੇ ਰਾਜਾ ਹੋ ਜਾ, ਮੈਂ ਭਗਵਾਨ ਬੁੱਧ ਨੂੰ ਮਾਰ ਕੇ ਬੁੱਧ ਹੋ ਜਾਵਾਂਗਾ।"[6]

ਆਪਣੀ ਇਸ ਇੱਛਾ ਪੂਰਤੀ ਹੇਤੂ ਦੇਵਦੱਤ ਨੇ ਅਨੇਕ ਯਤਨ ਕੀਤੇ ਅਤੇ ਜਦੋਂ ਸਾਰਿਆਂ ਵਿੱਚ ਅਸਫਲ ਰਿਹਾ ਤਾਂ ਸੰਘ ਵਿੱਚ ਫੁੱਟ ਪਾਉਣ ਲਈ ਕੋਕਾਲਿਕ ਕਟਮੋਰ ਤਿੱਸਕ ਅਤੇ ਖੰਡਦੇਵੀ ਪੁੱਤਰ ਸਮੁੰਦਰ ਦੱਤ ਤੋਂ ਸਹਾਇਤਾ ਮੰਗੀ। ਉਸ ਨੇ ਭਗਵਾਨ ਕੋਲ ਜਾ ਕੇ ਪੰਜ ਵਸਤੂਆਂ ਦੀ ਮੰਗ ਕੀਤੀ (ਭਿੱਖੂਆਂ ਨਾਲ ਸੰਬੰਧਿਤ) ਜਿਸਨੂੰ ਭਗਵਾਨ ਨੇ ਅਸਵੀਕਾਰ ਕਰ ਦਿੱਤਾ। ਫੇਰ ਦੇਵਦੱਤ ਨੇ ਭਿੱਖੂ ਸੰਘ ਤੋਂ ਵੱਖ ਹੀ ਉਪੋਸਥ, ਸੰਘਕਰਮ ਕਰਨ ਦਾ ਨਿਸਚਾ ਕੀਤਾ ਅਤੇ ਘੋਸ਼ਣਾ ਕੀਤੀ ਕਿ ਜਿਸ ਆਯੁਸ਼ਮਾਨ ਨੂੰ ਉਸਦੀਆਂ ਪੰਜ ਗੱਲਾਂ ਪਸੰਦ ਹੋਣ, ਉਹ ਸ਼ਲਾਕਾ ਗ੍ਰਹਿਣ ਕਰੇ। ਵੈਸ਼ਾਲੀ ਦੇ ਪੰਜ ਸੌ ਵਜਿਪੁੱਤਕ ਭਿੱਖੂਆਂ ਨੇ ਦੇਵਦੱਤ ਦਾ ਸਾਥ ਦਿੱਤਾ ਅਤੇ ਉਹ ਉਹਨਾਂ ਨੂੰ ਲੈ ਕੇ ਜਯਾਸੀਸ

(ਬ੍ਰਹਮਜੋਨੀ ਪਰਬਤ, ਗਯਾ) ਚਲਾ ਗਿਆ। ਅਰਥਾਤ ਉਸਨੇ ਭਗਵਾਨ ਬੁੱਧ ਦੇ ਕਾਲ ਵਿੱਚ ਹੀ ਵੱਖਰੇ ਸੰਘ ਦਾ ਨਿਰਮਾਣ ਕਰ ਦਿੱਤਾ ਸੀ। ਹਾਲਾਂਕਿ ਉਹ ਜ਼ਿਆਦਾ ਸਮਾਂ ਫਲ-ਫੁਲ ਨਾ ਸਕਿਆ।

ਤਥਾਗਤ ਦੇ ਮਹਾਪਰਿਨਿਰਵਾਣ ਦੇ ਕੇਵਲ ਤਿੰਨ ਮਹੀਨੇ ਬਾਅਦ ਪਹਿਲੀ ਸੰਗਤ ਹੋਈ ਜਿਸ ਵਿੱਚ ਭਗਵਾਨ ਬੁੱਧ ਦੇ ਵਚਨਾਂ ਦਾ ਗਾਇਨ ਕੀਤਾ ਗਿਆ। ਗਾਇਨ ਉਪਰੰਤ ਸਥਿਵਰਾਂ ਨੇ ਦਕਸ਼ਿਨਾਗਿਰੀ ਵਿੱਚ ਵਿਹਾਰ ਕਰ ਰਹੇ ਪੁਰਾਣ ਨਾਮਕ ਭਿੱਖੂ ਨੂੰ ਸੰਗਤ ਦੀ ਕਾਰਵਾਈ ਸਵੀਕਾਰ ਕਰਨ ਲਈ ਕਿਹਾ ਤਾਂ ਭਿੱਖੂ ਪੁਰਾਣ ਨੇ ਉੱਤਰ ਦਿੱਤਾ - 'ਆਵੁਸ਼ ! ਸਥਿਵਰਾਂ ਨੇ ਧਰਮ ਅਤੇ ਵਿਨਯ ਨੂੰ ਸੁੰਦਰ ਤੌਰ ਤੇ ਗਾਇਨ ਕੀਤਾ ਹੈ ਤਾਂ ਵੀ ਜਿਹਾ ਮੈਂ ਭਗਵਾਨ ਦੇ ਮੁੱਖ ਤੋਂ ਸੁਣਿਆ ਹੈ, ਮੁੱਖ ਤੋਂ ਗ੍ਰਹਿਣ ਕੀਤਾ ਹੈ, ਉਹੋ ਜਿਹਾ ਹੀ ਮੈਂ ਧਾਰਨ ਕਰਾਂਗਾ।"[8] ਪੁਰਾਣ ਭਿੱਖੂ ਦੀ ਚਰਚਾ ਤੋਂ ਸਪਸ਼ਟ ਹੈ ਕਿ ਉਸ ਸਮੇਂ ਹੋਰ ਸੈਂਕੜੇ ਪੁਰਾਣ ਵਰਗੇ ਭਿੱਖੂ ਰਹੇ ਹੋਣਗੇ ਜਿਹਨਾਂ ਨੂੰ ਪੂਰਨ ਰੂਪ ਨਾਲ ਪ੍ਰਥਮ ਸੰਗਤ ਵਿੱਚ ਗਾਇਨ ਕੀਤੇ ਗਏ ਧਰਮ ਅਤੇ ਵਿਨਯ ਤੇ ਵਿਸ਼ਵਾਸ ਨਹੀਂ ਹੋਵੇਗਾ। ਪੁਰਾਣ ਸਥਿਵਰ ਦੀ ਇਸ ਉਕਤੀ ਨੂੰ ਕੁਝ ਵਿਦਵਾਨ ਜਿਵੇਂ ਆਰ.ਸੀ. ਮਜੁਮਦਾਰ ਨੇ ਧੱਮ ਅਤੇ ਵਿਨਯ ਪ੍ਰਤੀ ਅਪ੍ਰਮਾਣਿਕਤਾ ਦਾ ਸੰਕੇਤ ਦਿੰਦੇ ਕਿਹਾ ਹੈ - "ਇਟ ਵਾਜ਼ ਏ ਡੇਂਜਰ ਸਿਗਨਲ ਫਾਰ ਦਾ ਚਰਚ।"[9]

ਤਿੱਬਤੀ ਦੁਲਵਾ ਦੇ ਅਧਿਐਨ ਤੋਂ ਵੀ ਸਪਸ਼ਟ ਹੁੰਦਾ ਹੈ ਕਿ ਪੁਰਾਣ ਵਰਗੇ ਲੋਕਾਂ ਨੇ ਪ੍ਰਥਮ ਸੰਗਤ ਨੂੰ ਨਹੀਂ ਮੰਨਿਆ।

ਡਾ. ਪੀ.ਵੀ. ਵਾਖਟ ਨੇ ਆਪਣੀ ਪੁਸਤਕ ਵਿੱਚ ਲਿਖਿਆ ਹੈ ਕਿ ਜਦੋਂ ਰਾਜਗ੍ਰਿਹ ਵਿੱਚ ਪੰਜ ਸੌ ਭਿੱਖੂਆਂ ਨੇ ਮਹਾਕਾਸ਼ਯਪ ਸਭਾਪਤੀ ਦੀ ਅਗਵਾਈ ਵਿੱਚ ਪ੍ਰਥਮ ਸੰਗਤ ਮੁਕੰਮਲ ਕੀਤੀ, ਤਾਂ ਪੁਰਾਣ ਵਰਗੇ ਜਾਂ ਤਿੱਬਤੀ ਪ੍ਰਮਾਣ ਅਨੁਸਾਰ ਗਵਾਂਸੰਪਤੀ ਵਰਗੇ ਲੋਕ ਸਨ ਜਿਹਨਾਂ ਨੇ ਉਸਨੂੰ ਅਸਵੀਕਾਰ ਕੀਤਾ ਕਿਉਂਕਿ ਉਹਨਾਂ ਦਾ ਕਹਿਣਾ ਸੀ ਕਿ ਜੋ ਕੁਝ ਗਾਇਨ ਕੀਤਾ ਗਿਆ, ਉਹ ਮੂਲ ਰੂਪ ਵਿਚ ਬੁੱਧ ਨੇ ਕਿਹਾ ਅਤੇ ਜਿਸਨੂੰ ਉਹਨਾਂ ਨੇ ਸੁਣਿਆ ਉਹ ਵੱਖਰਾ ਸੀ, ਇਸ ਪ੍ਰਕਾਰ ਦੇ ਵਚਨਾਂ ਦਾ ਪ੍ਰਭਾਵ ਅਨੇਕ ਭਿੱਖੂਆਂ ਤੇ ਪਿਆ ਹੋਵੇਗਾ, ਜਿਸਦਾ ਪ੍ਰਤੱਖ ਰੂਪ ਭਗਵਾਨ ਬੁੱਧ ਦੇ ਮਹਾਪਰਿਨਿਰਵਾਣ ਦੇ ਲਗਭਗ ਸੌ ਜਾਂ ਇੱਕ ਸੌ ਦਸ ਵਰ੍ਹਿਆਂ ਬਾਅਦ ਦੂਜੀ ਸੰਗਤ[10] ਤੋਂ ਪਤਾ ਚਲਦਾ ਹੈ।

ਪਾਲੀ ਵਿਨਯ ਪੀਟਕ ਅਨੁਸਾਰ ਉਸ ਸਮੇਂ ਭਗਵਾਨ ਦੇ ਮਹਾਪਰਿਨਿਰਵਾਣ ਦੇ ਸੌ ਸਾਲ ਬੀਤਣ ਤੇ ਵੈਸ਼ਾਲੀ ਨਿਵਾਸੀ ਵੱਜਿਪੁੱਤਕ ਭਿੱਖੂ ਦਾ ਵਸਤੂਆਂ ਦਾ ਪ੍ਰਚਾਰ ਕਰਦੇ ਸਨ -

1. ਸ੍ਰਿੰਗੀਲਵਣ ਕਲਪ ਵਿਧੀ ਅਨੁਸਾਰ ਹੈ।
2. ਦ੍ਵਿ-ਅੰਗੁਲ ਕਲਪ ਵਿਧੀ ਅਨੁਸਾਰ ਹੈ।
3. ਗ੍ਰਾਮਾਂਤਰ ਕਲਪ ਵਿਧੀ ਅਨੁਸਾਰ ਹੈ।
4. ਆਵਾਸ ਕਲਪ ਵਿਧੀ ਅਨੁਸਾਰ ਹੈ।
5. ਅਨੁਮਤੀ ਕਲਪ ਵਿਧੀ ਅਨੁਸਾਰ ਹੈ।
6. ਆਚੀਰਣ ਕਲਪ ਵਿਧੀ ਅਨੁਸਾਰ ਹੈ।
7. ਅਮੀਥਤ ਕਲਪ ਵਿਧੀ ਅਨੁਸਾਰ ਹੈ।
8. ਜਲੋਗੀਪਾਨ ਕਲਪ ਵਿਧੀ ਅਨੁਸਾਰ ਹੈ।
9. ਅਦਸਕ-ਨਿਸਿਦਨ ਕਲਪ ਵਿਧੀ ਅਨੁਸਾਰ ਹੈ।

10. ਜਾਤ-ਰੂਪ-ਰਜਤ ਕਲਪ ਵਿਧੀ ਅਨੁਸਾਰ ਹੈ।

ਉਪਰੋਕਤ ਦਸ ਗੱਲਾਂ ਨੂੰ ਅਨੇਕ ਥਾਵਾਂ ਤੇ 'ਦਸ ਵਥੁਨੀ' ਕਿਹਾ ਗਿਆ ਹੈ ਜਿਸਦਾ ਵਰਣਨ ਦੀਪ ਵੰਸ, ਮਹਾਵੰਸ ਆਦਿ ਗ੍ਰੰਥਾਂ ਵਿੱਚ ਵੀ ਮਿਲਦਾ ਹੈ, ਇਹ ਸਾਰੀਆਂ ਦੱਸ ਗੱਲਾਂ ਭਗਵਾਨ ਬੁੱਧ ਦੇ ਨਿਯਮ ਦੇ ਅਨੁਕੂਲ ਸਨ ਜਾਂ ਪ੍ਰਤੀਕੂਲ, ਇਸਦੇ ਨਿਰਾਕਰਣ ਲਈ ਦੂਜੀ ਸੰਗਤ ਬੁਲਾਈ ਗਈ। ਸੰਗਤ ਦੇ ਅੰਤ ਵਿੱਚ ਨਿਰਨਾ ਹੋਇਆ ਕਿ ਉਪਰੋਕਤ ਸਾਰੀਆਂ ਗੱਲਾਂ ਵਿਨਯ ਦੇ ਵਿਰੁੱਧ ਹਨ, ਪਰੰਤੂ ਵੈਸ਼ਾਲੀ ਦੇ ਵੱਜਿਪੁੱਤਕ ਭਿੱਖੂਆਂ ਅਤੇ ਕਈ ਹੋਰ ਭਿੱਖੂਆਂ ਨੇ ਇਸ ਨਿਰਣ ਨੂੰ ਸਵੀਕਾਰ ਨਹੀਂ ਕੀਤਾ ਜਿਸਦਾ ਨਤੀਜਾ ਹੋਇਆ, ਬੁੱਧ ਧਰਮ ਦਾ ਪਹਿਲਾ ਵਿਭਾਜਨ ਜਾਂ ਇੱਕ ਨਵੀਂ ਸੰਪਰਦਾ ਪ੍ਰਤੱਖ ਜਨਮ। ਸਧਾਰਨ ਤੌਰ ਤੇ ਕਿਸੇ ਸੰਪਰਦਾ ਜਾਂ ਪੰਥ ਦੇ ਸਥਾਪਿਤ ਹੋਣ ਦੇ ਹੇਠ ਲਿਖੇ ਕਾਰਣ ਹੋ ਸਕਦੇ ਹਨ :

1. ਕੁਝ ਵਿਅਕਤੀਆਂ ਜਾਂ ਗੁੱਟਾਂ ਦੇ ਪ੍ਰਤਿ ਵਿਅਕਤੀਗਤ ਲਗਾਵ।
2. ਸਹਿਵਾਸ
3. ਅਧਿਐਨ
4. ਭੂਗੋਲਿਕ ਪ੍ਰਦੇਸ਼
5. ਸਮਾਂ ਪਰਿਵਰਤਨ ਆਦਿ

ਵੈਸ਼ਾਲੀ ਦੇ ਬਾਲੁਕਾਰਾਮ ਵਿੱਚ ਹੋਈ ਦੂਜੀ ਸੰਗਤ ਦਾ ਨਿਰਣਾ ਪੁਰਾਤਨ ਪੰਥੀ ਭਿੱਖੂਆਂ ਦੇ ਪੱਖ ਵਿੱਚ ਸੀ। ਇਸ ਲਈ ਵੈਸ਼ਾਲੀ ਦੇ ਵੱਕਿਪੁੱਤਕ ਭਿੱਖੂ ਸਥਵਿਰ ਅਰਹੱਤਾਂ ਦੇ ਇਲਾਵਾ ਇਕ ਹੋਰ ਸਭਾ ਜਾਂ ਸੰਗਤ ਬੁਲਾਈ ਅਤੇ ਉਥੇ ਆਪਣੇ ਮਤ ਦੇ ਅਨੁਕੂਲ ਨਿਰਣਾ ਕੀਤਾ। ਇਸ ਸਭਾ ਵਿੱਚ ਦੱਸ ਹਜਾਰ ਭਿੱਖੂਆਂ ਨੇ ਭਾਗ ਲਿਆ ਸੀ, ਇਸ ਲਈ ਇਹ ਸਭਾ ਮਹਾ ਸੰਘ ਜਾਂ ਮਹਾਸੰਗਤ ਕਹੀ ਜਾਂਦੀ ਹੈ। ਮਹਾਂ ਸੰਘ ਜਾਂ ਮਹਾ ਸੰਗਤ ਦੇ ਕਾਰਨ ਇਹ ਭਿੱਖੂ ਮਹਾਂਸੰਘਿਕ ਅਖਵਾਏ ਅਤੇ ਇਸ ਤੋਂ ਵੱਖ ਹੋਏ ਭਿੱਖੂਆਂ ਦੇ ਸੰਪਰਦਾ ਥਰੇਵਾਦੀ ਅਖਵਾਏ। ਮਹਾਂਸੰਗਤ ਦੇ ਸਬੰਧ ਵਿੱਚ ਦੀਪਵੰਸ਼ ਵਿੱਚ ਕਿਹਾ ਗਿਆ ਹੈ। "ਮਹਾਂਸੰਗਤ ਦੇ ਭਿੱਖੂਆਂ ਨੇ ਬੁੱਧ ਸ਼ਾਸਨ ਨੂੰ ਬਿਲਕੁਲ ਵਿਪਰੀਤ ਕਰ ਦਿੱਤਾ। ਮੂਲ ਸੰਘ ਵਿੱਚ ਭੇਦ ਪੈਦਾ ਕਰਕੇ ਉਹਨਾਂ ਨੇ ਇੱਕ ਨਵਾਂ ਸੰਘ ਖੜਾ ਕਰ ਦਿੱਤਾ। ਮੌਲਿਕ ਧਰਮ ਨੂੰ ਨਸ਼ਟ ਕਰਕੇ ਉਹਨਾਂ ਨਵਾਂ ਹੀ ਸ਼ਤਰਾਂ ਦਾ ਸੰਗ੍ਰਹਿ ਕੀਤਾ। ਪਰਿਵਾਰ, ਅਭਿਧੱਮ, ਪਟਿਸੰਭਦਾ ਨਿੱਦੇਸ ਅਤੇ ਜਾਤਕਾਂ ਦੇ ਕੁਝ ਅੰਸ਼ਾਂ ਨੂੰ ਸਵੀਕਾਰ ਨਹੀਂ ਕੀਤਾ।"

ਵੈਸ਼ਾਲੀ ਵਿੱਚ ਹੋਏ ਭਿੱਖੂ ਸੰਘ ਦੀ ਵੰਡ ਨਾਲ ਬੁੱਧ ਧਰਮ ਰੂਪੀ ਰੁੱਖ ਤੋਂ ਇੱਕ ਅਲੱਗ ਸ਼ਾਖਾ ਦਾ ਨਿਰਮਾਣ ਹੋਇਆ ਅਤੇ ਪ੍ਰਾਚੀਨ ਇਤਿਹਾਸ ਦੇ ਪ੍ਰਸਿੱਧ ਸ਼ਾਸਕ ਅਸ਼ੋਕ ਦੇ ਸਮੇਂ ਤਕ ਸ਼ਾਖਾਵਾਂ ਦੀ ਸੰਖਿਆ ਅਠਾਰਾਂ ਹੋ ਗਈ। ਇਹਨਾਂ ਅਠਾਰਾਂ ਸ਼ਾਖਾਵਾਂ ਜਾਂ ਸੰਪਰਦਾਵਾਂ ਵਿੱਚ ਮਹਾਸੰਘਿਕਾ ਦੇ ਛੇ ਸੰਪਰਦਾ ਸਨ ਜਿਹਨਾਂ ਦੇ ਨਾਮ ਹੇਠ ਲਿਖੇ ਹਨ (ਇਸਦਾ ਵਰਣਨ ਭਰਤ ਸਿੰਘ ਉਪਾਧਿਆਇ ਨੇ ਆਪਣੀ ਪੁਸਤਕ "ਪਾਲੀ ਸਾਹਿਤ ਦਾ ਇਤਿਹਾਸ" ਵਿੱਚ ਕੀਤਾ ਹੈ)।

1. ਮਹਾਸੰਘਿਕ
2. ਏਕਬੋਹਾਰਿਕ
3. ਗੋਕੁਲਿਕ
4. ਪਵਤਿਵਾਦੀ

5. ਬਾਹੁਲਿਕ
6. ਚੇਤਯਵਾਦੀ


ਨਾਲ ਹੀ ਸਥਵਿਰਵਾਦ ਦੇ ਬਾਰਾਂ ਸੰਪਰਦਾ ਸਨ ਜੋ ਇਸ ਪ੍ਰਕਾਰ ਹਨ -

1. ਥੇਰਵਾਦੀ
2. ਮਹਾਸੰਘਿਕ
3. ਵੱਜਿਪੁੱਤਕ
4. ਸੱਬੱਥਵਾਦੀ ਜਾਂ ਸੱਖਥੀਵਾਦੀ
5. ਧੱਮ ਗੁਤਿੱਕ
6. ਧੱਮ ਤੁੱਰੀਯ
7. ਛਨਾਗਰਿਕ
8. ਭਦ੍ਰਯਾਨਿਕ
9. ਸੰਮਤੀਯ
10. ਕੱਸਪਿਕ[11]
11. ਸੰਕੁਤਿਕ
12. ਸੁੱਤਵਾਦੀ


ਉਪਰੋਕਤ ਅਠਾਰਾਂ ਸੰਪਰਦਾਵਾਂ ਦੇ ਅਨੁਯਾਈਆਂ ਦਾ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਬੋਲਬਾਲਾ ਸੀ। ਇਹਨਾਂ ਸੰਪਰਦਾਵਾਂ ਦੀ ਪ੍ਰਭੁੱਤਾ ਅਨੇਕ ਸਦੀਆਂ ਤੱਕ ਬਣੀ ਰਹੀ। ਹਰੇਕ ਸੰਪਰਦਾ ਦੇ ਸਿਧਾਂਤ ਵੱਖ-ਵੱਖ ਸਨ, ਪਰੰਤੂ ਕੁਝ-ਕੁਝ ਸਿਧਾਂਤ ਆਪਸ ਵਿੱਚ ਸਮਾਨਤਾ ਰੱਖਦੇ ਸਨ। ਬਾਅਦ ਵਿੱਚ ਉਹਨਾਂ ਦੇ ਸਿਧਾਂਤ ਹੌਲੀ-ਹੌਲੀ ਅਲੋਪ ਹੋ ਗਏ ਪਰੰਤੂ ਉਹਨਾਂ ਦਾ ਵਰਣਨ ਬਾਅਦ ਵਿੱਚ ਰਚੇ ਗਏ ਬੋਧ ਗ੍ਰੰਥਾਂ ਦੇ ਨਾਲ-ਨਾਲ ਬ੍ਰਾਹਮਣ ਗ੍ਰੰਥਾਂ ਵਿੱਚ ਵੀ ਮਿਲਦਾ ਹੈ। ਪਰੰਤੂ ਇਹਨਾਂ ਸੰਪਰਦਾਵਾਂ ਦੇ ਨਾਮ, ਸਥਾਨ ਅਤੇ ਆਪਸੀ ਸਬੰਧਾਂ ਦੇ ਵਿਸ਼ੇ ਵਿੱਚ ਬੋਧ ਗ੍ਰੰਥਾਂ ਵਿੱਚ ਵੀ ਸਰਵ ਸੰਮਤੀ ਨਹੀਂ ਦਿਖਾਈ ਦਿੰਦੀ। ਮੋਗਲੀਪੁੱਤਰ ਤਿਸ਼ਯ ਸਥਵਿਰ ਨੇ 'ਕਥਾਵੱਥੁ' ਨਾਮਕ ਗ੍ਰੰਥ ਵਿੱਚ ਪ੍ਰਾਚੀਨ ਮਤਾ ਦੇ ਰਹੱਸ ਅਤੇ ਸਰੂਪ ਦਾ ਪਰਿਚੈ ਸਥਵਿਰਵਾਦੀ ਮਤ ਦੀ ਦ੍ਰਿਸ਼ਟੀ ਤੋਂ ਕੀਤਾ ਹੈ। ਦੂਜੇ ਪਾਸੇ ਅਚਾਰੀਆ ਵਸੁਮਿੱਤਰ ਨੇ ਵੀ 'ਅਸ਼ਟਾਦਸ਼ ਨਿਕਾਇ ਸ਼ਾਸਤ੍ਰ" ਦੀ ਰਚਨਾ ਕਰਕੇ ਇਹਨਾਂ ਸੰਪਰਦਾਵਾਂ ਦੇ ਸਿਧਾਂਤਾਂ ਦਾ ਖੁੱਲ੍ਹ ਕੇ ਵਰਣਨ ਕੀਤਾ ਹੈ। ਦੋਵੇਂ ਗ੍ਰੰਥਕਾਰਾਂ ਦੀ ਦ੍ਰਿਸ਼ਟੀ ਵਿੱਚ ਕਾਫੀ ਭੇਦ ਹੈ। ਮੋਗਲੀਪੁੱਤਰ ਤਿਸ਼ਯ ਥੇਰਵਾਦੀ ਹਨ ਅਤੇ ਅਚਾਰੀਆ ਵਸੁਮਿੱਤਰ ਸਰਵਸਮਤੀਵਾਦੀ। ਦ੍ਰਿਸ਼ਟੀ ਦੀ ਭਿੰਨਤਾ ਕਰਕੇ ਅਲੋਚਨਾ ਵਿੱਚ ਭੇਦ ਹੋਣਾ ਸੁਭਾਵਿਕ ਹੀ ਹੈ, ਪਰੰਤੂ ਦੋਹਾਂ ਵਿਚ ਆਮ ਕਰਕੇ ਇੱਕ ਸਮਾਨ ਸਿਧਾਂਤਾਂ ਦਾ ਹੀ ਨਿਰਦੇਸ਼ ਕੀਤਾ ਗਿਆ ਹੈ ਜਿਸ ਨਾਲ ਇਹਨਾਂ ਸਿਧਾਂਤਾਂ ਦੀ ਇਹ ਪ੍ਰਸਿੱਧੀ ਅਤੇ ਪ੍ਰਮਾਣਿਕਤਾ ਦੇ ਵਿਸ਼ੇ ਵਿੱਚ ਕਿਸੇ ਪ੍ਰਕਾਰ ਦਾ ਸ਼ੱਕ ਨਹੀਂ ਰਹਿ ਜਾਂਦਾ।

ਉਪਰੋਕਤ ਅਠਾਰਾਂ ਸੰਪਰਦਾਵਾਂ ਦਾ ਵਰਗੀਕਰਣ ਭਰਤ ਸਿੰਘ ਉਪਾਧਿਆਇ ਤੋਂ ਪਹਿਲਾਂ ਅਨੇਕ ਗ੍ਰੰਥਾਂ ਵਿੱਚ ਅਨੇਕ ਵਿਦਵਾਨਾਂ ਦੁਆਰਾ ਕੀਤਾ ਗਿਆ ਹੈ ਜਿਸਦੀ ਕ੍ਰਮਵਾਰ ਸੂਚੀ ਇਸ ਪ੍ਰਕਾਰ ਹੈ :-

ਸਤਾਬਦੀ ਵਿੱਚ ਮਹਾਂਸੰਘਿਕ ਸੰਪਰਦਾ ਦਾ ਜਨਮ ਹੋਇਆ ਅਤੇ ਉਹਨਾਂ ਤੋਂ ਇਕਵਿਹਾਰਿਕ,





## ਕਥਾਵੱਥੁ ਦੀ ਅੱਠਕਥਾ ਦੇ ਅਨੁਸਾਰ ਨਿਕਾਇ ਭੇਦ




**ਕਥਾਵੱਥੂ ਦੇ ਅਨੁਸਾਰ**

ਸਰਵਅਸਤੀ ਪਰੰਪਰਾ ਵਿੱਚ ਤਤਕਾਲੀ 18 ਸੰਪਰਦਾਵਾਂ ਦੇ ਵਿਕਾਸ ਨੂੰ ਕੁੱਝ ਵੱਖਰੇ ਢੰਗ ਨਾਲ ਦਰਸਾਇਆ ਗਿਆ ਹੈ : ਜਿਵੇਂ ਵਸੁਮਿੱਤਰ ਦੁਆਰਾ ਦਰਸਾਏ 'ਅਸ਼ਟਾਦਸ-ਨਿਕਾਇ ਸ਼ਾਸਤ੍' ਦੇ ਅਨੁਸਾਰ 18 ਸੰਪਰਦਾਵਾਂ ਦਾ ਵਰਗੀਕਰਨ ਇਸ ਪ੍ਰਕਾਰ ਹੈ ।[14]

ਚੀਨੀ ਭਾਸ਼ਾ ਵਿੱਚ ਅਨੁਵਾਦਿਤ ਭਦੰਤ ਵਸੁਮਿੱਤਰ ਦੇ 'ਅਸ਼ਟਾਦਸ ਨਿਕਾਇ' ਗ੍ਰੰਥ ਦੇ ਅਨੁਸਾਰ 'ਸਾਰਿਪੁੱਤਰ ਪਰਿਪ੍ਰੱਛਾ' ਪੁਸਤਕ ਅਨੁਸਾਰ ਪਰਿਨਿਰਵਾਣ ਤੋਂ ਦੂਜੀ





ਦੀਪ ਵੰਸ ਅਨੁਸਾਰ ਨਿਕਾਇ ਭੇਦ'




ਲੋਕ-ਉੱਤਰਵਾਦੀ, ਗੋਕੁਲਵਾਦੀ, ਬਹੁਸਰੂਤਿਕ ਅਤੇ ਪ੍ਰਗਿਅਪਤੀਵਾਦੀ ਸੰਪਰਦਾ ਨਿਕਲੇ। ਨਿਰਵਾਣ ਤੋਂ ਤੀਜੀ ਸ਼ਤਾਬਦੀ ਵਿਚ ਵੱਜਿ ਪੁਤਰੀਆ ਅਤੇ ਸਰਵਸਤੀਵਾਦੀ ਸੰਪਰਦਾ ਨਿਕਲੇ। 'ਸਾਰਿਪੁੱਤਰ ਪਰਿਪ੍ਰੱਛਾ' ਅਨੁਸਾਰ ਜੋ ਬੋਧ ਸੰਘ ਦੇ ਸੰਪਰਦਾ ਸਨ ਉਹਨਾਂ ਦੀ ਸੂਚੀ ਹੇਠ ਪ੍ਰਕਾਰ ਨਿਰਧਾਰਣ ਕੀਤੀ ਗਈ।[16]

ਸਾਰਿਪੁੱਤਰ ਪਰਿਪ੍ਰੱਛਾ ਸੁੱਤ ਦੇ ਅਨੁਸਾਰ




ਭਵਯ (ਦੂਜੀ ਸੂਚੀ ਅਨੁਸਾਰ)[17]




ਅਠਾਰਾਂ ਸੰਪਰਦਾਵਾਂ ਦੇ ਕਈ ਪ੍ਰਕਾਰ ਦੇ ਵਰਗੀਕਰਣਾਂ ਤੋਂ ਸਪਸ਼ਟ ਹੈ ਕਿ ਸਾਰਿਆਂ ਅਨੁਸਾਰ ਗਿਣਤੀ ਤਾਂ ਅਠਾਰਾਂ ਹੀ ਹੈ ਪਰੰਤੂ ਸੂਚੀ ਵਿੱਚ ਕੁਝ ਨਾਵਾਂ ਵਿੱਚ ਅੰਤਰ ਹੈ। ਇਹਨਾਂ ਸੰਪਰਦਾਵਾਂ ਦੀ ਉਤਪਤੀ ਵਿਕਾਸ ਆਦਿ ਕਿਵੇਂ ਹੋਇਆ, ਇਸਦਾ ਵਿਸ਼ਲੇਸ਼ਣ ਵੱਖ-ਵੱਖ ਸ੍ਰੋਤਾਂ ਵਿੱਚ ਇਸ ਪ੍ਰਕਾਰ ਮਿਲਦਾ ਹੈ -

## ਸਥਵਿਰਵਾਦ ਜਾਂ ਥੇਰਵਾਦ

ਭਗਵਾਨ ਬੁੱਧ ਦੇ ਜੀਵਨ ਕਾਲ ਵਿੱਚ ਬੁੱਧ ਧਰਮ ਦੀ ਕੋਈ ਵੰਡ ਨਹੀਂ ਹੋਈ ਸੀ। ਇਸ ਲਈ ਕੇਵਲ ਇਕ ਹੀ ਵਾਦ ਅਰਥਾਤ ਬੁੱਧਵਾਦ ਸੀ ; ਦੂਜੀ ਸੰਗਤ ਤੋਂ ਬਾਅਦ ਭਗਵਾਨ ਬੁੱਧ ਦੇ ਸਿਧਾਂਤਾਂ ਨੂੰ ਜਿਉਂ ਦਾ ਤਿਉਂ ਮੰਨਣ ਵਾਲੇ ਸਥਵਿਰਵਾਦੀ ਅਖਵਾਏ ਅਤੇ ਉਹਨਾਂ ਦਾ ਸੰਪਰਦਾ ਸਥਵਿਰਵਾਦ। ਇਸ ਲਈ ਸਥਵਿਰਵਾਦ ਦੀ ਉਤਪਤੀ ਭਗਵਾਨ ਬੁੱਧ ਦੁਆਰਾ ਹੀ ਹੋ ਗਈ ਸੀ।

ਸਥਵਿਰਵਾਦੀਆਂ ਦੇ ਬੋਧ-ਗ੍ਰੰਥਾਂ ਦਾ ਨਾਮ ਪਾਲੀ ਤ੍ਰਿਪੀਟਕ (ਸੁੱਤਪੀਟਕ, ਵਿਨਯ ਪੀਟਕ, ਅਭਿਧੱਮ ਪੀਟਕ) ਸਾਹਿਤ ਹੈ। ਸਥਵਿਰਵਾਦੀ ਵਿਚਾਰਧਾਰਾ ਅਨੁਸਾਰ ਭਗਵਾਨ ਬੁੱਧ ਦੀ ਪ੍ਰਕਿਰਤੀ ਮਾਨਵੀ ਸੀ। ਫੇਰ ਵੀ ਕਿੱਧਰੇ-ਕਿੱਧਰੇ ਅਤਿਮਾਨਵੀ ਗੁਣ ਵੀ ਦਿਖਾਏ ਗਏ ਹਨ। ਕੁਝ ਸੂਤਰਾਂ ਵਿੱਚ ਉਹਨਾਂ ਨੂੰ ਦੇਵਾ ਦੇ ਦੇਵ, ਸਾਰੇ ਮਨੁੱਖਾਂ ਅਤੇ ਦੇਵਾਂ ਦੇ ਭਗਵਾਨ (ਸੱਥਦੇ ਵਮਨੁਸਾਨੰ ਬੁੱਧੋਭਗਵਾ) ਆਦਿ ਕਿਹਾ ਗਿਆ ਹੈ। ਸਾਧਾਰਨ ਮਨੁੱਖ ਦੇ ਰੂਪ ਵਿੱਚ ਉਹਨਾਂ ਦਾ ਕਥਨ ਮਹਾਪਰਿਨਿਰਵਾਣ ਸੁੱਤ ਵਿੱਚ ਮਿਲਦਾ ਹੈ ਜਿਸ ਵਿੱਚ ਉਹ ਕਹਿੰਦੇ ਹਨ - ਮੇਰੀ ਪੀਠ ਵਿੱਚ ਦਰਦ ਹੈ ਜਾਂ ਮੇਰੀ ਉਮਰ ਅੱਸੀ ਵਰ੍ਹਿਆਂ ਦੀ ਹੈ। ਜਿਵੇਂ ਪੁਰਾਣੀ ਗੱਡੀ ਜੋੜ-ਤੋੜ ਕੇ ਕੰਮ ਵਿੱਚ ਲਿਆਂਦੀ ਜਾਂਦੀ ਹੈ, ਉਹੀ ਸਥਿਤੀ ਮੇਰੀ ਹੈ।

ਸਥਵਿਰਵਾਦੀ ਵਿਚਾਰਧਾਰਾ ਦੇ ਅਨੁਸਾਰ ਭਗਵਾਨ ਬੁੱਧ ਦੇ ਉਪਦੇਸ਼ ਕਾਫੀ ਸਰਲ ਹਨ। ਭਿੱਖੂਆਂ ਲਈ ਦਸਸ਼ੀਲ ਅਤੇ ਗ੍ਰਿਹਸਥਾਂ ਲਈ ਪੰਚਸ਼ੀਲ ਦਾ ਉਪਦੇਸ਼ ਅਤਿਅੰਤ ਸਰਲ ਹੈ। ਉਹਨਾਂ ਦੇ ਸਿਧਾਂਤਾਂ ਵਿੱਚ ਸ਼ੀਲ ਸਮਾਧੀ ਅਤੇ ਪ੍ਰਗਿਆ ਤੇ ਮੁੱਖ ਰੂਪ ਵਿੱਚ ਧਿਆਨ ਦਿੱਤਾ ਜਾਂਦਾ ਹੈ। ਸਥਵਿਰਵਾਦੀਆਂ ਦਾ ਇਕ ਹੋਰ ਪ੍ਰਮੁਖ ਸਿਧਾਂਤ ਚਾਰ ਆਰੀਆ ਸਤਿਆ ਦਾ ਹੈ।

| | | |
|---|---|---|
| ਪਹਿਲਾ ਆਰੀਆ ਸਤਿਆ | - | ਦੁੱਖ ਆਰੀਆ ਸਤਿਆ ਅਰਥਾਤ ਸਭ ਦੁੱਖ ਹੈ। |
| ਦੂਜਾ ਆਰੀਆ ਸਤਿਆ | - | ਦੁੱਖ ਸਮੁਦਾਇ ਸਤਿਆ ਅਰਥਾਤ ਦੁੱਖ ਦਾ ਕਾਰਣ ਹੈ। |
| ਤੀਜਾ ਆਰੀਆ ਸਤਿਆ | - | ਦੁੱਖ ਨਿਰੋਧ ਸਤਿਆ ਅਰਥਾਤ ਦੁੱਖ ਦਾ ਨਿਰੋਧ ਹੈ। |
| ਚੌਥਾ ਆਰੀਆ ਸਤਿਆ | - | ਦੁੱਖ ਨਿਰੋਧ ਗਾਮਿਨੀ ਪ੍ਰਤੀਪਦਾ ਅਰਥਾਤ ਦੁੱਖ ਨਿਰੋਧ ਵੱਲ ਲੈ ਜਾਣ ਵਾਲਾ ਮਾਰਗ ਵੀ ਹੈ ਜਿਸਨੂੰ ਮੱਧ-ਮਾਰਗ ਜਾਂ ਅਸ਼ਟਾਂਗ ਮਾਰਗ ਵੀ ਕਿਹਾ ਜਾਂਦਾ ਇਹ ਅੱਠ ਇਸ ਪ੍ਰਕਾਰ ਹਨ - ਸੱਚੀ ਦ੍ਰਿਸ਼ਟੀ, ਸੱਚਾ ਸੰਕਲਪ, ਸੱਚੀ ਬਾਣੀ, ਸੱਚਾ ਕਰਮ, ਸੱਚੀ ਜੀਵਿਕਾ, ਸੱਚੀ ਵਿਆਯਾਮ, ਸੱਚੀ ਸਿਮਰਤੀ, ਸੱਚੀ ਸਮਾਧੀ। |

ਸਥਵਿਰਵਾਦੀਆ ਦੇ ਹੋਰ ਪ੍ਰਮੁਖ ਸਿੱਧਾਂਤ ਪ੍ਰਤੀਤਯਸਮੁੱਤਪਾਦ ਅਰਥਾਤ ਕਾਰਣਵਾਦ, ਕਰਮ ਅਤੇ ਪੁਨਰਜਨਮ, ਅਨਿੱਤੱਤਾ, ਦੁੱਖ, ਅਨਾਤਮ, ਅਨੀਸ਼ਵਰਵਾਦ, ਸੈਂਤੀ (37) ਬੁੱਧਪੱਖੀ ਧਰਮ ਆਦਿ ਹਨ। ਜੀਵਨ ਦਾ ਉਦੇਸ਼ ਨਿਰਵਾਣ ਹੈ। ਨਿਰਵਾਣ ਦੀ ਪ੍ਰਾਪਤੀ ਚਾਰ ਆਰੀਆ ਸਤਿਆ ਦੀ ਜਾਣਕਾਰੀ, ਪ੍ਰਤੀਤਯਾਸਮੁੱਤਪਾਦ ਦੀ ਸਮਝ ਅਤੇ ਅਸ਼ਟਾਂਗ ਮਾਰਗ ਦਾ ਸਹੀ ਪਾਲਨ ਜਾਂ ਸ਼ੀਲ, ਸਮਾਧੀ, ਪ੍ਰਗਯਾ ਦੇ ਅਨੁਸਰਣ ਨਾਲ ਹੋਵੇਗੀ। ਅਨੁਸ਼ਾਸਨ ਅਤੇ ਸਾਧਕ ਜੀਵਨ ਦੇ

ਸੰਬੰਧ ਵਿਚ ਭਗਵਾਨ ਬੁੱਧ ਦਾ ਕਹਿਣਾ ਹੈ - "ਸਾਰੇ ਪਾਪਾਂ ਨੂੰ ਨਾਸ਼ ਕਰਨਾ, ਕੁਸ਼ਲ ਕੰਮਾਂ ਨੂੰ ਕਰਨਾ, ਚਿੱਤ ਨੂੰ ਪਰਿਸ਼ੁੱਧ ਰੱਖਣਾ, ਇਹੀ ਬੁੱਧ ਦਾ ਸ਼ਾਸਨ ਹੈ।[18]

**ਮਹਾਸੰਘਕ**

ਦੂਜੀ ਸੰਗਤ ਦੇ ਸਮੇਂ ਵੈਸ਼ਾਲੀ ਦੇ ਵੱਜੀਪੁੱਤਕ ਭਿੱਖੂਆਂ ਨੇ 'ਦਸ ਵਥੂਨੀ' ਨੂੰ ਵਿਨਯ ਵਿਪਰੀਤ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਦੱਸ ਹਜਾਰ (10000) ਭਿੱਖੂਆਂ ਸਹਿਤ ਕੋਸ਼ਾਂਭੀ ਜਾ ਕੇ ਵੱਖਰੀ ਸੰਗਤ ਕੀਤੀ ਅਤੇ ਉਹਨਾਂ ਨੇ ਆਪਣੀ ਸੰਪਰਦਾ ਦਾ ਨਾਮ ਮਹਾਸੰਘਕ ਰੱਖਿਆ। ਅਸ਼ੋਕ ਦੇ ਕਾਲ ਤੱਕ ਆਉਂਦੇ ਆਉਂਦੇ ਮਹਾਂਸੰਘਕ ਸੰਪਰਦਾ ਤੋਂ ਪੰਜ ਹੋਰ ਸੰਪਰਦਾ ਨਿਕਲੇ ਪਰੰਤੂ ਫੇਰ ਵੀ ਮਹਾਸੰਘਕ ਦੀ ਆਪਣੀ ਹੋਂਦ ਬਣੀ ਰਹੀ। ਮਹਾਂਸੰਘਕ ਨੇ ਵਿਨਯ ਦੇ ਤਤਕਾਲੀ ਪ੍ਰਚਲਿਤ ਨਿਯਮਾਂ ਨੂੰ ਆਪਣੇ ਸਿਧਾਂਤਾਂ ਤੇ ਲਾਗੂ ਕੀਤਾ ਅਤੇ ਨਵੇਂ ਨਿਯਮ ਵੀ ਬਣਾਏ। ਮਹਾਵਸਤੂ ਤੋਂ ਪਤਾ ਚਲਦਾ ਹੈ ਕਿ ਮਹਾਸੰਘਕ ਲੋਕ ਉੱਤਰਵਾਦੀ ਬੋਧੀਸੱਤਵ ਨੂੰ ਉਤਪਾਦਕ ਅਰਥਾ ਸੈਭੰ ; ਨਾ ਕਿ ਮਾਤਾ ਪਿਤਾ ਤੋਂ ਉਤਪੰਨ ਮੰਨਦੇ ਹਨ। ਬੋਧੀਸੱਤਵ ਦੀ ਗਰਭਕ੍ਰਾਂਤੀ 'ਨਿਰਮਤ' ਸਫੈਦ ਹਾਥੀ ਦੇ ਰੂਪ ਵਿੱਚ ਹੁੰਦੀ ਹੈ ਅਤੇ ਉਹਨਾਂ ਦੀ ਦੇਹ ਦਾ ਵਿਕਾਸ ਗਰਭ ਦੀ ਸਾਧਾਰਨ ਅਵਸਥਾਵਾਂ ਤੋਂ ਨਹੀਂ ਹੁੰਦਾ। ਬੋਧੀਸੱਤਵ ਗਰਭ ਵਿੱਚ ਰਹਿੰਦਿਆਂ ਵੀ ਕਈ ਦੇਵਤਿਆਂ ਨੂੰ ਉਪਦੇਸ਼ ਦਿੰਦੇ ਹਨ। ਬੋਧੀਸੱਤਵ ਹਮੇਸ਼ਾਂ ਨਿਸ਼ਕਾਮ ਹੈ, ਇਸ ਲਈ ਜੇ ਕਰ ਉਹਨਾਂ ਦੀ ਕੋਈ ਸੰਤਾਨ ਹੁੰਦੀ ਹੈ ਤਾਂ ਉਸ ਨੇ ਵੀ ਉਤਪਾਦਕ ਮੰਨਣਾ ਚਾਹੀਦਾ ਹੈ।[19] ਸਮਿਅਕ ਸੰਬੰਧ ਦਾ ਕੋਈ ਵੀ ਧਰਮ ਲੌਕਿਕ ਧਰਮਾ ਦੇ ਸਮਾਨ ਨਹੀਂ ਹੈ, ਉਹਨਾਂ ਦਾ ਸੁਭਾਅ ਲੋਕ ਤੋਂ ਪਰੇ ਹੈ। ਮਹਾਸੰਘਿਕ ਅਨੁਸਾਰ ਬੁੱਧ ਇਕੋ ਸਮੇਂ ਅਨੇਕ ਲੋਕਾਂ ਵਿੱਚ ਪ੍ਰਗਟ ਹੁੰਦੇ ਹਨ। ਵਸੁਮਿੱਤਰ ਦੇ ਵਰਣਨ ਵਿਚ ਵੀ ਬੁੱਧ ਦੀ ਲੋਕੋਤਰ ਅਤੇ ਅਨੇਕ ਹੋਰ ਮਹਾਸੰਘਿਕ ਸਿਧਾਂਤ ਦਿੱਤੇ ਗਏ ਹਨ। ਬੁੱਧ ਸਾਰੇ ਧਰਮਾਂ ਨੂੰ ਇਕ ਖਿਣ ਵਿੱਚ ਹੀ ਜਾਣਦੇ ਹੋਇਆਂ ਸਰਵੱਗ ਹੁੰਦੇ ਹਨ। ਬੁੱਧ ਦੇ ਸਰੀਰ ਦਾ ਨਿਰਮਾਣ ਅਠਾਰਾਂ (18) ਧਾਤੂਆਂ ਤੋਂ ਹੈ ਅਤੇ ਉਹ ਸਾਰੀਆਂ ਅਠਾਰਾਂ ਧਾਤੂਆਂ ਅਸ਼ੁੱਧੀਆਂ ਤੋਂ ਮੁਕਤ ਹਨ ਅਤੇ ਉਹਨਾਂ ਧਾਤੂਆਂ ਦਾ ਆਸ਼ਵਾਂ ਨਾਲ ਕੋਈ ਸਬੰਧ ਨਹੀਂ ਹੈ।[20] ਬੁੱਧ ਪ੍ਰਸ਼ਨਾਂ ਦਾ ਉੱਤਰ ਦੇਣ ਵਿੱਚ ਤਰਕ-ਵਿਤਰਕ ਨਹੀਂ ਕਰਦੇ ਹਨ। ਬੁੱਧ ਕੁਝ ਬੋਲਦੇ ਹੀ ਨਹੀਂ ਕਿਉਂਕਿ ਸ਼ਾਸਵਤ ਸਮਾਧੀ ਵਿੱਚ ਸਥਿਤ ਹੁੰਦੇ ਹਨ। ਪਰਿਨਿਰਵਾਣ ਵਿੱਚ ਪ੍ਰਵੇਸ਼ ਕਰਨ ਤੱਕ ਬੁੱਧ ਭਗਵਾਨ ਦਾ ਨਾਸ਼ਵਾਨ ਗਿਆਨ ਅਤੇ ਪੈਦਾ ਹੋਣ ਦਾ ਗਿਆਨ ਲਗਾਤਾਰ ਬਣਿਆ ਰਹਿੰਦਾ ਹੈ। ਬੁੱਧ ਸਭ ਦਿਸ਼ਾਵਾਂ ਵਿੱਚ ਸਥਿਤ ਰਹਿੰਦੇ ਹਨ। ਬੁੱਧ ਧਰਮ ਦੇ 2500 ਵਰ੍ਹਿਆਂ ਦੇ ਮਹਾਸੰਘਿਕਾ ਦੇ ਕੁਝ ਵਿਸ਼ਵਾਸ ਹੇਠ ਪ੍ਰਕਾਰ ਹਨ।[21]

1. ਪੰਜ ਵਿਗਿਆਨ ਰਾਗ ਸਹਿਤ ਅਤੇ ਵਿਰਾਗ ਦੋਵੇਂ ਪ੍ਰਕਾਰ ਦੇ ਹੁੰਦੇ ਹਨ।
2. ਰੂਪ ਇੰਦ੍ਰੀਆਂ ਕੇਵਲ ਸਰੀਰਕ ਹੁੰਦੇ ਹਨ, ਉਹ ਆਪਣੇ ਆਪ ਵਿੱਚ ਇੰਦ੍ਰੀਆਂ ਦੇ ਵਿਗਿਆਨ ਨੂੰ ਨਹੀਂ ਪਛਾਣ ਸਕਦੇ।
3. ਪ੍ਰਗਿਆ ਦੁਆਰਾ ਦੁੱਖ ਦੀ ਪੂਰਨ ਸਮਾਪਤੀ ਅਤੇ ਨਿਰਵਾਣ ਸੰਭਵ ਹੈ।
4. ਸ੍ਰੋਤਾਪੰਨ ਪਿੱਛੇ ਮੁੜ ਕੇ ਜਾ ਸਕਦਾ ਹੈ ਪਰੰਤੂ ਅਰਹੱਤ ਨਹੀਂ। ਉਹ ਆਪਣਾ

ਚਿੱਤ ਅਤੇ ਚੈਤਸਿਕ ਧਰਮਾਂ ਦੁਆਰਾ ਜਾਣ ਸਕਦਾ ਹੈ।

5. ਕੁਝ ਵੀ ਵਿਆਖਿਆ ਤੋਂ ਪਰੇ ਨਹੀਂ ਹੈ।
6. ਮਨ ਦਾ ਮੂਲ ਸੁਭਾਅ ਪਵਿੱਤਰ ਹੁੰਦਾ ਹੈ, ਉਹ ਕਲੇਸ਼ ਨਾਲ ਜੁੜ ਕੇ ਵਿਗੜ ਜਾਂਦਾ ਹੈ।
7. ਮੌਤ ਉਪਰੰਤ ਅਤੇ ਪੁਨਰ ਜਨਮ ਤੋਂ ਪਹਿਲਾਂ ਜੀਵ ਦੀ ਕੋਈ ਹੋਂਦ ਨਹੀਂ ਹੁੰਦੀ।

**ਸਰਵ ਅਸਤਿਵਾਦ (ਸਰਵਹੈਂਦਵਾਦ)**

'ਸੱਬੰ ਅਥਿ' (ਪਾਲੀ) ਜਾਂ ਸਰਬੰ ਅਸਤਿ (ਸੰਸਕ੍ਰਿਤ) ਅਰਥਾਤ 'ਸਭ ਚੀਜ਼ਾਂ ਦੀ ਹੋਂਦ ਹੈ' ਅਜਿਹਾ ਵਿਸ਼ਵਾਸ ਕਰਨ ਵਾਲੇ ਪੰਥ ਜਾਂ ਸੰਪਰਦਾ ਨੂੰ ਬੁੱਧ ਧਰਮ ਵਿੱਚ ਸਰਵਅਸਤਿਵਾਦਿਨ ਨਾਮ ਨਾਲ ਜਾਣਿਆ ਜਾਂਦਾ ਹੈ। ਅਨੇਕ ਬੁੱਧ ਪੰਥਾਂ ਨੇ ਆਪਣੇ ਗ੍ਰੰਥਾਂ ਲਈ ਸੰਸਕ੍ਰਿਤ ਭਾਸ਼ਾ ਦਾ ਪ੍ਰਯੋਗ ਕੀਤਾ, ਉਹਨਾਂ ਵਿੱਚੋਂ ਸਰਵਅਸਤਿਵਾਦਿਨ ਸਥਵਿਰਵਾਦੀਆਂ ਦੇ ਨੇੜੇ ਹੈ। ਭਾਰਤਵਰਸ਼ ਵਿੱਚ ਜਦੋਂ ਸਥਵਿਰਵਾਦੀਆਂ ਦਾ ਸਮੂਹ ਪਤਨ ਵੱਲ ਜਾਣ ਲੱਗਿਆ। ਉਸ ਸਮੇਂ ਮਹਾਯਾਨ ਪੰਥ ਦੇ ਲੋਕਾਂ ਨੇ ਸਰਵਅਸਤਿਵਾਦਿਨ ਦਾ ਕਾਫੀ ਵਿਰੋਧ ਕੀਤਾ ਕਿਉਂਕਿ ਸਥਿਵਰਵਾਦੀ ਦੇ ਸਮਾਨ ਸਰਵਅਸਤਿਵਾਦੀ ਵੀ ਬੋਧ ਧਰਮ ਦੇ ਵਾਸਤਵਵਾਦੀ ਜਾਂ ਯਥਾਰਥਵਾਦੀ ਦੇ ਸਮਾਨ ਸਨ। ਉਹਨਾਂ ਦਾ ਵਿਸ਼ਵਾਸ ਸੀ ਕਿ ਵਸਤੂਆਂ ਦੀ ਹੋਂਦ ਵਰਤਮਾਨ ਤੱਕ ਹੀ ਸੀਮਤ ਨਹੀਂ ਹੈ ਬਲਕਿ ਭੂਤ ਅਤੇ ਅਨਾਗਤ (ਭਵਿੱਖ) ਵਿੱਚ ਵੀ ਰਹਿੰਦੀ ਹੈ। ਭੂਤ ਅਤੇ ਅਨਾਗਤ ਵਰਤਮਾਨ ਦੀ ਹੀ ਪਰੰਪਰਾ ਵਿੱਚ ਹੁੰਦੇ ਹਨ। ਸਥਵਿਰਵਾਦੀਆਂ ਦੇ ਸਮਾਨ ਸਰਵਅਸਤਿਵਾਦੀ ਵੀ ਬੁੱਧ ਦੀ ਅਤਿ ਮਾਨਵੀ ਸ਼ਕਤੀਆਂ ਨੂੰ ਨਹੀਂ ਮੰਨਦੇ ਸਨ। ਜਦਕਿ ਮਹਾਂਸੰਘਿਕਾਂ ਦਾ ਵਿਸ਼ਵਾਸ ਸੀ ਕਿ ਅਤਿ ਮਾਨਵੀ ਸ਼ਕਤੀਆਂ ਬੁੱਧ ਅਤੇ ਬੋਧੀਸੱਤਵ ਵਿੱਚ ਵਿਦਮਾਨ ਹਨ। ਉਹਨਾਂ ਦੀ ਸ਼ਰਧਾ ਸੀ ਕਿ ਦੇਵਤਿਆਂ ਲਈ ਪਵਿੱਤਰ ਜੀਵਨ ਸੰਭਵ ਹੈ ਅਤੇ ਅਵਿਸ਼ਵਾਸੀ ਲੋਕਾਂ ਵਿੱਚ ਵੀ ਅਤਿ ਮਾਨਵੀ ਸ਼ਕਤੀਆਂ ਹੋ ਸਕਦੀਆਂ ਹਨ ਉਹ ਅੰਤਰਾਭਵ (ਇਸ ਜੀਵਨ ਅਤੇ ਅਗਲੇ ਜੀਵਨ ਵਿੱਚ) ਹੋਂਦ ਵਿੱਚ ਵਿਸ਼ਵਾਸ ਕਰਦੇ ਸਨ।[22] ਉਹ ਇਹ ਵੀ ਮੰਨਦੇ ਸਨ ਕਿ ਬੋਧੀਸੱਤਵ ਅਲੱਗ ਵਿਅਕਤੀ ਸਨ ਅਤੇ ਅਰਹਤ ਵੀ ਆਪਣੇ ਪੁਰਾਣੇ ਕਰਮਾਂ ਦੇ ਪ੍ਰਭਾਵ ਤੋਂ ਮੁਕਤ ਨਹੀਂ ਸਨ ਅਤੇ ਉਹਨਾਂ ਨੂੰ ਕੁਝ ਨਾ ਕੁਝ ਸਿੱਖਣਾ ਬਾਕੀ ਸੀ। ਉਹਨਾਂ ਦਾ ਵਿਸ਼ਵਾਸ ਨਿਰਾਤਮ ਵਿੱਚ ਸੀ। ਉਹਨਾਂ ਦਾ ਵਿਸ਼ਵਾਸ ਵਿਸ਼ਵ ਵਿੱਚ ਤੱਤਾਂ ਦੀ ਅਨੇਕਤਾ ਵਿੱਚ ਸੀ। ਉਹਨਾਂ ਅਨੁਸਾਰ ਤੱਤ 75 (ਪਚਹੱਤਰ) ਸਨ।[23] ਇਹਨਾਂ ਵਿੱਚੋਂ 72 ਸੰਸਕ੍ਰਿਤ ਅਤੇ ਤਿੰਨ ਅਸੰਸਕ੍ਰਿਤ ਸਨ। ਇਹ ਤਿੰਨ ਅਸੰਸਕ੍ਰਿਤ ਅਕਾਸ਼, ਪ੍ਰਤਿਸੰਖਿਆ ਨਿਰੋਧ ਅਤੇ ਅਪ੍ਰਤਿਸੰਖਿਆ ਨਿਰੋਧ ਸਨ। 72 ਸੰਸਕ੍ਰਿਤ ਧਰਮਾਂ ਦੀ ਵੰਡ ਚਾਰ ਖੰਡਾਂ ਵਿੱਚ ਕੀਤੀ ਗਈ ਸੀ ਜਿਸ ਵਿੱਚ ਰੂਪ 11 ਪ੍ਰਕਾਰ ਦਾ ਸੀ, 46 ਧਰਮ ਚਿੱਤ ਨਾਲ ਸੰਬੰਧਿਤ ਸਨ ਅਤੇ 14 ਧਰਮ ਚਿੱਤ ਵਿਸ਼ੇਸ਼ ਰੂਪ ਨਾਲ ਜੁੜੇ ਸਨ। ਅੰਤਮ ਧਰਮ ਸੀ ਇੱਕ ਨਵੀਨ ਪ੍ਰਕਾਰ ਦੇ ਤੱਤਾਂ ਦਾ ਵਰਗ ਜੋ ਨਾ ਤਾਂ ਮਾਨਸਿਕ ਕਹੇ ਜਾ ਸਕਦੇ ਸਨ ਅਤੇ ਨਾ ਬੋਧਿਕ। ਫਿਰ ਵੀ ਮਾਨਸਿਕ ਜਾਂ ਬੋਧਿਕ ਆਧਾਰ ਤੋਂ ਬਿਨਾਂ ਉਹ ਕ੍ਰਿਆਸ਼ੀਲ ਨਹੀਂ ਹੋ ਸਕਦੇ ਸਨ। ਇਹ 75 ਤੱਤ ਕਾਰਣ-ਕਾਰਜ ਨਾਲ ਬੰਨੇ ਹੋਏ ਸਨ। ਉਹਨਾਂ ਵਿੱਚ ਛੇ ਹੇਤੂ ਅਤੇ ਚਾਰ ਪ੍ਰਤਿਅ ਸਨ।

**ਕਾਸ਼ਪੀਅ**

ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਾਸ਼ਪੀਅ ਸੰਪਰਦਾ ਦਾ ਜਨਮ ਭਗਵਾਨ ਬੁੱਧ ਦੇ ਮਹਾਪਰਿਨਿਰਵਾਣ ਦੇ ਲਗਭਗ 300 ਸਾਲਾਂ ਬਾਅਦ ਹੋਇਆ। ਹੁਣ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਹਨਾਂ ਦਾ ਮੂਲ ਸਥਵਿਰਵਾਦ ਨਿਕਾਇ ਸੀ ਜਾਂ ਸਰਵਅਸਤਿਵਾਦ ਨਿਕਾਇ। ਕਾਸ਼ਪੀਅ ਸਰਵਅਸਤਿਵਾਦੀਆਂ ਅਤੇ ਧਰਮ ਗੁਪਤਕਾਂ ਤੋਂ ਕਈ ਗੌਣ ਗੱਲਾਂ ਵਿੱਚ ਅਲੱਗ ਸਨ ਅਤੇ ਸਥਵਿਰਵਾਦੀਆਂ ਦੇ ਨੇੜੇ ਸਨ। ਇਸ ਲਈ ਇਹ ਸੰਭਵ ਹੈ ਕਿ ਇਹਨਾਂ ਦੀ ਉਤਪੱਤੀ ਸਰਵਅਸਤਿਵਾਦੀਆਂ ਤੋਂ ਹੋਈ ਹੈ ਪਰੰਤੂ ਸਥਵਿਰਵਾਦੀ ਪ੍ਰਭਾਵ ਦੇ ਕਾਰਨ ਇਹ ਵੀ ਸੰਭਵ ਹੈ. ਕਿ ਸਥਵਿਰਾਂ ਤੋਂ ਇਹਨਾਂ ਦੀ ਉਤਪਤੀ ਸਰਵਅਸਤਿਵਾਦੀ ਪ੍ਰਭਾਵ ਕਾਰਨ ਹੋਈ ਹੋਏ। ਸਥਵਿਰਵਾਦੀਆਂ ਦੀ ਨੇੜਤਾ ਕਰਕੇ ਇਹਨਾਂ ਨੂੰ ਸਥਾਵਰੀਯ ਵੀ ਕਿਹਾ ਜਾਂਦਾ ਹੈ। ਤਿੱਬਤੀ ਸ੍ਰੋਤਾਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਇਹਨਾਂ ਨੂੰ ਸੁਵਰਸ਼ਕ ਜਾਂ ਸਧਰਮਵਰਸ਼ਕ ਵੀ ਕਿਹਾ ਜਾਂਦਾ ਹੈ। ਅਭਿਲੇਖਾਂ ਅਤੇ ਚੀਨੀ ਪਾਤਰੀਆਂ ਦੇ ਵੇਰਵੇ ਤੋਂ ਪ੍ਰਤੀਤ ਹੁੰਦਾ ਹੈ ਕਿ ਇਹਨਾਂ ਦਾ ਨਿਵਾਸ ਖੇਤਰ ਉਤਰਾਪਥ ਵਿੱਚ ਸੀ। ਇਹ ਯਾਦ ਰੱਖਣ ਯੋਗ ਹੈ ਕਿ ਪਾਲੀ ਪਰੰਪਰਾ ਅਤੇ ਸਾਂਚੀ ਦੇ ਅਭਿਲੇਖਾਂ ਤੋਂ ਇਹ ਪਤਾ ਚਲਦਾ ਹੈ ਕਿ ਕਾਸ਼ਜਪ ਗੋਤਰ ਦੇ ਭਿੱਖੂ ਸਾਰੇ ਹੈਮਵਤਾਂ ਦੇ ਅਚਾਰੀਆ ਸਨ। ਹੈਮਵਤਾਂ ਦੇ ਅੰਚਾਰੀਆ ਹੋਣ ਦਾ ਪ੍ਰਮਾਣ ਚੀਨੀ ਭਾਸ਼ਾ ਵਿੱਚ ਉਪਲਬਧ ਵਿਨਯ ਮਾਤ੍ਰਿਕਾ ਨਾਮਕ ਗ੍ਰੰਥ ਵਿੱਚ ਵੀ ਮਿਲਦਾ ਹੈ। ਇਸ ਲਈ ਅਜਿਹੀ ਸੰਭਾਵਨਾ ਕੀਤੀ ਜਾ ਸਕਦੀ ਹੈ ਕਿ ਕਾਸ਼ਪੀਅ ਅਤੇ ਹੈਮਵਤ ਸ਼ੁਰੂ ਵਿੱਚ ਇੱਕ ਹੀ ਹੋਣਗੇ ਕਿਉਂਕਿ ਹੈਮਵਤਾਂ ਦੀ ਉੱਤਪਤੀ ਹਿਮਵਤਸ ਪ੍ਰਦੇਸ਼ ਵਿੱਚ ਅਸ਼ੋਕ ਦੇ ਸਮੇਂ ਧਰਮ ਪ੍ਰਚਾਰ ਤੋਂ ਪ੍ਰਤੀਤ ਹੁੰਦੀ ਹੈ।[24] ਭਵ ਦੀ ਕਸ਼ਮੀਰੀ ਪਰੰਪਰਾ ਦੇ ਅਨੁਸਾਰ ਹੈਮਵਤ ਸਥਵਿਰਾਂ ਤੋਂ ਵੱਖ ਨਹੀਂ ਸਨ। ਕਾਸ਼ਪੀਆਂ ਦਾ ਵਿਸ਼ਵਾਸ ਸੀ ਕਿ ਉਹ ਜੋ ਬੀਤ ਚੁੱਕਿਆ, ਜਿਸਦਾ ਫਲ ਮਿਲ ਚੁੱਕਿਆ, ਉਹ ਸਮਾਪਤ ਹੋ ਚੁੱਕਿਆ ਹੈ ਅਤੇ ਜਿਸਦਾ ਫਲ ਮਿਲਣਾ ਬਾਕੀ ਹੈ ਉਹ ਅਜੇ ਜੀ ਰਿਹਾ ਹੈ। ਕਾਸ਼ਪੀਆਂ ਲਈ ਕਿਹਾ ਜਾਂਦਾ ਹੈ ਕਿ ਉਹਨਾਂ ਨੇ ਸਰਅਸਤੀਵਾਦੀ ਅਤੇ ਵਿਭੱਜ-ਵਾਦੀਆਂ ਵਿਚਕਾਰ ਸਮਝੌਤਾ ਕੀਤਾ। ਕਾਸ਼ਪੀਅ ਸੰਪਰਦਾ ਦਾ ਆਪਣਾ ਇੱਕ ਤ੍ਰਿਪੀਟਕ ਵੀ ਹੈ।

**ਬਹੁਸ਼ਰੁਤੀਅ**

ਬਹੁਸ਼ਰੁਤੀਅ ਮਤ ਦਾ ਜ਼ਿਕਰ ਆਂਧਰਾ ਪ੍ਰਦੇਸ਼ ਦੇ ਅਮਰਾਵਤੀ ਅਤੇ ਨਾਗਾਰਜੁਨ ਕੰਡਾ ਦੇ ਸ਼ਿਲਾਲੇਖਾਂ ਵਿੱਚ ਮਿਲਦਾ ਹੈ[25] ਅਤੇ ਪ੍ਰਤੀਤ ਹੁੰਦਾ ਹੈ ਕਿ ਇਹ ਮਤ ਗੰਧਾਰ ਵਿੱਚ ਵੀ ਪ੍ਰਚਲਿਤ ਸੀ। ਇਹ ਮਹਾਂਸੰਘਿਕ ਦੀ ਇੱਕ ਬਾਅਦ ਦੀ ਧਾਰਾ ਸੀ। ਇਸਦਾ ਆਰੰਭ ਇਕ ਅਜਿਹੇ ਅਚਾਰੀਆ ਦੁਆਰਾ ਹੋਇਆ ਜੋ ਬੋਧ ਧਰਮਾਂ ਦੇ ਸੂਤਰਾਂ ਵਿੱਚ ਬਹੁਸਰੁਤ ਸੀ। ਪਰਮਾਰਥ ਦੇ ਅਨੁਸਾਰ ਅਰਹੱਤ ਯਾਗਵਲਕਯ ਉਹਨਾਂ ਦੇ ਪਰਵਰਤਕ ਸਨ ਅਤੇ ਉਹਨਾਂ ਨੇ ਸੂਤਰਾਂ ਵਿੱਚ ਨੀਤਾਰਥ ਅਤੇ ਨੇਆਰਥ ਦਾ ਭੇਦ ਮੰਨਿਆ। ਹਰਿਵਰਮਨ ਦਾ 'ਸਤਿਆ-ਸਿੱਧੀ-ਸ਼ਾਸਤਰ ਵੀ ਇਸੇ ਸੰਪਰਦਾ ਨਾਲ ਸਬੰਧ ਰੱਖਦਾ ਹੈ। ਇਹ ਸ਼ਾਸਤ੍ਰ ਵਿੱਚ ਪੰਜ ਪਟਿਕਾਂ ਦਾ ਵਰਣਨ ਮਿਲਦਾ ਹੈ।[26] ਜਿਵੇਂ 1. ਸੂਤਰ ਪੀਟਕ 2. ਵਿਨਯ ਪੀਟਕ 3. ਅਭਿਧੱਮ ਪੀਟਕ 4. ਸੰਯੁਕਤ ਪੀਟਕ।

ਵਸੁਮਿੱਤਰ ਅਨੁਸਾਰ, ਬਹੁਸ਼ਰੁਤੀਅ ਸੰਪਰਦਾ ਵਿੱਚ ਬੁੱਧ ਦੇ 'ਪੰਜ ਸਵਰ' ਦੇਸ਼ਨਾ ਦੀਆਂ

ਪੰਜ ਵਸਤੂਆਂ ਸ਼ਾਂਤ ਜਾਂ ਲੋਕ ਉੱਤਰ ਮੰਨੀਆਂ ਜਾਂਦੀਆਂ ਸਨ।[27] 1. ਅਨਿੱਤਤਾ 2. ਦੁੱਖ 3. ਸ਼ੂਨਯਤਾ 4. ਅਨਾਤਮ 5. ਨਿਰਵਾਣ। ਇਹ ਵਸਤੂਆਂ ਮੁਕਤੀ ਮਾਰਗ ਤੇ ਪਹੁੰਚਾਉਂਦੀਆਂ ਹਨ। ਮਹਾਦੇਵ ਦੀ ਅਰਹੱਤ ਵਿਸ਼ਯਕ ਪੰਜ ਵਸਤੂਆਂ ਇਸ ਸੰਪਰਦਾ ਵਿੱਚ ਸਵੀਕਾਰੀਆ ਜਾਂਦੀਆਂ ਸਨ।[28] ਭਵ ਦੇ ਅਨੁਸਾਰ ਨਿਰਯਾਣਿਕ ਮਾਰਗ ਇਹਨਾਂ ਦੇ ਮਤ ਵਿੱਚ ਨਿਰਵਿਚਾਰ ਹੈ। ਦੁੱਖ ਸਤਿਆ, ਸੰਵਰਿਤੀ ਸਤਿਆ ਅਤੇ ਆਰੀਆ ਸਤਿਆ ਸੱਚ ਹੈ। ਸਮਾਪੱਤਿ ਦਾ ਲਾਭ ਸੰਸਕਾਰ ਦੁੱਖ ਦੇ ਬੋਧ ਤੋਂ ਹੁੰਦਾ ਹੈ, ਦੁੱਖ-ਦੁੱਖਤਾ ਅਤੇ ਪਰਿਣਾਮ ਦੁੱਖਤਾ ਦਾ ਬੋਧ ਦੁਆਰਾ ਨਹੀਂ। ਕੁਝ ਸਿਧਾਂਤਕ ਮਾਮਲਿਆਂ ਵਿੱਚ ਸ਼ੈਲ ਸਾਖਾਵਾਂ ਵਿੱਚ ਅਤੇ ਇਹਨਾਂ ਵਿੱਚ ਬਹੁਤ ਕੁਝ ਇਕੋ ਜਿਹਾ ਸੀ ਅਤੇ ਬਾਕੀ ਮਾਮਲਿਆਂ ਵਿੱਚ ਉਹ ਸਰਵਅਸਤਿਵਾਦੀਆਂ ਦੇ ਨੇੜੇ ਸਨ। ਬੁੱਧ ਦੇ ਉਪਦੇਸ਼ਾਂ ਨੂੰ ਉਹ ਲੋਕੋਤਰ ਮੰਨਦੇ ਸਨ ਕਿਉਂਕਿ ਉਹਨਾਂ ਦੁਆਰਾ ਮੁਕਤੀ ਮਿਲਦੀ ਹੈ।

ਬਹੁਸ਼ਰਤੀਆਂ ਨੂੰ 'ਕੱਟੜ ਅਤੇ ਮਹਾਯਾਨ ਮਤ ਦੇ ਵਿਚਕਾਰ ਪੁੱਲ' ਮੰਨਿਆ ਜਾਂਦਾ ਹੈ ਕਿਉਂਕਿ ਉਹਨਾਂ ਨੇ ਦੋਹਾਂ ਦੇ ਉਪਦੇਸ਼ਾਂ ਨੂੰ ਮਿਲਾਉਣ ਦਾ ਯਤਨ ਕੀਤਾ। ਹਰੀਵਰਮਨ ਆਤਮ, ਨਿਰਾਤਮ ਅਤੇ ਧਰਮ-ਨਿਰਾਤਮ ਵਿੱਚ ਵਿਸ਼ਵਾਸ ਕਰਦੇ ਸਨ। ਕੱਟੜ ਵਿਚਾਰ ਧਾਰਾਵਾਂ ਦੀ ਤਰ੍ਹਾਂ ਉਹ ਵਿਸ਼ਵ ਦੀ ਅਨੇਕਰੂਪਤਾ ਵਿੱਚ ਵਿਸ਼ਵਾਸ ਕਰਦੇ ਸਨ, ਉਹਨਾਂ ਅਨੁਸਾਰ ਉਸ ਵਿੱਚ ਚੁਰਾਸੀ ਤੱਤ ਮੌਜੂਦ ਸਨ। ਮਹਾਯਾਨ- ਵਾਦੀਆਂ ਦੀ ਤਰ੍ਹਾਂ ਉਹਨਾਂ ਦਾ ਵਿਸ਼ਵਾਸ ਸੀ ਕਿ ਦੋ ਪ੍ਰਕਾਰ ਦੇ ਸਤਿਆ ਹਨ - 1. ਸੰਵਰਤੀ 2. ਪਰਮਾਰਥ। ਪਰਮਸੱਤ ਦੇ ਦ੍ਰਿਸ਼ਟੀਕੋਣ ਤੋਂ ਵਿਸ਼ਵ ਦੇ ਚੁਰਾਸੀ ਤੱਤ ਸਰਵਸ਼ੂਨਤਾ ਸਨ। ਤ੍ਰਿਕਾਇ ਬੁੱਧਕਾਇ ਅਤੇ ਧਰਮਕਾਇ ਦੇ ਸਿਧਾਂਤਾਂ ਵਿੱਚ ਵਿਸ਼ਵਾਸ ਰੱਖਦੇ ਸਨ। ਇਸਦਾ ਸਪਸ਼ਟੀਕਰਨ ਦਿੰਦਿਆਂ ਉਹ ਕਹਿੰਦੇ ਸਨ ਕਿ ਸ਼ੀਲ, ਸਮਾਧੀ, ਪ੍ਰਗਿਆ, ਵਿਮੁਕਤੀ ਗਿਆਨ ਦਰਸਨ ਆਦਿ ਵਿੱਚ ਇਹ ਧਰਮਕਾਇ ਬਣੇ ਹਨ। ਭਾਵੇਂ ਬੁੱਧ ਦੇ ਪਰਮ ਅਤਿਮਾਨਵੀ ਸੁਭਾਅ ਵਿੱਚ ਉਹਨਾਂ ਦਾ ਵਿਸ਼ਵਾਸ ਨਹੀਂ ਸੀ, ਫੇਰ ਵੀ ਬੁੱਧ ਦੀਆਂ ਵਿਸ਼ੇਸ਼ ਸ਼ਕਤੀਆਂ ਵਿੱਚ ਉਹਨਾਂ ਦਾ ਵਿਸ਼ਵਾਸ ਸੀ। ਜਿਵੇਂ-ਦਸ ਬਲ, ਚਾਰ ਇਸ਼ਾਰਦ। ਉਹਨਾਂ ਦਾ ਵਿਸ਼ਵਾਸ ਵਰਤਮਾਨ ਵਿੱਚ ਸੀ। ਭੂਤ ਅਤੇ ਭਵਿੱਖ ਨੂੰ ਉਹ ਨਿਰਹੋਂਦ ਮੰਨਦੇ ਸਨ।

## ਲੋਕੋਤੱਰਵਾਦ

ਵਸੁਮਿੱਤਰ ਦੇ ਅਨੁਸਾਰ ਬੁੱਧ ਪਰਿਨਿਰਵਾਣ ਦੇ ਦੂਜੀ ਸਦੀ ਵਿੱਚ ਇਕਵਿਹਾਰਿਕਾਂ ਅਤੇ ਗੋਕੁਲਿਕਾਂ ਦੇ ਨਾਲ ਲੋਕੋਤੱਰਵਾਦੀਆਂ ਦਾ ਵੀ ਮਹਾਸੰਘਿਕਾ ਦੇ ਮੱਧ ਤੋਂ ਉਦਗਮ ਹੋਇਆ। ਥੇਰਵਾਦੀ ਅਤੇ ਸੰਮਤੀਆ ਪਰੰਪਰਾਵਾਂ ਵਿੱਚ ਕੇਵਲ ਇਕਵਿਹਾਰਿਕਾਂ ਅਤੇ ਗੋਕੁਲਿਕਾਂ ਦਾ ਉਲੇਖ ਹੈ। ਵਿਨੀਤਦੇਵ ਵਿੱਚ ਕੇਵਲ ਲੋਕੋਤੱਰ-ਵਾਦੀਆਂ ਦਾ ਉਲੇਖ ਹੈ। ਭਵ ਦੀ ਮਹਾਸੰਘਿਕਾ ਦੀ ਸੂਚੀ ਵਿੱਚ ਕੇਵਲ ਮਹਾਸੰਘਿਕਾ ਅਤੇ ਗੋਕੁਲਿਕਾਂ ਦਾ ਉਲੇਖ ਹੈ। ਤਾਰਾਨਾਥ ਅਨੁਸਾਰ ਲੋਕੋਤੱਰਵਾਦੀ ਗੋਕੁਲਿਕਾਂ ਤੋਂ ਵੱਖ ਨਹੀਂ ਸਨ ਅਤੇ ਇਕਵਿਹਾਰਿਕ ਮਹਾਸੰਘਿਕਾਂ ਤੋਂ ਵੱਖ ਨਹੀਂ ਸਨ।[29]

ਲੋਕੋਤੱਰਵਾਦੀ ਜਿਵੇਂ ਕਿ ਇਸਦੇ ਨਾਂ ਤੋਂ ਹੀ ਸਪਸ਼ਟ ਹੁੰਦਾ ਹੈ ਕਿ ਇਸ ਸੰਪਰਦਾ ਦੇ ਲੋਕ ਬੁੱਧ ਅਤੇ ਬੋਧੀਸੱਤਵ ਦੀ ਲੋਕੋਤੱਰਤਾ ਵਿੱਚ ਵਿਸ਼ਵਾਸ ਕਰਦੇ ਸਨ। ਇਸ ਸਿਧਾਂਤ ਦਾ ਸਮਰਥਨ ਮਹਾਵਸਤੂ ਨਾਮਕ ਗ੍ਰੰਥ ਤੋਂ ਵੀ ਹੁੰਦਾ ਹੈ। ਨਿਦਾਨ ਕਥਾ ਦੇ ਸਮਾਨ ਮਹਾਵਸਤੂ ਵਿੱਚ

ਬੁੱਧ-ਚਰਿਤ ਦਾ ਤਿੰਨ ਵਿਭਾਗਾਂ ਵਿੱਚ ਵਰਣਨ ਦਿੱਤਾ ਗਿਆ ਹੈ[30] - (1) ਇਸ ਵਿੱਚ ਦੀਪੰਕਰ ਬੁੱਧ ਦੇ ਸਮੇਂ ਦੇ ਬੋਧੀਸੱਤਵ ਚਰਿਆ ਦਾ ਵਰਣਨ ਹੈ। (2) ਇਸ ਵਿੱਚ ਤੁਸ਼ਿਤ ਸਵਰਗ ਅਤੇ ਬੋਧੀਸੱਤਵ ਦੀ ਗਰਭ ਪ੍ਰਵੇਸ਼ ਤੋਂ ਲੈ ਕੇ ਸੰਬੋਧੀ ਤੱਕ ਦਾ ਵਰਣਨ ਹੈ। (3) ਇਸ ਵਿੱਚ ਧਰਮ ਚੱਕਰ ਪਰਿਵਰਤਨ ਕੇਵਲ ਸੰਘ ਦੇ ਜਨਮ ਦਾ ਮਹਾਵੱਗ ਨਾਲ ਤੁਲਨਾਤਮਿਕ ਵਰਣਨ ਹੈ। ਅਨੇਕ ਜਾਤਕਾਂ, ਅਵਦਾਨ ਸੁਤਰਾਂ ਅਤੇ ਗਾਥਾਵਾਂ ਦੇ ਯੋਗ ਨੇ ਇਸ ਗ੍ਰੰਥ ਨੂੰ ਵੱਡਾ ਆਕਾਰ ਦੇ ਦਿੱਤਾ ਹੈ। ਬੋਧੀਸੱਤਵ ਦੀ ਲੋਕੋਤੱਰਤਾ ਅਤੇ ਉਹਨਾਂ ਦੇ ਅਧਿਆਤਮਿਕ ਵਿਕਾਸ ਦੀ ਭੂਮਿਕਾ ਦਾ ਇਸ ਵਿੱਚ ਵਰਣਨ ਕੀਤਾ ਗਿਆ ਹੈ।

ਪਰਮਾਰਥ ਦੇ ਅਨੁਸਾਰ ਲੋਕੋਤੱਰਵਾਦੀ ਲੌਕਿਕ ਧਰਮਾਂ ਨੂੰ ਵਾਸਤਵਿਕ ਨਹੀਂ ਮੰਨਦੇ ਸਨ ਕਿਉਂਕਿ ਉਹ ਕਰਮ ਤੋਂ ਪੈਦਾ ਹੁੰਦੇ ਹਨ ਅਤੇ ਕਰਮ ਆਪ ਕਾਰਣ (ਵਿਪਾਕ) ਤੋਂ ਉਤਪੰਨ ਹੁੰਦਾ ਹੈ। ਲੋਕੋਤੱਰ ਧਰਮ ਪਰਮਾਰਥਿਕ ਹੈ। ਮਾਰਗ ਅਤੇ ਮਾਰਗ ਫਲ ਪਰਮਾਰਥਿਕ ਹੈ। ਮਾਰਗ ਫਲ ਵਿੱਚ ਦੋ ਸ਼ੂਨਯਤਾਵਾਂ ਸੰਗ੍ਰਹਿਤ ਹਨ। ਦੋ ਸ਼ੂਨਯਤਾਵਾਂ ਦੇ ਟੀਚੇ ਤੱਕ ਪਹੁੰਚਾਉਣ ਵਾਲੀ ਪ੍ਰਕਿਰਿਆ ਹੀ ਮਾਰਗ ਹੈ। ਸ਼ੂਨਯਤਾ ਹੀ ਪਰਮਾਰਥ ਹੈ ਅਤੇ ਉਸਦਾ ਬੋਧ ਵੀ।

## ਚੈਤਯਕ

ਮਹਾਂਸੰਘਿਕਾ ਦੇ ਵਿੱਚੋਂ ਹੀ ਦੂਜੇ ਮਹਾਦੇਵ ਦੇ ਕਾਰਨ ਚੈਤਯਕ ਸੰਪਰਦਾ ਦੀ ਉਤਪੱਤੀ ਹੋਈ ਹੈ। ਦੂਜੇ ਮਹਾਦੇਵ ਇਕ ਵਿਦਵਾਨ ਸਾਧੂ ਸੀ ਜਿਸਨੂੰ ਮਹਾਂਸੰਘਿਕ ਸੰਘ ਵਿੱਚ ਦੀਕਸ਼ਾ ਮਿਲੀ ਸੀ। ਹਾਲਾਂਕਿ ਉਹ ਪਹਿਲੇ ਮਹਾਦੇਵ ਦੇ ਅਰਹਤ ਸਬੰਧੀ ਪੰਜ ਸਿਧਾਂਤਾਂ ਨੂੰ ਮੰਨਦੇ ਸਨ, ਫੇਰ ਵੀ ਉਹਨਾਂ ਨੇ ਇਕ ਨਵਾਂ ਪੰਥ ਜਾਂ ਸੰਘ ਚਲਾਇਆ। ਉਹਨਾਂ ਦਾ ਅਤੇ ਉਹਨਾਂ ਦੇ ਚੇਲਿਆਂ ਦਾ ਨਿਵਾਸ ਸਥਾਨ ਜਿਸ ਪਰਬਤ ਤੇ ਸੀ ਉਥੇ ਇਕ ਚੈਤਯ ਸੀ। ਇਸੇ ਕਾਰਣ ਉਹਨਾਂ ਦੇ ਅਨੁਯਾਈ ਜਾਂ ਸੰਪਰਦਾ ਦਾ ਨਾਮ ਚੈਤਯਕ ਪਿਆ। ਚੈਤਯਕ ਸੰਪਰਦਾ ਦੀ ਪ੍ਰਮਾਣਿਕਤਾ ਅਮਰਾਵਤੀ ਅਤੇ ਨਾਗਾਰਜੁਨਕੋਂਡੀ ਦੇ ਸ਼ਿਲਾਲੇਖਾਂ ਤੋਂ ਵੀ ਹੁੰਦੀ ਹੈ।

ਚੈਤਯਕ ਸੰਪਰਦਾ ਮਹਾਦੇਵ ਦੇ ਪੰਜ ਸਿਧਾਂਤਾਂ ਨੂੰ ਮੰਨਦੇ ਸਨ ਫੇਰ ਵੀ ਕੁਝ ਗੱਲਾਂ ਵਿੱਚ ਉਹ ਮਹਾਂਸੰਘਿਕਾਂ ਤੋਂ ਵੱਖ ਵਿਚਾਰ ਰੱਖਦੇ ਸਨ। ਚੈਤਯਕ ਸੰਪਰਦਾ ਸਿਧਾਂਤ ਹੇਠ ਲਿਖੇ ਹਨ[31] -

1. ਚੈਤਿਯਾਂ ਦੇ ਨਿਰਮਾਣ, ਅਲੰਕਰਣ ਅਤੇ ਪੂਜਾ ਨਾਲ ਬੜਾ ਪੁੰਨ ਮਿਲਦਾ ਹੈ, ਚੈਤਿਯਾਂ ਦੀ ਪਰਿਕਰਮਾ ਵੀ ਪੁੰਨ ਕਾਰਕ ਹੁੰਦੀ ਹੈ।
2. ਚੈਤਿਯਾਂ ਨੂੰ ਫੁਲ-ਮਾਲਾਵਾਂ, ਸੁਗੰਧ ਆਦਿ ਚੜ੍ਹਾਉਣਾ ਪੁੰਨਦਾਇਕ ਹੁੰਦਾ ਹੈ।
3. ਭੇਟ ਚੜ੍ਹਾਉਣ ਨਾਲ ਧਾਰਮਿਕ ਪੁੰਨ ਮਿਲ ਸਕਦਾ ਹੈ। ਅਜਿਹੇ ਪੁੰਨ ਆਪਣੇ ਮਿੱਤਰਾਂ ਅਤੇ ਸਕੇ ਸਬੰਧੀਆਂ ਨੂੰ ਅਸੀਂ ਉਹਨਾਂ ਦੇ ਸੁੱਖਾਂ ਲਈ ਦੇ ਸਕਦੇ ਹਾਂ - ਇਹ ਵਿਚਾਰ ਆਦਿ ਬੋਧ ਧਰਮ ਲਈ ਅਗਿਆਤ ਸੀ ਪਰੰਤੂ ਮਹਾਯਾਨ ਵਿੱਚ ਪ੍ਰਚਲਿਤ ਸੀ। ਇਹਨਾਂ ਮਾਨਤਾਵਾਂ ਨੇ ਬੋਧ ਧਰਮ ਨੂੰ ਜਨ ਸਾਧਾਰਨ ਵਿੱਚ ਲੋਕਪ੍ਰਿਯ ਬਣਾਇਆ।
4. ਬੁੱਧ ਤ੍ਰਿਸ਼ਨਾ, ਈਰਖਾ, ਦਵੇਖ ਅਤੇ ਭਰਮ ਤੋਂ ਮੁਕਤ ਹਨ। ਉਹ ਰਾਸ, ਦੋਸ਼,

ਮੋਹ ਦੇ ਵਿਜੇਤਾ ਹੈ। ਉਹ ਅਰਹਤਾਂ ਤੋਂ ਉਪਰ ਹਨ ਕਿਉਂਕਿ ਉਹਨਾਂ ਕੋਲ ਦਸ-ਬਲ ਹਨ।

5. ਸੀਮਿਅਕ ਦ੍ਰਿਸ਼ਟੀ ਵਾਲਾ ਵਿਅਕਤੀ ਦਵੇਖ ਮੁਕਤ ਨਹੀਂ ਹੋ ਸਕਦਾ ਅਤੇ ਇਸੇ ਕਾਰਨ ਉਹ ਹੱਤਿਆ ਦੇ ਪਾਪ ਦੇ ਖਤਰੇ ਤੋਂ ਮੁਕਤ ਨਹੀਂ ਹੁੰਦਾ।
6. ਨਿਰਵਾਣ ਇਕ 'ਅੰਮ੍ਰਿਤ ਧਾਤੂ' ਅਵਸਥਾ ਹੈ।

ਵਸੁਮਿੱਤਰ ਦੇ ਚੀਨੀ ਅਨੁਵਾਦ ਦੇ ਅਨੁਸਾਰ ਬੋਧੀਸੱਤਵ ਲਈ ਸਵੈਇਛਿਤ ਗਤੀ ਪ੍ਰਾਪਤੀ ਸੰਭਵ ਹੈ। ਸਤੂਪ ਦੀ ਪੂਜਾ ਨਾਲ ਮਹਾਫਲ ਨਹੀਂ ਹੁੰਦਾ ਅਤੇ ਪਹਿਲੇ ਮਹਾਦੇਵ ਦੀਆਂ ਪੰਜ ਵਸਤੂਆਂ ਸਵੀਕਾਰ ਕੀਤੀਆਂ ਜਾਂਦੀਆਂ ਹਨ।[32] ਬੁੱਧ ਅਤੇ ਬੋਧੀਸੱਤਵ ਨੂੰ ਦੇਵਤਾ-ਰੂਪ ਦੇਣ ਵਾਲਾ ਇਹ ਪਹਿਲਾ ਮਤਵਾਦ ਸੀ। ਉਹਨਾਂ ਦੇ ਸੰਭੋਗਕਇ ਦੇ ਸਿਧਾਂਤ ਤੋਂ ਤ੍ਰਿਕਾਇ ਸਿਧਾਂਤ ਬਣਿਆ।

## ਵਾਤਸੀ ਪੁੱਤਰੀਆ (ਵੱਜੀਪੁੱਤਰਕ)

ਦੂਜੀ ਸੰਗਤ ਦੇ ਵਿਭਾਜਨ ਦੇ ਫਲਸਰੂਪ ਮਹਾਂਸੰਘਿਕ ਮਹਾਯਾਨਿਕ ਸੂਨਤਾ ਅਤੇ ਲੋਕੋਂਤੱਰਵਾਦ ਬੁੱਧ ਅਤੇ ਬੋਧੀਸੱਤਵ ਵੱਲ ਵਧੇ ਅਤੇ ਦੂਜੀ ਸੰਪਰਦਾ ਸਥਵਿਰਵਾਦ, ਜੋ ਆਪਣੇ ਆਪ ਨੂੰ ਮੂਲ ਮੰਨਦੇ ਸਨ, ਅਨੇਕ ਧਰਮਾਂ ਦੀ ਵੱਖ-ਵੱਖ ਸੱਤਾ ਦੇ ਸਮਰਥਕ ਬਣ ਗਏ ਅਤੇ ਅਭਿਧਰਮ ਦੇ ਮੂਲ ਸਿਧਾਂਤਾਂ ਨੂੰ ਵਿਕਸਿਤ ਕਰਦੇ ਰਹੇ। ਬੁੱਧ ਪਰਿਵਾਣ ਦੀ ਦੂਜੀ ਸਦੀ ਵਿੱਚ ਸਥਵਿਰਾਂ ਦੇ ਮੁੱਖ ਕੇਂਦਰ ਕੋਸ਼ਾਂਭੀ ਮਥੁਰਾ ਅਤੇ ਅਵੰਤੀ ਸਨ। ਕਦੀ ਵਤਸ ਦੇਸ਼ ਦੀ ਰਾਜਧਾਨੀ ਕੋਸ਼ਾਂਭੀ ਦੇ ਨੇੜੇ ਹੀ ਵਾਤਸੀ ਪੁੱਤਰੀਆ ਦਾ ਜਨਮ ਹੋਇਆ ਹੈ। ਸਥਵਿਰਵਾਦੀਆਂ ਦੇ ਵਿੱਚੋਂ ਜੋ ਸ਼ਾਖਾਵਾਂ ਨਿਕਲੀਆਂ ਉਸ ਵਿੱਚ ਸਭ ਤੋਂ ਪਹਿਲੀ ਵਾਤਸੀ ਪੁੱਤਰੀਆ ਹੀ ਸੀ। ਇਸ ਸੰਪਰਦਾ ਦੇ ਭਿੱਖੂ ਪੁਦਗਲਵਾਦੀ ਸਨ। ਤੀਜੀ ਸੰਗਤ ਦੇ ਵਰਣਨ ਦੇ ਆਧਾਰ ਤੇ 'ਡਾ. ਗੋਵਿੰਦ ਚੰਦਰ ਪਾਂਡੇ' ਅਨੁਸਾਰ ਤੀਜੀ ਸੰਗਤ ਦੇ ਅਧਿਅਕਸ਼ ਮੋਗੱਲੀਪੁਤ ਤਿੱਸ ਨੇ ਪ੍ਰਧਾਨ ਰੂਪ ਨਾਲ ਪੁਦਗਲਵਾਦੀਆਂ ਅਥਵਾ ਵਾਤਸੀ ਪੁੱਤਰੀਆ ਦਾ ਹੀ ਖੰਡਨ ਕੀਤਾ।[33]

ਵਾਤਸੀ ਪੁੱਤਰੀਆ ਸੰਪਰਦਾ ਨੇ ਤਤਕਾਲੀ ਬੋਧ ਸੁੱਤਾਂ ਤੋਂ ਉਹ ਸਭ ਇਕੱਠਾ ਕੀਤਾ ਜਿਸ ਵਿਚ ਪੁਦਗਲ ਸ਼ਬਦ ਸੀ ਅਤੇ ਉਹਨਾਂ ਨੇ ਇਹ ਮੰਨ ਲਿਆ ਕਿ ਅਜਿਹੇ ਪੁਦਗਲ ਦੇ ਬਿਨਾਂ ਪੁਨਰ ਜਨਮ ਸੰਭਵ ਨਹੀਂ ਹੈ। ਅਭਿਧਰਨ ਕੋਸ਼ ਵਿਚ ਬਸੁਬੰਧੂ ਨੇ ਪੁਸਤਕ ਦੇ ਅੰਤ ਵਿੱਚ ਇੱਕ ਵਿਸ਼ੇਸ਼ ਅਧਿਆਇ ਵਿੱਚ, ਉਪ-ਦ੍ਰਿਸ਼ਟੀਕੋਣ ਦਾ ਵਿਰੋਧ ਕਰਨ ਦਾ ਯਤਨ ਕੀਤਾ।[34] ਵਾਤਸੀ ਪੁੱਤਰੀਆ ਦੇ ਅਨੁਸਾਰ ਪੁਦਗਲ ਨਾ ਤਾਂ ਸੰਕਧਾ ਵਰਗਾ ਸੀ ਨਾ ਉਸ ਤੋਂ ਵੱਖਰਾ ਸੀ। ਉਹਨਾਂ ਦਾ ਵਿਸ਼ਵਾਸ ਸੀ ਕਿ ਅਰਹਤ ਦਾ ਪਤਨ ਹੋ ਸਕਦਾ ਹੈ ਅਤੇ ਅਵਿਸ਼ਵਾਸੀ ਚਮਤਕਾਰ ਵੀ ਦਿਖਾ ਸਕਦੇ ਹਨ।

ਵਾਤਸੀ ਪੁੱਤਰੀਆ ਦਾ ਅਭਿੱਧਮਪੀਟਕ ਸਾਰਿਪੁਤਰ ਅਭਿਧਰਮ ਜਾਂ ਪਰਮ ਲੱਛਣ ਅਭਿਧਰਮ ਅਖਵਾਉਂਦਾ ਹੈ ਅਤੇ ਉਸਦੇ ਨੌਂ ਭਾਗ ਸਨ। ਵਾਤਸੀ ਪੁੱਤਰੀਆ ਤੋਂ ਧਰਮ ਉਤਰੀਆ, ਭੱਦਰਯਾਨੀਆ, ਛੰਨਾਗਰਿਕ ਅਤੇ ਸੰਮਤੀਆ ਨਾਮ ਦੀਆਂ ਸ਼ਾਖਾਵਾਂ ਨਿਕਲੀਆਂ ਜਿਸ ਵਿੱਚੋਂ ਸੰਮਤੀਆ ਨੂੰ ਸਭ ਤੋਂ ਜ਼ਿਆਦਾ ਮਹੱਤਵ ਪ੍ਰਾਪਤ ਹੋਇਆ। ਵਸੁਮਿੱਤਰ ਅਨੁਸਾਰ ਇਕ ਗਾਥਾ ਦੇ ਵਿਆਖਿਆਨ ਤੇ ਵਿਵਾਦ ਦੇ ਕਾਰਨ ਸ਼ਾਖਾਵਾਂ ਪ੍ਰਗਟ ਹੋਈਆਂ।

**ਮਹੀਸ਼ਾਸਕ**

ਮਹੀਸ਼ਾਸਕ ਸੰਪਰਦਾ ਦੇ ਦੋ ਗੁਣ ਸਨ ਜੋ ਸਮੇਂ-ਸਮੇਂ ਪ੍ਰਸਿੱਧ ਹੋਏ। ਇਹਨਾਂ ਵਿੱਚੋਂ ਕਿਹੜਾ ਮੂਲ ਸੀ, ਇਸਦੇ ਨਿਰਣੇ ਲਈ ਬਹੁਤ ਸਾਰੇ ਵਿਦਵਾਨਾਂ ਨੇ ਆਪਣੇ ਮਤ ਪ੍ਰਗਟ ਕੀਤੇ। ਦੱਤ ਅਨੁਸਾਰ ਪੂਰਵ ਮਹੀਸ਼ਾਸਕ ਸਰਵਅਸਤੀਵਾਦੀਆਂ ਤੋਂ ਪ੍ਰਾਚੀਨ ਸਨ ਅਤੇ ਉੱਤਰ ਮਹੀਸ਼ਾਸਕ ਉਹਨਾਂ ਤੋਂ ਬਾਅਦ ਦੇ ਸਨ।[35] ਪ੍ਰਿਲੁਸਕੀ ਸਾਹਿਬ ਅਨੁਸਾਰ ਪੂਰਵ ਮਹੀਸ਼ਾਸਕ ਪੁਰਾਣ ਦੇ ਅਨੁਗਾਮੀ ਸਨ ਜਿਸਨੇ ਪਹਿਲੀ ਸੰਗਤ ਵਿੱਚ ਸ਼ਾਮਿਲ ਹੋਣ ਅਤੇ ਉਸਦੀ ਕਾਰਵਾਈ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ।[36] ਮਹੀਸ਼ਾਸਕਾਂ ਦੇ ਨਾਮ ਨੂੰ ਮਹੇਸ਼ ਮੰਡਲ ਨਾਲ ਸੰਬੰਧਿਤ ਦਸਿਆ ਗਿਆ ਹੈ। ਅਭਿਧਰਮ ਲੇਖਕਾਂ ਨਾਲ ਉਹਨਾਂ ਦਾ ਵਨਵਾਸੀਆਂ ਨਾਲ ਸਬੰਧ ਸਿੱਧ ਹੁੰਦਾ ਹੈ। ਚੀਨੀ ਯਾਤਰੀ ਫਾਹਿਯਾਨ ਨੇ ਉਹਨਾਂ ਦਾ ਵਿਨਯ ਪੰਦ ਸਿਹਲ (ਸ੍ਰੀ ਲੰਕਾ) ਯਾਤਰਾ ਦੇ ਕੇ ਕ੍ਰਮ ਵਿੱਚ ਪ੍ਰਾਪਤ ਕੀਤਾ ਸੀ। ਈ-ਚਿੰਗ ਨੇ ਉਹਨਾਂ ਨੂੰ ਭਾਰਤ ਵਿੱਚ ਕਿੱਧਰੇ ਨਹੀਂ ਦੇਖਿਆ। ਜਾਤਕ ਅੱਠਕਥਾ ਦੇ ਆਰੰਭਿਕ ਸਲੋਕ ਵਿੱਚ ਇਹ ਕਿਹਾ ਗਿਆ ਹੈ ਕਿ ਉਸਦੇ ਲੇਖਕ ਨੇ ਮਹੀਸ਼ਾਸਕ ਪਰੰਪਰਾ ਵਿੱਚ ਜਨਮੇ ਹੋਏ ਆਪਣੇ ਇੱਕ ਮਿੱਤਰ ਬੁੱਧ ਦੇਵ ਦੇ ਕਹਿਣ ਤੇ ਲਿਖੀ। ਥੇਰਵਾਦੀਆ ਸਮਾਨ ਆਰੰਭਿਕ ਮਹੀਸ਼ਾਸਕ ਵੀ ਇਕੱਠੇ ਚਾਰ ਆਰੀਆ ਸਤਿਆ ਵਿੱਚ ਵਿਸ਼ਵਾਸ ਕਰਦੇ ਸਨ। ਉਹਨਾਂ ਦੇ ਨੌਂ ਅਸੰਸਕ੍ਰਤ ਧਰਮ ਸਨ[37]- (1) ਪ੍ਰਤਿਸੰਖਿਆ ਨਿਰੋਧ, ਗਿਆਨ ਦੁਆਰਾ ਸਮਾਪਤ ਕਰਨਾ (2) ਅਪ੍ਰਤਿ ਸੰਖਿਆ ਨਿਰੋਧ, ਅਗਿਆਨ ਦੁਆਰਾ ਸਮਾਪਤ ਕਰਨਾ ਜਾਂ ਕਾਰਣ ਦਾ ਸੁਭਾਵਿਕ ਰੂਪ ਨਾਲ ਸਮਾਪਤ ਹੋਣਾ (3) ਅਕਾਸ (4) ਸਥਿਰਤਾ (5) ਕੁਸ਼ਲ ਧਰਮ ਸਬੰਧੀ (6) ਅਕੁਸ਼ਲ ਧਰਮ ਸਬੰਧੀ (7) ਅਕੱਥ ਧਰਮ ਸਬੰਧੀ (8) ਮਾਰਗ ਸਬੰਧੀ ਅਤੇ (9) ਪ੍ਰਤੀਤਯਸਮੁਤਪਾਦ ਸਬੰਧੀ। ਇਹਨਾਂ ਪ੍ਰਤੀਤਯਸਮੁਤਪਾਦ ਸਬੰਧੀ ਧਰਮ ਮਹਾਸੰਘਿਕਾਂ ਦੀ ਸੂਚੀ ਵਿੱਚ ਵੀ ਹਨ।

ਬਾਅਦ ਦੇ ਮਹੀਸ਼ਾਸਕਾਂ ਨੇ ਇਸ ਪੰਥ ਦੇ ਪਹਿਲੇ ਮੰਨਣ ਵਾਲਿਆਂ ਤੋਂ ਵੱਖ ਹੋਰ ਵਿਰੋਧੀ ਮਤ ਰੱਖੇ। ਸਰਵਅਸਤੀਵਾਦੀਆਂ ਦੀ ਤਰ੍ਹਾਂ ਇਹਨਾਂ ਦਾ ਵੀ ਗਤ (ਭੂਤ), ਅਗਤ (ਭਵਿੱਖ) ਅਤੇ ਅੰਤਰਭਾਵ (ਵਰਤਮਾਨ) ਵਿੱਚ ਵਿਸ਼ਵਾਸ ਸੀ ਅਤੇ ਉਹ ਮੰਨਦੇ ਸਨ ਕਿ ਸਕੰਧ, ਆਇਤਨ ਅਤੇ ਧਾਤੂ ਬੀਜਾਂ ਦੇ ਰੂਪ ਵਿੱਚ ਵੱਸਦੇ ਹਨ।

**ਧਰਮਗੁਪਤਿਕ**

ਨਿਕਾਇ ਭੇਦ ਦੀਆਂ ਸਾਰੀਆਂ ਪਰੰਪਰਾਵਾਂ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਧਰਮਗੁਪਤਿਕਾਂ ਦੀ ਉਤਪੱਤੀ ਮਹੀਸ਼ਾਸਕਾਂ ਜਾਂ ਮਹੀਸ਼ਾਸਕ ਅਨੁਯਾਈਆਂ ਦੇ ਟੁੱਟਣ ਕਰਕੇ ਹੋਈ। ਬੋਧ ਧਰਮ ਵਿੱਚ ਬੁੱਧ ਅਤੇ ਸੰਘ ਨੂੰ ਦਿੱਤੇ ਗਏ ਭੇਟਾਂ ਜਾਂ ਦਾਨ ਦੇ ਸਰੂਪ ਵਿੱਚ ਮਤਭੇਦ ਹੋਣ ਕਰਕੇ ਮਹੀਸ਼ਾਸਕੀ ਤੋਂ ਵੱਖ ਹੋ ਕੇ ਕੁਝ ਭਿੱਖੂਆਂ ਨੇ ਅਲੱਗ ਗੁੱਟ ਬਣਾਏ ਜਿਸਦਾ ਨਾਮ ਧਰਮਗੁਪਤਿਕ ਪਿਆ। ਪਰਮਾਰਥ ਦੇ ਅਨੁਸਾਰ ਧਰਮਗੁਪਤਿਕ ਸੰਪਰਦਾ ਦਾ ਪਰਵਰਤਨ ਮਹਾਮੋਗਲਾਨ ਦੇ ਚੇਲੇ ਧਰਮ ਗੁਪਤ ਨੇ ਕੀਤਾ ਸੀ। ਪ੍ਰਿਲੁਸਕੀ ਅਤੇ ਫਰਾਉਵਾਲ ਇਸ ਧਰਮ ਗੁਪਤ ਦਾ ਅਪਰਾਂਤ ਖੇਤਰ ਦੇ ਧਰਮ ਪ੍ਰਚਾਰਕ ਯੋਨਕ ਧਰਮਰਖਸ਼ਕ ਦੇ ਨਾਲ ਅਭੇਦ ਦੱਸਦੇ

ਹਨ।[38] ਇਹਨਾਂ ਦੇ ਵਿਨਯ ਨਿਯਮਾਂ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਉਹਨਾਂ ਦਾ ਪ੍ਰਧਾਨ ਧਰਮ ਬੁੱਧ ਨੂੰ ਭੇਟ ਚੜਾਉਣਾ ਅਤੇ ਸਤੂਪਾਂ ਦੀ ਸ਼ਰਧਾ ਕਰਨਾ ਸੀ। ਉਹਨਾਂ ਦਾ ਵਿਸ਼ਵਾਸ ਸੀ ਕਿ ਅਰਹਤ ਪਾਪ ਜਮਨਾਵਾਂ ਤੋਂ ਮੁਕਤ ਸੀ ਅਤੇ ਨਾਸਤਿਕ ਅਤੇ ਅਵਿਨਵਾਸੀ ਅਤਿ ਮਾਨਵੀ ਜਾਂ ਚਮਤਕਾਰ ਕਰਨ ਦੀ ਮੁਕਤੀ ਨਹੀਂ ਪ੍ਰਾਪਤ ਕਰਦੇ ਸਨ। ਧਰਮਗੁਪਤਿਕਾਂ ਦਾ ਆਪਣਾ ਸੁੱਤਰ, ਵਿਨਯ ਅਤੇ ਅਭਿਧੰਮ ਸਾਹਿਤ ਸੀ। ਬਾਅਦ ਵਿੱਚ ਧਰਮਗੁਪਤਿਕ ਆਪਣੇ ਉਪੀਦਕ ਵਿੱਚ ਇੱਕ ਬੋਧੀਸੱਤਵ ਪੀਟਕ ਅਤੇ ਇਕ ਧਾਰਣੀਪੀਟਕ ਜਾਂ ਮੰਤਰਪੀਟਕ ਵੀ ਮੰਨਦੇ ਸਨ। ਇਹਨਾਂ ਦੇ ਵਿਸ਼ੇਸ਼ ਪ੍ਰਾਤਿਮੋਕਸ਼ ਦੇ ਨਿਯਮ ਚੀਨ ਦੇ ਮੱਠਾਂ ਵਿੱਚ ਪਾਲਨ ਕੀਤੇ ਜਾਂਦੇ ਸਨ। ਕਿਸੇ ਵੀ ਭਾਰਤੀ ਅਭਿਲੇਖ ਵਿੱਚ ਧਰਮਗੁਪਤਿਕਾਂ ਦਾ ਉਲੇਖ ਪ੍ਰਾਪਤ ਨਹੀਂ ਹੁੰਦਾ ਹੈ। ਸ਼ਵਾਨਚਵਾਂਗ (ਚੀਨੀ ਯਾਤਰੀ) ਅਤੇ ਈ-ਚਿੰਗ ਨੇ ਵੀ ਇਸਨੂੰ ਉਡਿਯਾਨ ਅਤੇ ਮੱਧ ਏਸ਼ੀਆ ਵਿੱਚ ਦੇਖਿਆ ਸੀ। ਇਸ ਮਤ ਨੂੰ ਮੱਧ ਏਸ਼ੀਆ ਅਤੇ ਚੀਨ ਵਿਚ ਹੀ ਕਾਫੀ ਲੋਕਪ੍ਰਿਯਤਾ ਮਿਲ ਸਕੀ।

### ਹੈਮਵਤ

ਇਸਦੇ ਨਾਮ ਦੇ ਵਿਸ਼ਲੇਸ਼ਣ ਤੋਂ ਪ੍ਰਤੀਤ ਹੁੰਦਾ ਹੈ ਕਿ ਹੈਮਵਤ ਦੀ ਉਤਪੱਤੀ ਹੈਮਵਤ ਪ੍ਰਦੇਸ਼ ਜਾਂ ਹਿਮਾਲਾ ਪ੍ਰਦੇਸ਼ ਵਿੱਚ ਅਸ਼ੋਕ ਦੇ ਸਮੇਂ ਵਿੱਚ ਹੋਈ ਹੋਵੇਗੀ। ਅਠਾਰਾਂ ਨਿਕਾਇਆ ਤੇ ਰਚੇ 'ਅਸ਼ਟਾਦਸ ਨਿਕਾਇ ਸ਼ਾਸਤ੍ਰ' ਵਿੱਚ ਵਸੁਮਿੱਤਰ ਕਹਿੰਦੇ ਹਨ, "ਹੈਮਵਤ ਸਥਵਿਰਵਾਦੀਆਂ ਦੇ ਵੰਸ਼ਕਾ ਸਨ ਪਰੰਤੂ ਭੱਟ ਅਤੇ ਵਿਨੀਤ ਦੇਵ ਇਸਨੂੰ ਮਹੀਸ਼ਾਸਕਾਂ ਦੀ ਇੱਕ ਸ਼ਾਖਾ ਮੰਨਦੇ ਹਨ।" ਕੁਝ ਆਧੁਨਿਕ ਵਿਦਵਾਨ ਸਿੰਹਲ (ਸ੍ਰੀਲੰਕਾ) ਦੇ ਸਥਵਿਰਵਾਦੀਆਂ ਨੂੰ ਮੂਲ ਸਥਵਿਰਾਂ ਤੋਂ ਨਿਕਲੀ ਇਕ ਧਰਵਰਤੀ ਸ਼ਾਖਾ ਮਾਤਰ ਮੰਨਦੇ ਹਨ, ਪਰੰਤੂ ਇਹਨਾਂ ਸਥਵਿਰਾਂ ਦੀ ਪਰੰਪਰਾ ਪ੍ਰਾਚੀਨ ਅਤੇ ਮੂਲ ਸਥਵਿਰਾਂ ਵਿੱਚ ਨਾਲ ਮੇਲ ਖਾਂਦੀ ਹੈ। ਪਾਲੀ ਪਰੰਪਰਾ ਅਤੇ ਸਾਂਚੀ ਦੇ ਅਭਿਲੇਖਾਂ ਤੋਂ ਇਹ ਪਤਾ ਚਲਦਾ ਹੈ ਕਿ ਕਾਸਪੀਅ ਗੋਤਰ ਦੇ ਭਿੱਖੂ ਸਾਰੇ ਹੈਮਵਤਾਂ ਦੇ ਅਚਾਰੀਆ ਸਨ।[39] ਚੀਨੀ ਭਾਸ਼ਾ ਵਿੱਚ ਉਪਲਬਧ ਵਿਨਯ ਪਤ੍ਰਿਕਾ ਨਾਮਕ ਗ੍ਰੰਥ ਤੋਂ ਕਾਸ਼ਅਪ ਹੈਮਵਤਾਂ ਦੇ ਅਚਾਰੀਆ ਪ੍ਰਤੀਤ ਹੁੰਦੇ ਹਨ। ਸਥਵਿਰਵਾਦੀਆਂ ਦੀ ਤਰ੍ਹਾਂ ਹੈਮਵਤਾਂ ਦਾ ਵਿਸ਼ਵਾਸ ਸੀ ਕਿ ਬੋਧਸੱਤਵਾਂ ਦਾ ਕੋਈ ਵਿਸ਼ੇਸ਼ ਸਥਾਨ ਨਹੀਂ ਹੈ ਪਰੰਤੂ ਉਹਨਾਂ ਦੇ ਵਿਰੁੱਧ ਉਹ ਲੋਕ ਕਹਿੰਦੇ ਸਨ ਕਿ ਦੇਵਤਾ ਬ੍ਰਹਮਚਰਜ ਦਾ ਪਵਿੱਤਰ ਜੀਵਨ ਨਹੀਂ ਬਿਤਾ ਸਕਦੇ ਸਨ ਅਤੇ ਗੈਰ-ਸ਼ਰਧਾਲੂ ਲੋਕਾਂ ਵਿੱਚ ਚਮਤਕਾਰੀ ਸ਼ਕਤੀ ਨਹੀਂ ਹੋ ਸਕਦੀ ਸੀ।

## ਟਿੱਪਣੀਆਂ ਤੇ ਹਵਾਲੇ


1. ਭਿਖੂਣੀ ਖੰਧਕ, *ਵਿਨਯ ਪੀਟਕ*
2. *ਵਿਨਯ ਪੀਟਕ*, ਅਨੁਵਾਦਕ ਰਾਹੁਲ ਸਾਂਕ੍ਰਿਤਆਇਨ, ਪੰਨਾ - 322
3. -ਉਹੀ- ਪੰਨਾ - 323
4. -ਉਹੀ- ਪੰਨਾ - 480

5. -ਉਹੀ- ਪੰਨਾ - 482
6. -ਉਹੀ- ਪੰਨਾ - 483
7. (ੳ) ਭਿੱਖੂ ਸਾਰਾ ਜੀਵਨ ਆਰਣਯਕ ਰਹੇ।
(ਅ) ਭਿੱਖੂ ਸਾਰਾ ਜੀਵਨ ਪਿੰਡਪਾਤਕ ਰਹੇ।
(ੲ) ਭਿੱਖੂ ਸਾਰਾ ਜੀਵਨ ਪਾਂਸੁਕੂਲਿਕ ਰਹੇ।
(ਸ) ਭਿੱਖੂ ਸਾਰਾ ਜੀਵਨ ਰੁੱਖ ਮੂਲਕ ਰਹੇ।
(ਹ) ਭਿੱਖੂ ਸਾਰਾ ਜੀਵਨ ਮਾਸ ਮੱਛੀ ਨਾ ਖਾਣ।
8. *ਵਿਨਯ ਪੀਟਕ*, ਅਨੁਵਾਦਕ - ਰਾਹੁਲ ਸਾਂਕ੍ਰਿਤਆਇਨ ਪੰਨਾ - 546
9. ਬੁਧਿਸਟਿਕ ਸਟੱਡੀਜ਼ (ਡਾ. ਲਾਹਾ ਦੁਆਰਾ ਸੰਪਾਦਿਤ) ਪੰਨਾ - 44
10. *ਵਿਨਯ ਪੀਟਕ* ਅਨੁਸਾਰ ਸੌ ਸਾਲ ਬਾਅਦ, ਪਰੰਤੂ ਯੁਆਨ-ਚੁਆਂਗ ਦੁਆਰਾ ਨਿਰਧਾਰਿਤ ਪਰੰਪਰਾ ਅਨੁਸਾਰ ਇਕ ਸੌ ਦਸ ਸਾਲ ਬਾਅਦ।
11. *ਵਿਨਯ ਪੀਟਕ*, ਅਨੁਵਦਿਕ - ਰਾਹੁਲ ਸਾਂਕ੍ਰਿਤਆਇਨ ਪੰਨਾ - 545
12. ਬੋਧ ਦਰਸਨ *ਮੀਮਾਂਸਾ*, ਬਲਦੇਵ ਉਪਾਧਿਆਇ
13. *ਪਾਲੀ ਸਾਹਿਤ ਦਾ ਇਤਿਹਾਸ*, ਭਰਤ ਸਿੰਘ ਉਪਾਧਿਆਇ ਪੰਨਾ - 505
14. ਬੋਧ ਦਰਸਨ *ਮੀਮਾਂਸਾ*, ਬਲਦੇਵ ਉਪਾਧਿਆਇ ਪੰਨਾ - 85
15. ਬੋਧ ਧਰਮ ਦੇ *ਵਿਕਾਸ ਦਾ ਇਤਿਹਾਸ*, ਜੀ.ਸੀ. ਪਾਂਡੇ ਪੰਨਾ - 176
16. -ਉਹੀ- ਪੰਨਾ - 177
17. -ਉਹੀ- ਪੰਨਾ - 178
18. ਧੰਮਪਦ ਬੁੱਧ-ਵੱਗੋ, ਗਾਥਾ ਸੰਖਿਆ - 183 ਦਾ ਅਨੁਵਾਦ।
19. ਬੋਧ ਧਰਮ ਦੇ *2500* ਵਰ੍ਹੇ, ਪੀ.ਵੀ. ਵਾਪਕ
20. -ਉਹੀ-
21. -ਉਹੀ-
22. -ਉਹੀ-
23. -ਉਹੀ-
24. ਬੋਧ ਧਰਮ ਦੇ ਵਿਕਾਸ ਦਾ ਇਤਿਹਾਸ, ਜੀ.ਸੀ. ਪਾਂਡੇ ਪੰਨਾ - 187
25. ਲਾਮਾਤ, ਬੁਧਇਸਟ ਸਟੱਡੀਜ਼ ਪੰਨਾ - 580
26. ਬੋਧ ਧਰਮ ਦੇ ਵਿਕਾਸ ਦਾ ਇਤਿਹਾਸ, ਜੀ.ਸੀ. ਪਾਂਡੇ ਪੰਨਾ - 291
27. -ਉਹੀ- ਪੰਨਾ - 291
28. ਬਾਲੇਜੇਰ, ਵਾਰੇ ਪੰਨਾ - 30-82
29. ਬੋਧ ਧਰਮ ਦੇ ਵਿਕਾਸ ਦਾ ਇਤਿਹਾਸ, ਜੀ.ਸੀ. ਪਾਂਡੇ ਪੰਨਾ - 289-90
30. -ਉਹੀ-
31. ਬੋਧ ਧਰਮ ਦੇ *2500* ਵਰ੍ਹੇ, ਪੀ.ਵੀ. ਵਾਪਕ ਪੰਨਾ - 83
32. ਬੋਧ ਧਰਮ ਦੇ *ਵਿਕਾਸ ਦਾ ਇਤਿਹਾਸ*, ਜੀ.ਸੀ. ਪਾਂਡੇ ਪੰਨਾ - 292
33. -ਉਹੀ- ਪੰਨਾ - 184-85
34. ਬੋਧ ਧਰਮ ਦੇ *2500* ਵਰ੍ਹੇ, ਪੀ.ਵੀ. ਵਾਪਕ ਪੰਨਾ - 75

35. *ਬੋਧ ਧਰਮ ਦੇ ਵਿਕਾਸ ਦਾ ਇਤਿਹਾਸ*, ਜੀ.ਸੀ. ਪਾਂਡੇ ਪੰਨਾ - 186
36. -ਉਹੀ- ਪੰਨਾ - 186
37. *ਬੋਧ ਧਰਮ ਦੇ 2500 ਵਰ੍ਹੇ*, ਪੀ.ਵੀ. ਵਾਪਕ ਪੰਨਾ - 73
38. *ਬੋਧ ਧਰਮ ਦੇ ਵਿਕਾਸ ਦਾ ਇਤਿਹਾਸ*, ਜੀ.ਸੀ. ਪਾਂਡੇ ਪੰਨਾ - 187
39. -ਉਹੀ- ਪੰਨਾ - 187

# ਨਾਥ ਸੰਪ੍ਰਦਾਇ

ਡਾ. ਹਰਜੀਤ ਕੌਰ*

ਪੂਰਵ ਨਾਨਕ ਕਾਲ ਵਿੱਚ ਭਾਰਤ ਵਿੱਚ ਨਾਥ ਸੰਪ੍ਰਦਾਇ ਦਾ ਬਹੁਤ ਪ੍ਰਭਾਵ ਰਿਹਾ। ਇਹ ਇਕ ਅਧਿਆਤਮਕ ਲਹਿਰ ਸੀ, ਜੋ ਸਹਿਜਯਾਨੀ ਅਤੇ ਸ਼ੈਵ ਮੱਤ ਦੇ ਮੇਲ ਤੋਂ ਉਤਪੰਨ ਹੋਈ। ਨਾਥਾਂ ਲਈ ਜੋਗੀ, ਸਿੱਧ, ਅਵਧੂਤ, ਅਵਧੂ, ਔਧੂ, ਰਾਵਲ ਆਦਿ ਸ਼ਬਦ ਵੀ ਵਰਤ ਲਏ ਜਾਂਦੇ ਹਨ। ਅਚਾਰੀਆ ਹਜਾਰੀ ਪ੍ਰਸ਼ਾਦ ਦਿਵੇਦੀ ਦੀ ਨਾਥ ਸ਼ਬਦ ਬਾਰੇ ਧਾਰਨਾ ਹੈ, "ਨਾ ਦਾ ਅਰਥ ਹੈ ਅਨਾਦਿ ਰੂਪ ਅਤੇ ਥ ਦਾ ਅਰਥ ਹੈ ਤਿੰਨ ਲੋਕਾਂ ਦਾ ਸਥਾਪਤ ਹੋਣਾ। ਇਸ ਤਰ੍ਹਾਂ ਨਾਥ ਮੱਤ ਦਾ ਸਪਸ਼ਟ ਅਰਥ ਉਹ ਅਨਾਦਿ ਧਰਮ ਹੈ, ਜਿਹੜਾ ਤਿੰਨ ਲੋਕਾਂ ਦੀ ਸਥਿਰਤਾ ਦਾ ਕਾਰਣ ਹੈ। ਗੁਰੂ ਗੋਰਖ ਨਾਥ ਨੂੰ ਇਸ ਕਰਕੇ ਨਾਥ ਕਿਹਾ ਜਾਂਦਾ ਹੈ।"[1] ਨਾਥ ਸ਼ਬਦ ਮੁਕਤੀ ਦਾਤੇ ਦਾ ਗਿਆਨ ਕਰਾਉਣ ਵਾਲੇ ਤੋਂ ਵੀ ਲਿਆ ਜਾਂਦਾ ਹੈ। ਨਾਥ ਮੱਤ ਨੂੰ ਹਰੇਕ ਜੋਗੀ ਨਾਂ ਪਿੱਛੇ ਨਾਥ ਆਉਣ ਕਰਕੇ ਵੀ ਨਾਥ ਸੰਪ੍ਰਦਾਇ ਕਿਹਾ ਜਾਂਦਾ ਹੈ। "ਜੋਗੀਆਂ ਦੇ ਮਹੰਤਾਂ ਦੀ ਉਪਾਧੀ ਨੂੰ ਨਾਥ ਕਿਹਾ ਜਾਂਦਾ ਹੈ। ਨਾਥ ਜਾਂ ਨਾਹ ਭਰਤਾ, ਸਵਾਮੀ ਜਾਂ ਮਾਲਕ ਦੇ ਅਰਥਾਂ ਵਿਚ ਆਉਂਦਾ ਹੈ।"[2]

ਜੋਗੀ ਸ਼ਬਦ ਜੋਗ ਤੋਂ ਬਣਿਆ। ਜੋਗ ਦਾ ਅਰਥ ਹੈ ਜੁੜਨਾ ਅਰਥਾਤ ਮਨ ਦੀ ਸਾਧਨਾ ਦੁਆਰਾ ਆਤਮਾ ਨੂੰ ਪ੍ਰਮਾਤਮਾ ਨਾਲ ਜੋੜਨ ਦੀ ਪ੍ਰੀਕ੍ਰਿਆ। ਜੋਗ ਇਕ ਅਜਿਹਾ ਸੰਜਮ ਹੈ, ਜੋ ਮਨ ਨੂੰ ਡੋਲਣ ਤੋਂ ਰੋਕਦਾ ਹੈ, ਚਿਤਵ੍ਰਿਤੀਆਂ ਨੂੰ ਨਿਯੰਤਰਿਤ ਕਰਦਾ ਹੈ। ਜੋਗ ਨੂੰ ਧਾਰਨ ਕਰਕੇ ਜੋਗੀ ਦੀ ਪਦਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਕੰਨਾਂ ਵਿੱਚ ਮੁੰਦਰਾਂ ਪਾਉਣ ਕਾਰਨ ਜੋਗੀਆਂ ਨੂੰ 'ਕੰਨਪਾਟੇ ਜੋਗੀ' ਵੀ ਕਿਹਾ ਜਾਂਦਾ ਹੈ। "ਨਾਥ ਬਣਨ ਤੋਂ ਪਹਿਲਾਂ ਜਦੋਂ ਇਹਨਾਂ ਦੇ ਕੰਨ ਪਾੜੇ ਹੋਏ ਨਹੀਂ ਹੁੰਦੇ, ਇਹ ਔਘੜ ਕਹਾਉਂਦੇ ਹਨ। ਜਲੰਧਰ ਅਤੇ ਮਛੰਦਰ ਨਾਥ ਕੰਨ ਪਾਟੇ ਹੋਏ ਨਹੀਂ ਸਨ। ਇਸ ਕਰਕੇ ਇਹਨਾਂ ਨੂੰ ਵਧੇਰੇ ਕਰਕੇ ਔਘੜ ਨਾਥ ਵੀ ਕਿਹਾ ਜਾਂਦਾ ਹੈ।"[3] ਨਾਥਾਂ ਲਈ ਵਰਤੇ ਜਾਂਦੇ ਸਿੱਧ ਸ਼ਬਦ ਦਾ ਅਰਥ ਹੈ ਨਿਰਣੇ ਕੀਤਾ ਹੋਇਆ, ਅਰਥਾਤ ਸੋਧਿਆ ਹੋਇਆ। ਸਿੱਧ ਸ਼ਬਦ 'ਸਿਧਾਂਤ' ਤੋਂ ਵੀ ਬਣਿਆ। "ਸਿੱਧਾਂ ਨੇ ਵਿਸ਼ੇਸ਼ ਸਿਧਾਂਤਾਂ ਨੂੰ ਸਿੱਧ ਕੀਤਾ। ਇਸ ਲਈ ਉਹ ਸਿੱਧ ਅਖਵਾਏ।"[4] ਸਿੱਧ ਸ਼ਬਦ ਉਨ੍ਹਾਂ ਲੋਕਾਂ ਲਈ ਵੀ ਵਰਤਿਆ ਜਾਂਦਾ ਹੈ, ਜੋ ਰਿਧੀਆਂ ਸਿਧੀਆਂ ਪ੍ਰਾਪਤ ਕਰ ਜਾਂਦੇ ਹਨ। ਸਿੱਧ ਸ਼ਬਦ ਸਾਧਣ ਦੀ ਪ੍ਰੀਕ੍ਰਿਆ ਨਾਲ ਵੀ ਜੁੜਿਆ ਹੈ, ਕਿਸੇ ਮਨੋਰਥ ਦੀ ਸਿਧੀ ਲਈ ਚਿਤਵ੍ਰਿਤੀਆਂ ਨੂੰ ਸਾਧਣਾ।

ਜੋਗ ਮੱਤ ਦੇ ਉਥਾਨ ਬਾਰੇ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਉਹ ਉਪਨਿਸ਼ਦਾਂ ਦੇ ਸਮੇਂ ਤੋਂ ਹੀ ਉਤਪੰਨ ਹੋ ਗਿਆ ਸੀ। ਉਪਨਿਸਦ, ਗੀਤਾ ਅਤੇ ਹੋਰ ਗ੍ਰੰਥਾਂ ਵਿੱਚ ਜੋਗ ਦਾ ਜਿਕਰ

---

* ਜਸਦੇਵ ਸਿੰਘ ਸੰਧੂ ਐਜੂਕੇਸ਼ਨ ਕਾਲਜ, ਕੌਲੀ (ਪਟਿਆਲਾ)

ਹੋਇਆ ਮਿਲਦਾ ਹੈ। ਕੁਝ ਵਿਦਵਾਨ ਜੋਗ ਮੱਤ ਦਾ ਸ੍ਰੋਤ ਬੁੱਧ ਮੱਤ ਨੂੰ ਸਮਝਦੇ ਹਨ ਕਿ ਬੁੱਧ ਮੱਤ ਦੀ ਇੱਕ ਸੰਪ੍ਰਦਾਇ ਹੀਨਯਾਨ ਦੇ ਇੱਕ ਟੋਲੇ ਨੇ ਸਿੱਧਾਂ ਦਾ ਰੂਪ ਧਾਰਨ ਕੀਤਾ ਸੋ ਨਾਥ ਜੋਗੀ ਇਨ੍ਹਾਂ ਸਿੱਧਾਂ ਦਾ ਬਦਲਿਆ ਰੂਪ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਨਾਥਾਂ ਜੋਗੀਆਂ ਲਈ ਸਿੱਧ ਸ਼ਬਦ ਵਰਤਿਆ।

*ਸੁਣਿਐ ਸਿਧ ਪੀਰ ਸੁਰਿ ਨਾਥ* (ਜਪੁਜੀ ਸਾਹਿਬ)
*ਸਿੱਧ ਸਭਾ ਕਰ ਆਸਣ ਬੈਠੇ* (ਸਿਧ ਗੋਸ਼ਟ)

ਕੁਝ ਸਮਾਂ ਬੀਤਣ ਨਾਲ ਸਿੱਧ ਜੋਗੀ ਆਪਣੀ ਵਿਰਾਸਤ ਦਾ ਫਖਰ ਭੁੱਲ ਬੈਠੇ, ਉਨ੍ਹਾਂ ਦਾ ਜੀਵਨ ਰਸਾਤਲ ਵੱਲ ਜਾਣ ਲੱਗਾ। ਉਹ ਲੋਕਾਂ ਨੂੰ ਸਦਾਚਾਰਕ ਅਤੇ ਧਾਰਮਿਕ ਉਪਦੇਸ਼ ਦੇਣ ਦੀ ਥਾਂ ਰਿੱਧੀਆਂ ਸਿੱਧੀਆਂ ਅਤੇ ਜੰਤਰਾਂ-ਮੰਤਰਾਂ ਰਾਹੀਂ ਠੱਗਣ ਲੱਗ ਪਏ ਸਨ। ਇਸ ਸਾਰੇ ਵਿਰੁੱਧ ਸਿੱਧ ਜੋਗੀਆਂ ਵਿੱਚ ਇੱਕ ਸੁਧਾਰਕ ਲਹਿਰ ਉਠੀ, ਜਿਨ੍ਹਾਂ ਨੇ ਨਾਥ ਮੱਤ ਨੂੰ ਨਵੇਂ ਸਿਰੇ ਤੋਂ ਸੰਗਠਿਤ ਕੀਤਾ। ਨਾਥਾਂ ਨੇ ਸਿੱਧਾਂ ਦੀ ਵਿਚਾਰਧਾਰਾ ਅਤੇ ਵਾਮਮਾਰਗੀ ਸਾਧਨਾ ਪੱਧਤੀ ਦਾ ਖੰਡਨ ਕੀਤਾ। ਇਸ ਤਰ੍ਹਾਂ ਨਾਥ ਸੰਪ੍ਰਦਾਇ ਸਹਿਜਯਾਨ ਸੰਪ੍ਰਦਾਇ ਦੀ ਪ੍ਰਤੀਕ੍ਰਿਆ ਦੇ ਰੂਪ ਵਿੱਚ ਸਾਹਮਣੇ ਆਈ। ਇਸਦੇ ਪੈਰੋਕਾਰ ਹਿੰਦੂਆਂ ਤੋਂ ਇਲਾਵਾ ਮੁਸਲਮਾਨ ਵੀ ਸਨ। ਜਿੱਥੇ ਸਿੱਧ ਈਸ਼ਵਰ ਦੀ ਹੋਂਦ ਨੂੰ ਨਹੀਂ ਮੰਨਦੇ, ਉਥੇ ਨਾਥ ਪ੍ਰਭੂ ਬੰਦਗੀ ਉਪਰ ਵਿਸ਼ੇਸ਼ ਜ਼ੋਰ ਦਿੰਦੇ ਹਨ। ਸਿੱਧ ਸਹਿਜ ਸਾਧਨਾਂ ਨੂੰ ਸਵੀਕਾਰ ਕਰਦੇ ਹਨ, ਪਰ ਨਾਥ ਜੋਗੀ ਹੱਠ ਯੋਗ ਦੀ ਕਸ਼ਟਮਈ ਸਾਧਨਾ ਪੱਧਤੀ ਉੱਪਰ ਜ਼ੋਰ ਦਿੰਦੇ ਹਨ। ਉਹਨਾਂ ਦੀ ਬਾਹਰੀ ਸਾਧਨਾਂ ਦੀ ਥਾਂ ਤਿਆਗਪਰਕ ਆਂਤਰਿਕ ਸਾਧਨਾ ਨੂੰ ਕਾਇਮ ਕੀਤਾ। ਉਹ ਧਿਆਨ ਮਾਰਗ ਅਤੇ ਪ੍ਰਾਣਾਯਾਮ ਅਵਸਥਾ ਦੁਆਰਾ ਸਮਾਧੀ ਵਿੱਚ ਪੁੱਜ ਕੇ ਆਪਣੀ ਸੁਰਤ ਸ਼ਬਦ ਨਾਲ ਜੋੜ ਕੇ ਉਨਮੁਨ ਦੀ ਅਵਸਥਾ ਤੱਕ ਪਹੁੰਚਦੇ ਹਨ। ਯੌਗਿਕ ਕ੍ਰਿਆਵਾਂ ਰਾਹੀਂ ਸਰੀਰ ਨੂੰ ਸਾਧ ਕੇ ਈਸ਼ਵਰ ਨਾਲ ਅਭੇਦ ਹੋਣ ਦਾ ਯਤਨ ਕੀਤਾ ਜਾਂਦਾ ਹੈ। ਬ੍ਰਹਮਚਾਰੀਆ ਦਾ ਇਸ ਮੱਤ ਵਿੱਚ ਪ੍ਰਮੁਖ ਮਹੱਤਵ ਹੈ। ਯੋਗ ਦਾ ਪ੍ਰਮਾਣਿਕ ਗ੍ਰੰਥ ਪਾਤੰਜਲੀ ਦਾ ਯੋਗ ਸੂਤਰ ਹੈ।

ਜੋਗੀਆਂ ਦੇ ਵਿਸ਼ੇਸ਼ ਭੇਖ ਚਿੰਨ ਹਨ। ਪਿੰਡੇ ਉਪਰ ਭਸਮ ਮਲਣਾ, ਗੇਰੂ ਰੰਗ ਦੇ ਕੱਪੜੇ, ਸਿਰ ਉੱਪਰ ਜਟਾਵਾਂ, ਗਲ ਵਿਚ ਰੁਦਰਾਖਸ਼ ਦੇ ਮਣਕਿਆਂ ਦੀ ਮਾਲਾ, ਉੱਨ ਦਾ ਬਣਿਆ ਜਨੇਊ ਪਾਉਣਾ, ਬਗਲ ਵਿੱਚ ਖੱਪਰ ਚਿੱਪੀ (ਜੋ ਕਿ ਦਰਿਆਈ ਨਾਰੀਅਲ ਦੀ ਬਣੀ ਹੁੰਦੀ ਹੈ ਅਤੇ ਭਿੱਖਿਆ ਮੰਗਣ ਲਈ ਵਰਤੀ ਜਾਂਦੀ ਹੈ) ਹੱਥ ਵਿੱਚ ਕਰਮੰਡਲ, ਸਿੰਗੀ (ਮੂੰਹ ਵਿਚ ਪਾ ਕੇ ਫੂਕ ਮਾਰ ਕੇ ਵਜਾਉਣ ਵਾਲਾ ਸਾਜ਼), ਕਿੰਗਰੀ (ਇੱਕ ਸਾਜ਼ ਜਿਸ ਉਪਰ ਨਾਥ ਪੰਥੀ ਗੀਤ ਗਾਏ ਜਾਂਦੇ ਹਨ), ਪਵਿੱਤਰੀ (ਹਿਰਨ ਦੇ ਸਿੰਗ ਦੀ ਬਣੀ ਜੋ ਕਿ ਸਿੰਗੀ ਨਾਦ ਜਨੇਊ ਵਿੱਚ ਬੱਝੀ ਹੁੰਦੀ ਹੈ), ਧੰਧਾਰੀ (ਲੱਕੜੀ ਦੀਆਂ ਤੀਲੀਆਂ ਜਾਂ ਲੋਹੇ ਦੀਆਂ ਤਾਰਾਂ ਨਾਲ ਬਣੀ ਹੁੰਦੀ ਹੈ, ਜਿਸ ਬਾਰੇ ਵਿਸ਼ਵਾਸ ਹੈ ਕਿ ਮੰਤਰ ਪੜ੍ਹ ਕੇ ਇਸਨੂੰ ਖੋਲ੍ਹਣ ਨਾਲ ਭਵਸਾਗਰ ਤੋਂ ਪਾਰ ਹੋਇਆ ਜਾ ਸਕਦਾ ਹੈ) ਅਤੇ ਸਿਰ ਮੁਨਾਉਣ ਦੀ ਰਿਵਾਇਤ ਪ੍ਰਚਲਿਤ ਹੈ। ਜੋਗੀਆਂ ਦੀ ਰਿਹਾਇਸ਼ ਨੂੰ 'ਨਾਥ ਵਾੜਾ' ਜਾਂ 'ਡੇਰਾ' ਕਿਹਾ ਜਾਂਦਾ ਹੈ। ਜੋਗੀਆਂ ਦੇ ਡੇਰਿਆਂ ਤੇ ਸਦਾ ਇੱਕ ਟਾਂਗੋਟੀ (ਅਰਥੀ) ਤਿਆਰ ਰਹਿੰਦੀ ਹੈ, ਜਿਸ ਨਾਲ ਹਰੇਕ ਜੋਗੀ ਨੂੰ ਇਹ ਯਾਦ ਰਹਿੰਦਾ ਹੈ ਕਿ ਅੰਤ ਉਸ ਦੀ ਮੌਤ ਹੋ ਜਾਣੀ ਹੈ। ਇਸ ਤੋਂ ਬਿਨ੍ਹਾਂ ਜੋਗੀਆਂ ਦੀਆਂ ਹੋਰ ਬੁਨਿਆਦੀ ਚੀਜ਼ਾਂ ਜਿਵੇਂ ਆਧਾਰੀ, ਫਹੁੜੀ ਅਤੇ ਉੱਨ

ਦੀਆਂ ਰੱਸੀਆਂ ਆਦਿ ਹਨ। 'ਅਲਖ ਨਿਰੰਜਨ' ਨਾਥਾਂ ਦਾ ਅਲਾਪ ਹੈ, ਜੋ ਉਹ ਭਿੱਖਿਆ ਮੰਗਣ ਲਈ ਲੋਕਾਂ ਦੇ ਬੂਹੇ ਅੱਗੇ ਅਲਾਪਦੇ ਹਨ। ਉਹ ਬਹੁਦੇਵਵਾਦ, ਮੂਰਤੀ ਪੂਜਾ, ਤੀਰਥਾਂ ਅਤੇ ਵਰਤਾਂ ਦੇ ਸਖ਼ਤ ਖ਼ਿਲਾਫ਼ ਹਨ। ਜੋਗੀ ਬਣਨ ਲਈ ਗੁਰੂ ਵਿੱਚ ਪੂਰਨ ਭਰੋਸਾ ਰੱਖਣਾ ਅਤੇ ਉਸ ਦੀ ਸ਼ਰਨ ਵਿੱਚ ਰਹਿਣਾ। ਸੰਜਮਮਈ ਜੀਵਨ ਬਿਤਾਉਣਾ, ਗ੍ਰਹਿਸਥ ਤੋਂ ਦੂਰ ਰਹਿਣਾ, ਨਸ਼ੀਲੀਆਂ ਵਸਤਾਂ ਤੋਂ ਗੁਰੇਜ ਕਰਨਾ, ਥੋੜ੍ਹਾ ਸੌਣਾ, ਥੋੜ੍ਹਾ ਖਾਣਾ ਅਤੇ ਸਾਧਨਾ ਕਰਨੀ ਜ਼ਰੂਰੀ ਸਮਝਿਆ ਜਾਂਦਾ ਹੈ।

ਜੋਗੀਆਂ ਦੇ ਪ੍ਰਸਿੱਧ ਆਗੂ ਪ੍ਰਾਚੀਨ ਪੰਜਾਬ ਵਿੱਚ ਹੀ ਵਿਚਰੇ ਜਿਸਦਾ ਪਰਿਮਾਣ ਉਹਨਾਂ ਦੇ ਕਾਇਮ ਅੱਡਿਆਂ ਤੋਂ ਹੀ ਲੱਗਦਾ ਹੈ ਕਿ ਉਹ ਆਪਣੇ ਮੱਤ ਪ੍ਰਚਾਰ ਲਈ ਪੰਜਾਬ ਵਿਚ ਵਿਚਰਦੇ ਰਹੇ। ਜਿਹਲਮ ਵਿੱਚ ਗੋਰਖ ਨਾਥ ਦਾ ਟਿੱਲਾ, ਪਿਸ਼ਾਵਰ ਵਿੱਚ ਗੋਰਖ ਹੱਟੜੀ, ਸਿਆਲਕੋਟ ਵਿੱਚ ਪੂਰਨ ਦਾ ਖੂਹ, ਅਬੋਹਰ ਵਿੱਚ ਚੌਰੰਗੀ ਨਾਥ ਦੀ ਧੂਣੀ, ਬਠਿੰਡੇ ਵਿੱਚ ਰਤਨ ਨਾਥ ਦੀ ਸਮਾਧ, ਜਾਲੰਧਰ ਨਾਥ ਦਾ ਸੰਬੰਧ ਜਲੰਧਰ ਸ਼ਹਿਰ ਨਾਲ ਹੈ। ਨਾਥਾਂ ਦੀ ਬੋਲੀ ਦਾ ਠੁੱਕ ਵੀ ਪੰਜਾਬੀ ਹੀ ਹੈ ਭਾਵੇਂ ਕਿ ਇਸ ਵਿੱਚ ਅਪਭ੍ਰੰਸ਼ ਅਤੇ ਸਾਧੂਕੜੀ ਭਾਸ਼ਾ ਦਾ ਰਲਾ ਹੈ। ਬਹੁਤ ਸਾਰੇ ਸ਼ਬਦ ਗੁਰਮਤਿ ਕਾਵਿ ਨਾਲ ਮਿਲਦੇ-ਜੁਲਦੇ ਹਨ। ਗੁਰਮਤਿ ਕਾਵਿ ਵਿੱਚ ਵੀ ਨਾਥਾਂ ਦੀ ਦਾਰਸ਼ਨਿਕ ਸ਼ਬਦਾਵਲ਼ੀ ਮਿਲਦੀ ਹੈ ਜਿਵੇਂ ਅਲਖ, ਨਿਰੰਜਨ, ਓਅੰਕਾਰ, ਅਨਹਦ ਨਾਦ, ਤੀਰਥ ਨਿਰੰਕਾਰ, ਸੁੰਨ ਸਮਾਧਿ, ਪਰਮਪਦ ਆਦਿ ਨਾਥਾਂ ਦੀ ਯੋਗ ਸਾਧਨਾ ਸੰਬੰਧਿਤ ਸ਼ਬਦ ਜਿਵੇਂ ਤਾੜੀ ਲਾਉਣਾ, ਧੁੰਨ-ਨਾਦ, ਵਰਤ, ਨਿਉਲੀ ਕਰਮ ਆਦਿ ਸੰਪ੍ਰਦਾਇਕ ਚਿੰਨ੍ਹਾਂ ਤਹਿਤ ਮੁੰਦਰਾਂ, ਬਿਭੂਤਿ, ਝੋਲੀ ਖਿੰਥਾ, ਸਿੰਗੀ ਖੱਪਰ ਆਦਿ ਦਾ ਵਿਵਰਣ ਮਿਲਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਸੰਵਾਦ ਰਚਾਏ, ਜਿਸ ਦਾ ਜ਼ਿਕਰ ਸਿਧ ਗੋਸ਼ਟ ਵਿੱਚ ਮਿਲਦਾ ਹੈ। ਨਾਥਾਂ ਨੇ ਪੰਜਾਬੀ ਸਭਿਆਚਾਰ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਪੰਜਾਬ ਦੇ ਕਿੱਸਾ ਸਾਹਿੱਤ ਅਤੇ ਲੋਕ ਸਾਹਿੱਤ ਵਿੱਚ ਨਾਥਾਂ ਦਾ ਜ਼ਿਕਰ ਹੋਇਆ ਮਿਲਦਾ ਹੈ। ਹੀਰ ਦੇ ਕਿੱਸੇ ਵਿੱਚ ਬਾਲ ਨਾਥ ਕੋਲੋਂ ਰਾਂਝਾ ਜੋਗ ਧਾਰਨ ਕਰਦਾ ਹੈ :

— ਨਾਥਾ ਲਾਹ ਲੈ ਆਪਣੀਆਂ ਮੁੰਦਰਾਂ ਨੂੰ,<br>
ਜਿਹੜੇ ਕੰਨ ਪਾੜੇ ਨੇ ਦਰੁਸਤ ਕਰ ਦੇ।<br>
ਮੇਰੇ ਪਿੰਡੇ ਤੋਂ ਆਪਣੀ ਰਾਖ ਲਾਹ ਲੈ,<br>
ਮੁੱਛਾਂ ਮੇਰੀਆਂ ਮੂੰਹ ਤੇ ਚੁਸਤ ਕਰ ਦੇ। (ਕਿੱਸਾ ਸਾਹਿਤ)

— ਜੋਗੀ ਉਤਰ ਪਹਾੜੋਂ ਆਇਆ,<br>
ਚਰਖੇ ਦੀ ਘੂਕ ਸੁਣ ਕੇ। (ਲੋਕ ਸਾਹਿਤ)

ਪੰਜਾਬੀ ਪਰੰਪਰਾ ਵਿੱਚ 84 ਸਿੱਧਾਂ ਅਤੇ 9 ਨਾਥਾਂ ਦਾ ਜ਼ਿਕਰ ਮਿਲਦਾ ਹੈ, ਜਿਨ੍ਹਾਂ ਵਿਚੋਂ ਆਦਿ ਨਾਥ, ਮਛੰਦਰ ਨਾਥ, ਜਾਲੰਧਰ ਨਾਥ, ਗੋਰਖ ਨਾਥ, ਚਰਪਟ ਨਾਥ, ਚੌਰੰਗੀ ਨਾਥ, ਰਤਨ ਨਾਥ, ਗੋਪੀ ਚੰਦ ਸਿੱਧ ਨਾਥ ਪ੍ਰਮੁਖ ਹਨ।

ਨਾਥ ਮੱਤ ਦੇ ਸੰਸਥਾਪਕ ਭਗਵਾਨ ਸ਼ੰਕਰ, ਸ਼ਿਵ ਮਹਾਂਦੇਵ ਜਾਂ ਆਦਿ ਨਾਥ ਨੂੰ ਸਵੀਕਾਰ ਕੀਤਾ ਜਾਂਦਾ ਹੈ। ਮਾਨਵੀ ਸਰੂਪ ਤਹਿਤ ਆਦਿ ਨਾਥ ਦਾ ਅਵਤਾਰ ਮਛੰਦਰ ਨਾਥ ਨੂੰ ਸਵੀਕਾਰ ਕੀਤਾ ਜਾਂਦਾ ਹੈ। ਸੋ ਸਪਸ਼ਟ ਹੈ ਨਾਥਾਂ ਦੇ ਮੋਢੀ ਗੁਰੂ ਮਛੰਦਰ ਨਾਥ ਹੀ ਸਨ।

ਮਛੰਦਰ ਨਾਥ ਦੇ ਜਨਮ ਬਾਰੇ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ। ਲੋਕ ਕਹਾਣੀਆਂ ਦੇ ਆਧਾਰ 'ਤੇ ਉਹ ਜਾਲੰਧਰ ਨਾਥ ਦਾ ਸਮਕਾਲੀ ਸਿੱਧ ਹੁੰਦਾ ਹੈ। ਮਛੰਦਰ ਦਾ ਪ੍ਰਮੁਖ ਚੇਲਾ ਗੋਰਖ ਨਾਥ ਸੀ। ਕਿਹਾ ਜਾਂਦਾ ਹੈ ਕਿ ਵਿਲਾਸਮਈ ਜੀਵਨ ਵਿੱਚ ਗਲਤਾਨ ਹੋ ਚੁੱਕੇ ਅਤੇ ਤ੍ਰੀਆ ਜਾਲ ਵਿਚ ਫਸੇ ਮਛੰਦਰ ਨਾਥ ਨੂੰ ਗੋਰਖ ਨਾਥ ਨੇ ਬਾਹਰ ਕੱਢਿਆ। ਜਾਲੰਧਰ ਨਾਥ ਦੇ ਹੋਰ ਨਾਂ ਜਾਲੇਂਧਰ ਨਾਥ ਅਤੇ ਹਾਡੀਪਾ ਸਨ। ਜਾਲੰਧਰ ਨਾਥ ਦੀ ਬਾਣੀ ਗੁਰਮਤਿ ਨਾਲ ਮੇਲ ਖਾਂਦੀ ਹੈ। ਜੋਗੀਆਂ ਦੇ ਗ੍ਰੰਥਾਂ ਵਿੱਚ ਇਸ ਨੂੰ ਵੀ ਅਘੰਦ ਨਾਥ ਮੰਨਿਆ ਜਾਂਦਾ ਹੈ।

ਗੋਰਖ ਨਾਥ ਨੂੰ ਸੰਪ੍ਰਦਾਇ ਵਿੱਚ ਪ੍ਰਮੁਖ ਸਥਾਨ ਪ੍ਰਾਪਤ ਹੈ, ਜਿਸ ਨੂੰ ਗੁਰੂ ਕਰਕੇ ਜਾਣਿਆ ਜਾਂਦਾ ਹੈ। ਘੋਰ ਤਪੱਸਿਆ ਅਤੇ ਕਰੜੀ ਸਾਧਨਾ ਸਦਕਾ ਉਹ ਆਪਣੇ ਗੁਰੂ ਮਛੰਦਰ ਨਾਥ ਤੋਂ ਵੀ ਅੱਗੇ ਲੰਘ ਗਿਆ। ਉਸਨੇ ਤਾਂ ਗੁਰੂ ਨੂੰ ਵੀ ਸਿੱਧੇ ਰਸਤੇ ਪਾਇਆ। ਕੁਝ ਵਿਦਵਾਨਾਂ ਅਨੁਸਾਰ ਨਾਥ ਪਰੰਪਰਾ ਦਾ ਮੁੱਢ ਹੀ ਗੋਰਖ ਨਾਥ ਤੋਂ ਬੱਝਦਾ ਹੈ, ਕਿਉਂਕਿ ਗੋਰਖ ਨਾਥ ਨੇ ਨਾਥ ਮੱਤ ਨੂੰ ਬੁਲੰਦੀਆਂ ਤੇ ਪਹੁੰਚਾਇਆ। ਡਾ. ਪੀਤਾਂਦਰ ਦੱਤ ਅਨੁਸਾਰ, "ਗੋਰਖ ਨਾਥ ਦਾ ਜਨਮ 1040 ਈ. ਵਿਚ ਹੋਇਆ।"[5] ਹਜ਼ਾਰੀ ਪ੍ਰਸਾਦ ਦਿਵੇਦੀ ਵੀ ਗੋਰਖ ਨਾਥ ਦਾ ਜਨਮ 11ਵੀਂ ਸਦੀ ਨਾਲ ਜੋੜਦੇ ਹਨ।[6] ਗੋਰਖ ਨਾਥ ਨੇ ਭਾਰਤ ਤੋਂ ਬਿਨਾਂ ਤਿੱਬਤ ਅਤੇ ਨੇਪਾਲ ਆਦਿਕ ਦੇਸ਼ਾਂ ਵਿਚ ਪ੍ਰਚਾਰ ਸਦਕਾ ਯਾਤਰਾਵਾਂ ਕੀਤੀਆਂ। ਉਹ ਜਿੱਥੇ ਵੀ ਗਏ, ਉੱਥੇ ਮੱਠ ਸਥਾਪਿਤ ਹੋ ਗਏ। ਸਭ ਤੋਂ ਪ੍ਰਸਿੱਧ ਡੇਰਾ ਗੋਰਖਪੁਰ (ਉੱਤਰ ਪ੍ਰਦੇਸ਼) ਕਿਹਾ ਜਾਂਦਾ ਹੈ, ਜਿੱਥੇ ਉਹ ਲੰਮਾ ਸਮਾਂ ਰਹੇ। ਗੋਰਖ ਦੇ ਪ੍ਰਭਾਵ ਸਦਕਾ ਹੀ ਨੇਪਾਲ ਵਿਚ ਗੋਰਖਾ ਜਾਤੀ ਪ੍ਰਸਿੱਧ ਹੋਈ। ਉਸ ਨੇ ਆਪਣੇ ਚੇਲਿਆਂ ਨੂੰ 12 ਪੰਥਾਂ ਵਿੱਚ ਵੰਡਿਆ, ਜਿਸਦਾ ਜ਼ਿਕਰ ਗੁਰੂ ਨਾਨਕ ਬਾਣੀ ਵਿਚ ਵੀ ਆਉਂਦਾ ਹੈ : *ਬਾਰਹਿ ਮਹਿ ਰਾਵਲ ਖਪਿ ਜਾਵਹਿ, ਚਹੁ ਛਿਅ ਮਹਿ ਸੰਨਿਆਸੀ।*

ਇਸ ਦੇ ਬਾਰ੍ਹਾਂ ਪੰਥ ਇਹ ਸਨ : ਸਤਨਾਥੀ, ਰਾਮਪੰਥ, ਧਰਮਨਾਥੀ, ਨਟੇਸ਼ਵਰੀ, ਕਨਹੜ, ਕਪਿਲਾਨੀ, ਬੈਰਾਗ, ਮਾਨਨਾਥੀ, ਆਈ ਪੰਥ, ਪਾਗਲ ਪੰਥ, ਧਜ ਪੰਥ ਅਤੇ ਗਾਯਾਨਾਥੀ। ਇਨ੍ਹਾਂ ਵਿਚੋਂ ਆਈ ਪੰਥ ਬਹੁਤ ਮਸ਼ਹੂਰ ਹੋਇਆ। ਗੁਰਬਾਣੀ ਵਿੱਚ ਵੀ ਜ਼ਿਕਰ ਆਉਂਦਾ ਹੈ : 'ਆਈ ਪੰਥੀ ਸਗਲ ਜਮਾਤੀ', 'ਮਨ ਜੀਤੈ ਜਗੁ ਜੀਤੁ।' ਗੋਰਖ ਨਾਥ ਨੇ ਵਾਮਪੰਥੀਆਂ ਦੁਆਰਾ ਫੈਲਾਈਆਂ ਕੁਰੀਤੀਆਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਰਾਜੇ ਮਹਾਰਾਜੇ ਵੀ ਗੋਰਖ ਦੇ ਸ਼ਿਸ਼ ਬਣੇ, ਜਿਵੇਂ ਰਾਜਾ ਭਰਥਰੀ ਅਤੇ ਰਾਜਾ ਗੋਪੀ ਚੰਦ। ਉਸਨੇ ਚਾਲੀ ਗ੍ਰੰਥ ਰਚੇ, ਜਿਨ੍ਹਾਂ ਵਿਚੋਂ ਪ੍ਰਮੁਖ ਸਨ : ਸ਼ਬਦੀ, ਪਦ, ਸ਼ਿਸ਼ਿਆ ਦਰਸ਼ਨ, ਆਤਮ ਬੋਧ, ਗਿਆਨ ਚੌਤੀਸਾ, ਮਛੰਦਰ ਗੋਰਖ ਬੋਧ, ਗਿਆਨ ਤਿਲਕ, ਪੰਚ ਮਾਤਰਾ, ਸਪਤਵਾਰ, ਸ਼ਿਸ਼ਟ ਪੁਰਾਣ।

ਗੋਰਖ ਨਾਥ ਨੇ ਰਾਮਕਲੀ, ਭੈਰਉ ਅਤੇ ਗਉੜੀ ਰਾਗਾਂ ਤਹਿਤ ਵਿਭਿੰਨ ਕਾਵਿ ਰੂਪਾਂ ਜਿਵੇਂ ਸ਼ਲੋਕ, ਸ਼ਬਦ, ਸਤਵਾਰੇ ਅਤੇ ਥਿੱਤਾਂ ਵਿੱਚ ਬਾਣੀ ਰਚੀ। ਉਸ ਦੀ ਬਾਣੀ ਦਾ ਪ੍ਰਮੁਖ ਵਿਸ਼ਾ ਵਿਅਕਤੀ ਨੂੰ ਸਦਾਚਾਰਕ ਉਪਦੇਸ਼ ਦੇਣਾ ਹੈ। ਉਸ ਨੇ ਭੇਖ-ਪਖੰਡਾਂ, ਮੂਰਤੀ-ਪੂਜਾ ਅਤੇ ਜਾਤ-ਪਾਤ ਦਾ ਸਖ਼ਤ ਖੰਡਨ ਕੀਤਾ। ਉਸ ਨੇ ਮਨ ਦੀ ਪਵਿੱਤਰਤਾ ਨੂੰ ਕਾਇਮ ਰੱਖਣ, ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਤੋਂ ਦੂਰ ਰਹਿਣ, ਦੁਨਿਆਵੀ ਮੋਹ ਮਾਇਆ ਤੋਂ ਨਿਰਲੇਪ ਹੋ ਕੇ ਪ੍ਰਭੂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਅਤੇ ਹੱਠ ਯੋਗਿਕ ਸਾਧਨਾਂ ਨੂੰ ਮਹੱਤਵ ਦਿੰਦਿਆਂ ਨਾਦ ਬਿੰਦ ਜੋਗ ਉੱਪਰ ਜ਼ੋਰ ਦਿੱਤਾ। ਗੋਰਖ ਨੇ ਗ੍ਰਹਿਸਥ ਜੀਵਨ ਤੋਂ ਨਿਰਲੇਪ ਰਹਿਣ 'ਤੇ ਬਲ ਦਿੱਤਾ

ਕਿਉਂਕਿ ਮਨੁੱਖ ਦੇ ਰੂਹਾਨੀ ਵਿਕਾਸ ਲਈ ਉਹ ਗ੍ਰਹਿਸਥ ਜੀਵਨ ਨੂੰ ਰੁਕਾਵਟ ਸਮਝਦਾ ਸੀ। ਗ੍ਰਹਿਸਥੀ ਮਨੁੱਖ ਬ੍ਰਹਮ ਗਿਆਨ ਪ੍ਰਾਪਤ ਨਹੀਂ ਕਰ ਸਕਦਾ। ਉਹ ਜੋਗੀ ਨੂੰ ਆਤਮਿਕ ਸ਼ੁੱਧਤਾ ਕਾਇਮ ਰੱਖਣ ਅਤੇ ਆਪੇ ਦੀ ਪਹਿਚਾਣ ਕਰਨ ਲਈ ਇਸ ਤਰ੍ਹਾਂ ਕਹਿੰਦਾ ਹੈ :

*ਜੋ ਘਰ ਤਿਆਗ ਕਹਾਵੈ ਜੋਗੀ, ਘਰ ਵਾਸੀ ਕੋ ਕਹੈ ਜੋ ਭੋਗੀ।*
*ਅੰਤਰ ਭਾਵ ਨਾ ਪਰਖੈ ਸੋਈ, ਗੋਰਖ ਬੋਲੈ ਮੂਰਖ ਸੋਈ।*

ਗੋਰਖ ਅਯਾਸ਼ੀ ਭਰਪੂਰ ਜੀਵਨ ਜਿਊਣ ਤੋਂ ਸਾਵਧਾਨ ਕਰਦਾ ਹੋਇਆ ਸੰਜਮ ਭਰਪੂਰ ਜੀਵਨ ਜਿਊਣ ਦਾ ਸੁਨੇਹਾ ਦਿੰਦਾ ਹੈ :

*ਖਾਇਆ ਭੀ ਮਰੇ, ਅਣਖਾਇਆ ਭੀ ਮਰੈ,*
*ਗੋਰਖ ਕਹੈ ਪੂਤਾ ਸੰਜਮੀ ਤਰੈ।*

ਉਹ ਸਮਕਾਲੀਨ ਸਾਧੂ ਸੰਤਾਂ ਦੇ ਦੰਭਾਂ, ਪਖੰਡਾਂ, ਸਮਾਜਿਕ ਅਤੇ ਅਧਿਆਤਮਕ ਕੁਰੀਤੀਆਂ ਨੂੰ ਨਿੰਦਦਾ ਹੈ। ਗੋਰਖ ਸਾਹਿਤ ਦੀ ਇਹ ਕਮਜ਼ੋਰੀ ਹੈ ਕਿ ਉਸਦੇ ਔਰਤ ਪ੍ਰਤੀ ਤਿਆਗਵਾਦੀ ਵਿਚਾਰ ਹਨ। ਉਹ ਔਰਤ ਨੂੰ ਨੈਤਿਕ ਗਿਰਾਵਟ ਦੀ ਬੁਨਿਆਦ ਦੱਸਦਿਆਂ ਬਾਘਨ ਕਹਿ ਕੇ ਭੰਡਦਾ ਹੈ :

*ਬਾਘਨਿ ਜਿੰਦ ਲੇਇ ਬਾਘਨਿ ਬਿੰਦ ਲੇਇ,*
*ਬਾਘਨਿ ਹਮਰੀ ਕਾਇਆ।*
*ਇਨਿ ਬਾਘਨਿ ਤ੍ਰੈਲੋਕੀ ਖਾਈ ਬਦਤਿ ਗੋਰਖੁ ਰਾਇਆ।*
*ਦਿਵਸ ਕਉ ਬਾਘਨਿ ਸੁਰਿ ਨਰਿ ਮੋਹੈ, ਰਾਤੀ ਸਾਇਰ ਸੋਖੈ।*
*ਮੂਰਖ ਲੋਕ ਅੰਧਲਾ ਪਸ਼ੂਆਂ ਨਿਤਿ ਪ੍ਰਤਿ ਬਾਘਨਿ ਪੋਖੈ।*

ਇਸ ਤਰ੍ਹਾਂ ਗੋਰਖ ਨਾਥ ਨੇ ਔਰਤ ਲਈ ਅਨਾਦਰ ਸੂਚਕ ਸ਼ਬਦ ਵਰਤੇ। ਉਸਦੀ ਬਾਣੀ ਵਿਚ ਸੁਭਾਵਿਕਤਾ, ਨਿਰਉਚੇਚਤਾ ਅਤੇ ਡੂੰਘਾ ਵਿਅੰਗ ਹੈ ਅਤੇ ਬਿੰਬਾਂ, ਅਲੰਕਾਰ ਦੀ ਯੋਗ ਵਰਤੋਂ ਹੋਈ ਮਿਲਦੀ ਹੈ :

*ਨਦੀ ਢਿਗ ਬਿਰਖਾ, ਨਾਰੀ ਸੰਗ ਪੁਰਖਾ,*
*ਅਲਪ ਜੀਵਨ ਕੀ ਆਸਾ।*

ਗੋਰਖ ਨਾਥ ਨੂੰ ਪੰਜਾਬ ਅਤੇ ਪੰਜਾਬੀ ਦਾ ਪਹਿਲਾ ਕਵੀ ਹੋਣ ਦਾ ਮਾਣ ਦਿੱਤਾ ਜਾਂਦਾ ਹੈ। ਗੋਰਖ ਬਾਣੀ ਵਿੱਚ ਅਰਬੀ ਫਾਰਸੀ ਸ਼ਬਦਾਵਲੀ ਵੀ ਮਿਲਦੀ ਹੈ ਜਿਵੇਂ ਖਬਰ, ਜ਼ੋਰ, ਚਾਕਰ, ਦੁਨੀਆਂ ਆਦਿ। ਠੇਠ ਪੰਜਾਬੀ ਸ਼ਬਦਾਂ ਦੀ ਭਰਮਾਰਤਾ ਹੈ ਜਿਵੇਂ ਲੁਕਾਇਆ, ਖਾਏ, ਮਰੀਏ, ਬਲਦ, ਗਾਂਈ, ਦੁਕਾਲਾ, ਹਾਲੀ ਆਦਿ ਇਸ ਤੋਂ ਬਿਨਾਂ ਅਪਭ੍ਰੰਸ਼ ਅਤੇ ਪ੍ਰਾਕ੍ਰਿਤ ਦੇ ਸ਼ਬਦਾਂ ਦੀ ਵੀ ਭਰਪੂਰ ਮਾਤਰਾ ਹੈ। ਗੋਰਖ ਨੇ ਪ੍ਰਸ਼ਨੋਤਰੀ ਅਤੇ ਖੰਡਨੀ ਸ਼ੈਲੀ ਦੇ ਨਾਲ ਸੂਤ੍ਰਿਕ ਸ਼ੈਲੀ ਦੀ ਵਰਤੋਂ ਵੀ ਕੀਤੀ ਹੈ, ਥੋੜ੍ਹੇ ਸ਼ਬਦਾਂ ਵਿਚ ਵੱਡੀ ਗੱਲ ਕਹੀ ਹੈ। ਜਿਸ ਕਾਰਨ ਉਸਦੀਆਂ ਕਈ ਟੂਕਾਂ ਅਖਾਣ ਬਣਨ ਦੀ ਸਮਰੱਥਾ ਵੀ ਰੱਖਦੀਆਂ ਹਨ :

*ਅਵਧੂ ਮਨ ਚੰਗਾ ਤੋਂ ਕਠੋਤੀ ਹੀ ਗੰਗਾ*
*ਜਿਸ ਦਾ ਕਾਮ ਤਿਸੀ ਕੋ ਸਾਜੇ, ਔਰ ਕਰੇ ਤੋਂ ਠੀਂਗਾ ਬਾਜੇ।*
*ਬਾਧਿਆ ਮੇਲਾ ਤਉ ਜਗਤ ਚੇਲਾ।*

ਚਰਪਟ ਨਾਥ ਵੀ ਇੱਕ ਉੱਘਾ ਨਾਥ ਹੋਇਆ ਹੈ। ਡਾ. ਮੋਹਨ ਸਿੰਘ ਚਰਪਟ ਦਾ ਸਮਾਂ 890 ਤੋਂ 990 ਈ. ਮੰਨਦਾ ਹੈ।[7] ਉਸ ਬਾਰੇ ਦੋ ਧਾਰਨਾਵਾਂ ਪ੍ਰਚਲਿਤ ਹਨ ਕਈ ਉਸਨੂੰ ਗੋਰਖ ਨਾਥ ਦਾ ਗੁਰੂ ਭਾਈ ਮੰਨਦੇ ਹਨ ਕਈ ਉਸਦਾ ਪ੍ਰਮੁਖ ਚੇਲਾ ਮੰਨਦੇ ਹਨ। ਉਹ ਚੰਬੇ ਦਾ ਵਸਨੀਕ ਮੰਨਿਆ ਜਾਂਦਾ ਹੈ। ਚੰਬੇ ਰਿਆਸਤ ਦੇ ਪੁਰਾਣੇ ਇਤਿਹਾਸ ਵਿਚ ਉਸਦਾ ਜ਼ਿਕਰ ਆਉਂਦਾ ਹੈ। ਰਿਆਸਤ ਦੇ ਸਿੱਕੇ ਉਪਰ ਪਾਟੇ ਹੋਏ ਕੰਨ ਦੀ ਮੂਰਤੀ 'ਤੇ ਮੁੰਦਰਾਂ ਦੇ ਨਿਸ਼ਾਨ ਹਨ। ਚੰਬੇ ਦਾ ਰਾਜਾ ਸਾਹਿਲ ਵਰਮਾ ਚਰਪਟ ਦਾ ਸ਼ਿਸ਼ ਸੀ। ਰਿਆਸਤ ਵਿਚ ਚਰਪਟ ਦਾ ਮੱਠ ਵੀ ਹੈ। ਕਿਹਾ ਜਾਂਦਾ ਹੈ ਕਿ ਇਸ ਸਥਾਨ 'ਤੇ ਉਹ ਚੇਲਿਆਂ ਸਮੇਤ ਆਇਆ ਸੀ ਅਤੇ ਇੱਥੋਂ ਦੇ ਰਾਜੇ ਨੂੰ ਆਪਣਾ ਅਨੁਯਾਈ ਬਣਾਇਆ। ਚਰਪਟ ਜਤੀ ਸਤੀ, ਨਿਧੜਕ ਅਤੇ ਸੁਲਝਿਆ ਸਮਾਜ ਸੁਧਾਰਕ ਨਾਥ ਸੀ, ਜਿਸਦੇ ਪ੍ਰਗਤੀਸ਼ੀਲ ਵਿਚਾਰ ਸਨ। ਉਹ ਜੱਲਣ, ਸੁਥਰੇ ਅਤੇ ਕਬੀਰ ਵਾਂਗ ਖਰੀਆਂ-ਖਰੀਆਂ ਸੁਣਾਉਣ ਵਾਲਾ ਨਾਥ ਕਵੀ ਹੈ। ਉਹ ਬਾਹਰਮੁਖੀ ਭੇਖਾਂ ਦੀ ਥਾਂ ਆਂਤਰਿਕ ਸ਼ੁੱਧਤਾ ਉਪਰ ਜ਼ੋਰ ਦਿੰਦਾ ਹੋਇਆ ਅਖੌਤੀ ਸਾਧਾਂ ਦੇ ਦੰਭੀ ਕਿਰਦਾਰ ਨੂੰ ਭੰਡਦਾ ਹੈ, ਜੋ ਜੰਤਰਾਂ ਮੰਤਰਾਂ ਅਤੇ ਪਖੰਡਾਂ ਰਾਹੀਂ ਲੋਕਾਂ ਨੂੰ ਗੁਮਰਾਹ ਕਰਦੇ ਅਤੇ ਠੱਗਦੇ ਹਨ। ਚਰਪਟ ਦਿਖਾਵੇ ਲਈ ਕੀਤੀ ਭਗਤੀ ਨੂੰ ਨਿਰਾਰਥਕ ਸਮਝਦਾ ਹੈ। ਉਸਦੀ ਬਾਣੀ ਵਿਚ ਗੁਰਮਤਿ ਕਾਵਿ ਵਾਲਾ ਅੰਸ਼ ਹੈ। ਉਹ ਪ੍ਰਭੂ ਪ੍ਰਾਪਤੀ ਨੂੰ ਹੀ ਅਸਲ ਨਿਸ਼ਾਨਾ ਸਮਝਦਾ ਹੈ। ਉਹ ਆਪਣੇ ਬਾਰੇ ਕਹਿੰਦਾ ਹੈ :

*ਭੇਖਿ ਕਾ ਜੋਗੀ ਮੈ ਨਾ ਕਹਾਉਂ,*
*ਆਤਮਾ ਕਾ ਜੋਗੀ ਚਰਪਟ ਨਾਉਂ।*

ਉਸਨੇ ਹੱਠ ਯੋਗ ਦਾ ਖੰਡਨ ਕੀਤਾ ਹੈ। ਉਹ ਕਰਮਕਾਂਡਾਂ ਦੀ ਆਲੋਚਨਾ ਕਰਦਿਆਂ ਲੋਕਾਂ ਨੂੰ ਠੀਕ ਢੰਗ ਨਾਲ ਵਿਚਰਨ ਲਈ ਸੁਚੇਤ ਕਰਦਾ ਹੈ :

*ਇਹ ਸੰਸਾਰ ਕਾਂਟਿਓ ਕੀ ਬਾੜੀ, ਨਿਰਖ ਨਿਰਖ ਪਗ ਧਰਨਾ।*
*ਚਰਪਟ ਕਹੈ ਸੁਨਹੁ ਰੇ ਸਿਧੋ, ਹਠਿ ਕਰਿ ਤਪੁ ਨਹਿੰ ਕਰਨਾ।*

ਚਰਪਟ ਮਨੁੱਖ ਨੂੰ ਮਨ ਉਪਰ ਕਾਬੂ ਪਾਉਣ ਅਤੇ ਆਤਮਿਕ ਤੌਰ 'ਤੇ ਬਲਵਾਨ ਬਣਨ ਲਈ ਪ੍ਰੇਰਿਤ ਕਰਦਾ ਹੈ। ਉਸਦੀ ਬਾਣੀ ਵਿੱਚ ਹਾਸ ਰਸ ਅਤੇ ਵਿਅੰਗ ਦੀ ਭਰਮਾਰਤਾ ਹੈ। ਉਸ ਅਨੁਸਾਰ ਜੇ ਬਿਭੂਤ ਲਾਇਆਂ ਹੀ ਵਿਅਕਤੀ ਸੰਸਾਰ ਸਾਗਰ ਤੋਂ ਤਰ ਸਕਦਾ ਹੈ ਤਾਂ ਗਧੇ ਤਾਂ ਸਾਰਾ ਦਿਨ ਹੀ ਮਿੱਟੀ ਵਿੱਚ ਲੇਟੇ ਰਹਿੰਦੇ ਹਨ :

*ਬਿਭੂਤਿ ਨਾ ਲਗਾਉ ਜਿਉ ਤਰਿ ਉਤਰਿ ਜਾਇ,*
*ਖਰ ਜਿਉਂ ਧੂੜਿ ਲੇਟੇ ਮੇਰੀ ਬਲਾਇ।*

ਉਹ ਵਿਅੰਗ ਕਰਦਾ ਕਰਦਾ ਕਈ ਵੇਰ ਬੜੇ ਕਠੋਰ ਸ਼ਬਦ ਵਰਤ ਜਾਂਦਾ ਹੈ :

*ਦੁਆਰੇ ਦੁਆਰੇ ਧੂੰਆਂ ਨਾ ਪਾਵੋਂ*
*ਕੁੱਤੇ ਕੀ ਨਿਆਂਈ ਮਾਂਗਨੇ ਨਾ ਜਾਵੋਂ।*

ਉਸਦੀ ਭਾਸ਼ਾ ਠੇਠ, ਲੋਕ ਮੁਹਾਵਰੇ ਵਾਲੀ, ਰੋਚਕ ਸ਼ੈਲੀ, ਅਲੰਕਾਰਾਂ ਤਸਬੀਹਾਂ ਭਰਪੂਰ ਹੈ। ਡਾ. ਮੋਹਨ ਸਿੰਘ ਅਨੁਸਾਰ, "ਚਰਪਟ ਪਹਿਲਾ ਮੱਧਕਾਲੀਨ ਦੰਭ ਖਿਦਾਰੂ ਹੋਇਆ ਹੈ।"[8]

ਚੋਰੰਗੀ ਨਾਥ ਨੂੰ ਚਤੁਰੰਗ ਨਾਥ ਵੀ ਕਿਹਾ ਜਾਂਦਾ ਹੈ। ਅਨੁਮਾਨ ਹੈ ਕਿ ਇਹ ਬਾਰ੍ਹਵੀਂ ਸਦੀ ਵਿਚ ਹੋਏ। ਕਿਹਾ ਜਾਂਦਾ ਹੈ ਕਿ ਚੋਰੰਗੀ ਨਾਥ ਸੰਗਲਾਦੀਪ (ਸਿਆਲਕੋਟ) ਦੇ ਰਾਜੇ

ਸਲਵਾਹਨ ਦਾ ਪੁੱਤਰ ਪੂਰਨ ਸੀ, ਜਿਸਨੂੰ ਉਸਦੀ ਮਤਰੇਈ ਮਾਂ ਲੂਣਾ ਨੇ ਆਚਰਣਹੀਨਤਾ ਦਾ ਬੇਬੁਨਿਆਦ ਦੋਸ਼ ਲਾ ਕੇ ਉਸਦੇ ਹੱਥ ਪੈਰ ਕਟਵਾ ਕੇ ਖੂਹ ਵਿਚ ਸਿਟਵਾ ਦਿੱਤਾ ਸੀ। ਗੁਰੂ ਮਛੰਦਰ ਨਾਥ ਨੇ ਉਸਨੂੰ ਖੂਹ ਵਿੱਚੋਂ ਕੱਢਿਆ। ਚੌਰੰਗੀ ਨਾਥ ਦੇ ਪੂਰਨ ਹੋਣ ਦੀ ਪ੍ਰੋੜਤਾ ਡਾ. ਮੋਹਨ ਸਿੰਘ ਨੇ ਪੱਟੀ (ਅੰਮ੍ਰਿਤਸਰ) ਦੇ ਇੱਕ ਜੈਨਮੰਦਰ ਤੋਂ ਪ੍ਰਾਪਤ ਖਰੜੇ ਦੇ ਹਵਾਲੇ ਦੇ ਆਧਾਰ 'ਤੇ ਕੀਤੀ ਹੈ। ਕਈ ਚੌਰੰਗੀ ਨਾਥ ਨੂੰ ਪੂਰਨ ਭਗਤ ਦਾ ਵੱਡਾ ਭਰਾ ਕਹਿੰਦੇ ਹਨ। ਲੂਣਾ ਦਾ ਪੁੱਤਰ ਰਸਾਲੂ ਪੂਰਨ ਭਗਤ ਦਾ ਛੋਟਾ ਭਰਾ ਸੀ। ਚੌਰੰਗੀ ਦੇ ਸਲੋਕ ਸ਼ਬਦ ਅਤੇ ਇੱਕ ਛੋਟੇ ਆਕਾਰ ਦੀ ਰਚਨਾ 'ਪ੍ਰਾਣ ਸੰਗਲੀ' ਮਿਲਦੀ ਹੈ। ਡਾ. ਪਿਤਾਂਦਰ ਦੱਤ ਬੜਥਵਾਲ ਦੀ ਪੁਸਤਕ 'ਯੋਗ ਪ੍ਰਵਾਹ' ਵਿੱਚ ਉਸਦੇ ਕੁਝ ਪਦੇ ਮਿਲਦੇ ਹਨ। ਉਸਦੀ ਬਾਣੀ ਵਿੱਚ ਅਪਭ੍ਰੰਸ਼ ਦਾ ਵਧੇਰੇ ਪ੍ਰਭਾਵ ਹੈ। ਇਸ ਤੋਂ ਇਲਾਵਾ ਪੂਰਬੀ ਰਾਜਸਥਾਨੀ ਅਤੇ ਡੋਗਰੀ ਦੀ ਵੀ ਭਰਮਾਰਤਾ ਹੈ। ਉਸਦੇ ਸ਼ਲੋਕ ਦੀ ਉਦਾਹਰਣ ਇਸ ਪ੍ਰਕਾਰ ਦਿੱਤੀ ਜਾ ਸਕਦੀ ਹੈ :

*ਮਾਲੀ ਲੌ ਮਲ ਮਾਲੀ ਲੌ ਸੀਂਚੇ ਸਹਜ ਕਿਆਰੀ।*
*ਉਨਮਨਿ ਕਲਾ ਏਕ ਪਹੂਪਨਿ ਪਾਇਲੇ ਆਵਾਗਵਨ ਨਿਵਾਰੀ॥*

ਰਤਨ ਨਾਥ ਨੂੰ ਹਾਜੀ ਰਤਨ, ਬਾਬਾ ਰਤਨ ਜਾਂ ਪੀਰ ਰਤਨ ਵੀ ਕਿਹਾ ਜਾਂਦਾ ਹੈ। ਡਾ. ਮੋਹਨ ਸਿੰਘ ਨੇ ਇਸ ਦਾ ਸਮਾਂ 1000 ਤੋਂ 1120 ਈ. ਤੱਕ ਦਾ ਮੰਨਿਆ ਹੈ।[9] ਕੁਝ ਵਿਦਵਾਨਾਂ ਨੇ ਰਤਨ ਨਾਥ ਨੂੰ ਬਠਿੰਡੇ ਦਾ ਜੰਮਪਲ ਦੱਸਿਆ ਹੈ ਅਤੇ ਕੁਝ ਨੇ ਨੇਪਾਲ ਦਾ ਖੱਤਰੀ ਰਾਜਕੁਮਾਰ ਦੱਸਿਆ ਹੈ। ਕਿਹਾ ਜਾਂਦਾ ਹੈ ਕਿ ਉਹ ਗੋਰਖ ਨਾਥ ਨੂੰ ਪਹਿਲਾਂ-ਪਹਿਲ ਗੋਦਾਵਰੀ ਨਦੀ ਦੇ ਕੰਢੇ ਮਿਲਿਆ। ਉਸਨੇ ਨੌਂ ਵਾਰ ਹੱਜ ਕੀਤਾ, ਜਿਸ ਕਰਕੇ ਉਸਦਾ ਨਾਂ ਹਾਜੀ ਰਤਨ ਪੈ ਗਿਆ। ਉਸਦਾ ਪ੍ਰਚਾਰ ਖੇਤਰ ਪਿਸ਼ਾਵਰ, ਕਾਬਲ, ਕੰਧਾਰ, ਖੁਰਾਸਾਨ, ਗਜ਼ਨੀ, ਕਾਬਲ ਅਤੇ ਜਲਾਲਾਬਾਦ ਸੀ। ਕਾਬੁਲ ਦਾ ਬਾਦਸ਼ਾਹ ਉਸਦਾ ਅਨੁਯਾਈ ਸੀ, ਜਿਸਨੇ ਕਾਬਲ ਅਤੇ ਜਲਾਲਾਬਾਦ ਵਿਖੇ ਉਸ ਨੂੰ ਸ਼ਿਵ ਮੰਦਰਾਂ ਦੀ ਸਥਾਪਨਾ ਲਈ ਜਾਗੀਰ ਵੀ ਦਿੱਤੀ। ਕੁਝ ਵਿਦਵਾਨਾਂ ਨੇ ਉਸ ਨੂੰ ਸੂਫੀ ਕਵੀ ਮੰਨਿਆ ਹੈ। ਰਤਨ ਨਾਥ ਦੇ ਚੇਲੇ ਹਿੰਦੂ ਹੀ ਨਹੀਂ ਸਗੋਂ ਮੁਸਲਮਾਨ ਵੀ ਸਨ, ਜੋ ਉਸ ਨੂੰ ਆਪਣਾ ਪੀਰ ਮੰਨਦੇ ਸਨ। 'ਪੋਥੀ ਰਤਨ ਗਿਆਨ' ਰਤਨ ਨਾਥ ਦੀ ਰਚਨਾ ਦੱਸੀ ਜਾਂਦੀ ਹੈ, ਜਿਸ ਵਿਚ ਮਛੰਦਰ ਨਾਥ ਨਾਲ ਹੋਈ ਗੋਸ਼ਟ ਤੋਂ ਇਲਾਵਾ ਹੋਰ ਜਾਣਕਾਰੀ ਪ੍ਰਾਪਤ ਹੁੰਦੀ ਹੈ ਪਰ ਕੁਝ ਵਿਦਵਾਨ 'ਪੋਥੀ ਰਤਨ' ਨੂੰ ਬ੍ਰਹਮ ਦਾਸ ਦੀ ਰਚਨਾ ਦੱਸਦੇ ਹਨ। ਰਤਨ ਨਾਥ ਦੀ ਕਾਵਿ ਰਚਨਾ ਗੋਸ਼ਟਾਂ ਵਿੱਚ ਮਿਲਦੀ ਹੈ। ਡਾ. ਪੀਤਾਂਦਰ ਦੱਤ ਬੜਥਵਾਲ ਦੀ ਪੁਸਤਕ 'ਗੋਰਖ ਬਾਣੀ' ਵਿਚ ਗੋਰਖ ਦੇ ਨਾਂ ਹੇਠ ਦਿੱਤੀ ਇਕ ਸ਼ਬਦੀ ਪ੍ਰਾਪਤ ਹੁੰਦੀ ਹੈ :

*ਰੂਪਾ ਮੁਹੰਮਦ ਸੋਨਾ ਖੁਦਾਈ,*
*ਦੁਹੂੰ ਵਿਚ ਦੁਨੀਆ ਗੋਤਾ ਖਾਈ।*
*ਹਮ ਤੋਂ ਨਿਰਾਲੰਭ ਬੈਠ ਦੇਖਤ ਰਹੇ,*
*ਐਸਾ ਏਕ ਸੁਖਨ ਬਾਬਾ ਰਤਨ ਹਾਜੀ ਕਹੈ।*

ਨਾਥ ਗੋਪੀ ਚੰਦ ਬੰਗਾਲ ਦੇ ਰਾਜਾ ਮਣਕ ਚੰਦ ਦਾ ਸਪੁੱਤਰ ਸੀ। ਉਸਦੀ ਮਾਂ ਮੈਨਾਵੰਤੀ ਨੇ ਪੁੱਤਰ ਨੂੰ ਜਾਲੰਧਰ ਨਾਥ ਤੋਂ ਯੋਗ ਧਾਰਨ ਲਈ ਪ੍ਰੇਰਿਤ ਕੀਤਾ। ਗੋਪੀ ਚੰਦ ਨੇ 'ਗਾਥਾ', 'ਸ਼ਬਦੀ' ਅਤੇ 'ਉਦਾਸ' ਰਚਨਾਵਾਂ ਰਚੀਆਂ। 'ਉਦਾਸ' ਵਿੱਚ ਮੈਨਾਵੰਤੀ ਤੇ ਗੋਪੀ ਚੰਦ ਦਾ

ਜ਼ਿਕਰ ਅੰਕਿਤ ਹੈ। ਗੋਪੀ ਚੰਦ ਨੂੰ ਉਦਾਸੀ ਸੰਪ੍ਰਦਾਇ ਵਿੱਚ ਗਿਣਿਆ ਜਾਂਦਾ ਹੈ। ਉਸ ਨੇ ਸਲੋਕ, ਪਦ, ਸੋਹਿਲਾ, ਆਰਤੀ ਕਾਵਿ ਰੂਪਾਂ ਵਿਚ ਅਧਿਆਤਮਕ ਭਾਵ ਪ੍ਰਗਟਾਏ। ਉਸ ਦੀ ਨਿਮਨ ਇਕ ਸ਼ਬਦੀ ਤੋਂ ਰੂਪਮਾਨ ਹੁੰਦਾ ਹੈ ਕਿ ਉਹ ਗੋਰਖ ਦਾ ਚੇਲਾ ਅਤੇ ਚਰਪਟ ਨਾਥ ਦਾ ਗੁਰੂ ਭਾਈ ਸੀ। ਉਸਦੀ ਬਾਣੀ ਦੀ ਇੱਕ ਵੰਨਗੀ :

*ਗੁਰੂ ਹਮਾਰੇ ਗੋਰਖ ਬੋਲੀਐ, ਚਰਪਟ ਹੈ ਗੁਰੂ ਭਾਈ ਜੀ।*
*ਦੈ ਕੇ ਸ਼ਬਦ ਹਮਕੂ ਗੁਰੂ ਗੋਰਖ ਨਾਥ ਕੀਯਾ।*
*ਸੇਵੋ ਨਿਯਖਿਆ ਮੈਨਾਵੰਤੀ ਮਾਈ ਜੀ।*

ਸੋ ਇਨ੍ਹਾਂ ਨਾਥਾਂ ਜੋਗੀਆਂ ਦੀ ਸੰਪ੍ਰਦਾਇ ਅਹਿਮ ਸਥਾਨ ਰੱਖਦੀ ਹੈ, ਜਿਸ ਨੇ ਤਤਕਾਲੀਨ ਧਾਰਮਿਕ, ਸਮਾਜਿਕ ਕੁਰੀਤੀਆਂ ਵਿਰੁੱਧ ਅਵਾਜ਼ ਉਠਾਈ ਅਤੇ ਜਨਸਾਧਾਰਣ ਦੀ ਭਾਸ਼ਾ ਵਿੱਚ ਲੋਕਾਂ ਨੂੰ ਅਧਿਆਤਮਕ ਸੰਦੇਸ਼ ਦਿੱਤਾ। ਜਪ, ਤਪ, ਸੰਜਮ ਧਾਰਨ ਕਰਨ, ਅੰਦਰੂਨੀ ਸ਼ੁਧਤਾ ਕਾਇਮ ਰੱਖਣ, ਵਿਸ਼ੇ ਵਿਕਾਰਾਂ ਤੋਂ ਦੂਰ ਰਹਿ ਕੇ ਆਤਮਿਕ ਤੌਰ ਤੇ ਬਲਵਾਨ ਬਣਨ ਉੱਪਰ ਜ਼ੋਰ ਦਿੱਤਾ। ਉਨ੍ਹਾਂ ਸਧਾਰਨ ਪ੍ਰਗਟਾਅ ਵਿਧੀ ਰਾਹੀਂ ਵਿਭਿੰਨ ਕਾਵਿ ਰੂਪਾਂ ਵਿੱਚ ਰਾਗਬੱਧ ਰਚਨਾ ਕੀਤੀ ਅਤੇ ਪੰਜਾਬੀ ਭਾਸ਼ਾ ਨੂੰ ਲੋਕਪ੍ਰਿਯ ਬਣਾਇਆ। ਉਨ੍ਹਾਂ ਵਿਭਿੰਨ ਕਾਵਿ ਰੂਪਾਂ ਵਿੱਚ ਇਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕੀਤਾ।

## ਟਿੱਪਣੀਆਂ ਤੇ ਹਵਾਲੇ

1. ਹਜਾਰੀ ਪ੍ਰਸਾਦ ਦਿਵੇਦੀ, *ਨਾਥ ਸੰਪਰਦਾਇ*, ਪੰਨਾ 3
2. ਜੀਤ ਸਿੰਘ ਸੀਤਲ, *ਪੰਜਾਬੀ ਸਾਹਿਤ ਦਾ ਇਤਿਹਾਸ*, ਪੰਨਾ 47
3. ਨਰਿੰਦਰ ਧੀਰ, 'ਨਾਥ ਸਾਹਿਤ', *ਪੰਜਾਬੀ ਸਾਹਿਤ ਦਾ ਇਤਿਹਾਸ (ਪੁਰਾਤਨ ਕਾਲ)*, ਪੰਨਾ 12
4. ਜੀਤ ਸਿੰਘ ਸੀਤਲ, *ਪੰਜਾਬੀ ਸਾਹਿਤ ਦਾ ਇਤਿਹਾਸ*, ਪੰਨਾ 47
5. ਪੀਤਾਂਦਰ ਦੱਤ ਬੜਥਵਾਲ (ਸੰਪਾ.), *ਗੋਰਖ ਬਾਣੀ*, ਪੰਨਾ 20
6. ਹਜਾਰੀ ਪ੍ਰਸਾਦ ਦਿਵੇਦੀ, *ਨਾਥ ਸੰਪਰਦਾਇ*, ਪੰਨਾ 113
7. ਮੋਹਨ ਸਿੰਘ, *ਪੰਜਾਬੀ ਅਦਬ ਦੀ ਮੁਖਤਸਰ ਤਾਰੀਖ*, ਪੰਨਾ 12
8. ਉਹੀ, ਪੰਨਾ 17
9. ਉਹੀ, ਪੰਨਾ 20

# ਦਾਦੂ-ਪੰਥੀ ਸੰਪ੍ਰਦਾਇ

ਡਾ. ਹਰਨੇਕ ਸਿੰਘ*

ਭਾਰਤ ਦੀ ਨਿਰਗੁਣ ਧਾਰਾ ਵਿੱਚ ਦਾਦੂ-ਪੰਥ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਇਸ ਪੰਥ ਦਾ ਨਾਂ ਇਸ ਦੇ ਪੈਰੋਕਾਰ ਦਾਦੂ ਦਿਆਲ ਦੇ ਨਾਂ ਤੇ ਹੀ ਰੱਖਿਆ ਗਿਆ। ਭਾਵੇਂ ਸ਼ੁਰੂ ਵਿੱਚ ਇਸ ਪੰਥ ਦਾ ਨਾਂ ਦਾਦੂ ਦਿਆਲ ਨੇ ਖੁਦ 'ਪਾਰਬ੍ਰਹਮ ਸੰਪ੍ਰਦਾਇ' ਜਾਂ ਬ੍ਰਹਮ ਸੰਪ੍ਰਦਾਇ ਰੱਖਿਆ ਸੀ ਪ੍ਰੰਤੂ ਇਸ ਪੰਥ ਦੇ ਸ਼ਰਧਾਲੂਆਂ ਉਪਰ ਦਾਦੂ ਦਿਆਲ ਦਾ ਇਤਨਾ ਗਹਿਰਾ ਪ੍ਰਭਾਵ ਸੀ ਕਿ ਹੌਲੀ ਹੌਲੀ ਇਹ ਪੰਥ ਦਾਦੂ-ਪੰਥ ਦੇ ਨਾਂ ਨਾਲ ਹੀ ਜਾਣਿਆ ਜਾਣ ਲੱਗਾ ਅਤੇ ਇਸੇ ਨਾਂ ਨਾਲ ਹੀ ਪ੍ਰਮਾਣਿਕ ਹੋਇਆ।

ਦਾਦੂ-ਪੰਥ ਦਾ ਨਿਰਮਾਣ ਕਿਸੇ ਵਿਸ਼ੇਸ਼ ਉਦੇਸ਼ ਜਾਂ ਭਾਵਨਾ ਦੇ ਤਹਿਤ ਨਹੀਂ ਹੋਇਆ ਅਤੇ ਨਾ ਹੀ ਇਸ ਪੰਥ ਦੀ ਕੋਈ ਧਾਰਮਿਕ ਮਰਿਆਦਾ ਜਾਂ ਜੀਵਨ ਆਦਰਸ਼ ਸੀ। ਦਾਦੂ ਦਿਆਲ ਆਪਣੇ ਜੀਵਨ ਦੇ ਅੰਤਮ ਵਰ੍ਹਿਆਂ ਵਿਚ ਆਪਣੇ ਸ਼ਰਧਾਲੂਆਂ ਨਾਲ ਮਿਲ ਕੇ ਧਾਰਮਿਕ ਅਤੇ ਅਧਿਆਤਮਕ ਵਿਸ਼ਿਆਂ ਸਬੰਧੀ ਗੋਸ਼ਟੀਆਂ ਅਤੇ ਵਿਚਾਰ ਵਟਾਂਦਰਾ ਕਰਿਆ ਕਰਦੇ ਸਨ ਜਿਨ੍ਹਾਂ ਵਿਚ ਉਹ ਆਪਣੇ ਅਧਿਆਤਮਕ ਅਨੁਭਵਾਂ ਅਤੇ ਆਤਮ-ਚਿੰਤਨ ਦੇ ਤੱਤਾਂ ਦਾ ਵਖਿਆਨ ਕਰਿਆ ਕਰਦੇ ਸਨ। ਇਨ੍ਹਾਂ ਗੋਸ਼ਟੀਆਂ ਅਤੇ ਮਿਲਣੀਆਂ ਦਾ ਇਤਨਾ ਪ੍ਰਚਾਰ ਤੇ ਪ੍ਰਸਾਰ ਹੋ ਗਿਆ ਕਿ ਹੌਲੀ ਹੌਲੀ ਇਸ ਸੰਪ੍ਰਦਾਇ ਦਾ ਰੂਪ ਧਾਰਣ ਕਰ ਲਿਆ। ਇਸ ਪੰਥ ਦਾ ਕੇਂਦਰ ਬਿੰਦੂ ਦਾਦੂ ਦਿਆਲ ਖੁਦ ਹੀ ਸਨ।

ਦਾਦੂ-ਪੰਥ ਨਾਥ ਪਰੰਪਰਾ ਨਾਲ ਵੀ ਪੂਰੀ ਤਰ੍ਹਾਂ ਜੁੜਿਆ ਹੋਇਆ ਸੀ। ਸਿੱਧ-ਨਾਥਾਂ ਤੋਂ ਸਿਧੇ ਰੂਪ ਵਿਚ ਪ੍ਰਭਾਵਿਤ ਹੋਣ ਦੇ ਬਾਵਜੂਦ ਇਸ ਪੰਥ ਉੱਤੇ ਸੂਫੀਅਤ ਅਤੇ ਸਿੱਖ ਪੰਥ ਦੀ ਵਿਚਾਰਧਾਰਾ ਦਾ ਸਪਸ਼ਟ ਪ੍ਰਭਾਵ ਝਲਕਦਾ ਹੈ।

ਇਸ ਪੰਥ ਦੇ ਪੈਰੋਕਾਰ ਦਾਦੂ ਦਿਆਲ ਦੇ ਜੀਵਨ ਬਾਰੇ ਬਹੁਤ ਥੋੜ੍ਹੀ ਜਾਣਕਾਰੀ ਮਿਲਦੀ ਹੈ। ਹੁਣ ਤੱਕ ਦੇ ਮਿਲਦੇ ਸੋਮਿਆਂ ਵਿਚੋਂ ਦਾਦੂ ਦੇ ਪ੍ਰਮੁਖ ਸ਼ਿਸ਼ ਜਨ ਗੋਪਾਲ ਰਚਿਤ 'ਸ੍ਰੀ-ਦਾਦੂ ਜਨਮ ਲੀਲਾ ਪਰਚੀ' ਨੂੰ ਹੀ ਵਧੇਰੇ ਆਧਾਰ ਮੰਨਿਆ ਗਿਆ ਹੈ। ਇਸ ਪੁਸਤਕ ਵਿਚ ਦਾਦੂ ਦਿਆਲ ਦੇ ਜੀਵਨ ਸਬੰਧੀ ਵਿਗਿਆਨਕ ਢੰਗ ਅਪਨਾਉਣ ਦੀ ਥਾਂ ਇਕ ਸ਼ਰਧਾਲੂ ਵਾਲੀ ਸ਼ਰਧਾਮਈ ਪਹੁੰਚ ਨੂੰ ਹੀ ਅਪਣਾਇਆ ਗਿਆ ਹੈ। ਭਾਵੇਂ ਜਨ ਗੋਪਾਲ ਨੇ ਆਪਣੀ ਇਸ ਪੁਸਤਕ ਵਿਚ ਲਿਖਿਆ ਹੈ ਕਿ ਸਵਾਮੀ ਜੀ ਦੀ ਇਹ ਜਨਮ ਕਥਾ ਕਹਿਣ ਸਮੇਂ ਮੈਂ ਕੇਵਲ ਸੱਚੀਆਂ ਗੱਲਾਂ ਹੀ ਬਿਆਨ ਕੀਤੀਆਂ ਹਨ, ਝੂਠੀ ਗੱਲ ਇੱਕ ਵੀ ਨਹੀਂ ਲਿਖੀ, ਮੈਂ ਤਾਂ ਜੋ ਕੁਝ ਸੁਣਿਆ ਹੈ ਉਹੋ ਕੁਝ ਲਿਖ ਦਿੱਤਾ ਹੈ।

---

* ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਉਪਲਬਧ ਜਾਣਕਾਰੀ ਅਨੁਸਾਰ ਦਾਦੂ ਦਿਆਲ ਦਾ ਜਨਮ ਗੁਜਰਾਤ ਰਾਜ ਦੇ ਸ਼ਹਿਰ ਅਹਿਮਦਾਬਾਦ ਵਿਚ ਹੋਇਆ। ਪੰਡਤ ਚੰਦ੍ਰਿਕਾ ਪ੍ਰਸਾਦ ਤ੍ਰਿਪਾਠੀ, ਡਾ. ਰਾਮ ਕੁਮਾਰ ਵਰਮਾ ਤੇ 'ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ' ਦੇ ਲੇਖਕ ਨੇ ਵੀ ਇਸੇ ਮਤ ਨੂੰ ਪ੍ਰਵਾਨ ਕੀਤਾ ਹੈ। ਜਨ ਗੋਪਾਲ ਵੀ ਦਾਦੂ ਦਿਆਲ ਦਾ ਜਨਮ ਸਥਾਨ ਅਹਿਮਦਾਬਾਦ ਹੀ ਮੰਨਦਾ ਹੈ ਪ੍ਰੰਤੂ ਪੰਡਿਤ ਸੁਧਾਕਰ ਦ੍ਵਿਵੇਦੀ ਨੇ ਦਾਦੂ ਨੂੰ ਜੌਨਪੁਰ (ਬਨਾਰਸ ਨੇੜੇ ਦਾ ਇਕ ਪੁਰਾਣਾ ਸ਼ਹਿਰ) ਵਿੱਚ ਜੰਮਿਆ ਦਸਿਆ ਹੈ ਪ੍ਰੰਤੂ ਦਾਦੂ ਦਿਆਲ ਦੀਆਂ ਜੀਵਨ ਦੀਆਂ ਵੱਖ ਵੱਖ ਘਟਨਾਵਾਂ ਅਤੇ ਇਹਨਾਂ ਦੀ ਭਾਸ਼ਾ ਤੇ ਵਿਚਾਰ ਕਰਨ ਉਪਰੰਤ ਦ੍ਵਿਵੇਦੀ ਦੇ ਇਸ ਕਥਨ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਦਾਦੂ ਦੀਆਂ ਸਾਖੀਆਂ ਤੇ ਪੱਦਾਂ ਵਿਚ ਵਰਤੀ ਗੁਜਰਾਤੀ ਭਾਸ਼ਾ ਦੀ ਸ਼ਬਦਾਵਲੀ ਤੇ ਅਨੇਕਾਂ ਗੁਜਰਾਤੀ ਮੁਹਾਵਰੇ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਆਪ ਗੁਜਰਾਤ ਪ੍ਰਦੇਸ਼ ਦੇ ਹੀ ਜੰਮਪਲ ਸਨ।

'ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ' ਵਿਚ ਦਾਦੂ ਨੂੰ ਲੋਧੀ ਰਾਮ ਬ੍ਰਾਹਮਣ ਦਾ ਪੁੱਤਰ ਦਸਿਆ ਗਿਆ ਹੈ। ਦਾਦੂ-ਪੰਥੀ ਵੀ ਉਹਨਾਂ ਨੂੰ ਗੁਜਰਾਤੀ ਬ੍ਰਾਹਮਣ ਦਸਦੇ ਹਨ। ਇਨ੍ਹਾਂ ਅਨੁਸਾਰ ਆਪ ਦਾ ਜਨਮ ਲੋਧੀ ਰਾਮ ਬ੍ਰਾਹਮਣ ਅਤੇ ਵਸੀ ਬਾਈ ਬ੍ਰਾਹਮਣੀ ਦੇ ਘਰ ਹੋਇਆ ਪਰ ਦੂਸਰੇ ਵਿਦਵਾਨ ਦਾਦੂ ਦਿਆਲ ਨੂੰ ਬ੍ਰਾਹਮਣ ਮੰਨਣ ਤੋਂ ਇਨਕਾਰ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਦਾਦੂ ਨੂੰ ਬ੍ਰਾਹਮਣ ਦਸਣ ਵਿਚ ਉਸ ਦੇ ਮੰਨਣਹਾਰਿਆਂ ਦੀ ਸ਼ਰਧਾ ਮਿਲੀ ਹੋਈ ਹੈ ਜਿਹੜੇ ਉਸ ਨੂੰ ਉੱਚੀ-ਕੁਲ ਦਾ ਸਾਬਤ ਕਰਨਾ ਚਾਹੁੰਦੇ ਹਨ। ਪਰ ਆਚਾਰਯ ਕਸ਼ਿਤੀ ਮੋਹਨ ਸੇਨ, ਡਾ. ਬੜਥਵਾਲ, ਮੋਹਸਨਫਾਨੀ ਅਤੇ ਡਾ. ਗੋਵਿੰਦ ਤ੍ਰਿਗੁਣਾਇਤ ਅਨੁਸਾਰ ਦਾਦੂ ਦਿਆਲ ਪੇਂਜਾ (ਰੂੰ ਪਿੰਜਨ ਵਾਲੀ) ਜਾਤੀ ਨਾਲ ਸਬੰਧਤ ਸਨ। ਪੰਡਿਤ ਸੁਧਾਕਰ ਦ੍ਵਿਵੇਦੀ ਨੇ ਦਾਦੂ ਦਿਆਲ ਨੂੰ ਮੋਚੀ ਮੰਨਿਆ ਹੈ ਤੇ ਉਨ੍ਹਾਂ ਦੀ ਬਾਣੀ ਵਿਚੋਂ ਇਕ ਤੁਕ ਦੇ ਕੇ ਆਪਣੇ ਵਿਚਾਰ ਨੂੰ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ, ਜੋ ਇਸ ਪ੍ਰਕਾਰ ਹੈ -

*ਸਾਚਾ ਸਮਰਥ ਗੁਰ ਮਿਲਿਆ, ਤਿਨ ਤੱਤ ਦੀਆ ਬਤਾਇ*
*ਦਾਦੂ ਮੋਟ ਮਹਾਵਲੀ, ਸਭ ਘ੍ਰਿਤ ਮਧ ਕਰ ਖਾਇ।*

ਪੰਡਿਤ ਦ੍ਵਿਵੇਦੀ ਨੇ 'ਮੋਟ ਮਹਾਵਲੀ' ਸ਼ਬਦ ਤੋਂ ਮੋਚੀ ਦਾ ਅਰਥ ਕੱਢਿਆ ਹੈ, ਪਰ ਗੁਜਰਾਤੀ ਭਾਸ਼ਾ ਵਿਚ ਮੋਟ ਅਤੇ ਮੋਟਾ, ਵੱਡੇ ਅਤੇ ਸਰੇਸ਼ਟ ਨੂੰ ਕਹਿੰਦੇ ਹਨ ਅਤੇ ਮਹਾਂਬਲੀ ਦਾ ਅਰਥ ਬਲਵਾਨ ਹੈ, ਜੋ 'ਮੋਟ ਮਹਾਵਲੀ' ਸ਼ਬਦ ਨੂੰ ਲੈ ਕੇ ਦਾਦੂ ਨੂੰ ਮੋਚੀ ਮੰਨਣਾ ਠੀਕ ਨਹੀਂ ਹੈ, ਇਸ ਤੋਂ ਛੁਟ ਦਾਦੂ ਦੀ ਬਾਣੀ ਵਿਚ ਕਿਤੇ ਵੀ ਕੋਈ ਅਜਿਹਾ ਸੰਕੇਤ ਨਹੀਂ ਮਿਲਦਾ ਜਿਸ ਤੋਂ ਉਸ ਨੂੰ ਮੋਚੀ ਸਾਬਤ ਕੀਤਾ ਜਾ ਸਕੇ। ਪਰ ਇਸ ਦੇ ਉਲਟ ਉਨ੍ਹਾਂ ਪੇਂਜੇ ਹੋਣ ਬਾਰੇ ਬੜੇ ਠੋਸ ਪ੍ਰਮਾਣ ਹਨ ਜਿਵੇਂ ਕਿ ਦਾਦੂ ਦੇ ਸਿਸ਼ ਰਜਬ ਜੀ ਨੇ ਉਹਨਾਂ ਬਾਰੇ ਲਿਖਿਆ ਹੈ -

*ਧੁਨੀ ਗ੍ਰਭੇ ਉਤਪੰਨੋ, ਦਾਦੂ ਯੋਗੇਂਦ੍ਰੋ ਮਹਾਂਮੁਨੀ।*
*ਉੱਤਮ ਜੋਗ ਧਾਰਨਮ, ਤਸਮਾਤ ਕਯ ਨਯਾਤਿ ਕਾਰਨਮ*

ਅਰਥਾਤ ਮਹਾਂਜੋਗੀ ਤੇ ਮਹਾਂ ਮੁਨੀ ਦਾਦੂ ਦਾ ਜਨਮ ਧੁਨੀਆਂ (ਪੇਂਜਾ) ਜਾਤੀ ਵਿਚ ਹੋਇਆ ਸੀ।

ਦਾਦੂ ਦਿਆਲ ਦੇ ਨਾਂ ਬਾਰੇ ਵੀ ਵਿਦਵਾਨਾਂ ਵਿਚ ਭੁਲੇਖਾ ਰਿਹਾ ਹੈ। ਵੱਖ ਵੱਖ

ਵਿਦਵਾਨਾਂ ਨੇ ਵਿਭਿੰਨ ਪੁਸਤਕਾਂ ਦੇ ਹਵਾਲੇ ਦਿੰਦਿਆਂ ਇਸ ਦੇ ਇਕ ਤੋਂ ਵਧੇਰੇ ਨਾਂ ਹੋਣ ਦੀਆਂ ਦਲੀਲਾਂ ਦਿਤੀਆਂ ਹਨ ਪ੍ਰੰਤੂ ਇਸ ਸਬੰਧ ਵਿਚ ਆਚਾਰਯ ਕਸ਼ਿਤੀ ਮੋਹਨ ਸੇਨ ਦੀ ਰਾਇ ਨੂੰ ਹੀ ਪ੍ਰਮਾਣਿਕ ਮੰਨਿਆ ਗਿਆ ਹੈ। ਉਸ ਅਨੁਸਾਰ ਦਾਦੂ ਜੀ ਦਾ ਅਸਲ ਨਾਂ 'ਦਾਊਦ' ਸੀ।

ਦਾਦੂ ਦਿਆਲ ਦੇ ਜੀਵਨ ਕਾਲ ਸਬੰਧੀ ਲਗਭਗ ਸਾਰੇ ਵਿਦਵਾਨ ਇਕ ਮਤ ਹਨ। ਸਾਰੇ ਹੀ ਵਿਦਵਾਨਾਂ ਨੇ ਦਾਦੂ ਦਾ ਜਨਮ ਫਗਣ ਸੁਦੀ ਦੂਜ ਸੰਮਤ 1601 (ਸੰਨ 1544 ਈ.) ਅਤੇ ਦੇਹਾਂਤ ਸੰਮਤ 1660 (ਸੰਨ 1603 ਈ.) ਮੰਨਿਆ ਹੈ। ਇਸ ਤਰ੍ਹਾਂ ਇਸ ਦਾ ਜੀਵਨ ਕਾਲ ਮੁਗਲ ਬਾਦਸ਼ਾਹ ਅਕਬਰ (1544-1603) ਦੇ ਜੀਵਨ ਕਾਲ ਨਾਲ ਹੀ ਮਿਲਦਾ ਹੈ। ਜਨ ਗੋਪਾਲ ਨੇ ਆਪਣੀ ਪੁਸਤਕ 'ਜਨਮ ਲੀਲਾ ਪਰਚੀ' ਵਿਚ ਵੀ ਦਾਦੂ ਦੀ ਅਕਬਰ ਨਾਲ ਮੁਲਾਕਾਤ ਦਾ ਜ਼ਿਕਰ ਕੀਤਾ ਹੈ।

'ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ' ਵਿਚ ਵੀ ਦਾਦੂ ਦੀ ਅਕਬਰ ਨਾਲ ਮੁਲਾਕਾਤ ਦਾ ਜ਼ਿਕਰ ਹੋਇਆ ਹੈ। ਦਾਦੂ ਦਾ ਦੇਹਾਂਤ ਵੀ 52 ਸਾਲ ਦੀ ਉਮਰ ਵਿਚ ਨਾਰੈਣਾ ਵਿਖੇ ਹੀ ਹੋਇਆ। ਇਸਦੇ ਮ੍ਰਿਤੂ ਸਥਾਨ ਬਾਰੇ ਵਿਦਵਾਨਾਂ ਵਿਚ ਸਰਬਸੰਮਤੀ ਹੈ। ਨਾਰੈਣਾ ਇਨ੍ਹਾਂ ਦਾ ਮੁਖ ਤੀਰਥ ਸਥਾਨ ਹੈ। ਏਥੇ ਦਾਦੂ ਦੀ ਗੱਦੀ ਹੈ ਅਤੇ ਇਥੇ ਹੀ ਦਾਦੂ-ਪੰਥੀਆਂ ਦੀਆਂ ਮੁਖ ਪੁਸਤਕਾਂ ਦਾ ਪੂਜਨ ਕੀਤਾ ਜਾਂਦਾ ਹੈ। ਪਹਾੜ ਉਤੇ ਇਕ ਛੋਟਾ ਜਿਹਾ ਮਕਾਨ ਭੀ ਹੈ, ਜਿਸਨੂੰ ਦਾਦੂ ਦੇ ਗਾਇਬ ਹੋਣ ਦਾ ਨਿਸ਼ਾਨ ਦੱਸਿਆ ਜਾਂਦਾ ਹੈ। ਆਖਦੇ ਹਨ ਕਿ ਨਾਰੈਣਾ ਵਿਚ ਰਹਿੰਦੇ ਸਮੇਂ ਇਕ ਦਿਨ ਇਸ ਨੂੰ ਅਕਾਸ਼ਬਾਣੀ ਹੋਈ ਕਿ 'ਤੂੰ ਪਰਮਾਰਥ ਸਾਧਨ ਵਿਚ ਮਗਨ ਹੋ ਜਾ'। ਇਸ ਬਾਣੀ ਨੂੰ ਸੁਣ ਕੇ ਦਾਦੂ ਨਾਰੈਣਾ ਤੋਂ 5 ਕੋਹ ਦੂਰ 'ਬਰਹਾਨ' ਨਾਂ ਦੇ ਇਕ ਪਹਾੜ ਉਪਰ ਜਾ ਕੇ ਕੰਦ੍ਰਾ ਵਿਚ ਮਗਨ ਹੋ ਗਿਆ। ਇਥੇ ਕੁਝ ਸਾਲ ਬਤੀਤ ਕਰਨ ਦੇ ਪਿਛੋਂ ਫਿਰ ਅਲੋਪ ਹੋ ਗਿਆ ਅਤੇ ਕੁਝ ਵੀ ਪਤਾ ਨਾ ਲੱਗਾ। ਦਾਦੂ-ਪੰਥੀਆਂ ਦਾ ਵਿਚਾਰ ਹੈ ਕਿ ਉਹ ਪਰਮਾਤਮਾ ਵਿਚ ਲੀਨ ਹੋ ਗਿਆ ਸੀ। ਨਾਰੈਣਾ ਵਿਚ ਹਰ ਸਾਲ ਫੱਗਣ ਮਹੀਨੇ ਦੀ ਸੁਕਲਾ ਪੱਖ ਤੋਂ ਲੈ ਕੇ ਪੂਰਨਿਮਾ ਤਕ ਇਕ ਬੜਾ ਭਾਰੀ ਮੇਲਾ ਵੀ ਲਗਦਾ ਹੈ।

ਸੰਤ ਦਾਦੂ ਦਿਆਲ ਦੇ ਜੀਵਨ ਦੀ ਸਭ ਤੋਂ ਮਹੱਤਵਪੂਰਨ ਘਟਨਾ ਇਸ ਦੀ ਆਪਣੇ ਗੁਰੂ ਨਾਲ ਹੋਈ ਭੇਂਟ ਨੂੰ ਮੰਨਿਆ ਜਾਂਦਾ ਹੈ। ਦਾਦੂ ਦੇ ਗੁਰੂ ਬਾਰੇ ਉਨ੍ਹਾਂ ਦੇ ਚੇਲਿਆਂ ਵਿਚ ਇਹ ਰਵਾਇਤ ਪ੍ਰਸਿੱਧ ਹੈ ਕਿ ਜਦੋਂ ਉਹ ਕੇਵਲ 11 ਵਰ੍ਹਿਆਂ ਦੇ ਸਨ ਅਤੇ ਕਾਂਕਰੀਆਂ ਤਲਾਬ ਉਪਰ ਆਪਣੇ ਸਾਥੀਆਂ ਨਾਲ ਖੇਡ ਰਹੇ ਸਨ ਤਾਂ ਅਚਾਨਕ ਇਕ ਬਿਰਧ ਸਾਧੂ ਨੇ ਆ ਕੇ ਇਨ੍ਹਾਂ ਤੋਂ ਭਿੱਖਿਆ ਮੰਗੀ। ਭਿੱਖਿਆ ਲੈਣ ਤੋਂ ਬਾਅਦ ਉਸ ਮਹਾਤਮਾ ਨੇ ਆਪਣੇ ਮੂੰਹ ਵਿਚਲੀ ਪਾਨ ਦੀ ਪਿਚਕਾਰੀ ਦਾਦੂ ਜੀ ਦੇ ਮੂੰਹ ਵਿਚ ਪਾ ਦਿੱਤੀ। ਦਾਦੂ ਨੇ ਉਸ ਸਮੇਂ ਇਸ ਗੱਲ ਵੱਲ ਕੋਈ ਧਿਆਨ ਨਾ ਦਿੱਤਾ ਪਰ ਸੱਤਾਂ ਸਾਲਾਂ ਬਾਅਦ ਜਦੋਂ ਦਾਦੂ 18 ਸਾਲ ਦੇ ਹੋਏ ਤਾਂ ਇਕ ਦਿਨ ਜਦੋਂ ਇਹ ਰੂੰ-ਪਿੰਜਨ ਦਾ ਆਪਣਾ ਪਿਤਰੀ ਕਾਰਜ ਕਰ ਰਹੇ ਸੀ ਤਾਂ ਉਹੀ ਮਹਾਤਮਾ ਫਿਰ ਇਨ੍ਹਾਂ ਦੇ ਦਰਵਾਜ਼ੇ ਤੇ ਆਏ। ਸੰਤ ਦਾਦੂ ਜੀ ਪੂਰੀ ਤਰ੍ਹਾਂ ਆਪਣੇ ਕੰਮ ਵਿਚ ਮਗਨ ਸਨ ਅਤੇ ਥੋੜ੍ਹੀ ਦੇਰ ਲਈ ਇਨ੍ਹਾਂ ਨੂੰ ਕੁਝ ਵੀ ਪਤਾ ਨਾ ਲੱਗਾ ਪਰ ਜਦੋਂ ਦਾਦੂ ਜੀ ਨੇ ਸਿਰ ਉਪਰ ਚੁੱਕਿਆ ਤਾਂ ਇਨ੍ਹਾਂ ਨੇ ਮਹਾਤਮਾ ਨੂੰ ਦਰਵਾਜ਼ੇ ਵਿਚ ਖੜ੍ਹਾ ਦੇਖਿਆ ਤਾਂ ਝੱਟ ਉਸ ਨੂੰ ਅੰਦਰ ਲੈ ਆਏ ਅਤੇ ਸੇਵਾ ਵਿਚ ਜੁੱਟ ਗਏ। ਮਹਾਤਮਾ ਦੀਆਂ ਅੱਖਾਂ ਵਿਚ ਪਾਣੀ ਭਰ ਆਇਆ ਜਦੋਂ ਦਾਦੂ ਜੀ ਨੇ

ਇਸ ਦਾ ਕਾਰਨ ਪੁੱਛਿਆ ਤਾਂ ਮਹਾਤਮਾ ਨੇ ਕਿਹਾ ਕਿ ਮੈਂ ਤੇਰੇ ਦੁਆਰ ਤੇ ਕੁਝ ਪਲਾਂ ਲਈ ਹੀ ਖੜ੍ਹਾ ਹਾਂ ਤੇ ਤੂੰ ਮੇਰੀ ਇਨੀ ਸੇਵਾ ਕੀਤੀ ਹੈ ਪਰ ਭਗਵਾਨ ਜਿਹੜਾ ਜੁਗਾਂ-ਜੁਗਾਂ ਤੋਂ ਸਾਡੇ ਜੀਵਨ ਮਾਰਗ ਦੇ ਕੰਢੇ ਤੇ ਖੜਾ ਸਾਡੀ ਉਡੀਕ ਕਰ ਰਿਹਾ ਹੈ, ਸਾਡੀ ਉਸ ਵੱਲ ਨਜ਼ਰ ਹੀ ਨਹੀਂ ਜਾਂਦੀ। ਦਾਦੂ ਜੀ ਦੇ ਦਿਲ ਉਤੇ ਇਹਨਾਂ ਸ਼ਬਦਾਂ ਦਾ ਬੜਾ ਡੂੰਘਾ ਪ੍ਰਭਾਵ ਪਿਆ। ਉਹ ਸਾਧੂ ਮਹਾਤਮਾ ਦੇ ਚਰਨਾਂ ਤੇ ਡਿੱਗ ਪਏ ਅਤੇ ਉਹਨਾਂ ਦੇ ਸ਼ਿਸ਼ ਬਣ ਗਏ।

ਸੰਤ ਦਾਦੂ ਦਿਆਲ ਨੂੰ ਰਾਮਾਨੰਦ ਦੀ ਸ਼ਿਸ਼ ਪਰੰਪਰਾ ਵਿਚ ਛੇਵੇਂ ਦਰਜੇ ਦੇ ਸ਼ਿਸ਼ ਮੰਨਿਆ ਜਾਂਦਾ ਹੈ। ਸ਼ਿਸ਼ਾਂ ਦੀ ਪਰੰਪਰਾ ਦੀ ਤਰਤੀਬ ਇਸ ਪ੍ਰਕਾਰ ਹੈ - 1. ਰਾਮਾਨੰਦ 2. ਕਬੀਰ 3. ਕਮਾਲ 4. ਜਮਾਲ 5. ਵਿਮਲ 6. ਬੁੱਢਨ 7. ਦਾਦੂ। ਇਸ ਸ਼ਿਸ਼ ਪਰੰਪਰਾ ਅਨੁਸਾਰ ਦਾਦੂ ਦਿਆਲ ਦਾ ਗੁਰੂ ਬੁੱਢਨ ਸੀ। ਇਹ ਦਾਦੂ-ਪੰਥੀਏ ਬੈਰਾਗੀ ਰਾਮਾਨੰਦੀਆਂ ਦੀ ਇਕ ਸ਼ਾਖ ਹਨ। ਪ੍ਰੰਤੂ ਇਹ ਰਾਮ ਨਾਮ ਜਪਣ ਤੋਂ ਇਲਾਵਾ ਵੱਖਰੀ ਕੋਈ ਰਾਮ ਆਦਿ ਦੀ ਮੂਰਤੀ ਨਹੀਂ ਰੱਖਦੇ ਅਤੇ ਨਾ ਹੀ ਪੂਜਦੇ ਹਨ। ਇਹ ਕੋਈ ਮੰਦਰ ਵਗੈਰਾ ਵੀ ਨਹੀਂ ਬਣਾਉਂਦੇ। ਇਨ੍ਹਾਂ ਦਾ ਰਾਮ ਨਿਰਗੁਣ ਹੈ। ਇਹ ਕਿਸੇ ਤਰ੍ਹਾਂ ਦਾ ਤਿਲਕ ਵਗੈਰਾ ਨਹੀਂ ਲਾਉਂਦੇ ਅਤੇ ਨਾ ਹੀ ਗਲ ਵਿਚ ਕੋਈ ਕੰਠੀ ਜਾਂ ਮਾਲਾ ਆਦਿ ਧਾਰਨ ਕਰਦੇ ਹਨ। ਇਹ ਆਪਣੇ ਹੱਥ ਵਿੱਚ ਇੱਕ ਜਪਮਾਲਾ ਰੱਖਦੇ ਹਨ ਅਤੇ ਸਿਰ ਉਪਰ ਚਕੋਣੀ ਜਾਂ ਗੋਲ ਸਫੈਦ ਟੋਪੀ ਪਾਉਂਦੇ ਹਨ। ਕਿਹਾ ਜਾਂਦਾ ਹੈ ਕਿ ਇਹ ਇਸ ਟੋਪੀ ਨੂੰ ਆਪਣੇ ਹੱਥੀ ਬਣਾਉਂਦੇ ਹਨ। ਇਸ ਦੇ ਪਿਛੇ ਇਕ ਫੁੱਲ ਜਿਹਾ ਲਟਕਦਾ ਰਹਿੰਦਾ ਹੈ। ਇਸ ਤੋਂ ਇਲਾਵਾ ਇਹ ਲੋਕ ਭਗਵੇਂ ਕੱਪੜੇ, ਗਾਤੀ, ਕੁੜਤਾ, ਧੋਤੀ ਆਦਿ ਸਭ ਪਹਿਨਦੇ ਹਨ।

ਸੰਤ ਦਾਦੂ ਦੀ ਸ਼ਿਸ਼ ਪਰੰਪਰਾ ਵਿਚ 52 ਸ਼ਿਸ਼ਾਂ ਦੇ ਨਾਂ ਗਿਣਾਏ ਜਾਂਦੇ ਹਨ ਪ੍ਰੰਤੂ ਇਨ੍ਹਾਂ ਵਿਚੋਂ ਕਈਆਂ ਦੀ ਪ੍ਰਮਾਣਿਕਤਾ ਬਾਰੇ ਸੰਦੇਹ ਹੈ। ਬਹੁਤ ਸਾਰੇ ਅਜਿਹੇ ਹਨ ਜਿਨ੍ਹਾਂ ਦੇ ਨਾਵਾਂ-ਥਾਵਾਂ ਬਾਰੇ ਪਤਾ ਨਹੀਂ ਲਗਦਾ। ਇਸ ਲਈ ਦਾਦੂ ਦੇ ਪ੍ਰਮੁਖ ਸ਼ਿਸ਼ਾਂ ਵਿਚ ਹੇਠ ਲਿਖੇ ਨਾਂ ਹੀ ਨਿਰਵਿਵਾਦ ਰੂਪ ਵਿਚ ਲਏ ਜਾ ਸਕਦੇ ਹਨ :-

1. ਰਜਬ ਜੀ, 2. ਸੰਤ ਸੁੰਦਰ ਦਾਸ, 3. ਗਰੀਬ ਦਾਸ, 4. ਪ੍ਰਾਗਦਾਸ, 5. ਜਗਜੀਵਨ ਦਾਸ, 6. ਵਾਰਜਿਦ ਜੀ, 7. ਬਨਵਾਰੀ ਦਾਸ, 8. ਮੋਹਨ ਦਾਸ, 9. ਜਨਗੋਪਾਲ, 10. ਸੰਤਦਾਸ, 11. ਜਗਨ ਨਾਥ ਦਾਸ, 12. ਖੇਤਰ ਦਾਸ, 13. ਚੰਪਾ ਰਾਮ, 14. ਵੱਡੇ ਸੁੰਦਰ ਦਾਸ, 15. ਵਖਨਾ ਜੀ, 16. ਘੜਸੀ ਦਾਸ, 17. ਮਾਧੋ ਦਾਸ, 18. ਸ਼ੰਕਰ ਦਾਸ, 19. ਜਇ ਸੋ, 20. ਜੈਮਲ ਜੀ, 21. ਜੋਗਾ ਜੀ, 22. ਮਿਸਕੀਨ ਦਾਸ ਅਤੇ 23. ਚਤੁਰ ਭੁਜ।

ਇਨ੍ਹਾਂ ਸ਼ਿਸ਼ਾਂ ਵਿਚੋਂ ਰਜਬ ਜੀ, ਸੰਤ ਸੁੰਦਰ ਦਾਸ, ਗਰੀਬ ਦਾਸ, ਜਗਜੀਵਨ ਅਤੇ ਰਾਘੋ ਦਾਸ ਵਧੇਰੇ ਪ੍ਰਸਿੱਧ ਹਨ। ਇਨ੍ਹਾਂ ਦਾ ਸੰਖੇਪ ਪਰੀਚੈ ਇਸ ਪ੍ਰਕਾਰ ਹੈ :-

**ਰਜਬ ਜੀ** - ਰਜਬ ਜੀ ਦਾਦੂ ਦੇ ਪ੍ਰਸਿੱਧ ਸੰਤਾਂ ਵਿਚੋਂ ਸਭ ਤੋਂ ਉੱਤਮ ਮੰਨੇ ਜਾਂਦੇ ਸਨ। ਇਹਨਾਂ ਦਾ ਜਨਮ ਸਾਂਗਾਨੇਰ ਦੇ ਇਕ ਪ੍ਰਸਿੱਧ ਪਠਾਨ ਘਰਾਣੇ ਵਿਚ ਹੋਇਆ। ਇਹਨਾਂ ਦੇ ਪਿਤਾ ਮਹਾਰਾਜਾ ਜੈਪੁਰ ਦੀ ਫੌਜ ਵਿਚ ਨਾਇਕ ਦੀ ਪਦਵੀਂ ਤੇ ਨਿਯੁਕਤ ਸਨ ਅਤੇ ਉਨ੍ਹਾਂ ਦਾ ਉਥੇ ਅੱਛਾ ਮਾਨ-ਸਨਮਾਨ ਸੀ। ਰਜਬ ਜੀ ਦਾ ਜਨਮ ਸੰਮਤ 1624 ਦੇ ਲਗਭਗ ਹੋਇਆ ਮੰਨਿਆ ਜਾਂਦਾ ਹੈ। ਆਪ ਇਕ ਚੰਗੇ ਕਵੀ ਵੀ ਸਨ ਆਪ ਦੀਆਂ ਰਚੀਆਂ ਬਾਣੀਆਂ ਦੇ ਸੰਗ੍ਰਹਿ

'ਸਰਬਾਂਗੀ ਗ੍ਰੰਥ' ਅਤੇ 'ਬਾਣੀ' ਦੇ ਨਾਮ ਨਾਲ ਪ੍ਰਸਿੱਧ ਹੈ।

**ਸੰਤ ਸੁੰਦਰ ਦਾਸ** - ਸੰਤ ਸੁੰਦਰ ਦਾਸ ਵੀ ਦਾਦੂ ਜੀ ਦੇ ਪ੍ਰਸਿੱਧ ਸੰਤਾਂ ਵਿਚੋਂ ਮੰਨੇ ਜਾਂਦੇ ਹਨ। ਇਨ੍ਹਾਂ ਦੁਆਰਾ ਲਿਖਤ ਲਗਭਗ ਸਾਰੀਆਂ ਹੀ ਰਚਨਾਵਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਦਾਦੂ-ਪੰਥ ਦੇ ਪ੍ਰਸਿੱਧ ਅਨੁਯਾਈਆਂ ਵਿਚੋਂ ਹੁਣ ਤੱਕ ਇਨ੍ਹਾਂ ਬਾਰੇ ਸਭ ਤੋਂ ਵਧੇਰੇ ਜਾਣਕਾਰੀ ਉਪਲਬਧ ਹੋ ਚੁੱਕੀ ਹੈ। ਇਨ੍ਹਾਂ ਦਾ ਜਨਮ ਚੇਤ ਸੁਦੀ 9 ਸੰਮਤ 1653 ਨੂੰ ਜੈਪੁਰ ਰਾਜ ਦੀ ਪ੍ਰਾਚੀਨ ਰਾਜਧਾਨੀ ਦੌਸਾ ਨਗਰ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਦਾ ਨਾਂ ਪਰਮਾਨੰਦ ਅਤੇ ਮਾਤਾ ਦਾ ਨਾਂ ਸਤੀ ਸੀ। ਇਨ੍ਹਾਂ ਦੇ ਪਿਤਾ ਦਾ ਇਕ ਉਪਨਾਮ ਚੋਖਾ ਵੀ ਦੱਸਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਹ ਕਿਸੇ ਜੱਗਾ ਨਾਮ ਦੇ ਦਾਦੂ-ਸ਼ਿਸ਼ ਦਾ ਅਵਤਾਰ ਸਨ। ਇਨ੍ਹਾਂ ਦਾ ਜਨਮ ਸਥਾਨ ਖੰਡਰ ਦੇ ਰੂਪ ਵਿਚ ਅੱਜ ਤੱਕ ਵਿਦਮਾਨ ਹੈ।

ਆਪ 6 ਵਰ੍ਹਿਆਂ ਦੀ ਉਮਰ ਵਿਚ ਹੀ ਦਾਦੂ ਦੇ ਸ਼ਿਸ਼ ਬਣ ਗਏ ਸਨ। ਇਨ੍ਹਾਂ ਦੇ ਪਿਤਾ ਨੇ 6 ਸਾਲਾਂ ਦੇ ਬਾਲਕ ਨੂੰ ਦਾਦੂ ਦੇ ਚਰਣਾਂ ਵਿਚ ਲਿਆ ਬਿਠਾਇਆ ਸੀ। ਸੰਤ ਦਾਦੂ ਨੇ ਹੀ ਇਨ੍ਹਾਂ ਦਾ ਨਾਂ ਸੁੰਦਰ ਦਾਸ ਰੱਖਿਆ। ਇਹ ਦਾਦੂ ਪੰਥ ਵਿਚ ਛੋਟੇ ਸੁੰਦਰ ਦਾਸ ਦੇ ਨਾਮ ਨਾਲ ਪ੍ਰਸਿੱਧ ਹਨ। ਇਨ੍ਹਾਂ ਨੇ ਦਾਦੂ ਜੀ ਦੇ ਆਦੇਸ਼ ਨਾਲ ਕਾਸ਼ੀ ਪਹੁੰਚ ਕੇ ਸਾਹਿਤ ਅਤੇ ਦਰਸ਼ਨ ਦਾ ਡੂੰਘਾ ਅਧਿਐਨ ਕੀਤਾ। ਸੁੰਦਰ ਦਾਸ ਨੇ ਛੋਟੇ-ਵੱਡੇ 37 ਗ੍ਰੰਥਾਂ ਦੀ ਰਚਨਾ ਕੀਤੀ।

**ਗਰੀਬ ਦਾਸ** - ਗਰੀਬ ਦਾਸ ਦਾ ਵੀ ਦਾਦੂ-ਪੰਥ ਵਿਚ ਪ੍ਰਮੁਖ ਸਥਾਨ ਰਿਹਾ ਹੈ। ਇਹ ਦਾਦੂ ਦੇ ਵੱਡੇ ਪੁੱਤਰ ਸਨ ਅਤੇ ਉਹਨਾਂ ਦੇ ਉਤਰ-ਅਧਿਕਾਰੀ ਬਣ ਕੇ ਗੱਦੀ ਤੇ ਬੈਠੇ। ਕਿਸੇ ਮਾਧੋਦਾਸ ਦੁਆਰਾ ਰਚੇ ਗ੍ਰੰਥ 'ਗੁਣ-ਸਾਗਰ' ਦੇ ਆਧਾਰ ਤੇ ਸਵਾਮੀ ਮੰਗਲਦਾਸ ਨੇ ਦਾਦੂ ਨੂੰ ਗਰੀਬ ਦਾਸ ਦਾ ਕੇਵਲ ਪਾਲਕ ਪਿਤਾ ਹੀ ਦਸਿਆ ਹੈ ਅਤੇ ਇਨ੍ਹਾਂ ਦੇ ਅਸਲੀ ਪਿਤਾ ਦਾ ਨਾਮ ਦਮੋਦਮ ਦਾਸ ਲਿਖਿਆ ਹੈ। ਗਰੀਬ ਦਾਸ ਦਾ ਜਨਮ ਸੰ. 1632 ਵਿਚ ਹੋਇਆ ਮੰਨਿਆ ਜਾਂਦਾ ਹੈ ਅਤੇ 28 ਸਾਲ ਦੀ ਉਮਰ ਵਿਚ ਇਹ ਗੱਦੀ ਦੇ ਵਾਰਸ ਬਣੇ। ਇਨ੍ਹਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਵੀ ਪ੍ਰਕਾਸ਼ਿਤ ਹੋਈਆਂ ਹਨ। ਗਰੀਬ ਦਾਸ ਦਾ ਦੇਹਾਂਤ ਸੰਮਤ 1693 ਵਿਚ ਹੋਇਆ ਮੰਨਿਆ ਜਾਂਦਾ ਹੈ।

**ਜਗਜੀਵਨ ਦਾਸ** - ਇਹ ਵੀ ਆਪਣੇ ਸਮੇਂ ਦੇ ਪ੍ਰਸਿੱਧ ਵਿਦਵਾਨ ਸਨ ਜੋ ਕਾਸ਼ੀ ਵਿਚ ਰਹਿਕੇ ਅਧਿਐਨ ਕਰਦੇ ਰਹੇ। ਆਪ ਪਹਿਲਾਂ ਵੈਸ਼ਣੋ ਸੰਪ੍ਰਦਾਇ ਦੇ ਅਨੁਯਾਈ ਸਨ। ਇਕ ਵਾਰ ਆਪ ਆਮੇਰ ਗਏ ਤੇ ਉਥੇ ਦਾਦੂ ਜੀ ਨੂੰ ਸ਼ਾਸਤਰਾਰਥ ਕਰਨ ਲਈ ਚਨੌਤੀ ਦਿੱਤੀ। ਪਰ ਦਾਦੂ ਜੀ ਤੋਂ ਪਰਾਜਿਤ ਹੋ ਕੇ ਉਨ੍ਹਾਂ ਦੇ ਨਿਮਰ ਤੇ ਗੰਭੀਰ ਸੁਭਾ ਤੋਂ ਪ੍ਰਭਾਵਿਤ ਹੋ ਕੇ ਆਪ ਉਨ੍ਹਾਂ ਦੇ ਸ਼ਿਸ਼ ਬਣ ਗਏ। ਆਪ ਦੀਆਂ ਰਚਨਾਵਾਂ ਵਿਚੋਂ 'ਸ਼ਬਦ', 'ਸਾਖੀ' ਅਤੇ 'ਲਘੁ ਗ੍ਰੰਥਾਵਲੀ' ਪ੍ਰਸਿੱਧ ਹਨ।

**ਰਾਘੋ ਦਾਸ** - ਰਾਘੋਦਾਸ ਦਾ ਨਾਂ ਦਾਦੂ ਦਾ ਸ਼ਿਸ਼ ਹੋਣ ਕਰਕੇ ਹੀ ਨਹੀਂ ਸਗੋਂ 'ਭਗਤਮਾਲ' ਦਾ ਕਰਤਾ ਹੋਣ ਕਰਕੇ ਵੀ ਪ੍ਰਸਿੱਧ ਹੈ। ਆਪ ਦੀ ਰਚਨਾ ਭਗਤਮਾਲ ਨਾ ਕੇਵਲ ਕਾਵਿ-ਕਲਾ ਦਾ ਇਕ ਉਤਮ ਨਮੂਨਾ ਹੈ ਬਲਕਿ ਸੰਤ-ਪਰੰਪਰਾ ਦਾ ਇਕ ਪ੍ਰਮਾਣਿਕ ਇਤਿਹਾਸ ਵੀ ਹੈ। ਇਸ ਵਿਚ ਦਾਦੂ ਤੋਂ ਛੁਟ ਕਬੀਰ, ਗੁਰੂ ਨਾਨਕ, ਜਗਨ ਨਾਥ ਆਦਿ ਦਾ ਉਲੇਖ ਵੀ ਹੈ।

**ਸਾਧੂ ਨਿਸਚਲ ਦਾਸ** - ਦਾਦੂ-ਪੰਥੀ ਸਾਹਿਤ ਦੇ ਪ੍ਰਮੁਖ ਰਚੈਤਾਵਾਂ ਵਿਚ ਸਾਧੂ ਨਿਸਚਲ ਦਾਸ ਦਾ ਨਾਂ ਵੀ ਬਹੁਤ ਪ੍ਰਸਿੱਧ ਹੈ। ਇਹ ਪੰਜਾਬ ਪ੍ਰਾਂਤ ਦੇ ਹੁਸ਼ਿਆਰਪੁਰ ਜ਼ਿਲ੍ਹੇ, ਵਿਚਲੀ ਤਹਿਸੀਲ ਹਾਂਸੀ ਦੇ ਪਿੰਡ ਕੁੰਗੜ ਦੇ ਰਹਿਣ ਵਾਲੇ ਸਨ ਅਤੇ ਜੱਟ ਜਾਤੀ ਨਾਲ ਸਬੰਧ ਰੱਖਦੇ ਸਨ। ਇਹ ਸਰੀਰਕ ਤੌਰ ਤੇ ਬੜੇ ਸੁੰਦਰ ਅਤੇ ਸੁਡੋਲ ਸਨ। ਇਨ੍ਹਾਂ ਨੂੰ ਬਚਪਨ ਵਿਚ ਹੀ ਕਿਸੇ ਦਾਦੂ-ਪੰਥੀ ਸਾਧੂ ਵਲੋਂ ਦੀਖਿਆ ਮਿਲ ਗਈ ਸੀ। ਇਹਨਾਂ ਨੇ ਕਾਸ਼ੀ ਜਾ ਕੇ ਵੇਦਾਂ ਅਤੇ ਸ਼ਾਸਤਰਾਂ ਦਾ ਅਧਿਐਨ ਵੀ ਕੀਤਾ ਅਤੇ ਰਚਨਾਵਾਂ ਵੀ ਕੀਤੀਆਂ।

ਦਾਦੂ ਦੇ ਦੇਹਾਂਤ ਤੋਂ ਬਾਅਦ ਲਗਭਗ 100 ਸਾਲ ਤੱਕ ਇਸ ਗੱਦੀ ਦੀ ਪਰੰਪਰਾ ਚਲਦੀ ਰਹੀ ਪ੍ਰੰਤੂ ਉਸ ਤੋਂ ਬਾਅਦ ਇਸ ਦੀ ਏਕਤਾ ਭੰਗ ਹੋਣ ਲੱਗੀ ਅਤੇ ਇਹ ਪੰਥ ਵੱਖ ਵੱਖ ਸ਼ਾਖਾਵਾਂ ਤੇ ਉਪਸ਼ਾਖਾਵਾਂ ਵਿਚ ਵੰਡਿਆ ਗਿਆ। ਪਹਿਲਾਂ ਜਿਥੇ ਇਸ ਪੰਥ ਵਿਚ ਹਿੰਦੂ-ਮੁਸਲਮਾਨ ਦਾ ਕੋਈ ਭੇਦ ਨਹੀਂ ਸੀ ਸਮਝਿਆ ਜਾਂਦਾ, ਉਥੇ ਹੁਣ ਇਹ ਉਪ-ਸੰਪ੍ਰਦਾਵਾਂ ਨਿਰੋਲ ਹਿੰਦੂ ਪ੍ਰਭਾਵ ਹੇਠ ਆਉਣ ਲੱਗੀਆਂ। ਇਹ ਪ੍ਰਮੁਖ ਤੌਰ ਤੇ ਹੇਠ ਲਿਖੇ ਅਨੁਸਾਰ ਹਨ :-

**ਖਾਲਸਾ** - ਇਸ ਸੰਪ੍ਰਦਾਇ ਦੇ ਲੋਕ ਆਪਣੇ ਆਪ ਨੂੰ ਦਾਦੂ ਦਾ ਅਸਲੀ ਵਾਰਸ ਸਮਝਦੇ ਹਨ। ਇਹਨਾਂ ਦਾ ਵਧੇਰੇ ਧਿਆਨ ਭਜਨ-ਬੰਦਗੀ, ਅਧਿਐਨ ਅਤੇ ਅਧਿਆਪਨ ਵੱਲ ਹੁੰਦਾ ਹੈ। ਇਹ ਲੋਕ ਪਹਿਲਾਂ ਕੰਨਾਂ ਤੱਕ ਕਪਾਲੀ ਟੋਪੀ ਅਤੇ ਚੋਲਾ ਆਦਿ ਪਹਿਨਦੇ ਸਨ ਪਰ ਹੁਣ ਇਨ੍ਹਾਂ ਵਿਚੋਂ ਬਹੁਤਿਆਂ ਨੇ ਗ੍ਰਹਿਸਥੀਆਂ ਦਾ ਜੀਵਨ ਬਤੀਤ ਕਰਨਾ ਸ਼ੁਰੂ ਕਰ ਦਿੱਤਾ ਹੈ। ਜੈਪੁਰ ਵਿਚ ਸਥਾਪਿਤ 'ਦਾਦੂ ਮਹਾਵਿਦਿਆਲਾ' ਨਾਮ ਦਾ ਵਿਦਿਆ-ਕੇਂਦਰ ਇਸੇ ਉਪ-ਸੰਪ੍ਰਦਾਇ ਨਾਲ ਸੰਬੰਧਤ ਹੈ।

**ਨਾਗਾ** - ਇਹ ਸੰਪ੍ਰਦਾਇ ਦਾਦੂ-ਪੰਥ ਦੀਆਂ ਦੂਸਰੀਆਂ ਸੰਪ੍ਰਦਾਵਾਂ ਨਾਲੋਂ ਵਧੇਰੇ ਪ੍ਰਸਿੱਧ ਹੋਈ। ਇਸ ਸੰਪ੍ਰਦਾਇ ਨੂੰ ਸੰਤ ਸੁੰਦਰ ਦਾਸ ਨੇ ਚਲਾਇਆ ਸੀ ਜਿਹੜੇ ਬੀਕਾਨੇਰ ਦੇ ਰਹਿਣ ਵਾਲੇ ਸਨ। ਇਹ ਲੋਕ ਸੰਤ ਨਾਲੋਂ ਸਿਪਾਹੀ ਵਧੇਰੇ ਸਨ। ਇਨ੍ਹਾਂ ਨੂੰ ਫੌਜੀ ਸਿਖਲਾਈ ਲੈਣੀ ਪੈਂਦੀ ਸੀ ਤੇ ਹਰ ਵਕਤ ਕੋਈ ਹਥਿਆਰ ਆਪਣੇ ਪਾਸ ਰੱਖਦੇ ਸਨ ਅਤੇ ਕਈ ਵਾਰੀ ਸਥਾਨਕ ਰਾਜਿਆਂ ਦੀ ਫੌਜ ਵਿਚ ਸਿਪਾਹੀ ਆਦਿ ਵੀ ਭਰਤੀ ਹੋ ਜਾਂਦੇ ਸਨ।

**ਉਤਰਾਧੀ** - ਇਸ ਉਪ-ਸੰਪ੍ਰਦਾਇ ਦੇ ਮੂਲ ਸੰਸਥਾਪਕ ਸੰਤ ਬਨਵਾਰੀ ਦਾਸ ਸਨ ਜਿਨ੍ਹਾਂ ਨੇ ਆਪਣਾ 'ਥਾਵਾਂ' ਰਤੀਆ ਗ੍ਰਾਮ (ਪਟਿਆਲੇ) ਵਿਚ ਸਥਾਪਤ ਕੀਤਾ ਸੀ। ਹੌਲੀ ਹੌਲੀ ਇਹ ਸੰਪ੍ਰਦਾਇ ਉਤਰੀ ਭਾਰਤ ਵਿਚ ਫੈਲ ਗਈ। ਇਸ ਪੰਥ ਦੇ ਲੋਕ ਮੂਰਤੀ ਪੂਜਾ ਨੂੰ ਵੀ ਅਪਨਾਉਣ ਲੱਗ ਪਏ ਸਨ। ਇਨ੍ਹਾਂ ਦੇ ਵੱਡੇ ਮਹੰਤ ਹਿਸਾਰ ਜ਼ਿਲ੍ਹੇ ਦੇ 'ਰਤੀਆ' ਪਿੰਡ ਵਿਚ ਰਹਿੰਦੇ ਸਨ।

**ਵਿਰਕਤ** - ਇਸ ਸੰਪ੍ਰਦਾਇ ਦੇ ਅਨੁਯਾਈ ਸਰੀਰ ਉਪਰ ਖੁੱਲਾ ਬਦਾਮੀ ਰੰਗ ਦਾ ਚੋਲਾ ਪਹਿਨਦੇ ਹਨ ਅਤੇ ਹੱਥ ਵਿਚ ਕਰਮੰਡਲ ਫੜ ਕੇ ਨੰਗੇ ਸਿਰ ਭਿਖਿਆ ਮੰਗਦੇ ਹਨ। ਇਹ ਇਕ ਥਾਂ ਤੇ ਬਹੁਤ ਦਿਨ ਨਹੀਂ ਠਹਿਰਦੇ। ਇਨ੍ਹਾਂ ਦਾ ਮੁਖ ਉਦੇਸ਼ ਗ੍ਰਹਿਸਥੀ ਲੋਕਾਂ ਦੇ ਘਰ ਜਾ ਕੇ ਦਾਦੂ ਦੀਆਂ ਸਿਖਿਆਵਾਂ ਦਾ ਉਪਦੇਸ਼ ਦੇਣਾ ਹੁੰਦਾ ਹੈ।

**ਖਾਕੀ** - ਇਹ ਲੋਕ ਜਟਾਧਾਰੀ ਸਾਧੂਆਂ ਦੇ ਰੂਪ ਵਿਚ ਰਹਿੰਦੇ ਹਨ ਅਤੇ ਬਹੁਤ ਘਟ ਕੱਪੜੇ ਪਹਿਨਦੇ ਹਨ। ਇਹ ਸਰੀਰ ਉੱਤੇ ਸਵਾਹ ਮਲਦੇ ਹਨ ਅਤੇ ਸਰੀਰਕ ਸਾਧਨਾ ਕਰਦੇ

ਹਨ। ਇਨ੍ਹਾਂ ਦਾ ਸਮੁੱਚਾ ਜੀਵਨ ਭ੍ਰਮਣ ਕਰਦਿਆਂ ਹੀ ਬੀਤਦਾ ਹੈ। ਇਹ ਛੋਟੀਆਂ ਛੋਟੀਆਂ ਟੋਲੀਆਂ ਵਿਚ ਘੁੰਮਦੇ ਰਹਿੰਦੇ ਹਨ।

ਸਮੁੱਚੇ ਰੂਪ ਵਿਚ ਦਾਦੂ-ਪੰਥ ਦੇ 52 ਅਖਾੜੇ ਅਥਵਾ 'ਥਾਵੇਂ' ਹਨ। ਹਰ ਇਕ ਦਾ ਵੱਖਰਾ ਵੱਖਰਾ ਮਹੰਤ ਹੈ। ਇਹ ਅਖਾੜੇ ਵਿਸ਼ੇਸ਼ ਕਰਕੇ ਜੈਪੁਰ ਰਾਜ ਵਿਚ ਹਨ। ਕੁਝ ਅਲਵਰ, ਮਾਰਵਾੜ, ਮੇਵਾੜ, ਬੀਕਾਨੇਰ, ਪੰਜਾਬ, ਗੁਜਰਾਤ ਆਦਿ ਵਿਚ ਹਨ। ਕਾਸ਼ੀ ਵਿਚ ਵੀ ਦਾਦੂ-ਪੰਥੀਆਂ ਦਾ ਇਕ ਅਖਾੜਾ ਹੈ। ਸਭ ਮਹੰਤਾਂ ਦਾ ਮੁਖੀਆ ਨਾਰੈਣਾ ਵਿਚ ਰਹਿੰਦਾ ਹੈ ਜਿਥੇ ਦਾਦੂ ਦਿਆਲ ਨੇ ਆਪਣੇ ਜੀਵਨ ਦਾ ਪਿਛਲਾ ਭਾਗ ਬਿਤਾਇਆ।

ਦਾਦੂ-ਪੰਥ ਨੇ ਨਾ-ਕੇਵਲ ਨਾਥਾਂ ਸਿੱਧਾਂ ਦੇ ਵਿਚਾਰਾਂ ਨੂੰ ਹੀ ਅਪਣਾਇਆ ਹੈ ਸਗੋਂ ਸੂਫੀ ਅਤੇ ਗੁਰਮਤਿ ਦੇ ਪ੍ਰਭਾਵ ਨੂੰ ਵੀ ਕਬੂਲਿਆ ਹੈ। ਦਾਦੂ ਦਿਆਲ ਦੇ ਦਾਦੂ-ਪੰਥ ਦੇ ਦੂਸਰੇ ਸੰਤਾਂ ਨੇ ਨਾਥਾਂ-ਸਿੱਧਾਂ ਦੀ ਪਰਿਪਾਟੀ ਤੇ ਚਲਦਿਆਂ ਇਸਤਰੀ ਜਾਤੀ ਦੀ ਸਖਤ ਨਿਖੇਧੀ ਕੀਤੀ ਹੈ ਤੇ ਇਸ ਤੋਂ ਬਚਣ ਦਾ ਪ੍ਰਚਾਰ ਕੀਤਾ ਹੈ। ਇਸੇ ਤਰ੍ਹਾਂ ਕਈ ਰਚਨਾਵਾਂ ਵਿਚ ਸੂਫੀ ਰੰਗ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ਜਦੋਂ ਆਪ ਪਰਮਾਤਮਾ ਨਾਲ ਪ੍ਰੇਮ ਦੀ ਗੱਲ ਆਸ਼ਕ ਅਤੇ ਮਸ਼ੂਕਾ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਹੋਣ ਕਾਰਣ ਦਾਦੂ ਜੀ ਨੇ ਗੁਰਮਤਿ ਦਾ ਪ੍ਰਭਾਵ ਵੀ ਗ੍ਰਹਿਣ ਕੀਤਾ। ਪਰਮਾਤਮਾ ਦੇ ਸਤਿ ਸਰੂਪ ਦੀ ਮਾਨਤਾ ਅਤੇ ਧਰਮ-ਗ੍ਰੰਥ ਦਾ ਮੰਦਰ ਵਿਚ ਸਥਾਪਨਾ ਕਰਨਾ ਸਿਖ ਧਰਮ ਦੇ ਪ੍ਰਭਾਵ ਦਾ ਹੀ ਪਰਿਮਾਣ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਦਾਦੂ-ਪੰਥ ਦਾ ਨਿਰਮਾਣ ਕਿਸੇ ਵਿਸ਼ੇਸ਼ ਆਦਰਸ਼ ਜਾਂ ਉਦੇਸ਼ ਨੂੰ ਲੈ ਕੇ ਨਹੀਂ ਹੋਇਆ ਸੀ ਬਲਕਿ ਪ੍ਰਚਲਿਤ ਸਮਾਜਿਕ ਬੁਰਾਈਆਂ ਦਾ ਵਿਰੋਧ ਕਰਨਾ ਸੀ। ਹੌਲੀ ਹੌਲੀ ਦੂਸਰੇ ਧਰਮਾਂ ਦੀਆਂ ਚੰਗਿਆਈਆਂ ਨੂੰ ਉਦਾਰਤਾ ਨਾਲ ਕਬੂਲਦਿਆਂ ਇਹ ਫਿਰਕਾ ਇਕ ਪੰਥ ਦਾ ਰੂਪ ਧਾਰਣ ਕਰ ਗਿਆ।

## ਸਹਾਇਕ ਪੁਸਤਕਾਂ

1. *ਉੱਤਰੀ ਭਾਰਤ ਕੀ ਸੰਤ ਪਰੰਪਰਾ*, ਅਚਾਰੀਆ ਪਰਸੂ ਰਾਮ ਚਤੁਰਵੇਦੀ
2. *ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ*, ਡਾ. ਕਰਤਾਰ ਸਿੰਘ ਸੂਰੀ
3. *ਭਾਰਤ ਮਤ ਦਰਪਣ*, ਮਹੰਤ ਗਣੇਸ਼ਾ ਸਿੰਘ
4. *ਸੰਤ ਸਾਹਿਤਯ*, ਸੁਦਰਸ਼ਨ ਸਿੰਘ ਮਜੀਠੀਆ
5. *ਗੁਰੂ ਨਾਨਕ ਅਤੇ ਨਾਥਾਂ ਦੀ ਬਾਣੀ ਦਾ ਤੁਲਨਾਤਮਕ ਅਧਿਐਨ*, ਡਾ. ਉਜਾਗਰ ਸਿੰਘ ਸਹਿਗਲ

# ਕਬੀਰ ਪੰਥੀ ਸੰਪ੍ਰਦਾਇ

ਡਾ. ਸਤਨਾਮ ਸਿੰਘ*

ਭਾਰਤ ਵਿਚ ਕਬੀਰ ਪੰਥ ਦੀਆਂ ਬਹੁਤ ਸਾਰੀਆਂ ਸੰਪ੍ਰਦਾਵਾਂ ਸਥਾਪਤ ਹੋ ਚੁੱਕੀਆਂ ਹਨ। ਇਨ੍ਹਾਂ ਵਿਚੋਂ ਕੁਝ ਤਾਂ ਮੁੱਢ ਤੋਂ ਹੀ ਸੁਤੰਤਰ ਰੂਪ ਵਿਚ ਕੰਮ ਕਰਦੀਆਂ ਆ ਰਹੀਆਂ ਹਨ ਪਰੰਤੂ ਕੁਝ ਅਜਿਹੀਆਂ ਸੰਪ੍ਰਦਾਵਾਂ ਵੀ ਹਨ ਜਿਹੜੀਆਂ ਪਹਿਲਾਂ ਸੁਤੰਤਰ ਸੰਪ੍ਰਦਾਵਾਂ ਦੇ ਅੰਤਰਗਤ ਹੀ ਕੰਮ ਕਰਦੀਆਂ ਸਨ। ਪਰੰਤੂ ਮਗਰੋਂ ਇਨ੍ਹਾਂ ਸੰਪ੍ਰਦਾਵਾਂ ਨੇ ਵੱਖਰੇ ਰੂਪ ਵਿਚ ਕਾਰਜ ਕਰਨਾ ਸ਼ੁਰੂ ਕਰ ਦਿੱਤਾ। ਕੁਝ ਸੰਪ੍ਰਦਾਵਾਂ ਅਜਿਹੀਆਂ ਵੀ ਹਨ ਜਿਨ੍ਹਾਂ ਦਾ ਸਬੰਧ ਕਬੀਰ ਪੰਥ ਨਾਲ ਨਹੀਂ ਹੈ ਪਰੰਤੂ ਇਹ ਸੰਪ੍ਰਦਾਵਾਂ ਕਬੀਰ ਪੰਥੀ ਸੰਤਾਂ ਅਤੇ ਉਨ੍ਹਾਂ ਦੇ ਸਾਹਿਤ ਨੂੰ ਮੂਲ ਸਰੋਤ ਮੰਨਦੀਆਂ ਹਨ।

## 1. ਕਬੀਰਚੌਰਾ ਕਾਸ਼ੀ

ਕਬੀਰ ਪੰਥ ਦੇ ਮੁੱਖ ਪ੍ਰਵਰਤਕਾਂ ਵਿਚ ਸੁਰਤਗੋਪਾਲ ਦਾ ਨਾਂ ਸ਼ੁਮਾਰ ਹੈ। ਇਹ ਕਬੀਰ ਸਾਹਿਬ ਦਾ ਸ਼ਿਸ਼ ਸੀ ਅਤੇ ਇਸ ਨੇ ਕਬੀਰਚੌਰਾ ਦੀ ਕਾਸ਼ੀ ਵਾਲੀ ਸੰਪ੍ਰਦਾਇ ਦੀ ਸਥਾਪਨਾ ਕੀਤੀ। ਇਸ ਨੇ 'ਅਮਰ ਸੁਖਨਿਧਾਨ' ਨਾਂ ਦੇ ਗ੍ਰੰਥ ਦੀ ਰਚਨਾ ਵੀ ਕੀਤੀ। 'ਭਗਤ ਪੁਸ਼ਪਾਂਜਲੀ' ਦੇ ਅਨੁਸਾਰ ਇਸ ਦਾ ਪਹਿਲਾ ਨਾਮ ਸਰਬਅਜੀਤ ਸੀ। ਇਹ ਦੱਖਣ ਦਾ ਬ੍ਰਾਹਮਣ ਸੀ ਅਤੇ ਬਹੁਤ ਵੱਡਾ ਵਿਦਵਾਨ ਸੀ। ਛੋਟੀ ਉਮਰ ਵਿਚ ਇਸ ਨੇ ਵਿਭਿੰਨ ਪ੍ਰਕਾਰ ਦੇ ਸ਼ਾਸਤਰਾਂ ਦਾ ਗਿਆਨ ਪ੍ਰਾਪਤ ਕਰ ਲਿਆ ਸੀ। ਕਬੀਰ ਸਾਹਿਬ ਦੇ ਵਿਅਕਤੀਤਵ ਤੋਂ ਪ੍ਰਭਾਵਿਤ ਹੋ ਕੇ ਇਸ ਨੇ ਉਨ੍ਹਾਂ ਨੂੰ ਆਪਣਾ ਗੁਰੂ ਸਵੀਕਾਰ ਕਰ ਲਿਆ ਸੀ। ਉਦੋਂ ਤੋਂ ਹੀ ਇਸ ਦਾ ਨਾਮ ਸੁਰਤਗੋਪਾਲ ਜਾਂ ਸੁਤਗੋਪਾਲ ਪੈ ਗਿਆ। ਬਿਸ਼ਪ ਵੈਸਟਕਾਟ ਨੇ ਉਕਤ ਸੰਪ੍ਰਦਾਇ ਦੀ ਗੁਰੂ-ਪ੍ਰੰਪਰਾ ਦੀ ਸੂਚੀ ਵਿਚ ਇਸ ਦਾ ਚੌਥਾ ਨਾਮ ਸੰਮਿਲਿਤ ਕੀਤਾ ਹੈ ਅਤੇ ਇਸ ਸੂਚੀ ਵਿਚ ਸ਼ਿਆਮ ਦਾਸ ਦਾ ਨਾਂ ਸਭ ਤੋਂ ਪਹਿਲਾਂ ਦਿੱਤਾ ਗਿਆ ਹੈ। ਉਹ ਇਸ ਦੇ ਗੱਦੀ ਉੱਤੇ ਬੈਠਣ ਦਾ ਸਮਾਂ ਵੀ ਸੰਨ 1559 ਜਾਂ ਸੰਮਤ 1613 ਦਸਦੇ ਹਨ ਅਤੇ ਇਸ ਦਾ ਸਮਾਧੀ ਲਾਉਣ ਦਾ ਸਮਾਂ ਸੰਨ 1594 ਜਾਂ ਸੰਮਤ 1651 ਦਸਦੇ ਹਨ। ਉਹ ਇਸ ਸੂਚੀ ਦੇ ਤਿਆਰ ਕਰਨ ਦਾ ਪ੍ਰਮਾਣਕ ਆਧਾਰ ਬਨਾਰਸ ਦੇ ਕਿਸੇ ਵੈਰਾਗੀ ਨੂੰ ਦੱਸਦੇ ਹਨ। ਪਰੰਤੂ ਕਈ ਪੱਖਾਂ ਤੋਂ ਇਹ ਲੋਕ ਰਾਇ ਨਾਲ ਮੇਲ ਖਾਂਦੀ ਦਿਖਾਈ ਨਹੀਂ ਦਿੰਦੀ। 'ਗੁਰੂ ਮਹਾਤਮਾ' ਅਨੁਸਾਰ ਕਬੀਰ ਤੋਂ ਮਗਰੋਂ ਪਹਿਲੇ ਆਚਾਰੀਆ ਸੁਰਤਗੋਪਾਲ ਨੂੰ ਹੀ ਮੰਨਿਆ ਜਾਂਦਾ ਹੈ ਅਤੇ ਸ਼ਿਆਮ ਦਾਸ ਨਾਮ ਉਸ ਤੋਂ ਮਗਰੋਂ ਤੀਜਾ ਦੱਸਿਆ ਗਿਆ ਹੈ।

ਸੁਰਤਗੋਪਾਲ ਦੇ ਸਮੇਂ ਸਬੰਧੀ ਸਪਸ਼ਟ ਤੌਰ ਤੇ ਕਹਿਣਾ ਕਾਫੀ ਮੁਸ਼ਕਲ ਹੈ ਕਿ

---

* ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਉਸ ਦਾ ਨਿਸ਼ਚਤ ਸਮਾਂ ਕਿਹੜਾ ਹੈ ਅਤੇ ਉਸ ਨੇ ਕਬੀਰ ਪੰਥ ਦੀ ਕਿਸ ਰੂਪ ਵਿਚ ਸੰਰਚਨਾ ਕੀਤੀ, ਉਸ ਦਾ ਆਰੰਭਕ ਸੰਗਠਨ ਕਿਹੋ ਜਿਹਾ ਸੀ ਅਤੇ ਉਨ੍ਹਾਂ ਨੇ ਕਬੀਰ ਪੰਥ ਦਾ ਪ੍ਰਚਾਰ ਕਰਨ ਲਈ ਕਿਹੋ ਜਿਹੇ ਸਾਧਨਾਂ ਦੀ ਵਰਤੋਂ ਕੀਤੀ। ਜੇ 'ਗੁਰ ਮਹਾਤਮ' ਵਿਚ ਦਰਜ ਸੂਚੀ ਨੂੰ ਪ੍ਰਮਾਣਕ ਮੰਨ ਲਿਆ ਜਾਵੇ ਅਤੇ ਹਰ ਇਕ ਗੁਰੂ ਦਾ ਗੱਦੀ ਦਾ ਸਮਾਂ ਔਸਤ 25 ਸਾਲ ਮੰਨ ਲਿਆ ਜਾਵੇ ਤਾਂ ਸੁਰਤਗੋਪਾਲ ਦਾ ਗੱਦੀ ਉਤੇ ਬੈਠਣ ਦਾ ਸਮਾਂ ਸੋਲ੍ਹਵੀਂ ਸਦੀ ਦੇ ਪਹਿਲੇ ਪੜਾਅ ਦੇ ਨੇੜੇ ਤੇੜੇ ਮੰਨਿਆ ਜਾ ਸਕਦਾ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਕਬੀਰ ਸਾਹਿਬ ਦਾ ਸਮਕਾਲੀ ਵੀ ਸਿਧ ਕੀਤਾ ਜਾ ਸਕਦਾ ਹੈ। ਕਬੀਰਚੌਰਾ ਸ਼ਾਖਾ ਦੇ ਸੁਰਤਗੋਪਾਲ ਤੋਂ ਮਗਰੋਂ ਸੱਤਵੇਂ ਸਥਾਨ ਦੇ ਗੁਰੂ ਸੁਖਦਾਸ ਦੀ ਸਮਾਧੀ ਟੀਰੂ ਟਿੱਲੇ ਵਿਚ ਹੋਣ ਸੰਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਕਿਹਾ ਜਾਂਦਾ ਹੈ ਕਿ ਇਸ ਦੇ ਸਮੇਂ ਵਿਚ ਹੀ ਕਬੀਰ ਪੰਥ ਕਾਫੀ ਵਿਕਸਤ ਹੋਇਆ। ਸ਼ਰਨ ਦਾਸ ਦੇ ਸਮੇਂ ਕਬੀਰਚੌਰਾ ਵਿਚ ਗੁਰੂਆਂ ਦੀਆਂ ਸਮਾਧੀਆਂ ਅਸਤਿਤਵ ਵਿਚ ਆ ਗਈਆਂ ਅਤੇ ਇਹ ਇਕ ਪ੍ਰਮੁਖ ਸਥਾਨ ਬਣ ਗਿਆ।

## ਕਬੀਰਚੌਰਾ ਦੀਆਂ ਸੰਪ੍ਰਦਾਵਾਂ

### ਕਬੀਰਚੌਰਾ ਮੱਠ ਕਾਸ਼ੀ

ਕਬੀਰਚੌਰਾ ਦੇ ਦੋ ਭਾਗ ਹਨ। ਇਕ ਭਾਗ ਨੂੰ ਨੀਰੂ ਟਿੱਲਾ ਅਤੇ ਦੂਜੇ ਭਾਗ ਨੂੰ ਕਬੀਰਚੌਰਾ ਕਿਹਾ ਜਾਂਦਾ ਹੈ। ਕਬੀਰਚੌਰੇ ਦੀ ਚਾਰ ਦਿਵਾਰੀ ਦੀ ਦੱਖਣੀ ਗਲੀ ਦੇ ਪਿੱਛੇ ਦੋ ਹੋਰ ਵਿਹੜੇ ਘਿਰੇ ਹੋਏ ਹਨ ਜਿਸ ਵਿਚ ਪੱਛਮ ਵਾਲੇ ਪਾਸੇ ਨੀਰੂ ਟਿੱਲਾ ਹੈ। ਇਸ ਸੰਬੰਧੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕਬੀਰ ਜੀ ਦਾ ਪਾਲਣ ਪੋਸ਼ਣ ਕਰਨ ਵਾਲੇ ਨੀਰੂ ਦਾ ਘਰ ਹੈ। ਇਥੇ ਇਕ ਮੰਦਰ ਬਣਿਆ ਹੋਇਆ ਹੈ। ਇਥੇ ਬੈਠ ਕੇ ਕਬੀਰ ਸਾਹਿਬ ਲੋਕਾਂ ਨੂੰ ਉਪਦੇਸ਼ ਦਿੰਦੇ ਸਨ। ਇਥੇ ਕਬੀਰ ਜੀ ਦੀ ਇਕ ਤਸਵੀਰ ਵੀ ਰੱਖੀ ਹੋਈ ਹੈ ਜਿਥੇ ਹਰ ਰੋਜ਼ ਬਹੁਤ ਸਾਰੇ ਕਬੀਰ ਪੰਥੀ ਇਕੱਠੇ ਹੋ ਕੇ ਸਵੇਰ ਸ਼ਾਮ ਪੂਜਾ ਕਰਦੇ ਹਨ। ਉਹ ਕਬੀਰ ਜੀ ਦੀ ਆਰਤੀ ਉਤਾਰਦੇ ਹਨ ਅਤੇ ਸਲੋਕ ਪੜ੍ਹਦੇ ਹਨ। ਇਸ ਦੇ ਪੱਛਮ ਵੱਲ ਇਕ ਧਰਮਸ਼ਾਲਾ ਬਣੀ ਹੋਈ ਹੈ ਜਿਸ ਨੂੰ 'ਕਬੀਰ ਵਿਦਿਆਲਿਆ' ਵੀ ਕਹਿੰਦੇ ਹਨ। ਇਥੇ ਰਹਿ ਕੇ ਅਨੇਕਾਂ ਲੋਕ ਵਿਦਿਆ ਪ੍ਰਾਪਤ ਕਰਦੇ ਹਨ।

ਕਬੀਰ ਪੰਥੀਆਂ ਨੇ ਕਬੀਰ ਮੱਠ ਦੀ ਮੁਰੰਮਤ ਲਈ ਇਥੇ ਖੁਦਾਈ ਕੀਤੀ ਜਿਸ ਵਿਚੋਂ ਲੱਕੜ ਦੇ ਪਤਲੇ ਖੰਭੇ, ਪੱਥਰ ਦੀਆਂ ਮੂਰਤੀਆਂ ਅਤੇ ਕਈ ਪ੍ਰਾਚੀਨ ਪੁਸਤਕਾਂ ਦੇ ਹੱਥ ਲਿਖਤ ਖਰੜੇ ਵੀ ਪ੍ਰਾਪਤ ਹੋਏ ਹਨ। ਇਨ੍ਹਾਂ ਪੁਸਤਕਾਂ ਵਿਚੋਂ 'ਬੀਜਕ' ਨਾਮੀ ਪੁਸਤਕ ਦੀ ਹੱਥ ਲਿਖਤ ਵੀ ਪ੍ਰਾਪਤ ਹੋਈ ਹੈ। ਇਹ ਪੁਸਤਕਾਂ ਪੱਥਰ ਦੇ ਇਕ ਸੰਦੂਕ ਵਿਚ ਸੁਰੱਖਿਅਤ ਰੱਖੀਆਂ ਗਈਆਂ ਸਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਸਥਾਨ ਨੂੰ ਮਹਾਰਾਣੀ ਪੰਨਾ ਕੁੰਵਰੀ ਨੇ ਬਣਵਾਇਆ ਸੀ।

### ਲਹਿਰਤਾਰਾ

ਕਬੀਰਚੌਰਾ ਦੀ ਉੱਤਰ ਪੱਛਮੀ ਦਿਸ਼ਾ ਵੱਲ 2 ਮੀਲ (3 ਕਿ.ਮੀ.) ਦੂਰ ਲਹਿਰਤਾਰਾ ਨਾਂ ਦਾ ਇਕ ਸਥਾਨ ਹੈ। ਇਕ ਪਰੰਪਰਾ ਅਨੁਸਾਰ ਕਬੀਰ ਸਾਹਿਬ ਦਾ ਤਰਦਾ ਹੋਇਆ ਸਰੀਰ

ਇਸ ਥਾਂ ਉਤੇ ਹੀ ਨੀਰੂ ਨੂੰ ਮਿਲਿਆ ਸੀ। ਇਸ ਕਰਕੇ ਕਬੀਰ ਪੰਥੀ ਇਸ ਸਥਾਨ ਨੂੰ ਪਵਿੱਤਰ ਮੰਨਦੇ ਹਨ। ਹੁਣ ਇਥੇ ਪਹਿਲਾਂ ਵਰਗਾ ਤਲਾਅ ਜਿਹਾ ਕੋਈ ਸਥਾਨ ਨਹੀਂ ਹੈ। ਕੇਵਲ ਇਕ ਛੋਟਾ ਜਿਹਾ ਸਥਾਨ ਹੈ ਜਿਸ ਦਾ ਪ੍ਰਬੰਧ ਕਬੀਰਚੌਰਾ ਸ਼ਾਖਾ ਦੇ ਅਧੀਨ ਇਕ ਮਹੰਤ ਦੁਆਰਾ ਕੀਤਾ ਜਾਂਦਾ ਹੈ।

**ਮਗਹਰ**

ਮਗਹਰ ਇਕ ਛੋਟਾ ਜਿਹਾ ਪਿੰਡ ਹੈ ਜਿਹੜਾ ਉੱਤਰ ਪ੍ਰਦੇਸ਼ ਦੇ ਬਸਤੀ ਜ਼ਿਲ੍ਹੇ ਵਿਚ ਗੋਰਖਪੁਰ ਦੇ ਨੇੜੇ 16 ਮੀਲ (26 ਕਿ.ਮੀ.) ਦੀ ਦੂਰੀ ਤੇ ਸਥਿਤ ਹੈ। ਇਹ ਸਥਾਨ ਕਬੀਰ ਸਾਹਿਬ ਜੀ ਦੀ ਮ੍ਰਿਤੂ ਨਾਲ ਸੰਬੰਧਤ ਹੋਣ ਕਾਰਨ ਕਬੀਰ ਪੰਥੀ ਇਸ ਨੂੰ ਬਹੁਤ ਮਹੱਤਵਪੂਰਨ ਸਥਾਨ ਮੰਨਦੇ ਹਨ। ਇਥੋਂ ਦੀ ਅਮੀ ਨਦੀ ਦੇ ਕਿਨਾਰੇ ਉਤੇ ਕਬੀਰ ਪੰਥੀਆਂ ਦੇ ਦੋ ਮੱਠ ਸਥਾਪਤ ਹਨ। ਇਨ੍ਹਾਂ ਵਿਚੋਂ ਇਕ ਮੱਠ ਹਿੰਦੂ ਕਬੀਰ ਪੰਥੀਆਂ ਦਾ ਹੈ ਅਤੇ ਦੂਜਾ ਮੁਸਲਮਾਨ ਕਬੀਰ ਪੰਥੀਆਂ ਦਾ ਹੈ। ਇਨ੍ਹਾਂ ਦੋਵਾਂ ਮੱਠਾਂ ਦੇ ਵਿਚਕਾਰ ਇਕ ਉੱਚੀ ਕੰਧ ਉਸਾਰੀ ਗਈ ਹੈ। ਇਨ੍ਹਾਂ ਮੱਠਾਂ ਦਾ ਪ੍ਰਬੰਧ ਹਿੰਦੂ ਅਤੇ ਮੁਸਲਮਾਨ ਮਹੰਤਾਂ ਦੁਆਰਾ ਕੀਤਾ ਜਾਂਦਾ ਹੈ। ਮੁਸਲਮਾਨ ਕਬੀਰ ਪੰਥੀ ਮਹੰਤ ਨੂੰ 'ਗਨੀ ਕਰਨ ਕਬੀਰ' ਕਹਿੰਦੇ ਹਨ। ਹਿੰਦੂ ਕਬੀਰ ਪੰਥੀਆਂ ਦੇ ਅਧੀਨ ਸਮਾਧੀ ਦੇ ਪੂਜਾ ਪਾਠ ਦੀ ਵਿਧੀ ਪਹਿਲਾਂ ਨਾਲੋਂ ਵੱਖਰੀ ਹੈ ਅਤੇ ਇਸ ਦੀ ਪੂਜਾ ਪਧਤੀ ਕਬੀਰਚੌਰਾ ਸ਼ਾਖਾ ਅਨੁਸਾਰ ਕੀਤੀ ਜਾਂਦੀ ਹੈ। ਇਸ ਸ਼ਾਖਾ ਦਾ ਮਹੰਤ ਜੋਤ ਪ੍ਰਸਾਦ ਦੀ ਵਿਧੀ ਸੰਪੰਨ ਕਰਦਾ ਹੈ। ਇਸ ਤੋਂ ਇਲਾਵਾ ਕਬੀਰ ਪੰਥੀਆਂ ਦੇ ਕਈ ਹੋਰ ਸਥਾਨ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਵਿਚ ਸਥਿਤ ਹਨ। ਇਹ ਸਾਰੇ ਮਹੰਤ ਦੀ ਰਹਿਨੁਮਾਈ ਨੂੰ ਸਵੀਕਾਰਦੇ ਹਨ। ਸ਼ਾਖਾ ਦਾ ਮਹੰਤ ਹਰ ਸਾਲ ਕਬੀਰ ਪੰਥੀਆਂ ਲਈ ਸਤਿਸੰਗ ਕਰਦਾ ਹੈ। ਮੱਧ ਪ੍ਰਦੇਸ਼ ਵਿਚ ਬੁਰਹਾਨਪੁਰ ਵਾਲਾ ਮੱਠ, ਪੁਰੀ ਜਗਨਨਾਥ ਦੀ ਕਬੀਰ ਦੀ ਸਮਾਧੀ ਅਤੇ ਦਬਾਰਕਾ ਦਾ ਕਬੀਰ ਮੱਠ ਅਜਿਹੇ ਸਥਾਨ ਕਹੇ ਜਾ ਸਕਦੇ ਹਨ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਕਈ ਹੋਰ ਸਥਾਨ ਹਨ ਜਿਹੜੇ ਕਬੀਰਚੌਰਾ ਸ਼ਾਖਾ ਦੀ ਪੂਜਾ ਪੱਧਤੀ ਦਾ ਅਨੁਸਰਨ ਹੀ ਕਰਦੇ ਹਨ। ਬੜੌਦਾ, ਨਡਿਆਦ ਅਤੇ ਅਹਿਮਦਾਬਾਦ ਵਿਚ ਵੀ ਕਬੀਰਚੌਰਾ ਸ਼ਾਖਾ ਦੇ ਨਾਲ ਸੰਬੰਧਤ ਮੱਠ ਵੀ ਹਨ।

**2. ਕਬੀਰ ਪੰਥ ਦੀ ਧਨੌਤੀ ਸੰਪ੍ਰਦਾਇ (ਭਗਤਾਹੀ ਸੰਪ੍ਰਦਾਇ)**

ਇਹ ਕਬੀਰ ਪੰਥੀਆਂ ਦੀ ਇਕ ਪ੍ਰਮੁਖ ਸ਼ਾਖਾ ਹੈ। ਬਿਹਾਰ ਦੇ ਸਪਰਾ ਜ਼ਿਲ੍ਹੇ ਦੇ ਇਕ ਪਿੰਡ ਧਨੌਤੀ ਵਿਚ ਭਗਤਾਹੀ ਸੰਪ੍ਰਦਾਇ ਦਾ ਇਕ ਮੁਖ ਮੱਠ ਹੈ। ਅਚਾਰੀਆ ਭਗਵਾਨ ਗੁਸਾਈਂ ਇਸ ਸੰਪ੍ਰਦਾਇ ਦੇ ਪ੍ਰਥਮ ਆਚਾਰੀਆ ਸਨ। ਵਿਦਵਾਨਾਂ ਦਾ ਮਤ ਹੈ ਕਿ ਇਹ ਬੁੰਦੇਲਖੰਡ ਦਾ ਰਹਿਣ ਵਾਲਾ ਸੀ ਅਤੇ ਅਹੀਰ ਜਾਤੀ ਨਾਲ ਸੰਬੰਧ ਰੱਖਦਾ ਸੀ। ਪਹਿਲਾਂ ਪਹਿਲ ਇਹ ਨਿਮਬਾਰਕ ਸੰਪ੍ਰਦਾਇ ਦਾ ਸਮਰਥਕ ਸੀ। ਕਬੀਰ ਸਾਹਿਬ ਦੇ ਵਿਅਕਤੀਤਵ ਤੋਂ ਪ੍ਰਭਾਵਿਤ ਹੋ ਕੇ ਇਹ ਕਬੀਰ ਸਾਹਿਬ ਦਾ ਅਨੁਆਈ ਬਣ ਗਿਆ। ਮਹਾਰਿਸ਼ੀ ਸ਼ਿਵ ਲਾਲ ਅਨੁਸਾਰ ਇਹ ਕਬੀਰ ਸਾਹਿਬ ਦੇ ਨਾਲ ਹੀ ਰਿਹਾ ਕਰਦਾ ਸੀ ਅਤੇ ਇਹ ਕਬੀਰ ਸਾਹਿਬ ਦੁਆਰਾ ਸਮੇਂ ਸਮੇਂ ਦਿੱਤੇ ਗਏ ਉਪਦੇਸ਼ਾਂ ਨੂੰ ਲਿਖ ਲੈਂਦਾ ਸੀ ਅਤੇ ਉਨ੍ਹਾਂ ਨੂੰ ਸੁਰੱਖਿਅਤ ਵੀ ਰੱਖਦਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਨੇ ਕਬੀਰ ਜੀ ਦੇ ਮੂਲ ਛੇ ਸੌ ਸ਼ਬਦਾਂ ਅਤੇ ਸਾਖੀਆਂ ਨੂੰ ਸੰਕਿਲਤ ਕੀਤਾ ਸੀ। ਸ੍ਰੀ

ਸ਼ਿਵਵ੍ਰਤ ਅਨੁਸਾਰ ਇਹ ਕਬੀਰ ਸਾਹਿਬ ਦੇ ਨਾਲ ਬੰਧਵਗੜ੍ਹ ਗਿਆ ਸੀ। ਇਸ ਨੇ ਭਗਵਾਨ ਗੁਸਾਈਂ ਤੋਂ ਗੁਟਕਾ ਲੈਣ ਦੀ ਇਛਾ ਕੀਤੀ ਪਰੰਤੂ ਅਸਫਲ ਰਿਹਾ। ਗੁਸਾਈਂ ਉਸ ਗੁਟਕੇ ਨੂੰ ਬਿਹਾਰ ਪ੍ਰਾਂਤ ਵਿਚ ਲੈ ਗਿਆ ਅਤੇ ਇਸ ਮਹੱਤਵਪੂਰਨ ਸੰਗ੍ਰਹਿ ਨੂੰ ਪ੍ਰਕਾਸ਼ਿਤ ਕਰਵਾ ਕੇ ਭਗਤਾਹੀ ਸੰਪ੍ਰਦਾਇ ਸਥਾਪਤ ਕਰ ਦਿੱਤੀ। ਪਹਿਲਾਂ ਇਸ ਗੱਦੀ ਦੀ ਸਥਾਪਨਾ ਦਾਨਪੁਰ (ਬਿਹਾਰ) ਕਸਬੇ ਵਿਚ ਕੀਤੀ ਪਰੰਤੂ ਮਗਰੋਂ ਇਹ ਧਨੌਤੀ ਲਿਆਂਦੀ ਗਈ। ਪੰਡਤ ਪਰਸ਼ੂਰਾਮ ਚਤੁਰਵੇਦੀ ਨੇ ਜਨਮਤ ਦੇ ਆਧਾਰ ਤੇ ਧਰਮਦਾਸ ਤੋਂ ਲਗਭਗ 175 ਸਾਲ ਮਗਰੋਂ ਭਗਵਾਨ ਗੋਸਵਾਮੀ ਦੇ ਹੋਣ ਸੰਬੰਧੀ ਉਲੇਖ ਕੀਤਾ ਹੈ। ਡਾ. ਕੀ ਦੁਆਰਾ ਗੁਰੂ ਪਰੰਪਰਾ ਦੀ ਦਿੱਤੀ ਗਈ ਸੂਚੀ ਦੇ ਆਧਾਰ ਉਤੇ ਧਨੌਤੀ ਮੱਠ ਦੇ ਹੁਣ ਤਕ ਦੇ 13 ਗੁਰੂਆਂ ਵਿਚ ਜੇ ਹਰੇਕ ਗੁਰੂ ਦੀ ਗੱਦੀ ਦਾ ਔਸਤਨ ਸਾਲ 25 ਸਾਲ ਮੰਨਿਆ ਜਾਵੇ ਤਾਂ ਭਗਵਾਨ ਗੋਸਾਈਂ ਦਾ ਕਾਲ ਬਿਕਰਮ ਦੀ ਸਤਾਰਵੀਂ ਸਦੀ ਦਾ ਆਖਰੀ ਪੜਾਅ ਮੰਨਿਆ ਜਾਂਦਾ ਹੈ। ਪਰੰਤੂ ਹਰਸ਼ਰਣ ਗੋਸਵਾਮੀ ਦੁਆਰਾ ਲਿਖਤ 'ਭਗਤ ਪੁਸ਼ਪਾਂਜਲੀ' ਨਾਂ ਦੇ ਗ੍ਰੰਥ ਵਿਚ ਜੋ ਗੁਰੂ ਪਰੰਪਰਾ ਦੀ ਸੂਚੀ ਦਰਜ ਕੀਤੀ ਗਈ ਹੈ ਜੇ ਉਸ ਨੂੰ ਆਧਾਰ ਬਣਾ ਕੇ ਵਿਚਾਰ ਕੀਤਾ ਜਾਵੇ ਤਾਂ ਉਕਤ ਸਾਰੀਆਂ ਧਾਰਨਾਵਾਂ ਨੂੰ ਦਰੁਸਤ ਨਹੀਂ ਠਹਿਰਾਇਆ ਜਾ ਸਕਦਾ। ਇਨ੍ਹਾਂ ਦੋਵਾਂ ਸੂਚੀਆਂ ਵਿਚ ਕਾਫੀ ਅੰਤਰ ਹੈ। ਡਾ. ਕੀ ਨੇ ਕਿਸੇ ਅਗਿਆਤ ਸ਼ਿਸ਼ ਨੂੰ ਭਗਵਾਨ ਗੁਸਾਈਂ ਤੋਂ ਮਗਰੋਂ ਮੱਠ ਦਾ ਅਧਿਕਾਰੀ ਮੰਨਿਆ ਹੈ ਜਿਹੜਾ 'ਭਗਤ ਪੁਸ਼ਪਾਂਜਲੀ' ਦੀ ਸੂਚੀ ਵਿਚ ਸ਼ਾਮਲ ਨਹੀਂ ਹੈ। ਸ੍ਰੀ ਦਮਨ, ਘਣਸ਼ਿਆਮ, ਗੁਣਾਕਾਰ ਅਤੇ ਗਣੇਸ਼ ਦੇ ਨਾਂ ਡਾ. ਕੀ ਦੁਆਰਾ ਦਿੱਤੀ ਗਈ ਸੂਚੀ ਵਿਚ ਹਨ। 'ਭਗਤ ਪੁਸ਼ਪਾਂਜਲੀ' ਵਿਚ ਆਏ ਹੋਏ ਸੱਤਵੇਂ ਗੁਰੂ ਕੋਕਿਲ ਨੂੰ ਡਾ. ਕੀ ਨੇ ਮਹਾਰਿਸ਼ੀ ਗੋਸਵਾਮੀ ਦਾ ਸ਼ਿਸ਼ ਮੰਨਿਆ ਹੈ ਪਰੰਤੂ ਉਸ ਨੂੰ ਮੱਠ ਅਧਿਕਾਰੀ ਨਹੀਂ ਕਿਹਾ। ਡਾ. ਕੀ ਦਾ ਮਤ ਹੈ ਕਿ ਭਗਵਾਨ ਗੁਸਾਈਂ ਦੇ ਚਾਰ ਸ਼ਿਸ਼ ਸਨ - ਕੋਕਿਲਾ, ਘਨੀ, ਸੁਮਿਰਨ ਅਤੇ ਚੌਥੇ ਦਾ ਨਾਂ ਨਾਮਲੂਮ ਹੋਣ ਕਰਕੇ ਅਗਿਆਤ ਲਿਖ ਦਿੱਤਾ ਗਿਆ ਅਤੇ ਕਿਹਾ ਕਿ ਇਸ ਅਗਿਆਤ ਸ਼ਿਸ਼ ਨੇ ਚੰਪਾਰਨ ਜ਼ਿਲ੍ਹੇ ਦੇ ਲਹਰੀਆ ਨਾਂ ਦੇ ਪਿੰਡ ਵਿਚ ਸਭ ਤੋਂ ਪਹਿਲਾਂ ਮੱਠ ਦੀ ਉਸਾਰੀ ਕਰਵਾਈ ਸੀ।

ਧਨੌਤੀ ਸੰਪ੍ਰਦਾਇ ਵਿਚ 'ਭਗਤ ਪੁਸ਼ਪਾਂਜਲੀ' ਵਿਚ ਦਿਤੀ ਗਈ ਸੂਚੀ ਨੂੰ ਹੀ ਮਾਨਤਾ ਦਿੱਤੀ ਗਈ ਹੈ। ਇਸ ਤਰ੍ਹਾਂ ਜੇ ਇਸ ਸੂਚੀ ਨੂੰ ਸੱਚ ਮਨ ਲਿਆ ਜਾਵੇ ਅਤੇ ਹਰੇਕ ਗੁਰੂ ਦੀ ਗੱਦੀ ਦਾ ਔਸਤਨ ਸਾਲ 25 ਮੰਨ ਲਿਆ ਜਾਵੇ ਤਾਂ ਭਗਵਾਨ ਗੁਸਾਈਂ ਦਾ ਸਮਾਂ 1542 ਈ. ਸਿਧ ਕੀਤਾ ਜਾ ਸਕਦਾ ਹੈ, ਇਸ ਤਰ੍ਹਾਂ ਉਹ ਕਬੀਰ ਅਤੇ ਸੁਰਤਗੋਪਾਲ ਦੇ ਸਮਕਾਲੀ ਸਿੱਧ ਹੋ ਸਕਦੇ ਹਨ। ਸੰਪ੍ਰਦਾਇਕ ਵਿਰੋਧਤਾ ਕਾਰਣ 'ਅਨੁਰਾਗ ਸਾਗਰ' ਵਿਚ ਭਗਵਾਨ ਦਾਸ ਗੁਸਾਈਂ ਨੂੰ ਤਿਮਿਰ ਦੂਤ ਤਕ ਕਿਹਾ ਗਿਆ ਹੈ 'ਬਹੁਤਕ ਗ੍ਰੰਥ ਭੁਮਹਾਰ ਚੂਰੈ ਹੈ, ਆਪਨ ਪੰਥ ਨਿਹਾਰ ਚਲੈ ਹੈ'। ਇਸ ਤਰ੍ਹਾਂ ਉਸ ਨੂੰ ਧਰਮਦਾਸ ਤੋਂ ਮਗਰੋਂ ਪੈਦਾ ਹੋਣਾ ਸਿਧ ਕਰਨ ਦਾ ਯਤਨ ਕੀਤਾ ਗਿਆ ਹੈ ਪਰੰਤੂ ਵਿਗਿਆਨਕ ਦ੍ਰਿਸ਼ਟੀ ਤੋਂ ਦੇਖਿਆ ਇਹ ਉਚਿਤ ਪ੍ਰਤੀਤ ਨਹੀਂ ਹੁੰਦਾ।

ਧਨੌਤੀ ਸੰਪ੍ਰਦਾਇ ਦੇ ਦੋ ਮੱਠ ਹਨ। ਇਕ ਵੱਡਾ ਮੱਠ ਅਤੇ ਦੂਜਾ ਛੋਟਾ ਮੱਠ। ਵੱਡਾ ਮੱਠ ਛੋਟੇ ਮੱਠ ਦੀ ਤੁਲਨਾ ਵਿਚ ਆਰਥਿਕ ਪੱਖ ਤੋਂ ਖੁਸ਼ਹਾਲ ਹੈ ਜਦੋਂ ਕਿ ਛੋਟਾ ਮੱਠ ਇਸ ਦੀ ਉਪ-ਸੰਪ੍ਰਦਾਇ ਹੈ। ਵੱਡੇ ਮੱਠ ਦੇ ਨਾਂ ਲਗਭਗ 500 ਵਿੱਘੇ ਜ਼ਮੀਨ ਲੱਗੀ ਹੋਈ ਹੈ। ਇਸ ਮੱਠ ਦੇ ਮੌਜੂਦਾ ਮਹੰਤ ਰਾਮਧਾਰੀ ਗੋਸਵਾਮੀ ਹਨ ਜਦੋਂ ਕਿ ਧਨੌਤੀ ਮੱਠ ਦਾ ਸੰਚਾਲਨ ਸ੍ਰੀ ਜੀਓਤ

ਗੋਸਵਾਮੀ ਕਰਦੇ ਹਨ।

ਇਸ ਸੰਪ੍ਰਦਾਇ ਦਾ ਮਹੱਤਵਪੂਰਨ ਗ੍ਰੰਥ 'ਬੀਜਕ' ਹੈ। ਇਥੋਂ ਦੇ ਕਬੀਰ ਪੰਥੀਆਂ ਵਿਚ ਭਗਤੀ ਦੀ ਭਾਵਨਾ ਵਧੇਰੇ ਪ੍ਰਚੰਡ ਹੈ। ਇਹ ਕਬੀਰ ਜੀ ਦੇ ਅਵਤਾਰ ਵਿਚ ਵਿਸ਼ਵਾਸ ਨਹੀਂ ਕਰਦੇ ਸਗੋਂ ਉਨ੍ਹਾਂ ਨੂੰ ਇਕ ਆਦਰਸ਼ ਸੰਤ ਦੇ ਰੂਪ ਵਿਚ ਦੇਖਣਾ ਵਧੇਰੇ ਉਚਿਤ ਸਮਝਦੇ ਹਨ। ਇਸ ਸ਼ਾਖਾ ਦਾ ਬਹੁਤਾ ਪ੍ਰਚਾਰ ਬਿਹਾਰ ਦੇ ਵੱਖ ਵੱਖ ਸ਼ਹਿਰਾਂ ਤੇ ਕਸਬਿਆਂ ਵਿਚ ਹੋਇਆ। ਇਸ ਸ਼ਾਖਾ ਦੇ ਮੱਠ ਮਾਨਸਰ,*ਨੌਰੰਗਾ, ਤੁਰਕੀ, ਦਮੋਦਰਪੁਰ, ਚਨਾਬ, ਸ਼ੇਖਵਾਨਾ, ਤਧਵਾ ਬੜਹਰਵਾ ਅਤੇ ਬੈਜਨਾਥ ਆਦਿ ਸਥਾਨਾਂ ਤੇ ਬਣੇ ਹੋਏ ਹਨ।

### 3. ਛਤੀਸਗੜ੍ਹੀ ਸੰਪ੍ਰਦਾਇ

ਕਬੀਰ ਪੰਥ ਦੀ ਇਸ ਪ੍ਰਸਿੱਧ ਸੰਪ੍ਰਦਾਇ ਦੇ ਮੋਢੀ ਧਰਮ ਦਾਸ ਜੀ ਮੰਨੇ ਜਾਂਦੇ ਹਨ। ਇਹ ਬਾਣੀਆ ਜਾਤੀ ਨਾਲ ਸੰਬੰਧ ਰੱਖਦਾ ਸੀ। ਇਸ ਦਾ ਪਹਿਲਾ ਨਾਮ ਜੁੜਾਵਨ ਸੀ। ਇਸ ਦੀ ਪਤਨੀ ਦਾ ਨਾਂ ਅਮੀਨ ਸੀ। ਇਸ ਦੇ ਦੋ ਪੁੱਤਰ ਸਨ - ਨਰਾਇਣ ਦਾਸ ਅਤੇ ਚੂੜਾਮਨੀ। ਅਮੀਨ ਅਤੇ ਚੂੜਾਮਨੀ ਕਬੀਰ ਸਾਹਿਬ ਪ੍ਰਤੀ ਸ਼ਰਧਾ ਭਾਵ ਰੱਖਦੇ ਸਨ। ਇਹ ਲੋਕ ਕਬੀਰ ਸਾਹਿਬ ਦੇ ਸ਼ਿਸ਼ ਬਣ ਗਏ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਧਰਮ ਦਾਸ ਤੋਂ ਮਗਰੋਂ ਇਹ ਗੱਦੀ ਉੱਤੇ ਬੈਠੇ ਸਨ। ਧਰਮਦਾਸ ਦੇ ਪਹਿਲੇ ਗੁਰੂ ਨਾਮਰੂਪਦਾਸ ਜੀ ਸਨ ਜਿਸ ਦੀ ਆਗਿਆ ਨਾਲ ਇਹ ਭਗਵਤ ਭਗਤੀ, ਪੂਜਾ, ਜਪ ਅਤੇ ਤੀਰਥ ਰਟਨ ਕਰਕੇ ਜੀਵਨ ਵਸਰ ਕਰਦੇ ਸਨ। ਪਰੰਤੂ ਕਬੀਰ ਸਾਹਿਬ ਦੇ ਪ੍ਰਭਾਵ ਹੇਠ ਆ ਕੇ ਇਸ ਨੇ ਤੀਰਥਾਂ ਦਾ ਰਟਨ ਅਤੇ ਮੂਰਤੀ ਪੂਜਾ ਕਰਨੀ ਛੱਡ ਦਿੱਤੀ ਸੀ ਅਤੇ ਕਬੀਰ ਸਾਹਿਬ ਨੇ ਇਸ ਨੂੰ ਆਪਣਾ ਸ਼ਿਸ਼ ਬਣਾ ਲਿਆ ਸੀ। ਇਸ ਦੀ ਸਮਾਧ ਜਗਨਨਾਥਪੁਰੀ ਵਿਚ ਹੋਣਾ ਦੱਸਿਆ ਗਿਆ ਹੈ।

ਧਰਮਦਾਸ ਇਕ ਉੱਚ ਕੋਟੀ ਦਾ ਵਿਦਵਾਨ ਸੀ। ਇਸ ਨੇ ਬਹੁਤ ਸਾਰੀਆਂ ਰਚਨਾਵਾਂ ਦੀ ਸਿਰਜਣਾ ਕੀਤੀ ਜਿਨ੍ਹਾਂ ਵਿਚੋਂ 'ਧਨੀ ਰਾਮਦਾਸ ਜੀ ਦੀ ਸ਼ਬਦਾਵਲੀ' ਪ੍ਰਸਿੱਧ ਹੈ। ਇਸ ਨੇ ਆਪਣੀਆਂ ਰਚਨਾਵਾਂ ਦੀਆਂ ਬਹੁਤ ਸਾਰੀਆਂ ਪੰਕਤੀਆਂ ਵਿਚ ਆਪਣੇ ਆਪ ਨੂੰ ਕਬੀਰ ਸਾਹਿਬ ਦਾ ਸ਼ਿਸ਼ ਸਵੀਕਾਰ ਕੀਤਾ ਹੈ। ਇਸ ਦੀਆਂ ਰਚਨਾਵਾਂ ਵਿਚ ਭਗਤੀ ਰਸ ਦੀ ਅਨੁਭੂਤੀ ਹੁੰਦੀ ਹੈ ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਕਬੀਰ ਸਾਹਿਬ ਪ੍ਰਤੀ ਇਸ ਦੀ ਅਥਾਹ ਸ਼ਰਧਾ ਸੀ। ਇਹ ਕਬੀਰ ਸਾਹਿਬ ਨੂੰ ਗੁਰੂ ਨਹੀਂ ਸਗੋਂ ਉਨ੍ਹਾਂ ਨੂੰ ਆਪਣੇ ਇਸ਼ਟ ਦੇਵ ਦੇ ਰੂਪ ਵਿਚ ਦੇਖਦਾ ਸੀ। ਇਸ ਦੇ 'ਧਨੀ ਧਰਮਦਾਸ ਜੀ ਦੀ ਸ਼ਬਦਾਵਲੀ' ਨਾਂ ਦੇ ਸੰਗ੍ਰਹਿ ਵਿਚ ਕਬੀਰ ਜੀ ਨਾਲ ਸੰਬੰਧਤ ਕੁਝ ਪਦ ਸ਼ਾਮਲ ਹਨ। ਕਬੀਰ ਪੰਥ ਦੀਆਂ ਅਨੇਕਾਂ ਹੋਰ ਪੁਸਤਕਾਂ ਨੂੰ ਵੀ ਧਰਮਦਾਸ ਦੀਆਂ ਕ੍ਰਿਤਾਂ ਮੰਨਿਆ ਗਿਆ ਹੈ ਅਤੇ ਬਹੁਤ ਸਾਰੇ ਗ੍ਰੰਥ ਤਾਂ ਕਬੀਰ ਅਤੇ ਧਰਮਦਾਸ ਦੇ ਸੰਵਾਦ ਦੇ ਰੂਪ ਵਿਚ ਹੀ ਲਿਖੇ ਗਏ ਹਨ।

ਛਤੀਸਗੜ੍ਹੀ ਸੰਪ੍ਰਦਾਇ ਕਬੀਰ ਪੰਥ ਦੀ ਇਕ ਪ੍ਰਮੁਖ ਸੰਪ੍ਰਦਾਇ ਹੈ ਜਿਸ ਦੇ 350 ਸਾਲਾ ਦੇ ਇਤਿਹਾਸ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ - ਪੂਰਵ ਕਾਲ ਅਤੇ ਉੱਤਰ ਕਾਲ। ਪੂਰਵ ਕਾਲ ਵਿਚ ਮੁਕਤਾਮਨੀ ਸਾਹਿਬ ਤੋਂ ਲੈ ਕੇ ਸੁਰਤ ਸਨੇਹੀ ਨਾਮ ਤੱਕ ਅਤੇ ਉੱਤਰ ਕਾਲ ਵਿਚ ਹਕਨਾਮ ਤੋਂ ਲੈ ਕੇ ਗ੍ਰੰਧਰਮੁਨੀ ਨਾਮ ਸਾਹਿਬ ਤਕ ਮੰਨਿਆ ਗਿਆ ਹੈ।

ਪੂਰਵ ਕਾਲ ਦੇ ਧਾਰਮਿਕ ਗੁਰੂਆਂ ਦੇ ਜੀਵਨ ਨਾਲ ਕੁਝ ਅਜਿਹੀਆਂ ਚਮਤਕਾਰੀ ਘਟਨਾਵਾਂ ਦਾ ਵਰਣਨ ਪ੍ਰਾਪਤ ਹੁੰਦਾ ਹੈ ਜਿਵੇਂ ਸਿੱਧਾਂ ਦੇ ਸਮੇਂ ਵਿਚ ਪ੍ਰਾਪਤ ਹੁੰਦੀਆਂ ਹਨ। ਮੁਕਤਾਮਨੀ ਸਾਹਿਬ ਦੇ ਸੰਬੰਧ ਵਿਚ ਬਹੁਤ ਸਾਰੀਆਂ ਲੋਕ ਕਹਾਣੀਆਂ ਪ੍ਰਚਲਿਤ ਸਨ। ਇਹ ਧਰਮਦਾਸ ਦਾ ਛੋਟਾ ਪੁੱਤਰ ਸੀ ਪਰੰਤੂ ਇਸ ਦਾ ਵੱਡਾ ਭਰਾ ਨਰਾਇਣ ਦਾਸ ਇਸ ਨਾਲ ਈਰਖਾ ਕਰਦਾ ਸੀ ਅਤੇ ਆਪ ਗੱਦੀ ਉੱਤੇ ਬੈਠਣਾ ਚਾਹੁੰਦਾ ਸੀ। ਇਸੇ ਵਿਰੋਧਤਾ ਕਾਰਨ ਉਹ ਇਸ ਨੂੰ ਖਤਮ ਕਰਨਾ ਚਾਹੁੰਦਾ ਸੀ। ਕਿਹਾ ਜਾਂਦਾ ਹੈ ਕਿ ਇਕ ਵਾਰ ਮੁਕਤਾਮਨੀ ਸਾਹਿਬ ਦੇ ਘਰ ਜਾਂਦੇ ਸਮੇਂ ਨਰਾਇਣ ਦਾਸ ਨੇ ਇਸ ਦੇ ਮੱਥੇ ਉੱਤੇ ਤਲਵਾਰ ਮਾਰਨ ਦਾ ਯਤਨ ਕੀਤਾ ਪਰੰਤੂ ਜਦੋਂ ਮੁਕਤਾਮਨੀ ਸਾਹਿਬ ਨੇ ਉਪਰ ਦੇਖਿਆ ਤਾਂ ਤਲਵਾਰ ਉਪਰ ਹੀ ਰਹਿ ਗਈ। ਨਰਾਇਣ ਦਾਸ ਨੇ ਮਾਫੀ ਮੰਗੀ। ਇਸ ਤੋਂ ਇਲਾਵਾ ਇਸ ਨਾਲ ਇਕ ਹੋਰ ਘਟਨਾ ਦਾ ਵਰਣਨ ਵੀ ਮਿਲਦਾ ਹੈ। ਇਕ ਵਾਰ ਮੁਕਤਾਮਨੀ ਸਾਹਿਬ ਬਾਂਧਵਗੜ੍ਹ ਨੂੰ ਛੱਡ ਕੇ ਹੰਸਦੀ ਨਦੀ ਦੇ ਕੰਢੇ ਉੱਤੇ ਪਹੁੰਚੇ ਅਤੇ ਭਾਦੋਂ ਦੇ ਮਹੀਨੇ ਵਿਚ ਇਸ਼ਨਾਨ ਕਰਦੇ ਸਮੇਂ ਅਜਿਹੀ ਡੁਬਕੀ ਮਾਰੀ ਕਿ ਕਾਫੀ ਦੂਰ ਜਾ ਕੇ ਨਿਕਲੇ ਅਤੇ ਉਥੇ ਹੀ ਰਹਿਣ ਲੱਗ ਪਏ। ਇਥੇ ਆਪ ਨੇ ਬਾਣੀਆ ਜਾਤੀ ਦੇ ਦੋ ਕੁਸ਼ਟ ਰੋਗੀਆਂ ਦਾ ਝਾੜੂ ਫੇਰ ਕੇ ਕੁਸ਼ਟ ਰੋਗ ਠੀਕ ਕੀਤਾ ਸੀ ਅਤੇ ਉਨ੍ਹਾਂ ਦੀਆਂ ਇਸਤਰੀਆਂ ਨੂੰ ਵਰ ਦਿੱਤਾ। ਛੋਟੀ ਇਸਤਰੀ ਦੀ ਕੁੱਖੋਂ ਸੁਦਰਸ਼ਨ ਨਾਮ ਸਾਹਿਬ ਦਾ ਜਨਮ ਹੋਇਆ ਜਿਹੜਾ ਮੁਕਤਾਮਨੀ ਸਾਹਿਬ ਦੀ ਮੌਤ ਤੋਂ ਮਗਰੋਂ ਗੱਦੀ ਉੱਤੇ ਬੈਠਿਆ। ਇਨ੍ਹਾਂ ਦੇ ਨਾਂ ਨਾਲ ਵੀ ਚਮਤਕਾਰੀ ਘਟਨਾਵਾਂ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਦੀ ਮੌਤ ਤੋਂ ਮਗਰੋਂ ਇਨ੍ਹਾਂ ਦਾ ਪੁੱਤਰ ਕੁਲਪਤੀ ਨਾਮ ਇਨ੍ਹਾਂ ਦਾ ਉਤਰਾਧਿਕਾਰੀ ਬਣਿਆ। ਕੁਲਪਤੀ ਨਾਮ ਦੇ ਨਾਲ ਕੋਈ ਚਮਤਕਾਰੀ ਘਟਨਾ ਦਾ ਵਰਣਨ ਨਹੀਂ ਮਿਲਦਾ ਪਰੰਤੂ ਇਸ ਦੇ ਉਤਰਅਧਿਕਾਰੀ ਪੁੱਤਰ ਪ੍ਰਮੋਦ ਗੁਰੂ ਨੂੰ ਘੋੜੇ ਰੱਖਣ ਦਾ ਸ਼ੌਕ ਸੀ। ਇਨ੍ਹਾਂ ਕੋਲ ਕਾਬਲੀ ਨਸਲ ਦੇ ਵਧੀਆ ਨਸਲ ਦੇ ਘੋੜੇ ਸਨ। ਇਕ ਵਾਰ ਰਤਨਪੁਰ ਦੇ ਬਾਦਸ਼ਾਹ ਨੇ ਆਪਣੇ ਇਕ ਦੂਤ ਨੂੰ ਘੋੜਾ ਖਰੀਦਣ ਲਈ ਪ੍ਰਮੋਦ ਗੁਰੂ ਕੋਲ ਭੇਜਿਆ ਪਰੰਤੂ ਪ੍ਰਮੋਦ ਗੁਰੂ ਨੇ ਘੋੜਾ ਦੇਣ ਤੋਂ ਇਨਕਾਰ ਕਰ ਦਿੱਤਾ। ਬਾਦਸ਼ਾਹ ਨੇ ਕ੍ਰੋਧਿਤ ਹੁੰਦੇ ਹੋਏ ਇਨ੍ਹਾਂ ਨੂੰ ਇਕ ਭਾਰੀ ਪੱਥਰ ਸੁੱਟ ਕੇ ਮਾਰਨ ਦਾ ਯਤਨ ਕੀਤਾ ਪਰੰਤੂ ਇਹ ਬਚ ਗਏ। ਬਾਦਸ਼ਾਹ ਅਕਬਰ ਦੇ ਨਾਲ ਵਾਪਰੀ ਇਕ ਘਟਨਾ ਦਾ ਉਲੇਖ ਵੀ ਪ੍ਰਾਪਤ ਹੁੰਦਾ ਹੈ। ਇਕ ਵਾਰ ਇਹ ਸੰਤਾਂ ਮਹਾਤਮਾਂ ਦੀ ਸੰਗਤ ਕਰਦੇ ਹੋਏ ਦਿੱਲੀ ਪਹੁੰਚੇ। ਬਾਦਸ਼ਾਹ ਨੇ ਸੰਤਾਂ ਦੇ ਸਵਾਗਤ ਲਈ ਵਜਾਏ ਜਾਣ ਵਾਲੇ ਸੰਖ ਵਜਾਉਣ ਦੀ ਮਨਾਹੀ ਕਰ ਦਿੱਤੀ। ਫਲਸਰੂਪ ਜਦੋਂ ਸ਼ਾਹੀ ਸੰਖ ਵਜਾਉਣ ਦਾ ਸਮਾਂ ਹੋਇਆ ਤਾਂ ਇਹ ਸੰਖ ਵੀ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਵਜ ਨਾ ਸਕਿਆ। ਅਕਬਰ ਹਾਥੀ ਦੀ ਸਵਾਰੀ ਕਰਕੇ ਪ੍ਰਮੋਦ ਗੁਰੂ ਕੋਲ ਪਹੁੰਚਿਆ। ਪ੍ਰਮੋਦ ਗੁਰੂ ਵੀ ਸ਼ਿਲਾਖੰਡ ਤੇ ਸਵਾਰ ਹੋ ਕੇ ਬਾਦਸ਼ਾਹ ਨੂੰ ਮਿਲਣ ਲਈ ਚਲ ਪਏ। ਪ੍ਰਮੋਦ ਗੁਰੂ ਦੀ ਆਗਿਆ ਨਾਲ ਸ਼ਿਲਾ ਚਲ ਪਈ। ਇਸ ਚਮਤਕਾਰ ਨੂੰ ਦੇਖਕੇ ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ। ਜਦੋਂ ਪ੍ਰਮੋਦ ਗੁਰੂ ਸ਼ਿਲਾ ਤੋਂ ਉਤਰਿਆ ਤਾਂ ਉਹ ਬਾਦਸ਼ਾਹ ਨੂੰ ਬਾਰਾਂ ਸਾਲ ਦਾ ਦਿਖਾਈ ਦਿੱਤਾ। ਇਸ ਸਮੇਂ ਅਕਬਰ ਨੇ ਹੀ ਉਨ੍ਹਾਂ ਨੂੰ 'ਬਾਲਾਪੀਰ' ਨਾਮ ਦਿੱਤਾ ਸੀ।

ਪ੍ਰਮੋਦ ਗੁਰੂ ਤੋਂ ਮਗਰੋਂ ਇਨ੍ਹਾਂ ਦੇ ਪੁੱਤਰ ਕਵਲਨਾਮ ਅਤੇ ਅਮੋਲ ਨਾਮ ਗੱਦੀ ਉਤੇ ਬੈਠੇ ਸਨ। ਅਮੋਲ ਨਾਮ ਦੇ ਉਤਰਾਧਿਕਾਰੀ ਸੁਰਤਸਨੇਹੀ ਨਾਮ ਨਾਲ ਵੀ ਕਈ ਚਮਤਕਾਰੀ

ਘਟਨਾਵਾਂ ਜੁੜੀਆਂ ਹੋਈਆਂ ਹਨ। ਕਿਹਾ ਜਾਂਦਾ ਹੈ ਕਿ ਇਕ ਵਾਰ ਉਨ੍ਹਾਂ ਨੇ ਸਿਖੌੜੀ ਦੇ ਸੈਨਾਪਤੀ ਮਾਲਗੁਜਾਰ ਦੇ ਮਿਰਤਕ ਪੁੱਤਰ ਨੂੰ ਜੀਵਨਦਾਨ ਦਿੱਤਾ ਸੀ।

ਛਤੀਸਗੜ੍ਹ ਸੰਪ੍ਰਦਾਇ ਦੇ ਉਤਰਕਾਲ ਵਿਚ ਗੱਦੀ ਨਸ਼ੀਨੀ ਲਈ ਬਹੁਤ ਸੰਘਰਸ਼ ਚਲਿਆ ਜਿਸ ਕਰਕੇ ਇਸ ਨੂੰ ਸੰਘਰਸ਼ ਕਾਲ ਕਰਕੇ ਜਾਣਿਆ ਜਾਂਦਾ ਹੈ। ਸੁਰਤਸਨੇਹੀ ਨਾਮ ਦੀ ਅਸਲੀ ਪਤਨੀ ਦੇ ਕੋਈ ਔਲਾਦ ਨਹੀਂ ਸੀ ਜਿਸ ਕਰਕੇ ਉਸ ਨੇ ਹੰਸਪਾਲ ਜਿਸ ਨੂੰ ਮਗਰੋਂ ਦਾਸੀ ਪੁੱਤਰ ਕਿਹਾ ਗਿਆ, ਇਹ ਹਕਨਾਮ ਦੇ ਨਾਂ ਉਤਰਾਧਿਕਾਰੀ ਬਣ ਗਿਆ। ਇਸ ਤੋਂ ਮਗਰੋਂ ਇਸ ਸੰਪ੍ਰਦਾਇ ਵਿਚ ਉਥਲ ਪੁਥਲ ਮੱਚ ਗਈ। ਕਈ ਕਬੀਰ ਪੰਥੀ ਜੋ ਇਸ ਦਾ ਗੱਦੀ ਉੱਤੇ ਬੈਠਣਾ ਪਸੰਦ ਨਹੀਂ ਸਨ ਕਰਦੇ, ਉਨ੍ਹਾਂ ਨੇ ਇਸ ਨਾਲੋਂ ਆਪਣੇ ਸੰਬੰਧ ਤੋੜ ਲਏ ਅਤੇ ਆਪਣੀਆਂ ਨਵੀਆਂ ਸੰਪ੍ਰਦਾਵਾਂ ਸਥਾਪਤ ਕੀਤੀਆਂ। ਹਕਨਾਮ ਤੋਂ ਮਗਰੋਂ ਇਸ ਦਾ ਪੁੱਤਰ ਪਕਨਾਮ ਇਸ ਦਾ ਉਤਰਾਧਿਕਾਰੀ ਬਣਿਆ। ਇਹ ਇਕ ਬੁੱਧੀਮਾਨ ਵਿਅਕਤੀ ਸੀ। ਇਸ ਨੇ ਪੰਥਕ ਏਕਤਾ ਅਤੇ ਇਸ ਦੀ ਉੱਨਤੀ ਲਈ ਅਨੇਕਾਂ ਯਤਨ ਕੀਤੇ। ਇਸ ਦੇ ਸਮੇਂ ਵਿਚ ਅਫਰੀਕਾ ਅਤੇ ਇਸ ਦੇ ਨੇੜਲੇ ਟਾਪੂਆਂ ਵਿਚ ਕਬੀਰ ਪੰਥ ਦਾ ਪ੍ਰਚਾਰ ਹੋਣ ਲੱਗਾ।

ਛਤੀਸਗੜ੍ਹ ਸ਼ਾਖਾ ਦੇ ਗੁਰੂ ਪ੍ਰਗਟਨਾਮ ਦੀ ਮੌਤ ਤੋਂ ਬਾਅਦ ਇਸ ਸ਼ਾਖਾ ਦੇ ਇਤਿਹਾਸ ਵਿਚ ਸ਼ਾਂਤੀ ਫੈਲ ਗਈ। ਪ੍ਰਗਟਨਾਮ ਦੀਆਂ ਦੋ ਪਤਨੀਆਂ ਸਨ। ਇਕ ਜਾਇਜ਼ ਅਤੇ ਦੂਜੀ ਨਜਾਇਜ਼। ਅਸਲੀ ਪਤਨੀ ਦੀ ਕੁੱਖੋਂ ਧੀਰਜਨਾਮ ਅਤੇ ਨਜਾਇਜ ਪਤਨੀ ਦੀ ਕੁੱਖੋਂ ਉਗਰਨਾਮ ਪੈਦਾ ਹੋਏ। ਵਿਦਵਤਾ, ਵਿਚਾਰ ਅਤੇ ਵਿਵੇਕ ਦੀ ਦ੍ਰਿਸ਼ਟੀ ਤੋਂ ਉਗਰਨਾਮ ਦਾ ਵਿਅਕਤੀਤਵ ਧੀਰਜਨਾਮ ਤੋਂ ਵੱਡਾ ਸੀ। ਪ੍ਰਗਟਨਾਮ ਦੀ ਮੌਤ ਤੋਂ ਮਗਰੋਂ ਗੱਦੀ ਲਈ ਇਨ੍ਹਾਂ ਦੋਨਾਂ ਵਿਚਕਾਰ ਸੰਘਰਸ਼ ਹੋਇਆ। ਅਖੀਰੀ ਫੈਸਲਾ ਅਦਾਲਤ ਦੁਆਰਾ ਕੀਤਾ ਗਿਆ। ਅਦਾਲਤ ਨੇ ਪ੍ਰਗਟਨਾਮ ਦੀ ਅਸਲ ਪਤਨੀ ਦੇ ਪੁੱਤਰ ਧੀਰਜਨਾਮ ਨੂੰ ਹੀ ਗੱਦੀ ਦਾ ਹੱਕਦਾਰ ਕਰਾਰ ਦਿੱਤਾ ਗਿਆ। ਇਹ ਇਸ ਸੰਪ੍ਰਦਾਇ ਦਾ ਬਾਰਵਾਂ ਗੁਰੂ ਮੰਨਿਆ ਗਿਆ। ਇਸ ਤੋਂ ਮਗਰੋਂ ਉਗਰਨਾਮ ਛਤੀਸਗੜ੍ਹ ਸ਼ਾਖਾ ਦਾ ਉੱਤਰਾਧਿਕਾਰੀ ਬਣਿਆ। ਇਸ ਦੇ ਸਮੇਂ ਵਿਚ ਕਬੀਰ ਪੰਥ ਦਾ ਬਹੁਤ ਪ੍ਰਚਾਰ ਅਤੇ ਪ੍ਰਸਾਰ ਹੋਇਆ। ਇਸ ਦੇ ਕਾਲ ਵਿਚ ਕਬੀਰ ਪੰਥੀਆਂ ਦਾ ਇਕ ਵਿਸ਼ਾਲ ਸੰਮੇਲਨ ਹੋਇਆ ਜਿਹੜਾ ਪੰਜ ਮਹੀਨੇ ਤੱਕ ਚਲਿਆ। ਇਸ ਸਮੇਂ ਵਿਚ ਸਾਹਿਤ ਦਾ ਮੁੱਲ ਖਜ਼ਾਨਾ ਸਾਹਮਣੇ ਆਇਆ। ਇਸ ਨੇ 'ਕਬੀਰ ਮੰਸ਼ੂਰ' ਦਾ ਹਿੰਦੀ ਅਨੁਵਾਦ ਪ੍ਰਕਾਸ਼ਤ ਕਰਨ ਦੀ ਆਗਿਆ ਦਿੱਤੀ। ਲਖਨਊ ਵਿਚ ਬਹੁਤ ਸਾਰੇ ਕਬੀਰ ਪੰਥੀ ਗ੍ਰੰਥ ਪ੍ਰਕਾਸ਼ਿਤ ਹੋਣ ਲੱਗ ਪਏ। ਪੁਰਾਣੇ ਗ੍ਰੰਥਾਂ ਤੋਂ ਇਲਾਵਾ ਬਹੁਤ ਸਾਰੇ ਨਵੇਂ ਗ੍ਰੰਥਾਂ ਦੀ ਰਚਨਾ ਹੋਣ ਲੱਗੀ। ਫਲਸਰੂਪ ਮਹੰਤ ਸ਼ੰਭੂਦਾਸ ਇੰਦੌਰੀ ਦੀ ਕ੍ਰਿਤ 'ਕਬੀਰ ਸਿਧਾਂਤ-ਬੋਧਨੀ' ਦਾ ਪ੍ਰਕਾਸ਼ਨ ਹੋਇਆ ਅਤੇ ਯੁਗਲਾ ਨੰਦ ਬਿਹਾਰੀ ਦੁਆਰਾ ਸੰਪਾਦਿਤ 'ਕਬੀਰ ਸਾਗਰ' ਅਤੇ 'ਕਬੀਰ ਉਪਾਸਨਾ' ਦਾ ਇਨਾਂ ਪ੍ਰਚਾਰ ਹੋਇਆ ਕਿ ਇਸ ਦੀਆਂ ਅਨੇਕਾਂ ਪੁਸਤਕਾਂ ਧੜਾ ਧੜ ਵਿਕ ਗਈਆਂ। ਸੰਮਤ 1963-64 ਵਿਚ ਇਕ ਸੰਤ ਸਮਾਗਮ ਕੀਤਾ ਗਿਆ ਜਿਸ ਵਿਚ ਪ੍ਰਾਚੀਨ ਗ੍ਰੰਥਾ ਦੇ ਸੰਸ਼ੋਧਨ ਅਤੇ ਪ੍ਰਕਾਸ਼ਨ ਦੀ ਸਮੱਸਿਆ ਉਤੇ ਵਿਚਾਰ ਕੀਤੀ ਗਈ। ਇਸ ਸਮਾਗਮ ਦੇ ਫਲਸਰੂਪ ਦਾਮਾਖੇੜਾ ਵਿਚ 'ਕਬੀਰ ਧਰਮ ਪ੍ਰਕਾਸ਼ ਪ੍ਰੈਸ' ਸ਼ੁਰੂ ਕੀਤਾ ਜਿਸ ਵਿਚ ਕਬੀਰ ਪੰਥੀ ਗ੍ਰੰਥਾਂ ਤੋਂ ਇਲਾਵਾ ਵਿਭਿੰਨ ਪ੍ਰਕਾਰ ਦੀਆਂ ਮਾਸਕ ਪੱਤਰਕਾਵਾਂ ਵੀ ਸ਼ੁਰੂ ਕੀਤੀਆਂ ਗਈਆਂ।

ਛਤੀਸਗੜ੍ਹੀ ਸੰਪ੍ਰਦਾਇ ਦਾ ਅਗਲਾ ਉਤਰਾਧਿਕਾਰੀ ਦਿਆਨਾਮ ਗੱਦੀ ਉੱਤੇ ਬੈਠਿਆ। ਇਸ ਦੀਆਂ ਤਿੰਨ ਪਤਨੀਆਂ ਸਨ ਪਰੰਤੂ ਇਸ ਦੇ ਕੋਈ ਔਲਾਦ ਨਹੀਂ ਸੀ। ਇਸ ਸ਼ਾਖਾ ਦੇ ਭਵਿੱਖ ਨੂੰ ਲੈ ਕੇ ਕਬੀਰ ਪੰਥੀਆਂ ਵਿਚ ਚਿੰਤਾ ਪੈਦਾ ਹੋਣੀ ਸੁਭਾਵਿਕ ਸੀ। ਕਬੀਰ ਪੰਥੀਆਂ ਨੇ 'ਕਬੀਰ ਕੌਂਸਲ' ਦੀ ਸਥਾਪਨਾ ਕੀਤੀ ਜਿਸ ਦੇ 81 ਮਹੰਤਾਂ ਨੂੰ ਮੈਂਬਰ ਬਣਾਇਆ ਗਿਆ। ਇਸ ਨਾਲ ਕੁਝ ਕਬੀਰ ਪੰਥੀਆਂ ਨੇ ਇਸ ਦਾ ਵਿਰੋਧ ਕਰਦੇ ਹੋਏ ਇਸ ਨੂੰ ਖਤਮ ਕਰਨ ਲਈ ਜ਼ੋਰ ਦਿੱਤਾ ਅਤੇ ਕਿਸੇ ਯੋਗ ਵਿਅਕਤੀ ਨੂੰ ਬੰਸ ਆਚਾਰੀਆ ਮੰਨ ਕੇ ਗੱਦੀ ਉਤੇ ਬਿਠਾਏ ਜਾਣ ਦੀ ਮੰਗ ਕੀਤੀ। ਅਜੇ ਇਹ ਵਿਵਾਦ ਚਲ ਹੀ ਰਿਹਾ ਸੀ ਕਿ ਓਧਰ ਧਰਮਦਾਸ ਦੀ ਬੰਸ ਵਿਚ ਪੈਦਾ ਹੋਏ ਕਿਸੇ ਬਾਲਕ ਨੂੰ ਦਿਆਨਾਮ ਦੀਆਂ ਪਤਨੀਆਂ ਨੇ ਗੋਦ ਲੈ ਲਿਆ ਅਤੇ ਸੰਮਤ 1994 ਵਿਚ ਉਸ ਨੂੰ ਗਰੰਧਰਮੁਨੀ ਦੇ ਨਾਲ ਨਾਲ ਆਚਾਰੀਆ ਘੋਸ਼ਿਤ ਕਰ ਦਿੱਤਾ ਅਤੇ ਇਸ ਦੇ ਬਾਲਕ ਹੋਣ ਤੱਕ ਇਸ ਦੀਆਂ ਮਾਤਾਵਾਂ ਨੇ ਹੀ ਕਾਰਜ ਸੰਭਾਲਿਆ। ਸੰਮਤ 2010 ਵਿਚ ਬਾਲਗ ਹੋਣ ਨਾਲ ਹੀ ਇਸ ਨੇ ਕਾਰਜ ਭਾਗ ਸੰਭਾਲਿਆ।

ਛਤੀਸਗੜ੍ਹ ਸੰਪ੍ਰਦਾਇ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਇਸ ਸੰਪ੍ਰਦਾਇ ਦੇ ਗੱਦੀ ਉਤੇ ਬੈਠਣ ਵਾਲੇ ਆਚਾਰੀਆ ਲਈ ਕੋਈ ਵਿਸ਼ੇਸ਼ ਯੋਗਤਾਵਾਂ ਨਿਰਧਾਰਤ ਨਹੀਂ ਸਨ ਸਗੋਂ ਇਕ ਪਿਤਰ ਪੁਰਖੀ ਅਧਿਕਾਰੀ ਕਾਫੀ ਸਮਝਿਆ ਜਾਂਦਾ ਸੀ। ਛਤੀਸਗੜ੍ਹੀ ਸੰਪ੍ਰਦਾਇ ਆਪਣੇ ਯੋਗ ਆਚਾਰੀਆ ਦੇ ਬਣਾਏ ਉਤਕ੍ਰਿਸ਼ਟ ਨਿਯਮਾਂ ਕਾਰਨ ਸੰਘਰਸ਼ਮਈ ਸਮਿਆਂ ਦੌਰਾਨ ਵੀ ਵੱਧਦੀ ਫੁੱਲਦੀ ਰਹੀ ਹੈ। ਇਸ ਦੀਆਂ ਅਨੇਕਾਂ ਉਪ-ਸ਼ਾਖਾਵਾਂ ਭਾਰਤ ਦੇ ਵੱਖ ਵੱਖ ਸਥਾਨਾਂ ਜਿਵੇਂ ਦਾਮਾਖੇੜਾ, ਕਵਰਧਾ, ਸਾਗਰ, ਬਮਰੀ, ਖੈਰਾ (ਬਿਹਾਰ), ਬੜੌਦਾ, ਦਾਰਗੀਆ, ਮੁਹੱਲਾ ਸੂਰਤ ਛਾਪਾਂ (ਨਾਗਪੁਰ), ਲਾਲ ਦਰਵਾਜਾ ਸੂਰਤ, ਜਾਲੌਨ, ਧਨੌਰਾ ਆਦਿ ਵਿਚ ਸਥਾਪਤ ਹੋ ਗਈਆਂ।

## ਕਬੀਰ ਪੰਥ ਦੀਆਂ ਹੋਰ ਉਪ ਸੰਪ੍ਰਦਾਵਾਂ

ਕਬੀਰ ਪੰਥ ਦੀਆਂ ਕੁਝ ਹੋਰ ਉਪ-ਸੰਪ੍ਰਦਾਵਾਂ ਵਿਚ ਫਤੂਹਾ ਪਟਨਾ, ਕਬੀਰਚੌਰਾ ਜਗਦੀਸ਼ਪੁਰੀ, ਕਬੀਰ ਨਿਰਣੈ ਮੰਦਿਰ ਬੁਰਹਾਨਪੁਰ, ਅਚਾਰੀਆ ਗੱਦੀ ਬੜੈਈਆ ਜੌਨਪੁਰ ਆਦਿ ਦੇ ਨਾਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ ਜਿਹੜੀਆਂ ਆਪਣੇ ਵਿਧੀ ਵਿਧਾਨ ਅਨੁਸਾਰ ਕਬੀਰ ਪੰਥ ਦੇ ਪ੍ਰਚਾਰ ਲਈ ਕਾਰਜਸ਼ੀਲ ਹਨ। ਇਹ ਸ਼ਾਖਾਵਾਂ ਪਹਿਲਾਂ ਕਬੀਰ ਪੰਥ ਦੀ ਕਿਸੇ ਨਾ ਕਿਸੇ ਸੰਪ੍ਰਦਾਇ ਨਾਲ ਸਬੰਧਤ ਸਨ ਪਰੰਤੂ ਹੁਣ ਇਹ ਆਪਣੇ ਸੁਤੰਤਰ ਰੂਪ ਅਖ਼ਤਿਆਰ ਕਰ ਚੁੱਕੀਆਂ ਹਨ। ਇਨ੍ਹਾਂ ਦਾ ਵਿਵਰਣ ਨਿਮਨ ਅਨੁਸਾਰ ਦਿਤਾ ਜਾ ਰਿਹਾ ਹੈ -

### ਫਤੂਹਾ ਪਟਨਾ

ਇਹ ਕਬੀਰ ਪੰਥ ਦੀ ਇਕ ਪ੍ਰਮੁਖ ਸੰਪ੍ਰਦਾਇ ਮੰਨੀ ਜਾਂਦੀ ਹੈ ਜਿਹੜੀ ਫਤੂਹਾ ਨਾਂ ਦੇ ਇਕ ਪਿੰਡ ਵਿਚ ਸਥਾਪਤ ਕੀਤੀ ਗਈ ਸੀ। ਇਸ ਸੰਪ੍ਰਦਾਇ ਦੇ ਆਚਾਰੀਆ ਦੀ ਧਾਰਨਾ ਹੈ ਕਿ ਇਸ ਸੰਪ੍ਰਦਾਇ ਦੇ ਸਭ ਤੋਂ ਪਹਿਲੇ ਪਰਵਰਤਕ ਜੀਵਾ ਜੀ ਸਨ ਜੋ ਕਬੀਰ ਸਾਹਿਬ ਦੇ ਪ੍ਰਮੁਖ ਸ਼ਿਸ਼ ਹਨ। ਕਬੀਰ ਪੰਥ ਦੇ ਅਨੁਆਈਆਂ ਦਾ ਮਤ ਹੈ ਕਿ ਤਤਵਾਜੀ ਅਤੇ ਜੀਵਾ ਜੀ ਦੋ ਸਕੇ ਭਰਾ ਸਨ ਅਤੇ ਦੋਨੋਂ ਹੀ ਕਬੀਰ ਸਾਹਿਬ ਦੇ ਅਨਿਨ ਭਗਤ ਸਨ। ਕਿਹਾ ਜਾਂਦਾ ਹੈ ਕਿ ਤੱਤਾ

ਜੀਵਾ ਨੇ ਕਬੀਰ ਸਾਹਿਬ ਦੇ ਚਰਨਾਂ ਦੀ ਛੋਹ ਪ੍ਰਾਪਤ ਕੀਤੀ ਅਤੇ ਕਬੀਰ ਸਾਹਿਬ ਤੋਂ ਪ੍ਰਾਪਤ ਕੀਤੇ ਜਲ ਦੀ ਸਹਾਇਤਾ ਨਾਲ ਇਕ ਸੁੱਕੇ ਹੋਏ ਬ੍ਰਿਛ ਨੂੰ ਹਰਾ ਭਰਾ ਕਰ ਦਿੱਤਾ ਸੀ। ਨਰਮਦਾ ਨਦੀ ਦੇ ਕੰਢੇ ਉੱਤੇ ਸਥਿਤ ਇਹ ਦਰਖਤ ਅਜ ਵੀ 'ਕਬੀਰ ਵੱਟ' ਦੇ ਨਾਂ ਨਾਲ ਪ੍ਰਸਿੱਧ ਹੈ ਅਤੇ ਇਹ ਧਾਰਨਾ ਵੀ ਬਹੁਤ ਪ੍ਰਸਿੱਧ ਹੈ ਕਿ ਕਬੀਰ ਸਾਹਿਬ ਇਥੇ ਕਈ ਦਿਨ ਤੱਕ ਠਹਿਰੇ ਸਨ। ਇਥੇ ਇਕ ਮੰਦਰ ਬਣਿਆ ਹੋਇਆ ਹੈ ਜਿਸ ਉੱਤੇ ਰਾਮ ਕਬੀਰ ਪੰਥੀਆਂ ਦਾ ਅਧਿਕਾਰ ਹੈ। ਹੁਣ ਤੱਕ ਇਸ ਮੱਠ ਦੇ 22 ਆਚਾਰੀਆ ਹੋ ਚੁੱਕੇ ਹਨ। ਆਰਥਕ ਪੱਖ ਤੋਂ ਇਹ ਖੁਸ਼ਹਾਲ ਸੰਪ੍ਰਦਾਇ ਹੈ। ਇਸ ਸੰਪ੍ਰਦਾਇ ਦੇ ਨਾਂ ਸੈਂਕੜੇ ਏਕੜ ਜ਼ਮੀਨ ਹੈ ਜਿਸ ਦੀ ਆਮਦਨ ਨਾਲ ਇਹ ਵਿਦਿਆ ਦਾ ਪ੍ਰਸਾਰ ਕਰਦੇ ਹਨ। ਇਸ ਸੰਪ੍ਰਦਾਇ ਦੁਆਰਾ ਇਕ ਸੰਸਕ੍ਰਿਤ ਵਿਦਿਆਲਿਆ ਅਤੇ ਇਕ ਹਾਈ ਸਕੂਲ ਵੀ ਚਲਾਇਆ ਜਾਂਦਾ ਹੈ।

### ਕਬੀਰ ਨਿਰਣੈ ਮੰਦਿਰ ਬੁਰਹਾਨਪੁਰ

ਕਬੀਰ ਪੰਥ ਦੀ ਇਹ ਇਕ ਵਿਸ਼ੇਸ਼ ਸੰਪ੍ਰਦਾਇ ਹੈ। ਡਾ. ਐਫ.ਈ.ਕੀ. ਨੇ ਇਸ ਸ਼ਾਖਾ ਨੂੰ ਕਬੀਰਚੌਰਾ ਨਾਲ ਸਬੰਧਤ ਦੱਸਿਆ ਹੈ। ਇਸ ਕਥਨ ਦੀ ਪੁਸ਼ਟੀ ਲਈ ਵਿਦਵਾਨ ਲੇਖਕ ਨੇ ਕੋਈ ਸਪਸ਼ਟ ਪ੍ਰਮਾਣ ਨਹੀਂ ਦਿੱਤਾ। ਇਸ ਸੰਪ੍ਰਦਾਇ ਦੇ ਆਚਾਰੀਆ ਦਾ ਮਤ ਹੈ ਕਿ ਇਹ ਸੰਪ੍ਰਦਾਇ ਕਿਸੇ ਹੋਰ ਸੰਪ੍ਰਦਾਇ ਨਾਲ ਸਬੰਧ ਨਾ ਹੋ ਕੇ ਇਕ ਸੁਤੰਤਰ ਸ਼ਾਖਾ ਹੈ। ਕਿਹਾ ਜਾਂਦਾ ਹੈ ਕਿ ਪੂਰਣ ਸਾਹਿਬ ਨੇ ਪਾਕਨਾਮ ਸਾਹਿਬ ਤੋਂ ਪੰਜਾ ਲਿਆ ਸੀ, ਪੂਰਣ ਸਾਹਿਬ ਪਹਿਲਾਂ ਕਵਰਧਾ ਵਿਚ ਰਹਿੰਦੇ ਸਨ ਅਤੇ ਇਨ੍ਹਾਂ ਦੇ ਵਿਅਕਤੀਤਵ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਲੋਕਾਂ ਨੇ ਇਨ੍ਹਾਂ ਤੋਂ ਮੰਤਰ ਲੈਣਾ ਆਰੰਭ ਕਰ ਦਿੱਤਾ ਜੋ ਆਚਾਰੀਆ ਸੰਪ੍ਰਦਾਇ ਦੇ ਨਿਯਮਾਂ ਦੇ ਵਿਰੁੱਧ ਸੀ। ਕਮੇਟੀ ਦੇ ਨਿਰਣੈ ਅਨੁਸਾਰ ਇਨ੍ਹਾਂ ਨੂੰ ਦੰਡ ਦੇ ਕੇ ਇਕ ਕੋਠੜੀ ਵਿਚ ਬੰਦ ਕਰ ਦਿੱਤਾ। ਪੂਰਣ ਸਾਹਿਬ ਨੇ ਕੈਦ ਵਿਚ ਹੀ ਪਾਕਨਾਮ ਦਾ ਜਾਪ ਸ਼ੁਰੂ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਜਦੋਂ ਅੰਤਮ ਪਦ ਸਮਾਪਤ ਹੋਇਆ ਤਾਂ ਕੋਠੜੀ ਦਾ ਫਾਟਕ ਆਪਣੇ ਆਪ ਖੁੱਲ੍ਹ ਗਿਆ। ਇਹ ਬੁਰਹਾਨਪੁਰ ਵਾਪਸ ਆ ਗਏ ਅਤੇ ਇਥੇ ਇਨ੍ਹਾਂ ਇਕ ਸੁਤੰਤਰ ਸੰਪ੍ਰਦਾਇ ਦੀ ਸਥਾਪਨਾ ਕੀਤੀ।

### ਬੜੌਈਆ ਜੌਨਪੁਰ

ਕਬੀਰ ਪੰਥ ਦੀ ਇਹ ਇਕ ਮਹੱਤਵਪੂਰਨ ਸੰਪ੍ਰਦਾਇ ਹੈ ਜਿਹੜੀ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਵਿਚ ਕਾਸ਼ੀ ਦੇ ਪੱਛਮ ਵੱਲ 37 ਮੀਲ (76 ਕਿ.ਮੀ.) ਦੂਰ ਸੁਰੀਆਵਾਂ ਦੇ ਰੇਲਵੇ ਸਟੇਸ਼ਨ ਤੋਂ 6 ਮੀਲ (10 ਕਿ.ਮੀ.) ਵਰੁਣਾ ਨਦੀ ਦੇ ਕੰਢੇ ਉੱਤੇ ਬੜੌਈਆ ਨਾਂ ਦੇ ਇਕ ਪਿੰਡ ਵਿਚ ਸਥਾਪਤ ਕੀਤੀ ਗਈ। ਇਥੋਂ ਦੇ ਆਚਾਰੀਆ ਇਸ ਨੂੰ ਸੁਤੰਤਰ ਸੰਪ੍ਰਦਾਇ ਮੰਨਦੇ ਹਨ। ਇਸ ਦੇ ਪ੍ਰਥਮ ਆਚਾਰੀਆ ਸਤਿਗੁਰੂ ਮਦਨ ਸਾਹਿਬ ਸਨ। ਇਨ੍ਹਾਂ ਦਾ ਜਨਮ ਜੌਨਪੁਰ ਤੋਂ 4 ਮੀਲ (6 ਕਿ.ਮੀ.) ਦੂਰ ਖਰੌਨਾਂ ਨਾਂ ਦੇ ਇਕ ਪਿੰਡ ਵਿਚ ਹੋਇਆ। ਕਬੀਰ ਪੰਥੀ ਸਾਹਿਤ ਵਿਚ ਇਨ੍ਹਾਂ ਦਾ ਜਿਕਰ ਇਕ ਉੱਚ ਕੋਟੀ ਦੇ ਭਗਤ ਵਜੋਂ ਕੀਤਾ ਜਾਂਦਾ ਹੈ। ਇਕ ਦੰਦ ਕਥਾ ਅਨੁਸਾਰ ਕਬੀਰ ਸਾਹਿਬ ਨੇ ਇਸ ਨੂੰ 'ਰਾਧਾਪਤੀ' ਦੇ ਰੂਪ ਵਿਚ ਦਰਸ਼ਨ ਦਿੱਤੇ ਸਨ ਜਿਸ ਦੀ ਪੁਸ਼ਟੀ ਇਨ੍ਹਾਂ ਦੀ ਕਹੀ ਜਾਣ ਵਾਲੀ ਪੁਸਤਕ 'ਨਾਮਪ੍ਰਕਾਸ਼' ਤੋਂ ਹੁੰਦੀ ਹੈ। ਸਤਿਗੁਰੂ ਮਦਨ ਸਾਹਿਬ

ਦਾ ਵਿਸ਼ਵਾਸ ਸੀ ਕਿ ਕਬੀਰ ਸਾਹਿਬ ਸ੍ਰਿਸ਼ਟੀ ਦੇ ਕਣ ਕਣ ਵਿਚ ਸਮਾਏ ਹੋਏ ਹਨ। ਆਚਾਰੀਆ ਮਦਨ ਸਾਹਿਬ ਨੇ 'ਨਾਮਪ੍ਰਕਾਸ਼' ਤੋਂ ਇਲਾਵਾ 'ਸ਼ਬਦ ਬਿਲਾਸ' ਨਾ ਦੇ ਗ੍ਰੰਥ ਦੀ ਰਚਨਾ ਵੀ ਕੀਤੀ। ਇਹ ਗ੍ਰੰਥ ਮਦਨ ਸਾਹਿਬ ਦੀ ਉਤਕ੍ਰਿਸ਼ਟ ਭਗਤੀ ਭਾਵਨਾ ਦਾ ਪ੍ਰਤੀਕ ਹੈ। ਸੰਮਤ 1911 ਵਿਚ ਸ਼ਾਹਬਾਦ ਜ਼ਿਲ੍ਹੇ ਦੇ ਡੁਮਰਾਵ ਨਾਂ ਦੇ ਸਥਾਨ ਤੇ ਇਨ੍ਹਾਂ ਦੀ ਮੌਤ ਹੋ ਗਈ। ਇਥੇ ਇਨ੍ਹਾਂ ਦੀ ਇਕ ਸਮਾਧੀ ਵੀ ਬਣਾਈ ਗਈ ਹੈ। ਕਿਹਾ ਜਾਂਦਾ ਹੈ ਕਿ ਮਦਨ ਸਾਹਿਬ ਦੀ ਮੌਤ ਤੋਂ ਮਗਰੋਂ ਇਨ੍ਹਾਂ ਦੇ ਇਕ ਸ਼ਿਸ਼ ਦੂਲਮਪਤੀ ਨੇ ਆਪਣੀ ਸਾਰੀ ਜਾਇਦਾਦ ਵੇਚ ਕੇ ਇਸ ਸ਼ਾਖਾ ਦੀ ਗੱਦੀ ਸਥਾਪਤ ਕੀਤੀ। ਇਸ ਲਈ ਦੂਲਮਪਤੀ ਨੂੰ ਹੀ ਇਸ ਦਾ ਪ੍ਰਥਮ ਆਚਾਰੀਆ ਮੰਨਿਆ ਜਾਂਦਾ ਹੈ। ਇਸ ਤੋਂ ਮਗਰੋਂ ਇਸ ਸੰਪ੍ਰਦਾਇ ਦੇ ਬਣਨ ਵਾਲੇ ਆਚਾਰੀਆ ਵਿਚ ਵਿਵੇਕਪਤੀ ਸਾਹਿਬ ਅਤੇ ਗੁਰਸ਼ਰਣਪਤੀ ਸ਼ਾਮਲ ਹਨ। ਆਚਾਰੀਆ ਦੂਲਮਪਤੀ ਸਾਹਿਬ, ਵਿਵੇਕਪਤੀ ਅਤੇ ਗੁਰਸ਼ਰਣਪਤੀ ਸਾਹਿਬ ਦੀਆਂ ਸਮਾਧੀਆਂ ਬੜੱਈਆ ਵਿਖੇ ਹੀ ਸਥਾਪਤ ਕੀਤੀਆਂ ਗਈਆਂ ਹਨ। ਇਸ ਸ਼ਾਖਾ ਦੇ ਵਰਤਮਾਨ ਆਚਾਰੀਆ ਪ੍ਰਕਾਸ਼ਪਤੀ ਸਾਹਿਬ ਹਨ। ਇਨ੍ਹਾਂ ਸਬੰਧੀ ਕਿਹਾ ਜਾਂਦਾ ਹੈ ਕਿ ਇਨ੍ਹਾਂ ਨੇ ਪੰਜਾਬ ਵਿਚ ਰਹਿ ਕੇ ਸੰਸਕ੍ਰਿਤ ਦਾ ਅਧਿਐਨ ਕੀਤਾ ਸੀ।

ਕਬੀਰ ਪੰਥ ਦੀਆਂ ਉਕਤ ਸ਼ਾਖਾਵਾਂ ਤੋਂ ਇਲਾਵਾ ਹੋਰ ਵੀ ਕਈ ਸੰਪ੍ਰਦਾਵਾਂ ਹਨ ਜਿਹੜੀਆਂ ਕਬੀਰ ਪੰਥ ਦੇ ਸਿਧਾਂਤਾਂ ਨੂੰ ਪ੍ਰਚਾਰਨ ਦਾ ਕਾਰਜ ਕਰਦੀਆਂ ਹਨ ਜਿਨ੍ਹਾਂ ਵਿਚ ਧਾਮੀ, ਸਤਨਾਮੀ, ਨਿਰੰਜਣੀ, ਕਬੀਰ ਬੰਸੀ, ਰਾਮ ਕਬੀਰ ਪੰਥ, ਉਦੈ ਪੰਥ, ਪਨਿਕਾ ਕਬੀਰ ਪੰਥੀ, ਸਾਹਿਬਦਾਸੀ ਅਤੇ ਟਕਸਰੀ ਆਦਿ ਸ਼ਾਮਲ ਹਨ। ਕਬੀਰ ਪੰਥ ਵਧੇਰੇ ਕਰਕੇ ਪ੍ਰਚਾਰ ਅਤੇ ਪ੍ਰਸਾਰ ਭਾਰਤ ਵਿਚ ਉੱਤਰ ਪ੍ਰਦੇਸ, ਬਿਹਾਰ, ਮੱਧ ਪ੍ਰਦੇਸ਼ ਅਤੇ ਗੁਜਰਾਤ ਵਿਚ ਹੋਇਆ ਹੈ।

### ਕਬੀਰ ਪੰਥੀ ਸਾਹਿਤ

ਕਬੀਰ ਪੰਥ ਵਿਚ ਵਿਸਤ੍ਰਿਤ ਸਾਹਿਤ ਰਚਿਆ ਗਿਆ ਹੈ। ਇਹ ਸਾਹਿਤ ਵਧੇਰੇ ਕਰਕੇ ਪੌਰਾਣਿਕ ਕਥਾਵਾਂ, ਕਰਮਕਾਂਡਾਂ, ਗੋਸ਼ਟੀਆਂ ਅਤੇ ਸੰਵਾਦਾਂ ਨਾਲ ਸੰਬੰਧਤ ਹੈ। ਕਬੀਰ ਪੰਥੀ ਸਾਹਿਤ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ ਪੌਰਾਣਿਕ ਕਥਾਵਾਂ, ਕਰਮਕਾਂਡਾਂ ਅਤੇ ਗੋਸ਼ਟੀਆਂ ਦੇ ਸਾਹਿਤ ਨੂੰ ਸੰਮਿਲਤ ਕੀਤਾ ਜਾ ਸਕਦਾ ਹੈ। ਦੂਜੇ ਭਾਗ ਵਿਚ ਕਬੀਰ ਪੰਥ ਦੇ ਬ੍ਰਹਮਉਪਚਾਰਾਂ ਦਾ ਵਰਣਨ ਕੀਤਾ ਗਿਆ ਹੈ। ਤੀਜੇ ਭਾਗ ਵਿਚ ਕਬੀਰ ਪੰਥ ਦੇ ਸਿਧਾਂਤਾਂ ਦੀ ਅਭਿਵਿਅਕਤੀ ਹੁੰਦੀ ਹੈ। ਕਬੀਰ ਪੰਥ ਦੀਆਂ ਕਈ ਅਜਿਹੀਆਂ ਰਚਨਾਵਾਂ ਹਨ ਜਿਹੜੀਆਂ 'ਬੀਜਕ' ਗ੍ਰੰਥ ਦੇ ਭਾਸ਼ਾ ਰੂਪ ਨੂੰ ਆਧਾਰ ਬਣਾ ਕੇ ਲਿਖੀਆਂ ਗਈਆਂ ਹਨ। ਇਨ੍ਹਾਂ ਰਚਨਾਵਾਂ ਵਿਚ ਭਾਸ਼ਾ ਵਿਗਿਆਨੀਆਂ ਨੇ ਆਪਣੇ ਤਰਕਵਾਦੀ ਵਿਚਾਰਾਂ ਨੂੰ ਆਧਾਰ ਬਣਾਇਆ ਹੈ। ਇਸ ਪ੍ਰਕਾਰ ਦੇ ਗ੍ਰੰਥਾਂ ਦੀ ਰਚਨਾ ਵਧੇਰੇ ਕਰਕੇ ਧਨੌਤੀ ਅਤੇ ਕਬੀਰਚੌਰਾ ਸ਼ਾਖਾ ਦੇ ਅਨੁਆਈਆਂ ਨੇ ਕੀਤੀ ਹੈ। ਛਤੀਸਗੜ੍ਹੀ ਸੰਪ੍ਰਦਾਇ ਵਿਚ ਜ਼ਿਆਦਾਤਰ ਸਾਹਿਤ ਪੌਰਾਣਿਕ ਅਤੇ ਬ੍ਰਹਮਉਪਚਾਰ ਨਾਲ ਸਬੰਧਤ ਸਾਹਿਤ ਉਪਲਬਧ ਹੁੰਦਾ ਹੈ। ਇਸ ਸ਼੍ਰੇਣੀ ਵਿਚ ਸੁਖਨਿਧਾਨ, ਗੁਰੂ ਮਹਾਤਮ, ਅਗਰਮੂਲ, ਗੋਰਖ ਗੋਸ਼ਟੀ, ਅਨੁਰਾਗ ਸਾਗਰ, ਨਿਰੰਜਨ ਬੋਧ ਅਤੇ 'ਕਬੀਰ ਮਨਸ਼ੂਰ' ਜਿਹੀਆਂ ਰਚਨਾਵਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਕਬੀਰ ਪੰਥ ਦੀਆਂ ਦੂਜੀਆਂ ਸੰਪ੍ਰਦਾਵਾਂ ਵਿਚ ਮੁਕਾਬਲਤਨ ਮਤ ਪ੍ਰਚਾਰ ਦਾ ਕਾਰਜ ਵਧੇਰੇ ਦ੍ਰਿੜਤਾ ਨਾਲ ਹੋਇਆ ਹੈ।

ਕਬੀਰ ਪੰਥੀ ਸਾਹਿਤ ਵਿਭਿੰਨ ਭਾਸ਼ਾਵਾਂ ਵਿਚ ਉਪਲਬਧ ਹੁੰਦਾ ਹੈ। ਇਹ ਸਾਹਿਤ ਜ਼ਿਆਦਾਤਰ ਹਿੰਦੀ ਭਾਸ਼ਾ ਵਿਚ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ ਉਰਦੂ, ਸੰਸਕ੍ਰਿਤ, ਬੰਗਲਾ, ਗੁਜਰਾਤੀ, ਉੜੀਆ, ਮਰਾਠੀ ਅਤੇ ਅੰਗਰੇਜ਼ੀ ਵਿਚ ਵੀ ਕਬੀਰ ਪੰਥੀ ਸਾਹਿਤ ਦੀ ਸਿਰਜਣਾ ਕੀਤੀ ਗਈ ਹੈ। ਸਭ ਤੋਂ ਪਹਿਲਾਂ ਆਚਾਰੀਆ ਪਰਮਾਨੰਦ ਦੀ ਰਚਨਾ 'ਕਬੀਰ ਮਨਸ਼ੂਰ' ਉਰਦੂ ਭਾਸ਼ਾ ਵਿਚ ਲਿਖੀ ਗਈ ਸੀ ਜਿਨ੍ਹਾਂ ਦਾ ਮਗਰੋਂ ਹਿੰਦੀ ਰੁਪਾਂਤਰ ਤਿਆਰ ਕੀਤਾ ਗਿਆ। ਉਰਦੂ ਭਾਸ਼ਾ ਵਿਚ ਹੀ ਆਚਾਰੀਆ ਸ਼ਿਵਦੂਤ ਲਾਲ ਦੀ ਪੁਸਤਕ 'ਕਬੀਰ ਪੰਥ' ਲਿਖੀ ਗਈ ਹੈ। ਕਿਸ਼ਨ ਸਿੰਘ ਦਾ ਗੁਜਰਾਤੀ ਭਾਸ਼ਾ ਵਿਚ ਲਿਖਿਆ ਹੋਇਆ ਗ੍ਰੰਥ 'ਕਬੀਰ ਸੰਪ੍ਰਦਾਇ' ਹੈ। ਦੋ ਭਾਸ਼ਾਵਾਂ ਵਿਚ ਛਪਣ ਵਾਲਾ ਮੈਗਜ਼ੀਨ 'ਸਵ-ਸੰਵੇਦ' ਵੀ ਉਪਲਬਧ ਹੁੰਦਾ ਹੈ ਜਿਸ ਦਾ ਅੱਧਾ ਹਿੱਸਾ ਗੁਜਰਾਤੀ ਭਾਸ਼ਾ ਵਿਚ ਅਤੇ ਅੱਧਾ ਭਾਗ ਹਿੰਦੀ ਭਾਸ਼ਾ ਵਿਚ ਪ੍ਰਕਾਸ਼ਿਤ ਹੁੰਦਾ ਹੈ। ਕਬੀਰ ਪੰਥ ਦੇ 'ਬੀਜਕ' ਗ੍ਰੰਥ ਦਾ ਸੰਸਕ੍ਰਿਤ ਅਨੁਵਾਦ ਵਾਲਾ ਰੂਪ ਵੀ ਪ੍ਰਕਾਸ਼ਿਤ ਹੋ ਚੁੱਕਾ ਹੈ। ਇਸ ਤੋਂ ਇਲਾਵਾ ਹਰਸ਼ ਗੋਸਵਾਮੀ ਦਾ 'ਭਗਤ ਪੁਸ਼ਪਾਂਜਲੀ' (ਸੰਮਤ 2007) ਅਤੇ ਹਜ਼ੂਰ ਪ੍ਰਕਾਸ਼ ਮਣੀ ਨਾਮ ਸਾਹਿਬ ਦਾ ਸਰਲ ਟੀਕਾ 'ਬ੍ਰਹਮ ਨਿਰੂਪਣ' (ਸੰਮਤ 2011) ਪ੍ਰਕਾਸ਼ਿਤ ਹੋ ਚੁੱਕੇ ਹਨ। ਅੰਗਰੇਜ਼ੀ ਭਾਸ਼ਾ ਵਿਚ ਵੀ ਕਬੀਰ ਪੰਥੀ ਸਾਹਿਤ ਉਪਲਬਧ ਹੁੰਦਾ ਹੈ। ਅੰਗਰੇਜ਼ ਵਿਦਵਾਨ ਵੈਸਟ ਕਾਟ ਅਤੇ ਡਾ. ਐਫ.ਈ.ਕੀ. ਦੀਆਂ ਪੁਸਤਕਾਂ ਕ੍ਰਮਵਾਰ 'ਕਬੀਰ ਐਂਡ ਕਬੀਰ ਪੰਥ' ਅਤੇ (ਕਬੀਰ ਐਂਡ ਹਿਜ਼ ਫੋਲੋਅਰਜ਼) ਮਹੱਤਵਪੂਰਨ ਗ੍ਰੰਥਾਂ ਦੀ ਸੂਚੀ ਵਿਚ ਦਰਜ ਹਨ।

ਕਬੀਰ ਪੰਥੀ ਸਾਹਿਤ ਜ਼ਿਆਦਾਤਰ ਦੋ ਸਾਹਿਤਕ ਰੂਪਾਂ ਗਦ ਅਤੇ ਪਦ ਰੂਪ ਵਿਚ ਉਪਲਬਧ ਹੁੰਦਾ ਹੈ। ਕਬੀਰ ਪੰਥ ਦਾ ਇਕ ਵੱਡ ਅਕਾਰੀ ਗ੍ਰੰਥ 'ਕਬੀਰ ਸਾਗਰ' ਹੈ ਜਿਸ ਦਾ ਪ੍ਰਕਾਸ਼ਨ ਮੁੰਬਈ ਵਿਚ ਹੋਇਆ ਹੈ। ਇਸ ਦੇ 12 ਭਾਗ ਹਨ। ਇਸ ਵਿਚ ਕੁਝ ਛੋਟੇ ਵੱਡੇ ਗ੍ਰੰਥਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਵਿਚ ਇਕ ਗਦਰੂਪ 'ਕਬੀਰ ਚਰਿਤਰ ਬੋਧ' ਹੈ ਜਿਸ ਨੂੰ ਦੂਜੇ ਗਦਰੂਪਾਂ ਦੀ ਤੁਲਨਾ ਵਿਚ ਆਧੁਨਿਕ ਮੰਨਿਆ ਜਾਂਦਾ ਹੈ। ਕਬੀਰ ਪੰਥ ਦੀ ਛਤੀਸਗੜ੍ਹ ਸੰਪ੍ਰਦਾਇ ਦੀਆਂ ਬਹੁਤ ਸਾਰੇ ਮੱਠਾਂ ਵਿਚ ਅੱਜ ਵੀ ਪਦ ਰੂਪ ਵਿਚ ਲਿਖੀਆਂ ਅਨੇਕਾਂ ਹੱਥ ਲਿਖਤਾਂ ਨੂੰ ਸੰਭਾਲ ਕੇ ਰਖਿਆ ਗਿਆ ਹੈ। ਕਬੀਰ ਪੰਥ ਦੇ ਹੋਰ ਵਿਦਵਾਨਾਂ ਨੇ ਵੀ ਪਦਰੂਪ ਵਿਚ ਰਚਨਾ ਕੀਤੀ ਹੈ ਜਿਨ੍ਹਾਂ ਵਿਚ ਨਿਰਮਲ ਸਾਹਿਬ ਦੀ ਕ੍ਰਿਤ 'ਨਿਆਏ ਨਾਮ' (ਵੱਡਾ ਦੀਗਰ), ਆਚਾਰੀਆ ਪ੍ਰੇਮ ਸਾਹਿਬ ਦੀ ਰਚਨਾ 'ਤਿਮਿਰ ਭਾਸਕਰ', ਸ੍ਰੀ ਰਾਮ ਸਾਹਿਬ ਸੰਯੁਕਤ ਇਕੀਸ ਪ੍ਰਸ਼ਨ ਤਥਾ ਪਾਰਖ ਵਿਚਾਰ ਅਤੇ ਗੁਰਦਿਆਲ ਸਾਹਿਬ ਦੀ ਲਿਖਤ 'ਸ੍ਰੀ ਕਬੀਰ ਪਰਿਚੈ' ਆਦਿ ਸ਼ਾਮਲ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਪੁਸਤਕਾਂ ਵਿਚ ਸਾਹਿਤਕ ਅੰਸ਼ ਬਹੁਤ ਘੱਟ ਹਨ ਸਗੋਂ ਇਹ ਵਧੇਰੇ ਉਪਦੇਸ਼ਾਤਮਕ ਦਿਖਾਈ ਦਿੰਦੀਆਂ ਹਨ। ਕਬੀਰ ਪੰਥੀ ਸਾਹਿਤ ਦੇ ਗਦਰੂਪ ਵਿਚ ਲਿਖੇ ਗ੍ਰੰਥਾਂ ਵਿਚ ਪ੍ਰਕਾਸ਼ਮਣੀ ਨਾਮ ਸਾਹਿਬ ਦੀ ਕ੍ਰਿਤ 'ਸਤਗੁਰੂ ਕਬੀਰ ਸਾਹਿਬ ਔਰ ਉਨਕਾ ਸਿਧਾਂਤ', ਮਹੰਤ ਬਾਲਕ੍ਰਿਸ਼ਨਦਾਸ ਦੀ 'ਸ੍ਰੀ ਗੁਰੂ ਦੇਵ ਕਬੀਰ', ਕਾਸ਼ੀ ਸਾਹਿਬ ਦੀ 'ਤਤਯੁਕਤ ਨਿਜ ਬੋਧ ਵਿਵੇਕ' ਅਤੇ ਬਸੁਦਾਸ ਕਬੀਰ ਪੰਥੀ ਦੀ 'ਮਿਥਿਆ ਪ੍ਰਲਾਪ ਮਰਦਨ' ਸ਼ਾਮਲ ਹਨ।

## ਕਬੀਰ ਪੰਥ ਦਾ ਵਰਤਮਾਨ ਰੂਪ

ਕਬੀਰ ਸਾਹਿਬ ਦੇ ਸਿਧਾਂਤ ਦਾ ਪਾਲਣ ਕਰਨ ਵਾਲੇ ਦੋ ਕਿਸਮ ਦੇ ਕਬੀਰ ਪੰਥੀ ਹਨ।

ਪਰਿਵਾਰ ਵਿਚ ਰਹਿ ਕੇ ਕਬੀਰ ਪੰਥ ਦੇ ਸਿਧਾਂਤਾਂ ਦਾ ਪਾਲਣ ਕਰਨ ਵਾਲੇ ਕਬੀਰ ਪੰਥੀਆਂ ਨੂੰ ਗ੍ਰਿਹਸਥੀ ਕਬੀਰ ਪੰਥੀ ਕਿਹਾ ਜਾਂਦਾ ਹੈ ਜਦੋਂ ਕਿ ਪਰਿਵਾਰ ਨਾਲੋਂ ਵੱਖਰੇ ਮੱਠ ਵਿਚ ਰਹਿ ਕੇ ਕਬੀਰ ਪੰਥੀ ਸਿਧਾਂਤਾਂ ਨੂੰ ਮੰਨਣ ਵਾਲਿਆਂ ਨੂੰ ਬੈਰਾਗੀ ਕਿਹਾ ਜਾਂਦਾ ਹੈ। ਬੈਰਾਗੀ ਜੀਵਨ ਬਤੀਤ ਕਰਨਾ ਬਹੁਤ ਕਠਿਨ ਹੁੰਦਾ ਹੈ। ਬੈਰਾਗੀ ਬਣਨ ਲਈ ਵਿਅਕਤੀ ਨੂੰ ਆਪਣੇ ਆਚਰਣ ਦੀ ਪ੍ਰੀਖਿਆ ਵਿਚੋਂ ਲੰਘਣਾ ਪੈਂਦਾ ਹੈ। ਬੈਰਾਗੀ ਬਣਨ ਲਈ ਵਿਅਕਤੀ ਨੂੰ ਦੋ ਸਾਲ ਦਾ ਸਮਾਂ ਦਿੱਤਾ ਜਾਂਦਾ ਹੈ। ਜੇ ਉਹ ਵਿਅਕਤੀ ਨਿਸ਼ਚਤ ਸਮੇਂ ਸਫਲ ਹੋ ਜਾਂਦਾ ਹੈ ਤਾਂ ਉਸ ਨੂੰ ਬੈਰਾਗੀ ਬਣਾ ਦਿੱਤਾ ਜਾਂਦਾ ਹੈ।

ਕਬੀਰ ਪੰਥੀਆਂ ਨੇ ਆਪਣੇ ਪੰਥ ਦਾ ਪ੍ਰਚਾਰ ਕਰਨ ਲਈ ਮੱਠ ਸਥਾਪਿਤ ਕੀਤੇ ਹੋਏ ਹਨ। ਆਰਥਿਕ ਪੱਖ ਤੋਂ ਖੁਸ਼ਹਾਲ ਮੱਠਾਂ ਲਈ ਦਿਵਾਨ, ਪੁਜਾਰੀ ਜਾਂ ਅਧਿਕਾਰੀ ਨਿਯੁਕਤ ਕੀਤੇ ਹੋਏ ਹਨ ਜਿਹੜੇ ਹਰ ਪੱਖ ਤੋਂ ਮੱਠ ਦੀ ਨਿਗਰਾਨੀ ਕਰਦੇ ਹਨ। ਇਹ ਅਧਿਕਾਰੀ ਆਪਣੇ ਪ੍ਰਧਾਨ ਆਚਾਰੀਆ ਕੋਲ ਜਵਾਬਦੇਹ ਹੁੰਦੇ ਹਨ। ਵੱਖ ਵੱਖ ਕਾਰਜਾਂ ਲਈ ਵੱਖ ਵੱਖ ਅਧਿਕਾਰੀ ਨਿਯੁਕਤ ਕੀਤੇ ਜਾਂਦੇ ਹਨ। ਮੱਠ ਦਾ ਅਧਿਕਾਰੀ ਮੱਠ ਦੀ ਦੇਖ ਭਾਲ ਦੇ ਨਾਲ ਨਾਲ ਪੈਸੇ ਦਾ ਪ੍ਰਬੰਧ ਵੀ ਕਰਦਾ ਹੈ। ਮੱਠ ਦਾ ਦੂਜਾ ਅਧਿਕਾਰੀ ਇਕ ਪੁਜਾਰੀ ਹੁੰਦਾ ਹੈ ਜੋ ਲੋੜੀਂਦੀ ਪੂਜਾ ਸਮੱਗਰੀ ਤਿਆਰ ਕਰਨ ਤੇ ਆਰਤੀ ਦੇ ਕੰਮ ਨੂੰ ਸੰਪੰਨ ਕਰਨ ਦਾ ਕਾਰਜ ਨਿਭਾਉਂਦਾ ਹੈ। ਹਰ ਇਕ ਕਿਸਮ ਦੇ ਭੋਜਨ ਪਦਾਰਥਾਂ ਦੀ ਸਾਂਭ ਸੰਭਾਲ ਕੋਠਾਰੀ ਕਰਦਾ ਹੈ। ਉਹ ਸਾਰੀ ਭੋਜਨ ਸਮੱਗਰੀ ਭੰਡਾਰੀ ਦੇ ਸਪੁਰਦ ਕਰਦਾ ਹੈ ਜਿਹੜਾ ਭੋਜਨ ਤਿਆਰ ਕਰਦਾ ਹੈ।

ਕਬੀਰ ਪੰਥੀ ਸੰਪ੍ਰਦਾਵਾਂ ਵਿਚ ਗੱਦੀ ਉਤੇ ਬਿਰਾਜਮਾਨ ਹੋਣ ਲਈ ਵੱਖ ਵੱਖ ਵਿਧੀਆਂ ਪ੍ਰਚਲਿਤ ਹਨ। ਕਈ ਸੰਪ੍ਰਦਾਵਾਂ ਵਿਚ ਤਾਂ ਮਹੰਤ ਆਪਣੇ ਜਿਉਂਦੇ ਜੀਅ ਆਪਣੇ ਕਿਸੇ ਯੋਗ ਸ਼ਿਸ਼ ਨੂੰ ਗੱਦੀ ਦਾ ਉਤਰਾਧਿਕਾਰੀ ਨਿਯੁਕਤ ਕਰ ਦਿੰਦਾ ਹੈ। ਕਈ ਸੰਪ੍ਰਦਾਵਾਂ ਵਿਚ ਜਾਤੀ ਵਿਸ਼ੇਸ਼ ਨੂੰ ਮੁਖ ਰੱਖਕੇ ਉੱਤਰਾਧਿਕਾਰੀ ਦੀ ਨਿਯੁਕਤੀ ਕੀਤੀ ਜਾਂਦੀ ਹੈ। ਛਤੀਸਗੜ੍ਹੀ ਸੰਪ੍ਰਦਾਇ ਵਿਚ ਤਾਂ ਆਚਾਰੀਆ ਦੀ ਸੰਤਾਨ ਨੂੰ ਹੀ ਗੱਦੀ ਦਾ ਉੱਤਰਾਧਿਕਾਰੀ ਬਣਾਇਆ ਜਾਂਦਾ ਹੈ। ਇਸ ਲਈ ਇਹ ਵੀ ਜ਼ਰੂਰੀ ਨਹੀਂ ਕਿ ਉਹ ਪਹਿਲੇ ਮਹੰਤ ਦਾ ਸ਼ਿਸ਼ ਹੋਵੇ ਪਰੰਤੂ ਇਸ ਲਈ ਜ਼ਰੂਰੀ ਹੈ ਕਿ ਉਹ ਕਬੀਰ ਪੰਥੀ ਜ਼ਰੂਰ ਹੋਵੇ। ਅੱਜ ਕੱਲ੍ਹ ਮੁਖ ਸੰਪ੍ਰਦਾਵਾਂ ਦੇ ਮੱਠ ਅਧਿਕਾਰੀ ਕਿਸੇ ਦੂਜੇ ਮੱਠ ਵਿਚੋਂ ਵੀ ਮਹੰਤ ਦੀ ਨਿਯੁਕਤੀ ਕਰਦੇ ਹਨ। ਹਰ ਇਕ ਸੰਪ੍ਰਦਾਇ ਦਾ ਮਹੰਤ ਆਪਣੇ ਆਪਣੇ ਨਵੇਂ ਮੈਂਬਰਾਂ ਦੀ ਸੰਖਿਆ ਵਧਾ ਸਕਦਾ ਹੈ।

ਕਬੀਰ ਪੰਥ ਵਿਚ ਮਹੰਤਾਂ ਦਾ ਜੀਵਨ ਬੜਾ ਹੀ ਰੁਝੇਵਿਆਂ ਭਰਿਆ ਹੁੰਦਾ ਹੈ। ਮਹੰਤ ਇਕ ਧਾਰਮਿਕ ਪ੍ਰਭਾਵ ਵਾਲਾ ਵਿਅਕਤੀ ਹੁੰਦਾ ਹੈ। ਇਸ ਲਈ ਪੰਥ ਦੀ ਬਿਹਤਰੀ ਲਈ ਉਸ ਦਾ ਨਿੱਗਰ ਯੋਗਦਾਨ ਹੁੰਦਾ ਹੈ। ਪੰਥ ਦੇ ਵਿਸਤਾਰ ਲਈ ਉਹ ਸਮੇਂ ਸਮੇਂ ਤੇ ਵੱਖ ਵੱਖ ਮੱਠਾਂ ਦਾ ਭਰਮਣ ਕਰਦਾ ਹੈ ਅਤੇ ਲੋਕਾਂ ਨੂੰ ਉਪਦੇਸ਼ ਦਿੰਦਾ ਹੈ ਅਤੇ ਬੈਰਾਗੀ ਮੱਠਾ ਦੇ ਕਾਰਜਾਂ ਦਾ ਨਿਰੀਖਣ ਕਰਦਾ ਹੈ।

### ਚੌਕਾ ਵਿਧੀ

ਕਬੀਰ ਪੰਥ ਵਿਚ ਚੌਕਾ ਵਿਧੀ ਦਾ ਵਿਸ਼ੇਸ਼ ਮਹੱਤਵ ਹੈ। ਕਬੀਰ ਪੰਥ ਦੇ ਅਨੁਆਈ

ਇਸ ਨੂੰ ਨਿਯਮਾਂ ਅਨੁਸਾਰ ਹੀ ਕਰਦੇ ਹਨ। ਚੌਕਾ ਵਿਧੀ ਭਾਦੋਂ ਅਤੇ ਫੱਗਣ ਦੇ ਮਹੀਨਿਆਂ ਦੀ ਪੂਰਨਮਾਸ਼ੀ ਵਾਲੇ ਦਿਨ ਵਿਸ਼ੇਸ਼ ਰੂਪ ਨਾਲ ਕੀਤੀ ਜਾਂਦੀ ਹੈ। ਕਬੀਰ ਪੰਥੀ ਇਸ ਦਿਨ ਵਰਤ ਰੱਖਦੇ ਹਨ। ਸ਼ਾਮ ਢਲਦੇ ਹੀ ਥੋੜ੍ਹੀ ਜਿਹੀ ਜ਼ਮੀਨ ਨੂੰ ਲਿਪਪੋਚ ਕੇ ਸਾਫ਼ ਕੀਤਾ ਜਾਂਦਾ ਹੈ ਅਤੇ ਉਸ ਉਤੇ ਲਗਭਗ ਪੰਜ ਫੁੱਟ ਇਕ ਚਤਰਭੁਜ ਬਣਾਇਆ ਜਾਂਦਾ ਹੈ। ਇਸ ਵੱਡੇ ਚਤਰਭੁਜ ਦੇ ਵਿਚਕਾਰ ਇਕ ਛੋਟਾ ਢਾਈ ਫੁੱਟ ਦਾ ਚਤਰਭੁਜ ਬਣਾਇਆ ਜਾਂਦਾ ਹੈ। ਛੋਟੇ ਚਤਰਭੁਜ ਨੂੰ ਆਟੇ ਨਾਲ ਭਰਕੇ ਉਸ ਉਤੇ ਕੁਝ ਫੁੱਲ ਰੱਖੇ ਜਾਂਦੇ ਹਨ। ਮਹੰਤ ਦੇ ਆਉਣ ਤੇ ਉਸ ਨੂੰ ਬਾਹਰੀ ਚਤਰਭੁਜ ਦੇ ਵਿਚਕਾਰ ਇਕ ਪਾਸੇ ਬਿਠਾ ਦਿਤਾ ਜਾਂਦਾ ਹੈ ਅਤੇ ਉਸ ਦੇ ਦੋਵੇਂ ਪਾਸੇ ਪੂਜਨ ਸਮੱਗਰੀ ਰੱਖ ਦਿੱਤੀ ਜਾਂਦੀ ਹੈ ਜਿਸ ਵਿਚ ਘਿਓ, ਚੌਲ, ਆਟਾ, ਕੇਸਰ, ਲੌਂਗ, ਇਲਾਚੀ, ਕਾਲੀ ਮਿਰਚ, ਕਪੂਰ, ਅਗਰਵਤੀ, ਗੁਲਾਲ, ਫੁੱਲਾਂ ਦੀ ਮਾਲਾ, ਕਪਾਹ, ਅੰਬ ਦੇ ਪੱਤੇ ਅਤੇ ਨਾਰੀਅਲ ਆਦਿ ਸ਼ਾਮਿਲ ਹੁੰਦੇ ਹਨ। ਸਮੱਗਰੀ ਨੂੰ ਬਿਧੀਵਤ ਕਰਨ ਉਪਰੰਤ ਮਹੰਤ ਕਬੀਰ ਪੰਥ ਦੇ ਪ੍ਰਮਾਣਤ ਗ੍ਰੰਥ ਵਿਚੋਂ ਕੁਝ ਮੰਤਰਾਂ ਦਾ ਪਾਠ ਕਰਦਾ ਹੈ ਅਤੇ ਆਰਤੀ ਕਰਕੇ ਕਪੂਰ ਨੂੰ ਜਲਾ ਕੇ ਪੱਥਰ ਦੇ ਟੁਕੜੇ ਉਤੇ ਰੱਖ ਦਿੰਦਾ ਹੈ। ਮਹੰਤ ਇਸ ਆਰਤੀ ਨੂੰ ਫਿਰ ਕਬੀਰ ਪੰਥੀਆਂ ਦੇ ਸਨਮੁਖ ਕਰਕੇ ਨਾਰੀਅਲ ਦੇ ਅੱਧੇ ਹਿੱਸੇ ਨੂੰ ਕੱਟ ਕੇ ਆਪਣੇ ਕੋਲ ਰੱਖ ਲੈਂਦਾ ਹੈ ਅਤੇ ਦੂਜੇ ਹਿੱਸੇ ਦੇ ਛੋਟੇ ਛੋਟੇ ਟੁੱਕੜੇ ਕਰਕੇ ਕਬੀਰ ਪੰਥੀਆਂ ਵਿਚ ਵੰਡ ਦਿੰਦਾ ਹੈ। ਲੋਕ ਇਸ ਨੂੰ ਪ੍ਰਸ਼ਾਦ ਮੰਨ ਕੇ ਬੜੀ ਸ਼ਰਧਾ ਨਾਲ ਖਾਂਦੇ ਹਨ। ਇਸ ਉਪਰੰਤ ਮਹੰਤ ਕਬੀਰ ਪੰਥੀਆਂ ਨੂੰ ਪ੍ਰਵਚਨ ਕਰਦਾ ਹੈ। ਇਸ ਤਰ੍ਹਾਂ ਇਹ ਵਿਧੀ ਸੰਪੰਨ ਸਮਝੀ ਜਾਂਦੀ ਹੈ।

## ਆਮਦਨ ਦੇ ਸਾਧਨ

**ਭੂਮੀ :** ਕਬੀਰ ਪੰਥ ਦੇ ਕਈ ਅਜਿਹੇ ਮੱਠ ਹਨ ਜਿਨ੍ਹਾਂ ਦੇ ਨਾਂ ਬਹੁਤ ਸਾਰੀ ਜ਼ਮੀਨ ਲੱਗੀ ਹੋਈ ਹੈ ਅਤੇ ਉਹ ਆਰਥਕ ਪੱਖ ਤੋਂ ਕਾਫੀ ਉੱਨਤ ਹਨ। ਇਸ ਤਰ੍ਹਾਂ ਜ਼ਮੀਨ ਤੋਂ ਹੋਣ ਵਾਲੀ ਆਮਦਨ ਨਾਲ ਉਹ ਮੱਠ ਦੇ ਕਾਰਜਾਂ ਦੇ ਨਾਲ ਸਿਖਿਆ ਦੇ ਪ੍ਰਸਾਰ ਦਾ ਕਾਰਜ ਵੀ ਨਿਰੰਤਰ ਕਰ ਰਹੇ ਹਨ। ਅਜਿਹੇ ਮੱਠਾਂ ਵਿਚ ਦਾਮਾਖੇੜਾ, ਫਤੂਹਾ, ਧਨੌਤੀ, ਕਾਸ਼ੀ ਅਤੇ ਵਿਦੂਪੁਰ ਦੇ ਮੱਠ ਸ਼ਾਮਲ ਹਨ। ਗੁਜਰਾਤ ਪ੍ਰਾਂਤ ਦੇ ਮੱਠਾਂ ਕੋਲ ਵੀ ਕਾਫੀ ਧਨ ਇਕੱਠਾ ਹੁੰਦਾ ਹੈ।

**ਭੇਟ :** ਕਬੀਰ ਪੰਥੀ ਕਬੀਰ ਸਾਹਿਬ ਦੇ ਅਧਿਆਤਮਵਾਦੀ ਵਿਚਾਰਾਂ ਦਾ ਪ੍ਰਚਾਰ ਕਰਨ ਲਈ ਦਿਨ ਰਾਤ ਕਾਰਜ ਕਰਦੇ ਹਨ। ਜਿਸ ਕਾਰਨ ਇਹ ਪੰਥ ਲੋਕਾਂ ਦੇ ਆਕਰਸ਼ਣ ਦਾ ਕੇਂਦਰ ਬਣਦਾ ਜਾ ਰਿਹਾ ਹੈ। ਕਬੀਰ ਜੀ ਪ੍ਰਤੀ ਲੋਕਾਂ ਦੀ ਅਥਾਹ ਸ਼ਰਧਾ ਹੈ ਜਿਸ ਕਰਕੇ ਜਨ ਸਾਧਾਰਣ ਉਨ੍ਹਾਂ ਨੂੰ ਇਕ ਦੇਵਤੇ ਦੇ ਰੂਪ ਵਿਚ ਪੂਜਦੇ ਹਨ। ਲੋਕ ਕਬੀਰ ਪੰਥ ਦੁਆਰਾ ਸੰਚਾਲਤ ਮੱਠਾਂ ਵਿਚ ਬਹੁਤ ਸਾਰਾ ਧਨ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ। ਕਬੀਰ ਚੌਰਾ ਪੁਰੀ, ਮਗਹਰ ਵਿਚ ਕਬੀਰ ਸਾਹਿਬ ਦੀਆਂ ਸਮਾਧੀਆਂ ਅੱਗੇ ਦਾਨ ਪੱਤਰ ਰੱਖੇ ਹੋਏ ਹਨ ਜਿਸ ਵਿਚ ਸ਼ਰਧਾਲੂਆਂ ਦੁਆਰਾ ਦਾਨ ਦਿਤਾ ਪੈਸਾ ਇਕੱਠਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਅੰਨ ਦੇ ਰੂਪ ਵਿਚ ਬਹੁਤ ਸਾਰਾ ਭੋਜਨ ਇਕੱਠਾ ਹੋ ਜਾਂਦਾ ਹੈ। ਜਦੋਂ ਮੱਠ ਦਾ ਮਹੰਤ ਆਪਣੇ ਅਨੁਆਈਆਂ ਨੂੰ ਮਿਲਣ ਲਈ ਮੱਠ ਤੋਂ ਦੂਰ ਜਾਂਦਾ ਹੈ ਤਾਂ ਸ਼ਰਧਾਲੂ ਉਸ ਸਮੇਂ ਵੀ ਕਾਫੀ ਧਨ ਦਾਨ ਵਜੋਂ ਮਹੰਤ ਨੂੰ ਦੇ ਦਿੰਦੇ ਹਨ।

**ਮਕਾਨ :** ਕਬੀਰ ਪੰਥੀ ਦੇ ਕਈ ਅਜਿਹੇ ਮੱਠ ਹਨ ਜਿਨ੍ਹਾਂ ਕੋਲ ਸੰਪਤੀ ਰੂਪ ਵਿਚ ਵੱਡੇ ਵੱਡੇ ਮਕਾਨ ਹਨ। ਇਨ੍ਹਾਂ ਮੱਠਾਂ ਦੇ ਅਧਿਕਾਰੀ ਇਨ੍ਹਾਂ ਮੱਠਾਂ ਨੂੰ ਕਿਰਾਏ ਉਤੇ ਦੇ ਕੇ ਆਮਦਨ ਰੂਪ ਵਿਚ ਕਿਰਾਇਆ ਵਸੂਲ ਕਰਦੇ ਹਨ। ਇਸ ਤੋਂ ਇਲਾਵਾ ਪ੍ਰੈਸ ਅਤੇ ਡਾਕਟਰੀ ਜਿਹੇ ਧੰਦਿਆਂ ਨਾਲ ਆਮਦਨ ਵਿਚ ਵਾਧਾ ਕੀਤਾ ਜਾਂਦਾ ਹੈ।

**ਪਹਿਰਾਵਾ :** ਕਬੀਰ ਪੰਥੀ ਜ਼ਿਆਦਾਤਰ ਚਿੱਟੇ ਰੰਗ ਦੇ ਬਸਤਰ ਹੀ ਪਹਿਨਦੇ ਹਨ। ਕਬੀਰ ਪੰਥੀ ਮਹਾਤਮਾਵਾਂ ਦੀ ਧਾਰਨਾ ਹੈ ਕਿ ਚਿੱਟੇ ਰੰਗ ਦੇ ਬਸਤਰ ਪਹਿਨਣਾ ਅਧਿਆਤਮਕ ਉੱਚਤਾ ਅਤੇ ਗਿਆਨ ਦਾ ਪ੍ਰਤੀਕ ਹੈ। ਆਚਾਰੀਆ ਚਤੁਰਵੇਦੀ ਅਨੁਸਾਰ ਕਬੀਰ ਪੰਥੀ ਲੰਗੋਟੀ ਅਤੇ ਅੰਚਲਾ ਪਹਿਨਦੇ ਹਨ। ਕਬੀਰ ਪੰਥ ਵਿਚ ਲੰਗੋਟੀ ਅਤੇ ਅੰਚਲਾ ਪਹਿਨਣਾ ਵਿਕਰਤ ਜੀਵਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਮਹੰਤ ਗਣੇਸ਼ਾ ਸਿੰਘ ਅਨੁਸਾਰ ਕਬੀਰ ਪੰਥੀ ਝੂੰਜ ਵਾਲੀ ਟੋਪੀ ਪਾਉਂਦੇ ਹਨ। ਹੱਥ ਵਿਚ ਕਾਠ ਦਾ ਕਮੰਡਲ ਰੱਖਦੇ ਹਨ।

ਅੰਗਰੇਜ਼ੀ ਦੇ ਪ੍ਰਸਿੱਧ ਵਿਦਵਾਨ ਵੈਸਟ ਕਾਟ ਅਨੁਸਾਰ ਕਬੀਰ ਪੰਥੀ ਮਹੰਤਾਂ ਲਈ ਦਾੜ੍ਹੀ ਰੱਖਣਾ ਅਨਵਾਰਿਆ ਹੈ ਪਰੰਤੂ ਆਚਾਰੀਆ ਚਤੁਰਵੇਦੀ ਅਨੁਸਾਰ ਧਨੌਤੀ, ਫਤੂਹਾ ਅਤੇ ਵਿਦੂਪੁਰ ਦੀਆਂ ਸੰਪ੍ਰਦਾਵਾਂ ਵਿਚ ਇਸ ਪ੍ਰਕਾਰ ਦਾ ਕੋਈ ਕਠੋਰ ਨਿਯਮ ਨਹੀਂ ਹੈ। ਫਤੂਹਾ ਸੰਪ੍ਰਦਾਇ ਵਿਚ ਤਾਂ ਮਹੰਤ ਲਈ ਦਾੜ੍ਹੀ ਸਾਫ ਕਰਵਾਉਣੀ ਅਨਵਾਰਿਆ ਹੈ। ਛਤੀਸਗੜ੍ਹੀ ਸੰਪ੍ਰਦਾਇ ਵਿਚ ਇਹ ਕੰਮ ਮਹੰਤ ਦੀ ਇੱਛਾ ਉਤੇ ਨਿਰਭਰ ਕਰਦਾ ਹੈ ਕਿ ਉਹ ਦਾੜ੍ਹੀ ਰਖੇ ਜਾਂ ਸਾਫ ਕਰਵਾਏ। ਕਬੀਰ ਪੰਥੀ ਗਲ ਵਿਚ ਤੁਲਸੀ ਦੀ ਬਣੀ ਹੋਈ ਮਾਲਾ ਪਹਿਨਦੇ ਹਨ। ਇਹ ਲੋਕ ਤਿਲਕ ਲਗਾਉਣ ਨੂੰ ਇਕ ਲੋਕਾਚਾਰ ਮੰਨਦੇ ਹਨ। ਮਹੰਤ ਗਣੇਸ਼ਾ ਸਿੰਘ ਅਨੁਸਾਰ ਇਹ ਤਿਲਕ ਨੱਕ ਤੋਂ ਲੈ ਕੇ ਸਿੱਧੀ ਲਕੀਰ ਦਾ ਚੰਦਨ ਲਗਾਉਂਦੇ ਹਨ। 'ਸਬ ਸੇ ਮਿਲੀਏ ਸਬ ਕਾ ਲੀਜੇ ਨਾਮ, ਹਾਂ ਜੀ ਹਾਂ ਜੀ ਸਬ ਸੇ ਕਰੀਏ ਬਸੀਏ ਆਪਨੇ ਗਾਮ' ਇਹ ਕਿਸੇ ਦੇਵਤੇ ਨੂੰ ਨਹੀਂ ਮੰਨਦੇ। ਗ੍ਰਿਹਸਤ ਕਬੀਰ ਪੰਥੀ ਆਪਣੀ ਜਾਤ ਪਾਤ ਜਿਉਂ ਦੀ ਤਿਉਂ ਮੰਨਦੇ ਹਨ। ਇਹ ਲੋਕ ਆਪਸ ਵਿਚ ਮਿਲਣ ਸਮੇਂ ਸਾਧੂ ਜਾਂ ਸੇਵਕ, ਬੰਦਗੀ ਜਾਂ ਸਤਨਾਮ ਸਾਹਿਬ, ਬੋਲ ਕੇ ਦੋਨੋਂ ਹੱਥ ਅੱਗੇ ਨੂੰ ਫੈਲਾਉਂਦੇ ਹਨ ਛੋਟਾ ਵੱਡੇ ਨੂੰ ਬੰਦਗੀ ਸਾਹਿਬ ਅੱਗੋਂ ਵੱਡਾ ਛੋਟੇ ਨੂੰ ਗੁਰੂ ਦੀ ਕਿਰਪਾ ਆਖਦਾ ਹੈ। ਕਬੀਰ ਪੰਥੀਆਂ ਦਾ ਵਿਚਾਰ ਹੈ ਕਿ ਬੰਦਗੀ ਕਰਦੇ ਸਮੇਂ ਸਿਰ ਝੁਕਾਉਣ ਨਾਲ ਪਾਪ ਦੀ ਗੱਠੜੀ ਸਿਰ ਤੋਂ ਹੇਠਾਂ ਡਿੱਗ ਜਾਂਦੀ ਹੈ ਅਤੇ ਦ੍ਰਿਸ਼ਟੀ ਮਿਲਣ ਨਾਲ ਬੰਦਗੀ ਕਰਨ ਵਾਲੇ ਵਿਚ ਗਿਆਨ ਦਾ ਵਿਕਾਸ ਹੁੰਦਾ ਹੈ।

## ਪ੍ਰਚਾਰ ਸਾਧਨ

ਕਬੀਰ ਪੰਥ ਦੇ ਆਰੰਭਕ ਸਮੇਂ ਵਿਚ ਪੰਥ ਦੇ ਪ੍ਰਚਾਰ ਦੇ ਸਾਧਨਾਂ ਦੀ ਘਾਟ ਸੀ ਪਰੰਤੂ ਇਸ ਲਈ ਪੂਰਵ ਕਬੀਰ ਪੰਥੀ ਗ੍ਰੰਥਾਂ ਦੇ ਪ੍ਰਕਾਸ਼ਨ ਦੇ ਕਾਰਜ ਨੂੰ ਉਚਿਤ ਨਹੀਂ ਸਨ ਸਮਝਦੇ। ਸਮੇਂ ਦੇ ਪਰਿਵਰਤਨ ਨਾਲ ਕਬੀਰ ਪੰਥ ਦੇ ਅਨੁਆਈਆਂ ਦੀ ਸੋਚ ਵਿਚ ਵੀ ਪਰਿਵਰਤਨ ਹੋਣ ਲੱਗਾ ਅਤੇ ਇਨ੍ਹਾਂ ਨੇ ਪੰਥ ਦੇ ਪ੍ਰਸਾਰ ਲਈ ਯਤਨ ਆਰੰਭ ਕਰ ਦਿੱਤੇ। ਕਬੀਰ ਪੰਥ ਦੇ ਅਨੁਆਈਆਂ ਨੇ ਕਬੀਰ ਪੰਥ ਦੇ ਵਿਸਥਾਰ ਲਈ ਨਿਮਨ ਸਾਧਨ ਅਪਣਾਏ :

## ਪੁਸਤਕਾਂ ਤੇ ਰਸਾਲਿਆਂ ਦਾ ਪ੍ਰਕਾਸ਼ਨ

ਕਬੀਰ ਪੰਥ ਦੇ ਬਹੁਤ ਸਾਰੇ ਮੱਠਾਂ ਵਿਚ ਅਨੇਕਾਂ ਹੱਥ ਲਿਖਤਾਂ ਅਤੇ ਗ੍ਰੰਥਾਂ ਨੂੰ ਸੁਰੱਖਿਅਤ ਰੱਖਿਆ ਹੋਇਆ ਸੀ। ਇਨ੍ਹਾਂ ਨੂੰ ਕੇਵਲ ਮੱਠ ਦੇ ਅਧਿਕਾਰੀ ਹੀ ਪੜ੍ਹਦੇ ਸਨ ਅਤੇ ਇਨ੍ਹਾਂ ਦਾ ਪ੍ਰਕਾਸ਼ਨ ਕਰਨਾ ਵਿਵਰਜਤ ਸੀ। ਪਰੰਤੂ ਸਮੇਂ ਦੇ ਪਰਿਵਰਤਨ ਨਾਲ ਕਬੀਰ ਪੰਥ ਦੇ ਅਨੁਆਈਆਂ ਨੇ ਕਬੀਰ ਪੰਥ ਦੇ ਗ੍ਰੰਥਾਂ ਦਾ ਪ੍ਰਕਾਸ਼ਨ ਕਰਨ ਦੀ ਅਨੁਮਤੀ ਦੇ ਦਿੱਤੀ ਹੈ। ਇਸ ਤਰ੍ਹਾਂ ਹੁਣ ਦਿੱਲੀ, ਬੜੌਦਾ ਅਤੇ ਦਾਮਾਖੇੜਾ ਦੇ ਕਬੀਰ ਪੰਥੀਆਂ ਨੇ ਆਪਣਾ ਪ੍ਰੈਸ ਵੀ ਖੋਲ੍ਹ ਦਿੱਤਾ ਹੈ ਜਿਸ ਨਾਲ ਕਬੀਰ ਪੰਥੀ ਪੁਸਤਕਾਂ ਅਤੇ ਰਸਾਲਿਆਂ ਦਾ ਪ੍ਰਕਾਸ਼ਨ ਕੀਤਾ ਜਾਂਦਾ ਹੈ। ਕਬੀਰ ਪੰਥ ਦੇ ਵਿਸਥਾਰ ਲਈ ਅਤੇ ਗ੍ਰੰਥਾਂ ਦੇ ਗਿਆਨ ਨੂੰ ਜਨ ਸਧਾਰਣ ਤਕ ਪਹੁੰਚਾਉਣ ਲਈ 'ਬੀਜਕ' ਜਿਹੇ ਭਾਸ਼ਾ ਪੱਖੋਂ ਗੁੰਝਲਦਾਰ ਗ੍ਰੰਥ ਦੇ ਸੌਖੀ ਭਾਸ਼ਾ ਵਿਚ ਟੀਕੇ ਤਿਆਰ ਕਰਕੇ ਪ੍ਰਕਾਸ਼ਿਤ ਕਰਵਾਇਆ ਗਿਆ ਹੈ। ਇਨ੍ਹਾਂ ਟੀਕਿਆਂ ਨੇ ਕਬੀਰ ਪੰਥ ਦੇ ਵਿਸਥਾਰ ਵਿਚ ਚੋਖਾ ਯੋਗਦਾਨ ਪਾਇਆ ਹੈ। ਕਾਮਾਖੇੜਾ ਅਤੇ ਸਿਆਬਾਗ ਵਿਚ 'ਵੰਸ ਪ੍ਰਤਾਪ ਮਣੀਮਾਲਾ' ਅਤੇ 'ਸਵ ਸੰਵੇਦ' ਨਾਂ ਦੇ ਰਸਾਲੇ ਪ੍ਰਕਾਸ਼ਿਤ ਕਰਨੇ ਆਰੰਭ ਕੀਤੇ। ਇਨ੍ਹਾਂ ਰਸਾਲਿਆਂ ਦਾ ਲਾਭ ਇਹ ਹੋਇਆ ਕਿ ਲੋਕ ਕਬੀਰ ਸਾਹਿਬ ਦੇ ਆਦਰਸ਼ਾਂ ਤੋਂ ਪ੍ਰਭਾਵਿਤ ਹੋ ਕੇ ਕਬੀਰ ਪੰਥ ਵੱਲ ਰੁਚਿਤ ਹੋਣ ਲਗ ਪਏ।

### ਮੇਲਿਆਂ ਦਾ ਆਯੋਜਨ

ਭਾਰਤ ਵਿਚ ਕਬੀਰ ਪੰਥ ਨਾਲ ਸਬੰਧਤ ਅਨੇਕਾਂ ਮੱਠ ਹਨ ਜਿਥੇ ਕਬੀਰ ਪੰਥੀਆਂ ਵਲੋਂ ਮੇਲਿਆਂ ਦਾ ਆਯੋਜਨ ਕੀਤਾ ਜਾਂਦਾ ਹੈ। ਲੋਕ ਇਨ੍ਹਾਂ ਮੇਲਿਆਂ ਵਿਚ ਭਾਰੀ ਗਿਣਤੀ ਵਿਚ ਇਕੱਠੇ ਹੁੰਦੇ ਹਨ। ਕਬੀਰ ਪੰਥ ਦੇ ਸੰਤ ਮਹਾਤਮਾ ਇਨ੍ਹਾਂ ਮੇਲਿਆਂ ਵਿਚ ਇਕੱਠੇ ਹੋਏ ਲੋਕਾਂ ਨੂੰ ਆਪਣੇ ਪ੍ਰਵਚਨਾਂ ਨਾਲ ਨਿਹਾਲ ਕਰਦੇ ਹਨ ਅਤੇ ਕਬੀਰ ਪੰਥ ਦੇ ਆਦਰਸ਼ਾਂ ਅਤੇ ਸੁਧਾਰਾਂ ਸੰਬੰਧੀ ਵਿਖਿਆਨ ਕਰਦੇ ਹਨ। ਰਤਨਪੁਰ ਵਿਖੇ ਮਾਘ ਮਹੀਨੇ ਦੀ ਪੂਰਨਮਾਸ਼ੀ ਨੂੰ, ਭੜੋਚ ਵਿਚ ਕੱਤਕ ਅਤੇ ਵੈਸਾਖ ਦੀ ਪੂਰਨਮਾਸ਼ੀ ਅਤੇ ਖਰਸੀਆ ਵਿਚ ਮਾਘ ਦੀ ਬਸੰਤ ਪੰਚਮੀ ਨੂੰ ਵਿਸ਼ਾਲ ਮੇਲੇ ਲਗਦੇ ਹਨ। ਦਾਮਾਖੇੜਾ ਵਿਚ ਤਾਂ ਮੇਲਾ ਮਾਘ ਵਿਚ ਬਸੰਤ ਪੰਚਮੀ ਤੋਂ ਲੈ ਕੇ ਪੂਰਨਿਮਾ ਤਕ ਚਲਦਾ ਹੈ। ਕਬੀਰ ਪੰਥੀ ਇਨ੍ਹਾਂ ਮੇਲਿਆਂ ਨੂੰ ਧਰਮ ਪ੍ਰਚਾਰ ਦਾ ਵਧੀਆ ਸਾਧਨ ਸਮਝਦੇ ਹਨ।

### ਕਬੀਰ ਜੈਅੰਤੀ

ਕਬੀਰ ਪੰਥ ਦੇ ਅਨੁਆਈ ਕਬੀਰ ਸਾਹਿਬ ਦੇ ਜਨਮ ਦਿਨ ਸੰਬੰਧੀ ਕਬੀਰ ਪੰਥੀ ਮੱਠਾਂ ਵਿਚ ਕਬੀਰ ਜੈਅੰਤੀ ਸਮਾਰੋਹਾਂ ਦਾ ਆਯੋਜਨ ਕਰਦੇ ਹਨ। ਇਨ੍ਹਾਂ ਸਮਾਰੋਹਾਂ ਵਿਚ ਕਬੀਰ ਸਾਹਿਬ ਦੇ ਜੀਵਨ ਅਤੇ ਸਿਧਾਂਤਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ ਤਾਂ ਕਿ ਮਨੁੱਖ ਪਰਮਤੱਤ ਦੀ ਪ੍ਰਾਪਤੀ ਕਰ ਸਕੇ। ਕਿਹਾ ਜਾਂਦਾ ਹੈ ਕਿ 1958 ਈ. ਵਿਚ ਰੂਸ ਵਿਚ ਇਕ ਕਬੀਰ ਜੈਅੰਤੀ ਮਨਾਈ ਗਈ ਸੀ। ਇਸ ਮੌਕੇ ਤੇ ਪੰਡਤਾਂ ਅਤੇ ਸੰਤਾਂ ਨੂੰ ਸੱਦਾ-ਪੱਤਰ ਭੇਜੇ ਜਾਂਦੇ ਹਨ। ਅਜਿਹੇ ਅਵਸਰਾਂ ਤੇ ਕਬੀਰ ਪੰਥੀ ਸੰਤਾਂ ਦੇ ਵਿਚਾਰਾਂ ਨੂੰ ਸਰਵਣ ਕਰਕੇ ਜਨ ਸਾਧਾਰਨ ਵਿਚ ਕਬੀਰ ਸਾਹਿਬ ਪ੍ਰਤੀ ਵਧੇਰੇ ਸ਼ਰਧਾ ਭਾਵ ਉਪਜਦਾ ਹੈ।

**ਸੰਪ੍ਰਦਾਇ ਕਮੇਟੀਆਂ ਦਾ ਨਿਰਮਾਣ**

ਕਬੀਰ ਪੰਥ ਦੇ ਪਰਵਰਤਕਾਂ ਨੇ ਕਬੀਰ ਪੰਥ ਨੂੰ ਦੇਸ ਦੇ ਕੋਨੇ ਕੋਨੇ ਵਿਚ ਪਹੁੰਚਾਉਣ ਲਈ ਕਈ ਕਮੇਟੀਆਂ ਬਣਾਈਆਂ ਹਨ ਜਿਨ੍ਹਾਂ ਵਿਚ ਕਾਨਪੁਰ, ਬਸਤੀ, ਹੋਜਈ (ਅਸਲਾਮ), ਵੇਮੇਤਰਾ (ਦੁਰਗ) ਆਦਿ ਸ਼ਾਮਲ ਹਨ। ਇਨ੍ਹਾਂ ਕਮੇਟੀਆਂ ਦੇ ਅਹੁੱਦੇਦਾਰਾਂ ਵਿਚ ਮੁਖ ਅਧਿਕਾਰੀ, ਉਪ ਮੁਖ ਅਧਿਕਾਰ, ਮੰਤਰੀ, ਉਪ-ਮੰਤਰੀ, ਸਹਾਇਕ ਮੰਤਰੀ, ਕੋਸ਼ ਅਧਿਅਕਸ਼ ਅਤੇ ਕੁਝ ਮੈਂਬਰ ਸ਼ਾਮਲ ਕੀਤੇ ਜਾਂਦੇ ਹਨ। ਇਨ੍ਹਾਂ ਸਾਰੇ ਅਹੁਦੇਦਾਰਾਂ ਦਾ ਮੁਖ ਮਨੋਰਥ ਕਬੀਰ ਦਾ ਪੰਥ ਵਿਸਥਾਰ ਕਰਨਾ ਹੁੰਦਾ ਹੈ।

**ਕਬੀਰ ਪੰਥ ਦੇ ਖੇਤਰ**

ਭਾਰਤ ਵਿਚ ਕਬੀਰ ਪੰਥ ਦਾ ਪ੍ਰਚਾਰ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ ਅਤੇ ਗੁਜਰਾਤ ਦੇ ਕਈ ਖੇਤਰਾਂ ਵਿਚ ਵਧੇਰੇ ਪਰਪੱਕਤਾ ਨਾਲ ਹੋਇਆ ਹੈ। ਕਬੀਰ ਸਾਹਿਬ ਦੇ ਦੇਹਾਂਤ ਤੋਂ ਬਾਅਦ ਵੀ ਕਬੀਰ ਪੰਥ ਦੇ ਅਨੁਆਈਆਂ ਦਾ ਕਾਰਜ ਖੇਤਰ ਵੀ ਇਹ ਹੀ ਰਿਹਾ। ਕਬੀਰ ਪੰਥ ਦੇ ਅਧਿਐਨ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇਥੇ ਜਗਨਨਾਥਪੁਰੀ ਵਿਚ ਕਬੀਰ, ਸੁਰਤਗੋਪਾਲ, ਗਿਆਨਦਾਸ ਅਤੇ ਧਰਮ ਦਾਸ ਦੀਆਂ ਸਮਾਧੀਆਂ ਬਣੀਆਂ ਹੋਈਆਂ ਹਨ। ਉੱਤਰ ਪ੍ਰਦੇਸ਼ ਵਿਚ ਕਾਸ਼ੀ ਕਬੀਰ ਪੰਥ ਦੀ ਸੁਰਤਗੋਪਾਲ ਵਾਲੀ ਸੰਪ੍ਰਦਾਇ ਦਾ ਪ੍ਰਮੁਖ ਕੇਂਦਰ ਰਿਹਾ ਹੈ। ਇਸ ਤੋਂ ਇਲਾਵਾ ਇਸ ਪ੍ਰਾਂਤ ਵਿਚ ਹਰਦੁਆਰ, ਕਾਨਪੁਰ, ਅਲੀਗੜ੍ਹ, ਫਰੁਖਾਬਾਦ, ਗਾਜੀਪੁਰ ਖੁਰਜਾ, ਸਹਾਰਨਪੁਰ, ਝਾਂਸੀ ਅਤੇ ਬੁਲੰਦ ਸ਼ਹਿਰ ਨਾਮਕ ਸਥਾਨਾਂ ਉੱਤੇ ਵੀ ਕਬੀਰ ਪੰਥ ਦੇ ਮੱਠਾਂ ਦਾ ਨਿਰਮਾਣ ਕੀਤਾ ਗਿਆ ਹੈ। ਸ਼ਹਿਰੀ ਖੇਤਰ ਦੀ ਤੁਲਨਾ ਵਿਚ ਪੇਂਡੂ ਖੇਤਰਾਂ ਵਿਚ ਕਬੀਰ ਪੰਥੀ ਵਿਸ਼ਾਲ ਗਿਣਤੀ ਵਿਚ ਪਾਏ ਜਾਂਦੇ ਹਨ। ਭਾਰਤ ਦੇ ਬਿਹਾਰ ਰਾਜ ਵਿਚ ਕਬੀਰ ਪੰਥੀ ਅਧਿਕ ਗਿਣਤੀ ਵਿਚ ਪਾਏ ਜਾਂਦੇ ਹਨ। ਇਥੇ ਧਨੌਤੀ ਅਤੇ ਬਿਦੂਪੁਰ ਕਬੀਰ ਪੰਥ ਦੀਆਂ ਦੋ ਮੁੱਖ ਸੰਪ੍ਰਦਾਵਾਂ ਸਥਾਪਤ ਕੀਤੀਆਂ ਗਈਆਂ ਹਨ। ਗਯਾ ਸ਼ਹਿਰ ਵਿਚ ਰਾਮ ਰਹੀਮ ਸਾਹਿਬ ਦਾ ਇਕ ਮੱਠ ਸਥਾਪਤ ਹੈ। ਫਤੁਹਾ ਸ਼ਹਿਰ ਵਿਚ ਕਬੀਰ ਪੰਥੀਆਂ ਦੀ ਇਕ ਸੁਤੰਤਰ ਸੰਪ੍ਰਦਾਇ ਹੈ। ਉਪਰੋਕਤ ਸਥਾਨਾਂ ਤੋਂ ਇਲਾਵਾ ਰੁਸੜਾ, ਮੁਜ਼ਫਰਪੁਰ, ਮੁੰਗੇਰ, ਦਰਭੰਗਾ, ਪੈਰਾ ਅਤੇ ਪਟਨਾ ਸ਼ਹਿਰ ਵਿਚ ਵੀ ਕਬੀਰ ਪੰਥ ਦੇ ਮੱਠ ਸਥਾਪਤ ਹਨ।

ਮੱਧ ਭਾਰਤ ਵਿਚ ਕਬੀਰ ਪੰਥੀ ਵਧੇਰੇ ਗਿਣਤੀ ਵਿਚ ਪਾਏ ਜਾਂਦੇ ਹਨ। ਇਥੇ ਰਤਨਪੁਰ, ਵਮਨੀ, ਪਰਸੀਆ, ਕਰਵਧਾ, ਸਾਗਰ, ਕੁਦੁਰਮਾਲ, ਮੰਡਲਾ, ਹਟਕੇਸਰ, ਧਮਧਾ, ਖਾਂਪਾ, ਨਾਗਪੁਰ, ਗਵਾਲੀਅਰ, ਹਰਦੀ ਅਤੇ ਪਰਕੋਟਾ ਵਿਖੇ ਕਬੀਰ ਪੰਥ ਨਾਲ ਸੰਬੰਧਤ ਮੱਠ ਹਨ। ਮੱਧ ਪ੍ਰਦੇਸ਼ ਵਿਚ ਕਬੀਰ ਪੰਥੀਆਂ ਦੀਆਂ ਗਿਣਤੀ ਸਭ ਤੋਂ ਵੱਧ ਹੈ। ਇਸ ਤੋਂ ਇਲਾਵਾ ਗੁਜਰਾਤ ਅਤੇ ਮਹਾਰਾਸ਼ਟਰ ਵੀ ਕਬੀਰ ਪੰਥ ਦੇ ਕੇਂਦਰ ਮੰਨੇ ਜਾਂਦੇ ਹਨ। ਗੁਜਰਾਤ ਵਿਚ ਹੋਰ ਕਈ ਥਾਵਾਂ ਜਿਵੇਂ ਬੜੋਦਾ, ਜੂਨਾਗੜ, ਜਾਮਨਗਰ, ਰਾਜਕੋਟ, ਅਹਿਮਦਾਬਾਦ, ਭਾਵ ਨਗਰ, ਨਡਿਆਡ, ਖੰਭਾਤ, ਭਰੋਚ ਅਤੇ ਸੂਰਤ ਵਿਚ ਕਬੀਰ ਪੰਥ ਦੇ ਮੱਠ ਸਥਾਪਤ ਕੀਤੇ ਗਏ ਹਨ। ਇਥੋਂ ਦੇ ਕਬੀਰ ਪੰਥੀਆਂ ਵਿਚ ਕਬੀਰ ਜੀ ਲਈ ਅਥਾਹ ਸ਼ਰਧਾ ਹੈ। ਇਸ ਤੋਂ ਇਲਾਵਾ ਮੁੰਬਈ, ਪੂਨਾ, ਹੈਦਰਾਬਾਦ, ਲਾਹੌਰ, ਕਰਾਚੀ, ਬੰਗਲੌਰ ਅਤੇ ਗੁਹਾਟੀ ਵਿਚ ਕਬੀਰ ਪੰਥੀ ਮੱਠਾਂ ਦਾ ਨਿਰਮਾਣ ਕੀਤਾ ਗਿਆ ਹੈ। ਇਸ ਤਰ੍ਹਾਂ ਉਕਤ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਵਿਚ ਕਬੀਰ ਪੰਥ ਦਾ ਵਿਸਥਾਰ ਉੱਤਰ ਵਿਚ ਲਾਹੌਰ ਤੋਂ ਲੈ ਕੇ

ਦੱਖਣ ਵਿਚ ਬੰਗਲੌਰ ਅਤੇ ਪੱਛਮ ਵਿਚ ਕਰਾਚੀ ਤੋਂ ਲੈ ਕੇ ਪੂਰਬ ਵਿਚ ਗੁਹਾਟੀ ਤੱਕ ਫੈਲਿਆ ਹੋਇਆ ਹੈ।

ਕਬੀਰ ਸਾਹਿਬ ਦੇ ਪ੍ਰਭਾਵਸ਼ਾਲੀ ਸਿਧਾਂਤਾਂ ਅਤੇ ਕਬੀਰ ਪੰਥੀਆਂ ਦੇ ਦ੍ਰਿੜ ਸੰਕਲਪਾਂ ਦੀ ਘਾਲਣਾ ਸਦਕਾ ਹੀ ਕਬੀਰ ਪੰਥ ਭਾਰਤ ਤੋਂ ਇਲਾਵਾ ਬਿਦੇਸ਼ਾਂ ਵਿਚ ਮਾਰੀਸ਼ਸ, ਦੱਖਣੀ ਅਫਰੀਕਾ, ਟ੍ਰਿਨੀਦਾਦ, ਬ੍ਰਿਟਿਸ਼, ਗਾਇਨਾ, ਡਰੈਮਗਰ, ਫਿਜੀ, ਸ੍ਰੀ ਲੰਕਾ, ਭੂਟਾਨ, ਮਿਆਂਮਾਰ, ਨੇਪਾਲ, ਅਰਬ, ਫਾਰਸ ਅਤੇ ਕਾਬਲ ਵਿਚ ਫੈਲ ਚੁੱਕਾ ਹੈ। ਇਨ੍ਹਾਂ ਦੇਸ਼ਾਂ ਵਿਚ ਜ਼ਿਆਦਾਤਰ ਕਬੀਰ ਪੰਥ ਦੀ ਛਤੀਸਗੜ੍ਹੀ ਸੰਪ੍ਰਦਾਇ ਦੇ ਮੱਠ ਸਥਾਪਤ ਕੀਤੇ ਗਏ ਹਨ।

ਉਕਤ ਅਧਿਐਨ ਤੋਂ ਸਪਸ਼ਟ ਹੈ ਕਿ ਕਬੀਰ ਪੰਥ ਭਾਰਤ ਵਿਚ ਉੱਤਰ ਪ੍ਰਦੇਸ਼ ਤੋਂ ਆਰੰਭ ਹੋ ਕੇ ਮੱਧ ਪ੍ਰਦੇਸ਼, ਬਿਹਾਰ, ਗੁਜਰਾਤ ਅਤੇ ਅਸਾਮ ਵਿਚ ਫੈਲ ਚੁੱਕਾ ਹੈ। ਕਬੀਰ ਸਾਹਿਬ ਦੇ ਪ੍ਰਤਿਭਾਸ਼ੀਲ ਅਤੇ ਮਹਾਨ ਵਿਅਕਤੀਤਵ ਵਾਲੇ ਅਨੁਆਈਆਂ ਧਰਮਦਾਸ, ਸੁਰਤਗੋਪਾਲ, ਭਗਵਾਨ ਗੁਸਾਈਂ ਅਤੇ ਜਾਗ੍ਰਦਾਸ ਨੇ ਪੂਰੀ ਨਿਸ਼ਠਾ ਅਤੇ ਲਗਨ ਨਾਲ ਕਬੀਰ ਸਾਹਿਬ ਦੇ ਸਿਧਾਂਤਾਂ ਦਾ ਪ੍ਰਚਾਰ ਕੀਤਾ ਜਿਸ ਦੇ ਨਤੀਜੇ ਵਜੋਂ ਕਬੀਰ ਪੰਥ ਅੱਜ ਵੀ ਭਾਰਤ ਅਤੇ ਬਿਦੇਸ਼ਾਂ ਵਿਚ ਆਪਣਾ ਵੱਖਰਾ ਅਸਤਿਤਵ ਸਥਾਪਤ ਕਰਨ ਵਿਚ ਸਫਲ ਰਿਹਾ ਹੈ।

## ਸਹਾਇਕ ਪੁਸਤਕਾਂ

1. *ਉੱਤਰੀ ਭਾਰਤ ਕੀ ਸੰਤ ਪਰੰਪਰਾ*, ਪੰਡਤ ਪਰਸ਼ੁਰਾਮ ਚਤੁਰਵੇਦੀ
2. *ਕਬੀਰ ਔਰ ਕਬੀਰ ਪੰਥ*, ਡਾ. ਕੇਦਾਰ ਨਾਥ ਦਿਵੇਦੀ
3. *ਭਾਰਤ ਮਤ ਦਰਪਣ*, ਮਹੰਤ ਗਣੇਸ਼ਾ ਸਿੰਘ

# ਉਦਾਸੀ ਸੰਪ੍ਰਦਾਇ

(ਡਾ.) ਪਰਮਵੀਰ ਸਿੰਘ*

ਉਦਾਸੀ ਸਿੱਖ ਧਰਮ ਦਾ ਅਟੁੱਟ ਅੰਗ ਹਨ। ਇਹਨਾਂ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਗੁਰਧਾਮਾਂ ਦੀ ਸੇਵਾ-ਸੰਭਾਲ ਵਿਚ ਵਿਲੱਖਣ ਯੋਗਦਾਨ ਪਾਇਆ। ਇਹਨਾਂ ਦੇ ਯਤਨਾਂ ਸਦਕਾ ਸਿੱਖੀ ਪ੍ਰਚਾਰ ਉਸ ਸਮੇਂ ਵੀ ਜਾਰੀ ਰਿਹਾ ਜਦੋਂ ਸਿੱਖ ਪੰਥ ਸੰਕਟ ਵਿਚੋਂ ਲੰਘ ਰਿਹਾ ਸੀ। ਇਹਨਾਂ ਉਦਾਸੀ ਸੰਤਾਂ ਨੇ ਪ੍ਰਮੁਖ ਸਿੱਖ ਸੰਸਥਾਵਾਂ ਦੀ ਸੇਵਾ-ਸੰਭਾਲ ਦਾ ਕਾਰਜ ਜਾਰੀ ਰੱਖਿਆ ਅਤੇ ਨਾਲ ਹੀ ਅਜਿਹੀਆਂ ਰਚਨਾਵਾਂ ਵੀ ਸਾਹਮਣੇ ਲਿਆਂਦਿਆਂ ਜਿਨ੍ਹਾਂ ਰਾਹੀਂ ਸਿੱਖੀ ਵਿਕਾਸਮੁਖੀ ਦਿਸ਼ਾ ਵੱਲ ਨਿਰੰਤਰ ਚਲਦੀ ਰਹੀ। ਅਠਾਰ੍ਹਵੀਂ ਸਦੀ ਵਿਚ ਇਨ੍ਹਾਂ ਦੁਆਰਾ ਕੀਤੇ ਯਤਨਾਂ ਸਦਕਾ ਜੋ ਰਚਨਾਵਾਂ ਸਾਹਮਣੇ ਆਈਆਂ ਉਨ੍ਹਾਂ ਵਿਚੋਂ ਸਿੱਖ ਧਰਮ ਸੰਬੰਧੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਭਾਵੇਂ ਕਿ ਕੁਝ ਵਿਦਵਾਨ ਇਹ ਕਹਿੰਦੇ ਹਨ ਕਿ ਉਦਾਸੀਆਂ ਨੇ ਸਿੱਖੀ ਸਿਧਾਂਤਾਂ ਨੂੰ ਪੇਸ਼ ਕਰਨ ਲਈ ਵੇਦਾਂਤਿਕ ਮੁਹਾਵਰੇ ਦਾ ਪ੍ਰਯੋਗ ਕੀਤਾ, ਪਰ ਇਸ ਦੇ ਨਾਲ ਇਹ ਵੀ ਸੱਚ ਹੈ ਕਿ ਏਸੇ ਮੁਹਾਵਰੇ ਦੇ ਪ੍ਰਯੋਗ ਨੇ ਹਿੰਦੂਆਂ ਨੂੰ ਸਿੱਖ ਧਰਮ ਪ੍ਰਤੀ ਆਕਰਸ਼ਿਤ ਕੀਤਾ। ਇਹਨ੍ਹਾਂ ਦੀ ਦੇਣ ਨੂੰ ਕਿਸੇ ਪ੍ਰਕਾਰ ਘਟਾ ਕੇ ਨਹੀਂ ਵੇਖਿਆ ਜਾਣਾ ਚਾਹੀਦਾ। ਇਹਨ੍ਹਾਂ ਨੇ ਸਿੱਖੀ ਸੰਦੇਸ਼ ਉਥੇ ਤੱਕ ਪਹੁੰਚਾਉਣ ਦਾ ਕਾਰਜ ਕੀਤਾ ਜਿਥੇ ਤੱਕ ਅਜੋਕੇ ਸਮੇਂ ਦੇ ਸਿੱਖ ਪ੍ਰਚਾਰਕ ਵੀ ਨਹੀਂ ਪਹੁੰਚ ਸਕੇ।

ਸਿੱਖ ਧਰਮ ਵਿਚ ਉਦਾਸੀ ਸ਼ਬਦ ਦਾ ਆਰੰਭ ਗੁਰੂ ਨਾਨਕ ਦੇਵ ਜੀ ਨਾਲ ਜੋੜਿਆ ਜਾਂਦਾ ਹੈ[1], ਜਿਸ ਨੂੰ ਵੱਖ-ਵੱਖ ਅਰਥਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ :

1 ਯਾਤਰਾਵਾਂ ਦੇ ਰੂਪ ਵਿਚ[2]
2 ਭੇਖ ਦੇ ਰੂਪ ਵਿਚ[3]
3 ਨਿਰਲੇਪਤਾ ਦੇ ਰੂਪ ਵਿਚ[4]
4 ਉਦਾਸੀਪਨ ਦੇ ਰੂਪ ਵਿਚ[5]

ਉਦਾਸੀ ਸੰਪ੍ਰਦਾ ਦਾ ਆਰੰਭ ਬਾਬਾ ਸਿਰੀ ਚੰਦ ਤੋਂ ਮੰਨਿਆ ਜਾਂਦਾ ਹੈ। ਪਰ ਫਿਰ ਵੀ ਕੁਝ ਉਦਾਸੀ ਸਾਧੂ ਇਹ ਸ਼ਬਦ ਸੰਸਕ੍ਰਿਤ ਭਾਸ਼ਾ ਵਿਚੋਂ ਆਇਆ ਹੋਣ ਕਰਕੇ ਇਸਦਾ ਸੰਬੰਧ ਪੁਰਾਤਨ ਭਾਰਤੀ ਪਰੰਪਰਾ ਨਾਲ ਜੋੜ ਕੇ ਪੇਸ਼ ਕਰਦੇ ਹਨ। ਉਦਾਸੀ ਸਾਧੂ ਮੰਨਦੇ ਹਨ ਕਿ ਉਦਾਸੀਨ ਪਰੰਪਰਾ ਵਿਚ ਪਹਿਲਾ ਬ੍ਰਹਮਾ ਜੀ ਫਿਰ ਸ੍ਰੀ ਸਨਕਾਦਿ ਰਿਸ਼ੀ, ਸ੍ਰੀ ਯੋਗੀਸ਼ਵਰ ਸ਼ਿਵ, ਸ੍ਰੀ ਨਾਰਾਇਣ ਅਤੇ ਫਿਰ ਸ੍ਰੀ ਸਨਤਕੁਮਾਰ ਜੀ ਆਏ। ਸ਼ਿਵ-ਨਾਰਾਇਣ ਦੋਵੇਂ ਉਦਾਸੀ ਮੱਤ ਦੇ ਆਚਾਰੀਆ ਰਹੇ। ਏਸੇ ਮੱਤ ਦੇ ਆਚਾਰੀਆ ਸਿਰੀ ਚੰਦ ਜੀ ਹੋਏ।[6] ਉਦਾਸੀ ਸੰਪ੍ਰਦਾਇ ਦੇ

* ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪੈਰੋਕਾਰ ਇਹ ਵੀ ਮੰਨਦੇ ਹਨ ਕਿ ਇਸ ਮੱਤ ਦਾ ਮੁੱਢ ਓਅੰਕਾਰ ਤੋਂ ਬੱਝਾ ਸੀ। ਫਿਰ ਬਾਬਾ ਸਿਰੀ ਚੰਦ ਨੇ ਉਦਾਸੀ ਮੱਤ ਦਾ ਵਿਧੀਵਤ ਸੰਗਠਨ ਕੀਤਾ।[7] ਇਸ ਸੰਪ੍ਰਦਾਇ ਦੁਆਰਾ ਪੇਸ਼ ਕੀਤੇ ਇਸ ਮੱਤ ਦਾ ਖੰਡਨ ਕਰਨ ਵਾਲਿਆਂ ਦੀ ਦਲੀਲ ਹੈ ਕਿ "ਇਸ ਸੰਪ੍ਰਦਾਇ ਵਾਲੇ ਆਪਣੀ ਸੰਪ੍ਰਦਾਇ ਨੂੰ ਅਨਾਦਿ ਕਾਲ ਤੋਂ ਚਲੀ ਆਉਂਦੀ ਸਿੱਧ ਕਰਨ ਲਈ ਪੌਰਾਣਿਕ ਗ੍ਰੰਥਾਂ ਤੇ ਕਥਾਵਾਂ ਦਾ ਆਸਰਾ ਲੈਂਦੇ ਹਨ। ਇਸ ਮੱਤ ਦਾ ਆਧਾਰ ਇਤਿਹਾਸਕ ਨਹੀਂ ਹੈ।"[8] ਇਸਤੋਂ ਇਲਾਵਾ ਇਹ ਕਿਹਾ ਜਾਂਦਾ ਹੈ ਕਿ "ਵੇਦ, ਪੁਰਾਣ, ਮਹਾਭਾਰਤ ਆਦਿ ਪ੍ਰਾਚੀਨ ਗ੍ਰੰਥਾਂ ਵਿਚ ਜਿਥੇ-ਜਿਥੇ ਉਦਾਸੀ ਸੰਪ੍ਰਦਾਇ ਨਾਲ ਜੋੜਨ ਲਈ ਇਤਿਹਾਸ ਨੂੰ ਤੋੜ ਮਰੋੜ ਕੇ ਕਿਤੇ-ਕਿਤੇ ਪੇਸ਼ ਕੀਤਾ ਜਾ ਰਿਹਾ ਹੈ।[9]

ਸਿੱਖ ਧਰਮ ਨਾਲ ਸੰਬੰਧਤ ਵਿਦਵਾਨ ਉਦਾਸੀ ਸ਼ਬਦ ਨੂੰ ਗੁਰੂ ਨਾਨਕ ਦੇਵ ਜੀ ਨਾਲ ਅਤੇ ਉਦਾਸੀ ਸੰਪ੍ਰਦਾਇ ਨੂੰ ਬਾਬਾ ਸਿਰੀ ਚੰਦ ਨਾਲ ਜੋੜ ਕੇ ਵੇਖਦੇ ਹਨ। ਇਥੇ ਇਹ ਗੱਲ ਜਾਣ ਲੈਣੀ ਜ਼ਰੂਰੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਉਦਾਸੀ ਪਹਿਰਾਵਾ ਧਾਰਨ ਕਰਕੇ ਜੋ ਉਦਾਸੀਆਂ ਕੀਤੀਆਂ ਉਹ ਲੋਕਾਈ ਨੂੰ ਸਚਿਆਰੇ ਮਾਰਗ ਨਾਲ ਜੋੜਨ ਲਈ ਸਾਧਨ ਮਾਤਰ ਸਨ। ਗੁਰੂ ਜੀ ਅਜਿਹੇ ਗੁਰਮੁਖ ਪੈਦਾ ਕਰਨ ਦਾ ਯਤਨ ਕਰ ਰਹੇ ਸਨ ਜੋ ਮਾਇਆ ਵਿਚ ਉਦਾਸ ਰਹਿ ਕੇ ਸ੍ਰੇਸ਼ਟ ਸਮਾਜ ਦੀ ਸਿਰਜਣਾ ਕਰਨ ਦੇ ਸਮਰਥ ਹੋਣ, ਜਿਨ੍ਹਾਂ ਦੁਆਰਾ ਪੇਸ਼ ਕੀਤੀ ਜੀਵਨਜਾਚ ਰਾਹੀ ਸਤ, ਸੰਤੋਖ, ਦਇਆ, ਧਰਮ ਅਤੇ ਧੀਰਜ ਜਿਹੇ ਸਦਗੁਣ ਪੈਦਾ ਹੋਣ ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਜਿਹੇ ਵਿਕਾਰਾਂ ਨੂੰ ਕਾਬੂ ਕਰਨ ਦੀ ਪ੍ਰੇਰਣਾ ਪੈਦਾ ਹੋਵੇ। ਗੁਰੂ ਨਾਨਕ ਦੇਵ ਦੁਆਰਾ ਦਰਸਾਈ ਜੀਵਨਜਾਚ, ਜੋ ਮਨੁੱਖ ਨੂੰ ਗੁਰਮੁਖ ਪਦ ਤਕ ਲੈ ਕੇ ਜਾਂਦੀ ਹੈ, ਨੂੰ ਧਾਰਨ ਕਰਨ ਦਾ ਜੋ ਮਾਰਗ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਇਆ ਗਿਆ ਹੈ ਉਸਦਾ ਪ੍ਰਗਟਾਵਾ ਕਰਦੇ ਹੋਏ ਗੁਰੂ ਰਾਮਦਾਸ ਜੀ ਦਸਦੇ ਹਨ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ।*[10]

ਗੁਰੂ ਸਹਿਬਾਨ ਦੁਆਰਾ ਦਰਸਾਈ ਇਹ ਜੀਵਨਜਾਚ ਮਨੁੱਖ ਗ੍ਰਹਿਸਤੀ ਜੀਵਨ ਵਿਚ ਵੀ ਧਾਰਨ ਕਰ ਸਕਦਾ ਹੈ ਅਤੇ ਗ੍ਰਹਿਸਤੀ ਜੀਵਨ ਤੋਂ ਬਗੈਰ ਵੀ। ਪਰ ਗ੍ਰਹਿਸਤੀ ਜੀਵਨ ਤੋਂ ਬਗੈਰ ਗੁਰਮਿਤ ਜੀਵਨਜਾਚ ਧਾਰਨ ਕਰਦੇ ਹੋਏ ਉਸ ਲਈ ਜ਼ਰੂਰੀ ਹੈ ਕਿ ਉਹ ਗ੍ਰਹਿਸਤੀ ਜੀਵਨ ਦਾ ਨਿੰਦਕ ਨਾ ਹੋਵੇ। ਗੁਰਸਿੱਖ ਲਈ ਗ੍ਰਹਿਸਤ ਜੀਵਨ ਧਾਰਨ ਕਰਨਾ ਬੰਦਿਸ਼ ਨਹੀਂ ਬਲਕਿ ਉਸਦੀ ਆਪਣੀ ਮਰਜ਼ੀ ਹੈ ਕਿ ਉਹ ਗ੍ਰਹਿਸਤ ਵਿਚ ਰਹਿਣਾ ਚਾਹੁੰਦਾ ਹੈ ਜਾਂ ਨਹੀਂ, ਉਦੇਸ਼ ਗੁਰਮਤਿ ਅਨੁਸਾਰ ਜਗਤ ਵਿਚ ਰਹਿੰਦੇ ਹੋਏ ਪਰਮਪਦਿ ਦੀ ਪ੍ਰਾਪਤੀ ਦਾ ਹੋਣਾ ਚਾਹੀਦਾ ਹੈ। ਏਸੇ ਕਰਕੇ ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਲਈ ਉਤਰਾਧਿਕਾਰੀ ਦੀ ਚੋਣ ਕੀਤੀ ਤਾਂ ਬਾਬਾ ਸਿਰੀ ਚੰਦ ਅਤੇ ਬਾਬਾ ਲਖਮੀ ਚੰਦ ਜੀ ਵੀ ਹਾਜ਼ਰ ਸਨ।[11] ਉਸ ਸਮੇਂ ਬਾਬਾ ਸਿਰੀ ਚੰਦ ਦੀ ਉਮਰ, 1494 ਈਸਵੀ ਵਿਚ ਜਨਮ ਅਨੁਸਾਰ, ਲਗਭਗ 45 ਸਾਲ ਅਤੇ ਬਾਬਾ ਲਖਮੀ ਚੰਦ

ਦੀ ਉਮਰ, 1496 ਈਸਵੀ ਵਿਚ ਜਨਮ ਅਨੁਸਾਰ, ਲਗਪਗ 43 ਸਾਲ ਮੰਨੀ ਜਾਂਦੀ ਹੈ। ਇਸ ਸਮੇ ਤਕ ਇਹ ਦੋਵੇਂ ਅਣਵਿਆਹੇ ਸਨ ਜਦੋਂ ਕਿ ਉਸ ਸਮੇਂ ਛੋਟੀ ਉਮਰ ਵਿਚ ਵਿਆਹ ਕਰਾਉਣ ਦਾ ਰਿਵਾਜ ਪ੍ਰਚਲਿਤ ਸੀ।

ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭੇ ਮਿਸ਼ਨ ਨੂੰ ਅਗੇ ਤੋਰਨ ਦਾ ਕਾਰਜ ਭਾਵੇ ਪ੍ਰਮੁਖ ਤੌਰ ਤੇ ਉਹਨਾਂ ਦੁਆਰਾ ਸਥਾਪਤ ਉਤਰਾਧਿਕਾਰੀ ਹੀ ਕਰ ਰਹੇ ਸਨ ਪਰ ਇਹਨਾਂ ਤੋਂ ਇਲਾਵਾ ਉਹਨਾਂ ਵਿਅਕਤੀਆਂ ਦਾ ਵੀ ਸਤਿਕਾਰ ਕੀਤਾ ਗਿਆ ਜੋ ਇਸ ਮਿਸ਼ਨ ਲਈ ਆਪ ਸਮਰਪਿਤ ਹੋ ਗਏ, ਉਦਾਸੀਆਂ, ਸੇਵਾਪੰਥੀਆ ਅਤੇ ਨਿਰਮਲਿਆਂ ਨੂੰ ਏਸੇ ਸ਼੍ਰੇਣੀ ਵਿਚ ਰੱਖ ਕੇ ਵੇਖਿਆ ਜਾ ਸਕਦਾ ਹੈ। ਇਹਨਾਂ ਤੋਂ ਇਲਾਵਾ ਜਿਨ੍ਹਾਂ ਦਾ ਕਾਰਜ ਗੁਰਮਿਤ ਤੋਂ ਉਲਟ ਜਾਪਿਆ ਉਹਨਾਂ ਨੂੰ ਗੁਰੂ ਸਾਹਿਬਾਨ ਨੇ ਆਪ ਫਿਟਕਾਰ ਦਿੱਤਾ। ਧੀਰਮਲੀਆਂ, ਰਾਮਰਾਈਆਂ ਆਦਿ ਨੂੰ ਏਸ ਸ਼੍ਰੇਣੀ ਵਿਚ ਰਖ ਕੇ ਵੇਖਿਆ ਜਾ ਸਕਦਾ ਹੈ। ਉਦਾਸੀ ਪ੍ਰਥਾ ਨੂੰ ਅਗੇ ਤੋਰੀ ਰੱਖਣ ਵਾਲਿਆਂ ਦਾ ਵਿਚਾਰ ਹੈ ਕਿ ਸੰਸਾਰ ਵਿਚ ਮੁੱਖ ਧਰਮ, ਪ੍ਰਾਨੀ ਮਾਤਰ ਲਈ ਗ੍ਰਿਸਤ ਹੀ ਹੈ; ਇਸ ਲਈ ਸਤਿਗੁਰ ਨਾਨਕ ਨੇ ਇਸੇ ਨੂੰ ਉਤਮ ਦਸਣ ਲਈ ਅਮਲੀ ਤੌਰ ਪੁਰ, ਗੁਰਯਾਈ ਦਾ ਸਿਲਸਿਲਾ ਗ੍ਰਿਸਤ ਮਾਰਗ ਵਿੱਚ ਜਾਰੀ ਕੀਤਾ। ਪਰ ਇਸ ਧਰਮ ਦਾ ਸੰਦੇਸ਼, ਦੇਸ ਦੇਸਾਂਤਰ ਵਿੱਚ ਹਰ ਪ੍ਰਾਨੀ ਤੱਕ ਪਹੁੰਚਾਣ ਲਈ, 'ਉਦਾਸੀ ਦੀ ਰੀਤਿ' ਭੀ ਬੰਦ ਨਹੀਂ ਕੀਤੀ। ਸਗੋਂ ਇਸ ਰੀਤ ਨੂੰ ਟੋਰੀ ਰੱਖਣ ਦੀ ਜ਼ਿੰਮੇਵਾਰੀ ਲੈਣ ਵਾਸਤੇ, ਆਪਣੇ ਵੱਡੇ ਸਪੂਤ ਬਾਬਾ ਸਿਰੀ ਚੰਦ ਜੀ ਦਾ ਮਨ ਪ੍ਰੇਰ ਦਿਤਾ ਅਰੁ ਉਨ੍ਹਾਂ ਦੇ ਸੁਭਾਉ ਵਿੱਚ, ਜਮਾਂਦਰੂ ਹੀ ਜਤੀ ਰਹਿਣ ਦੀ ਭਾਵਨਾ ਉਤਪਨ ਕਰ ਦਿੱਤੀ ਤਾਂ ਜੋ ਘਰਿਸਤ ਦੇ ਵਲੇਵੇਂ ਗਲ ਪਾ ਕੇ, ਦੇਸ ਰਟਨ ਦੀਆਂ ਖੇਚਲਾਂ ਤੋਂ ਕੰਨੀ ਨਾ ਕਤਰਾਉਣ ਲੱਗ ਪੈਣ।"[12]

ਗੁਰੂ ਨਾਨਕ ਦੇਵ ਜੀ ਦੁਆਰਾ ਭਾਈ ਲਹਿਣਾ ਨੂੰ ਗੁਰਗੱਦੀ ਦੇਣ ਤੇ ਭਾਵੇਂ ਗੁਰੂ ਪੁੱਤਰਾਂ ਨੇ ਰੋਸ ਕੀਤਾ ਪਰ ਉਹਨਾਂ ਦੇ ਅਜਿਹੇ ਵਿਹਾਰ ਤੇ ਗੁਰੂ ਜੀ ਵਲੋਂ ਕੋਈ ਨਕਾਰਾਤਮਕ ਟਿਪਣੀ ਵੇਖਣ ਨੂੰ ਨਹੀਂ ਮਿਲਦੀ ਕਿਉਂਕਿ ਉਹਨਾਂ ਦਾ ਵਿਹਾਰ ਸਮਾਜਿਕ ਸਰੋਕਾਰਾਂ ਵਿਚੋਂ ਪ੍ਰਗਟ ਹੁੰਦਾ ਸੀ, ਇਸ ਵਿਚ ਕੋਈ ਗੱਲ ਗੁਰਮਿਤ ਵਿਰੋਧੀ ਨਹੀਂ ਸੀ। ਗੁਰੂ ਨਾਨਕ ਦੇਵ ਜੀ ਨੇ ਪੁੱਤਰਾਂ ਨੂੰ ਇਹ ਦ੍ਰਿੜ ਕਰਾਇਆ ਕਿ ਗੁਰਗੱਦੀ ਦਾ ਉਤਰਾਧਿਕਾਰ ਵਿਰਾਸਤ ਨਹੀ ਬਲਕਿ ਯੋਗਤਾ ਹੈ। ਕੇਵਲ ਗੁਰੂ ਨਾਨਕ ਦੇਵ ਜੀ ਹੀ ਨਹੀਂ ਬਲਕਿ ਦੂਸਰੇ ਗੁਰੂ ਸਾਹਿਬਾਨ ਨੇ ਵੀ ਆਪਣੇ ਪੁੱਤਰਾਂ ਨੂੰ ਇਹੀ ਸਬਕ ਦ੍ਰਿੜ ਕਰਾਇਆ, ਜੋ ਕਿ ਚੌਥੇ ਗੁਰੂ ਤੱਕ ਚਲਦਾ ਰਿਹਾ। ਚੌਥੇ ਗੁਰੂ, ਗੁਰੂ ਰਾਮਦਾਸ, ਜੀ ਤੱਕ "ਗੁਰੂ ਜੀ ਦੇ ਪੁੱਤਰਾਂ ਨੂੰ ਇਹ ਸਬਕ ਦ੍ਰਿੜ ਕਰਾਇਆ ਜਾ ਚੁੱਕਾ ਸੀ ਕਿ ਗੁਰਿਆਈ ਲਈ ਕੇਵਲ ਯੋਗਤਾ ਹੀ ਗਿਣੀ ਜਾਏਗੀ, ਇਸ ਲਈ ਉਸ ਤੋਂ ਬਾਅਦ ਉਨ੍ਹਾਂ ਨੇ ਕਰੜੇ ਫਰਜ਼ ਨਿਭਾਉਣ ਦੇ ਯੋਗ ਹੋਣ ਦੀ ਕੋਸ਼ਿਸ਼ ਕੀਤੀ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਚੋਣ ਲਈ ਸਿੱਖਾਂ ਅਤੇ ਗੁਰੂ ਪੁੱਤਰਾਂ ਵਿਚੋਂ ਪਰਖ ਇਕੋ ਕਸੌਟੀ ਤੇ ਕੀਤੀ ਜਾਂਦੀ ਸੀ। ਇਸ ਪਰਖ ਵਿਚ ਸ਼ਾਮਲ ਅਤੇ ਯੋਗਤਾ ਰੱਖਣ ਵਾਲੇ ਪੁੱਤਰਾਂ ਨੂੰ ਪੁੱਤਰ ਹੋਣ ਕਰਕੇ ਹੀ ਕਿਉਂ ਖਾਰਜ ਕੀਤਾ ਜਾਏ ?.......ਤਜਰਬੇ ਦੇ ਤੌਰ ਤੇ ਇਸ ਯੋਗਤਾ ਵਾਲੇ ਅਸੂਲ ਨੂੰ ਉਨਤ ਕਰਨ ਲਈ ਇਹ ਜ਼ਰੂਰੀ ਸਮਝਿਆ ਗਿਆ ਕਿ ਉਤਰਧਿਕਾਰੀ ਦੀ ਚੋਣ ਗੁਰੂ ਜੀ ਦੇ ਅੰਤਿਮ ਸਮੇਂ ਤਕ ਮੁਲਤਵੀ ਨਾ ਕੀਤੀ ਜਾਏ ਸਗੋਂ ਪਹਿਲੇ ਕਰ ਲਈ ਜਾਏ ਤਾਂ ਜੋ ਉਤਰਾਧਿਕਾਰੀ ਨੂੰ ਆਪਣੀ ਯੋਗਤਾ ਸਿੱਧ

ਕਰਨ ਲਈ ਕੁਝ ਸਿਖਲਾਈ ਪ੍ਰਾਪਤ ਕਰਨ ਦਾ ਮੌਕਾ ਮਿਲ ਸਕੇ। ਚੋਣ ਸਦਾ ਵਧੀਆ ਹੁੰਦੀ ਰਹੀ। ਗੁਰੂ ਹਰਿ ਕ੍ਰਿਸ਼ਨ ਵੀ ਬੜੇ ਹੋਣਹਾਰ ਸਨ। ਜੇ ਛੋਟੀ ਆਯੂ ਵਾਲੇ ਗੁਰੂ ਛੇਤੀ ਜੋਤੀ-ਜੋਤਿ ਸਮਾ ਗਏ ਤਾਂ ਇਸ ਵਿਚ ਚੋਣ ਕਰਨ ਵਾਲੇ ਦਾ ਕੋਈ ਦੋਸ਼ ਨਹੀਂ ਸੀ।"[13]

ਉਦਾਸੀ ਸੰਪ੍ਰਦਾ ਦਾ ਆਰੰਭ ਕਦੋਂ ਹੋਇਆ? ਇਸ ਸੰਬੰਧ ਵਿਚ ਪ੍ਰਮਾਣਿਕ ਹਵਾਲੇ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ। ਉਦਾਸੀ ਸ਼ਬਦ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਨਾਲ ਜੋੜ ਕੇ ਇਹ ਵਰਣਿਤ ਕੀਤਾ ਜਾਂਦਾ ਹੈ ਕਿ ਇਸ ਸੰਪ੍ਰਦਾ ਦੇ ਬੀਜ ਗੁਰੂ ਜੀ ਦੇ ਜੀਵਨ ਵਿਚੋਂ ਵੇਖਣ ਨੂੰ ਮਿਲਦੇ ਹਨ। ਸੰਤਰੇਣ ਉਦਾਸੀ ਸੰਤ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਉਦਾਸੀ ਭੇਖ ਆਪ ਬਾਬਾ ਸਿਰੀ ਚੰਦ ਨੂੰ ਦਿਤਾ :

ਹਮਰਾ ਬਾਣਾ ਇਹੁ ਸਭ ਜੇਤਾ।
ਪਾਸ ਰਖੋ ਤੁਮ ਆਪ ਸੁ ਤੇਤਾ।[14]

ਏਸੇ ਭਾਵ ਨੂੰ ਵੱਖ-ਵੱਖ ਵਿਦਵਾਨਾਂ ਨੇ ਆਪੋ ਆਪਣੇ ਸ਼ਬਦਾਂ ਰਾਹੀਂ ਚਿਤਰਿਤ ਕਰਦੇ ਹੋਏ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ "ਆਪਣੇ ਵਿਅਕਤੀਤਵ ਤੋਂ ਅਗੋਂ ਤਿੰਨ ਲਾਟਾਂ ਮਚਾਈਆਂ। ਪਹਿਲੀ ਲਾਟ ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਆਪਣੀ ਗੁਰਗਦੀ ਦੇ ਕੇ ਆਪਣੇ ਮਿਸ਼ਨ, ਜਿਹੜਾ ਗੁਰਗਦੀ ਦਾ ਹੈ, ਦਾ ਸੰਚਾਲਕ ਬਣਾਇਆ। ਦੂਸਰਾ ਸੀ ਰਮਤਾ ਧਰਮ-ਪ੍ਰਚਾਰ, ਜਿਹੜਾ ਉਨ੍ਹਾਂ ਨੇ ਉਦਾਸੀਆਂ ਦੌਰਾਨ ਕੀਤਾ ਸੀ, ਮਿਸ਼ਨਰੀ ਕੰਮ, ਉਹਦੀ ਜਿਹੜੀ ਸਾਰੀ ਸੰਭਾਲ ਸੀ, ਉਹ ਬਾਬਾ ਸਿਰੀ ਚੰਦ ਜੀ ਦੇ ਹੱਥਾਂ ਵਿਚ ਦਿਤੀ ਅਤੇ ਤੀਜੀ ਪਰੰਪਰਾ ਜਿਹੜੀ ਉਨ੍ਹਾਂ ਤੋਂ ਚਲੀ ਉਹ ਬਿੰਦੀ ਸੰਤਾਨ ਦੀ ਸੀ, ਇਹ ਬਾਬਾ ਲਖਮੀ ਦਾਸ ਜੀ ਤੋਂ ਤੁਰੀ ਸੀ। ਸੋ ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦਾ ਵਿਅਕਤੀਤਵ ਤਿੰਨ ਦਿਸ਼ਾਵਾਂ ਵਲ ਵਿਕਾਸ ਕਰਦਾ ਹੈ। ਇਹ ਤਿੰਨ ਦਿਸ਼ਾਵਾਂ ਸੁਤੰਤਰ ਹੁੰਦਿਆਂ ਹੋਈਆਂ ਵੀ ਇਕ ਦੂਜੇ ਦੇ ਨਾਲ ਮਿਲ ਕੇ ਚਲ ਰਹੀਆਂ ਹਨ। ਇਹ ਅੰਤਰ-ਸੰਬੰਧਤ ਵੀ ਨੇ ਤੇ ਇਨ੍ਹਾਂ ਦਾ ਆਪਣਾ ਮਹੱਤਵ ਵੀ ਹੈ।"[15] ਬਾਬਾ ਸਿਰੀ ਚੰਦ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਉਦਾਸੀ ਭੇਖ ਵਿਚ ਸਿੱਖੀ ਦਾ ਪ੍ਰਚਾਰ ਕਰਨ ਦੀ ਆਗਿਆ ਕਰਨ ਦੇ ਨਾਲ-ਨਾਲ ਉਦਾਸੀ ਸੰਪ੍ਰਦਾ ਦਾ ਆਗੂ ਬਣਾਉਣ ਵਾਲੇ ਵਿਦਵਾਨਾਂ ਦਾ ਮਤ ਹੈ ਕਿ ਬਾਬਾ ਸਿਰੀ ਚੰਦ "ਪਿਤਾ-ਗੁਰੂ ਜੀ ਦੇ ਧਾਰਨ ਕੀਤੇ 30 ਸਾਲ ਦੇ ਇਸ ਸਾਧੂ ਭੇਖ ਦੀ ਪ੍ਰਭੁਤਾ ਨੂੰ ਤੇ ਪਵਿੱਤਰਤਾ ਨੂੰ ਚੰਗੀ ਤਰ੍ਹਾਂ ਸਮਝੇ ਹੋਏ ਸਨ। ਇਨ੍ਹਾਂ ਨੇ ਗੁਰੂ-ਪਿਤਾ ਪਾਸ ਅਰਜ਼ ਕੀਤੀ ਤੇ ਸਵਾਸਾਂ ਤੀਕ ਬੇਦਾਗ ਰੱਖਣ ਦਾ ਪ੍ਰਣ ਲੈ ਕੇ ਗੁਰੂ ਜੀ ਦੀ ਆਗਿਆ ਨਾਲ ਉਹੀ ਪੁਸ਼ਾਕਾਂ (ਉਦਾਸੀ ਭੇਖ) ਧਾਰਨ ਕਰ ਲਿਆ ਸੀ। ਉਸ ਦਿਨ ਥੀਂ ਬਾਬਾ ਸਿਰੀ ਚੰਦ ਪੱਕੇ ਉਦਾਸੀ ਸੰਤ ਸਮਝੇ ਜਾਣ ਲਗੇ ਸਨ।"[16]

ਗੁਰੂ ਨਾਨਕ ਦੇਵ ਜੀ ਨੇ 'ਸਚਿਆਰਾ' ਮਨੁੱਖ ਬਣਾਉਣ ਅਤੇ ਸਮਾਜ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਲਈ ਯਤਨ ਕੀਤੇ ਅਤੇ ਏਸੇ ਕਾਰਜ ਲਈ ਉਦਾਸੀਆਂ ਵੀ ਕੀਤੀਆਂ। ਉਦਾਸੀਆਂ ਉਪਰੰਤ ਕਰਤਾਰਪੁਰ ਵਿਖੇ ਨਿਵਾਸ ਦੌਰਾਨ ਗੁਰੂ ਜੀ ਦੁਆਰਾ ਕੀਤੇ ਪ੍ਰਚਾਰ ਦਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ ਜਿਸਦਾ ਪ੍ਰਗਟਾਵਾ ਕਰਦੇ ਹੋਏ ਸਾਖੀਕਾਰ ਲਿਖਦਾ ਹੈ, "ਜਿਥੇ ਦਰੀਆਉ ਦੇ ਕਿਨਾਰੇ ਬਾਬਾ ਬੈਠਾ ਰਹਿੰਦਾ ਉਥੇ ਲੋਕ ਝੁਕਿ ਗਏ। ਹਿੰਦੂ ਮੁਸਲਮਾਨ ਜੋਗੀ ਸੰਨਿਆਸੀ ਬ੍ਰਹਮਚਾਰੀ ਤਪੇ ਤਪੀਸਰ ਦਿਗੰਬਰ ਬੈਸਨੋ ਉਦਾਸੀ ਬੈਰਾਗੀ ਗਿਰਹੀ ਖਾਨ ਖਵਾਨੀ (ਨ) ਉਮਰਾਉ ਕਰੋੜੀਆ

ਜੁ ਕੋਈ ਪਰਮੇਸਰ ਪੈਦਾ ਕੀਤਾ ਸਾ ਸੋ ਉਸਤਤਿ ਲੈ ਉਠਿਆ। ਬਾਬੇ ਨਾਨਕ ਕੀ।"[17] ਇਹਨਾਂ ਸਭ ਵਰਗਾਂ ਨੂੰ ਸਿੱਖੀ ਨਾਲ ਜੋੜੀ ਰੱਖਣਾ ਅਤੇ ਸਮਾਜ ਕਲਿਆਣ ਵਾਸਤੇ ਅਗੇ ਲਿਆਉਣਾ ਜ਼ਰੂਰੀ ਸੀ। ਗੁਰੂ ਜੀ ਦੁਆਰਾ ਪ੍ਰਚਾਰਿਤ ਇਸ ਵਿਚਾਰਧਾਰਾ ਨੂੰ ਸਾਹਮਣੇ ਰੱਖ ਕੇ ਉਦਾਸੀ ਸੰਪ੍ਰਦਾਇ ਦਾ ਸਮਰਥਨ ਕਰਦੇ ਹੋਏ ਕਿਹਾ ਗਿਆ, "ਜੋਗੀਆਂ, ਸੰਨਿਆਸੀਆਂ, ਜਤੀਆਂ ਤੇ ਪਰਿਵ੍ਰਾਜਕਾਂ ਦੇ ਟਾਕਰੇ ਬਾਬਾ ਸਿਰੀ ਚੰਦ ਨੂੰ 'ਉਦਾਸੀ ਸੰਪਦ੍ਰਾਇ' ਨੂੰ ਸਮਾਜਿਕ ਲੋੜਾਂ ਅਨੁਸਾਰ ਜਾਰੀ ਕਰਨ ਦਾ ਕਾਰਜ-ਭਾਰ ਸੌਂਪਿਆ। ਇਹੋ ਕਾਰਨ ਹੈ ਕਿ ਬਾਬਾ ਸਿਰੀ ਚੰਦ ਤੋਂ ਜਾਰੀ ਹੋਈ ਉਦਾਸੀ ਸੰਪਦ੍ਰਾਇ ਜੋਗੀਆਂ, ਸੰਨਿਆਸੀਆਂ ਵਾਂਗ ਕੇਵਲ ਵਾਨਪ੍ਰਸਤ ਤੇ ਚਤੁਰਥ ਆਸ਼ਰਮ ਅਪਨਾਉਣ ਤੱਕ ਸੀਮਿਤ ਨਾ ਹੋ ਕੇ ਸਮਾਜ ਮੁਖੀ ਕਾਰਜ ਕਰਨ ਵਾਲੀ ਹੋ ਕੇ ਉਭਰੀ, ਜੋ ਨਿਰੰਤਰ ਸਾਹਿਤ-ਰਚਨਾ, ਵਿਦਿਆ ਸਥਾਨ ਕਾਇਮ ਕਰਨ, ਦਵਾਖਾਨੇ ਆਦਿ ਬਣਾਉਣ ਦ ਲੋਕ ਹਿਤੈਸ਼ੀ ਕਾਰਜ ਕਰਦੀ ਆ ਰਹੀ ਹੈ।"[18]

ਗੁਰੂ ਨਾਨਕ ਦੇਵ ਜੀ ਦੁਆਰਾ ਬਾਬਾ ਸਿਰੀ ਚੰਦ ਨੂੰ ਉਦਾਸੀ ਸੰਪਦ੍ਰਾ ਦਾ ਮੋਢੀ ਥਾਪੇ ਜਾਣ ਜਾਂ ਉਹਨਾਂ ਦੁਆਰਾ ਇਸ ਸੰਪਦ੍ਰਾ ਨੂੰ ਸੰਗਠਨਾਤਮਕ ਤਰੀਕੇ ਨਾਲ ਅਗੇ ਵਧਾਉਣ ਦਾ ਵਿਰੋਧ ਕਰਨ ਵਾਲੇ ਵਿਦਵਾਨ ਇਹ ਦਲੀਲ ਦਿੰਦੇ ਹਨ ਕਿ "ਉਦਾਸੀ ਭੇਖ ਤੇ ਰੀਤਿ ਨੂੰ ਅਗਾਹਾਂ ਚਾਲੂ ਰੱਖਣ ਦੀ ਆਗਿਆ ਸਤਿਗੁਰੂ ਨਾਨਕ ਵਲੋਂ ਬਾਬਾ ਸਿਰੀ ਚੰਦ ਨੂੰ ਪ੍ਰਾਪਤ ਹੋਣ ਦਾ ਜ਼ਿਕਰ ਕਿਸੇ ਭੀ ਪੁਰਾਤਨ ਇਤਿਹਾਸ ਯਾ ਸਾਖੀਆਂ ਵਿਚ ਨਹੀਂ। ਹਾਂ, ਕੁਝ ਓਦਾਸੀ ਸੰਤਾਂ ਵਲੋਂ ਇਸ ਟੁਟੀ ਲੜੀ ਨੂੰ ਜੋੜਨ ਦਾ ਯਤਨ ਹੋਇਆ ਹੈ।"[19] ਅਜਿਹਾ ਨਹੀਂ ਕਿ ਇਹ ਵਿਦਵਾਨ ਉਦਾਸੀ ਪਰੰਪਰਾ ਦੁਆਰਾ ਸਿੱਖੀ ਪ੍ਰਚਾਰ ਵਿਚ ਪਾਏ ਯੋਗਦਾਨ ਤੋਂ ਮੁਨਕਰ ਹਨ ਬਲਕਿ ਉਹ ਕਹਿੰਦੇ ਹਨ ਕਿ "ਸਤਿਗੁਰ ਨਾਨਕ ਦਾ ਉਦਾਸੀ ਮਤ ਗ੍ਰਿਹਸਤ ਵਿਚ ਉਦਾਸ ਰਹਿ ਕੇ ਹਰਿ ਭਗਤੀ ਤੇ ਅਭਿਆਗਤ ਸਿੱਖ ਸਾਧੂਆਂ ਦੀ ਸੇਵਾ ਕਰਨਾ ਸੀ। ਸੋ ਸਾਰੇ ਸਤਿਗੁਰੂ ਇਸੇ ਸਿਧਾਂਤ ਦਾ ਪ੍ਰਚਾਰ ਕਰਦੇ ਤੇ ਸਿੱਖਾਂ ਸੇਵਕਾਂ ਤੋਂ ਅਮਲ ਕਰਾਉਂਦੇ ਸਨ। ਐਪਰ ਜੋ ਸਿੱਖ ਫਕੀਰੀ ਜੀਵਨ ਬਿਤਾਉਂਦਾ ਤੇ ਜਤ, ਸਤ, ਸੰਤੋਖ ਆਦਿ ਨਿਭਾਉਂਦਾ ਹੋਇਆ, 'ਨਿਰੰਕਾਰੀ ਧਰਮ' ਦਾ ਪ੍ਰਚਾਰ ਕਰਨ ਦੀ ਯੋਗਤਾ ਵਿਖਾਉਂਦਾ ਸੀ; ਉਸ ਨੂੰ 'ਉਦਾਸੀ ਭੇਖ' ਬਖ਼ਸ਼ ਦੇਂਦੇ ਸਨ। ਇਨ੍ਹਾਂ 'ਸਾਧੂ ਪ੍ਰਚਾਰਕਾਂ' ਦਾ ਵਿਹਾਰ ਬਹੁਤਾ ਹੋਰਨਾਂ ਮਤਾਂ ਦੇ ਫ਼ਕੀਰਾਂ ਤੇ ਸਾਧੂਆਂ ਨਾਲ ਹੁੰਦਾ ਸੀ। ਗ੍ਰਿਹਸਤੀਆਂ ਵਿਚ ਪ੍ਰਚਾਰ ਕਰਨ ਵਾਸਤੇ ਗ੍ਰਿਹਸਤੀ ਸਿੱਖਾਂ ਨੂੰ ਹੀ ਮੰਜੀਆਂ ਬਖ਼ਸ਼ੀਆਂ ਜਾਂਦੀਆਂ ਸਨ। ਉਦਾਸੀ ਸਿੱਖਾਂ ਦੇ ਜ਼ਿੰਮੇ ਧਰਮ ਪ੍ਰਚਾਰ ਦੇ ਨਾਲ ਹੀ ਗੁਰ ਅਸਥਾਨਾਂ ਦੀ ਸੇਵਾ ਸੰਭਾਲ ਦੀ ਡਿਊਟੀ ਭੀ ਹੁੰਦੀ ਸੀ। ਕਿਉਂਜੋ ਵਿਰਕਤ ਹੋਣ ਕਰਕੇ, ਇਨ੍ਹਾਂ ਨੂੰ ਪੂਜਾ ਦਾ ਧਾਨ ਲੋੜ ਤੋਂ ਵੱਧ ਵਰਤਣ ਦਾ ਲਾਲਚ ਨਹੀਂ ਸੀ ਹੁੰਦਾ।"[20] ਗੁਰੂ ਨਾਨਕ ਦੇਵ ਜੀ ਦੇ ਸਪੁਤਰ ਬਾਬਾ ਸਿਰੀ ਚੰਦ ਜੀ ਤੋਂ ਮੰਨੀ ਜਾਂਦੀ ਇਸ ਪਰੰਪਰਾ ਦੇ ਸਾਧੂਆਂ ਨੇ ਗੁਰੂ ਜੀ ਦੁਆਰਾ ਰਚੀ ਬਾਣੀ ਦਾ ਪ੍ਰਚਾਰ ਕੀਤਾ ਅਤੇ ਦੂਰ-ਨੇੜਲੇ ਸਥਾਨਾਂ ਤੇ ਜਾ ਕੇ ਸਿੱਖੀ ਦੇ ਪ੍ਰਚਾਰ ਵਿਚ ਯੋਗਦਾਨ ਪਾਇਆ। ਇਹ ਪ੍ਰਚਾਰ ਕਿਸ ਰੂਪ ਵਿਚ ਕੀਤਾ ਜਾਂਦਾ ਸੀ ਇਸ ਤੇ ਚਾਨਣਾ ਪਾਉਂਦੇ ਹੋਏ ਡਾ. ਤਾਰਨ ਸਿੰਘ ਦਸਦੇ ਹਨ ਕਿ "ਇਹ ਸਾਰਾ ਪ੍ਰਚਾਰ ਜ਼ੁਬਾਨੀ ਕਥਾ-ਬਾਰਤਾ ਦੇ ਰੂਪ ਵਿਚ ਹੁੰਦਾ ਸੀ। ਲਿਖਤੀ ਰੂਪ ਵਿਚ ਟੀਕੇ, ਭਾਸ਼, ਪਰਮਾਰਥ, ਵਿਆਖਿਆ ਨਹੀਂ ਰਚੇ ਗਏ।"[21]

ਉਦਾਸੀ ਸੰਪ੍ਰਦਾਇ ਦੁਆਰਾ ਸਿੱਖੀ ਪ੍ਰਚਾਰ ਦਾ ਕਾਰਜ ਬਾਬਾ ਸਿਰੀ ਚੰਦ ਦੇ ਸਮੇਂ ਤੋਂ ਹੀ ਆਰੰਭ ਹੋ ਗਿਆ ਸੀ। ਉਹ ਸਮੇਂ-ਸਮੇਂ ਗੁਰੂ ਸਾਹਿਬਾਨ ਕੋਲ ਆਉਂਦੇ ਅਤੇ ਗੁਰੂ ਸਾਹਿਬਾਨ ਗੁਰੂ-ਪੁੱਤਰ ਵਜੋਂ ਉਹਨਾਂ ਦਾ ਸਤਿਕਾਰ ਕਰਦੇ। ਗੁਰੂ-ਘਰ ਨਾਲ ਉਹਨਾਂ ਦੇ ਸੰਬੰਧ ਦਾ ਵਿਸਥਾਰ ਇਤਿਹਾਸਕ ਸਰੋਤਾਂ ਰਾਹੀਂ ਉਜਾਗਰ ਹੁੰਦਾ ਹੈ। ਕੇਸਰ ਸਿੰਘ ਛਿੱਬਰ ਲਿਖਦਾ ਹੈ :

*ਸ੍ਰੀ ਚੰਦ ਸਾਹਿਬ ਜੀ ਪੱਗ ਭਿਜਵਾਈ।*
*ਇਕ ਪ੍ਰਿਥੀਚੰਦੇ ਨੂੰ ਇਕ ਅਰਜਨ ਨੂੰ ਆਈ।*
*ਮਰਨੇ ਦੀ ਪਗਿ ਪ੍ਰਿਥੀਏ ਬੱਧੀ।*
*ਗੁਰਿਆਈ ਦੀ ਪਗਿ ਅਰਜਨ ਲੱਧੀ।*[22]

ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਸਾਹਿਬ ਜੀ, ਬਾਬਾ ਸਿਰੀ ਚੰਦ ਜੀ ਨੂੰ ਬਾਰਠ ਪਿੰਡ ਵਿਖੇ ਮਿਲੇ ਅਤੇ ਇਥੇ ਹੀ ਗੁਰੂ ਜੀ ਨੇ ਆਪਣੇ ਵੱਡੇ ਸਪੁੱਤਰ ਬਾਬਾ ਗੁਰਦਿਤਾ, ਉਹਨਾਂ ਨੂੰ ਅਰਪਣ ਕਰ ਦਿਤਾ।[23] ਪਰੰਪਰਾ ਵਿਚ ਇਸ ਘਟਨਾ ਬਾਰੇ ਵਰਣਨ ਕਰਦੇ ਹੋਏ ਕਿਹਾ ਜਾਂਦਾ ਹੈ ਕਿ ਬਾਬਾ ਸਿਰੀ ਚੰਦ ਨੇ ਗੁਰੂ ਜੀ ਨੂੰ ਪੁਛਿਆ, "ਆਪਦੇ ਕਿੰਨੇ ਸਾਹਿਬਜ਼ਾਦੇ ਹਨ? ਏਨ੍ਹਾਂ ਪੰਜ ਦਸੇ ਤਾਂ ਓਹ ਬੋਲੇ ਕੋਈ ਬਾਬੇ ਦਾ ਭੀ ਹੈ? ਏਨ੍ਹਾਂ ਆਖਿਆ ਸਭੇ ਬਾਬੇ ਦੇ ਹਨ, ਜੇੜ੍ਹਾ ਪਸਿੰਦ ਆਵੇ ਲੈ ਲਓ। ਸਿਰੀ ਚੰਦ ਜੀ ਨੇ ਗੁਰਦਿਤੇ ਦੀ ਬਾਂਹ ਫੜਕੇ ਬਚਨ ਕੀਤਾ, ਏਹ ਤੁਸਾਡਾ ਭੀ ਟਿੱਕਾ ਤੇ ਸਾਡਾ ਭੀ ਏਹੋ ਟਿੱਕਾ, ਸੋ ਦੀਨ ਦਾ ਟਿੱਕਾ ਹੋਇਆ। ਆਪਣੀ ਸੇਲੀ ਟੋਪੀ ਗੁਰਦਿੱਤੇ ਜੀ ਨੂੰ ਪਹਿਨਾ ਕੇ ਆਖਿਆ, ਗੁਰੂ ਨਾਨਕ ਜੀ ਦੇ ਦੌਲਤ ਦੋਵੇਂ ਪ੍ਰਕਾਰ ਦੀ ਮੀਰੀ ਪੀਰੀ ਤਾਂ ਪਹਿਲਾਂ ਹੀ ਤੁਹਾਡੇ ਘਰ ਗਈ ਹੋਈ ਹੈ, ਇਹ ਫ਼ਕੀਰੀ ਮੇਰੇ ਪਾਸ ਸੀ ਸੋ ਸਮੁੰਦਰ ਵਿਚ ਨਦੀਆਂ ਦੇ ਪੈਣ ਵਾਂਗੂ ਏਹ ਭੀ ਤੁਹਾਡੇ ਘਰ ਜਾ ਰਹੀ ਹੈ।"[24]

ਬਾਬਾ ਗੁਰਦਿਤਾ ਜੀ ਨੇ ਪਿਤਾ- ਗੁਰੂ ਅਤੇ ਬਾਬਾ ਸਿਰੀ ਚੰਦ ਜੀ ਦੀ ਆਗਿਆ ਅਨੁਸਾਰ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਆਰੰਭ ਕਰ ਦਿਤਾ। ਦੂਰ-ਨੇੜੇ ਦੇ ਇਲਾਕਿਆਂ ਤਕ ਸਿੱਖੀ ਪ੍ਰਚਾਰ ਲਈ ਪਰਚਾਰਕ ਨਿਯੁਕਤ ਕੀਤੇ ਗਏ। ਜਿਹੜੇ ਚਾਰ ਪ੍ਰਮੁਖ ਕੇਂਦਰ ਸਭ ਤੋਂ ਪਹਿਲਾਂ ਸਥਾਪਤ ਕੀਤੇ ਗਏ, ਉਹਨਾਂ ਨੂੰ ਧੂਏਂ (ਧੂਣੇ) ਕਿਹਾ ਜਾਂਦਾ ਹੈ। ਇਹ ਪ੍ਰਚਾਰ ਕੇਂਦਰ ਉਦਾਸੀ ਡੇਰਿਆਂ ਦੇ ਨਾਮ ਪ੍ਰਸਿੱਧ ਹੋਏ, ਇਹਨਾਂ ਸਥਾਨਾਂ ਤੇ ਨਿਯੁਕਤ ਹੋਣ ਵਾਲੇ ਮੁਖੀ ਪਰਚਾਰਕਾਂ ਦੇ ਨਾਮ ਸਨ – ਅਲਮਸਤ, ਬਾਲੂ ਹਸਨਾ, ਫੂਲਸ਼ਾਹ ਅਤੇ ਗੋਂਦਾ (ਗੋਇੰਦਾ)। ਇਹਨਾਂ ਚਾਰ ਧੂਇਆਂ ਤੋਂ ਇਲਾਵਾ ਛੇ ਬਖ਼ਸ਼ਿਸ਼ਾਂ – ਸੁਥਰੇਸ਼ਾਹੀ, ਸੰਗਤਸਾਹਿਬੀਏ, ਜੀਤਮਲੀਏ, ਬਖ਼ਤਮੱਲੀਏ, ਭਗਤਭਗਵਾਨੀਏ ਅਤੇ ਮੀਹਾਂਸ਼ਾਹੀਏ – ਵੀ ਸਥਾਪਤ ਕੀਤੀਆਂ ਗਈਆਂ। ਇਹਨਾਂ ਸਾਰਿਆਂ ਨੂੰ ਸਮੂਹਕ ਤੌਰ ਤੇ 'ਦਸਨਾਮੀ' ਉਦਾਸੀ ਸਾਧੂ ਕਿਹਾ ਜਾਂਦਾ ਹੈ।

### ਧੂਏਂ

ਕੁਝ ਪਰੰਪਰਾਵਾਂ ਸਮੇਂ-ਸਮੇਂ ਤੇ ਹਰੇਕ ਪ੍ਰਚਾਰ ਕੇਂਦਰ ਵਿਚ ਪ੍ਰਵੇਸ਼ ਕਰ ਜਾਂਦੀਆਂ ਹਨ ਜਿਨ੍ਹਾਂ ਨੂੰ ਸਮਾਂ ਗੁਜ਼ਰ ਜਾਣ ਤੇ ਨਾ ਤਾਂ ਅਖੋਂ ਪਰੋਖੇ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਇਨ੍ਹਾਂ ਨੂੰ ਤਿਲਾਂਜਲੀ ਦਿਤੀ ਜਾ ਸਕਦੀ ਹੈ ਬਲਕਿ ਇਹ ਪਰੰਪਰਾਵਾਂ ਦਾ ਰੂਪ ਧਾਰਨ ਕਰ ਜਾਂਦੀਆਂ ਹਨ। ਉਦਾਸੀ ਡੇਰਿਆਂ ਵਿਚ ਬਲਦੇ ਧੂਣਿਆਂ ਨੂੰ ਏਸੇ ਪਰਿਪੇਖ ਵਿਚ ਰੱਖ ਕੇ ਵੇਖਿਆ ਜਾ ਸਕਦਾ ਹੈ। ਇਹਨਾਂ ਧੂਣਿਆਂ ਦੇ ਆਰੰਭ ਬਾਰੇ ਕਿਹਾ ਜਾਂਦਾ ਹੈ ਕਿ ਡੇਹਰਾ ਬਾਬਾ ਨਾਨਕ ਤੋਂ ਕੁਝ ਹੀ ਦੂਰੀ ਤੇ

"ਬਾਬਾ ਸਿਰੀ ਚੰਦ ਜੀ ਇਕ ਛਪਰੀ ਪਾ ਕੇ ਰਹਿਣ ਲਗੇ। ਹੁਣ ਬਾਬਾ ਸਿਰੀ ਚੰਦ ਜੀ ਕਈ ਦਿਨਾਂ ਦੀ ਅਖੰਡ ਸਮਾਧੀ ਲਗਾਉਣ ਉਪਰੰਤ ਅਸਲੋਂ ਉਪਰਾਮ ਹੋ ਗਏ। ਵਧੇਰੇ ਕਰਕੇ ਇਕਾਂਤਵਸ ਰਖਦੇ। ਕਿਸੇ ਨਾਲ ਘਟ ਵਧ ਹੀ ਗੱਲਬਾਤ ਕਰਦੇ। ਕੱਪੜੇ ਤਾਂ ਉਹ ਪਹਿਲਾਂ ਵੀ ਨਹੀਂ ਸਨ ਪਹਿਨਦੇ। ਇਸ ਥਾਂ ਕੜਾਕੇ ਦੀ ਸਰਦੀ ਪੈਂਦੀ ਸੀ। ਇਹਨਾਂ ਦਾ ਸੇਵਕ ਕਮਲੀਆ ਬੜਾ ਸਿਆਣਾ ਸੀ। ਬਾਬਾ ਜੀ ਨੂੰ ਸਰਦੀ ਤੋਂ ਬਚਾਉਣ ਲਈ ਧੂਣੀ ਲਾ ਦੇਂਦਾ। ਇਹੋ ਧੂਣੀ ਅਗੇ ਜਾ ਕੇ ਧੂੰਏ ਅਖਵਾਈ,"[25] ਅਤੇ ਸਦਾ ਲਈ ਉਦਾਸੀ ਪਰੰਪਰਾ ਅਤੇ ਸੰਪ੍ਰਦਾ ਦਾ ਅੰਗ ਬਣ ਗਈ। ਦਾਰਸ਼ਨਿਕ ਵਿਆਖਿਆ ਵਿਚ ਧੂੰਏ ਉਸਨੂੰ ਕਿਹਾ ਜਾਂਦਾ ਹੈ ਜਿਸ ਦੀ ਅਗਨੀ ਵਿਚ ਦੁਨਿਆਵੀ ਦੁੱਖ ਅਤੇ ਸੁੱਖ ਸੜ ਜਾਂਦੇ ਹਨ, ਭਾਵ ਸਾਧਕ ਇਨ੍ਹਾਂ ਤੋਂ ਉਪਰ ਉਠ ਜਾਂਦਾ ਹੈ।

**ਅਲਮਸਤ**

ਇਸ ਦਾ ਜਨਮ 1553 ਈਸਵੀ ਵਿਚ ਕਸ਼ਮੀਰ ਦੇ ਇਲਾਕੇ ਵਿਚ ਹੋਇਆ। ਇਹ ਬਾਬਾ ਸਿਰੀ ਚੰਦ ਦਾ ਸੇਵਕ ਸੀ। ਬਾਬਾ ਗੁਰਦਿਤਾ ਜੀ ਨੇ ਇਸਨੂੰ ਧਰਮ ਪ੍ਰਚਾਰ ਲਈ ਨਿਯੁਕਤ ਕੀਤਾ ਅਤੇ ਨਾਨਕਮਤੇ ਵਿਖੇ ਧੂੰਏਂ ਦਾ ਮੁਖੀ ਥਾਪਿਆ। ਨਾਨਕਮਤੇ ਵਿਖੇ ਸਿੱਖੀ ਦੇ ਪ੍ਰਚਾਰਕ ਦੇ ਤੌਰ ਤੇ ਅਲਮਸਤ ਨੇ ਦੂਰ-ਨੇੜੇ ਦੀ ਵਸੋਂ ਨੂੰ ਗੁਰੂ-ਘਰ ਨਾਲ ਜੋੜਨ ਦਾ ਉਪਰਾਲਾ ਕੀਤਾ ਅਤੇ ਉਨਾਂ ਦੇ ਮਨ ਵਿਚ ਸਿੱਖੀ ਪ੍ਰਤੀ ਪ੍ਰੇਮ ਅਤੇ ਸ਼ਰਧਾ ਪੈਦਾ ਕਰਨ ਵਿਚ ਸਫਲਤਾ ਹਾਸਲ ਕੀਤੀ। ਉਥੋਂ ਦੇ ਰਾਜੇ ਦੇ ਘਰ ਦੇਰ ਬਾਅਦ ਇਕ ਪੁੱਤਰ ਪੈਦਾ ਹੋਇਆ, ਉਸਨੇ ਇਸਨੂੰ ਗੁਰੂ ਦੀ ਬਖ਼ਸ਼ਿਸ਼ ਜਾਣ ਕੇ ਖੁਸ਼ੀ ਵਿਚ "ਅਨੇਕ ਪ੍ਰਕਾਰ ਦੇ ਤੋਹਫ਼ੇ ਪਦਾਰਥ ਅਲਮਸਤ ਸਾਧੂ ਦੇ ਹੱਥ, ਜਿਸਨੂੰ ਉਸ ਦੇਸ ਦਾ ਮਸੰਦ ਨਾਨਕਮਤੇ ਦਾ ਮਹੰਤ ਗੁਰੂ ਜੀ ਨੇ ਕਰ ਰੱਖਿਆ ਸੀ, ਗੁਰੂ ਪਾਸ ਭੇਜੇ।"[26] ਅਲਮਸਤ ਦੇ ਵਧਦੇ ਪ੍ਰਭਾਵ ਕਾਰਣ ਉਥੇ ਦੇ ਜੋਗੀਆਂ ਦੀ ਮਾਨਤਾ ਘਟਣ ਲੱਗੀ ਅਤੇ ਉਹਨਾਂ ਨੇ ਇਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਗੁਰੂ ਜੀ ਨੂੰ ਇਸ ਬਾਰੇ ਪਤਾ ਲਗਿਆ ਤਾਂ ਉਹਨਾਂ ਨੇ ਨਾਨਕਮਤੇ ਜਾ ਕੇ ਜੋਗੀਆਂ ਨੂੰ ਇਸ ਕਾਰਜ ਤੋਂ ਰੋਕਿਆ। ਅਲਮਸਤ ਜੀ ਨੇ ਦੂਰ ਦੁਰਾਡੇ ਇਲਾਕਿਆਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ, "ਕਾਬੁਲ ਵਿਚ ਬਾਬਾ ਸਿਰੀ ਚੰਦ ਦੀ ਧਰਮਸਾਲ ਭੀ ਇਨ੍ਹਾਂ ਦੀ ਹੀ ਕਾਇਮ ਕੀਤੀ ਹੋਈ ਪ੍ਰਸਿਧ ਹੈ। ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਲਿਖਤੀ ਬੀੜਾਂ ਹਨ।"[27]

**ਬਾਲੂ ਹਸਨਾ**

ਇਹ ਅਲਮਸਤ ਦਾ ਛੋਟਾ ਭਰਾ ਸੀ। ਇਸਦਾ ਜਨਮ ਵੀ ਕਸ਼ਮੀਰ ਵਿਖੇ 1564 ਈਸਵੀ ਨੂੰ ਹੋਇਆ। ਉਦਾਸੀ ਭੇਖ ਵਿਚ ਸਿੱਖੀ ਦਾ ਪ੍ਰਚਾਰ ਕਰਦਾ ਅਤੇ ਇਸਨੂੰ ਇਕ ਧੂੰਏਂ ਦਾ ਮੁਖੀ ਨਿਯੁਕਤ ਕੀਤਾ ਗਿਆ। ਇਸਨੂੰ ਪ੍ਰਚਾਰਕ ਨਿਯੁਕਤ ਕਰਨ ਦੀ ਇਕ ਵਿਸ਼ੇਸ਼ ਘਟਨਾ ਦਾ ਜ਼ਿਕਰ ਕਰਦੇ ਹੋਏ ਗਿਆਨੀ ਗਿਆਨ ਸਿੰਘ ਦਸਦੇ ਹਨ ਕਿ ਇਹ "ਇਕ ਦਿਨ ਗੁਰਦਿੱਤੇ ਜੀ ਨਾਲ ਸ਼ਿਕਾਰ ਤੇ ਗਿਆ, ਉਨਾਂ ਸੂਰ ਪਿਛੇ ਘੋੜਾ ਲਾਇਆ ਹੋਰ ਤਾਂ ਕੋਈ ਨਾ ਪਹੁੰਚਿਆ। ਸੂਰ ਮਰਨੇ ਸਮੇਂ ਇਕ ਬਾਲੂ ਹਸਨਾ ਪਹੁੰਚਿਆ, ਗੁਰਦਿੱਤੇ ਜੀ ਨੇ ਖੁਸ਼ ਹੋ ਕੇ ਏਸ ਨੂੰ ਟੋਪੀ ਬਖ਼ਸ਼ੀ, ਡੇਰੇ ਆਏ ਤਾਂ ਗੁਰੂ ਜੀ ਨੇ ਉਸਦੀ ਬ੍ਰਿਤੀ ਭਜਨ ਵਿਚ ਲੱਗੀ ਹੋਈ ਦੇਖ ਕੇ ਹੁਕਮ ਦਿੱਤਾ ਹੁਣ ਤੂੰ ਥੰਮ ਸਾਹਿਬ ਬੈਠਕੇ ਭਜਨ ਕਰ, ਤਾਹੀਂ ਹੁਣ ਤੋੜੀ ਓਸੇ ਦੀ ਸੰਪ੍ਰਦਾਇ ਦੇ ਉਦਾਸੀ ਸਾਧੂ ਥੰਮ ਜੀ ਦੇ ਪੁਜਾਰੀ ਹਨ।"[28]

**ਗੋਇੰਦਾ**

ਇਸਨੂੰ ਗੋਂਦਾ ਵੀ ਕਿਹਾ ਜਾਂਦਾ ਹੈ। ਇਸਦਾ ਜਨਮ 1569 ਈਸਵੀ ਨੂੰ ਕਸ਼ਮੀਰ ਵਿਖੇ ਹੋਇਆ ਅਤੇ ਇਸਨੂੰ ਉਦਾਸੀਆਂ ਦੇ ਇਕ ਧੂੰਏਂ ਦੇ ਮੁਖੀ ਪ੍ਰਚਾਰਕ ਥਾਪਿਆ ਗਿਆ। ਦੁਆਬੇ ਦੇ ਇਲਾਕੇ ਵਿਚ ਸਿੱਖੀ ਪ੍ਰਚਾਰ ਕਰਨਾ ਇਸ ਦਾ ਕਾਰਜ ਖੇਤਰ ਸੀ।

**ਫੂਲਸ਼ਾਹ**

ਇਸ ਦਾ ਜਨਮ 1563 ਈਸਵੀ ਨੂੰ ਹੋਇਆ। ਇਹ ਗੋਇੰਦ ਸਾਹਿਬ ਦੇ ਛੋਟੇ ਭਰਾ ਸਨ। ਇਸਨੂੰ ਇਕ ਉਦਾਸੀ ਧੂਏਂ ਦਾ ਮੁਖੀ ਥਾਪਿਆ ਗਿਆ।

**ਬਖ਼ਸ਼ਿਸ਼ਾਂ**

ਇਹਨਾਂ ਧੂਣਿਆਂ ਤੋਂ ਇਲਾਵਾ ਛੇ ਬਖ਼ਸ਼ਿਸ਼ਾਂ ਵੀ ਸਾਹਮਣੇ ਆਈਆਂ ਹਨ। ਮੰਨਿਆ ਜਾਂਦਾ ਹੈ ਕਿ ਕੁਝ ਤਪੀ ਸਾਧਕਾਂ ਨੂੰ ਅਸ਼ੀਰਵਾਦ ਦੇ ਕੇ ਵੱਖ-ਵੱਖ ਸਮੇਂ ਗੁਰੂ ਸਾਹਿਬਾਨ ਨੇ ਸਿੱਖੀ ਪ੍ਰਚਾਰ ਲਈ ਨਿਯੁਕਤ ਕੀਤਾ ਸੀ ਜਿਸ ਕਰਕੇ ਇਹਨਾਂ ਨੂੰ ਬਖ਼ਸ਼ਿਸ਼ਾਂ ਕਿਹਾ ਜਾਂਦਾ ਹੈ।

**ਸੁਥਰੇਸ਼ਾਹੀ**

ਇਹਨਾਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਏ ਜੀ ਦੇ ਸਮੇਂ ਸਿੱਖੀ ਦੀ ਸੇਵਾ ਕੀਤੀ। ਗੁਰੂ ਹਰਿਰਾਏ ਜੀ ਤੋਂ ਬਖ਼ਸ਼ਿਸ਼ ਹਾਸਲ ਕਰਕੇ ਪੰਜਾਬ ਤੋਂ ਅਫ਼ਗਾਨਿਸਤਾਨ ਤਕ ਵਖ-ਵਖ ਸਥਾਨਾਂ ਤੇ ਗੁਰਮਤਿ ਪ੍ਰਚਾਰ ਦੀ ਸੇਵਾ ਨਿਭਾਈ।

**ਸੰਗਤਸਾਹਿਬੀਏ**

ਸੰਗਤ ਨਾਮ ਦਾ ਇਕ ਸਿੱਖ ਗੁਰੂ-ਘਰ ਦਾ ਬਹੁਤ ਸ਼ਰਧਾਲੂ ਸੀ। ਵਪਾਰ ਲਈ ਫੇਰੀ ਪਾਉਂਦਾ, ਇਹ ਸਿੱਖ ਇਕ ਵਾਰ ਜਦੋਂ ਗੁਰੂ ਹਰਿਰਾਇ ਜੀ ਦੀ ਸ਼ਰਣ ਆਇਆ ਤਾਂ ਗੁਰੂ ਜੀ ਨੇ ਇਸ ਦਾ ਨਾਉਂ ਫੇਰੂ ਰਖ ਦਿਤਾ। ਗੁਰੂ ਜੀ ਨੇ ਇਸਨੂੰ ਨੱਕੇ ਦਾ ਮਸੰਦ ਥਾਪਿਆ।[29] ਕਥਨੀ ਅਤੇ ਕਰਨੀ ਦੇ ਇਸ ਸੂਰੇ ਨੇ ਗੁਰੂ ਆਸ਼ੇ ਅਨੁਸਾਰ ਸਿੱਖੀ ਪ੍ਰਚਾਰ ਵਿਚ ਯੋਗਦਾਨ ਪਾਇਆ ਅਤੇ ਗੁਰੂ ਘਰ ਵਿਚ ਸਨਮਾਨ ਦਾ ਪਾਤਰ ਬਣਿਆ। ਮਸੰਦਾਂ ਦੀਆਂ ਕਰਤੂਤਾਂ ਬਾਰੇ ਜਾਣਕਾਰੀ ਮਿਲਣ ਤੇ ਦਸਮੇਸ਼ ਪਿਤਾ ਨੇ ਇਹਨਾਂ ਨੂੰ ਸਖਤ ਤਾੜਨਾ ਕੀਤੀ ਅਤੇ ਗੁਰੂ-ਦਰਬਾਰ ਵਿਚ ਪੇਸ਼ ਹੋਣ ਦਾ ਹੁਕਮ ਕੀਤਾ। ਭਾਈ ਫੇਰੂ ਨੂੰ ਦਾੜ੍ਹੀ ਤੋਂ ਫੜ ਲਿਆਉਣ ਦਾ ਹੁਕਮ ਹੋਇਆ, ਉਹਨਾਂ ਦੀ ਸਿੱਖੀ ਸੇਵਕੀ ਤੋਂ ਜਾਣਕਾਰ ਸਿੱਖਾਂ ਨੇ ਅਜਿਹਾ ਕਰਨ ਦਾ ਹੀਆ ਨਾ ਕੀਤਾ ਤਾਂ ਆਪ ਆਪਣੀ ਦਾੜ੍ਹੀ ਫੜ ਕੇ ਗੁਰੂ ਸਾਹਿਬ ਕੋਲ ਆ ਪੇਸ਼ ਹੋਏ। ਗੁਰੂ ਸਾਹਿਬ ਨੇ ਨਿਮਰਤਾ ਵੇਖ ਕੇ 'ਸਚੀ ਦਾੜ੍ਹੀ' ਦਾ ਆਸ਼ੀਰਵਾਦ ਦਿਤਾ ਅਤੇ 'ਸੰਗਤਸਾਹਿਬ' ਦਾ ਖਿਤਾਬ ਬਖ਼ਸ਼ਿਆ। ਉਸ ਦਿਨ ਤੋਂ ਇਹਨਾਂ ਦੀ ਸੰਗਤ ਦੇ ਉਦਾਸੀ ਸਾਧੂਆਂ ਨੂੰ 'ਸੰਗਤਸਾਹਿਬਏ' ਕਿਹਾ ਜਾਂਦਾ ਹੈ।

**ਜੀਤਮਲੀਏ**

ਇਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਪ੍ਰਾਪਤ ਹੋਈ ਅਤੇ ਇਹਨਾਂ ਦਾ ਪ੍ਰਚਾਰ ਕੇਂਦਰ ਫ਼ਤਹਿਪੁਰ ਮੰਨਿਆ ਜਾਂਦਾ ਹੈ।

### ਬਖ਼ਤਮੱਲੀਏ

ਇਹਨਾਂ ਦਾ ਪ੍ਰਮੁਖ ਆਗੂ ਬਖ਼ਤਮੱਲ ਸੀ ਜੋ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਸ਼ੀਰਵਾਦ ਨਾਲ ਸਿੱਖੀ ਪ੍ਰਚਾਰ ਦਾ ਕੰਮ ਕਰਦਾ ਸੀ। ਇਸ ਦਾ ਪ੍ਰਮੁਖ ਕਾਰਜ ਖੇਤਰ ਕਾਬੁਲ ਵਿਖੇ ਸੀ, ਇਥੋਂ ਦੇ ਸਿੱਖਾਂ ਤੋਂ ਭੇਟਾ ਉਗਰਾਹ ਕੇ ਗੁਰੂ-ਘਰ ਅਰਪਣ ਕਰਦਾ ਸੀ। ਕਿਹਾ ਜਾਂਦਾ ਹੈ ਕਿ ਜਦੋਂ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ ਪ੍ਰਥਾ ਦਾ ਖਾਤਮਾ ਕਰ ਦਿਤਾ ਅਤੇ ਉਹਨਾਂ ਨੂੰ ਸਖਤ ਤਾੜਨਾ ਕੀਤੀ ਤਾਂ ਇਹ "ਇਸਤ੍ਰੀ ਦਾ ਭੇਖ ਧਾਰ ਕੇ ਮਾਤਾ ਜੀ ਦੀ ਸ਼ਰਨ ਗਿਆ ਅਰ ਮਾਫ਼ੀ ਮੰਗੀ। ਮਾਤਾ ਜੀ ਦੇ ਕਹਿਣ ਪੁਰ ਕਲਗੀਧਰ ਨੇ ਇਸ ਨੂੰ ਮੁਆਫ਼ ਕੀਤਾ ਅਰ ਅਗੋਂ ਨੂੰ ਸੁਮਾਰਗ ਚੱਲਣ ਦਾ ਉਪਦੇਸ਼ ਦਿੱਤਾ। ਇਸ ਦੀ ਸੰਪ੍ਰਦਾਇ ਦੇ ਉਦਾਸੀ ਬਖ਼ਤਮੱਲੀਏ ਅਖਵਾਉਂਦੇ ਹਨ, ਅਰ ਗੱਦੀ ਤੇ ਬੈਠਣ ਵੇਲੇ ਮਹੰਤ ਇਸਤ੍ਰੀ ਦਾ ਲਿਬਾਸ ਪਹਿਨਦਾ ਹੈ।"[30]

### ਭਗਤਭਗਵਾਨੀਏ

ਇਹਨਾਂ ਦਾ ਸੰਬੰਧ ਬਿਹਾਰ ਨਾਲ ਹੈ। ਉਥੇ ਤਪ-ਸਾਧਨਾ ਕਰਦੇ ਸਨ ਅਤੇ ਘੁੰਮਦੇ ਹੋਏ ਪੰਜਾਬ ਆਏ ਤਾਂ ਗੁਰੂ ਹਰਿਰਾਏ ਜੀ ਨਾਲ ਮਿਲਾਪ ਹੋਇਆ ਅਤੇ ਸਿੱਖੀ ਧਾਰਨ ਕੀਤੀ। ਗੁਰੂ ਜੀ ਨੇ ਇਸ ਦਾ ਨਾਮ 'ਭਗਤਭਗਵਾਨ' ਰਖਿਆ ਅਤੇ ਇਸ ਨੂੰ ਧਰਮਚੰਦ ਜੀ ਦੇ ਸਪੁੱਤਰ ਮਿਹਰਚੰਦ ਜੀ ਕੋਲ ਭੇਜ ਦਿਤਾ। ਉਹਨਾਂ ਦੀ ਸੰਗਤ ਵਿਚ ਉਦਾਸੀ ਭੇਖ ਧਾਰਨ ਕੀਤਾ। ਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਪੂਰਬ ਦੇ ਇਲਾਕੇ ਵਿਚ ਸਿੱਖੀ ਪ੍ਰਚਾਰ ਦੀ ਸੇਵਾ ਦੀਆਂ ਹੁਣ 370 ਗੱਦੀਆਂ ਪੂਰਬ ਵਿਚ ਹਨ।"[31]

### ਮੀਹਾਂਸ਼ਾਹੀਏ

ਰਾਮਦੇਵ ਨਾਮਕ ਇਕ ਸਿੱਖ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਲੰਗਰ ਦੀ ਸੇਵਾ ਕਰਦਾ ਸੀ। ਮਾਲਵੇ ਦੇ ਪ੍ਰਚਾਰ ਸਮੇਂ ਗੁਰੂ ਜੀ ਧਮਧਾਨ ਪਹੁੰਚੇ ਤਾਂ ਗੁਰੂ ਜੀ ਨੇ ਇਸਦੀ ਸੇਵਾ ਤੋਂ ਪ੍ਰਸੰਨ ਹੋ ਕੇ "ਨਾਮ ਭਾਈ ਮੀਹਾਂ ਰਖਿਆ ਅਰ ਨਗਾਰਾ, ਨਸ਼ਾਨ ਤਥਾ ਲੰਗਰ ਚਲਾਉਣ ਲਈ ਲੋਹ ਬਖ਼ਸ਼ ਕੇ ਮਹੰਤ ਥਾਪਿਆ।"[32] ਦਸਮੇਸ਼ ਪਿਤਾ ਦੀ ਵੀ ਸੇਵਾ ਕੀਤੀ ਅਤੇ ਅਸ਼ੀਰਵਾਦ ਵਜੋਂ ਦਸਤਾਰ ਅਤੇ ਸ਼ਾਸਤਰਾਂ ਦਾ ਸਨਮਾਨ ਪ੍ਰਾਪਤ ਕੀਤਾ। ਇਹਨਾਂ ਦੇ ਸੇਵਕਾਂ ਨੂੰ ਮੀਹਾਂਸ਼ਾਹੀਏ ਕਿਹਾ ਜਾਂਦਾ ਹੈ। ਇਹਨਾਂ ਦੇ ਸੇਵਕਾਂ ਵਿਚ ਕਰਨੀ ਵਾਲੇ ਸੰਤ ਹੋਏ ਹਨ ਜਿਨ੍ਹਾਂ ਵਿਚ "ਬਾਵਾ ਮੱਲ, ਬਾਵਾ ਸੁਰਤਰਾਮ, ਬਾਵਾ ਮਜਨੂ ਸਾਹਿਬ, ਬਾਵਾ ਲਖਮੀਰ ਜੀ, ਬਾਵਾ ਭੋਲਾ ਦਾਸ ਜੀ ਅਤੇ ਬਾਵਾ ਰਾਮਦਾਸ ਜੀ"[33] ਦਾ ਨਾਮ ਲਿਆ ਜਾ ਸਕਦਾ ਹੈ। ਇਸਤੋਂ ਇਲਾਵਾ "ਸਾਧੂ ਬੇਲੇ ਵਾਲੇ ਬਾਵਾ ਬਨਖੰਡੀ ਜੀ ਇਸੇ ਸੰਪ੍ਰਦਾਇ ਦੇ ਸਾਧੂ ਸਨ। ਪਟਿਆਲੇ ਵਿਚ ਬਾਵਾ ਮਗਨੀਰਾਮ ਜੀ ਦਾ, ਲਖਨਊ ਵਿਚ ਬਾਵਾ ਗੁਰ ਨਾਰਾਇਣ ਜੀ ਦਾ ਮਸ਼ਹੂਰ ਡੇਰਾ ਅਤੇ ਸਿੰਧ ਵਿਚ ਸਾਧੂਬੇਲਾ ਤੀਰਥ ਮੀਹਾਸ਼ਾਹੀਆਂ ਦੇ ਪਵਿੱਤਰ ਅਸਥਾਨ ਹਨ।"[34]

### ਉਦਾਸੀਆਂ ਅਤੇ ਸਿੱਖਾਂ ਵਿਚ ਮਤਭੇਦ

ਉਦਾਸੀ ਸਾਧੂਆਂ ਨੇ ਗੁਰਬਾਣੀ ਪ੍ਰਚਾਰ ਦਾ ਮੁਖ ਧੁਰਾ ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਨੂੰ ਬਣਾਇਆ ਅਤੇ ਉਦੇਸ ਜਿਥੇ ਇਕ ਪਾਸੇ ਗੁਰਬਾਣੀ ਵਿਆਖਿਆ, ਦੂਜੇ ਪਾਸੇ ਗੁਰੂ

ਜੀ ਦੀ ਸ਼ਖਸੀਅਤ ਨੂੰ ਉਜਾਗਰ ਕਰਨਾ ਹੁੰਦਾ ਸੀ। ਅਜਿਹਾ ਕਰਦੇ ਸਮੇਂ ਉਹ ਗੁਰਮਤਿ ਦੀ ਵੈਦਿਕ ਰੀਤ ਅਨੁਸਾਰ ਵਿਆਖਿਆ ਵੀ ਕਰ ਜਾਂਦੇ ਸਨ। ਇਸ ਵਿਚ ਉਹਨਾਂ ਦੀ ਕਾਰਗੁਜ਼ਾਰੀ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਉਹ ਗੁਰੂ ਦਾ ਸੰਦੇਸ਼ ਉਨਾਂ ਸਥਾਨਾਂ ਅਤੇ ਇਲਾਕਿਆਂ ਤੱਕ ਪਹੁੰਚਾਉਣ ਵਿਚ ਕਾਮਯਾਬ ਹੋ ਗਏ ਸਨ ਜਿਥੇ ਸਿਧੇ ਤੌਰ ਤੇ ਸਿਧਾਂਤਕ ਸਿੱਖੀ ਜੀਵਨਜਾਚ ਵਾਲਿਆਂ ਲਈ ਪਹੁੰਚਣਾ ਮੁਸ਼ਕਲ ਹੋ ਜਾਂਦਾ ਸੀ। ਉਹਨਾਂ ਦੁਆਰਾ ਗੁਰੂ ਨਾਨਕ ਦਾ ਸੰਦੇਸ਼ ਇਨ੍ਹਾ ਜ਼ਿਆਦਾ ਪਰਪੱਕ ਕਰਵਾਇਆ ਗਿਆ ਕਿ ਜਦੋਂ ਇਹਨਾਂ ਦੇ ਫਿਰਕਿਆਂ ਦੇ ਕੁਝ ਸਾਧੂਆਂ ਨੇ ਇਸ ਤੋਂ ਮੂੰਹ ਮੋੜਨਾ ਚਾਹਿਆ ਤਾਂ ਸਫਲ ਨਾ ਹੋ ਸਕੇ, ਪਰ ਇਹਨਾਂ ਦੇ ਯਤਨਾਂ ਨੇ ਉਦਾਸੀਆਂ ਨੂੰ ਸਿੱਖੀ ਪ੍ਰਚਾਰ ਤੋਂ ਦੂਰ ਕਰ ਦਿਤਾ। ਪ੍ਰੋ. ਪ੍ਰੀਤਮ ਸਿੰਘ ਬਿਹਾਰ ਦੇ ਇਕ ਤ੍ਰਿਪਿਟਕਾਚਾਰੀਆ ਦੀ ਹੱਡ ਬੀਤੀ ਦਾ ਵਰਣਨ ਕਰਦੇ ਹੋਏ ਦਸਦੇ ਹਨ ਕਿ ਇਹਨਾਂ ਦੇ "ਪਟਨੇ ਵਾਲੇ ਪੱਕੇ ਡੇਰੇ ਵਿਚ ਇਕ ਪੇਂਡੂ ਮਾਈ, ਆਪਣੀ ਨੂੰਹ ਨੂੰ ਗੁਰ-ਮੰਤਰ ਦਿਵਾਉਣ ਲੈ ਆਈ। ਤ੍ਰਿਪਿਟਕਾਚਾਰੀਆ ਨੇ ਹੌਲੀ-ਹੌਲੀ ਉਸ ਦੀ ਨੂੰਹ ਦੇ ਕੰਨ ਵਿਚ ਗਾਇਤ੍ਰੀ ਮੰਤਰ ਬੋਲਣਾ ਸ਼ੁਰੂ ਕੀਤਾ। ਓਮਿ ਭੂਰ ਭੁਵਹ ਸਵ੍ਹ....ਤਾਂ ਮਾਈ, ਜੋ ਕੋਲ ਬੈਠੀ ਸੀ, ਇਕ ਦਮ ਕੂਕ ਉਠੀ ਅਤੇ ਕਿਹਾ ਕਿ ਗੁਰੂ ਜੀ! ਸਾਡੀ ਕੁੜੀ ਨੂੰ ਇਹ ਕਿਹੜਾ ਮੰਤਰ ਦੇਣ ਲੱਗ ਪਏ ਜੇ, ਇਹਨੂੰ ਤਾਂ ਉਹੀ ਮੰਤਰ ਦਿਉ, ਜਿਹੜਾ ਮੈਨੂੰ ਦਿਤਾ ਸੀ ਇਕ ਓਮਿ ਸਤਿਨਾਮ ਵਾਲਾ। ਇਹ ਦੱਸ ਕੇ ਤ੍ਰਿਪਿਟਕਾਚਾਰੀਆ ਜੀ ਬੋਲੇ, ਤੁਹਾਨੂੰ ਪਤਾ ਹੀ ਹੋਵੇਗਾ ਕਿ ਹੁਣ ਅਸੀਂ ਤੁਹਾਡੇ ਵਾਲਾ ਮੂਲ ਮੰਤਰ ਨਹੀਂ ਦੇਂਦੇ।"[35] ਤ੍ਰਿਪਿਟਕਾਚਾਰੀਆ ਦੇ ਵਾਕਾਂ ਤੋਂ ਸਪਸ਼ਟ ਹੈ ਕਿ ਵੇਦਾਂਤਿਕ ਰੰਗ ਵਿਚ ਰੰਗੇ ਹੋਏ ਉਦਾਸੀਆਂ ਨੇ ਜਿਥੇ ਇਕ ਪਾਸੇ ਸਿੱਖੀ ਨੂੰ ਢਾਹ ਲਾਉਣ ਵਾਲੇ ਕਾਰਜ ਕੀਤੇ ਹਨ ਉਥੇ ਨਾਲ ਹੀ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਨੂੰ ਸਿੱਖੀ ਸਿਧਾਂਤਾਂ ਪ੍ਰਤੀ ਅਸਪਸ਼ਟਤਾ ਪ੍ਰਦਾਨ ਕੀਤੀ ਹੈ।

ਉਦਾਸੀ ਸੰਪ੍ਰਦਾ ਦੁਆਰਾ ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਜੋ ਉਦਮ ਕੀਤੇ ਗਏ ਉਹਨਾਂ ਵਿਚ ਮੌਖਿਕ ਪ੍ਰਚਾਰ ਦੇ ਨਾਲ-ਨਾਲ ਵਿਆਖਿਆਮਈ ਸਾਹਿਤ ਵੀ ਤਿਆਰ ਕੀਤਾ ਗਿਆ। ਗੁਰੂ ਸਾਹਿਬਾਨ ਦੀਆਂ ਪ੍ਰਮੁਖ ਬਾਣੀਆਂ, ਜਿਵੇਂ ਜਪੁਜੀ, ਸਿਧ ਗੋਸਟਿ, ਓਅੰਕਾਰ, ਆਸਾ ਦੀ ਵਾਰ, ਅਨੰਦ ਸਾਹਿਬ ਆਦਿ, ਬਾਣੀਆਂ ਦੇ ਟੀਕੇ ਕੀਤੇ ਗਏ। ਇਹਨਾਂ ਦੀ ਵਿਆਖਿਆ ਦਾ ਮੁਹਾਵਰਾ ਪ੍ਰਮੁਖ ਤੌਰ ਤੇ ਵੈਦਿਕ ਰੀਤ ਵਾਲਾ ਹੀ ਸੀ ਜਿਸਨੇ ਸਿਧਾਂਤਕ ਖਲਾਅ ਪੈਦਾ ਕੀਤਾ। ਇਹਨਾਂ ਵਿਚ ਇਕ ਪ੍ਰਮੁਖ ਟੀਕਾਕਾਰ ਅਨੰਦਘਨ ਹੋਇਆ ਹੈ ਜਿਸਨੇ "ਗੁਰੂ ਨਾਨਕ ਬਾਣੀ ਨੂੰ ਸ਼ਾਸਤ੍ਰ ਰੀਤ ਦੀ ਬਾਣੀ ਦਸਿਆ ਹੈ ਅਤੇ ਸ਼ਾਸਤ੍ਰ ਰੀਤ ਅਨੁਸਾਰ ਉਸਦਾ ਟੀਕਾ ਕਰਨ ਦਾ ਯਤਨ ਕੀਤਾ ਹੈ।"[36] ਉਦਾਸੀ ਸੰਪ੍ਰਦਾ ਦੇ ਇਸ ਵਿਦਵਾਨ ਉਤੇ ਟਿਪਣੀ ਕਰਦੇ ਹੋਏ ਕਿਹਾ ਗਿਆ ਹੈ, "ਉਦਾਸੀ ਸੰਪ੍ਰਦਾਇ ਦੀ ਗੁਰਮਤ ਵਿਆਖਿਆ ਵਿਚ ਹਿੰਦੂ ਗਲਬੇ ਦਾ ਸਿਖਰ ਸੁਆਮੀ ਅਨੰਦਘਨ ਦੇ ਟੀਕਿਆਂ ਵਿਚ ਦੇਖਿਆ ਜਾ ਸਕਦਾ ਹੈ।"[37]

ਵਿਆਖਿਆਕਾਰੀ ਤੋਂ ਇਲਾਵਾ ਸਿੱਖਾਂ ਅਤੇ ਉਦਾਸੀਆਂ ਵਿਚਕਾਰ ਗੰਭੀਰ ਮਤਭੇਦ ਵੀਹਵੀਂ ਸਦੀ ਦੇ ਆਰੰਭ ਵਿਚ ਉਭਰ ਕੇ ਸਾਹਮਣੇ ਆਏ ਜਦੋਂ ਕੁਝ ਉਦਾਸੀ ਮਹੰਤ ਗੁਰੂ ਜੀ ਦੀ ਗੋਲਕ ਨੂੰ ਨਿਜੀ ਗੋਲਕ ਅਤੇ ਗੁਰੂ-ਘਰ ਦੀ ਸੰਪਤੀ ਨੂੰ ਨਿਜੀ ਸੰਪਤੀ ਸਮਝਣ ਲਗੇ, ਜਿਸਦੇ ਨਤੀਜੇ ਵਜੋਂ ਉਹਨਾਂ ਦੇ ਜੀਵਨ ਵਿਚ ਆਯਾਸ਼ੀ ਅਤੇ ਬਦਕਾਰੀ ਦੀ ਭਾਵਨਾ ਪੈਦਾ ਹੋ ਗਈ। ਸਿੱਖ ਇਸ ਅਨੈਤਿਕ ਕਾਰਜ ਨੂੰ ਸਹਾਰ ਨਾ ਸਕੇ ਅਤੇ ਉਹਨਾਂ ਗੁਰੂ-ਘਰ ਨੂੰ ਅਜਿਹੇ ਕੁਕਰਮੀ

ਬਦਮਾਸ਼ਾਂ ਤੋਂ ਮੁਕਤ ਕਰਾਉਣ ਦਾ ਕਾਰਜ ਆਰੰਭ ਕਰ ਦਿਤਾ। ਅੰਗਰੇਜ਼ ਹਕੂਮਤ ਉਹਨਾਂ ਦੀ ਪਿੱਠ ਤੇ ਆਈ ਤਾਂ ਇਹ ਹੋਰ ਦਲੇਰ ਹੋ ਗਏ ਜਿਸਦੇ ਸਿੱਟੇ ਵਜੋਂ ਇਹ ਟਕਰਾਉ ਹੋਰ ਗੰਭੀਰ ਰੂਪ ਧਰਾਨ ਕਰ ਗਿਆ। ਅੰਗਰੇਜ਼ ਅਫ਼ਸਰਾਂ ਨੇ ਬਹੁਤ ਸਾਰੀਆਂ ਜ਼ਮੀਨਾਂ ਇਹਨਾਂ ਮਹੰਤਾਂ ਦੇ ਨਾਵਾਂ ਹੇਠ ਲਿਖ ਦਿਤੀਆਂ ਤਾਂ ਕਿ ਇਹਨਾਂ ਨੂੰ ਕਨੂੰਨੀ ਤੌਰ ਤੇ ਕਾਬਜ਼ ਰਹਿਣ ਵਿਚ ਕੋਈ ਮੁਸ਼ਕਲ ਨਾ ਆਵੇ। ਇਹ ਕਾਰਜ ਉਸ ਸਮੇਂ ਆਰੰਭ ਕੀਤਾ ਗਿਆ, ਜਦੋਂ ਅੰਗਰੇਜ਼ ਹਕੂਮਤ ਦੇ ਪੱਕੇ ਪੈਰ ਜੰਮ ਗਏ ਤਾਂ ਜ਼ਮੀਨ ਅਤੇ ਜਇਦਾਦ ਦੇ ਬੰਦੋਬਸਤ ਦੇ ਨਵੇਂ ਰਿਕਾਰਡ ਤਿਆਰ ਕਰਨੇ ਸਨ। ਇਨ੍ਹਾਂ ਅੰਦਰ ਬਹੁਤ ਸਾਰਿਆਂ ਅੰਦਰ ਗੁਰਦੁਆਰਿਆਂ ਨਾਲ ਲਗੀਆਂ ਜਗੀਰਾਂ ਅਤੇ ਜਾਇਦਾਦਾਂ ਮਹੰਤਾਂ ਦੇ ਨਾਵਾਂ ਅਗੇ ਲਿਖ ਦਿਤੀਆਂ ਗਈਆਂ। ਜਿਥੇ-ਜਿਥੇ ਸੰਗਤ ਸੁਚੇਤ ਸੀ, ਉਥੇ ਤਾਂ ਇਹ ਅੰਦਰਾਜ ਰਸਮੀ ਤੌਰ ਤੇ ਹੀ ਰਹੇ ਪਰ ਜਿਥੇ ਪੁਜਾਰੀ ਮਨਮਾਨੀ ਕਰ ਸਕਦੇ ਸਨ, ਉਥੇ ਉਨ੍ਹਾਂ ਦੀ ਮਲਕੀਅਤ ਪਰਵਾਨ ਕਰ ਲਈ ਗਈ ਅਤੇ ਉਹ ਜਾਇਦਾਦ ਦੀ ਹੇਰਾਫੇਰੀ ਕਰਨ ਲਗ ਪਏ। ਉਦਾਸੀ ਮਹੰਤ, ਜਿਹੜੇ ਹਿੰਦੂ ਵੀ ਸਨ ਅਤੇ ਸਿੱਖ ਵੀ, ਅਤੇ ਹਿੰਦੂ ਸ਼ਰਧਾਲੂਆਂ ਨੂੰ ਆਪਣੇ ਵਲ ਖਿਚਣਾ ਚਾਹੁੰਦੇ ਸਨ, ਨੇ ਗੁਰਦੁਆਰਿਆਂ ਅੰਦਰ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਵੀ ਸਥਾਪਤ ਕਰ ਲਈਆਂ।"[18]

ਪੰਜਾਬ ਵਿਚ ਅਕਾਲੀ ਆਪਣੀ ਹੋਂਦ ਕਾਇਮ ਰੱਖਣ ਲਈ ਸੰਘਰਸ਼ ਕਰ ਰਹੇ ਸਨ। ਉਸ ਸਮੇਂ ਪੰਜਾਬ ਵਿਚ ਮੁਸਲਿਮ ਬਹੁਗਿਣਤੀ ਦੀ ਸਰਕਾਰ ਸੀ। ਉਹ ਅਕਾਲੀਆਂ ਨੂੰ ਨੀਵਾਂ ਦਿਖਾਉਣ ਦਾ ਹਰ ਸੰਭਵ ਯਤਨ ਕਰ ਰਹੇ ਸਨ। ਅਕਾਲੀਆਂ ਦੀ ਤਾਕਤ ਦਾ ਧੁਰਾ ਗੁਰਦੁਆਰੇ ਸਨ ਅਤੇ ਸਰਕਾਰ ਇਸ ਧੁਰੇ ਨੂੰ ਖਤਮ ਕਰਨਾ ਚਾਹੁੰਦੀ ਸੀ। ਇਸ ਕਾਰਜ ਲਈ ਮਾਰਚ 1921 ਵਿਚ ਵਿਦਿਆ ਮੰਤਰੀ ਮੀਆਂ ਫ਼ਜ਼ਲ-ਇ-ਹੁਸੈਨ ਨੇ ਇਕ ਬਿਲ ਪੇਸ਼ ਕੀਤਾ ਜਿਸ ਅਨੁਸਾਰ ਬੋਰਡ ਆਫ਼ ਕਮਿਸ਼ਨਰਜ਼ ਸਥਾਪਤ ਕਰਨਾ ਸੀ, ਜਿਹੜਾ ਗੁਰਦੁਆਰਿਆਂ ਦੇ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਵੇਗਾ। ਸਿੱਖ ਵਿਧਾਇਕਾਂ ਨੇ ਇਸ ਬਿਲ ਦਾ ਵਿਰੋਧ ਕੀਤਾ ਕਿਉਂਕਿ ਬੋਰਡ ਵਿਚ ਗੈਰ ਸਿੱਖ ਵੀ ਸਨ, ਅਤੇ ਇਸ ਬੋਰਡ ਨੇ ਸਿੱਖਾਂ ਦੇ ਧਰਮ ਅਸਥਾਨਾਂ ਦੇ ਪ੍ਰਬੰਧ ਕਰਨਾ ਸੀ। ਵਿਧਾਨ ਸਭਾ ਦੇ ਮੈਂਬਰ ਇਸ ਗੱਲ ਤੇ ਵੀ ਸਹਿਮਤ ਨਹੀਂ ਸਨ ਕਿ 'ਗੁਰਦੁਆਰਾ' ਕੀ ਹੈ? ਬਹੁਤ ਸਾਰੇ ਉਦਾਸੀ ਮਹੰਤਾਂ ਨੇ ਐਲਾਨ ਕਰ ਦਿੱਤਾ ਕਿ ਉਨ੍ਹਾਂ ਦੇ ਧਰਮ ਅਸਥਾਨ ਹਿੰਦੂ ਮੰਦਰ ਹਨ। ਇਸ ਪ੍ਰਕਾਰ ਇਨ੍ਹਾਂ ਮਹੰਤਾਂ ਨੇ ਹਿੰਦੂਆਂ ਅਤੇ ਅਕਾਲੀ ਵਿਰੋਧੀ ਸਿੱਖਾਂ ਦੀ ਹਮਾਇਤ ਪ੍ਰਾਪਤ ਕਰ ਲਈ। ਇਸ ਸੰਬੰਧ ਵਿਚ ਸਰਦਾਰ ਮਹਿਤਾਬ ਸਿੰਘ ਨੇ ਮੂੰਹ-ਤੋੜ ਜੁਆਬ ਦਿੱਤਾ, ਜਿਹੜਾ ਪੀ.ਐਲ.ਸੀ.ਡੀ. ਅਪ੍ਰੈਲ 1921 ਅਨੁਸਾਰ ਇਸ ਪ੍ਰਕਾਰ ਹੈ:

> ਇਹ ਮਹੰਤ ਖੂਨ ਚੂਸਣ ਵਾਲੀਆਂ ਜੋਕਾਂ ਦੀ ਜਮਾਤ ਹੈ। ਇਨ੍ਹਾਂ ਅੰਦਰ ਜ਼ਹਿਰ ਭਰ ਗਿਆ ਹੈ। ਇਹ ਪੂਜਾ ਦਾ ਧਾਨ ਖਾਂਦੇ ਹਨ ਅਤੇ ਸਾਡੇ ਗੁਰੂ ਜੀ ਦੇ ਬਚਨ ਅਨੁਸਾਰ ਇਸ ਧਾਨ ਨਾਲ ਆਦਮੀ ਸ਼ੈਤਾਨ ਹੋ ਜਾਂਦਾ ਹੈ ਜੇਕਰ ਸਰਕਾਰ ਇਸ ਮਾਮਲੇ ਵਿਚ ਸਾਡੀ ਸਹਾਇਤਾ ਕਰਨਾ ਚਾਹੁੰਦੀ ਹੈ ਤਾਂ ਅਸੀਂ ਇਹ ਪ੍ਰਵਾਨ ਕਰਨ ਨੂੰ ਤਿਆਰ ਨਹੀਂ ਹਾਂ ਕਿ ਨਿਰਮਲੇ ਅਤੇ ਉਦਾਸੀ ਮਤਿ ਨਾਲ ਸੰਬੰਧਤ ਸਾਧੂਆਂ ਨੂੰ ਸਾਡੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇਣ ਦਾ ਕੋਈ ਹੱਕ ਹੈ, ਇਸ ਨਾਲ ਸਾਡੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਵਜਦੀ ਹੈ।

ਪਰ ਮੀਆਂ ਫ਼ਜ਼ਲ ਨੇ ਇਹ ਬਿਲ ਪਾਸ ਕਰਵਾ ਲਿਆ ਅਤੇ ਇਸ ਨੇ 'ਦੀ ਸਿੱਖ ਗੁਰਦੁਆਰਾਜ਼ ਐਂਡ ਸ਼ਰਾਈਨਜ਼ ਐਕਟ ਆਫ਼ 1922' ਦਾ ਰੂਪ ਧਾਰਿਆ। ਪਰ ਸਿੱਖਾਂ ਨੇ ਇਸ ਕਾਨੂੰਨ ਦੀ ਪ੍ਰਵਾਹ ਨਹੀਂ ਕੀਤੀ।[39]

ਸਿੱਖਾਂ ਨੇ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਲਈ ਸੰਘਰਸ਼ ਆਰੰਭ ਕਰ ਦਿਤਾ ਜਿਸਦੇ ਸਿਟੇ ਵਜੋਂ ਸਿੰਘ ਸਭਾ ਲਹਿਰ ਦਾ ਜਨਮ ਹੋਇਆ। ਇਸ ਲਹਿਰ ਨੇ ਸਿੱਖਾਂ ਵਿਚ ਇਕ ਨਵਾਂ ਜੋਸ਼ ਭਰ ਦਿਤਾ, ਸਿੱਖਾਂ ਵਿਚ ਧਰਮ ਪ੍ਰਤੀ ਦ੍ਰਿੜਤਾ ਅਤੇ ਏਕਤਾ ਪੈਦਾ ਹੋਈ। ਗੁਰਦੁਆਰੇ ਮਹੰਤਾਂ ਤੋਂ ਆਜ਼ਾਦ ਹੋਏ ਅਤੇ ਇਹਨਾਂ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ। ਉਦਾਸੀ ਸਿੱਖ ਮੁਖ ਧਾਰਾ ਨਾਲੋਂ ਪੂਰੀ ਤਰਾਂ ਟੁੱਟ ਗਏ। "ਉਦਾਸੀਆਂ ਨੇ ਇਕ ਮੁਕੱਦਮਾ ਹਾਈ ਕੋਰਟ ਵਿਚ ਕੀਤਾ ਜਿਸਦਾ ਫੈਸਲਾ 1926 ਈਸਵੀ ਵਿਚ ਹੋਇਆ। ਉਸ ਅਨੁਸਾਰ ਉਦਾਸੀ ਸੰਤ ਸਿੱਖ ਨਹੀਂ ਸਨ। ਇਸ ਫੈਸਲੇ ਅਨੁਸਾਰ ਉਦਾਸੀ ਸੰਤ ਸਿੱਖ ਪੰਥ ਨਾਲੋਂ ਕਾਨੂੰਨੀ ਤੌਰ ਤੇ ਟੁੱਟ ਗਏ। ਨਤੀਜਾ ਇਹ ਹੋਇਆ ਕਿ ਜਿਥੇ ਉਦਾਸੀ ਡੇਰਿਆਂ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਹੁਣ ਉਥੋਂ ਬੀੜਾਂ ਹਟਾ ਕੇ ਭਾਗਵਤ ਪੁਰਾਣ, ਤੇ ਗੀਤਾ ਆਦਿ ਨੂੰ ਸਥਾਪਤ ਕਰਨਾ ਆਰੰਭ ਹੋ ਗਿਆ।"[40] ਅਜਿਹਾ ਹੀ ਇਕ ਫੈਸਲਾ ਦਸੰਬਰ 2002 ਵਿਚ ਹੋਇਆ ਜਿਸ ਵਿਚ ਭਾਰਤ ਦੀ ਸਰਵਉਚ ਅਦਾਲਤ ਸੁਪਰੀਮ ਕੋਰਟ ਨੇ ਉਦਾਸੀ ਡੇਰੇ ਨੂੰ ਗੁਰਦੁਆਰੇ ਨਾਲੋਂ ਨਿਖੇੜਨ ਦਾ ਫੈਸਲਾ ਦਿਤਾ।[41] ਇਸ ਫੈਸਲੇ ਤੋਂ ਸਪਸ਼ਟ ਹੁੰਦਾ ਹੈ ਕਿ ਉਦਾਸੀ ਡੇਰਿਆਂ ਵਿਚ ਅੱਜ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।

ਇਸ ਤਰ੍ਹਾਂ ਉਦਾਸੀ ਡੇਰਿਆਂ ਦਾ ਸਿੱਖੀ ਨਾਲੋਂ ਤੋੜ-ਵਿਛੋੜਾ ਕਰਨਾ ਚਿੰਤਾ ਦਾ ਵਿਸ਼ਾ ਹੈ। ਉਦਾਸੀ ਸਿੱਖਾਂ ਨੇ ਜਿੰਨ੍ਹਾ ਕੰਮ ਕੀਤਾ ਹੈ ਅਜੇ ਤਕ ਉਹ ਸਾਰਾ ਸਾਹਮਣੇ ਨਹੀਂ ਆਇਆ। ਇਸ ਦਿਸ਼ਾ ਵਲ ਖੋਜ ਦਾ ਕੰਮ ਅਜੇ ਬਾਕੀ ਹੈ। ਉਦਾਸੀਆਂ ਦੁਆਰਾ ਰਚੇ ਗਏ ਸਾਹਿਤ ਦੀਆਂ ਮੁਢਲੀਆਂ ਪਰਤਾਂ ਤੋਂ ਇਹ ਤਥ ਉਜਾਗਰ ਹੁੰਦੇ ਹਨ ਕਿ ਇਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਭਲੀਭਾਂਤ ਪ੍ਰਚਾਰ ਕੀਤਾ। ਇਸ ਪ੍ਰਚਾਰ ਵਿਚ ਗੁਰੂ ਜੀ ਦੀ ਸ਼ਖਸੀਅਤ ਨੂੰ ਉਜਾਗਰ ਕਰਨਾ ਜੀਵਨ ਦਾ ਉਦੇਸ਼ ਬਣਾਇਆ। ਇਹਨਾਂ ਵਲ ਪਿੱਠ ਕਰ ਕੇ ਗੁਰਮਿਤ ਪ੍ਰਚਾਰ ਅਤੇ ਵਿਆਖਿਆ ਸੰਬੰਧੀ ਕੀਤਾ ਕੋਈ ਖੋਜ-ਕਾਰਜ ਖੋਜ ਦੇ ਮਾਪਦੰਡਾਂ ਦੀ ਉਲੰਘਣਾ ਹੋਵੇਗਾ।

## ਹਵਾਲੇ ਅਤੇ ਟਿਪਣੀਆਂ


1. ਗੁਰੂ ਗ੍ਰੰਥ ਸਾਹਿਬ, ਪੰਨਾ 992.
   ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕ ਭਇਆ ਉਦਾਸੀ ॥
2. ਭਾਈ ਵੀਰ ਸਿੰਘ (ਸੰਪਾ.), ਪੁਰਾਤਨ ਜਨਮਸਾਖੀ, ਪੰਨਾ 59.
   ਪ੍ਰਿਥਮੈ ਉਦਾਸੀ ਕੀਤੀ ਪੂਰਬ ਕੀ
3. ਵਾਰਾਂ ਭਾਈ ਗੁਰਦਾਸ, ਵਾਰ ੧, ਪਉੜੀ ੩
   *ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।*
4. ਉਹੀ, ਵਾਰ 10, ਪਉੜੀ 5.
   *ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ।*
5. ਗੁਰੂ ਗ੍ਰੰਥ ਸਾਹਿਬ, ਪੰਨਾ 385.
   *ਗਿਰਸਤ ਮਹਿ ਚਿੰਤ ਉਦਾਸ ਅਹੰਕਾਰ*

6. ਡਾ. ਵਿਸ਼ਨੂੰਦੱਤ ਰਾਕੇਸ਼, ਆਚਾਰਯ ਸ੍ਰੀ ਚੰਦ ਕੀ ਵਿਚਾਰਧਾਰਾ, ਪੰਨਾ 10.
7. ਰਛਪਾਲ ਸਿੰਘ ਗਿੱਲ (ਸੰਪਾ.), ਪੰਜਾਬ ਕੋਸ਼, ਜਿਲਦ ਪਹਿਲੀ, ਪੰਨਾ 7.
8. ਡਾ. ਗੁਰਮੁਖ ਸਿੰਘ, ਉਦਾਸੀ ਸੰਪਰਦਾਇ : ਉਦਭਵ ਤੇ ਵਿਕਾਸ, ਡਾ. ਗੁਰਨਾਮ ਕੌਰ (ਸੰਪਾ.), ਉਦਾਸੀ ਸੰਪਰਦਾ ਦਾ ਅਕਾਦਮਿਕ ਪਰਿਪੇਖ, ਪੰਨਾ 59.
9. ਡਾ. ਗੋਬਿੰਦ ਸਿੰਘ ਰਾਜਗੁਰੂ, ਉਦਾਸੀ ਸੰਪ੍ਰਦਾਇ ਦੀ ਪੁਰਾਤਨ ਪੰਜਾਬੀ ਵਾਰਤਕ ਦੇਣ, ਪ੍ਰੋ. ਰਤਨ ਸਿੰਘ ਜੱਗੀ (ਸੰਪਾ.), ਖੋਜ ਪਤ੍ਰਿਕਾ, ਮਾਰਚ 1983, ਪੰਨਾ 360.
10. ਗੁਰੂ ਗ੍ਰੰਥ ਸਾਹਿਬ, ਪੰਨਾ 305
11. ਉਹੀ ਪੰਨਾ 967
*ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ*
*ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ*
12. ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਪੰਨਾ 22
13. ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ, *ਸਿੱਖ ਇਤਿਹਾਸ*, ਫੁਟ ਨੋਟ 34, ਪੰਨਾ 16
14. ਗੁਰੂ ਨਾਨਕ ਵਿਜੈ ਗ੍ਰੰਥ, ਪਦਾ 83
15. ਡਾ. ਰਤਨ ਸਿੰਘ ਜੱਗੀ, *ਕੁੰਜੀਵਤ ਭਾਸ਼ਣ*, ਡਾ. ਗੁਰਨਾਮ ਕੌਰ (ਸੰਪਾ.), *ਉਦਾਸੀ ਸੰਪ੍ਰਦਾ ਦਾ ਅਕਾਦਮਿਕ ਪਰਿਪੇਖ*, ਪੰਨੇ 6-7
16. ਗਿਆਨੀ ਈਸ਼ਰ ਸਿੰਘ ਨਾਰਾ, *ਇਤਿਹਾਸ ਬਾਬਾ ਸ੍ਰੀ ਚੰਦ ਜੀ ਸਾਹਿਬ ਅਤੇ ਉਦਾਸੀ ਸੰਪ੍ਰਦਾਇ*, ਪੰਨਾ 156.
17. ਪਿਆਰ ਸਿੰਘ (ਸੰਪਾ.), *ਆਦਿ ਸਾਖੀਆਂ*, ਸਾਖੀ 186(ਅ), ਪੰਨਾ 58.
18. ਜਸਬੀਰ ਸਿੰਘ ਸਾਬਰ, *ਉਦਾਸੀ ਸੰਪਰਦਾਇ : ਉਦਭਵ ਅਤੇ ਵਿਕਾਸ*, ਡਾ. ਗੁਰਨਾਮ ਕੌਰ (ਸੰਪਾ.), *ਉਦਾਸੀ ਸੰਪਰਦਾ ਅਕਾਦਮਿਕ ਪਰਿਪੇਖ*, ਪੰਨਾ 50.
19. ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਪੰਨਾ 34.
20. ਉਹੀ, ਪੰਨਾ 73.
21. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 94.
22. ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਚਰਣ ਚਉਥਾ, ਬੰਦ 35.
23. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 856.
24. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ*, ਪੰਨਾ 50.
25. ਡਾ. ਮਹਿੰਦਰ ਕੌਰ, ਬਾਬਾ ਸ੍ਰੀ ਚੰਦ ਦੇ ਉਦਾਸੀ ਮਤ, ਪੰਨਾ 54.
26. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ*, ਪੰਨਾ 518.
27. ਗੰਡਾ ਸਿੰਘ, ਅਫ਼ਗਾਨਿਸਤਾਨ ਦਾ ਸਫ਼ਰ, ਪੰਨਾ 59.
28. ਉਹੀ, ਪੰਨਾ 571.
29. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਪੰਨਾ 822.
30. ਉਹੀ, ਪੰਨਾ 830.
31. ਉਹੀ, ਪੰਨਾ 901.
32-34. ਉਹੀ, ਪੰਨਾ 973.
35. ਪ੍ਰੋ. ਪ੍ਰੀਤਮ ਸਿੰਘ, *ਦਸਵਾਂ ਗੁਰੂ ਨਾਨਕ ਤੇ ਹੋਰ ਲੇਖ*, ਪੰਨਾ 140.
36. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਫੁਟ ਨੋਟ 1, ਪੰਨਾ 96.
37. ਬਲਬੀਰ ਸਿੰਘ ਨੰਦਾ, *ਗੁਰਬਾਣੀ ਦੀ ਵਿਆਖਿਆ : ਉਦਾਸੀਆਂ ਦਾ ਯੋਗਦਾਨ*, ਡਾ. ਗੁਰਨਾਮ ਕੌਰ (ਸੰਪਾ.) *ਉਦਾਸੀ ਸੰਪਰਦਾ ਦਾ ਅਕਾਦਮਿਕ ਪਰਿਪੇਖ*, ਪੰਨਾ 41

38. ਖੁਸ਼ਵੰਤ ਸਿੰਘ, *ਸਿੱਖ ਹਿਸਟਰੀ (1469-1988)*, ਅਨੁਵਾਦ ਪਿਆਰਾ ਸਿੰਘ ਐਮ. ਏ., ਪੰਨਾ 338
39. ਉਹੀ, ਪੰਨੇ 343-44.
40. ਡਾ. ਮਹਿੰਦਰ ਕੌਰ, *ਬਾਬਾ ਸ੍ਰੀ ਚੰਦ ਤੇ ਉਦਾਸੀ ਮਤ*, ਪੰਨੇ 103-04.
41. ਦ ਟ੍ਰਿਬਿਊਨ, ਦਸੰਬਰ 2002.

## SC : Udasi Dera Not Gurdwara

## (The Tribune, Online Edition, December 9, 2002)

New Delhi, December 8 Settling a 25 year-old litigation between the Shiromani Gurdwara Parbandhak Committee (SGPC) and a mahant on declaring of a Udasi Dera as Gurdwara, the Supreme Court has ruled that mere worshipping of Guru Granth Sahib at a dera would not qualify it to be a Sikh gurdwara.

Essential ingredients for an institution to be treated as a Sikh gurdwara were that "there should be established Guru Granth Sahib and the worship of the same by a congregation and Nishan Sahib" a Bench comprising Justice Shivaraj V Patil and Justice Arijit Pasayat said in a recent judgement.

"There may be other rooms of the institution made for other purposes, but the crucial test is the existence of Guru Granth Sahib and worshippers thereof by the congregation and Nishan Sahib," the Bench said.

One Bakhtawar Singh and 59 other worshippers had filed a petition under the Sikh Gurdwara Act before the appropriate Secretary, Government of Punjab, that an institution in Kot Fatta in Bathinda be declared a gurdwara. It was published in the Punjab Government Gazette on November 4, 1974.

However, Mahant Sarna Ram, an Udasi, filed a petition claiming that there was no Sikh Gurdwara in existence and that the alleged institution was his residential house. Ramji Dass and others also filed an identical petition claiming the institution to be the residential house of Sarna Ram Chela Chet Ram.

The government referred the matter to a tribunal, which on July 31, 1978, held that the building in question was a gurdwara and the land in question belonged to the gurdwara.

Mahant Sarna Ram filed an appeal before the Punjab and Haryana High Court. The High Court held that there was no escape from the conclusions that the property was the private property of Mahant Sarna Ram. The SGPC appealed against the High Court order before the Supreme Court.

Justice Pasayat said: "Udasis form an independent sect. They do venerate Sikh scriptures. Therefore, in an institution of the Udasi sect, one can visualize reading of Guru Granth Sahib or veneration of Sikh Scriptures. That itself is not decisive of the character of the institution.

# ਸੇਵਾਪੰਥੀ ਸੰਪ੍ਰਦਾਇ

ਡਾ. ਗੁਰਮੁਖ ਸਿੰਘ*

ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਸੇਵਾ ਕਰਨ ਵਾਲੇ ਕਨ੍ਹੲੀਆ ਜੀ ਸਮਬਿਰਤੀ ਦੇ ਸੁਆਮੀ ਸਨ। ਸਤਿਗੁਰੂ ਦੀ ਉਹਨਾਂ ਤੇ ਅਪਾਰ ਬਖਸ਼ਿਸ਼ ਸੀ। ਉਹਨਾਂ ਨੇ ਲਗਭਗ ਤਿੰਨ ਸਦੀਆਂ ਪਹਿਲਾਂ ਸਮਾਜ ਸੇਵੀ ਸੰਸਥਾ ਸਥਾਪਿਤ ਕਰਨ ਲਈ ਭਾਈ ਜੀ ਨੂੰ ਉਤਸਾਹਿਤ ਤੇ ਪ੍ਰੇਰਿਤ ਕੀਤਾ ਜਿਸ ਦੇ ਫਲਸਰੂਪ ਸੇਵਾ ਪੰਥ ਹੋਂਦ ਵਿਚ ਆਇਆ ਤੇ ਲਗਭਗ ਤਿੰਨ ਸਦੀਆਂ ਤੋਂ ਮਨੁੱਖਤਾ ਤੇ ਸਿੱਖ ਧਰਮ ਦੀ ਸੇਵਾ ਕਰਦਿਆਂ ਇਹਨਾਂ ਸਾਧੂਆਂ ਨੇ ਦੁਨੀਆਂ ਵਿਚ ਸੁੱਖ ਸੁਵਿਧਾ ਪੈਦਾ ਕਰਨ ਤੇ ਦੀਨ ਦੁਖੀਆਂ ਦੀ ਸਹਾਇਤਾ ਕਰਨ ਨੂੰ ਆਪਣਾ ਜੀਵਨ ਸਮਰਪਿਤ ਕੀਤਾ ਹੋਇਆ ਹੈ। ਭਾਵੇਂ ਡਾ. ਭੱਟਾਚਾਰੀਆ ਦਾ ਵਿਚਾਰ ਹੈ ਕਿ ਕਈ ਵਾਰੀ ਪਾਖੰਡੀ, ਦੰਭੀ ਤੇ ਝੂਠੇ ਵਿਅਕਤੀ ਵੀ ਸੰਪ੍ਰਦਾਇ ਚਲਾਉਣ ਵਿਚ ਕਾਮਯਾਬ ਹੋ ਜਾਂਦੇ ਹਨਾ ਪਰ ਸੇਵਾ ਪੰਥ ਦੇ ਬਾਨੀ ਭਾਈ ਕਨ੍ਹੱਈਆ ਜੀ ਆਦਰਸ਼ਕ ਵਿਅਕਤੀ ਸਨ ਜੋ ਬਿਨਾਂ ਕਿਸੇ ਵਿਤਕਰੇ ਦੇ ਸੇਵਾ ਕਰਦੇ ਸਨ। ਉਨ੍ਹਾਂ ਨੇ ਸਾਰਾ ਜੀਵਨ ਪਾਠ ਭਜਨ ਤੇ ਲੋਕ ਸੇਵਾ ਵਿਚ ਬਤੀਤ ਕੀਤਾ।

'ਸੇਵਾ ਪੰਥ' ਨਾਮ ਬਾਰੇ ਵਿਚਾਰ ਕਰਨੀ ਅਣਉਚਿਤ ਨਹੀਂ ਹੋਵੇਗੀ। ਭਾਈ ਲਾਲ ਚੰਦ ਲਿਖਦੇ ਹਨ :

*ਸੇਵਾ ਪੰਥੀ ਅਡਣਸ਼ਾਹੀ। ਦੁਇ ਕਿਉਂ ਕਹੈ ਏਕ ਕੇ ਮਾਂਹੀਂ ॥*
*ਸੋ ਅਬ ਨਿਰਨੌ ਨੀਕੀਭਾਂਤਿ। ਸੁਨੀਐ ਜਾ ਤੇ ਬਿਨਸੇ ਭ੍ਰਾਂਤਿ ॥*
*ਭੇਹਰਾ ਮਿਆਨੀ ਲਗ ਮੁਲਤਾਨ। ਸੇਵਾ ਰਾਮ ਬਿਚਰ ਸੁਖ ਖਾਨ ॥*
*ਯਾਤੇ ਤਿਹ ਪੁਰ ਨਗਰਨ ਮਾਂਹੀ। ਸੇਵਾਪੰਥੀ ਪੰਥ ਬਤਾਹੀ ॥ 6 ॥*

*॥ ਦੋਹਰਾ ॥*

*ਪੁਰ ਕਰਤਾਰ ਲਾਹੌਰ ਪੁਰ ਨਗਰ ਸ਼ਹੁਦਰੇ ਮਾਹਿ।*
*ਬਡ ਪ੍ਰਤਾਪ ਯੁਤ ਬਸਤ ਭੇ ਸੰਤ ਅੱਡਣ ਜੀ ਤਾਹਿ ॥ 7 ॥*

*॥ ਚੌਪਈ ॥*

*ਰਾਜਾ ਪਰਜਾ ਦਰਸ਼ਨ ਆਵੇ। ਸਰਧਾ ਸਹਿਤ ਸੀਸ ਸਭਿ ਨਿਆਵੈ ॥*
*ਤਿਹਿ ਕਾਰਨ ਸਭ ਐਸ ਬਖਾਨੈ। ਅਡਣਸ਼ਾਹੀ ਸੰਤ ਪਰਮਾਨੈ ॥ 8 ॥*[2]

ਉਪਰੋਕਤ ਅਨੁਸਾਰ ਭਾਈ ਸੇਵਾ ਰਾਮ ਦੇ ਨਾਮ ਤੋਂ ਸੇਵਾ ਪੰਥ ਨਾਮ ਚਲਿਆ ਤੇ ਤੇਜੱਸਵੀ ਸੇਵਾ ਪੰਥੀ ਮਹਾਤਮਾ ਭਾਈ ਅੱਡਣਸ਼ਾਹ ਦੀ ਮਹਾਨ ਸ਼ਖਸੀਅਤ ਕਾਰਨ ਉਨ੍ਹਾਂ ਦੇ ਚੇਲੇ ਅੱਡਣ ਸ਼ਾਹੀ ਅਖਵਾਉਣ ਲੱਗੇ। ਇਸ ਸੰਪ੍ਰਦਾਇ ਦਾ ਆਰੰਭ ਸੇਵਾ ਕਰਨ ਦੀ ਵਿਸ਼ੇਸ਼ ਰੁਚੀ ਤੋਂ

---

* ਭਾਸ਼ਾ ਵਿਭਾਗ ਪੰਜਾਬ, ਪਟਿਆਲਾ

ਹੋਇਆ। ਭਾਈ ਕਨ੍ਹੱਈਆ ਤੋਂ ਲੈ ਕੇ ਹੁਣ ਤੱਕ ਇਸ ਸੰਪ੍ਰਦਾਇ ਦੇ ਸਾਧੂ ਸੇਵਾ ਨੂੰ ਅਥਾਹ ਮਹੱਤਵ ਦਿੰਦੇ ਹਨ ਤੇ ਆਪਦੇ ਹੱਥੀਂ ਅਭਿਅਗਤਾਂ ਦੀ ਸੇਵਾ ਕਰਦੇ ਹਨ। ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਸਿੱਖ ਧਰਮ ਵਿਚ ਹੀ ਸੇਵਾ ਸਾਧਨਾ ਵਿਚ ਵਿਸ਼ੇਸ਼ ਰੁਚੀ ਰੱਖਣ ਵਾਲੇ ਸਾਧਕਾ ਦਾ ਇਕ ਅਜਿਹਾ ਆਤਮ ਉਤਸਰਗੀ ਦਲ ਸੀ ਜੋ ਦਸਾਂ ਨਹੁੰਆਂ ਦੀ ਕਿਰਤ ਕਰਕੇ ਵੰਡ ਛੱਕਣ ਦੇ ਵਿਸ਼ਵਾਸ ਅਧੀਨ ਸਰੀਰਿਕ ਸੇਵਾ ਰਾਹੀਂ ਜੀਵਨ ਮਨੋਰਥ ਸੰਪੰਨ ਕਰਦਾ ਹੋਇਆ ਸੰਸਾਰ ਵਿਚ ਵਿਚਰਿਆ। ਰਵਾਇਤ ਅਨੁਸਾਰ ਭਾਈ ਕਨ੍ਹੱਈਆ ਨੂੰ ਇਸ ਪੰਥ ਦਾ ਸੰਚਾਲਕ ਮੰਨਿਆ ਜਾਂਦਾ ਹੈ।[3] ਇਉਂ ਇਸ ਸੰਪ੍ਰਦਾਇ ਦਾ ਨਾਮ ਸੇਵਾ ਪੰਥ ਪ੍ਰਸਿੱਧ ਹੋਇਆ।

ਭਾਈ ਕਨ੍ਹੱਈਆ ਦਾ ਜਨਮ ਭਾਈ ਨਥੂ ਰਾਮ ਦੇ ਘਰ ਵਜੀਰਬਾਦ ਜ਼ਿਲ੍ਹਾ ਗੁਜਰਾਂਵਾਲ ਦੇ ਨੇੜੇ ਪਿੰਡ ਸੋਧਰੇ ਵਿਖੇ ਹੋਇਆ। ਪ੍ਰੋ. ਪ੍ਰੀਤਮ ਸਿੰਘ[5] ਨੇ ਆਪ ਦਾ ਜਨਮ 1680-90 ਬਿਕ੍ਰਮੀ ਦੇ ਵਿਚਕਾਰ ਮੰਨਿਆ ਹੈ ਜਿਸ ਦਾ ਆਧਾਰ ਮਹੰਤ ਗਣੇਸ਼ਾ ਸਿੰਘ[5] ਹੈ। ਆਚਾਰੀਆ ਸੀਤਾ ਰਾਮ ਚੁਤਰਵੇਦੀ[6] ਨੇ ਜਨਮ ਮਿਤੀ ਪੋਹ ਸ਼ੁਕਲ 5 ਸੰਮਤ 1707 ਦਿੱਤੀ ਹੈ ਪਰ ਉਹ ਇਸ ਸ੍ਰੋਤ ਬਾਰੇ ਚੁੱਪ ਹਨ। ਸੇਵਾਪੰਥੀ ਇਤਿਹਾਸਕ ਗ੍ਰੰਥਾਂ ਵਿਚ ਇਹ ਜਨਮ ਮਿਤੀ 1705 ਬਿਕ੍ਰਮੀ[7] ਦੇ ਲਗਭਗ ਮੰਨੀ ਹੈ ਜੋ ਠੀਕ ਜਾਪਦੀ ਹੈ ਕਿਉਂਕਿ ਇਹ ਗ੍ਰੰਥ ਉਪਰੋਕਤ ਵਿਦਵਾਨਾਂ ਦੀਆਂ ਰਚਨਾਵਾਂ ਤੋਂ ਪਹਿਲਾਂ ਲਿਖੇ ਗਏ ਸਨ। ਆਪ ਦੇ ਪਿਤਾ ਵੱਡੇ ਵਪਾਰੀ ਸਨ ਅਤੇ ਸ਼ਾਹੀ ਫੌਜਾਂ ਨੂੰ ਰਸਦ ਆਦਿ ਪਹੁੰਚਾਉਣ ਦਾ ਕੰਮ ਕਰਦੇ ਸਨ। ਭਾਈ ਲਾਲ ਚੰਦ ਅਨੁਸਾਰ "ਮਾਤਾ ਪਿਤਾ ਇਨ ਕੇ ਬਡੇ ਧਨਾਢ ਸਿਕਦਾਰ ਥੇ ਤਹਾਂ ਕੇ ਅਰ ਬਾਦਸ਼ਾਹ ਦੇ ਸਾਥ ਭੀ ਚਰ੍ਹਤੇ ਜਬ ਬਾਦਸ਼ਾਹ ਕਹੂ ਚੜਤਾ।"[8] ਇਹ ਧੰਮਣ ਜਾਤ[9] ਦੇ ਖੱਤਰੀ ਸਨ ਪਰ ਸਹਿਜ ਰਾਮ[10] ਨੇ ਬਧਵਾਨ ਖੱਤਰੀ ਲਿਖਿਆ ਹੈ। ਐਥਨੇ. ਕੇ. ਮੈਰਿਨਿਕੋ[11] ਆਪ ਨੂੰ ਝੀਵਰ ਮੰਨਦਾ ਹੈ, ਜੋ ਗਲਤ ਹੈ। ਉਸ ਨੇ ਇਹ ਕਿਆਸ ਇਸ ਤੋਂ ਲਾਇਆ ਜਾਪਦਾ ਹੈ ਕਿ ਆਪ ਜਲ ਦੀ ਸੇਵਾ ਕਰਦੇ ਸਨ।

ਸਮੇਂ ਦੀ ਪ੍ਰਥਾ ਅਨੁਸਾਰ ਆਪ ਦੇ ਮਾਤਾ ਪਿਤਾ ਨੇ ਜੋਤਸ਼ੀਆਂ ਪਾਸੋਂ ਆਪਣੇ ਬਾਲਕ ਦੇ ਭਵਿੱਖ ਬਾਰੇ ਪੁੱਛਣ ਤੇ ਉਨ੍ਹਾਂ ਨੇ ਦੱਸਿਆ ਕਿ ਇਹ ਪੂਰਨ ਸੰਤ ਹਨ, "ਆਪ ਤੋਂ ਮੁਕਤਿ ਰੂਪ ਹੈ। ਇਨ ਕੇ ਸੰਗੀ ਭੀ ਮੁਕਤਿ ਕੇ ਭਾਗੀ ਹੋਵੇਂਗੇ।"[12] ਭਾਈ ਸੋਭਾ ਰਾਮ ਅਨੁਸਾਰ ਜੋਤਸ਼ੀਆਂ ਨੇ ਬਚਨ ਕੀਤਾ :

*ਉਤਮ ਗੁਣ ਜੋ ਜਗਤ ਮੇ ਸਭ ਇਨ ਮੈਂ ਦ੍ਰਿਸਟਾਇ।*
*ਪੰਥ ਚਲਾਵੇ ਜਗਤ ਮਧੁ ਤੁਮ ਭੀ ਮੁਕਤੀ ਪਾਇ ॥42॥*[13]

ਬਚਪਨ ਤੋਂ ਹੀ ਆਪ ਵੈਰਾਗੀ ਸੁਭਾ ਦੇ ਸੁਆਮੀ ਸਨ। ਸੰਤ ਸੇਵਾ, ਸੰਤ ਸੰਗਤ ਤੇ ਸੰਤਾਂ ਦੇ ਉਪਦੇਸ਼ ਸੁਣਨ ਲਈ ਆਪ ਮਹਾ ਪੁਰਖਾਂ ਦੇ ਚਰਨਾਂ ਵਿਚ ਪੁੱਜ ਜਾਂਦੇ ਅਤੇ ਮੁੱਠੀ ਚਾਪੀ ਦੀ ਸੇਵਾ ਵੀ ਕਰਦੇ। ਆਪ ਬਚਪਨ ਤੋਂ ਹੀ ਦਇਆਵਾਨ ਤੇ ਦਾਨੀ ਸੁਭਾ ਦੇ ਸਨ। ਭਾਈ ਸੋਭਾ ਰਾਮ ਅਨੁਸਾਰ :

*ਸਾਧ ਰੰਕ ਜੋ ਦਰ ਪਰ ਆਵੈ। ਲਾਲ ਕਨਯਾ ਪਿਖ ਬਿਗਸਾਵੈ ॥*
*ਦਮੜਾ ਰੋਟੀ ਪੈਸਾ ਬਸਨਾ। ਦੇ ਕਰ ਮੀਠਾ ਬੋਲੇ ਰਸਨਾ ॥47॥*[14]

ਭਾਈ ਸਹਿਜ ਰਾਮ ਅਨੁਸਾਰ 'ਅਰ ਇਉਂ ਭੀ ਕਰਹਿ ਜੋ ਖੀਸਾ ਸਦ ਪੈਸੇ ਅਰ ਕੌਡੀਆ ਦੇ ਸਾਥ ਭਰਿਆ ਰਾਖੈ। ਜਹਾਂ ਕੋਊ ਭੂਖਾ ਦੇਖਹਿ ਤਬ ਉਨ ਕੇ ਤ੍ਰਿਪਤ ਕਰ ਛੋਡਹਿੰ'।[15] ਆਪ

ਬਾਦਸ਼ਾਹੀ ਰਾਹਾਂ ਤੇ ਜਾ ਖੜੋਂਦੇ। ਜੇਕਰ ਕਿਸੇ ਵੈਰਾਗੀ ਨੂੰ ਦੇਖਦੇ ਤਾਂ ਉਸ ਦੀ ਪੋਟਲੀ ਆਪਣੇ ਸਿਰ ਰੱਖ ਲੈਂਦੇ। ਉਸ ਨੂੰ ਮੁਕਤ ਕਰਵਾ ਦਿੰਦੇ। ਦੀਵਾਨਾਂ ਦਾ ਲੜਕਾ ਅਜਿਹੀ ਵਗਾਰ ਕਰੇ ਤਾਂ ਉਨ੍ਹਾਂ ਨੂੰ ਨਮੋਸ਼ੀ ਹੋਣੀ ਕੁਦਰਤੀ ਹੀ ਸੀ। ਜਦੋਂ ਪਿਤਾ ਜੀ ਨੇ ਰੋਕਿਆ ਤਾਂ ਆਪ ਨੇ ਜਵਾਬ ਦਿੱਤਾ "ਹੇ ਪਿਤਾ ਜੀ ਕੁਲ ਮੇਂ ਕਈ ਸਿਆਨੇ ਪੂਤ ਹੋਤੇ ਹੈਂ। ਸੋ ਮੈਂ ਤੁਮਾਰਾ ਬਾਵਰਾ ਪੂਤ ਹੋਂ। ਹਮਾਰੇ ਕਰਮੋਂ ਕਾ ਬਿਚਾਰ ਮਤ ਕਰੋ।"[16] ਆਪ ਨੂੰ ਵਸ ਕਰਨ ਲਈ ਮਾਪਿਆਂ ਨੇ ਵਿਆਹ ਵਾਲਾ ਅੰਤਿਮ ਹਥਿਆਰ ਵਰਤਣ ਦੀ ਸੋਚੀ ਤਾਂ ਆਪ ਨੇ ਨਾਂਹ ਕਰ ਦਿੱਤੀ।[17]

ਆਪ ਦੇ ਮਨ ਵਿਚ ਪਰਮਾਤਮਾ ਨੂੰ ਮਿਲਣ ਦੀ ਬੜੀ ਤੀਬਰ ਇੱਛਾ ਸੀ। ਜਦੋਂ ਆਪ ਦਾ ਮਿਲਾਪ ਪੂਰਨ ਸੰਤ ਨਨੂਆਂ ਜੀ ਨਾਲ ਹੋਇਆ ਤਾਂ ਆਪ ਨੇ ਦਰਸ਼ਨਾਂ ਲਈ ਆਉਣ ਦਾ ਆਪਣਾ ਇਹ ਪ੍ਰਯੋਜਨ ਦਸਿਆ :

*ਲਾਲ ਕਨਯੋ ਬਿਨੈ ਉਚਾਰੀ। ਹਰਿ ਮਿਲੈਨੈ ਕੀ ਇਛਾ ਭਾਰੀ॥*[18]

ਤਾਂ ਨਨੂਆਂ ਜੀ ਨੇ ਦਿਲਾਸਾ ਦਿੰਦਿਆਂ ਆਖਿਆ "ਭਾਈ ਕਨੱ੍ਹਈਆ ਜੀ ਜੈਸੇ ਪੂਰਬਲੇ ਸੰਤਹੁ ਪੁਰਖਾਰਥ ਕੀਆ ਹੈ। ਜਬ ਤੈਸੇ ਤੁਮ ਭੀ ਕਰੋਗੇ। ਤਬ ਗੋਬਿੰਦ ਨਿਕਟ ਹੈ।"[19] ਆਪ ਕਾਫੀ ਸਮਾਂ ਸੰਤ ਨਨੂਆਂ ਜੀ ਦੀ ਸੇਵਾ ਵਿਚ ਰਹੇ। ਜਦੋਂ ਉਨ੍ਹਾਂ ਨੇ ਸਰੀਰ ਤਿਆਗ ਦਿੱਤਾ ਤਾਂ ਆਪ ਘਰ ਆ ਗਏ ਅਤੇ ਕੁਝ ਚਿਰ ਮਗਰੋਂ ਪਿਤਾ ਜੀ ਦੇ ਦੇਹਾਂਤ ਕਾਰਨ ਆਪ ਨੂੰ ਉਨ੍ਹਾਂ ਦਾ ਕੰਮ ਵੀ ਸੰਭਾਲਣਾ ਪਿਆ। ਆਪ ਵੀ ਮਜਬੂਰੀ ਵੱਸ ਫੌਜ ਨਾਲ ਆਪਣੇ ਮੁਨਸ਼ੀਆਂ ਆਦਿ ਸਮੇਤ ਚਲੇ ਗਏ। ਟਿਕੀ ਹੋਈ ਰਾਤ ਵਿਚ ਕੋਈ ਗੁਰ ਸਿੱਖ ਗੁਰੂ ਤੇਗ ਬਹਾਦਰ ਜੀ ਦੀ ਵੈਰਾਗਮਈ ਬਾਣੀ ਦਾ ਪਾਠ ਕਰ ਰਿਹਾ ਸੀ। ਭਾਈ ਜੀ ਦੇ ਮਨ ਵਿਚ 'ਪ੍ਰੇਮ ਐਸਾ ਜਾਗਿਆ ਜੋ ਰੁਦਨ ਕਰਨੇ ਲਾਗੇ, ਮਾਇਆ ਕੀ ਸਿਅਨਾਮ ਅਰ ਜਗਤ ਸੁਖੋ ਕੇ ਸਭ ਵਿਚਾਰ ਭੁੱਲ ਗਏ। ਜੈਸੇ ਬੜੇ ਝਖੜ ਕੇ ਬਲ ਸਿਉ ਮਛਰ ਪਤੰਗ ਆਦਿ ਉਠ ਜਾਤੇ ਹੈਂ।[20] ਆਪ ਤੰਬੂ ਤੋਂ ਬਾਹਰ ਨਿਕਲੇ ਤੇ ਰੁਦਨ ਕਰਦੇ ਮੁਖੋਂ ਇਹ ਸ਼ਬਦ ਉਚਾਰਦੇ 'ਕੋਈ ਜਨ ਹਰਿ ਸਿਉ ਦੇਵੈ ਜੋਰਿ' ਜੰਗਲਾਂ ਨੂੰ ਚਲੇ ਗਏ।[21]

ਭਾਈ ਕਨੱ੍ਹਈਆ ਜੰਗਲਾਂ ਬੇਲਿਆਂ ਵਿਚ ਵਿਰਲਾਪ ਕਰਦੇ ਪਰਮਾਤਮਾ ਦੀ ਭਾਲ ਵਿਚ ਘੁੰਮਦੇ ਰਹੇ। ਅਚਾਨਕ ਆਪ ਨੂੰ ਇਕ ਮਹਾਤਮਾ ਦੇ ਦਰਸ਼ਨ ਹੋਏ ਜਿਸ ਤੋਂ ਆਪ ਨੇ ਪ੍ਰਭੂ ਮਿਲਣ ਦੀ ਵਿਧੀ ਪੁੱਛੀ ਤਾਂ ਉਸ ਨੇ ਦੱਸਿਆ ਪਰਮਾਤਮਾ ਗੋਬਿੰਦ ਲੋਕਾਂ ਦੀ ਸੰਗਤ ਨਾਲ ਮਿਲ ਸਕਦਾ ਹੈ। ਸੰਤ ਮਹਾਤਮਾ ਨਗਰਾਂ ਵਿਚ ਰਹਿੰਦੇ ਹਨ। ਇਸ ਲਈ ਨਗਰ ਵਿਚ ਜਾ ਕੇ ਸਤਿਸੰਗ ਕਰੋ। ਆਪ ਦਾ ਮੇਲ 'ਸੰਤ ਬੰਸ' ਨਾਲ ਹੋਇਆ ਜਿਸ ਬਾਰੇ ਸੀਨਾ ਬਸੀਨਾ ਇਹ ਵਿਚਾਰ ਚਲਿਆ ਆਉਂਦਾ ਹੈ ਕਿ ਪਰਮਾਤਮਾ ਆਪ ਭਾਈ ਕਨੱ੍ਹਈਆ ਨੂੰ ਉਪਦੇਸ਼ ਦੇਣ ਲਈ 'ਸੰਤ ਬੰਸ' ਦੇ ਰੂਪ ਵਿਚ ਆਇਆ। ਜਦੋਂ ਭਾਈ ਕਨੱ੍ਹਈਆ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕੀਤੇ ਤਾਂ ਆਪ ਨੇ ਉਸ ਸਮੇਂ ਆਖਿਆ :

*ਸੰਤੁਬੰਸ ਤੁਮੇ ਬਪ ਧਾਰਾ। ਤੇਗ ਬਹਾਦੁਰ ਭਏ ਇਸ ਬਾਰਾ ॥3॥*[22]

ਆਪ ਨੇ ਉਨ੍ਹਾਂ ਦੀ ਸੇਵਾ ਤਨ ਮਨ ਨਾਲ ਕੀਤੀ। ਉਸ ਮਹਾਂਪੁਰਖ ਨੇ ਆਪ ਨੂੰ ਇਸ ਪ੍ਰਕਾਰ ਉਪਦੇਸ਼ ਦਿੱਤਾ :

*ਅਮਲ ਫਕੀਰੀ ਕਰੀ ਬਖਾਨੁ। ਸਭ ਕੀ ਸੇਵ ਕਰੋ ਤਜ ਮਾਨੁ ॥*

*ਮਨ ਵੈਰਾਗੁ ਧਰੋ ਨਿਸ ਭੋਰੁ । ਕਾਮ ਕੋਹਿ ਲਬ ਮਾਰੋ ਚੋਰ ॥327॥*
*ਧਰੋ ਲੰਗੋਟੀ ਸਿਰ ਪਰ ਟੋਪੀ । ਗੁਰੂ ਨਾਨਕ ਦੀ ਧਾਰੋ ਉਟੀ ।*
*ਧਰੋ ਫਕੀਰੀ ਮਿਰਤਕ ਹੋਵੇ । ਪੁਨ ਕੁਟੰਬ ਕੀ ਓਰ ਨ ਜੋਵੇ॥32॥*[23]

ਇਉਂ ਉਪਦੇਸ਼ ਦੇਣ ਮਗਰੋਂ 'ਸੰਤ ਬੰਸ' ਭਾਈ ਕਨ੍ਹੱਈਆ ਪਾਸੋਂ ਸਦਾ ਲਈ ਨਿਖੜ ਗਏ । ਇਕ ਦਿਨ ਆਕਾਸ਼ਬਾਣੀ ਹੋਈ ਕਿ ਭਾਈ ਕਨ੍ਹੱਈਆ ਜੀ ਤੁਸੀਂ ਅਨੰਦਪੁਰ[24] ਜਾਵੋ ਪਰ ਸੋਭਾ ਰਾਮ ਅਨੁਸਾਰ :

*ਨਗਰ ਡਰੋਲੀ ਤਤੁ ਛਿਨ ਜਾਵੇ । ਗੁਰ ਪੂਰੇ ਕਾ ਦਰਸ਼ਨ ਪਾਵੇ ॥7॥*[25]

ਪਰ ਭਾਈ ਜੀ ਅਜੇ ਦੁਬਿਧਾ ਵਿਚ ਹੀ ਸਨ ਕਿ ਦੂਜੀ ਵਾਰ ਆਕਾਸ਼ਬਾਣੀ ਹੋਈ :

*ਚਲੋ ਡਰੋਲੀ ਦੇਰੁ ਨ ਕੀਜੈ । ਪਿਖ ਗੁਰ ਪੂਰੇ ਅੰਮ੍ਰਿਤ ਪੀਜੈ ॥*[26]

ਸਾਡਾ ਵਿਚਾਰ ਹੈ ਕਿ ਭਾਈ ਜੀ ਨੇ ਸਤਿਗੁਰੂ ਤੇਗ ਬਹਾਦਰ ਦੇ ਦਰਸ਼ਨ ਅਨੰਦਪੁਰ ਹੀ ਕੀਤੇ ਕਿਉਂਕਿ ਸਤਿਗੁਰੂ ਜੀ ਆਪਣੀ ਯਾਤਰਾ ਦੇ ਦੌਰਾਨ ਕੁਝ ਦਿਨ ਹੀ ਡਰੋਲੀ ਠਹਿਰੇ ।[27] ਕਿਉਂਕਿ ਗ੍ਰੰਥਾਂ ਵਿਚ ਹੀ ਜ਼ਿਕਰ ਆਉਂਦਾ ਹੈ ਕਿ ਭਾਈ ਜੀ ਨੂੰ ਦਰਸ਼ਨ ਕਰਕੇ ਸ਼ਾਂਤੀ ਮਿਲੀ ਤੇ ਆਪ ਬਹੁਤ ਸਮਾਂ ਘੋੜਿਆਂ ਦੇ ਤਬੇਲੇ ਵਿਚ ਸੇਵਾ ਕਰਦੇ ਰਹੇ ਜਿਥੇ ਕਦੇ ਕਦੇ ਸਤਿਗੁਰੂ ਜੀ ਦਰਸ਼ਨ ਦੇਣ ਆ ਜਾਇਆ ਕਰਦੇ ਸਨ ।[28] ਭਾਈ ਕਨ੍ਹੱਈਆ ਜੀ ਦੀ ਪ੍ਰਸੰਨਤਾ ਬਾਰੇ ਸੋਭਾ ਰਾਮ ਨੇ ਲਿਖਿਆ :

*ਲਾਲ ਕਨ੍ਹੱਈਆ ਪਿਖ ਹਰਖਾਯੋ । ਜਨਮ ਰੰਕ ਜਿਮ ਰਾਜੰ ਪਾਯੋ ।*
*ਗੁਰੂ ਸੂਰਤਿ ਮੂਰਤਿ ਰਿਧ ਧਾਰੀ । ਜਿਮ ਸੁਆਂਤੀ ਲੈ ਸੀਪ ਸਿਧਾਰੀ ॥9॥*[29]

ਇਕ ਦਿਨ ਸਤਿਗੁਰੂ ਜੀ ਨੇ ਭਾਈ ਕਨ੍ਹੱਈਆ ਨੂੰ ਇਕਾਂਤ ਵਿਚ ਆਖਿਆ 'ਤੁਮ ਕੋ ਗੁਰੂ ਕੇ ਗ੍ਰਿਹਿ ਤੇ ਕੁਣਕਾ ਮਿਲਿਆ ਹੈ, ਤਾਤੇ ਤੁਮ ਭੀ ਵੰਡ ਅਚਵਹੁ । ਅਬ ਜਾਵੋਂ ਸਰਬ ਜੀਵਹੁ ਕੋ ਸੁਖ ਦੇਵੋ ।[30] ਇਸ ਗੱਲ ਨੂੰ ਜਰਾ ਵਿਸਥਾਰ ਨਾਲ ਭਾਈ ਸੋਭਾ ਰਾਮ ਨੇ ਇਉਂ ਲਿਖਿਆ ਹੈ :

*ਗੁਰੂ ਨਾਨਕ ਦਯੋ ਪ੍ਰਸਾਦਿ ਤੁਮ ਬਾਟੰ ਖਾਵੋ ਮੀਤ ।*
*ਦਯਾ ਸਮਾਨੁ ਨਹਿ ਪੁਨਿ ਹੈ ਹਿਰਦੇ ਧਾਰੋ ਨੀਤ ॥*
*ਅਸਨੁ ਬਸਨੀਂ ਜਲੁ ਦੀਜੀਐ ਚਾਪੀ ਕਰੋ ਬਨਾਇ ।*
*ਚਾਰੁ ਬਰਨ ਖਟੁ ਦਰਸੁ ਕਉ ਜਾਨੋ ਏਕੋ ਭਾਇ ॥7॥*

ਸਤਿਗੁਰੂ ਦਾ ਆਦੇਸ਼ ਪ੍ਰਾਪਤ ਕਰਕੇ ਭਾਈ ਜੀ ਉਥੋਂ ਚੱਲ ਪਏ ਅਤੇ 'ਕਹਵਾ' ਪਿੰਡ ਪੁੱਜੇ। ਇਹ ਪਿੰਡ ਜ਼ਿਲ੍ਹਾ ਕੈਂਬਲਪੁਰ ਵਿਚ, ਕੈਂਬਲਪੁਰ ਤੋਂ 12 ਕੁ ਮੀਲ ਦੀ ਵਿਥ ਤੇ ਹੈ, ਜੋ ਲਾਹੌਰ ਤੋਂ ਪਿਸ਼ਾਵਰ ਨੂੰ ਜਾਂਦੀ ਜਰਨੈਲੀ ਸੜਕ ਦੇ ਕਿਨਾਰੇ ਤੇ ਸਥਿਤ ਹੈ । ਉਥੇ ਆਪ ਨੇ ਪਾਣੀ ਬਿਨਾ ਜੀਵ ਦੁੱਖੀ ਦੇਖੇ ਤਾਂ ਪਾਣੀ ਦਾ ਪ੍ਰਬੰਧ ਕੀਤਾ ਤੇ ਧਰਮਸਾਲਾ ਵੀ ਬਣਾਈ ਜਿਸ ਵਿਚ ਪਰਦੇਸੀਆਂ ਲਈ ਬਿਸਤਰਿਆਂ ਆਦਿ ਤੇ ਖਾਣੇ ਦਾ ਪ੍ਰਬੰਧ ਕੀਤਾ ਅਤੇ ਨਾਲ ਹੀ ਡੇਢ ਸੌ ਘੜਾ ਪਾਣੀ ਦਾ ਵੀ ਭਰ ਕੇ ਰੱਖਿਆ, ਜਿਸ ਨਾਲ ਅਤਿਥੀਆਂ ਨੂੰ ਕਾਫ਼ੀ ਆਰਾਮ ਮਿਲਣ ਲੱਗਾ । ਸਭ ਧਰਮਾਂ ਦੇ ਲੋਕਾਂ ਲਈ ਇਹ ਧਰਮਸਾਲਾ ਖੁੱਲ੍ਹੀ ਸੀ । ਭਾਈ ਜੀ ਇਸ ਗੱਲ ਦਾ ਪ੍ਰਚਾਰ ਕਰਦੇ ਸਨ 'ਜੋ ਹਮਾਰਾ ਪੰਥ ਏਕਤਾ ਕਾ ਹੈ ।[32] ਇਉਂ ਸਭ ਜੀਵਾਂ ਵਿਚ ਇਕ ਪਰਮਾਤਮਾ ਦੀ ਜੋਤ ਜਾਣ

ਕੇ ਆਪ ਸੇਵਾ ਕਰਦੇ ਅਤੇ ਥੱਕੇ ਹੋਏ ਮੁਸਾਫਰਾਂ ਦੀ ਮੁੱਠੀ ਚਾਪੀ ਵੀ ਕਰਦੇ ਸਨ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਗਰੋਂ ਭਾਈ ਕਨ੍ਹੱਈਆ ਜੀ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਪੁੱਜੇ ਅਤੇ ਸੇਵਾ ਕਰਨ ਲੱਗੇ। ਸਤਿਗੁਰੂ ਜੀ ਦੇ ਹੁਕਮ ਨਾਲ ਸਾਰੇ ਸਿੱਖ ਸ਼ਸਤਰ ਬੱਧ ਹੋ ਗਏ। ਆਪ ਭਾਵੇਂ ਜਲ ਦੀ ਸੇਵਾ ਹੀ ਕਰਿਆ ਕਰਦੇ ਸਨ ਤਾਂ ਵੀ ਕਿਸੇ ਸਿੱਖ ਨੇ ਭਾਈ ਜੀ ਨੂੰ ਵੀ ਤੇਗਾ ਪਹਿਨਾ ਦਿੱਤਾ। ਇਕ ਸਿੰਘ ਨੇ ਪੁਛਿਆ ਕਿ ਭਾਈ ਜੀ ਤੁਸੀਂ ਜੰਗ ਵਿਚ ਤੇਗ ਵਾਹੋਗੇ ਤਾਂ ਆਪ ਨੇ ਉੱਤਰ ਦਿੱਤਾ "ਕਿਸੀ ਕੋ ਮਾਰਨੇ ਕਉ ਹਮਨੇ ਤੇਗਾਂ ਨਹੀਂ ਬਾਧਿਆ। ਇਸ ਵਾਸਤੇ ਬਾਧਾ ਹੈ ਕਿ ਜਬ ਕੋਈ ਮਾਰਨੇ ਕਉ ਆਵੇਗਾ, ਤਬ ਮੈਂ ਆਪਨਾ ਤੇਗਾਂ ਕਾਢ ਕਰ ਉਸ ਕਉ ਪਕੜਾਊਂਗਾ ਅਰ ਮੁੱਖ ਸੇ ਕਹੂੰਗਾ ਜੋ ਤੁਮ ਕਉ ਆਪਨੀ ਤੇਗ ਕਾਢਨੀ ਨ ਪੜੇ ਇਉਂ ਮੇਰੀ ਹੀ ਮੁਝ ਕਉ ਮਾਰਉ"।[33] ਇਹ ਗੱਲ ਹੌਲੀ ਹੌਲੀ ਗੁਰੂ ਗੋਬਿੰਦ ਸਿੰਘ ਪਾਸ ਵੀ ਪੁੱਜ ਗਈ ਤਾਂ ਉਨ੍ਹਾਂ ਆਖਿਆ ਕਿ "ਭਾਈ ਕਨ੍ਹੱਈਆ ਦੀ ਤੇਗ ਉਤਾਰ ਲਓ ਜੋ ਇਹ ਤਾਂ ਰਣ ਕਾ ਭਜਾਓ ਹੈ। ਲੜਨੇ ਕਾ ਅਧਿਕਾਰ ਤੋ ਨਹੀਂ, ਕਾਹੇ ਤੇ ਜੋ ਇਨ ਕੋ ਹਮਾਰੇ ਪਿਤਾ ਨੇ ਘਾਲ ਬਤਾਈ ਹੈ, ਇਹ ਉਸੀ ਘਾਲ ਮੇ ਸਾਵਧਾਨ ਹੈ। ਇਹੁ ਅਉਰ ਘਾਲ ਕੇ ਅਧਿਕਾਰੀ ਨਹੀਂ।"[34] ਭਾਈ ਕਨ੍ਹੱਈਆ ਨੇ 'ਤਬ ਬੀਸ ਬੀਸਵੇ ਨਾਵਾ ਮਹਲੁ ਘਰ ਦਸਮਾ ਮਹਲੁ ਏਕ ਕਰ ਜਾਨਿਆ।'[35]

ਜਦੋਂ ਅਨੰਦਪੁਰ ਨੂੰ ਮੁਗਲ ਅਤੇ ਪਹਾੜੀ ਰਾਜਿਆਂ ਦੀ ਫੌਜ ਨੇ ਘੇਰਾ ਪਾ ਲਿਆ ਤਾਂ ਬੜੇ ਘਮਸਾਣ ਦਾ ਯੁੱਧ ਹੋਇਆ। ਭਾਈ ਕਨ੍ਹੱਈਆ ਸਤਲੁਜ ਦਰਿਆ ਤੇ ਪੁੱਜ ਜਾਂਦੇ ਅਤੇ ਪਾਣੀ ਦੀਆਂ ਮਸ਼ਕਾਂ ਭਰ ਕੇ ਲਿਆਉਂਦੇ। ਬਿਨਾਂ ਕਿਸੇ ਹਿੰਦੂ, ਸਿੱਖ, ਮੁਸਲਮਾਨ ਦੇ ਵਿਤਕਰੇ ਦੇ ਸਭ ਨੂੰ ਪਾਣੀ ਪਿਆਈ ਜਾਂਦੇ। ਭਾਈ ਲਾਲ ਚੰਦ ਅਨੁਸਾਰ 'ਭਾਈ ਕਨ੍ਹੱਈਆ ਜੀ ਇਸ ਪ੍ਰਕਾਰ ਜੰਗ ਬੀਚ ਮਸ਼ਕ ਭਰ ਕੇ ਜਲ ਕੀ ਪਿਲਾਉਂਦੇ ਰਹੇ ਸਿੰਘਾਂ ਬੀਚ ਭੀ, ਅਰ ਤੁਰਕਾਂ ਬੀਚ ਭੀ। ਕੋਈ ਇਸ ਕੋ ਅਟਕਾਵੇ ਨਹੀਂ ਨਿਸੰਕ ਹੀ ਫਿਰੇ ਇਕ ਸਮਾਨ ਸਭੀ ਕੋ ਜਾਨ ਕੇ ਸੇਵਾ ਬੜੇ ਪ੍ਰੇਮ ਸੇ ਕਰਹਿ।[36] ਤਾਂ ਸਿੱਖਾਂ ਨੇ ਇਸ ਬਾਰੇ ਸਤਿਗੁਰੂ ਪਾਸ ਸ਼ਿਕਾਇਤ ਕੀਤੀ। ਗੁਰੂ ਜੀ ਦੇ ਇਸ ਦਾ ਕਾਰਨ ਪੁੱਛਣ ਤੇ ਭਾਈ ਕਨ੍ਹੱਈਆ ਜੀ ਨੇ ਇਹ ਜਵਾਬ ਦਿੱਤਾ ਕਿ ਮੈਨੂੰ ਤਾਂ ਸਭ ਵਿਚ ਬ੍ਰਹਮ ਰਵ ਰਿਹਾ ਦਿਖਾਈ ਦਿੰਦਾ ਹੈ ਕਿਉਂਕਿ ਆਪ ਦਾ ਇਹ ਉਪਦੇਸ਼ ਹੈ :

*ਸਭ ਮੈਂ ਏਕ ਬ੍ਰਹਮ ਹੀ ਪੂਰਨ। ਤਿਸ ਕਾ ਰੂਪ ਪਛਾਨੋ ਤੂਰਨ ॥*
*ਇਹ ਉਪਦੇਸ਼ ਕਰਯੋ ਜੋ ਆਪ। ਸੋ ਹਮ ਰਾਖਯੋ ਉਰ ਮੈਂ ਥਾਪ ॥*[37]

ਭਾਈ ਜੀ ਦਾ ਇਹ ਉੱਤਰ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਭਾਈ ਸਿਖੋ। ਘਨਯਾ ਰਾਮ ਬ੍ਰਹਮ ਗਿਆਨੀ ਸੱਚਾ ਸੰਤ ਸਮਦਰਸੀ ਹੈ।"[38] ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਭਾਈ ਕਨ੍ਹੱਈਆ ਜੀ ਤੇ ਬਖਸ਼ਿਸ਼ ਕਰਦਿਆਂ ਇਉਂ ਬਚਨ ਕੀਤੇ :

*ਜੋ ਤੁਮ ਕਰਨਾ ਸੋ ਕਰ ਲੀਨਾ। ਸਭਿ ਮਧਿ ਪੂਰਨ ਬ੍ਰਹਮੰ ਚੀਨਾ।*
*ਜੋ ਗੁਰੂ ਤੇਗ ਬਹਾਦਰ ਭਾਖਾ। ਸੋਈ ਕੀਜੈ ਧਰੁ ਅਭਿਲਾਖਾ॥759॥*
*ਨਿਰਗੁਨ ਅਪੁਨਾ ਪੰਥਿ ਬਨਾਵੋ। ਕੀਜੈ ਕਿਰਤੈ ਵੰਡਿ ਕਰ ਖਾਵੋ ॥*
*ਸਤਿਨਾਮੁ ਗੁਰ ਮੰਤ੍ਰ ਉਚਾਰੋ। ਗੁਰੁ ਗ੍ਰੰਥ ਪਰ ਨਿਹਚਾ ਧਾਰੋ ॥7॥*[39]

ਸਤਿਗੁਰੂ ਜੀ ਨੇ 'ਆਪਣੇ ਹੱਥ ਦਾ ਰੁਮਾਲ ਦੇ ਕੇ ਰਿਧੀਆਂ ਸਿਧੀਆਂ ਨਾਲ ਭਰਪੂਰ

ਕੀਤਾ'।[40] ਜਦੋਂ 1704 ਈਸਵੀ ਵਿਚ ਸਤਿਗੁਰੂ ਜੀ ਨੇ ਅਨੰਦਪੁਰ ਛੱਡਿਆ ਤਾਂ ਭਾਈ ਕਨ੍ਹੱਈਆ ਜੀ ਨੂੰ ਆਗਿਆ ਕੀਤੀ, "ਲਹਿੰਦੇ ਵੱਲ ਜਾਹ, ਗੁਰੂ ਕੀ ਸਿੱਖੀ ਵਧਾ, ਤੇਰਾ ਪੰਥ ਚੱਲੇਗਾ।"[41] ਭਾਈ ਕਨ੍ਹੱਈਆ 'ਕਾਹਵੇ' ਚਲੇ ਗਏ ਤੇ ਸਿੱਖੀ ਦਾ ਪਰਚਾਰ ਕੀਤਾ।

ਕੀ ਭਾਈ ਕਨ੍ਹੱਈਆ ਉਦਾਸੀ ਸਾਧੂ ਸਨ ਭਾਈ ਸੁੱਖਾ ਸਿੰਘ ਨੇ ਲਿਖਿਆ ਹੈ :

*ਏਕ ਉਦਾਸੀ ਸਾਧ ਕਨੈਯਾ। ਸਾਧੂ ਭਏ ਸਾਥ ਗੁਨ ਗੈਯਾ ॥*[42]

ਇਸ ਮੱਤ ਦੇ ਦੂਸਰੇ ਸਮਰਥਕ ਆਚਾਰੀਆ ਸੀਤਾ ਰਾਮ ਚਤੁਰਵੇਦੀ[43] ਹਨ। ਉਦਾਸੀ ਸ਼ਬਦ ਦਾ ਕੋਸ਼ਗਤ ਅਰਥ ਹੈ "ਉਦਾਸੀਨਤਾ" ਉਪਰਾਮ, ਵਿਰਕਤ।[44] ਘਰ ਬਾਰ ਦਾ ਮੋਹ ਤਿਆਗ ਕੇ ਪਰਮਾਤਮਾ ਦੀ ਖੋਜ ਵਿਚ ਨਿਕਲੇ ਵਿਅਕਤੀ ਨੂੰ ਉਦਾਸੀ ਆਖਿਆ ਜਾਂਦਾ ਹੈ। ਆਚਾਰੀਆ ਸੀਤਾ ਰਾਮ ਚਤੁਰਵੇਦੀ ਨੇ ਉਦਾਸੀ ਦੀ ਪਰਿਭਾਸ਼ਾ ਇਉਂ ਕੀਤੀ ਹੈ। 'ਉਹ ਵਿਅਕਤੀ ਜੋ ਸੁੱਖ, ਦੁੱਖ, ਰਾਗ, ਦ੍ਵੇਖ, ਲੋਭ, ਮੋਹ, ਆਪਣਾ ਪਰਾਇਆ, ਆਦਿ ਸਭ ਪਰਕਾਰ ਦੇ ਦਵੈਤਾਂ ਤੋਂ ਪਰ੍ਹੇ ਹੋ ਕੇ ਸਭ ਨੂੰ ਆਪਣਾ ਸਮਝਦਾ ਹੋਵੇ।'[45] ਜੇਕਰ ਇਸ ਅਨੁਸਾਰ ਦੇਖਿਆ ਜਾਵੇ ਤਾਂ ਭਾਈ ਕਨ੍ਹੱਈਆ ਜੀ ਉਦਾਸੀ ਸਨ ਕਿਉਂਕਿ ਉਹ ਵੀ ਘਰ ਬਾਰ ਤਿਆਗ ਕੇ ਸਭ ਕਾਸੇ ਤੋਂ ਮੋਹ ਮੁਕਤ ਹੋ ਕੇ ਪਰਮਾਤਮਾ ਦੀ ਖੋਜ ਵਿਚ ਨਿਕਲੇ ਸਨ ਅਤੇ ਬਿਨਾਂ ਕਿਸੇ ਵਿਤਕਰੇ ਦੇ ਸਭ ਦੀ ਸੇਵਾ ਕਰਦੇ ਸਨ। ਪਰ ਉਨ੍ਹਾਂ ਦਾ ਉਦਾਸੀ ਸੰਪ੍ਰਦਾਇ, ਜਿਸ ਦੇ ਬਾਨੀ ਬਾਬਾ ਸ੍ਰੀ ਚੰਦ ਨੂੰ ਮੰਨਿਆ ਜਾਂਦਾ ਹੈ, ਨਾਲ ਕੋਈ ਸੰਬੰਧ ਨਹੀਂ ਸਥਾਪਿਤ ਕੀਤਾ ਜਾ ਸਕਦਾ। ਗੁਰਬਿਲਾਸ ਵਿਚ ਭਾਈ ਸੁੱਖਾ ਸਿੰਘ ਨੇ 'ਉਦਾਸੀ' ਸ਼ਬਦ ਨੂੰ ਵਿਆਪਕ ਅਰਥਾਂ ਵਿਚ ਲਿਆ। ਆਚਾਰੀਆ ਸੀਤਾ ਰਾਮ ਚਤੁਰਵੇਦੀ ਨੇ ਉਦਾਸੀ ਸੰਪ੍ਰਦਾਇ ਦੇ ਅੰਤਰਗਤ ਭਾਈ ਕਨ੍ਹੱਈਆ ਜੀ ਨੂੰ ਲਿਆ ਹੈ ਪਰ ਉਨ੍ਹਾਂ ਨੇ ਆਪਣਾ ਸ੍ਰੋਤ ਨਹੀਂ ਦੱਸਿਆ ਜਿਸ ਤੋਂ ਭਾਈ ਜੀ ਨੂੰ ਉਦਾਸੀ ਸਿੱਧ ਕੀਤਾ ਜਾ ਸਕੇ।

ਸਾਡਾ ਵਿਚਾਰ ਹੈ ਕਿ ਭਾਈ ਕਨ੍ਹੱਈਆ ਜੀ ਦਾ ਉਦਾਸੀ ਸੰਪ੍ਰਦਾਇ ਨਾਲ ਕੋਈ ਸੰਬੰਧ ਨਹੀਂ ਸੀ ਜਿਸ ਦੇ ਕਾਰਨ ਹਨ :

(ੳ) ਕਿਸੇ ਵੀ ਸੇਵਾ ਪੰਥੀ ਇਤਿਹਾਸ ਗ੍ਰੰਥ, ਭਾਈ ਕਨ੍ਹੱਈਆ ਜੀ ਦੀ ਜੀਵਨੀ ਤੇ ਭਾਈ ਜੀ ਨਾਲ ਸੰਬੰਧਿਤ ਲਿਖਤਾਂ ਵਿਚ ਉਨ੍ਹਾਂ ਦੇ ਉਦਾਸੀ ਹੋਣ ਦਾ ਜ਼ਿਕਰ ਨਹੀਂ ਹੈ।

(ਅ) ਭਾਈ ਕਨ੍ਹੱਈਆ ਜੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਆਉਣ ਤੋਂ ਪਹਿਲਾਂ ਭਾਈ ਨਨੂਆ ਜੀ ਕੇ ਸੇਵਕ ਸਨ ਜੋ ਉਦਾਸੀ ਨਹੀਂ ਸਨ ਸਗੋਂ ਵੈਸ਼ਨੋ[45] ਭਗਤ ਸਨ।

(ੲ) ਭਾਈ ਨਨੂਆ ਜੀ ਮਗਰੋਂ ਭਾਈ ਕਨ੍ਹੱਈਆ ਗੁਰੂ ਤੇਗ ਬਹਾਦਰ ਅਤੇ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਸੇਵਾ ਕਰਦੇ ਰਹੇ ਅਤੇ ਫਿਰ ਗੁਰੂ ਸਾਹਿਬ ਦਾ ਹੁਕਮ ਪ੍ਰਾਪਤ ਕਰਕੇ ਸਿੱਖੀ ਦਾ ਪ੍ਰਚਾਰ ਤੇ ਲੋਕ ਸੇਵਾ ਕਰਦਿਆਂ ਜੀਵਨ ਬਤੀਤ ਕਰ ਦਿੱਤਾ।

(ਸ) ਉਦਾਸੀ ਸੰਪ੍ਰਦਾਇ ਦੇ ਇਤਿਹਾਸ[47] ਵਿਚ ਭਾਈ ਕਨ੍ਹੱਈਆ ਜੀ ਦਾ ਕਿਧਰੇ ਕੋਈ ਜ਼ਿਕਰ ਨਹੀਂ ਮਿਲਦਾ।

(ਹ) ਭਾਈ ਕਾਨ੍ਹ ਸਿੰਘ ਨਾਭਾ[48] ਦਾ ਵਿਚਾਰ ਹੈ ਕਿ ਕਈ ਲੇਖਕਾਂ ਨੇ ਭਾਈ ਮੀਹਾਂ ਜੋ

ਉਦਾਸੀ ਸਾਧੂ ਸੀ ਤੇ ਦਸਮ ਗੁਰੂ ਦੇ ਦਰਬਾਰ ਵਿਚ ਜਲ ਤੇ ਲੰਗਰ ਦੀ ਸੇਵਾ ਕਰਦਾ ਹੁੰਦਾ ਸੀ, ਉਸ ਨੂੰ ਭਾਈ ਕਨ੍ਹੱਈਆ ਲਿਖ ਦਿੱਤਾ, ਜੋ ਭੁੱਲ ਹੈ।

ਭਾਈ ਜੀ ਦੇ ਪ੍ਰਸਿੱਧ ਸੇਵਕ ਭਾਈ ਸੇਵਾ ਰਾਮ ਜੀ ਹੋਏ ਹਨ ਜਿਨ੍ਹਾਂ ਦਾ ਜਨਮ ਸੰਮਤ 1815 ਵਿਚ ਦੱਖਣ ਦੇਸ ਵਿਚ ਹੋਇਆ। ਆਪ ਦੇ ਪਿਤਾ ਵੀ ਮਹਾਤਮਾ ਸਨ ਜਿਨ੍ਹਾਂ ਨੇ ਬਾਲਪਣ ਵਿਚ ਹੀ ਇਨ੍ਹਾਂ ਨੂੰ ਅਧਿਆਤਮਿਕ ਸਿਖਿਆ ਦੇਣੀ ਆਰੰਭ ਕਰ ਦਿੱਤੀ। ਭਾਈ ਸਾਹਿਜ ਰਾਮ ਨੇ ਆਪਦੇ ਪਿਤਾ ਬਾਰੇ ਇਉਂ ਲਿਖਿਆ ਹੈ :

*ਸੁਘੜ ਪਿਤਾ ਸੁਜਨ ਸੁਜਾਨ ਮਹਾ ਪੁਰਖ ਪ੍ਰਤਪਾਲ।*
*ਬਚਨ ਸੁਨਾਵੈ ਗੁਰਮਤੀ ਜਿਉਂ ਸਮਝਤ ਦੇਖੇ ਬਾਲ ॥*[50]

ਬਚਪਨ ਵਿਚ ਜਦੋਂ ਬਾਲ ਸੇਵਾ ਰਾਮ ਨੇ ਬੋਲਣਾ ਸਿੱਖਿਆ ਤਾਂ ਉਸ ਨੂੰ 'ਵਾਹਿਗੁਰੂ' ਸ਼ਬਦ ਰਟਨ ਦੀ ਆਦਤ ਪਾ ਦਿੱਤੀ।

*ਜਬਹਿ ਜੀਭ ਉਚਾਰਨ ਮਹਿੰ ਆਈ। ਤਬ ਵਾਹਿਗੁਰੂ ਕੀ ਟੇਵ ਸਿਖਾਈ ॥*[51]

ਬਾਰਾਂ ਵਰ੍ਹਿਆਂ ਦੀ ਉਮਰ ਵਿਚ ਹੀ ਘਰ ਤਿਆਗਣ ਲਈ ਤਿਆਰ ਕੀਤਾ ਅਤੇ ਆਪ ਸੱਚੇ ਗੁਰੂ ਦੀ ਭਾਲ ਵਿਚ ਚੱਲ ਪਏ। ਰਾਹ ਵਿਚ ਇਕ ਮਹਾਂ ਪਾਖੰਡੀ ਉਦਾਸੀ ਸਾਧੂ ਨਾਲ ਮੇਲ ਹੋਇਆ ਜਿਸ ਪਾਸੋਂ ਆਪ ਨੇ ਬੜੀ ਮੁਸ਼ਕਲ ਨਾਲ ਜਾਨ ਛੁਡਾਈ ਅਤੇ ਅਨੰਦਪੁਰ ਵਿਖੇ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਪੁੱਜੇ ਅਤੇ ਸਤਿਗੁਰੂ ਜੀ ਨੇ ਆਪ ਨੂੰ ਭਾਈ ਕਨ੍ਹੱਈਆ ਪਾਸ ਜਾਣ ਦਾ ਹੁਕਮ ਦਿੱਤਾ।[52]

ਆਪ ਸੋਧਰੇ ਪੁੱਜ ਕੇ ਤਪਦੀ ਦੁਪਹਿਰੇ ਇਕ ਬਾਗ ਵਿਚ ਆਰਾਮ ਕਰਨ ਲਈ ਬੈਠ ਗਏ ਜਿਥੇ ਇਕ ਠੱਗ ਸਾਧੂ (ਜਿਸ ਨੇ ਲੋਕਾਂ ਤੋਂ ਬਹੁਤ ਸਾਰੀ ਚਾਂਦੀ ਇਹ ਆਖ ਕੇ ਲੈ ਲਈ ਸੀ ਮੈਂ ਜਾਦੂ ਨਾਲ ਸੋਨਾ ਬਣਾ ਦਿਆਂਗਾ) ਬੈਠਾ ਸੀ ਅਤੇ ਲੋਕ ਉਸ ਨੂੰ ਘੇਰੀ ਬੈਠੇ ਸਨ ਕਿ ਇਹ ਕਿਧਰੇ ਭੱਜ ਨਾ ਜਾਵੇ। ਉਸ ਨੇ ਭਾਈ ਸੇਵਾ ਰਾਮ ਵੱਲ ਇਸ਼ਾਰਾ ਕਰਕੇ ਆਖਿਆ ਕਿ ਮੇਰਾ ਸੇਵਕ ਵੀ ਪੁੱਜ ਗਿਆ ਹੈ। ਲੋਕਾਂ ਨੇ ਸੋਚਿਆ ਕਿ ਇਹ ਦੋ ਜਣੇ ਹਨ। ਜੇਕਰ ਇਕ ਭੱਜ ਜਾਵੇ ਤਾਂ ਦੂਸਰਾ ਤਾਂ ਬੈਠਾ ਹੀ ਰਹੇਗਾ। ਠੱਗ ਮੌਕਾ ਪਾ ਕੇ ਭੱਜ ਗਿਆ। ਲੋਕਾਂ ਨੇ ਭਾਈ ਸੇਵਾ ਰਾਮ ਨੂੰ ਫੜ ਲਿਆ ਤੇ ਆਪਣੇ ਜਾਗੀਰਦਾਰ ਪਾਸ ਪੇਸ਼ ਕੀਤਾ ਜਿਸ ਨੇ ਆਪ ਨੂੰ ਹੱਥਕੜੀਆਂ ਲਗਾ ਕੇ ਡਿਊਢੀ ਵਿਚ ਬਿਠਾ ਦਿਤਾ। ਦੇਵ ਨੇਤ ਭਾਈ ਕਨ੍ਹੱਈਆ ਜੀ ਨੂੰ ਜਾਗੀਰਦਾਰ ਨੇ ਪ੍ਰਸਾਦ ਛਕਣ ਲਈ ਆਪਣੇ ਗ੍ਰਿਹ ਵਿਖੇ ਬੁਲਾਇਆ ਹੋਇਆ ਸੀ। ਆਪ ਆਪਣੇ ਸੇਵਕਾਂ ਸਹਿਤ ਉਥੇ ਪੁੱਜੇ ਤੇ ਭਾਈ ਸੇਵਾ ਰਾਮ ਦੇ ਹੱਥਕੜੀਆਂ ਲੱਗੀਆਂ ਦੇਖੀਆਂ। ਚੇਹਰੇ ਤੇ ਨਿਰਦੋਸ਼ ਹੋਣ ਦੀ ਝਲਕ ਦਿਖਾਈ ਦਿੱਤੀ। ਜਾਗੀਰਦਾਰ ਪਾਸੋਂ ਸਾਰੀ ਗੱਲ ਪੁੱਛੀ ਤੇ ਸੇਵਾ ਰਾਮ ਪਾਸ ਪੁੱਜ ਗਏ। ਭਾਈ ਸੇਵਾ ਰਾਮ ਨੇ ਦੱਸਿਆ ਕਿ ਮੈਂ ਢੂੰਡਦਾ ਢੂੰਡਦਾ ਇੱਥੇ ਪੁਜਿਆ ਪਰ ਇਥੇ ਬੇੜੀਆਂ ਪੈ ਗਈਆਂ। ਭਾਈ ਕਨ੍ਹੱਈਆ ਜੀ ਨੇ ਪੁੱਛਿਆ ਕਿ ਕਿਸ ਨੂੰ ਢੂੰਡਦਾ ਸੈਂ ਤਾਂ ਆਪ ਨੇ ਆਖਿਆ ਕਿ ਢੂੰਡਦਾ ਤਾਂ ਮੈਂ ਆਪ ਨੂੰ ਹੀ ਸਾਂ, ਤੇ ਹੁਣ ਸਿਆਣ ਵੀ ਲਿਆ ਹੈ ਕਿ ਆਪ ਨੂੰ ਲੱਭਦਾ ਸਾਂ, ਆਪ ਵਿਚ ਤੇ ਸਾਂਈਂ ਵਿਚ ਕੁਝ ਭੇਦ ਨਹੀਂ। ਭਾਈ ਨੇ ਬਚਨ ਕੀਤਾ "ਭਾਈ ਪਸ਼ੂ ਦੇ ਗਲ ਵਿਚ ਰੱਸਾ ਗਲਾਵਾ ਓਨਾ ਚਿਰ ਰਖੀਦਾ ਹੈ ਜਿੰਨਾ ਚਿਰ ਉਹ ਵੱਗ ਨਾਲ ਨਹੀਂ ਰਲਦਾ, ਜਦ ਵੱਗ ਨਾਲ ਰਲ ਜਾਵੇ ਤਾਂ ਗਲੋਂ ਰੱਸਾ ਕੱਢ ਛਡੀਦਾ ਹੈ। ਤਿਵੇਂ ਹੀ ਤੁਹਾਨੂੰ ਭਗਵੰਤ ਨੇ ਬੇੜੀਆਂ ਪਾ ਕੇ ਆਣ ਗੁਰੂ ਸੰਗਤ

ਨਾਲ ਮੇਲਿਆ ਹੈ ਕਿ ਮਤਾ ਲਾਭ ਚਾਂਭ ਜਾਂਦਾ ਹੋਵੇ' ਅਤੇ ਇਉਂ ਭਾਈ ਜੀ ਜ਼ਾਮਨੀ ਦੇ ਕੇ ਭਾਈ ਸੇਵਾ ਰਾਮ ਨੂੰ ਮੁਕਤ ਕਰਵਾ ਕੇ ਆਪਣੇ ਨਾਲ ਲੈ ਗਏ।"[53]

ਸੇਵਾ ਰਾਮ ਨੇ ਭਾਈ ਕਨ੍ਹੱਈਆ ਜੀ ਦੀ ਅਤੇ ਸਾਧ ਸੰਗਤ ਦੀ ਤਨ, ਮਨ ਨਾਲ ਸੇਵਾ ਕੀਤੀ ਅਤੇ ਨਾਮ ਜਪਿਆ। ਆਪ ਭਾਈ ਕਨ੍ਹੱਈਆ ਜੀ ਦੇ ਪਿਆਰ ਵਿਚ ਇੰਨੇ ਗੁਆਚ ਗਏ ਕਿ ਦਵੈਤ ਖ਼ਤਮ ਹੋ ਗਈ। ਭਾਈ ਸਹਿਜ ਰਾਮ[54] ਅਨੁਸਾਰ ਭਾਈ ਕਨ੍ਹੱਈਆ ਤੇ ਭਾਈ ਸੇਵਾ ਰਾਮ ਇਕ ਹੋ ਗਏ। ਫਿਰ ਭਾਈ ਕਨ੍ਹੱਈਆ ਦੇ ਹੁਕਮ ਅਨੁਸਾਰ ਆਪ ਗੁਰਮਤਿ ਪਰਚਾਰ ਤੇ ਜੀਵਾਂ ਦੀ ਸੇਵਾ ਕਰਨ ਲਈ ਚਲੇ ਗਏ ਤੇ ਨੂਰਪੁਰ ਥਲ ਪੁੱਜ ਗਏ। ਰਾਤ ਉੱਥੇ ਟਿਕਾਣਾ ਕੀਤਾ ਅਤੇ ਆਪ ਨੂੰ ਪਤਾ ਲੱਗਾ ਕਿ ਇਥੇ ਜਲ ਬਿਨਾਂ ਜੀਵ ਬਹੁਤ ਤੰਗ ਹਨ। ਆਪਨੇ ਖੂਹ ਪੁੱਟਣਾ ਸ਼ੁਰੂ ਕੀਤਾ ਅਤੇ ਨਾਲ ਹੀ ਆਏ ਗਏ ਮੁਸਾਫਰਾਂ ਦੀ ਸੇਵਾ ਲਈ ਧਰਮਸਾਲਾ ਦੀ ਨੀਂਹ ਰੱਖੀ। ਜਦੋਂ ਪਿੰਡ ਦੇ ਲੋਕਾਂ ਨੂੰ ਪਤਾ ਲੱਗਾ ਤਾਂ ਉਹ ਵੀ ਆਪ ਦੀ ਸੇਵਾ ਵਿਚ ਹਾਜ਼ਰ ਹੋ ਗਏ ਤੇ ਇਉਂ ਖੂਹ ਤੇ ਧਰਮਸਾਲਾ ਦੋਨੋਂ ਤਿਆਰ ਕਰ ਲਏ ਗਏ, ਜਿਸ ਨਾਲ ਜਲ ਦੀ ਤੰਗੀ ਦੂਰ ਹੋ ਗਈ ਅਤੇ ਮੁਸਾਫਰਾਂ ਦੇ ਆਰਾਮ ਲਈ ਸਾਧਨ ਬਣ ਗਿਆ।[55] ਇਉਂ ਆਪ ਨੇ ਗੁਰਮਤਿ ਦਾ ਪਰਚਾਰ ਤੇ ਜੀਵਾਂ ਦੀ ਸੇਵਾ ਜਾਰੀ ਰੱਖੀ।

ਭਾਈ ਕਨ੍ਹੱਈਆ ਜੀ ਬਿਰਧ ਹੋ ਗਏ ਸਨ। ਆਪ ਨੇ ਆਪਦਾ ਅੰਤਿਮ ਸਮਾਂ ਨਿਕਟ ਜਾਣ ਕੇ ਆਪਣੇ ਸੇਵਕਾਂ ਨੂੰ ਇਸ ਪ੍ਰਕਾਰ ਉਪਦੇਸ਼ ਦਿੱਤਾ, "ਜਬ ਕਿਸੀ ਕਾ ਸ਼ਰੀਰ ਛੁਟੇ। ਤਬ ਜਲ ਪ੍ਰਵਾਹੁ ਕਰਿ ਡਾਰੀਐ ਤਉ ਭਲਾ ਹੈ। ਕਾਹੇ ਤੇ। ਜੋ ਹਮ ਜੈਸੇ ਨਿਰਧਨੋ ਕੇ ਪਾਸ ਮਾਇਆ ਕਾ ਸਿੰਚਾ ਤੋਂ ਕਛੁ ਨਹੀਂ। ਲੱਕੜੀਆਂ ਤੇ ਕੱਪੜੇ ਸਿਉਂ ਭੀ ਛੁਟੀਐ। ਅਰ ਯਗ ਮਹੋਛਾ ਭੀ ਇਹੀ ਹੂਆ ਜੋ ਜੀਵੰਹੂੰ ਨੇ ਸਰੀਰ ਹੂੰ ਕਾ ਭੋਜਨ ਕੀਆ। ਮਾਨੋ ਮਹੋਛਾ ਹੂਆ।"[56] ਸ਼ਾਮ ਨੂੰ ਭਾਈ ਕਨ੍ਹੱਈਆ ਜੀ ਨਿਤਨੇਮ ਅਨੁਸਾਰ ਕੀਰਤਨ ਸੁਣਨ ਲਈ ਬੈਠ ਗਏ। ਪਹਿਲਾਂ ਕਦੇ ਕੰਧ ਨਾਲ ਢਾਸਣਾ ਨਹੀਂ ਸਨ ਲਾਉਂਦੇ ਪਰ ਉਸ ਦਿਨ ਢਾਸਣਾ ਲਗਾ ਲਿਆ ਤੇ ਕੀਰਤਨ ਸੁਣਨ ਲੱਗੇ। ਰਬਾਬੀ ਜਦੋਂ ਥੱਕ ਗਏ ਤਾਂ ਉਨ੍ਹਾਂ ਨੇ ਜਾਤਾ ਕਿ ਭਾਈ ਜੀ ਸੌਂ ਗਏ ਹਨ। ਜਦੋਂ ਸੇਵਕ ਭਾਈ ਜੀ ਨੂੰ ਜਗਾਉਣ ਲਗੇ ਤਾਂ ਦੇਖਿਆ ਉਨ੍ਹਾਂ ਨੇ ਸਰੀਰ ਤਿਆਗ ਦਿੱਤਾ ਹੈ। ਸਾਰੇ ਪਾਸੇ ਸੋਗ ਦੀ ਲਹਿਰ ਫੈਲ ਗਈ। ਸੇਵਕਾਂ ਨੇ ਆਪ ਦੇ ਹੁਕਮ ਅਨੁਸਾਰ ਆਪ ਦਾ ਸਰੀਰ ਜਲ ਪ੍ਰਵਾਹ ਕਰ ਦਿੱਤਾ। ਬਾਅਦ ਵਿਚ ਸਾਧਾਂ ਨੇ ਭਾਈ ਸੇਵਾ ਰਾਮ ਨੂੰ ਕਹਵੇ ਖਬਰ ਭੇਜੀ। ਆਪ ਨੇ ਪਹਿਲਾਂ ਚੁੱਪ ਧਾਰ ਰਖੀ। ਫਿਰ 'ਏਕ ਰੈਨ ਉੱਤੇ ਸਾਸ ਲੇਤੇ ਰਹੇ। ਫਿਰ ਦੂਇ ਰਾਤੀਂ ਅਰ ਦੋਇ ਦਿਨ ਤੰਬੂਰਾ ਲੈ ਕਰ ਗਾਵਤੇ ਰਹੇ। ਬਹੁਤ ਤੌਂ ਏਹੀ ਸ਼ਬਦ ਗਾਵਹਿੰ। ਜੋ ਸੇਵਕ ਕੀ ਓੜਕ ਨਿਬਹੀ ਪ੍ਰੀਤਿ।'[57]

ਭਾਈ ਕਨ੍ਹੱਈਆ ਜੀ ਦੇ ਸ਼ਰਧਾਲੂ ਤੇ ਕਰਨੀ ਵਾਲੇ ਇਸ ਸਿੱਖ ਭਾਈ ਸੇਵਾ ਰਾਮ ਨੇ ਭਾਈ ਜੀ ਦੇ ਕੰਮ ਨੂੰ ਆਪਣੇ ਹੱਥ ਵਿਚ ਲੈ ਲਿਆ ਤੇ ਗੁਰਮਤਿ ਦਾ ਪਰਚਾਰ ਤੇ ਜੀਵਾਂ ਦੀ ਸੇਵਾ ਨੂੰ ਆਪਣਾ ਜੀਵਨ ਮਨੋਰਥ ਬਣਾ ਲਿਆ। ਆਪ ਜੀ ਨੂਰਪੁਰ ਥਲ ਵਿਖੇ ਨਾਮ ਬਾਣੀ ਦਾ ਪਰਚਾਰ ਕਰ ਰਹੇ ਸਨ ਤਾਂ ਇਕ ਬਾਲਕ ਸਹਿਜ ਰਾਮ ਬਹੁਤ ਪਿਆਰ ਨਾਲ ਆਪ ਦੀ ਸੇਵਾ ਕਰਦਾ। ਭਾਈ ਜੀ ਪ੍ਰਸੰਨ ਹੋਏ। ਆਪਨੇ ਉਸ ਬਾਲ ਨੂੰ ਕੋਲ ਬੁਲਾ ਕੇ ਪਿਆਰ ਕੀਤਾ ਅਤੇ ਉਸ ਨੂੰ ਨਾਮ ਸਿਮਰਨ ਵਿਚ ਲੱਗਣਾ ਤੇ ਸਾਧ ਸੰਗਤ ਵਿਚ ਆਉਣ ਲਈ ਆਖਿਆ। ਬਾਲ ਨੇ ਬਹੁਤ

ਉਦਾਸ ਹੋ ਕੇ ਆਖਿਆ ਮਿਹਰਬਾਨ, ਮੇਰੀ ਬਾਲਕ ਅਵਸਥਾ ਹੈ ਤੇ ਮੈਨੂੰ ਕਾਮ ਬੱਡਾ ਦੁੱਖ ਦੇਤਾ ਹੈ, ਮੈਂ ਕਿਸ ਪ੍ਰਕਾਰ ਸਾਧ ਸੰਗਤ ਮੇਂ ਆਵਾਂ। ਮੇਰੇ ਚਿਤ ਮੇਂ ਇਹ ਚਿੰਤਾ ਬਹੁਤ ਰਹਤੀ ਹੈ ਜੋ ਬਾਲਕ ਅਵਸਥਾ ਮੇਂ ਮੇਰੇ ਤਾਈਂ ਕਾਮ ਏਡਾ ਦੁੱਖ ਦੇਤਾ ਹੈ। ਤਬ ਜੁਬਾ ਅਵਸਥਾ ਮਹਿ ਮੇਰਾ ਕੀ ਹਾਲ ਕਰੇਗਾ'।[58] ਤਾਂ ਭਾਈ ਜੀ ਨੇ ਆਪ ਦੇ ਸੱਚ ਬੋਲਣ ਦੀ ਦਾਦ ਦਿੱਤੀ ਤੇ ਅੰਮ੍ਰਿਤ ਦ੍ਰਿਸ਼ਟ ਨਾਲ ਕਾਮ ਦੀ ਭਟਕਣਾ ਸਦਾ ਲਈ ਮੁਕਾ ਦਿੱਤੀ। ਇਹ ਭਾਈ ਸਹਿਜ ਰਾਮ ਸੀ ਜਿਸ ਨੇ ਸੇਵਾ ਪੰਥੀਆਂ ਬਾਰੇ ਕਈ ਗ੍ਰੰਥ ਲਿਖੇ, ਜਿਸ ਕਾਰਨ ਇਸ ਨੂੰ ਸੇਵਾ ਪੰਥੀਆਂ ਦਾ ਵੇਦ ਵਿਆਸ ਆਖਿਆ ਜਾਂਦਾ ਹੈ।

ਭਾਈ ਸੇਵਾ ਰਾਮ ਨੇ ਜਦੋਂ ਭਾਈ ਅੱਡਣ ਸ਼ਾਹ ਦੇ ਜਤੀ ਸਤੀ ਤੇ ਕਰਨੀ ਵਾਲੇ ਹੋਣ ਬਾਰੇ ਮਹਿਮਾ ਸੁਣੀ ਤਾਂ ਆਪ ਭਾਈ ਅੱਡਣ ਜੀ ਨੂੰ ਮਿਲਣ ਲਈ ਉਨ੍ਹਾਂ ਦੇ ਪਿੰਡ ਗਏ। ਭਾਈ ਜੀ ਅੱਗੇ ਪਿੰਡ ਸ਼ਾਹ ਜੁਸਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਸੁਧਾਈ ਕਰਨ ਲਈ ਗਏ ਹੋਏ ਸਨ। ਆਪ ਵੀ ਉੱਥੇ ਪੁੱਜ ਗਏ ਤੇ ਦੋਵੇਂ ਸੰਤ ਇਕ ਦੂਸਰੇ ਨੂੰ ਬੜੇ ਹਿੱਤ ਨਾਲ ਮਿਲੇ।[59] ਭਾਈ ਅੱਡਣ ਸ਼ਾਹ ਜੀ ਭਾਈ ਸੇਵਾ ਰਾਮ ਦੀ ਸ਼ਖ਼ਸੀਅਤ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਆਪ ਦੇ ਚੇਲੇ ਬਣ ਗਏ।

ਇਸ ਉਪਰੰਤ ਆਪ ਧਰਮ ਦਾ ਪਰਚਾਰ ਕਰਨ ਲਈ ਜੰਮੂ ਚਲੇ ਗਏ ਤੇ ਬਾਅਦ ਵਿਚ ਮੁਜ਼ਫਰਗੜ੍ਹ ਪਹੁੰਚੇ। ਸ਼ਹਿਰੋਂ ਬਾਹਰ ਮੀਲ ਦੀ ਵਿੱਥ ਤੇ ਧਰਮਸਾਲਾ ਬਣਾਈ। ਧਰਮ ਦਾ ਪ੍ਰਚਾਰ ਤੇ ਲੰਗਰ ਦੀ ਸੇਵਾ ਆਰੰਭ ਕੀਤੀ। ਰੋਟੀਆਂ ਦਾ ਟੋਕਰਾ ਲੈ ਕੇ ਸੜਕ ਕਿਨਾਰੇ ਬੈਠ ਜਾਂਦੇ ਤੇ ਲੈ ਲੈ ਟੁਕੜਾ, ਲੈ ਲੈ ਟੁਕੜਾ ਕਹਿ ਕੇ ਆਵਾਜ਼ਾਂ ਦਿੰਦੇ ਜਿਸ ਕਾਰਨ ਇਹ ਪਿੰਡ ਹੁਣ ਤਾਈ 'ਲੱਟਕੁੜਾ' ਕਰਕੇ ਪ੍ਰਸਿੱਧ ਹੈ। ਇਥੇ ਆਪਣੀ ਪ੍ਰਭੁਤਾ ਵਧਦੀ ਦੇਖ ਕੇ ਆਪ ਨੇ ਆਪਣੇ ਸੇਵਕ ਕ੍ਰਿਸ਼ਨ ਚੰਦ ਨੂੰ ਗੁਰਦੁਆਰਾ ਸੌਂਪ ਦਿੱਤਾ ਤੇ ਆਪ ਕੁੱਲੀ ਬਣਾ ਕੇ ਭਜਨ ਵਿਚ ਲੀਨ ਹੋ ਗਏ। ਇਉਂ ਆਪ ਨੇ ਚੌਦਾਂ ਸਾਲ ਤਪ ਕੀਤਾ ਅਤੇ ਅਖੀਰ ਇਥੇ ਸੰਮਤ 1785[60] ਬਿਕਰਮੀ/1728 ਈਸਵੀ ਵਿਚ ਸਰੀਰ ਤਿਆਗਿਆ।

ਆਪ ਜੀ ਦੇ ਅੱਠ ਚੇਲੇ ਹੋਏ 1. ਭਾਈ ਲਛਮਨ ਜੀ 2. ਭਾਈ ਬੁਧਰ ਜੀ 3. ਭਾਈ ਰਾਣਾ ਜੀ 4. ਭਾਈ ਸੰਤੋਖਾ ਜੀ 5. ਭਾਈ ਅੱਡਣ ਜੀ 6. ਭਾਈ ਨਾਰਾਇਣ ਜੀ 7. ਭਾਈ ਸਾਹਿਬ ਰਾਮ ਜੀ 8. ਭਾਈ ਸਹਿਜ ਰਾਮ ਜੀ ॥[61]

ਆਪ ਦੇ ਮੁਖੀ ਚੇਲੇ ਭਾਈ ਅੱਡਣ ਸ਼ਾਹ ਜੀ ਹੋਏ ਹਨ ਜਿਨ੍ਹਾਂ ਨੇ ਬਾਅਦ ਵਿਚ ਭਾਈ ਸੇਵਾ ਰਾਮ ਦੀ ਥਾਂ ਸੰਭਾਲੀ ਤੇ ਗੁਰਮਤਿ ਦਾ ਪ੍ਰਚਾਰ ਤੇ ਜੀਵਾਂ ਦੀ ਸੇਵਾ ਆਰੰਭ ਕੀਤੀ। ਭਾਈ ਅੱਡਣ ਸ਼ਾਹ ਦਾ ਜਨਮ ਪਿੰਡ ਲਊ ਜੋ ਸ਼ਾਹ ਜੀਵਨ ਦੇ ਨੇੜੇ ਹੈ, ਵਿਖੇ 1680[62] ਈ. ਦੇ ਕਰੀਬ ਹੋਇਆ। ਆਪ ਬਚਪਨ ਤੋਂ ਹੀ ਬਹੁਤ ਹੋਣਹਾਰ ਸਨ। ਆਪ ਨੇ ਗੁਰਮੁਖੀ ਵਿੱਦਿਆ ਸਾਧੂ ਭਾਈ ਗੁਰਦਾਸ ਜੀ ਪਾਸੋਂ ਪ੍ਰਾਪਤ ਕੀਤੀ, ਜੋ ਗੁਰੂ ਤੇਗ ਬਹਾਦਰ ਜੀ ਦੇ ਸਿੱਖ ਸਨ, ਜਿਨ੍ਹਾਂ ਨੇ ਪਿੰਡ ਲਊ ਵਿਖੇ ਧਰਮਸਾਲਾ ਪਾ ਲਈ। ਇਥੇ ਆਪ ਨੇ ਅਨੇਕ ਬਾਲਾਂ ਨੂੰ ਗੁਰਮੁਖੀ ਪੜ੍ਹਾਈ ਤੇ ਨਾਮ ਬਾਣੀ ਦਾ ਘਰ ਘਰ ਪ੍ਰਚਾਰ ਕਰਕੇ ਜੀਵਨ ਸਫਲਾ ਕੀਤਾ।[63] ਇਉਂ ਭਾਈ ਅੱਡਣ ਜੀ ਨੇ ਗੁਰਬਾਣੀ ਦਾ ਗੂੜ੍ਹ ਗਿਆਨ ਆਪ ਪਾਸੋਂ ਹਾਸਲ ਕੀਤਾ।

ਭਾਈ ਅੱਡਣ ਜੀ ਨੇ ਪਹਿਲਾ ਲਊ, ਮੂਦਾ ਸਰੀਰ ਤੇ ਸ਼ਾਹ ਜੀਵਣੇ ਨੂੰ ਆਪਣੇ ਪ੍ਰਚਾਰ

ਦਾ ਕੇਂਦਰ ਬਣਾਇਆ। ਆਪ ਨੇ ਇੱਥੇ ਧਰਮਸਾਲਾਵਾਂ ਬਣਵਾਈਆਂ ਤੇ ਆਏ ਗਏ ਮੁਸਾਫਰਾਂ ਦੀ ਸੇਵਾ ਸੰਭਾਲ ਦਾ ਕੰਮ ਅਰੰਭ ਕੀਤਾ। ਇਥੇ ਡੇਰੇ ਵਿਚ ਸਾਧ ਸੰਗਤ ਦੀ ਸੇਵਾ ਲਈ ਕੋਈ ਦਾਨੀ ਆਪ ਜੀ ਨੂੰ ਗਊਆਂ ਦੇ ਗਏ ਤਾਂ ਕਿ ਦੁੱਧ ਦਹੀਂ ਦਾ ਆਰਾਮ ਰਹੇ। ਚੋਰ ਇਕ ਰਾਤ ਗਊਆਂ ਲੈ ਗਏ ਪਰ ਬਛੜੇ ਛੱਡ ਗਏ। ਜਦੋਂ ਸਵੇਰੇ ਭਾਈ ਜੀ ਨੇ ਮਾਵਾਂ ਖਿਨਾਂ ਵਿਲਕਦੇ ਬਛੜੇ ਦੇਖੇ ਤਾਂ ਆਪਣੇ ਸੇਵਕਾਂ ਨੂੰ ਹੁਕਮ ਕੀਤਾ ਕਿ ਇਨ੍ਹਾਂ ਬਛੜਿਆਂ ਨੂੰ ਉਨ੍ਹਾਂ ਚੋਰਾਂ ਦੇ ਹਵਾਲੇ ਕਰ ਆਓ ਤਾਂ ਕਿ ਇਹ ਬੱਚੇ ਸੁੱਖੀ ਹੋ ਜਾਣ। ਸਾਧਾਂ ਨੇ ਇਉਂ ਹੀ ਕੀਤਾ ਤਾਂ ਚੋਰਾਂ ਦੇ ਮਨ ਤੇ ਬਹੁਤ ਪ੍ਰਭਾਵ ਪਿਆ। ਉਹ ਗਊਆਂ ਵਾਪਸ ਕਰ ਗਏ ਤੇ ਚੋਰੀ ਛੱਡ ਕੇ ਸਾਧੂ ਬਣ ਗਏ।[64] ਇਕ ਅਜਿਹੀ ਹੀ ਘਟਨਾ ਹੋਰ ਵਾਪਰੀ ਕਿ ਭਾਈ ਜੀ ਨੇ ਸਾਧਾਂ ਲਈ ਡੇਰੇ ਵਿਚ ਬਿਸਤਰ ਬਣਾਉਣ ਲਈ ਤਾਣੀ ਲਗਾਈ, ਰਾਤ ਨੂੰ ਚੋਰ ਆ ਪਏ, ਹੋਰ ਕੋਈ ਚੀਜ਼ ਹੱਥ ਨਾ ਲੱਗੀ। ਉਹ ਜਾਂਦੇ ਹੋਏ ਪੇਟਾ ਹੀ ਲੈ ਗਏ ਤਾਂ ਭਾਈ ਜੀ ਨੇ ਸਵੇਰੇ ਤਾਣੀ ਵੀ ਉਨ੍ਹਾਂ ਨੂੰ ਭਿਜਵਾ ਦਿੱਤੀ। ਇਹ ਚੋਰ ਵੀ ਪਹਿਲੇ ਚੋਰਾਂ ਵਾਂਗ ਤਾਣਾ ਪੇਟਾ ਵਾਪਸ ਕਰ ਗਏ ਤੇ ਚੋਰੀ ਨੂੰ ਸਦਾ ਲਈ ਤਿਆਗਣ ਦਾ ਪ੍ਰਣ ਕੀਤਾ।[65]

ਸ਼ਾਹ ਜੀਵਣੇ ਇਕ ਹਿਰਦੇ ਵੇਧਕ ਘਟਨਾਵਾਂ ਵਾਪਰੀ। "ਕੋਈ ਸਿੰਘ ਗੁਰੂ ਗ੍ਰੰਥ ਸਾਹਿਬ ਪੜ੍ਹਦਾ ਬੈਠਾ ਥਾ ਅਰ ਸਜਦ ਰੋ ਸਿਕਦਾਰ ਥਾ, ਤਿਸ ਕਾ ਚਾਕਰ ਕੋਈ ਨਰ ਥਾ ਮਹਾਂ ਮੂਢ ਤਿਸ ਕੋ ਬੁਲਵਾਤਾ ਭਇਆ ਵਿਗਾਰ ਪਕੜਨੇ ਨਮਿਤ। ਤਬ ਦੇਖ ਕੇ ਭਾਈ ਜੀ ਹੋਰਾਂ ਅਥਵਾ ਕਿਸੀ ਅਵਰ ਸਾਧ ਤਿਸ ਸਿਪਾਹੀ ਕੋ ਕਹਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੜ੍ਹ ਲੇਵੇ ਏਤਾ ਕਾਲ ਧੀਰਜ ਕਰ ਪਰ ਵਹ ਕਠੋਰ ਸਿਪਾਹੀ ਥਾਂ, ਸੰਤਾਂ ਕਾ ਬਚਨ ਨਾ ਮਾਨਤਾ ਭਇਆ ਅਰ ਸਿੱਖ ਕੋ ਉਠਾਇ ਲੀਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪਾਸੋ। ਐਸੀ ਅਨੀਤ ਜੁਲਮੀ ਦੇਖ ਕੇ ਭਾਈ ਅੱਡਣ ਜੀ ਉਦਾਸ ਭਏ। ਕਾਹੇ ਤੇ ਜੋ ਯਹਿ ਸਿਪਾਹੀ ਕਾ ਕਰਮ ਨਹੀਂ ਯਹਿ ਸਿਕਦਾਰ ਦਾ ਕਰਮ ਹੈ ਅਰ ਜਹਾਂ ਸਿਕਦਾਰ ਕੀ ਅਨੀਤ ਹੋਵੇ ਤਹਾਂ ਰਹਿਨੇ ਪਰ ਸੁਖ ਕਬੀ ਨਹੀਂ ਨਿਕਸਤਾ।"[66] ਅਤੇ ਭਾਈ ਜੀ ਨੇ ਤੂੰਬੀ ਹੱਥ ਵਿਚ ਫੜੀ ਤੇ ਪਿੰਡ ਤਿਆਗ ਕੇ ਚੱਲ ਪਏ ਅਤੇ ਜੰਮੂ ਦੇ ਚੌਧਰੀਆਂ ਦੀ ਬੇਨਤੀ ਮੰਨ ਕੇ ਉੱਥੇ ਧਰਮਸਾਲਾ ਦੀ ਨੀਂਹ ਰੱਖੀ। ਜਦੋਂ ਬਹੁਤ ਸਾਰੇ ਲੋਕ ਆਪ ਪਾਸ ਦਰਸ਼ਨਾਂ ਲਈ ਆਉਣ ਜਾਣ ਲੱਗੇ ਤਾਂ ਆਪ ਨੇ ਭਗਤੀ ਵਿਚ ਵਿਘਨ ਪੈਂਦਾ ਵੇਖ ਕੇ ਜੰਮੂ ਤਿਆਗ ਦਿੱਤਾ ਤੇ ਲਾਹੌਰ ਵਿਖੇ ਆਪਣੇ ਇਕ ਸੇਵਕ ਦੁਆਰਾ ਤਿਆਰ ਕਰਵਾਈ ਗਈ ਧਰਮਸਾਲਾ ਵਿਚ ਆ ਡੇਰਾ ਕੀਤਾ ਅਤੇ ਬਹੁਤ ਦੇਰ ਇਸ ਧਰਮਸਾਲਾ ਵਿਚ ਰਹੇ।

ਆਪ ਜਟਾ ਜੂਟ ਪੂਰਨ ਗੁਰਸਿੱਖ ਸਨ। ਜਦੋਂ ਸਿੱਖਾਂ ਦੇ ਸਿਰਾਂ ਦਾ ਮੁੱਲ ਪੰਜ ਪੰਜ ਰੁਪਏ ਪੈ ਰਿਹਾ ਸੀ ਤਾਂ ਆਪ ਲਾਹੌਰ ਵਰਗੇ ਸ਼ਹਿਰ ਦੇ ਨੇੜੇ ਨਿਧੜਕ ਘੁੰਮਦੇ ਤੇ ਪੀਰਾਂ ਫਕੀਰਾਂ ਨੂੰ ਮਿਲਦੇ ਰਹਿੰਦੇ ਸਨ। ਆਪ ਜੀ ਨੈਤਿਕ ਦਲੇਰੀ ਦਾ ਗਿਆਨ ਹੇਠ ਲਿਖੀਆਂ ਘਟਨਾਵਾਂ ਤੋਂ ਭਲੀ ਭਾਂਤ ਹੁੰਦਾ ਹੈ। ਇਕ ਵਾਰ ਬਾਦਸ਼ਾਹ ਨੇ ਆਪਣੇ ਪੀਰ ਪਾਸ ਭਾਈ ਅੱਡਣ ਜੀ ਦੇ ਦਰਸ਼ਨ ਦੀ ਇੱਛਾ ਪਰਗਟ ਕੀਤੀ ਕਿਉਂਕਿ ਉਸ ਨੇ ਆਪ ਦੀ ਬੜੀ ਮਹਿਮਾ ਸੁਣੀ ਸੀ। ਉਹ ਜਾਣ ਲਈ ਤਿਆਰ ਹੋ ਗਿਆ ਪਰ ਜਦੋਂ ਭਾਈ ਜੀ ਨੂੰ ਪਤਾ ਲੱਗਾ ਤਾਂ ਆਪ ਬਾਦਸ਼ਾਹ ਦੇ ਪੀਰ ਨੂੰ ਉਹਦੀ ਦਰਗਾਹ ਵਿਖੇ ਕੁਝ ਸਾਧੂ ਮਹਾਤਮਾ ਨਾਲ ਲੈ ਕੇ ਮਿਲਣ ਲਈ ਚਲੇ ਗਏ। ਪੀਰ ਬਹੁਤ ਪ੍ਰਸੰਨ ਹੋਇਆ। ਭਾਈ ਲਾਲ ਚੰਦ ਦੇ ਸ਼ਬਦਾਂ ਵਿਚ "ਅਰ ਦਸਤਪੋਸ਼ੀ ਲੀਤੀ ਬੜੇ ਅਦਬ ਸੇ

ਆਪਨੇ ਆਸਨ ਪਰ ਭਾਈ ਜੀ ਕੋ ਬੈਠਾਇਆ। ਅਰ ਕਹਿਆ ਜੋ ਬੜੀ ਮਿਹਰਬਾਨੀ ਕੀਨੀ ਜੋ ਦੀਦਾਰ ਦੀਆ।..."

"ਪਾਦਸ਼ਾਹ ਆਇਆ ਪੀਰ ਕੋ ਦੀਦਾਰ ਕੋ। ਭਾਈ ਭਾਈ ਜੀ ਕੀ ਓਰ ਦੇਖਿਆ। ਜੋ ਕੇਸ ਸਿਰ ਪਰ ਨਜ਼ਰ ਪੜੇ। ਤਬ ਪਾਦਸ਼ਾਹ ਪੁੱਛਿਆ ਜੋ ਯਹਿ ਮਰੇਲੇ ਕੋ ਸੀਖ ਹੈ ਤਬ ਪੀਰ ਕਹਿਆ ਨਹੀਂ, ਯਹਿ ਸ੍ਰੀ ਬਾਬੇ ਨਾਨਕ ਜੀ ਫਕੀਰ ਕੇ ਸੀਖ ਹੈ। ਤਬ ਭਾਈ ਜੀ ਗਰਜ ਕੇ ਬੋਲੇ ਅਰ ਕਹਾ, ਨਹੀਂ ਹਮ ਮਰੇਲੇ ਸ੍ਰੀ ਗੁਰੂ ਗੋਬਿੰਦ ਜੀ ਕੇ ਸਿੱਖ ਹੈ ਤਬ ਪਾਦਸ਼ਾਹ ਕੁਝ ਬੋਲ ਨਾ ਸਕਿਆ। ਸੱਚ ਕਾ ਐਸਾ ਪਰਤਾਪ ਹੈ ਜੋ ਛਾਇ ਗਇਆ ਪਾਦਸ਼ਾਹ ਫੇਰ ਨਾ ਬੋਲਿਆ। ਹੀਂ ਤਾਂ ਉਹ ਪਾਦਸ਼ਾਹ ਸਿੱਖਾਂ ਸਾਥ ਬੜਾ ਵੈਰ ਰੱਖਦਾ ਥਾ। ਜੇ ਕੋਈ ਕੇਸਾਧਾਰੀ ਸਿੱਖ ਦਾ ਸਿਰ ਲਿਆਇ ਦੇਵੇ ਤਬ ਪਾਚ ਰੁਪਏ ਦੇਤਾ ਥਾ।"[67] ਜਦੋਂ ਬਾਦਸ਼ਾਹ ਵਾਪਸ ਚਲੇ ਗਏ ਤਾਂ ਪੀਰ ਜੀ ਨੇ ਭਾਈ ਜੀ ਨੂੰ ਆਖਿਆ ਕਿ ਇਹ ਮੂੜ ਬਹੁਤ ਅਭਿਮਾਨੀ ਲੋਕ ਹਨ ਅਤੇ ਦਸਮ ਗੁਰੂ ਦੇ ਸਿੱਖਾਂ ਦੇ ਵੈਰੀ ਹਨ। ਇਸ ਲਈ ਮੈਂ ਆਪ ਨੂੰ ਬਾਬੇ ਨਾਨਕ ਦਾ ਸਿੱਖ ਆਖਿਆ ਸੀ ਕਿ ਇਹ ਆਪ ਨੂੰ ਕੋਈ ਕਸ਼ਟ ਨਾ ਦੇਵੇ ਤੇ ਗੁਰੂ ਨਾਨਕ ਗੋਬਿੰਦ ਸਿੰਘ ਇਕ ਰੂਪ ਹਨ ਪਰ ਆਪਨੇ ਇਹ ਭੇਦ ਕਿਉਂ ਕੀਤਾ। ਭਾਈ ਜੀ ਨੇ ਉੱਤਰ ਦਿੱਤਾ 'ਬਾਬਾ ਨਾਨਕ ਜੀ ਅਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੇਂ ਭੇਦ ਤੌਂ ਹਮ ਭੀ ਨਹੀਂ ਜਾਨਤ ਪਰੰਤੂ ਇਹ ਜੋ ਕਹਿਨਾ ਸ੍ਰੀ ਗੁਰੂ ਨਾਨਕ ਜੀ ਕੇ ਸਿੱਖ ਹੈ ਅਰ ਮਰੇਲੇ ਕੇ ਨਹੀਂ। ਸੋ ਸਰੀਰ ਬਚਾਵਨ ਨਮਿਤ ਬਚਨ ਕਬ ਯੋਗ ਹੈ। ਖਿੰਨ ਭੰਗਰ ਤੁਛ ਸਰੀਰ ਕੇ ਨਮਿਤ ਐਸਾ ਗੁਰੂ ਸਮਰਥ ਕੋ ਲੋਪ ਕਰਨਾ ਮਹਾਂ ਨੀਚਤਾਈ ਹੈ।"[68] ਇਸੇ ਤਰ੍ਹਾਂ ਆਪ ਦੀ ਦ੍ਰਿੜ੍ਹਤਾ ਤੇ ਸਿੱਖੀ ਸਿਦਕ ਬਾਰੇ ਇਕ ਘਟਨਾ ਹੋਰ ਵਰਣਨਯੋਗ ਹੈ। ਜਦੋਂ ਸਿੱਖਾਂ ਤੇ ਅਕਹਿ ਤੇ ਅਸਿਹ ਜ਼ੁਲਮ ਹੋ ਰਿਹਾ ਸੀ ਤਾਂ ਆਪਨੀ ਗਲੀ ਦੀ ਬਾਰੀ ਖੋਲ੍ਹ ਕੇ ਅਤੇ ਸਾਹਮਣੇ ਬੈਠ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣਨ ਲੱਗ ਪਏ। ਕਿਸੇ ਨੇ ਆਪ ਪਾਸ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਇਕ ਹਿੰਦੂ ਦੀਵਾਨ ਨੇ ਇਹ ਪ੍ਰਣ ਕੀਤਾ ਹੈ ਕਿ ਮੈਂ ਗੁਰੂ ਦਾ ਪੰਥ ਖ਼ਤਮ ਕਰ ਦੇਵਾਂਗਾ ਤਾਂ ਆਪ ਨੇ ਬਚਨ ਕੀਤਾ ਨੀਚ ਝਖ ਮਾਰਤਾ ਹੈ, ਇਹ ਸਚੇ ਪੁਰਖ ਕਾ ਪੰਥ ਸਾਜਿਆ ਹੈ। ਕਉਨ ਹੈ ਇਹ ਕੰਗਾਲ ਜੋ ਦੂਰ ਕਰ ਸਕੇ।"[69] ਇਨ੍ਹਾਂ ਘਟਨਾਵਾਂ ਤੋਂ ਆਪ ਦੇ ਦ੍ਰਿੜ ਵਿਸ਼ਵਾਸ, ਨੈਤਿਕ ਦਲੇਰੀ ਤੇ ਆਤਮ ਸਨਮਾਨ ਦੀ ਭਾਵਨਾ ਦਾ ਪਤਾ ਲੱਗਦਾ ਹੈ।

ਆਪ ਅਠੋਂ ਪਹਿਰ ਕਥਾ ਕੀਰਤਨ ਵਿਚ ਮਗਨ ਰਹਿੰਦੇ। ਆਪ ਦੇ ਡੇਰੇ ਵਿਚ ਢਾਈ ਸੌ ਸਾਧੂ ਹਰ ਵੇਲੇ ਰਹਿੰਦੇ ਸਨ। ਭਾਈ ਲਾਲ ਚੰਦ ਦੇ ਸ਼ਬਦਾਂ ਵਿਚ 'ਅਢਾਈ ਸੌ ਸਾਧ ਭਾਈ ਅੱਡਣ ਜੀ ਪਾਸ ਰਹਿਤੇ ਪਰ ਮਾਨੋ ਮਾਨਸਰੋਵਰ ਮੈਂ ਹੰਸ ਇਕੱਤਰ ਭਏ ਹੈਂ, ਕੇਤੇ ਤਤਵੇਤੇ ਹੈ। ਕੇਤੇ ਮਹਾ ਹਠੀ ਤਪੀ ਜਪੀ ਜਗਿਆਸੀ ਹੈਂ। ਸੋ ਸਭ ਕੀਰਤਨ ਸੁਨਤੇ ਹੈਂ ਸਮਾਧਿ ਪਰਾਇਣ ਜੈਸੇ ਜੋਗੀ ਬੈਠਤੇ ਹੈ।"[70] ਪਰ ਮੁਗਲ ਸਿਪਾਹੀ ਜਿਸ ਹਿੰਦੂ ਨੂੰ ਵੀ ਦੇਖਦੇ ਸਨ, ਵਗਾਰ ਲਈ ਫੜ ਲੈਂਦੇ ਸਨ। ਸੇਵਾ ਪੰਥੀ ਸਾਧਾਂ ਨੂੰ ਵੀ ਕਈ ਵਾਰ ਵਗਾਰ ਲਈ ਫੜ ਲਿਆ ਜਾਂਦਾ ਸੀ, ਪਰ ਇਹ ਕਦੇ ਨਾ ਆਖਦੇ ਕਿ ਅਸੀਂ ਸਾਧੂ ਹਾਂ ਸਗੋਂ ਵਗਾਰ ਕਰ ਦਿੰਦੇ ਸਨ। ਭਾਈ ਅੱਡਣ ਜੀ ਦੀ ਸੰਗਤ ਕਰਨ ਲਈ ਕਈ ਅਮੀਰ ਵਜ਼ੀਰ ਤੇ ਦੀਵਾਨ ਵੀ ਆਉਂਦੇ ਸਨ। ਇਕ ਦਿਨ ਉਨ੍ਹਾਂ ਸਾਰਿਆਂ ਨੇ ਰਲ ਕੇ ਬੇਨਤੀ ਕੀਤੀ ਕਿ ਆਪ ਆਪਣੇ ਸਾਧਾਂ ਨੂੰ ਕੋਈ ਭੇਖ ਦਿਓ ਤਾਂ ਕਿ ਉਨ੍ਹਾਂ ਨੂੰ ਵਗਾਰ ਲਈ ਕੋਈ ਨਾ ਫੜੇ। ਆਪ ਭੇਖ ਦੇ ਵਿਰੁੱਧ ਸਨ ਕਿਉਂਕਿ ਦਿਖਾਵਾ ਕਰਨਾ ਕਪਟ ਹੈ

ਪਰ ਸ਼ਰਧਾਲੂਆਂ ਦੇ ਵਾਰ ਵਾਰ ਬੇਨਤੀ ਕਰਨ ਤੇ 'ਸਾਧਾਂ ਕੇ ਸੀਸ ਪਰ ਟੋਪੀਆਂ ਪਹਿਰਾਈਆਂ ਪਰ ਸੁਧੀਆ ਅਰ ਲੌਕ ਸਾਫਾ ਇਕਬਰਾ ਵਾ ਡੇਢਾ ਦੀਆ।'[71] ਤੇ ਇਉ ਸੇਵਾ ਪੰਥੀ ਸਾਧੂਆਂ ਨੂੰ ਭੇਖ ਦਿੱਤਾ।

ਆਪ ਬਹੁਤ ਬੇਪਰਵਾਹ ਤਬੀਅਤ ਦੇ ਮਾਲਕ ਸਨ। ਵਿਖਾਵੇ ਤੇ ਪਾਖੰਡ ਦੇ ਬਿਲਕੁਲ ਵਿਰੁੱਧ ਸਨ। ਇਕ ਦਿਨ ਆਪ ਨੇ ਆਪਣੀ ਸਭਾ ਵਿਚ ਬਚਨ ਕੀਤਾ 'ਜੋ ਹਮ ਏਤੇ ਰਾਖੇ ਡੇਢੀ ਮੇਂ ਬੈਠਾਏ ਹੂਏ ਹੈ। ਪੰਡਤਾਂ ਵਾਸਤੇ ਪਾਰਸ ਭਾਗ ਅਰ ਮਸਨਵੀ ਕਿਤਾਬ ਦੀ ਕਥਾ ਕਰਾਵਤੇ ਹੈਂ ਜੋ ਕਹਿਨਗੇ ਇਹ ਮਲੇਛ ਭਾਖਿਆ ਪੜਤੇ ਹੈਂ। ਇਸ ਤੇ ਇਹ ਭੀ ਨਹੀਂ ਆਵਤੇ। ਅਰ ਵੈਸਨੋ ਕਰਮ ਕਾਂਡੀਆ ਵਾਸਤੇ ਹੈ ਇਹ ਕਿ ਬੋਕੀ ਕੂਏ ਪਰ ਰਖੀ ਹੋਈ ਹੈ। ਇਤਨੀਆਂ ਬਾਤਾਂ ਕੋ ਦੇਖ ਕੇ ਜਿਸ ਕੋ ਗਿਲਾਨ ਨਾ ਆਵੇਗੀ। ਸੋ ਸੱਚੀ ਪ੍ਰੀਤ ਵਾਲਾ ਅੰਦਰ ਆਵੇਗਾ।'[72]

ਆਪ ਦੀ ਸਰਪ੍ਰਸਤੀ ਹੇਠ ਬਹੁਤ ਸਾਰੇ ਵਿਦਵਾਨ ਸਾਧੂਆਂ ਨੇ ਕਾਫ਼ੀ ਮਾਤਰਾ ਵਿਚ ਸਾਹਿਤ ਰਚਨਾ ਕੀਤੀ। ਅਬਦਾਲੀ ਦੇ ਹਮਲੇ ਤੋਂ ਪਹਿਲਾਂ ਆਪ ਕਰਤਾਰਪੁਰ ਤੋਂ ਫਗਵਾੜੇ ਭਾਈ ਦਰਬਾਰੀ ਜੀ ਪਾਸ ਕੁਝ ਸਮਾਂ ਅਟਕੇ ਤੇ ਫਿਰ ਪਹਾੜਾਂ ਵੱਲ ਚਲੇ ਗਏ ਜਿਥੋਂ ਜੰਮੂ ਦੇ ਪ੍ਰੇਮੀ ਆਪ ਨੂੰ ਲੱਭ ਕੇ ਸ਼ਹਿਰ ਵਿਚ ਲੈ ਆਏ। ਆਪ ਨੇ ਇਥੇ ਧਰਮ ਦਾ ਪ੍ਰਚਾਰ ਕਰਦਿਆਂ ਸੰਮਤ 1814 ਵਿਸਾਖ 17 ਸੁਦੀ 8 ਨੂੰ ਸਰੀਰ ਤਿਆਗ[73] ਦਿੱਤਾ।

ਆਪ ਜੀ ਦੇ 36 ਚੇਲੇ ਸਨ – 1. ਭਾਈ ਧਨੂ ਜੀ 2. ਭਾਈ ਮੇਹਰਾ ਜੀ 3. ਭਾਈ ਪਰਮ ਰਾਮ ਜੀ 4. ਭਾਈ ਵਜੀਰਾ ਜੀ 5. ਭਾਈ ਕਿਰਪਾ ਰਾਮ ਜੀ 6. ਭਾਈ ਵਰੂ ਜੀ 7. ਭਾਈ ਸਵਾਈ ਰਾਮ 8. ਭਾਈ ਬਾਲਕ ਰਾਮ ਜੀ 9. ਭਾਈ ਭਾਰੂ ਜੀ 10. ਭਾਈ ਰੁੱਚੀ ਰਾਮ ਜੀ 11. ਭਾਈ ਆਇਆ ਰਾਮ ਜੀ 12. ਭਾਈ ਭਲਾ ਰਾਮ ਜੀ 13. ਭਾਈ ਰੰਗ ਜੀ 14. ਭਾਈ ਮਨੀ ਜੀ 15. ਭਾਈ ਰਾਮ ਦਿਆਲ ਜੀ 16. ਭਾਈ ਦੁੱਖ ਭੰਜਨ ਜੀ 17. ਭਾਈ ਮੇਹਰ ਸਿੰਘ ਜੀ 18. ਭਾਈ ਰਾਜਾ ਰਾਮ ਜੀ 19. ਭਾਈ ਜਤ ਜੀ 20. ਭਾਈ ਸਹਿਜ ਰਾਮ ਜੀ 21. ਭਾਈ ਜੈ ਸਿੰਘ ਜੀ 22. ਭਾਈ ਸਿੰਘਾ ਜੀ 23. ਭਾਈ ਹਰੀ ਸਿੰਘ ਜੀ 24. ਭਾਈ ਨਿਮਾਣਾ ਜੀ 25. ਭਾਈ ਰਾਇ ਜੀ 26. ਭਾਈ ਦਿਆ ਰਾਮ ਜੀ 27. ਭਾਈ ਸੁੰਦਰ ਜੀ 28. ਭਾਈ ਪਰਮਾ ਜੀ 29. ਭਾਈ ਦਰਗਾਹੀ ਜੀ 30. ਭਾਈ ਬਾਲਕ ਰਾਮ ਜੀ (ਦੂਸਰਾ) 31. ਭਾਈ ਮੰਗੂ ਜੀ 32. ਭਾਈ ਗਾੜੂ ਜੀ 33. ਭਾਈ ਹਾੜੀ ਜੀ 34. ਭਾਈ ਮੰਗੂ ਜੀ (ਦੂਸਰਾ) 35. ਭਾਈ ਕਿਸ਼ਨ ਦਾਸ ਜੀ 36. ਭਾਈ ਨਿਰਗੁਨ ਜੀ ॥[74]

ਭਾਈ ਅੱਡਣ ਜੀ ਮਗਰੋਂ ਭਾਈ ਦੁੱਖ ਭੰਜਨ ਜੀ ਸੇਵਾ ਪੰਥੀ ਸੰਪ੍ਰਦਾਇ ਦੇ ਆਗੂ ਬਣੇ। ਆਪ ਦਾ ਜਨਮ ਸੰਤ 1784[75] ਨੂੰ ਹੋਇਆ। ਆਪ ਪਹਿਲਾਂ ਵਿਰੁਕੇ ਰਹਿੰਦੇ ਸਨ। ਆਪ ਖੂਹ ਤੇ ਇਸ਼ਨਾਨ ਕਰਨ ਗਏ ਤਾਂ ਦੇਖਿਆ ਕਿ ਬਲ ਹੀਣ ਬਲਦ ਪੈੜ ਵਿਚ ਡਿਗਿਆ ਪਿਆ ਹੈ ਤੇ ਮਾਲਕ ਉਸ ਨੂੰ ਛਮਕਾ ਮਾਰ ਕੇ ਉਠਾਉਣ ਦਾ ਯਤਨ ਕਰ ਰਿਹਾ ਹੈ। ਆਪ ਨੇ ਸੋਚਿਆ ਕਿ ਇਹ ਸਭ ਭੋਗ ਭੋਗਣ ਦੀ ਸਜ਼ਾ ਹੈ। ਆਪ ਦੇ ਮਨ ਵਿਚ ਬੜਾ ਹੀ ਤ੍ਰਾਸ ਪੈਦਾ ਹੋ ਗਿਆ ਤੇ ਆਪ ਵੈਰਾਗੀ ਹੋਏ ਪੂਰਨ ਸਾਧੂ ਦੀ ਖੋਜ ਕਰਦੇ ਭਾਈ ਅੱਡਣ ਸ਼ਾਹ ਦੇ ਚਰਨਾਂ ਵਿਚ ਪੁੱਜ ਗਏ। ਭਾਈ ਜੀ ਨੇ ਕਿਰਪਾ ਦ੍ਰਿਸ਼ਟੀ ਕੀਤੀ ਤੇ ਆਪਣਾ ਚੇਲਾ ਬਣਾ ਲਿਆ। ਆਪ ਵੀ ਹੋਰ ਸਾਧਾਂ ਵਾਂਗ ਕਿਰਤ ਕਰਦੇ। ਥੋੜ੍ਹੇ ਜਿਹੇ ਸਮੇਂ ਮਗਰੋਂ ਆਪ ਨੇ ਆਪਣੀ ਬਚਤ ਦੇ 15 ਰੁਪਏ

ਭਾਈ ਅੱਡਣ ਸ਼ਾਹ ਜੀ ਦੇ ਚਰਨਾਂ ਵਿਚ ਰੱਖੇ, ਭਾਈ ਜੀ ਨਾਰਾਜ਼ ਹੋਏ ਕਿ ਇਹ ਵਪਾਰਕ ਚਲਾਕੀਆਂ ਤਾਂ ਦੁਨੀਆਦਾਰਾਂ ਲਈ ਹਨ ਤਾਂ ਭਾਈ ਦੁਖ ਭੰਜਨ ਜੀ ਨੇ ਬਹੁਤ ਅਧੀਨਗੀ ਨਾਲ ਭਾਈ ਸਾਹਿਬ ਜੀ ਤੋਂ ਮਾਫ਼ੀ ਮੰਗੀ ਤੇ ਅਗੋਂ ਅਜਿਹਾ ਕੋਈ ਵੀ ਕੰਮ ਨਾ ਕਰਨ ਲਈ ਪ੍ਰਣ ਕੀਤਾ।[76] ਆਪ ਨੇ ਭਾਈ ਅੱਡਣ ਸ਼ਾਹ ਦੀ ਸੇਵਾ ਵਿਚ ਰਹਿ ਕੇ ਕਾਫ਼ੀ ਤਪ ਸਾਧਨਾ ਕੀਤੀ ਅਤੇ ਭਾਈ ਅੱਡਣ ਜੀ ਦਾ ਹੁਕਮ ਪਾ ਕੇ ਗੁਰਮਤਿ ਦਾ ਪ੍ਰਚਾਰ ਕਰਨ ਲਈ ਨਿਕਲ ਗਏ। ਆਪ ਕਰਤਾਰਪੁਰ, ਕੁਸਾਬ ਆਦਿ ਹੁੰਦੇ ਹੋਏ ਸਾਹੀਵਾਲ ਪੁੱਜ ਗਏ। ਧਰਮਸਾਲਾ ਵਿਚ ਡੇਰਾ ਕੀਤਾ ਤੇ ਨਾਮ ਬਾਣੀ ਦਾ ਪ੍ਰਚਾਰ ਅਰੰਭ ਕਰ ਦਿੱਤਾ। ਇੱਥੇ ਆਪ ਨੂੰ ਸੰਗਤਾਂ ਨੇ ਦੱਸਿਆ ਕਿ ਸੱਚੀ ਪਠਾਣ ਕਾਬਲ ਤੋਂ ਪੰਜਾਬ ਲੁੱਟਣ ਲਈ ਚੜ੍ਹਿਆ ਹੈ। ਜਦੋਂ ਉਹ ਪਸ਼ੌਰ ਦੇ ਇਲਾਕੇ ਵਿਚ ਆਇਆ ਤਾਂ ਉਸ ਨੇ ਮੁਸਲਮਾਨਾਂ ਨੂੰ ਵੀ ਲੁੱਟਣਾ ਸ਼ੁਰੂ ਕਰ ਦਿੱਤਾ ਪਰ ਹਿੰਦੂਆਂ ਤੇ ਕਹਿਰ ਜ਼ਿਆਦਾ ਕਰਦਾ ਤੇ ਉਨ੍ਹਾਂ ਨੂੰ ਜਬਰੀ ਮੁਸਲਮਾਨ ਬਣਾ ਕੇ ਉਨ੍ਹਾਂ ਦਾ ਧਰਮ ਨਸ਼ਟ ਕਰਦਾ ਹੈ। ਜਦੋਂ ਉਹ ਪੰਜਾਬ ਵੱਲ ਨੂੰ ਫੌਜ ਸਮੇਤ ਰਵਾਨਾ ਹੋਇਆ ਤਾਂ ਲੋਕ ਪਹਾੜਾਂ ਨੂੰ ਭੱਜ ਗਏ। ਕੁਝ ਲੋਕ ਭਾਈ ਦੁੱਖ ਭੰਜਨ ਜੀ ਪਾਸ ਆਏ ਤੇ ਆਪਣੀ ਵੇਦਨਾ ਦੱਸੀ। ਆਪ ਨੇ ਅਤਿਅੰਤ ਵੈਰਾਗ ਵਿਚ ਅਰਦਾਸ ਕੀਤੀ ਸੀ। ਰੱਬੀ ਭਾਣਾ ਅਜਿਹਾ ਵਰਤਿਆ ਕਿ ਜ਼ਾਲਮ ਪਠਾਣ ਰਾਹ ਵਿਚ ਹੀ ਮਾਰਿਆ ਗਿਆ ਤੇ ਲੋਕ ਸੁਖੀ ਹੋਏ।[77]

ਆਪ ਪਹਿਲੇ ਸੇਵਾ ਪੰਥੀ ਮਹਾਤਮਾ ਦੇ ਪੂਰਨਿਆਂ ਤੇ ਚਲੇ ਅਤੇ ਧਰਮਸਾਲਾਵਾਂ ਬਣਵਾਈਆਂ, ਖੂਹ ਲਗਵਾਏ, ਪੁਲ ਬਣਵਾਏ ਤੇ ਗੁਰਮਤਿ ਦਾ ਪ੍ਰਚਾਰ ਕੀਤਾ। ਸਾਧਾਂ ਨੂੰ ਵਾਰ ਵਾਰ ਇਹੀ ਉਪਦੇਸ਼ ਦਿੰਦੇ ਕਿ ਜਤੀ ਰਹੋ, ਨਾਰੀ ਦੀ ਸੰਗਤ ਤੋਂ ਬਚੋ।[78]

ਆਪ ਨੇ ਬਾਬਾ ਸਾਹਿਬ ਸਿੰਘ ਬੇਦੀ ਦੇ ਦਰਸ਼ਨ ਕੀਤੇ ਤੇ ਕੁਝ ਚਿਰ ਉਨ੍ਹਾਂ ਦੀ ਸੇਵਾ ਵਿਚ ਰਹੇ। ਫਿਰ ਆਪ ਆਗਿਆ ਲੈ ਕੇ ਮਿਆਣੀ ਨੂੰ ਚਲੇ ਗਏ। ਕੁਝ ਸਮੇਂ ਮਗਰੋਂ ਆਪ ਨੇ ਭੇਹਰੇ ਦਾ ਟਿਕਾਣਾ ਕੀਤਾ। ਉਥੋਂ ਦਾ ਸਰਦਾਰ ਜੋਤ ਸਿੰਘ ਭੰਗੀ ਸੀ ਜਿਸ ਨੇ ਲੋਕਾਂ ਉਪਰ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ ਤੇ ਸੰਤਾਂ ਨੂੰ ਵੀ ਮਸ਼ਕਰੀਆਂ ਕਰਨ ਲੱਗ ਪਿਆ ਸੀ। ਇਕ ਦਿਨ ਸੰਤ ਜੀ ਬਹੁਤ ਸਾਰੇ ਲੋਕਾਂ ਸਹਿਤ ਭੇਹਰਾ ਛੱਡ ਕੇ ਚਲ ਪਏ। ਜਦੋਂ ਸ਼ਹਿਰੋਂ ਬਾਹਰ ਆਏ ਤਾਂ ਮਹਾਰਾਜਾ ਰਣਜੀਤ ਸਿੰਘ ਆਪਣੀ ਫੌਜ ਲਈ ਆ ਰਿਹਾ ਸੀ। "ਮੋਹਰੇ ਨਹੰਗਾਂ ਕੀ ਫੌਜ ਚਲੀ ਆਵਤੀ ਸੀ। ਸੋ ਦੇਖ ਕੇ ਜਾਨਤ ਭਏ ਜੋ ਭੇਹਰੇ ਦੇ ਲੋਕ ਡਰਤੇ ਸਰਕਾਰ ਤੇ ਨਿਕਲ ਚਲੇ ਹੈ। ਐਸੇ ਜਾਨ ਕੇ ਲੋਟੀ ਨਮਿਤ ਦੌੜ ਕੇ ਆਏ। ਆਗੇ ਜਾ ਕੇ ਦੇਖਿਆ ਭਾਈ ਹੋਰਾਂ ਕੋ ਤਬ ਪਛਾਨਿਆ ਕਿਸੀ ਸਿੰਘ ਨੇ ਕਿਉਂ ਜੋ ਭਾਈ ਦੁੱਖ ਭੰਜਨ ਜੀ ਕੀ ਪਾਲਕੀ ਮੋਹਰੇ ਥੀ। ਤਬ ਸਭਨਾਂ ਕੋ ਬਰਜ ਦੀਆਂ ਜੋ ਦੇਖਣਾ ਖਾਲਸਾ ਜੀ। ਇਹ ਸੰਗਤ ਭਾਈ ਦੁੱਖ ਭੰਜਨ ਜੀ ਕੀ ਹੈ ਕਿਸੀ ਨੇੜੇ ਨਹੀਂ ਜਾਵਣਾ। ਮਹਾਰਾਜਾ ਸਾਹਿਬ ਤੇ ਸਾਰੇ ਸਰਦਾਰਾਂ ਨੇ ਆਪ ਨੂੰ ਮੱਥਾ ਟੇਕਿਆ। ਭਾਈ ਜੀ ਨੇ ਸਹਿਜ ਸੁਭਾ ਹੀ ਬਚਨ ਕੀਤਾ ਕਿ ਭੇਹਰੇ ਤੇ ਕਬਜ਼ਾ ਹੋ ਜਾਵੇਗਾ ਪਰ ਉਥੇ ਗਰੀਬ ਮਾਰ ਨਾ ਕਰਨੀ। ਮਹਾਰਾਜੇ ਨੇ ਭੇਹਰਾ ਜਿੱਤ ਲਿਆ ਤੇ ਜੋਤ ਸਿੰਘ ਨੂੰ ਕੈਦ ਕਰ ਲਿਆ।"[79]

ਆਪ ਆਪਣੇ ਅੰਤਿਮ ਦਿਨਾਂ ਵਿਚ ਬਾਬਾ ਸਾਹਿਬ ਸਿੰਘ ਬੇਦੀ ਪਾਸ ਊਨੇ ਆ ਗਏ ਅਤੇ ਇਥੇ ਹੀ ਸਰੀਰ ਤਿਆਗ ਦਿੱਤਾ।

ਭਾਈ ਦੁੱਖ ਭੰਜਨ ਜੀ ਦੇ 21 ਚੇਲੇ ਹੋਏ ਹਨ – 1. ਭਾਈ ਬੁਧੂ ਜੀ 2. ਭਾਈ ਹਜ਼ੂਰਾ

ਸਿੰਘ ਜੀ 3. ਭਾਈ ਬਸਤੀ ਰਾਮ ਜੀ 4. ਭਾਈ ਕਿਰਪਾ ਰਾਮ ਜੀ 5. ਭਾਈ ਵਰੂ ਜੀ 6. ਭਾਈ ਅੜੂ ਜੀ 7. ਭਾਈ ਲਖੀਆ ਜੀ 8. ਭਾਈ ਜੁਆਇਆ ਸਿੰਘ ਜੀ 9. ਭਾਈ ਗੁਰਦਿਆਲ ਜੀ 10. ਭਾਈ ਲਛਮਣ ਜੀ 11. ਭਾਈ ਚਾਨਣ ਰਾਮ ਜੀ 12. ਭਾਈ ਆਤਮਾ ਰਾਮ ਜੀ 13. ਭਾਈ ਵਿਸਾਖੀ ਰਾਮ ਜੀ 14. ਭਾਈ ਗਲੇ ਜੀ 15. ਭਾਈ ਸੁਆਇਆ ਰਾਮ ਜੀ 16. ਭਾਈ ਧੱਜਾ ਰਾਮ ਜੀ 17. ਭਾਈ ਗੁਰਸੁ ਜੀ 18. ਭਾਈ ਪੰਜੂ ਜੀ 19. ਭਾਈ ਹਜੂਰੀ ਜੀ 20. ਭਾਈ ਕਿਰਪਾ ਰਾਮ ਜੀ 21. ਭਾਈ ਬਲੂ ਰਾਮ ਜੀ।

ਭਾਈ ਦੁੱਖ ਭੰਜਨ ਜੀ ਦੇ ਮੁਖੀ ਚੇਲੇ ਭਾਈ ਬਲੂ ਜੀ ਹੋਏ ਹਨ ਜੋ ਭਾਈ ਜੀ ਦੇ ਦੇਹਾਂਤ ਮਗਰੋਂ ਗੱਦੀ ਤੇ ਬੈਠੇ।[81] ਆਪ ਪੂਰਨ ਵੈਰਾਗੀ ਤੇ ਤਿਆਗੀ ਸਨ। ਹਰ ਸਮੇਂ ਆਪ ਸਿਮਰਨ ਭਜਨ ਵਿਚ ਲੀਨ ਸਾਧ ਸੰਗਤ ਦੀ ਸੇਵਾ ਲਈ ਤਤਪਰ ਰਹਿੰਦੇ। ਆਪ ਭਾਈ ਦੁਖ ਭੰਜਨ ਦੀ ਸੰਗਤ ਵਿਚ ਕੀਰਤਨ ਵਿਚ ਹਾਜ਼ਰੀ ਭਰਦੇ ਤੇ ਧਰਮਸਾਲਾ ਵਿਚ ਆਏ ਗਏ ਜੀਵਾਂ ਲਈ ਪਰਸਾਦ ਪਾਣੀ ਦੀ ਸੇਵਾ ਕਰਦੇ। ਆਪ ਨੇ ਭਾਈ ਦੁਖ ਭੰਜਨ ਜੀ ਦੇ ਦੇਹਾਂਤ ਮਗਰੋਂ ਬਾਬਾ ਸਾਹਿਬ ਸਿੰਘ ਬੇਦੀ ਪਾਸ ਊਨੇ ਵਿਖੇ ਧਰਮਸਾਲਾ ਪਾਈ ਤੇ ਉਥੇ ਰਹਿਣ ਲੱਗੇ। ਬਾਬਾ ਜੀ ਆਪ ਨੂੰ ਬਹੁਤ ਪਿਆਰ ਕਰਦੇ ਸਨ। ਇਕ ਵਾਰ ਮਾਈ ਅਨੰਤੀ ਨੇ ਬਾਬਾ ਜੀ ਨੂੰ ਪੁੱਛਿਆ ਕਿ ਇਨ੍ਹਾਂ ਸਾਧਾਂ ਦੀ ਜਾਤ ਕੀ ਹੈ ਤਾਂ ਬਾਬਾ ਜੀ ਨੇ ਉੱਤਰ ਦਿੱਤਾ, "ਜੋ ਮੇਰੀ ਜਾਤਿ ਸੋ ਸਾਧਾਂ ਕੀ ਜਾਤਿ ਹੈ। ਫੇਰ ਬਚਨ ਕੀਤਾ ਬਲੂ ਰਾਮ ਕੋ। ਜੋ ਭਾਈ ਜੀ ਜੇ ਤੁਹਾਡੇ ਪਾਸੋ ਕੋਈ ਜਾਤਿ ਪੁਛੈ ਤਾਂ ਤੁਸਾਂ ਕਹਿਣਾ ਜੋ ਅਸਾਡੀ ਜਾਤ ਬੇਦੀ ਹੈ।"[82]

ਆਪ ਬਹੁਤ ਬੇਪਰਵਾਹ ਤਬੀਅਤ ਦੇ ਮਾਲਕ ਸਨ। ਜਦੋਂ ਮਹਾਰਾਜਾ ਰਣਜੀਤ ਸਿੰਘ ਬਾਬਾ ਸਾਹਿਬ ਬੇਦੀ ਜੀ ਦੇ ਦਰਸ਼ਨ ਕਰਨ ਊਨੇ ਆਉਂਦਾ ਤਾਂ ਆਪ ਆਪਣੀ ਧਰਮਸਾਲਾ ਦਾ ਦਰਵਾਜ਼ਾ ਬੰਦ ਰੱਖਦੇ। ਆਪਨੇ ਜਦੋਂ ਅੰਮ੍ਰਿਤਸਰ ਸਥਾਨ ਬਣਾ ਲਿਆ ਤਾਂ ਇਕ ਵਾਰ ਭਾਈ ਵਜ਼ੀਰ ਸਿੰਘ ਜੋ ਚੰਗਾ ਵੱਡਾ ਸਰਦਾਰ ਸੀ, ਆਪ ਪਾਸ ਆਇਆ। ਦੋ ਰੁਪਏ ਮੱਥਾ ਟੇਕਿਆ ਤੇ ਬੇਨਤੀ ਕੀਤੀ ਕਿ ਦਰਬਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਨ ਚੱਲੋ ਭਾਈ ਜੀ ਨੇ ਕਾਰਨ ਪੁੱਛਿਆ ਤਾਂ ਉਸ ਨੂੰ ਆਖਿਆ ਕਿ ਮਹਾਰਾਜਾ ਰਣਜੀਤ ਸਿੰਘ ਆਪ ਦੇ ਦਰਸ਼ਨ ਕਰਨਾ ਚਾਹੁੰਦਾ ਹੈ ਤਾਂ ਭਾਈ ਜੀ ਨੇ ਪੁਛਿਆ ਕਿ ਤੈਨੂੰ ਮਹਾਰਾਜਾ ਨੂੰ ਦਰਸ਼ਨ ਕਰਾਉਣ ਦਾ ਕੀ ਮਿਲੇਗਾ ਤਾਂ ਉਸ ਨੇ ਦੱਸਿਆ 500 ਰੁਪਏ ਤੇ ਇਕ ਪਿੰਡ। ਭਾਈ ਜੀ ਬਹੁਤ ਨਾਰਾਜ਼ ਹੋਏ ਤੇ ਉਸ ਨੂੰ ਧਰਮਸਾਲਾ ਤੋਂ ਭੇਜ ਦਿੱਤਾ। ਆਪਣੇ ਚੇਲੇ ਭਾਈ ਅਮੀਰ ਸਿੰਘ ਨੂੰ ਹੁਕਮ ਕੀਤਾ ਕਿ ਇਹ ਦੋ ਰੁਪਏ, ਜੋ ਵਜ਼ੀਰ ਸਿੰਘ ਮੱਥਾ ਟੇਕ ਗਿਆ ਹੈ, ਵਾਪਸ ਕਰ ਆਓ ਤੇ ਨਾਲ ਇਹ ਵੀ ਆਖ ਆਉਣਾ ਕਿ ਹੁਣ ਕਦੇ ਵੀ ਸਾਡੇ ਮੱਥੇ ਨਾ ਲੱਗਣਾ।[83] ਆਪ ਨੇ ਸਾਰਾ ਜੀਵਨ ਅਭਿਆਗਤਾ ਦੀ ਸੇਵਾ ਕਰਨ ਅਤੇ ਨਾਮ ਸਿਮਰਨ ਵਿਚ ਬਤੀਤ ਕਰ ਦਿੱਤਾ। ਅਖੀਰ ਆਪ ਨੇ ਅੰਮ੍ਰਿਤਸਰ ਵਿਖੇ ਸਰੀਰ ਤਿਆਗ ਦਿੱਤਾ ਅਤੇ ਆਪ ਦਾ ਸੰਸਕਾਰ ਬਾਬਾ ਅਟੱਲ ਰਾਏ ਦੇ ਡੇਰੇ ਕੀਤਾ ਗਿਆ।

ਭਾਈ ਬਲੂ ਰਾਮ ਜੀ ਦੇ ਅੱਠ ਚੇਲੇ ਹਨ – 1. ਭਾਈ ਮੰਨਾ ਜੀ 2. ਭਾਈ ਮੋਹਨ ਦਾਸ ਜੀ 3. ਭਾਈ ਜੱਸ ਜੀ 4. ਭਾਈ ਸ਼ਾਮ ਸਿੰਘ ਜੀ 5. ਭਾਈ ਅਮੀਰ ਸਿੰਘ ਜੀ 6. ਭਾਈ ਬਾਗਾ ਸਿੰਘ ਜੀ 7. ਭਾਈ ਸੁਆਇਆ ਰਾਮ ਜੀ 8. ਭਾਈ ਵੀਰੂ ਜੀ।[84]

ਭਾਈ ਬਲੂ ਜੀ ਦੇ ਦੇਹਾਂਤ ਮਗਰੋਂ ਭਾਈ ਅਮੀਰ ਸਿੰਘ ਜੀ ਗੱਦੀਪਤੀ ਬਣੇ। ਆਪ

ਦਾ ਜਨਮ ਸੰਮਤ 1850 ਦੇ ਲਗਭਗ ਕੋਟ ਭਾਈ ਖਾਨ, ਜ਼ਿਲਾ ਸ਼ਾਹਪੁਰ ਵਿਖੇ ਹੋਇਆ। ਆਪ 1870-75 ਵਿਚ ਭਾਈ ਬਲੂ ਜੀ ਦੀ ਸੇਵਾ ਵਿਚ ਹਾਜ਼ਰ ਹੋਏ।[85] ਆਪ ਤਿਆਗੀ ਬਿਰਤੀ ਵਾਲੇ ਵੈਰਾਗੀ ਮਹਾਂਪੁਰਖ ਸਨ। ਆਪ ਨੇ ਟਾਕੀਆਂ ਲਗਾ ਕੇ ਪੁਰਾਣੇ ਕਛਹਿਰੇ ਨਾਲ ਝੱਟ ਲੰਘਾ ਲੈਣਾ ਪਰ ਸਾਧੂਆਂ ਲਈ ਨਵੇਂ ਕਛਹਿਰੇ ਬਣਾਉਣੇ। ਮਹਾਰਾਜਾ ਰਣਜੀਤ ਸਿੰਘ ਦੀ ਇੱਛਾ ਬਾਬੇ ਬਕਾਲੇ ਦੇ ਗੁਰਦੁਆਰੇ ਦੀ ਸੇਵਾ ਕਰਨ ਦੀ ਸੀ ਪਰ ਉਨ੍ਹਾਂ ਦਾ ਸੰਕਲਪ ਪੂਰਾ ਨਾ ਹੋ ਸਕਿਆ। ਇਹ ਸੇਵਾ ਭਾਈ ਅਮੀਰ ਸਿੰਘ ਨੇ ਕੀਤੀ। ਅੰਗਰੇਜ਼ਾਂ ਨੇ ਊਨੇ ਵਿਖੇ ਬਾਬਾ ਕਲਾਧਾਰੀ ਜੀ ਦੀਆਂ ਬਾਰਾਂਦਰੀਆਂ ਢਵਾ ਦਿੱਤੀਆਂ ਸਨ। ਆਪ ਨੇ ਫਿਰ ਉਦਮ ਕਰਕੇ ਉਹ ਤਿਆਰ ਕਰਵਾਈਆਂ।

ਉਨ੍ਹਾਂ ਦਿਨਾਂ ਵਿਚ ਮਹਾਰਾਜਾ ਪਟਿਆਲਾ ਅੰਮ੍ਰਿਤਸਰ ਵਿਖੇ ਸਾਰੇ ਸਾਧਾਂ ਦੇ ਡੇਰਿਆਂ ਤੇ ਗਿਆ ਤੇ ਭੇਟਾ ਚੜ੍ਹਾਈਆਂ। ਕਿਸੇ ਨੇ ਦੱਸਿਆ ਕਿ ਅਜੇ ਸੰਤ ਅਮੀਰ ਸਿੰਘ ਦੇ ਡੇਰੇ ਦੀ ਸੇਵਾ ਨਹੀਂ ਹੋਈ ਤਾਂ ਉਸ ਨੇ ਆਖਿਆ ਕੱਲ੍ਹ ਨੂੰ ਚਲਾਂਗਾ। ਸੰਤ ਜੀ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਤਾਂ ਆਪ ਸਵੇਰੇ ਹੀ ਮਹਾਰਾਜਾ ਸਾਹਿਬ ਦੇ ਬੁੰਗੇ ਅੱਗੇ ਜਾ ਬੈਠੇ। ਜਦੋਂ ਮਹਾਰਾਜਾ ਨਿਕਲਿਆ ਤਾਂ ਸੰਤਾਂ ਨੂੰ ਦੇਖ ਕੇ ਆਖਣ ਲੱਗਾ ਕਿ ਮੈਂ ਸੰਤ ਅਮੀਰ ਸਿੰਘ ਦੇ ਡੇਰੇ ਤੋਂ ਵਾਪਸ ਆ ਕੇ ਆਪ ਦੀ ਸੇਵਾ ਕਰਾਂਗਾ ਤਾਂ ਆਪ ਨੇ ਆਖਿਆ "ਅਮੀਰ ਸਿੰਘ ਤਾਂ ਇਸ ਸਰੀਰ ਦਾ ਨਾਮ ਹੈ।" ਮਹਾਰਾਜੇ ਨੇ ਭੇਟਾ ਰੱਖੀਆ ਪਰ ਆਪ ਨੇ ਸਵੀਕਾਰ ਨਾ ਕਰਦਿਆਂ ਹੋਇਆ ਕਿਹਾ "ਇਸ ਨੂੰ ਛੱਡ ਕੇ ਸੰਤ ਬਣੇ ਹਾਂ। ਇਹ ਆਪ ਨੂੰ ਹੀ ਸ਼ੋਭਦੀ ਹੈ। ਸਾਨੂੰ ਸਤਿਗੁਰੂ ਦਾਤਾ ਪਾਲਦੇ ਹਨ।" ਆਪ ਨੇ 15 ਵਿਸਾਖ ਸੰਮਤ 1922 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸਰੀਰ ਛੱਡਿਆ। ਆਪ ਦਾ ਸਸਕਾਰ ਬਾਬਾ ਅਟੱਲ ਜੀ ਦੇ ਦਰਬਾਰ ਵਿਖੇ ਕੀਤਾ ਗਿਆ।"[86]

ਆਪ ਦੇ ਪੰਜ ਚੇਲੇ ਸਨ – 1. ਭਾਈ ਰਾਮ ਸਿੰਘ ਸ਼ਹੀਦ 2. ਭਾਈ ਪ੍ਰਭਾਤਾ ਸਿੰਘ ਜੀ 3. ਭਾਈ ਪ੍ਰੇਮ ਸਿੰਘ ਜੀ 4. ਭਾਈ ਗੁਰਦਿਤ ਸਿੰਘ ਜੀ 5. ਭਾਈ ਜਵਾਹਰ ਸਿੰਘ ਜੀ।

ਭਾਈ ਅਮੀਰ ਸਿੰਘ ਜੀ ਤੋਂ ਬਾਅਦ ਗੱਦੀ ਉਪਰ ਭਾਈ ਗੁਰਦਿੱਤ ਸਿੰਘ ਜੀ ਬੈਠੇ ਪਰ ਡੇਰੇ ਦਾ ਕੰਮ ਔਖਾ ਜਾਣ ਕੇ ਆਪ ਨੇ ਆਪਣੇ ਗੁਰਭਾਈ ਜਵਾਹਰ ਸਿੰਘ ਨੂੰ ਡੇਰੇ ਦੀਆਂ ਚਾਬੀਆਂ ਸੌਂਪ ਦਿੱਤੀਆਂ।[87] ਆਪ ਸੰਮਤ 1932 ਵਿਚ ਗੱਦੀ ਤੇ ਬਿਰਾਜੇ। ਆਪ ਨੇ ਆਪਣੇ ਬਜ਼ੁਰਗਾਂ ਦੇ ਪੂਰਨਿਆਂ ਤੇ ਚੱਲ ਕੇ ਸੇਵਾ ਸਾਧਨਾ ਤੇ ਗੁਰਮਤਿ ਦਾ ਪ੍ਰਚਾਰ ਕੀਤਾ। ਬਾਬੇ ਬਕਾਲੇ ਦੀ ਪ੍ਰਕਰਮਾ ਜੋ ਬਹੁਤ ਘੱਟ ਚੌੜੀ ਸੀ, ਉਸ ਨੂੰ ਚੌੜਾ ਕਰਨ ਲਈ ਭਾਈ ਬੇਲਾ ਸਿੰਘ ਪਾਸੋਂ ਜ਼ਮੀਨ ਲਈ ਤੇ 4 ਗਜ਼ ਚੌੜੀ ਪ੍ਰਕਰਮਾ ਬਣਾਈ। 1500 ਰੁਪਏ ਦੀ ਲਾਗਤ ਨਾਲ ਇਕ ਨਿਸ਼ਾਨ ਸਾਹਿਬ ਤਿਆਰ ਕਰਵਾਇਆ ਅਤੇ ਰੱਖੜੀ ਤੇ ਪੂਰਨਮਾਸ਼ੀ ਦਾ ਮੇਲਾ ਲਗਵਾਉਣਾ ਸ਼ੁਰੂ ਕੀਤਾ ਜੋ ਹੁਣ ਤੱਕ ਲਗਦਾ ਹੈ।

ਆਪ ਕੀਰਤਨ ਦੇ ਧਨੀ ਸਨ ਤੇ ਆਪ ਨੂੰ ਗੁਰਮਤਿ ਸੰਗੀਤ ਬਾਰੇ ਬੜੀ ਡੂੰਘੀ ਵਾਕਫ਼ੀਅਤ ਸੀ। ਆਪ ਪਾਸੋਂ ਅਨੇਕ ਲੋਕਾਂ ਨੇ ਕੀਰਤਨ ਸਿੱਖਿਆ ਤੇ ਨਾਮ ਬਾਣੀ ਦਾ ਪ੍ਰਚਾਰ ਕੀਤਾ। ਆਪ ਨੇ 1944 ਵਿਚ ਸਰੀਰ ਛੱਡਿਆ।[88]

ਆਪ ਜੀ ਤੋਂ ਮਗਰੋਂ ਭਾਈ ਉੱਤਮ ਸਿੰਘ ਜੀ ਨੇ ਗੱਦੀ ਸੰਭਾਲੀ। ਆਪ ਦਾ ਜਨਮ 1907 ਬਿਕ੍ਰਮੀ ਸੰਮਤ ਨੂੰ ਮਿੱਠੇ ਟਿਵਾਣੇ ਵਿਖੇ ਹੋਇਆ। ਆਪ ਬਹੁਤ ਹੀ ਸੁਹਿਰਦ ਆਤਮਾ, ਜਤੀ ਸਤੀ, ਵਿਦਵਾਨ ਤੇ ਕੀਰਤਨ ਰਸੀਏ ਸਨ। ਆਪ ਦਾ ਨੇਮ ਰਿਹਾ ਕਿ ਅੱਧੀ ਰਾਤ ਸਾਢੇ

ਬਾਰਾਂ ਵਜੇ ਉਠ ਕੇ ਸ੍ਰੀ ਦਰਬਾਰ ਸਾਹਿਬ ਸਰੋਵਰ ਵਿਚ ਇਸ਼ਨਾਨ ਕਰਨਾ ਤੇ ਫਿਰ ਅੰਦਰ ਜਾ ਕੇ ਇਸ਼ਨਾਨ ਕਰਵਾਉਣ ਦੀ ਸੇਵਾ ਕਰਨੀ। ਇਹ ਨੇਮ ਤਕਰੀਬਨ 66 ਸਾਲ ਨਿਭਾਇਆ। ਆਪ ਪੰਜ ਪਾਠ ਸੁਖਮਨੀ ਸਾਹਿਬ ਦੇ ਕਰਕੇ ਫਿਰ ਅੰਨ ਜਲ ਛਕਦੇ। ਸਾਰਾ ਦਿਨ ਸਿਮਰਨ ਕਰਦੇ ਜਾਂ ਬਾਣੀ ਪੜ੍ਹਦੇ ਰਹਿੰਦੇ। ਆਪ ਨੇ 17 ਪੋਹ 2017 ਬਿਕ੍ਰਮੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਚਲਾਣਾ ਕੀਤਾ।[੩੯] ਆਪ ਦੇ ਮੁੱਖੀ ਚੇਲੇ ਭਾਈ ਅਮੀਰ ਸਿੰਘ ਜੀ ਸਨ।

ਆਪ ਅਮੀਰ ਸਿੰਘ ਦਾ ਜਨਮ ਪਿੰਡ ਦਰਗਾਹੀ ਸ਼ਾਹ, ਜ਼ਿਲ੍ਹਾ ਝੰਗ ਵਿਖੇ ਸੰਮਤ 1927 ਬਿਕ੍ਰਮੀ ਨੂੰ ਭਾਈ ਪ੍ਰੇਮ ਸਿੰਘ ਜੀ ਦੇ ਘਰ ਹੋਇਆ। ਬਚਪਨ ਵਿਚ ਹੀ ਆਪ ਦੇ ਪਿਤਾ ਨੇ ਆਪ ਨੂੰ ਭਾਈ ਜਵਾਹਰ ਸਿੰਘ ਦੇ ਚਰਨੀਂ ਲਗਾਇਆ ਕਿ ਉਨ੍ਹਾਂ ਪਾਸੋਂ ਵਿੱਦਿਆ ਪ੍ਰਾਪਤ ਕਰਕੇ, ਲਾਇਕ ਬਣ ਕੇ ਘਰ ਵਾਪਸ ਆ ਜਾਵੇਗਾ। ਭਾਈ ਜਵਾਹਰ ਸਿੰਘ ਆਪ ਨੂੰ ਸੰਮਤ 1942 ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਲੈ ਆਏ। ਭਾਈ ਜੀ ਨੇ ਗੁਰਪੁਰੀ ਸਿਧਾਰਨ ਤੋਂ ਪਹਿਲਾਂ ਆਪ ਦੀ ਬਾਂਹ ਭਾਈ ਉਤਮ ਸਿੰਘ ਨੂੰ ਇਹ ਆਖਦਿਆਂ ਫੜਾਈ ਕਿ ਇਹ ਲੜਕਾ ਬੜਾ ਹੋਣਹਾਰ ਹੈ ਤੇ ਗੁਰਬਾਣੀ ਦੇ ਅਰਥਾਂ ਦਾ ਭੰਡਾਰ ਹੋਵੇਗਾ। ਇਸ ਨੂੰ ਆਪਣੇ ਪਾਸ ਹੀ ਰੱਖਣਾ[੪੦] ਤੇ ਇਉਂ ਆਖ ਕੇ ਆਪ ਗੁਜ਼ਰ ਗਏ।

ਆਪ ਨੇ ਭਾਈ ਉਤਮ ਸਿੰਘ ਜੀ ਦੀ ਸੇਵਾ ਤਨ ਮਨ ਨਾਲ ਕੀਤੀ ਅਤੇ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਆਹਲੂਵਾਲੀਆਂ ਦੇ ਬੁੰਗੇ ਵਿਖੇ ਪੁਜ ਕੇ ਸੰਤ ਭਗਵਾਨ ਸਿੰਘ ਜੀ ਪਾਸੋਂ ਗੁਰੂ ਗ੍ਰੰਥ ਸਾਹਿਬ ਦੇ ਸੰਪ੍ਰਦਾਇ ਅਰਥ ਦੀ ਬ੍ਰਹਮ ਵਿੱਦਿਆ ਪ੍ਰਾਪਤ ਕੀਤੀ ਤੇ ਨਾਲ ਹੀ ਪੜ੍ਹੀ ਹੋਈ ਸੰਥਯਾ ਵਿਦਿਆਰਥੀਆਂ ਨੂੰ ਦਰਸਾਉਂਦੇ ਰਹੇ। ਦਸਮ ਗ੍ਰੰਥ ਦੇ ਅਰਥ ਆਪ ਨੇ ਗਿਆਨੀ ਬਖਸ਼ੀਸ਼ ਸਿੰਘ ਜੀ ਪਾਸੋਂ ਪੜ੍ਹੇ ਤੇ ਇਸ ਕਾਰਜ ਨੂੰ ਛੇ ਸਾਲ ਲੱਗ ਗਏ। ਆਪ ਦੇ ਬੋਲਣ ਵਿਚ ਬੜੀ ਮਿਠਾਸ ਤੇ ਖਿੱਚ ਸੀ। ਵਿਦਿਆਰਥੀਆਂ ਨੇ ਆਪ ਪਾਸੋਂ ਸੰਥਯਾ ਪੜ੍ਹਣ ਦੀ ਇੱਛਾ ਪ੍ਰਗਟ ਕੀਤੀ ਜਿਸ ਬਾਰੇ ਆਪ ਨੇ ਸੰਤ ਭਗਵਾਨ ਸਿੰਘ ਜੀ ਨੂੰ ਦਸਿਆ ਤਾਂ ਉਨ੍ਹਾਂ ਨੇ ਥਾਪੜਾ ਦੇ ਕੇ ਆਗਿਆ ਦਿੱਤੀ ਕਿ ਜਾਓ ਵਿਦਿਆਰਥੀਆਂ ਨੂੰ ਸੰਥਯਾ ਦਿਓ। ਗੁਰਮਤਿ ਦਾ ਪ੍ਰਚਾਰ ਕਰੋ।

ਆਪ ਨੇ ਪਹਿਲਾਂ ਦਰਬਾਰ ਸਾਹਿਬ ਸਰੋਵਰ ਦੇ ਕੰਢੇ ਵੱਡੀ ਪਰਕਰਮਾ ਵਿਚ ਪੜ੍ਹਾਉਣਾ ਸ਼ੁਰੂ ਕੀਤਾ ਤੇ ਬਾਅਦ ਵਿਚ ਜਦੋਂ ਵਿਦਿਆਰਥੀ ਬਹੁਤ ਜ਼ਿਆਦਾ ਵਧ ਗਏ ਤਾਂ ਆਪਣੇ ਡੇਰੇ ਵਿਚ ਸੰਥਯਾ ਆਰੰਭ ਕਰ ਦਿੱਤਾ ਅਤੇ 60 ਸਾਲਾਂ ਵਿਚ 60 ਵਾਰ ਗੁਰੂ ਗ੍ਰੰਥ ਸਾਹਿਬ ਦੇ ਸੰਪ੍ਰਦਾਇ ਅਰਥਾਂ ਸਹਿਤ ਭੋਗ ਪਾਏ। ਇਸ ਤੋਂ ਇਲਾਵਾ ਦਸਮ ਗ੍ਰੰਥ, ਸੂਰਜ ਪ੍ਰਕਾਸ਼, ਨਾਨਕ ਪ੍ਰਕਾਸ਼, ਵਾਰਾਂ ਭਾਈ ਗੁਰਦਾਸ, ਗਜ਼ਲਾਂ ਭਾਈ ਨੰਦ ਲਾਲ ਆਦਿ ਵੀ ਪੜ੍ਹਾਇਆ ਕਰਦੇ ਸਨ। ਆਪ ਪਾਸੋਂ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਵੀ ਇਕ ਸਾਲ ਸੰਥਯਾ ਸੁਣੀ ਸੀ। ਜਦੋਂ ਕੋਈ ਪ੍ਰੇਮੀ ਬੇਨਤੀ ਕਰਦਾ ਹੈ ਕਿ ਦਾਸ ਪਾਸ ਸਵੇਰੇ ਜਾਂ ਦੁਪਹਿਰੇ ਸੰਥਯਾ ਲੈਣ ਲਈ ਵਿਹਲ ਨਹੀਂ ਤਾਂ ਆਪ ਉਸ ਨੂੰ ਉਸ ਦੀ ਮਰਜ਼ੀ ਦਾ ਸਮਾਂ ਦੇ ਦਿੰਦੇ। ਇਕ ਵਾਰ ਇਕ ਰਵਿਦਾਸੀਆ ਸਿੰਘ ਆਪ ਪਾਸੋਂ ਸੰਥਯਾ ਲੈਣੀ ਚਾਹੁੰਦਾ ਸੀ ਪਰ ਤਥਾ ਕਥਿਤ ਅਛੂਤ ਹੋਣ ਕਾਰਨ ਹੋਰ ਵਿਦਿਆਰਥੀ ਉਸ ਨੂੰ ਨਾਲ ਨਹੀਂ ਸਨ ਬੈਠਣ ਦੇਣਾ ਚਾਹੁੰਦੇ ਤਾਂ ਆਪ ਨੇ ਬੜਾ ਕਿਹਾ ਪਰ ਵਿਦਿਆਰਥੀ ਨਾ ਮੰਨੇ। ਅਖੀਰ ਆਪ ਨੇ ਉਸ ਇਕੱਲੇ ਸਿੰਘ ਨੂੰ ਹੀ ਸਾਰੀ ਸੰਥਯਾ ਦਿੱਤੀ। ਇਉਂ ਸਾਰਾ ਦਿਨ

ਬਾਣੀ ਦੇ ਅਧਿਐਨ ਤੇ ਅਧਿਆਪਨ ਵਿਚ ਬਤੀਤ ਹੁੰਦਾ ਸੀ। ਬੇਅੰਤ ਸੰਤਾਂ, ਮਹੰਤਾਂ, ਨਿਰਮਲਿਆਂ, ਉਦਾਸੀਆਂ, ਵੈਰਾਗੀਆਂ, ਸੰਨਿਆਸੀਆਂ, ਗ੍ਰਹਿਸਤੀਆਂ ਨੇ ਆਪ ਪਾਸੋਂ ਬ੍ਰਹਮ ਵਿੱਦਿਆ ਪ੍ਰਾਪਤ ਕੀਤੀ। ਆਪ ਜੀ 'ਵਿੱਦਿਆ ਮਾਰਤੰਡ' ਸਨ। ਅਖੀਰ 1 ਕੱਤਕ 2011 ਨੂੰ ਆਪ ਨੇ ਸਰੀਰ ਛੱਡਿਆ।"[91]

ਆਪ ਮਗਰੋਂ ਸ੍ਰੀਮਾਨ ਸੰਤ ਕ੍ਰਿਪਾਲ ਸਿੰਘ ਜੀ ਗੱਦੀਪਤੀ ਬਣੇ। ਆਪ ਦਾ ਜਨਮ 7 ਨਵੰਬਰ 1915 ਨੂੰ ਸਰਦਾਰ ਪ੍ਰਤਾਪ ਸਿੰਘ ਦੇ ਘਰ ਸਤੋਵਾਲੀ ਗਲੀ, ਅੰਮ੍ਰਿਤਸਰ ਵਿਖੇ ਹੋਇਆ। ਬਚਪਨ ਵਿਚ ਹੀ ਆਪ ਸੰਤਾਂ ਦੀ ਸੇਵਾ ਵਿਚ ਲੱਗ ਗਏ। ਸੰਤ ਅਮੀਰ ਸਿੰਘ ਜੀ ਤੇ ਉੱਤਮ ਸਿੰਘ ਦੇ ਸੰਕਲਪ ਅਨੁਸਾਰ ਆਪ ਦੇ ਮਾਤਾ-ਪਿਤਾ ਨੇ ਸੰਮਤ 1984 ਵਿਖੇ ਆਪ ਨੂੰ ਸੰਤਾਂ ਦੇ ਚਰਨਾਂ ਵਿਚ ਹਾਜ਼ਰ ਕਰ ਦਿੱਤਾ। ਆਪ ਨੇ ਉਸ ਦਿਨ ਤੋਂ ਹੀ ਸੰਤਾਂ ਦੀ ਤਨ ਮਨ ਨਾਲ ਸੇਵਾ ਕਰਨੀ ਆਰੰਭ ਕਰ ਦਿੱਤੀ ਤੇ 27 ਸਾਲ ਵਿਚ ਇਹ ਘਾਲ ਘਲੀ। ਆਪ ਵਿੱਦਿਆ ਵੀ ਪੂਰੀ ਪੜ੍ਹੀ ਗਏ ਅਤੇ ਨਾਲ ਹੀ ਸੇਵਾ ਵਿਚ ਤਤਪਰ ਰਹੇ ਜਿਸ ਕਾਰਨ ਆਪ ਨੂੰ ਪੂਰੀ ਸੰਥਯਾ ਸੁਣਨ ਦਾ ਸੁਭਾਗ ਪ੍ਰਾਪਤ ਨਾ ਹੋ ਸਕਿਆ। ਆਪ ਦਾ ਸੰਤਾਂ ਨਾਲ ਅਥਾਹ ਪਿਆਰ ਸੀ। ਉਨ੍ਹਾਂ ਨੇ ਆਪ ਨੂੰ ਕਦੇ ਵਿਛੋੜਿਆ ਨਹੀਂ ਤੇ ਅੰਤ ਸਮੇਂ ਤੱਕ ਨਾਲ ਹੀ ਰੱਖਿਆ।

ਸੰਤ ਅਮੀਰ ਸਿੰਘ ਜੀ ਦੇ ਗੁਜ਼ਰਨ ਮਗਰੋਂ ਆਪ ਨੂੰ ਗੱਦੀ ਤੇ ਬੈਠਾਇਆ ਗਿਆ ਤੇ ਦਸਤਾਰ ਦੀ ਰਸਮ ਸੰਤ ਹਰਿਦਰਸ਼ਨ ਸਿੰਘ ਨੇ ਪੂਰੀ ਕੀਤੀ। ਸ੍ਰੀ ਹਰਿਮੰਦਰ ਸਾਹਿਬ ਵੱਲੋਂ ਵੀ ਰੇਸ਼ਮੀ ਚਾਦਰ ਸਿਰੋਪਾ ਵਜੋਂ ਪੁੱਜੀ। ਆਪ ਨੇ ਉਸ ਦਿਨ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਯਾ ਦੇਣੀ ਆਰੰਭ ਕੀਤੀ। ਆਪ ਪਾਸੋਂ ਬਹੁਤ ਸਾਰੇ ਵਿਦਿਆਰਥੀਆਂ ਨੇ ਗੁਰਮਤਿ, ਬ੍ਰਹਮ ਗਿਆਨ ਬਾਰੇ ਵਿੱਦਿਆ ਪੜ੍ਹੀ ਹੈ ਤੇ ਅੱਗੇ ਹੋਰਨਾਂ ਨੂੰ ਵੀ ਪੜ੍ਹਾਈ। ਆਪ ਮਈ 1984 ਵਿਚ ਗੁਰਪੁਰੀ ਸਿਧਾਰ ਗਏ। ਆਪ ਮਗਰੋਂ ਸੰਤ ਸੁਰਜੀਤ ਸਿੰਘ ਨੂੰ ਇਹ ਗੱਦੀ ਪ੍ਰਾਪਤ ਹੋਈ ਹੈ ਜੋ ਅੱਜ ਕੱਲ੍ਹ ਬ੍ਰਹਮ ਵਿੱਦਿਆ ਪ੍ਰਦਾਨ ਕਰ ਰਹੇ ਹਨ।

ਪਾਕਿਸਤਾਨ ਬਣਨ ਤੋਂ ਪਹਿਲਾਂ ਇਨ੍ਹਾਂ ਸਾਧੂਆਂ ਦਾ ਕਾਰਜ ਖੇਤਰ ਮੁਖ ਰੂਪ ਵਿਚ ਭੇਰਾ, ਮਿਆਣੀ, ਨੂਰਪੁਰ ਥੱਲ, ਡੇਰਾ ਇਸਮਾਇਲ ਖਾਨ, ਕੁਸਾਬ, ਮੁਲਤਾਨ, ਝੰਗ ਸ਼ਾਹਪੁਰ, ਸਰਗੋਧਾ ਦਾਇਰਾ ਦੀਨ ਪਨਾਹ ਜ਼ਿਲ੍ਹਾ ਮੁਜ਼ੱਫਰਪੁਰ, ਸਾਹਵਾਲ, ਕੋਟ ਸੁਲਤਾਨ, ਜੰਮੂ ਲਾਹੌਰ ਆਦਿ ਸੀ ਪਰ ਦੇਸ਼ ਦੀ ਵੰਡ ਮਗਰੋਂ ਇਹ ਲੱਖਾਂ ਰੁਪਇਆਂ ਦੀ ਜਾਇਦਾਦ ਆਲੀਸ਼ਾਨ ਧਰਮਸਾਲਾਵਾਂ ਤੇ ਡੇਰੇ ਛੱਡ ਕੇ ਭਾਰਤ ਵਿਚ ਆ ਗਏ। ਇਥੇ ਆ ਕੇ ਇਨ੍ਹਾਂ ਨੇ ਬਹੁਤ ਸਾਰੇ ਸ਼ਹਿਰਾਂ ਕਸਬਿਆਂ ਵਿਚ ਡੇਰੇ ਤੇ ਧਰਮਸਾਲਾਵਾਂ ਸਥਾਪਿਤ ਕੀਤੀਆਂ। ਅੱਜ ਕੱਲ੍ਹ ਇਨ੍ਹਾਂ ਦੇ ਮੁੱਖ ਕੇਂਦਰ ਅੰਮ੍ਰਿਤਸਰ, ਯਮੁਨਾ ਨਗਰ, ਪਟਿਆਲਾ, ਗੋਨਿਆਣਾ ਮੰਡੀ, ਕੈਥਲ, ਰੋਹਤਕ, ਹਰਿਦੁਆਰ, ਹੁਸ਼ਿਆਰਪੁਰ, ਪਟਨਾ, ਦਿੱਲੀ, ਗਾਜ਼ੀਆਬਾਦ ਆਦਿ ਹਨ। ਇਥੇ ਇਸ ਸੰਪ੍ਰਦਾਇ ਦੇ ਸਾਧੂ ਗੁਰਮਤਿ ਦਾ ਪ੍ਰਚਾਰ ਕਰਦੇ ਹਨ ਤੇ ਲੋਕਾਂ ਦੀ ਸੇਵਾ ਵਿਚ ਰਹਿ ਕੇ ਜੀਵਨ ਸਫ਼ਲ ਕਰਦੇ ਹਨ।

ਸੇਵਾ ਪੰਥੀ ਸੰਪ੍ਰਦਾਇ ਦੇਣ ਦੇ ਮੁਖੀ ਸਾਧੂਆਂ ਨੇ ਇਸ ਭੇਖ ਦੇ ਹਰ ਸਾਧੂ ਲਈ ਮਰਿਯਾਦਾ ਵਿਚ ਰਹਿ ਕੇ ਜੀਵਨ ਬਤੀਤ ਕਰਨ ਲਈ ਕੁਝ ਨਿਯਮ ਬਣਾਏ ਹਨ। ਇਸ ਨੂੰ ਜੇਕਰ ਇਨ੍ਹਾਂ ਦਾ 'ਰਹਿਤਨਾਮਾ' ਆਖ ਲਿਆ ਜਾਵੇ ਤਾਂ ਅਣਉਚਿਤ ਨਹੀਂ ਹੋਵੇਗਾ। ਭਾਈ ਲਾਲ ਚੰਦ[92] ਨੇ ਹੇਠ ਲਿਖੇ ਨਿਯਮ ਲਿਖੇ ਹਨ :

ਲੋੜ ਮੁਤਾਬਕ ਧਰਮ ਦੀ ਕਿਰਤ ਕਰਨਾ ਲਾਹਾ ਵਾਣ ਵੱਟ ਲੈਣਾ ਪਰ ਜੋ ਇਹ ਔਖਾ ਕੰਮ ਨਾ ਕਰ ਸੇਵਾਪੰਥੀ ਸਾਧੂ ਬੜੇ ਕੋਮਲ ਸੁਭਾਅ ਵਾਲੇ ਨਿਮਰਤਾ ਦੇ ਪੁੰਜ ਤੇ ਸਭ ਵਿਚ ਬ੍ਰਹਮ ਦੇ ਦਰਸ਼ਨ ਕਰਨ ਵਾਲੇ ਸਨ। ਇਹਨਾਂ ਨੇ ਧਰਮਸਾਲਾਵਾਂ ਉਸਾਰੀਆਂ, ਮੁਸਾਫਿਰਾਂ ਦੇ ਰਹਿਣ, ਖਾਣ ਪੀਣ ਤੇ ਨਹਾਉਣ ਆਦਿ ਦਾ ਪ੍ਰਬੰਧ ਕੀਤਾ ਅਤੇ ਉਹਨਾਂ ਨਾਲ ਆਏ ਪਸ਼ੂਆਂ ਨੂੰ ਬ੍ਰਹਮ ਦਾ ਰੂਪ ਜਾਣ ਕੇ ਖੂਬ ਸੇਵਾ ਕੀਤੀ।[93] ਮੁਸਾਫਰ ਭਾਵੇਂ ਹਿੰਦੂ ਹੋਵੇ ਜਾਂ ਮੁਸਲਮਾਨ, ਸਿੱਖ ਹੋਵੇ ਜਾਂ ਕਿਸੇ ਹੋਰ ਧਰਮ ਦਾ ਅਨੁਆਈ ਉਸ ਦੀ ਪੂਰੀ ਰੂਹ ਨਾਲ ਸੇਵਾ ਕੀਤੀ। ਇਹ ਤਾਂ ਸੇਵਾ ਨੂੰ ਭਜਨ ਹੀ ਮੰਨਦੇ ਸਨ।

*ਬਡਾ ਭਜਨ ਪ੍ਰਭ ਕਾ ਇਹੁ ਭਾਈ। ਸਰਬ ਦੀਆ ਹੋਇਐ ਸੁਖਦਾਈ।*[94]

ਇਹਨਾਂ ਸਾਧੂਆਂ ਨੇ ਉਦੋਂ ਮੰਨੇ ਜਾਂਦੇ ਅਛੂਤਾਂ ਦੀ ਆਪਣੇ ਹੱਥੀਂ ਸੇਵਾ ਕੀਤੀ ਤੇ ਕਿਸੇ ਉੱਚੀ ਜਾਤ ਵਾਲੇ ਦੀ ਆਲੋਚਨਾ ਦੀ ਪਰਵਾਹ ਨਹੀਂ ਕੀਤੀ। ਭਾਈ ਜਗਤਾ[95] ਜੀ ਦੀ ਜੀਵਨ ਕਥਾ ਵਿਚ ਇਕ ਵਾਕਿਆ ਹੈ ਕਿ ਆਪਣੇ ਇਕ ਅਜਿਹੀ ਤਥਾ ਕਥਿਤ ਅਛੂਤ ਔਰਤ ਦੀ ਸੇਵਾ ਕੀਤੀ ਜਿਸ ਦੇ ਕੀੜੇ ਪਏ ਹੋਏ ਸਨ, ਬਿਰਧ ਅਵਸਥਾ ਸੀ ਤੇ ਸੰਬੰਧੀ ਬਾਹਰ ਸੁੱਟ ਗਏ ਸਨ। ਉਸ ਨੂੰ ਕੁਟੀਆ ਪਾ ਦਿੱਤੀ ਤੇ ਆਪਣੀ ਹੱਥੀਂ ਸੇਵਾ ਕਰਕੇ ਉਸ ਦਾ ਦੁੱਖ ਕੱਟਿਆ।

ਭਾਈ ਜੀ ਦੇ ਜੀਵਨ[96] ਵਿਚ ਅਜਿਹੀ ਇਕ ਹੋਰ ਘਟਨਾ ਦਾ ਜ਼ਿਕਰ ਮਿਲਦਾ ਹੈ। ਉਹਨਾਂ ਨੇ ਦੇਖਿਆ ਧਰਮਸਾਲਾ ਦੇ ਬਾਹਰ ਕੁਝ ਮੁਸਾਫਿਰ ਬਾਰਸ਼ ਵਿਚ ਭਿੱਜ ਰਹੇ ਹਨ। ਠੁਰ ਠੁਰ ਕਰ ਰਹੇ ਹਨ। ਮੀਂਹ ਤੇ ਠੰਢ ਨੇ ਉਹਨਾਂ ਨੂੰ ਦੁਖੀ ਕੀਤਾ ਹੋਇਆ ਹੈ। ਆਪ ਨੇ ਉਹਨਾਂ ਦੀ ਹਾਲਤ ਦੇਖੀ ਤਾਂ ਪੁੱਛਣ ਲੱਗੇ ਕਿ ਭਾਈ ਤੁਸੀਂ ਕੌਣ ਹੋ ਤਾਂ ਉਹਨਾਂ ਨੇ ਕੰਬਦਿਆਂ ਜਵਾਬ ਦਿੱਤਾ ਕਿ ਅਸੀਂ ਹਲਾਲ ਖੋਰ (ਸ਼ੂਦਰ ਹਾਂ) ਤਾਂ ਆਪ ਨੇ ਵੈਰਾਗ ਵਿਚ ਆ ਕੇ ਆਖਿਆ ਕਿ ਅਸੀਂ ਹਰਾਮਖੋਰ ਅੰਦਰ ਬੈਠੇ ਹਾਂ ਤੁਸੀਂ ਹਲਾਲ ਖੋਰ ਬਾਹਰ ਕਿਉਂ ਬੈਠੇ ਹੋ ਉਹਨਾਂ ਨੂੰ ਲੰਗਰ ਛਕਾਇਆ ਤੇ ਰਾਤ ਰਹਿਣ ਲਈ ਬਿਸਤਰੇ ਦਿੱਤੇ। ਅਜਿਹੀਆਂ ਹੋਰ ਬਹੁਤ ਸਾਰੀਆਂ ਉਦਾਹਰਨਾਂ[97] ਮਿਲਦੀਆਂ ਹਨ।

ਜਲ ਦੀ ਸੇਵਾ ਵੱਲ ਇਹ ਸਾਧੂ ਵਿਸ਼ੇਸ਼ ਧਿਆਨ ਦਿੰਦੇ ਸਨ। ਇਸ ਲਈ ਇਹਨਾਂ ਨੇ ਖੂਹ ਲੁਆਏ, ਤਲਾਬ ਖੋਦੇ ਤੇ ਧਰਮਸਾਲਾਵਾਂ ਵਿਚ ਪਾਣੀ ਦੇ ਘੜੇ ਭਰ ਕੇ ਰੱਖੇ। ਇਸ ਬਾਰੇ ਸੇਵਾਪੰਥੀ ਗ੍ਰੰਥਾਂ[98] ਵਿਚ ਵਿਸਤਾਰ ਸਹਿਤ ਲਿਖਿਆ ਗਿਆ ਹੈ।

ਇਹ ਸਾਧੂ ਪੰਛੀਆਂ, ਗਊਆਂ, ਖੋਤਿਆਂ, ਗਿੱਦੜਾਂ, ਕੁੱਤਿਆਂ ਆਦਿ ਜਾਨਵਰਾਂ ਦੀ ਸੇਵਾ ਕਰਦੇ ਸਨ। ਉਹਨਾਂ ਲਈ ਸੁੱਖ ਸਾਧਨ ਪੈਦਾ ਕਰਦੇ ਸਨ। ਭਾਈ ਜਗਤਾ ਜੀ ਨੇ ਉਜਾੜਾਂ, ਜੰਗਲਾਂ ਬੀਆਬਾਨਾਂ ਵਿਚ ਜਾਨਵਰਾਂ ਦੇ ਪਾਣੀ ਪੀਣ ਦਾ ਪ੍ਰਬੰਧ ਕੀਤਾ। ਭਾਈ ਰਾਮ ਅਨੁਸਾਰ :

*ਭਾਈ ਜਗਤੇ ਇਹ ਬਿਧ ਧਾਰੀ। ਕੁੰਭ ਸੁ ਪਾਨੀ ਭਰੇ ਅਪਾਰੀ ॥*
*ਵਡ ਉਜਾੜਿ ਮਧੁ ਦੌਰੇ ਲਾਵੈ। ਭਰ ਕਰ ਜਲ ਸੰਗਿ ਪ੍ਰੀਤੀ ਰਾਖੈ ॥*
*ਚੋਗਾ ਦੇਵੇ ਪਾਸ ਖਿਲਾਰੀ। ਚੁਗਤੇ ਪੰਛੀ ਹਿਤ ਕਰ ਭਾਰੀ ॥*[99]

ਇਕ ਰਾਤ ਆਪ ਨੇ ਗਿੱਦੜ ਹੁਆਂਕਦੇ ਸੁਣੇ ਤਾਂ ਆਪ ਨੇ ਉਜਾੜ ਵਿਚ ਉਹਨਾਂ ਲਈ ਵੀ ਇਕ ਤਾਲ ਖੁਦਵਾਇਆ ਤਾਂ ਕਿ ਜਲ ਵੱਲੋਂ ਦੁਖੀ ਨਾ ਹੋਣ। ਭਾਈ ਸੋਭਾ ਰਾਮ ਨੇ

ਲਿਖਿਆ ਹੈ :

*ਗੀਦੜ ਬੋਲੈ ਨਿਸ ਮਧ ਭਾਰੀ । ਭਾਈ ਸਾਹਿਬ ਗਿਰਾ ਉਚਾਰੀ ।*
*ਇਨ ਹਿਤ ਦੇਵੈ ਤਾਲ ਲਗਾਈ । ਪਾਨੀ ਪੀਵੈ ਮਨੁ ਹਰਖਾਈ ।*
*ਝਾ ਲਾਗੈ ਉਦਮੁ ਕੀਆ ਲਾਗੈ ਨਰੁ ਆਰੁ ਨਾਰਿ ॥*
*ਖੋਦਨ ਕੀਨਾ ਤਤਛਿੰਦਾ ਪਸ ਪੀਵੇ ਹਿਤ ਧਾਰ ॥[100]*

ਅਜਿਹੀ ਪ੍ਰਥਾ ਹੁਣ ਤੱਕ ਚਲ ਰਹੀ ਹੈ । ਸੇਵਾ ਦਾ ਮਹੱਤਵ ਇੰਨਾ ਹੈ ਕਿ ਜਦੋਂ ਡੇਰੇ ਦਾ ਮਹੰਤ ਆਪਣਾ ਅੰਤਕਾਲ ਨੇੜੇ ਜਾਣਦਾ ਸੀ ਤਾਂ ਉਹ ਅਜਿਹੇ ਵਿਅਕਤੀ ਨੂੰ ਆਪਣਾ ਗੱਦੀਨਸ਼ੀਨ ਚੁਣਦਾ ਸੀ ਜੋ ਨਾਮ ਬਾਣੀ ਨਾਲ ਜੁੜਿਆ ਹੋਵੇ, ਕਥਾ ਕੀਰਤਨ ਵਿਚ ਮਨ ਲਗਾਉਂਦਾ ਹੋਵੇ, ਆਏ ਗਏ ਦੀ ਸੇਵਾ ਕਰਦਾ ਹੋਵੇ, ਡੇਰੇ ਦੀ ਸਫ਼ਾਈ ਆਦਿ ਆਪਣੇ ਹੱਥੀਂ ਕਰਦਾ ਹੋਵੇ ਤੇ ਕਿਰਤੀ ਹੋਵੇ । ਅਜਿਹੇ ਵਿਅਕਤੀ ਨੂੰ ਮਹੰਤੀ ਦੀ ਦਸਤਾਰਬੰਦੀ ਸਮੇਂ ਝਾੜੂ ਤੇ ਛੱਨਾ ਵੀ ਦਿੱਤਾ ਜਾਂਦਾ ਸੀ ਜੋ ਸੇਵਾ ਦਾ ਪ੍ਰਤੀਕ ਸੀ । ਹੁਣ ਵੀ ਇਹ ਪ੍ਰਥਾ ਕਾਇਮ ਹੈ । ਮਹੰਤ ਲਈ ਹੇਠ ਲਿਖੇ ਉਦੇਸ਼ਾਂ ਦਾ ਪਾਲਣ ਕਰਨਾ ਜ਼ਰੂਰੀ ਹੁੰਦਾ ਹੈ ।

1. ਟਿਕਾਣੇ ਦੇ ਹਰ ਕੰਮ ਵਿਚ ਬਿਨਾਂ ਆਖਿਆਂ ਸ਼ਾਮਿਲ ਹੋਵੇ ।
2. ਟਿਕਾਣੇ ਵਾਲੋਂ ਭਾਵ ਮਹੰਤ ਨੂੰ ਸਾਰੇ ਸਾਧੂਆਂ ਨੂੰ ਆਪਣੇ ਵਰਗਾ ਸਮਝਣਾ ਚਾਹੀਦਾ ਹੈ । ਸਭ ਦੀ ਇੱਜਤ ਕਰੇ ।
3. ਗੁਰਬਾਣੀ ਨਾਲ ਦ੍ਰਿੜ੍ਹ ਪ੍ਰੀਤ ਕਰੇ ।
4. ਪਿਛਲੀ ਰਾਤ ਉਠ ਕੇ ਦਾਤਨ ਕਰਕੇ ਇਸ਼ਨਾਨ ਕਰੇ ਅਤੇ ਇਕ ਮਨ ਹੋ ਕੇ ਬਾਣੀ ਪੜ੍ਹੇ ।
5. ਕਥਾ ਸਮੇਂ ਸੰਗਤ ਵਿਚ ਹਾਜ਼ਰ ਹੋਵੇ ਤੇ ਨਾਲ ਹੀ ਕਿਰਤ ਵੀ ਕਰੇ । ਜੋ ਗੱਲ ਸਮਝ ਨਾ ਆਵੇ ਉਸ ਬਾਰੇ ਪੁਛ ਲਵੇ ।
6. ਰਾਤ ਨੂੰ ਕੀਰਤਨ ਇਕੱਠੇ ਹੋ ਕੇ ਕਰਨਾ । ਸੰਗਤ ਵਿਚ ਰਲ ਮਿਲ ਕੇ ਬੈਠਣਾ ਚਾਹੀਦਾ ਹੈ ਕਿਉਂਕਿ ਵੱਖਰੇ ਬੈਠਣਾ ਆਪਣੇ ਮਨ ਪਾਸ ਬੈਠਣਾ ਹੈ ।
7. ਸਾਧੂਆਂ ਨੂੰ ਇਕ ਦੂਸਰੇ ਨੂੰ ਦੇਖ ਕੇ ਪ੍ਰਸੰਨ ਹੋਣਾ ਚਾਹੀਦਾ ਹੈ ।
8. ਦੈਵੀ ਸੰਪ੍ਰਦਾਇ ਅਤੇ ਆਸੁਰੀ ਸੰਪ੍ਰਦਾਇ ਦੇ ਲੱਛਣ ਆਪਣੇ ਪਾਸ ਲਿਖ ਕੇ ਰੱਖੇ । ਦੈਵੀ ਗੁਣਾਂ ਨੂੰ ਗ੍ਰਹਿਣ ਕਰੇ ਅਤੇ ਆਸੁਰੀ ਗੁਣਾਂ ਦਾ ਤਿਆਗ ਕਰੇ ।
9. ਇਸਤਰੀ ਦੀ ਸੰਗਤ ਨੂੰ ਧਰਮ ਵਿਨਾਸ਼ਕ ਮੰਨੇ । ਇਕੱਲਾ ਸਾਧੂ ਆਪਣੀ ਮਾਤਾ ਪਾਸ ਵੀ ਨਾ ਬੈਠੇ ।
10. ਜੇਕਰ ਇਕ ਸਾਧੂ ਟਿਕਾਣਾ ਛੱਡ ਕੇ ਦੂਜੇ ਟਿਕਾਣੇ ਵਿਚ ਆਵੇ ਤਾਂ ਪੁੱਛ ਪੜਤਾਲ ਕਰਕੇ ਠਹਿਰਨ ਦੀ ਆਗਿਆ ਦਿੱਤੀ ਜਾਵੇ । ਜੇਕਰ ਉਹ ਮਨਮਤ ਕਰਕੇ ਆਇਆ ਹੈ ਤਾਂ ਉਸ ਨੂੰ ਆਦਰ ਨਾ ਦਿੱਤਾ ਜਾਵੇ ਤਾਂ ਕਿ ਫਿਰ ਕੋਈ ਸਾਧੂ ਬੇਵਫ਼ਾਈ ਨਾ ਕਰੇ ।
11. ਜੇਕਰ ਟਿਕਾਣੇ ਵਿਚ ਕੋਈ ਭੇਖ ਲੈਣ ਲਈ ਆਵੇ ਤਾਂ ਉਸ ਨੂੰ ਤੁਰੰਤ ਹੀ ਭੇਖ ਨਾ ਦਿੱਤਾ ਜਾਵੇ ਕਿਉਂਕਿ ਕਈ ਵਾਰ ਅਜਿਹਾ ਕਰਨ ਨਾਲ ਅਜਿਹੇ ਅਣ-ਅਧਿਕਾਰੀ ਸਾਧੂ ਬਣ ਗਏ ਹਨ ਜਿਨ੍ਹਾਂ ਨੇ ਭੇਖ ਨੂੰ ਕਲੰਕ ਲਗਾਇਆ ਹੈ ।

12. ਲੈਣ ਦੇਣ ਟਿਕਾਣੇ ਦੇ ਸਾਧੂਆਂ ਦਾ ਆਪਸ ਵਿਚ ਹੋਵੇ। ਬਾਹਰਲੇ ਸਾਧੂਆਂ ਜਾਂ ਲੋਕਾਂ ਨਾਲ ਲੈਣ ਦੇਣ ਨਹੀਂ ਕਰਨਾ ਚਾਹੀਦਾ।

ਸੇਵਾਪੰਥੀ ਸੰਪ੍ਰਦਾਇ ਦੇ ਸਾਧੂਆਂ ਨੇ ਕੋਈ ਨਵੀਂ ਵਿਚਾਰਧਾਰਾ ਪ੍ਰਸਤੁਤ ਨਹੀਂ ਕੀਤੀ। ਆਪ ਦੇ ਦਾਰਸ਼ਨਿਕ ਵਿਚਾਰ ਉਹੀ ਹਨ ਜੋ ਆਦਿ ਗ੍ਰੰਥ ਵਿਚ ਗੁਰੂ ਸਾਹਿਬ ਨੇ ਸਥਾਪਤ ਕੀਤੇ ਹਨ। ਇਹਨਾਂ ਸਾਧੂਆਂ ਨੇ ਉਹਨਾਂ ਵਿਚਾਰਾਂ ਨੂੰ ਪ੍ਰਚਾਰਿਆ ਤੇ ਆਪ ਉਹਨਾਂ ਤੇ ਪਹਿਰਾ ਦਿੱਤਾ। ਪਰਮਾਤਮਾ, ਜੀਵ, ਜਗਤ, ਮੋਹ ਮਾਇਆ, ਸਤਿਗੁਰੂ, ਨਾਮ, ਬਾਣੀ-ਕੀਰਤਨ ਆਦਿ ਬਾਰੇ ਆਪ ਨੇ ਆਪਣੇ ਗ੍ਰੰਥਾਂ ਵਿਚ ਵਿਸਥਾਰ ਸਹਿਤ ਲਿਖਿਆ ਹੈ।

ਗੁਰਮਤਿ ਵਿਚ ਸੇਵਾ ਦਾ ਵਿਸ਼ੇਸ਼ ਸਥਾਨ ਹੈ। ਭਾਰਤ ਵਿਚ ਸਮਾਜ ਸੇਵਾ ਦੀ ਭਾਵਨਾ ਬੜੀ ਪ੍ਰਬਲ ਰਹੀ ਹੈ। ਡਾ. ਵਿਦਿਆਵਤੀ ਮਾਲਵਿਕਾ ਦਾ ਵਿਚਾਰ ਹੈ, "ਜਨਤਾ ਲੋਕ ਕਾਰਜ ਕਰਨ ਲਈ ਤਿਆਰ ਬਰ ਤਿਆਰ ਰਹਿੰਦੀ ਸੀ ਤੇ ਉਸ ਵਿਚ ਆਪਣਾ ਸੁਭਾਗ ਸਮਝਦੀ ਸੀ। ਬਾਗ ਲਗਵਾਉਣਾ, ਉਪਬਨ ਦਾ ਨਿਰਮਾਣ, ਪੁਲ ਬਣਵਾਉਣ, ਪਾਣੀ ਪਿਆਉਣ ਵਾਲਾ ਬੈਠਾਲਣਾ, ਖੂਹ ਲਗਵਾਉਣਾ, ਯਾਤਰੀਆਂ ਲਈ ਧਰਮਸਾਲਾ ਬਣਾਉਣਾ ਬੜਾ ਉਤਮ ਕੰਮ ਮੰਨਿਆ ਜਾਂਦਾ ਸੀ। ਪਰ ਉਪਰੋਕਤ ਟੂਕ ਤੋਂ ਸਪਸ਼ਟ ਹੈ ਕਿ ਵੱਡੇ ਲੋਕ ਪੈਸਾ ਖਰਚ ਕੇ ਇਹ ਕਾਰਜ ਕਰਵਾਉਂਦੇ ਸਨ ਪਰ ਆਪਣੇ ਹੱਥੀਂ ਨਹੀਂ ਸਨ ਕਰਦੇ ਜਦੋਂ ਕਿ ਗੁਰੂ ਸਾਹਿਬਾਨ ਨੇ ਜਿੱਥੇ ਆਪਣੇ ਹੱਥੀਂ ਲੋਕ ਸੇਵਾ ਕੀਤੀ ਉਥੇ ਆਪਣੇ ਪੈਰੋਕਾਰਾਂ ਨੂੰ ਸਭ ਦੀ ਸਮਦ੍ਰਿਸ਼ਟੀ ਨਾਲ ਸੇਵਾ ਕਰਨ ਲਈ ਪ੍ਰੇਰਨਾ ਦਿੱਤੀ ਸੀ। ਹੁਣ ਵੀ ਇਹ ਪ੍ਰਥਾ ਕਾਇਮ ਹੈ।

ਇਹਨਾਂ ਨੇ ਵਿੱਦਿਆ ਦੇ ਖੇਤਰ ਵਿਚ ਮੁਢ ਤੋਂ ਹੀ ਬੜੀ ਸੇਵਾ ਕੀਤੀ ਹੈ। ਲੱਖਾਂ ਲੋਕਾਂ ਨੂੰ ਗੁਰਮੁਖੀ ਤੇ ਬ੍ਰਹਮ ਵਿੱਦਿਆ ਪ੍ਰਦਾਨ ਕਰਕੇ ਸਿੱਖ ਬਣਾਇਆ ਤੇ ਹੁਣ ਕਈ ਕਾਲਜ, ਸਕੂਲ ਤੇ ਸਿੱਖਿਆ ਸੰਸਥਾਵਾਂ ਚਲਾ ਰਹੇ ਹਨ।

ਪ੍ਰੋ. ਪ੍ਰੀਤਮ ਸਿੰਘ ਦਾ ਕਹਿਣਾ ਹੈ 'ਇਹ ਲੋਕ ਸੇਵਕ ਸਭਾ ਹੈ, 'ਸਰਵੈਂਟਸ ਔਫ ਦੀ ਪੀਪਲ ਸੁਸਾਇਟੀ', ਇਕ ਤਰ੍ਹਾਂ ਦੀ ਰੈਡ ਕਰੌਸ ਸੁਸਾਇਟੀ ਜਿਸ ਦਾ ਆਦਰਸ਼ ਇਕ ਸ਼ਾਂਤਮਈ, ਨਿਰਚਾਹ, ਨਿਰਹੰਕਾਰ, ਨਿਰਕਾਮਨ ਉਪਰਾਮ ਤੇ ਸਾਧ ਬਿਰਤੀ ਵਾਲੇ ਸਾਰਗ੍ਰਾਹੀ ਵਿਅਕਤੀ ਦੀ ਉਸਾਰੀ ਸੀ। ਇਸ ਉਸਾਰੀ ਦਾ ਮੂਲ ਅਭਿਆਸ ਹੈ ਸੇਵਾ ਪਰਗਟ ਤੇ ਗੁਪਤ ਤਨ, ਮਨ ਤੇ ਧਨ ਕਰਕੇ। ਇਸ ਸੇਵਾ ਦਾ ਖਿਆਲ ਜਦੋਂ ਆਵੇਸ਼ ਤੇ ਸੁਭਾਵਕ ਉਮਾਹ ਬਣ ਕੇ ਪਰਗਟ ਹੋਣ ਲਗ ਪਏ ਤਾਂ ਸੇਵਾਪੰਥੀ ਸਮਝਦੇ ਹਨ ਕਿ ਜਗਿਆਸੂ ਠੀਕ ਰਸਤੇ ਚੱਲ ਪਿਆ ਹੈ ਪਰ ਜਦੋਂ ਕਿਸੇ ਨੂੰ ਸੇਵਾ ਲਈ ਹਰ ਵੇਲੇ ਤੁਖਣੀ ਦੇਣੀ ਪਵੇ ਤਾਂ ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਅਜੇ ਇਸ ਨੂੰ ਆਪਣਾ ਆਪ ਦੂਜਿਆਂ ਨਾਲੋਂ ਪਿਆਰਾ ਲਗਦਾ ਹੈ। ਇਸ ਲਈ ਉਸ ਨੂੰ ਫੇਰ ਆਪਣਾ ਵੱਡੇ ਤੋਂ ਵੱਡਾ ਸੁੱਖ ਭੁਲਾ ਕੇ ਦੂਜਿਆ ਦੇ ਛੋਟੇ ਤੋਂ ਛੋਟੇ ਸੁੱਖ ਦਾ ਖਿਆਲ ਰੱਖਣ ਦਾ ਸੁਭਾਅ ਦ੍ਰਿੜ ਕਰਵਾਇਆ ਜਾਂਦਾ ਹੈ।"[101]

ਸੇਵਾ ਪੰਥੀ ਸਾਧੂ ਸੇਵਾ ਦਾ ਮਹੱਤਵ ਇੰਜ ਮੰਨਦੇ ਹਨ :

*ਫਲ ਅਸਮੇਧੁ ਕਹਿਤੁ ਹੈ ਭਾਰੀ। ਜੀ ਰਾਜੀ ਤੁਲ ਮਹਿ ਹਜਾਰੀ।*
*ਗੁਰੂ ਨਾਨਕ ਜੀ ਆਪ ਬਖਾਨਾ। ਦਯਾ ਤੁਲ ਸਮ ਪੁਨ ਨਹਿ ਆਨ।*

ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਕਨ੍ਹੱਈਆ[103] ਜੀ ਨੂੰ ਦਸਾਂ ਨੌਹਾਂ ਦੀ ਕਿਰਤ ਕ ਕੇ

ਵੰਡ ਖਾਣ ਲਈ ਉਪਦੇਸ਼ ਦਿੱਤਾ ਸੀ। ਇਹ ਸਾਧੂ ਵਾਣ ਵਟਦੇ ਸਨ। ਸੀਣ ਪ੍ਰੋਣ ਦਾ ਕੰਮ ਕਰਦੇ ਸਨ। ਘਾਹ ਆਦਿ ਖੋਤ ਕੇ (ਵੇਚ ਕੇ) ਰੋਟੀ ਜੋਗੇ ਪੈਸੇ ਕਮਾ ਲਿਆਉਂਦੇ ਸਨ।[104] ਡਾ. ਬਲਬੀਰ ਸਿੰਘ ਲਿਖਦੇ ਹਨ 'ਹਰ ਅੱਡਣਸ਼ਾਹੀ ਸਾਧੂ ਲਈ ਜ਼ਰੂਰੀ ਸੀ ਕਿ ਉਹ ਕਿਸੇ ਨਾ ਕਿਸੇ ਸ਼ਕਲ ਵਿਚ ਕਿਰਤ ਦੇ ਹੱਥ ਪੈਰ ਚਲਦੇ ਰਖੇ। ਜੋ ਪੁਰਸ਼ ਕਠਿਨ ਸੇਵਾ ਨਹੀਂ ਕਰ ਸਕਦੇ ਸਨ ਉਨ੍ਹਾਂ ਲਈ ਸੌਖੀਆਂ ਕਿਰਤਾਂ ਦੀ ਆਗਯਾ ਸੀ। ਜੈਸੇ ਲਿਖਾਰੀਆਂ ਲਈ ਸਿਆਹੀ ਬਣਾਉਣੀ ਜੋ ਦੇਰ ਤੱਕ ਅੱਡਣਸ਼ਾਹੀ ਸਿਆਹੀ ਦੇ ਨਾਮ ਨਾਲ ਪ੍ਰਸਿੱਧ ਰਹੀ ਹੈ।... ਸਾਧੂ ਹੋਣਾ, ਵਿਰਕਤ ਹੋਣਾ, ਕਿਰਤ ਕਰਨੀ, ਆਪਣੀ ਕਮਾਈ ਵੰਡ ਕੇ ਛੱਕਣੀ ਇਹ ਅੱਡਣਸ਼ਾਹ ਦਾ ਪ੍ਰਤਾਪ ਸੀ। ਅੱਡਣਸ਼ਾਹੀ ਆਗੂਆਂ ਨੇ ਸਾਧੂਆਂ ਨੂੰ ਮੰਗਤਿਆਂ ਦੀ ਸ਼੍ਰੇਣੀ ਤੋਂ ਚੁੱਕ ਕੇ ਦਾਤਾ ਪਦ ਤੇ ਬਿਠਾ ਦਿੱਤਾ ਸੀ। ਅੱਡਣਸ਼ਾਹੀ ਕਰਾਮਾਤ ਸੀ ਜੋ ਅੱਜ ਤਕ ਦੁਨੀਆਂ ਦੇ ਕਿਸੇ ਫਿਰਕੇ ਨੇ ਕਰਕੇ ਨਹੀਂ ਵਿਖਾਈ।'[105] ਸਮਾਂ ਪਾ ਕੇ ਇਹ ਸਾਧੂ ਕਿਰਤ ਕਰਨਾ ਛੱਡ ਗਏ ਤੇ ਪ੍ਰਭੂ ਆਸਰੇ ਤੇ ਰਹਿਣ ਲੱਗੇ। ਇਹਨਾਂ ਦੇ ਡੇਰਿਆਂ ਨਾਲ ਅੱਜ ਕੱਲ੍ਹ ਕਾਫ਼ੀ ਜਾਇਦਾਦਾਂ ਹਨ ਜਿਹਨਾਂ ਦੇ ਕਿਰਾਏ ਆਦਿ ਨਾਲ ਇਹ ਚੰਗੀ ਜ਼ਿੰਦਗੀ ਬਸਰ ਕਰਦੇ ਹਨ।

ਇਹ ਸਾਧੂ ਅਹਿੰਸਾਵਾਦੀ ਸਨ। ਕਿਸੇ ਪ੍ਰਕਾਰ ਦੀ ਹਿੰਸਾ ਹੋਵੇ, ਇਹ ਉਸ ਤੋਂ ਦੂਰ ਰਹਿੰਦੇ ਸਨ। ਸ਼ਾਕਾਹਾਰ ਦਾ ਪਰਚਾਰ ਕਰਦੇ ਤੇ ਮਾਸ ਖਾਣ ਨੂੰ ਪਰਮ ਅਗਿਆਨਤਾ ਮੰਨਦੇ ਹਨ। ਭਾਈ ਸੋਭਾ ਰਾਮ ਅਨੁਸਾਰ :

*ਮਾਸ ਅਹਾਰੀ ਸ਼ੇਰ ਕਹਿਲਾਏ। ਬਾਜ ਚੀਲ ਕਊਆ ਹੋਇ ਜਾਇ।*
*ਬਹੁ ਜੋਨਨਿ ਮਧ ਚੋਟਾ ਖਾਈ। ਬਾਰ ਬਾਰ ਅਤਸੈ ਬਿਲਲਾਈ।*
*ਜਿਨੋ ਮਾਸ ਤੁਮ ਖਾਵਤੇ ਪੁਨ ਤੁਮ ਭੁੰਚੇ ਮਾਸ।*
*ਬਦਲਾ ਦੇਵਣ ਆਇਗੋ ਪਾਵੈ ਤੁਮ ਗਲ ਫਾਸ ॥*[106]

ਇਹ ਮੋਨਵਾਸੀ ਸਾਧੂ ਸਨ ਜਿਸ ਕਾਰਨ ਨਾਰੀ ਤੇ ਗ੍ਰਹਿਸਤ ਤੋਂ ਦੂਰ ਰਹਿਣਾ ਪਰਮ ਲਕਸ਼ ਮੰਨਦੇ ਸਨ।

ਇਉਂ ਕੁਝ ਪੱਖਾਂ ਤੋਂ ਇਹਨਾਂ ਦੇ ਵਿਚਾਰ ਤੇ ਵਿਹਾਰ ਗੁਰਮਤਿ ਨਾਲ ਮੇਲ ਨਹੀਂ ਖਾਂਦੇ।

ਸੇਵਾਪੰਥੀ ਸੰਪ੍ਰਦਾਇ ਸਿੱਖਾਂ ਦੀ ਇਕ ਅਤਿ ਮਹੱਤਵਪੂਰਨ ਸ਼ਾਖਾ ਹੈ ਜਿਸ ਦੇ ਸਾਧੂਆਂ ਨੇ ਆਪਣੇ ਆਦਿ ਤੋਂ ਹੀ ਗੁਰਮਤਿ, ਗੁਰ ਸਿੱਖਾਂ ਤੇ ਗੁਰੂ ਸਾਹਿਤ ਦੀ ਬੜੀ ਮੁੱਲਵਾਨ ਸੇਵਾ ਕੀਤੀ। ਉਦੋਂ ਗੁਰਦੁਆਰਿਆਂ ਦੀ ਸੰਭਾਲ ਕੀਤੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ। ਘਰ ਘਰ ਗੁਰਬਾਣੀ ਦੀਆਂ ਪੋਥੀਆਂ ਪਹੁੰਚਾਈਆਂ। ਗ੍ਰੰਥ ਲਿਖ ਕੇ ਜਿਥੇ ਧਾਰਮਿਕ ਸਿਧਾਂਤਾਂ ਦੀ ਵਿਆਖਿਆ ਕੀਤੀ ਉਥੇ ਪੰਜਾਬੀ ਸਾਹਿਤ ਨੂੰ ਵੀ ਅਮੀਰ ਬਣਾਇਆ।

## ਟਿੱਪਣੀਆਂ ਤੇ ਹਵਾਲੇ


1. ਹਿੰਦੂ ਕਾਸਟਸ ਐਂਡ ਸੈਕਟਸ, ਪੰਨਾ 278
2. ਸ੍ਰੀ ਸੰਤ ਰਤਨ ਮਾਲਾ (ਦੂਜੀ ਛਾਪ) ਪੰਨਾ 598-99
3. ਸਾਹਿਤ ਸੌਰਭ, ਪੰਨਾ 110
4. ਪਾਰਸ ਭਾਗ, (ਭੂਮਿਕਾ) ਪੰਨਾ 24

5. ਭਾਰਤ ਮਤ ਦਰਪਣ, ਪੰਨਾ 15
6. ਭਾਰਤ ਦੇ ਉਦਾਸੀਨ ਸੰਤ (ਹਿੰਦੀ)
7. ਲਾਲ ਚੰਦ (ਭਾਈ) ਸ੍ਰੀ ਸੰਤ ਰਤਨ ਮਾਲਾ (ਦੂਜੀ ਛਾਪ) ਪੰਨਾ 8
8. ਉਹੀ, ਪੰਨਾ 8
9. ਸੋਭਾ ਰਾਮ (ਭਾਈ) ਸੰਤ ਮਾਲ, ਪੱਤਰਾ 2/ੳ
10. ਸਹਿਜ ਰਾਮ (ਭਾਈ) ਪਰਚੀਆ ਸ੍ਰੀ ਭਾਈ ਕਨਯਾ ਜੀ, ਪੰਨਾ 2
11. ਦੀ ਟਰਾਂਸਫਾਰਮੇਸ਼ਨ ਆਫ਼ ਸਿੱਖ ਸੁਸਾਇਟੀ, ਪੰਨਾ 37
12. ਸਹਿਜ ਰਾਮ ਭਾਈ ਪਰਚੀਆ ਸ੍ਰੀ ਭਾਈ ਕਨ੍ਹਯਾ ਜੀ, ਪੰਨਾ 2
13. ਸੰਤਾ ਮਾਲ, ਪੱਤਰਾ 3/ਅ
14. ਉਹੀ, ਪੱਤਰਾ 3/ਅ
15. ਪਰਚੀਆ ਸ੍ਰੀ ਭਾਈ ਕਨ੍ਹਯਾ ਜੀ, ਪੰਨਾ 2
16. ਉਹੀ, ਪੰਨਾ 3
17. ਉਹੀ
18. ਸੋਭਾ ਰਾਮ (ਭਾਈ) ਸੰਤ ਮਾਲ, ਪੱਤਰਾ 3/ਅ
19. ਲਾਲ ਚੰਦ (ਭਾਈ) ਸ੍ਰੀ ਸੰਤ ਰਤਨ ਮਾਲਾ (ਦੂਜੀ ਛਾਪ) ਪੰਨਾ 8
20. ਸਹਿਜ ਰਾਮ (ਭਾਈ) ਪਰਚੀਆ ਸ੍ਰੀ ਭਾਈ ਕਨਯਾ ਜੀ ਪੰਨਾ 21-22
21. ਉਹੀ, ਪੰਨਾ 22
22. ਸੋਭਾ ਰਾਮ (ਭਾਈ) ਸੰਤ ਮਾਲ, ਪੱਤਰਾ 32/ਅ
23. ਸੋਭਾ ਰਾਮ (ਭਾਈ) ਸੰਤ ਮਾਲ, ਪੱਤਰਾ 32/ਅ
24. ਸਹਿਜ ਰਾਮ (ਭਾਈ) ਪਰਚੀਆ ਸ੍ਰੀ ਭਾਈ ਕਨ੍ਹਯਾ ਜੀ, ਪੰਨਾ 34
25. ਸੰਤ ਮਾਲ, ਪੱਤਰਾ 18/ਅ
26. ਉਹੀ, ਪੱਤਰਾ 24/ਅ
27. ਫੌਜਾ ਸਿੰਘ ਤੇ ਤਾਰਨ ਸਿੰਘ, ਗੁਰੂ ਤੇਗ ਬਹਾਦਰ, ਜੀਵਨ ਤੇ ਰਚਨਾ, ਪੰਨਾ 27.
28. ਸਹਿਜ ਰਾਮ (ਭਾਈ) ਪਰਚੀਆ ਸ੍ਰੀ ਭਾਈ ਕਨਯਾ ਜੀ, ਪੰਨੇ 35-39
29. ਸੰਤ ਮਾਲ, ਪੱਤਰਾ 25/ੳ
30. ਲਾਲ ਚੰਦ (ਭਾਈ) ਸ੍ਰੀ ਸੰਤ ਰਤਨ ਮਾਲਾ (ਦੂਜੀ ਛਾਪ) ਪੰਨਾ 11.
31. ਸੰਤ ਮਾਲ, ਪੱਤਰਾ 33, ੳ
32. ਸਹਿਜ ਰਾਮ (ਭਾਈ) ਪਰਚੀਆ ਸ੍ਰੀ ਭਾਈ ਕਨ੍ਹਯਾ ਜੀ, ਪੰਨੇ 39-41
33. ਲਾਲ ਚੰਦ (ਭਾਈ) ਸ੍ਰੀ ਸੰਤ ਰਤਨ ਮਾਲਾ (ਦੂਜੀ ਛਾਪ), ਪੰਨਾ 13
34. ਲਾਲ ਚੰਦ (ਭਾਈ) ਸ੍ਰੀ ਸੰਤ ਰਤਨ ਮਾਲਾ (ਦੂਜੀ ਛਾਪ), ਪੰਨਾ 13
35. ਸਹਿਜ ਰਾਮ (ਭਾਈ) ਪਰਚੀਆ ਸ੍ਰੀ ਭਾਈ ਕਨ੍ਹਯਾ ਜੀ, ਪੰਨਾ 42
36. ਸੰਤ ਰਤਨ ਮਾਲਾ, (ਦੂਜੀ ਛਾਪ), ਪੰਨਾ 15
37. ਗਯਾਨ ਸਿੰਘ (ਗਿਯਾਨੀ) ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 1287
38. ਗਯਾਨ ਸਿੰਘ (ਗਿ) ਤਵਾਰੀਖ ਗੁਰੂ ਖਾਲਸਾ (ਪਹਿਲਾ ਭਾਗ) ਪੰਨਾ 1287
39. ਸੋਭਾ ਰਾਮ (ਭਾਈ) ਸੰਤ ਮਾਲ, ਪੱਤਰਾ 38/ਅ
40. (ੳ) ਗਯਾਨ ਸਿੰਘ (ਗਿਯਾਨੀ) ਤਵਾਰੀਖ ਗੁਰੂ ਖਾਲਸਾ (ਭਾਗ ਪਹਿਲਾ), ਪੰਨਾ 472
    (ਅ) ਗਣੇਸ਼ ਸਿੰਘ (ਮਹੰਤ) ਭਾਰਤ ਸੰਤ ਦਰਪਣ, ਪੰਨਾ 16
    (ੲ) ਸੋਭਾ ਰਾਮ (ਭਾਈ) ਸੰਤ ਮਾਲ, ਪੱਤਰਾ 38/ਅ

41. ਗਯਾਨ ਸਿੰਘ (ਗਿਯਾਨੀ) *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਪੰਨਾ 972
42. *ਗੁਰ ਬਿਲਾਸ*, ਪੰਨਾ 284
43. *ਭਾਰਤ ਕੇ ਉਦਾਸੀਨ ਸੰਤ* (ਹਿੰਦੀ), ਪੰਨਾ 245
44. ਕਾਨ੍ਹ ਸਿੰਘ ਨਾਭਾ (ਭਾਈ) *ਮਹਾਨ ਕੋਸ਼*, ਪੰਨਾ 9
45. *ਭਾਰਤ ਕੇ ਉਦਾਸੀਨ ਸੰਤ*, ਪੰਨਾ 28
46. ਵਿਸਥਾਰ ਲਈ ਵੇਖੋ, *ਗੋਸ਼ਟੀਆਂ*, ਪੰਨਾ 126
47. ਵੇਖੋ : ਰਣਧੀਰ ਸਿੰਘ (ਭਾਈ), *ਉਦਾਸੀ ਸਿੱਖਾਂ ਦੀ ਵਿੱਥਿਆ*
48. *ਮਹਾਨ ਕੋਸ਼*, ਪੰਨਾ 294
49. ਲਾਲ ਚੰਦ (ਭਾਈ) ਸ੍ਰੀ ਰਤਨ ਮਾਲਾ (ਦੂਜੀ ਛਾਪ) ਪੰਨਾ 21
50. *ਪਰਚੀਆ ਸ੍ਰੀ ਭਾਈ ਸੇਵਾ ਰਾਮ ਜੀ*, ਪੰਨਾ 5
51. *ਉਹੀ*, ਪੰਨਾ 5
52. ਸੋਭਾ ਰਾਮ (ਭਾਈ) ਸੰਤ ਮਾਲ, ਪੱਤਰੇ 40/ਅ ਤੋਂ 43/ੳ
53. (ੳ) ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ) ਪੰਨਾ 21-24
    (ਅ) ਸਹਿਜ ਰਾਮ (ਭਾਈ) ਪਰਚੀਆ ਸ੍ਰੀ ਭਾਈ ਕਨ੍ਹਯਾ ਜੀ, ਪੰਨਾ 58-62
54. ਪਰਚੀਆ ਸ੍ਰੀ ਭਾਈ ਕਨ੍ਹਯਾ ਜੀ, ਪੰਨਾ 68
55. ਸਹਿਜ ਰਾਮ (ਭਾਈ) ਪਰਚੀਆ ਸ੍ਰੀ ਭਾਈ ਸੇਵਾ ਰਾਮ ਜੀ, ਪੰਨਾ 16-17
56. ਸਹਿਜ ਰਾਮ (ਭਾਈ) *ਪਰਚੀਆ ਸ੍ਰੀ ਭਾਈ ਕਨੱਯਾ ਜੀ*, ਪੰਨਾ 122
57. ਉਹੀ
58. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ), ਪੰਨਾ 29
59. ਸਹਿਜ ਰਾਮ (ਭਾਈ) ਪਰਚੀਆ ਸ੍ਰੀ ਭਾਈ ਅੱਡਣ ਜੀ, ਪੱਤਰੇ 140/ੳ-ਅ
60. ਲਾਲ ਚੰਦ (ਭਾਈ) ਸ੍ਰੀ ਸੰਤ ਰਤਨ ਮਾਲਾ (ਦੂਜੀ ਛਾਪ), ਪੰਨਾ 48
61. ਕ੍ਰਿਪਾਲ ਸਿੰਘ (ਮਹੰਤ) *ਸ੍ਰੀ ਅਮੀਰ ਸਿਧਾਂਤ*, (ਭਾਗ ਦੂਸਰਾ), ਪੰਨਾ 3
62. ਪ੍ਰੀਤਮ ਸਿੰਘ, *ਪਾਰਸ ਭਾਗ*, (ਭੂਮਿਕਾ), ਪੰਨਾ 58
63. ਸਹਿਜ ਰਾਮ (ਭਾਈ) *ਪਰਚੀਆ ਸ੍ਰੀ ਭਾਈ ਅੱਡਣ ਜੀ*, ਪੱਤਰੇ 137/ੳ-138/ੳ
64. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ), ਪੰਨਾ 76-77
65. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ), ਪੰਨਾ 78-79
66. ਉਹੀ, ਪੰਨਾ 86-87
67. ਲਾਲ ਚੰਦ (ਭਾਈ) ਸ੍ਰੀ ਸੰਤ ਰਤਨ ਮਾਲਾ (ਦੂਜੀ ਛਾਪ), ਪੰਨਾ 123-24
68. ਉਹੀ, ਪੰਨਾ 123-24
69. *ਉਹੀ*, ਪੰਨਾ 126
70. *ਉਹੀ*, ਪੰਨਾ 32
71. *ਉਹੀ*, ਪੰਨਾ 90
72. *ਉਹੀ*, ਪੰਨਾ 107
73. *ਉਹੀ*, ਪੰਨਾ 162
74. ਕ੍ਰਿਪਾਲ ਸਿੰਘ (ਮਹੰਤ) ਸ੍ਰੀ *ਅਮੀਰ ਸਿਧਾਂਤ* (ਭਾਗ ਦੂਜਾ) ਪੰਨਾ 3
75. *ਉਹੀ*
76. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ) ਪੰਨਾ 15
77. *ਉਹੀ*, ਪੰਨਾ 508

78. *ਉਹੀ*, ਪੰਨਾ 516
79. *ਉਹੀ*, ਪੰਨਾ 542-44
80. ਕ੍ਰਿਪਾਲ ਸਿੰਘ (ਮਹੰਤ) *ਅਮੀਰ ਸਿਧਾਂਤ*, (ਭਾਗ ਦੂਜਾ), ਪੰਨਾ
81. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ) ਪੰਨਾ 563
82. *ਉਹੀ*, ਪੰਨਾ 562-64
83. *ਉਹੀ*, ਪੰਨਾ 562
84. ਕ੍ਰਿਪਾਲ ਸਿੰਘ (ਮਹੰਤ) *ਸ੍ਰੀ ਅਮੀਰ ਸਿਧਾਂਤ*, (ਭਾਗ ਦੂਜਾ), ਪੰਨਾ ਮ
85. *ਉਹੀ*, ਪੰਨਾ ਮ
86. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ), ਪੰਨਾ 567-69
87. ਕ੍ਰਿਪਾਲ ਸਿੰਘ (ਮਹੰਤ) *ਸ੍ਰੀ ਅਮੀਰ ਸਿਧਾਂਤ*, (ਭਾਗ ਦੂਜਾ), ਪੰਨਾ ਯ
88. ਕ੍ਰਿਪਾਲ ਸਿੰਘ (ਮਹੰਤ) *ਸ੍ਰੀ ਅਮੀਰ ਸਿਧਾਂਤ*, (ਭਾਗ ਦੂਜਾ), ਪੰਨਾ ਯ
89. *ਉਹੀ*, ਪੰਨਾ ਯ
90. *ਉਹੀ*, ਪੰਨਾ ਯ
91. *ਉਹੀ*, ਪੰਨਾ ਯ ਤੋਂ ਲ ਤੱਕ
92. *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ) ਪੰਨਾ 5-8
93. *ਹਿੰਦੀ ਸੰਤ ਸਾਹਿਤਯ ਪਰ ਬੌਧ ਧਰਮ ਕਾ ਪ੍ਰਭਾਵ*, ਪੰਨਾ 7
94. ਸਹਿਜ ਰਾਮ, *ਪਰਚੀਆ ਭਾਈ ਸੇਵਾ ਰਾਮ ਜੀ*, ਪੰਨਾ 13
95. ਲਾਲ ਚੰਦ, *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ) ਪੰਨਾ 570
96. *ਉਹੀ*, ਪੰਨਾ 451-52
97. *ਉਹੀ*, ਪੰਨਾ 315, 333, 395, 398 ਆਦਿ
98. *ਉਹੀ*, ਪੰਨਾ 337, 178-79, 315-16, 388, 409-10
    (ਅ) ਵੀਰ ਸਿੰਘ, *ਸੰਤ ਗਾਥਾ*, ਪੰਨੇ 90-95 ਆਦਿ
99. *ਸੰਤ ਮਾਲ* ਪੱਤਰਾ 65/ਅ
100. *ਉਹੀ*, ਪੱਤਰਾ 66/ਅ
101. *ਪਾਰਸ ਭਾਗ* (ਭੂਮਿਕਾ) ਪੰਨਾ 48-49
102. ਸੋਭਾ ਰਾਮ, *ਸੰਤ ਮਾਲ*, ਪੱਤਰਾ 70/ਅ
103. *ਉਹੀ*, ਪੱਤਰਾ 33/ਅ
104. ਵਿਸਥਾਰ ਲਈ ਦੇਖੋ 1) *ਸੰਤ ਮਾਲ*, ਪੱਤਰਾ 58/ਅ, 65/ਅ, 58/ੳ, ਅ 116/ਅ, 124/ਅ ਆਦਿ (11) ਅਤਰ ਸਿੰਘ, ਸ੍ਰੀ ਸੰਤ ਰਹਤ ਰਤਨ ਮਾਲਾ, ਪੰਨੇ 127, 142-43, 187, 193 ਆਦਿ (111) ਲਾਲ ਚੰਦ ਸ੍ਰੀ ਸੰਤ ਰਤਨ ਮਾਲਾ, ਪੰਨੇ 176, 193, 317, 305, 376, 395, 506 ਆਦਿ।
105. ਸ੍ਰੀ ਚਰਨ ਹਰਿ ਵਿਸਥਾਰ (ਜਿਲਦ 1 ਸੈਂਚੀ 1), ਪੰਨਾ 128
106. *ਸੰਤ ਮਾਲ*, ਪੱਤਰਾ 85/ੳ

# ਨਿਰਮਲ ਸੰਪ੍ਰਦਾਇ

ਗਿਆਨੀ ਬਲਵੰਤ ਸਿੰਘ ਕੋਠਾਗੁਰੂ*

*ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥* (ਭਾ.ਗੁ., ੧/੪੫)
*ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ॥* (ਪੰਨਾ ੧੪੦੯)

ਉੱਤਰੀ ਭਾਰਤ ਦੀਆਂ ਸੰਪ੍ਰਦਾਵਾਂ ਵਿੱਚ ਨਿਰਮਲ ਸੰਪ੍ਰਦਾਇ ਦਾ ਵਿਸ਼ੇਸ਼ ਸਥਾਨ ਹੈ। ਇਸ ਸੰਪ੍ਰਦਾਇ ਦੇ ਪ੍ਰਵਰਤਕ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਸਿੱਖ ਇਤਿਹਾਸ ਵਿੱਚ ਜ਼ਿਕਰ ਆਇਆ ਹੈ। ਭਾਦਰੋਂ ਸੁਦੀ 13 ਸੰਮਤ 1564 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਕਾਲੀ ਵੇਈਂ ਵਿੱਚ ਇਸ਼ਨਾਨ ਕਰਨ ਸਮੇਂ ਚੁੱਭੀ ਲਾ ਕੇ ਸਚਖੰਡ ਵਿੱਚ ਪਹੁੰਚ ਗਏ। ਅਕਾਲ ਪੁਰਖ ਦੇ ਦਰ 'ਤੇ '*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ*' ਵਾਲਾ ਸ਼ਬਦ ਉਚਾਰਨ ਕਰਕੇ ਉਸਤਤੀ ਕੀਤੀ। ਇਸ ਸਮੇਂ ਅਕਾਲ ਪੁਰਖ ਨੇ ਮੂਲ ਮੰਤ੍ਰ ਬਖ਼ਸ਼ ਕੇ ਸਤਿਗੁਰੂ ਜੀ ਨੂੰ ਆਗਿਆ ਕੀਤੀ ਕਿ 'ਤਪ' ਰਹੇ ਸੰਸਾਰ ਨੂੰ ਨਾਮ ਜਪਾਓ, ਸਿਮਰਨ ਵਿੱਚ ਲਾਓ। ਸਤਿਗੁਰੂ ਜੀ ਨੇ ਵਾਹਿਗੁਰੂ ਦੇ 'ਨਾਮ' ਦਾ 'ਸੱਤਿ' ਦੇ ਆਧਾਰ 'ਤੇ ਰਾਜ ਕਾਇਮ ਕੀਤਾ। '*ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ*' (ਪੰਨਾ ੯੬੬) 'ਸੱਚ' ਤੇ 'ਨਾਮ' ਬ੍ਰਹਿਮੰਡ ਰਚਨਾ ਤੋਂ ਵੀ ਪਹਿਲਾਂ ਸਨ, ਹੁਣ ਵੀ ਹਨ ਅਤੇ ਸਦੈਵ ਰਹਿਣਗੇ। ਗੁਰਬਾਣੀ ਦਾ ਫ਼ੁਰਮਾਨ ਹੈ: '*ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ।*।' (ਪੰਨਾ ੧੨੪੮) ਇਸ ਸੱਚ ਦੇ ਰਾਜ ਦਾ ਨਿਰਮਲ ਪੰਥ ਸਿੱਕਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ, '*ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।*' (ਭਾ.ਗੁਰ. 1/45) ਸੰਸਾਰੀ ਰਾਜਿਆਂ ਦੇ ਸਿੱਕੇ ਬੰਦ ਹੁੰਦੇ ਰਹਿੰਦੇ ਹਨ ਅਤੇ ਬਦਲਦੇ ਰਹਿੰਦੇ ਹਨ, ਨਵੇਂ ਚੱਲਦੇ ਰਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਚ ਦੇ ਰਾਜ ਦਾ ਸਿੱਕਾ 'ਨਿਰਮਲ ਪੰਥ' ਸਦੈਵ ਸਥਿਰ ਰਹੇਗਾ, ਨਾ ਬਦਲੇਗਾ ਨਾ ਮਿਟੇਗਾ। ਇਸ ਭੇਖ ਦੀ ਮਰਯਾਦਾ ਅਨੁਸਾਰ ਚੱਲਣ ਵਾਲਿਆਂ ਦਾ ਜੀਵਨ ਲੋਕ-ਪ੍ਰਲੋਕ ਵਿੱਚ ਸਫਲ ਹੁੰਦਾ ਰਹੇਗਾ।

ਸਤਿਗੁਰੂ ਜੀ ਅਕਾਲ ਪੁਰਖ ਦੇ ਦਰ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਵੇਈਂ ਨਦੀ ਵਿੱਚੋਂ ਪ੍ਰਗਟ ਹੋਏ। ਸਤਿਗੁਰੂ ਜੀ ਦਾ ਅਨਨਯ ਸਿੱਖ ਭਾਈ ਭਾਗੀਰਥ ਸ਼ਰਧਾ ਪੂਰਵਕ ਤਿੰਨ ਦਿਨ ਤੋਂ ਸਤਿਗੁਰੂ ਜੀ ਦੇ ਦਰਸ਼ਨ ਲਈ ਇਕਾਗਰ ਚਿੱਤ ਨਦੀ ਕਿਨਾਰੇ ਖੜ੍ਹਾ ਰਿਹਾ। ਸਤਿਗੁਰੂ ਜੀ ਨੇ ਪ੍ਰਸੰਨਤਾ ਪੂਰਬਕ ਸ਼ਰਧਾ ਭਗਤੀ ਵੇਖ ਕੇ ਭਾਈ ਭਾਗੀਰਥ ਨੂੰ ਮੂਲ ਮੰਤ੍ਰ ਤੇ ਨਿਰਮਲ ਭੇਖ ਦੇ ਕੇ ਨਿਵਾਜਿਆ। ਇਸ ਤਰ੍ਹਾਂ ਪਹਿਲਾ ਨਿਰਮਲਾ ਸੰਤ ਭਾਈ ਭਾਗੀਰਥ ਹੋਇਆ ਹੈ। ਭਾਈ ਭਾਗੀਰਥ ਜੀ ਨੇ ਸਤਿਗੁਰੂ ਜੀ ਦੀ ਉਸਤਤੀ ਵਿੱਚ ਇੱਕ ਵਾਰ ਵੀ ਲਿਖੀ ਹੈ, ਜਿਸ ਵਿੱਚੋਂ ਕੁਝ ਪੰਕਤੀਆਂ ਅੰਕਿਤ ਕਰਦੇ ਹਾਂ:

---

* ਪਿੰਡ ਤੇ ਡਾਕ. ਕੋਠਾ ਗੁਰੂ, ਜ਼ਿਲ੍ਹਾ ਬਠਿੰਡਾ 151206

*''ਬਾਬਾ ਬੇਂਈ ਨਾਇ ਕੈ ਸੱਚਖੰਡ ਮੇਂ ਪਹੁਤਾ ਜਾਈ ।*
*ਬੇਂਈ ਵਿਚੋਂ ਨਿਕਲੇ ਰੰਗ ਮਜੀਠੀ ਬਸਨ ਧਰਾਈ ।*
*ਬੈਠੇ ਕਬਰ ਸਥਾਨ ਮੇਂ ਦਰਸ਼ਨ ਕਉ ਉਲਟੀ ਲੋਕਾਈ ।*
*ਵਾਹਿਗੁਰੂ ਸਤਿਨਾਮੁ ਦੈ, ਚਾਰਿ ਬੇਦ ਕਉ ਸਾਰਿ ਬਤਾਈ ।*
*ਖੰਡ ਬ੍ਰਹਮੰਡੀ ਸੈਲ ਕਰ ਭਵ ਨਿਧ ਤਾਰੀ ਖਲਕ ਸਬਾਈ ।*
*ਨਿਰਮਲ ਪੰਥੁ ਚਲਾਇਆ ਏਕ ਬਿਵੇਕ ਭਗਤਿ ਦ੍ਰਿੜਾਈ ।*
*ਸਾਧਨ ਕਠਿਨ ਛਡਾਇ ਕੈ ਗੁਰ ਸਿੱਖੀ ਦੀ ਰੀਤਿ ਚਲਾਈ ।*
*ਕਲਿਜੁਗ ਨਾਨਕ ਕਲਾ ਦਿਖਾਈ ।''* *(ਵਾਰ ਪਉੜੀ ਤੇਰਵੀਂ)*

ਇਸ ਤਰ੍ਹਾਂ ਨਿਰਮਲ ਭੇਖ ਨੂੰ ਸਤਿਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤਾ, ਜੋ ਦਸਮ ਪਾਤਸ਼ਾਹ ਤੱਕ ਵਿਧੀਵਤ ਦਸਾਂ ਸਤਿਗੁਰੂਆਂ ਦੀ ਆਗਿਆ ਅਨੁਸਾਰ ਦੇਸਾਂ-ਪ੍ਰਦੇਸਾਂ ਵਿੱਚ ਧਰਮ ਪ੍ਰਚਾਰ ਕਰਦਾ ਰਿਹਾ ।

ਨਿਰਮਲ ਸ਼ਬਦ ਦਾ ਅਰਥ ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ ਇਸ ਤਰ੍ਹਾਂ ਕੀਤਾ ਹੈ :

ਨਿਰਮਲ-ਮੈਲ ਰਹਿਤ, ਪ੍ਰਕਾਸ਼, ਉਜਾਲਾ, ਰੌਸ਼ਨ, ਕਲੰਕ ਰਹਿਤ, ਸ੍ਰੇਸ਼ਟਾਚਾਰੀ, ਨਿਰਵੈਰ, ਅਵਿਦਿਆ, ਮੈਲ ਰਹਿਤ, ਨਿਰਮਲ ਧਰਮ, ਖ਼ਾਲਸਾ ਧਰਮ, ਸਿੱਖ ਧਰਮ । ਨਿਰਮਲ ਪੰਥ ਸਿੱਖ ਸੰਪ੍ਰਦਾਏ *'ਅਹਿਨਿਸ ਨਵਤਨ ਨਿਰਮਲਾ ਮੈਲ ਨ ਕਬਹੂ ਹੋਇ ।'* ਸਿੱਖ ਧਰਮ ਧਾਰਨ ਵਾਲਾ ਗੁਰੂ ਨਾਨਕ ਦਾ ਸਿੱਖ *'ਸਾਧ ਸੰਗ ਹੋਏ ਨਿਰਮਲਾ ਨਾਨਕ ਪ੍ਰਭ ਕੇ ਰੰਗ'*, *'ਸਬਦ ਰਤੇ ਸੇ ਨਿਰਮਲੇ ।'*

ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤਿ ਗੁਰੂ ਗੋਬਿੰਦ ਸਿੰਘ ਜੀ ਸਰਬ ਕਲਾ ਅਵਤਾਰ ਸਨ । ਹਿੰਦੂ ਧਰਮ ਦੀ ਰੱਖਿਆ, ਭਾਰਤੀ ਸੰਸਕ੍ਰਿਤੀ, ਸਭਿਆਚਾਰ ਦੀ ਰੱਖਿਆ ਦਾ ਉਪਦੇਸ਼ ਦਿੱਤਾ । ਆਪ ਇਸ ਕਾਰਜ ਦੀ ਪੂਰਤੀ ਵਾਸਤੇ ਮਨ, ਬਾਣੀ, ਕਰਮ ਕਰਕੇ ਦ੍ਰਿੜ੍ਹ ਹੋ ਗਏ । ਭਾਰਤੀਆਂ ਵਿੱਚ ਜੋ ਕਾਇਰਤਾ/ਨਿਪੁੰਸਕਤਾ ਘਰ ਕਰ ਚੁੱਕੀ ਸੀ, ਉਸ ਨੂੰ ਖ਼ਤਮ ਕਰਨ ਦਾ ਨਿਰਣੈ ਕਰਕੇ ਦੇਸ਼ ਦੀ ਜਨ-ਸਾਧਾਰਨ ਜਨਤਾ ਵਿੱਚ ਸ੍ਵੈ-ਵਿਸ਼ਵਾਸ, ਸ੍ਵੈਮਾਨ, ਦ੍ਰਿੜ੍ਹਤਾ, ਆਤਮ ਬਲ ਭਰਨ ਲਗੇ । ਭਾਰਤੀਆਂ ਵਿੱਚ ਅਣਖ-ਗ਼ੈਰਤ ਪੈਦਾ ਕਰਨ ਵਾਸਤੇ ਸ੍ਰੀ ਗੁਰੂ ਅਰਜਨ ਦੇਵ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਬਲੀਦਾਨ ਦਿੱਤਾ ਸੀ । ਇਸੇ ਕਾਰਜ ਨੂੰ ਅੱਗੇ ਤੋਰਨ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਵਿੱਚ ਸਾਸਤ੍ਰ ਅਤੇ ਸ਼ਸਤਰ ਦਾ ਏਕੀਕਰਨ ਕੀਤਾ । ਆਪ ਸ੍ਵਯੰ ਔਜ ਪੂਰਨ ਬਾਣੀ ਦਾ ਉਚਾਰਨ ਕਰਦੇ ਸਨ । ਆਪ ਜੀ ਦੇ ਦਰਬਾਰ ਵਿੱਚ ਬ੍ਰਜ ਭਾਸ਼ਾ, ਹਿੰਦੀ, ਪੰਜਾਬੀ, ਫ਼ਾਰਸੀ ਅਤੇ ਅਰਬੀ ਦੇ ਵਿਦਵਾਨ, ਆਲਮ ਫ਼ਾਜ਼ਲ ਮੌਜੂਦ ਸਨ ਪਰ ਆਪ ਪੁਰਾਤਨ ਭਾਰਤੀਯ ਦਰਸ਼ਨ, ਸਾਹਿੱਤ, ਕਾਵਿ, ਇਤਿਹਾਸ ਦੇ ਅਧਿਐਨ ਵਾਸਤੇ ਸੰਸਕ੍ਰਿਤ ਦਾ ਪੜ੍ਹਨਾ ਜ਼ਰੂਰੀ ਸਮਝਦੇ ਸਨ ।

ਗੁਰੂ ਜੀ ਦੇ ਦਰਬਾਰ ਵਿੱਚ ਪੰਡਿਤ ਰਘੂਨਾਥ ਸੰਸਕ੍ਰਿਤ ਗ੍ਰੰਥਾਂ ਦੀ ਕਥਾ ਕਰਦਾ ਸੀ । ਸਤਿਗੁਰੂ ਜੀ ਨੇ ਪੰਡਿਤ ਜੀ ਨੂੰ ਕਿਹਾ ਕਿ ਉਹ ਸਿੱਖਾਂ ਨੂੰ ਸੰਸਕ੍ਰਿਤ ਵੀ ਪੜ੍ਹਾਇਆ ਕਰਨ । ਪਰ ਪੰਡਿਤ ਜੀ ਨੇ ਸਿੱਖਾਂ ਨੂੰ ਵਿੱਦਿਆ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ ਕਿ ਸਿੱਖ ਨੀਵੀਂ ਜਾਤੀ

(ਸ਼ੂਦ੍ਰਾਂ) ਵਿੱਚੋਂ ਹਨ। ਬ੍ਰਾਹਮਣ ਨਹੀਂ ਹਨ ਅਤੇ ਨਾ ਹੀ ਕਸ਼ਤ੍ਰੀ ਹਨ। ਇਸ ਵਾਸਤੇ ਸਿੱਖ, ਦੇਵਭਾਸ਼ਾ (ਵੇਦ) ਬਾਣੀ ਪੜ੍ਹਨ ਦੇ ਅਧਿਕਾਰੀ ਨਹੀਂ ਹਨ।

ਸਤਿਗੁਰੂ ਜੀ ਨੇ ਪੰਡਿਤ ਰਘੂਨਾਥ ਦੀ ਇਹ ਨਿਰਾਰਥਕ ਤਰਕ ਸੁਣਕੇ ਫ਼ੁਰਮਾਇਆ, ''ਪੰਡਿਤ ਜੀ, ਜਿਨ੍ਹਾਂ ਨੂੰ ਤੁਸੀਂ ਸ਼ੂਦ੍ਰ ਕਹਿੰਦੇ ਹੋ, ਇਨ੍ਹਾਂ ਸਿੱਖਾਂ ਦੇ ਚਰਨਾਂ ਵਿੱਚ ਬੈਠ ਕੇ ਵੱਡੇ-ਵੱਡੇ ਬ੍ਰਾਹਮਣ ਵੇਦ, ਸ਼ਾਸਤ੍ਰ ਆਦਿ 14 ਵਿੱਦਿਆ ਪੜ੍ਹਨਗੇ। ਇਹ ਸਿੱਖ ਬ੍ਰਾਹਮਣਾਂ ਦੇ ਵਿਦਿਆ ਗੁਰੂ ਹੋਣਗੇ।'' ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

*''ਬੋਲੇ ਗੁਰ ਸੁਨਿ ਦੁਜ ਕੀ ਬਾਨੀ। ਹੇ ਦੁਜ ਮਹਾਂ ਮੂਢ ਅਭਿਮਾਨੀ ॥*
*ਜੋ ਬਿੱਦਿਆ ਪਢਿ ਤੂੰ ਗਰਬੈ ਹੈਂ। ਮਮ ਸਿੱਖਨ ਕੋ ਸੂਦਰ ਕਹੈਂ ॥*
*ਇਨ ਹੀ ਮੇਰੇ ਸਿੱਖਨ ਤੈ ਲਖਿ। ਬਿਦਯਾ ਬੇਦ ਪਢੈਂਗੇ ਦੁਜ ਦਖ ॥*
*ਨਿਗਮਾਗਮ ਲੌ ਚੌਦਯ ਬਿਦਯਾ। ਮੈਂ ਨਿਜ ਪੰਥੈ ਦਈ ਪ੍ਰਸਿੱਧਯਾ ॥*
*ਜਿਨ ਕੋ ਤੂੰ ਸੂਦਰ ਬਤਰੈਹੈਂ। ਬਿਦਯਾ ਗੁਰੁ ਦਿੱਜਨ ਇਹ ਥੈਹੈਂ।''*
*(ਪੰਥ ਪ੍ਰਕਾਸ਼ ਪੰਨਾ ੨੭੮੭)*

**ਪੰਜ ਸੰਤਾਂ ਨੂੰ ਸੰਸਕ੍ਰਿਤ ਪੜ੍ਹਨ ਵਾਸਤੇ ਕਾਸ਼ੀ ਭੇਜਣਾ**

ਕੁਝ ਸਮੇਂ ਬਾਅਦ 1686 ਈ: ਨੂੰ ਸਤਿਗੁਰੂ ਜੀ ਨੇ ਵਿਸ਼ੇਸ਼ ਸਮਾਗਮ ਬੁਲਾਇਆ, ਜਿਸ ਵਿੱਚ ਦੂਰ-ਨੇੜੇ ਦੀ ਸਮੂਹ ਸੰਗਤ ਇਕੱਤਰ ਹੋਈ। ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਸਤਿਗੁਰੂ ਜੀ ਨੇ ਸਦ-ਉਪਦੇਸ਼ ਦਿੰਦੇ ਹੋਏ ਵਿਦਿਆ ਦੀ ਮਹਾਨਤਾ ਦੀ ਵਿਆਖਿਆ ਵੀ ਕੀਤੀ ਅਤੇ ਸਰਬੱਤ ਨੂੰ ਵਿਦਿਆ ਪ੍ਰਾਪਤ ਕਰਨ ਦਾ ਉਪਦੇਸ਼ ਦਿੱਤਾ। ਨਾਲ ਹੀ ਗੁਰਬਾਣੀ ਅਤੇ ਭਾਸ਼ਾ ਦੇ ਪੰਜ ਪ੍ਰਸਿੱਧ ਵਿਦਵਾਨਾਂ ਨੂੰ ਆਵਾਜ਼ ਦੇ ਕੇ ਖੜ੍ਹੇ ਹੋਣ ਦਾ ਆਦੇਸ਼ ਦਿੱਤਾ। ਇਹ ਪੰਜੇ ਵਿਦਵਾਨ - ਸੰਤ ਕਰਮ ਸਿੰਘ ਜੀ, ਸੰਤ ਰਾਮ ਸਿੰਘ ਜੀ, ਸੰਤ ਗੰਡਾ ਸਿੰਘ ਜੀ, ਸੰਤ ਵੀਰ ਸਿੰਘ ਜੀ, ਸੰਤ ਸੈਣਾ ਸਿੰਘ ਜੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹੱਥ ਜੋੜ ਕੇ ਖੜ੍ਹੇ ਹੋ ਗਏ।

ਇਨ੍ਹਾਂ ਦੀ ਚੋਣ ਸਤਿਗੁਰੂ ਜੀ ਨੇ ਇਸ ਵਾਸਤੇ ਕੀਤੀ ਸੀ ਕਿ ਇਨ੍ਹਾਂ ਨੂੰ ਵਿਦਿਆ ਨਾਲ ਅਨੁਰਾਗ ਸੀ। ਬੁੱਧੀ ਸੂਖ਼ਮ ਸੀ, ਗ੍ਰੰਥਾਂ ਦੇ ਅਤਿ ਗੂੜ੍ਹ ਵਿਸ਼ਿਆਂ, ਪਦਾਰਥਾਂ ਨੂੰ ਸਮਝਣ ਦੀ ਸਮਰੱਥਾ ਰੱਖਦੇ ਸਨ। ਭਾਸ਼ਾ ਦੇ ਪਹਿਲਾਂ ਹੀ ਵਿਦਵਾਨ ਸਨ। ਨਵਯੁਵਕ ਸਨ, ਸੈਲਾਨੀ ਸੁਭਾਉ ਸੀ ਅਤੇ ਉੱਚੇ ਆਚਰਣ ਦੇ ਮਾਲਕ ਸਨ। ਸਤਿਗੁਰੂ ਜੀ ਦੇ ਆਗਿਆਕਾਰ ਸਨ। ਆਵਾਜ਼ ਸੁਣ ਕੇ ਚਰਨਾਂ ਵਿੱਚ ਹਾਜ਼ਿਰ ਹੋ ਕੇ ਨਮਸਕਾਰ ਕਰਕੇ ਖੜ੍ਹੇ ਹੋ ਗਏ। ਦੀਵਾਨ ਖਚਾ-ਖਚ ਭਰਿਆ ਹੋਇਆ ਸੀ। ਸੰਗਤ ਸਾਹ ਰੋਕ ਕੇ ਹੁਕਮ ਸੁਣਨ ਵਾਸਤੇ ਕਾਹਲੀ ਸੀ।

ਸਤਿਗੁਰੂ ਜੀ ਨੇ ਫ਼ੁਰਮਾਇਆ, ''ਤੁਹਾਨੂੰ ਸੰਸਕ੍ਰਿਤ ਪੜ੍ਹਨ ਵਾਸਤੇ ਕਾਸ਼ੀ ਜੀ ਨੂੰ ਭੇਜ ਰਹੇ ਹਾਂ। ਕਖਾਏ ਵਸਤਰ ਧਾਰਨ ਕਰਕੇ ਸੰਨਿਆਸੀ ਰੂਪ ਵਿੱਚ, ਵੇਦ/ਸ਼ਾਸਤ੍ਰਾਂ ਦੀ ਸੰਸਕ੍ਰਿਤੀ ਵਿੱਚ ਸਾਰੀ ਵਿਦਿਆ ਪ੍ਰਾਪਤ ਕਰੋ। ਅੱਜ ਹੀ ਸਾਰੀ ਤਿਆਰੀ ਕਰ ਕੇ ਅੰਮ੍ਰਿਤ ਵੇਲੇ ਯਾਤਰਾ ਆਰੰਭ ਦੇਣੀ, ਡੋਲਣਾ ਨਹੀਂ, ਸਤਿਗੁਰੂ ਅੰਗ-ਸੰਗ ਹਨ। ਜੋ ਵਿਦਿਆ ਜਨ-ਸਾਧਾਰਨ 12 ਵਰਸ਼ਾਂ ਵਿੱਚ ਪ੍ਰਾਪਤ ਕਰਦੇ ਹਨ, ਉਹ ਵਿਦਿਆ 12 ਮਹੀਨਿਆਂ ਵਿੱਚ ਪ੍ਰਾਪਤ ਕਰ ਲਵੋਗੇ। ਸਾਡੇ ਇਸ ਵਰਦਾਨ ਨਾਲ ਦੇਸ਼ ਦੇ ਧੁਰੰਧਰ ਪੰਡਿਤ ਬਣੋਗੇ। ਅੱਗੇ ਇਸ ਵਿਦਿਆ ਨੂੰ ਪੰਥ ਵਿੱਚ ਪ੍ਰਚਾਰਨਾ।

ਜਿਸ ਤਰ੍ਹਾਂ ਦੀ ਤੁਹਾਡੀ ਨਿਰਮਲ ਬੁੱਧੀ ਹੈ, ਇਸ ਤਰ੍ਹਾਂ ਨਿਰਮਲੇ ਬਣ ਕੇ ਰਹਿਣਾ, ਜਾਓ!'' ਪੰਜਾਂ ਦੇ ਸਿਰ ਸਤਿਗੁਰੂ ਜੀ ਦੇ ਪਾਵਨ ਚਰਨਾਂ ਵਿੱਚ ਝੁਕ ਗਏ।

ਦੂਸਰੇ ਦਿਨ ਭਗਵੇਂ ਵਸਤਰ ਧਾਰਨ ਕਰਕੇ, ਗਾਤੀਆਂ ਲਾ ਕੇ, ਚਿੱਪੀਆਂ ਲੈ ਕੇ, ਪੰਜੇ ਸੰਤ ਕਾਸ਼ੀ ਜੀ ਜਾਣ ਵਾਸਤੇ ਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਏ। ਸਤਿਗੁਰੂ ਜੀ ਵੇਖ ਕੇ ਪਰਮ ਪ੍ਰਸੰਨ ਹੋਏ ਅਤੇ ਅਨੇਕ ਆਸ਼ੀਰਵਾਦ ਦੇ ਕੇ ਕਾਸ਼ੀ ਜੀ ਨੂੰ ਜਾਣ ਦੀ ਇਸ ਤਰ੍ਹਾਂ ਆਗਿਆ ਕੀਤੀ ਤੇ ਫ਼ੁਰਮਾਇਆ :

*''ਜਾਓ! ਮੇਰੇ ਲਾਲ ਪਾਲ ਕਰ ਹੈ ਅਕਾਲ ਥਾਰੀ,*
*ਸਾਰੀ ਸੁਖ ਸੰਪਦਾ ਮੈਂ ਵਾਰੀ ਸਿਰ ਥਾਰੇ ਪੈ।*
*ਕਾਮ ਕ੍ਰੋਧ ਲੋਭ ਤਯਾਗ ਸਾਗ ਪਾਤ ਖਾਇ ਬਹ,*
*ਬਟ ਹੂੰ ਕੀ ਛਾਯਾ ਅਥਾ ਸੁੰਨੇ ਘਰ ਢਾਰੇ ਪੈ।*
*ਬ੍ਰਹਮਚਾਰੀ ਰੀਤਿ ਜੋਈ ਹੋਈ ਵਿਪ੍ਰੀਤ ਸੋਈ,*
*ਸੋਈ ਅਬ ਪ੍ਰਗਟੀ ਧੋ ਦੇਸ ਇਸ ਸਾਰੇ ਪੈ।*
*ਵਰਣ ਤੁਮਾਰੇ ਅਬ ਆਸ਼੍ਰਮ ਸੰਨਯਾਸ ਭਯੋ,*
*ਲਯੋ ਹੈ ਅਰੂਜ ਪਦ ਊਚ ਚੰਦ ਤਾਰੇ ਪੈ।''*

ਇਸ ਤਰ੍ਹਾਂ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਕੇ ਨਮਸਕਾਰ ਅਤੇ ਪਰਿਕ੍ਰਮਾ ਕਰਕੇ ਇਹ ਪੰਜੇ ਸੰਤ ਕਾਸ਼ੀ ਜੀ ਨੂੰ ਚਲੇ ਗਏ। ਕਾਸ਼ੀ ਜੀ ਪਹੁੰਚ ਕੇ ਜਤਨੇ ਬ੍ਰਾਹਮਣ ਦੇਬਟ (ਬੋਹੜ) ਹੇਠ ਜਾ ਕੇ ਆਸਨ ਲਾਏ, ਘਾਸ ਦੀ ਛੰਨ (ਛੱਪਰੀ) ਬਣਾ ਕੇ ਰਹਿਣ ਲੱਗੇ। ਇਹ ਜਤਨ ਮੱਠ ਪ੍ਰਸਿੱਧ ਨਾਉਂ 'ਚੇਤੰਨ ਮੱਠ' ਨਿਰਮਲ ਪੰਥ ਦਾ ਪ੍ਰਸਿੱਧ ਇਤਿਹਾਸਕ ਸਥਾਨ ਹੈ।

ਛੇਤੀ ਹੀ ਪੰਡਿਤ ਸਦਾ ਨੰਦ ਜੀ ਕੋਲ ਪੜ੍ਹਨ ਦਾ ਪ੍ਰਬੰਧ ਹੋ ਗਿਆ। ਪੰਡਿਤ ਸਦਾ ਨੰਦ ਜੀ ਕਾਸ਼ੀ ਦੇ ਮੰਨੇ-ਪ੍ਰਮੰਨੇ ਅਧਿਆਪਕ ਸਨ। ਸਤੋਗੁਣੀ, ਕੋਮਲ, ਨਿਮਰ ਸੁਭਾਅ ਸੀ। ਵਿਦਿਆਰਥੀਆਂ ਨਾਲ ਹਿਤ ਕਰਨ ਵਾਲੇ ਸਨ। ਜਿਸ ਤਰ੍ਹਾਂ ਦੇ ਯੋਗ ਅਧਿਆਪਕ ਸਨ, ਇਸੀ ਤਰ੍ਹਾਂ ਦੇ ਵਿਦਿਆ ਅਨੁਰਾਗੀ ਪੰਜੇ ਵਿਦਿਆਰਥੀ ਸਨ, ਜੋ ਅਮੋਲਕ ਸਮੇਂ ਨੂੰ ਵਿਦਿਆ ਅਧਿਐਨ ਵਿੱਚ ਬਤੀਤ ਕਰਦੇ ਸਨ। ਹਾਸ-ਬਿਲਾਸ, ਨ੍ਰਿਤ, ਗੀਤ ਵਿੱਚ ਸਮਾਂ ਲਾਉਣਾ ਘਾਤਕ ਸਮਝਦੇ ਸਨ। ਹਰ ਤਰ੍ਹਾਂ ਦੇ ਸੁੱਖ-ਸਵਾਦ ਤੋਂ ਦੂਰ ਰਹਿੰਦੇ ਸਨ। ਇਕਾਗਰ ਮਨ ਨਾਲ ਕੇਵਲ ਇਕੋ ਆਦਰਸ਼ ਮੁੱਖ ਰੱਖਿਆ ਸੀ ਕਿ ਵੱਧ ਤੋਂ ਵੱਧ ਵਿਦਿਆ ਅਧਿਐਨ ਕੀਤਾ ਜਾਵੇ।

ਕਾਸ਼ੀ ਵਿੱਚ ਇਹ ਗੱਲ ਪ੍ਰਸਿੱਧ ਹੋ ਗਈ ਕਿ ਨਵੇਂ ਆਏ ਪੰਜੇ ਪੰਜਾਬੀ ਸੰਤ ਕੋਈ ਚਮਤਕਾਰੀ ਵਿਅਕਤੀ ਸਨ। ਜੋ ਵਿਦਿਆ ਕਈ ਵਰਸ਼ਾਂ ਵਿੱਚ ਪੜ੍ਹੀ ਜਾ ਸਕਦੀ ਹੈ, ਉਹ ਉਨ੍ਹਾਂ ਨੇ ਥੋੜ੍ਹੇ ਸਮੇਂ ਵਿੱਚ ਪ੍ਰਾਪਤ ਕਰ ਲਈ। ਇਸ ਦਾ ਕਾਰਣ ਇਹ ਸੀ - ਸਤਿਗੁਰੂ ਦਾ ਵਰਦਾਨ ਹੋਣਾ, ਵਿਦਿਆ ਦਾਤਾ ਦੇ ਪੜ੍ਹਾਉਣ ਦਾ ਢੰਗ, ਪੜ੍ਹਨ ਦਾ ਅਣਥੱਕ ਅਭਿਆਸ, ਧਰਮ ਪ੍ਰਚਾਰ ਦੀ ਲਗਨ, ਪੰਥ ਵਿੱਚ ਸੰਸਕ੍ਰਿਤ ਵਿਦਿਆ ਦੇ ਪਰਿਵ੍ਰਿਤ ਕਰਨ ਦਾ ਉਤਸ਼ਾਹ। ਇਸ ਕਰਕੇ ਇਹ ਪੰਜੇ ਸੰਤ ਵਿਆਕਰਣ, ਵੇਦ, ਵੇਦਾਂਗ, ਨਯਾਯ, ਵੇਦਾਂਤ ਆਦਿਕ ਸਰਵ

ਵਿਦਿਆ ਦੇ ਪ੍ਰਕਾਂਡ ਪੰਡਿਤ ਬਣ ਗਏ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

*''ਪਹੁੰਚੇ ਕਾਂਸ਼ੀ ਪੁਰੀ ਉਦਾਰੇ। ਚੇਤਨ ਮਠ ਮੈਂ ਰਹੇ ਵਿਚਾਰੇ।*
*ਸਾਧ ਨਿਰਮਲੇ ਤਹਿ ਬਿਦਤਾਏ। ਵਿਦਯਾ ਪਢੀ ਅਧਿਕ ਮਨ ਲਾਏ।''*

ਸ੍ਰੀ ਅਨੰਦਪੁਰ ਸਾਹਿਬ ਬੈਕੁੰਠ ਧਾਮ ਬਣਿਆ ਹੋਇਆ ਹੈ। ਸੰਗਤਾਂ ਦੀ ਆਵਾਜਾਈ, ਸਤਿਗੁਰੂ ਜੀ ਦੇ ਦਰਸ਼ਨ, ਉਪਦੇਸ਼, ਕਥਾ-ਕੀਰਤਨ, ਕਵੀਆਂ ਦੀਆਂ ਨਵੀਆਂ-ਨਵੀਆਂ ਕਵਿਤਾਵਾਂ ਅਤੇ ਕਵੀ ਦਰਬਾਰ, ਅੰਮ੍ਰਿਤਧਾਰੀ ਸਿੰਘਾਂ ਦੇ ਜੰਗੀ ਅਭਿਆਸ, ਪਾਉਂਟਾ ਸਾਹਿਬ ਦੀ ਤਰ੍ਹਾਂ ਸ੍ਰੀ ਅਨੰਦਪੁਰ ਵੀ ਵਿਦਿਆ ਦਾ ਸੁਮੇਲ ਬਣਿਆ ਹੋਇਆ ਹੈ। ਇੱਕ ਦੂਸਰੇ ਪ੍ਰਤੀ ਪ੍ਰੇਮ ਭਾਵ ਅਤੇ ਸ਼ਰਧਾ ਵੇਖਣ ਵਾਲੀ ਹੈ।

ਪਾਉਂਟਾ ਸਾਹਿਬ ਵਿੱਚ ਸੰਨ 1686 ਈ. ਨੂੰ ਪੰਜ ਸੰਤਾਂ - ਭਾਈ ਕਰਮ ਸਿੰਘ, ਭਾਈ ਰਾਮ ਸਿੰਘ, ਭਾਈ ਗੰਡਾ ਸਿੰਘ, ਭਾਈ ਵੀਰ ਸਿੰਘ ਅਤੇ ਭਾਈ ਸੈਣਾ ਸਿੰਘ ਜੀ ਦੀ ਚੋਣ ਹੋਈ ਸੀ। ਇਹ ਸਤਿਗੁਰੂ ਜੀ ਨੇ ਪਹਿਲੇ ਹੀ ਸੋਚ ਸਮਝ ਕੇ ਸੰਗਤ ਵਿੱਚੋਂ ਨਾਉਂ ਲੈ ਕੇ ਚੁਣੇ ਸਨ। ਇਹ ਉਨ੍ਹਾਂ ਵਿਅਕਤੀਆਂ ਦੀ ਚੋਣ ਕੀਤੀ ਸੀ ਜੋ ਵਿਵੇਕ ਬੁੱਧੀ ਵਾਲੇ ਸਨ, ਭਾਸ਼ਾ ਅਤੇ ਗੁਰਬਾਣੀ ਦੇ ਵਿਦਵਾਨ ਸਨ, ਜਿਨ੍ਹਾਂ ਨੂੰ ਪਠਨ-ਪਾਠਨ ਦਾ ਹੀ ਪ੍ਰੇਮ ਸੀ। ਵਿਦਿਆ ਅਨੁਰਾਗੀ ਹੋਣ ਕਰਕੇ ਸੰਸਕ੍ਰਿਤ (ਵੇਦ, ਵੇਦਾਂਤ, ਸ਼ਾਸਤ੍ਰ, ਵਿਆਕਰਣ, ਉਪਨਿਸ਼ਦ, ਪੁਰਾਣ, ਰਾਮਾਇਣ, ਮਹਾਂਭਾਰਤ) ਪੜ੍ਹਨ ਵਾਸਤੇ ਕਾਂਸ਼ੀ ਜੀ ਭੇਜਿਆ ਸੀ। ਇਨ੍ਹਾਂ ਪੰਜਾਂ ਦੀ ਘਾਲਣਾ ਵੀ ਪੰਜ ਪਿਆਰਿਆਂ ਵਰਗੀ ਮਹਾਨ ਹੈ, ਜੋ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਜੰਗਲਾਂ, ਪਹਾੜਾਂ, ਨਦੀਆਂ ਵਿੱਚ ਦੀ ਕਾਸ਼ੀ ਵਿਖੇ ਵਰਸ਼ਾਂ-ਬੱਧੀ ਗਰਮੀ, ਸਰਦੀ, ਭੁੱਖ, ਪਿਆਸ ਸਹਿੰਦੇ ਹੋਏ ਕੇਵਲ ਵਿਦਿਆ ਪ੍ਰਾਪਤ ਕਰਦੇ ਰਹੇ। ਇਨ੍ਹਾਂ ਪੰਜਾਂ ਨੂੰ ਵੀ ਸਤਿਗੁਰੂ ਜੀ ਨੇ ਪੰਜ ਪਿਆਰਿਆਂ ਦੀ ਤਰ੍ਹਾਂ ਪਰਮ ਸਤਿਕਾਰ ਦਿੱਤਾ।

ਪਾਉਂਟਾ ਸਾਹਿਬ ਦੀ ਚੋਣ ਤੋਂ 13 ਵਰਸ਼ ਮਗਰੋਂ ਸੰਨ 1699 ਈ: ਵਿੱਚ ਸ੍ਰੀ ਅਨੰਦਪੁਰ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਪੰਜ ਪਿਆਰਿਆਂ ਦੀ ਚੋਣ ਕਰਕੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਗਈ।

ਇਕਨਾਂ ਨੂੰ ਸ਼ਾਸਤ੍ਰ ਵਿਦਿਆ ਬਖ਼ਸ਼ੀ, ਇਕਨਾਂ ਨੂੰ ਸ਼ਸਤ੍ਰ ਵਿਦਿਆ ਬਖ਼ਸ਼ੀ। ਧਰਮ ਦੇ ਉਪਦੇਸ਼ਕਾਂ ਨੂੰ ਸ਼ਾਸਤ੍ਰ ਵਿੱਚ ਨਿਪੁੰਨ ਕੀਤਾ ਅਤੇ ਧਰਮ ਦੇ ਰੱਖਿਅਕਾਂ ਨੂੰ ਸ਼ਸਤ੍ਰ ਵਿੱਚ ਪ੍ਰਵੀਨ ਕੀਤਾ। ਕਲਗੀਧਰ ਪਿਤਾ ਦੇ ਅਨੇਕ ਤਰ੍ਹਾਂ ਦੇ ਚਰਿਤ੍ਰ, ਅਨੰਦਪੁਰ ਦੀਆਂ ਰੌਣਕਾਂ, ਵਿਦਵਾਨਾਂ ਦੀਆਂ ਗੋਸ਼ਟੀਆਂ, ਕਵੀ ਦਰਬਾਰਾਂ ਦੇ ਸਮਾਚਾਰ ਸੁਣ ਕੇ ਪੰਜੇ ਸੰਤਾਂ ਦੇ ਮਨ ਵੀ ਗੁਰੂ ਜੀ ਦੇ ਦਰਸ਼ਨਾਂ ਲਈ ਕਾਹਲੇ ਹੋ ਗਏ। ਵਿਦਿਆ ਵਿੱਚ ਪੂਰਣਤਾ ਪ੍ਰਾਪਤ ਕਰ ਚੁੱਕੇ ਸਨ। ਇਸ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਪੁੱਜਣ ਦਾ ਨਿਰਣੈ ਕਰ ਲਿਆ। ਵਿਦਿਆ ਦਾਤਾ ਪੰਡਿਤ ਸਦਾ ਨੰਦ ਜੀ ਨੂੰ ਸਾਰੀ ਗੱਲ ਦੱਸ ਕੇ ਪੰਜਾਬ ਜਾਣ ਦੀ ਆਗਿਆ ਮੰਗੀ, ਜੋ ਪੰਡਿਤ ਜੀ ਨੇ ਸੁਹਰਸ਼ ਪ੍ਰਵਾਨ ਕੀਤੀ। ਸੰਤਾਂ ਦੇ 13 ਵਰਸ਼ ਦੇ ਨਿਵਾਸ ਨਾਲ ਚੇਤਨ ਮਠ ਨਿਰਮਲਿਆਂ ਦਾ ਆਸ਼ਰਮ ਪ੍ਰਸਿੱਧ ਹੋ ਚੁੱਕਾ ਸੀ। ਇਸ ਵਾਸਤੇ ਇਥੋਂ ਦਾ ਪ੍ਰਬੰਧ ਸੰਤ ਕਰਮ ਸਿੰਘ ਜੀ ਦੇ ਸ਼ਿਸ਼ ਸੰਤ ਜੈ ਰਾਮ ਜੀ ਨੂੰ ਸੰਭਾਲ ਕੇ ਵਿਦਿਆ ਦਾਤਾ ਨੂੰ ਨਮਸਕਾਰ, ਪਰਿਕ੍ਰਮਾ ਕਰਕੇ ਸਤਿਗੁਰੂ ਅਗੇ ਅਰਦਾਸ ਕਰਕੇ ਪੰਜਾਬ ਨੂੰ ਤੁਰ ਪਏ ਜੋ ਕਾਫ਼ੀ ਸਮੇਂ ਵਿੱਚ ਧੀਰੇ-ਧੀਰੇ ਚੱਲ ਕੇ ਅੰਮ੍ਰਿਤ ਵੇਲੇ ਸ੍ਰੀ ਅਨੰਦਪੁਰ ਸਾਹਿਬ ਪੁੱਜ ਗਏ।

ਸਤਿਗੁਰੂ ਜੀ ਦਾ ਦਰਬਾਰ ਸਜਿਆ ਹੋਇਆ ਹੈ। ਅਪਾਰ ਸੰਗਤ ਸਦ-ਉਪਦੇਸ਼ ਸ਼ਰਵਨ ਕਰ ਰਹੀ ਹੈ। ਪੰਜ ਪਿਆਰੇ ਮੰਚ ਦੇ ਨਜ਼ਦੀਕ ਸਤਿਗੁਰੂ ਜੀ ਦੇ ਚਰਨਾਂ ਵਿੱਚ ਸੁਸ਼ੋਭਿਤ ਹਨ। ਸੂਰਬੀਰ ਸ਼ਸਤ੍ਰਧਾਰੀ ਸਿੰਘ, 'ਬੀਰ ਆਸਨ' ਬੈਠੇ ਹਨ।

ਪੰਜੇ ਸੰਤ ਭਗਵੀਆਂ ਗਾਤੀਆਂ ਲਾਈ, ਪਊਏ ਪਹਿਨੀ, ਹੱਥ ਵਿੱਚ ਚਿੱਪੀਆਂ ਅਤੇ ਗ੍ਰੰਥ ਲਈ ਗੁਰੂ ਕਲਗੀਧਰ ਪਿਤਾ ਦੇ ਦਰਬਾਰ ਵਿੱਚ ਹਾਜ਼ਿਰ ਹੋਏ। ਦਾਤਨਾਂ, ਪੁਸ਼ਪਪੱਤਰ ਭੇਟ ਕਰਕੇ ਚਰਨਾਂ ਵਿੱਚ ਝੁਕ ਕੇ ਸ਼ਸ਼ਟਾਂਗ ਲੰਮੇ ਪੈ ਗਏ।

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥* *(ਪੰਨਾ ੨੫੬)*

ਮੁੜ ਉੱਠਕੇ, ਹੱਥ ਜੋੜਕੇ ਇਕ ਸੁਰ ਸੰਸਕ੍ਰਿਤ ਵਿੱਚ ਉਸਤਤੀ ਕਰਨ ਲੱਗੇ।

ਕੁਝ ਦਿਨ ਤੋਂ ਉਪਰੰਤ ਪੰਜੇ ਨਿਰਮਲੇ ਸੰਤਾਂ ਨੇ ਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕਰਕੇ ਅੰਮ੍ਰਿਤਪਾਨ ਕਰਨ ਦੀ ਇੱਛਾ ਪ੍ਰਗਟ ਕੀਤੀ। ਗੁਰੂ ਜੀ ਸੁਣਕੇ ਪਰਮ ਪ੍ਰਸੰਨ ਹੋਏ। ਪੰਜ ਪਿਆਰਿਆਂ ਦੁਆਰਾ ਅੰਮ੍ਰਿਤਪਾਨ ਕਰਵਾਇਆ ਗਿਆ। ਇਸ ਸਮੇਂ ਕੁਝ ਸੰਤਾਂ ਨੂੰ ਭਾਈ ਦਇਆ ਸਿੰਘ ਜੀ ਪਿਆਰੇ ਨੇ, ਕੁਝ ਸੰਤਾਂ ਨੂੰ ਭਾਈ ਧਰਮ ਸਿੰਘ ਜੀ ਪਿਆਰੇ ਨੇ ਰਹਿਤ ਮਰਿਯਾਦਾ ਦਾ ਉਪਦੇਸ਼ ਅਤੇ ਗੁਰਮੰਤ੍ਰ ਦਿੱਤਾ। ਇਸ ਕਰਕੇ ਨਿਰਮਲ ਪੰਥ ਦੀਆਂ ਸਭ ਵੰਸਾਵਲੀਆਂ ਦੋਨਾਂ ਪਿਆਰਿਆਂ (ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ) ਨਾਲ ਜਾ ਕੇ ਮਿਲਦੀਆਂ ਹਨ।

ਭਾਈ ਰਾਮ ਕੋਇਰ ਜੀ ਵਾਲੀ ਸਾਖੀ ਵਿੱਚ ਕਥਨ ਕੀਤਾ ਗਿਆ ਹੈ, ਜਿਸ ਨੂੰ ਭਾਈ ਸੰਤੋਖ ਸਿੰਘ ਜੀ ਨੇ ਗੁਰਪ੍ਰਤਾਪ ਸੂਰਜ ਵਿੱਚ ਲਿਖਿਆ ਹੈ:

*ਇਹ ਵਿਧ ਪਾਂਚੋ ਸਿੰਘ ਕੋ, ਖੰਡੇ ਪਹੁਲ ਦੀਨ।*
*ਪੰਚ ਕੋਸ਼ ਉਰ ਗਯਾਨ ਦੇ, ਨਿਰਮਲ ਪੰਥ ਸੁ ਕੀਨ।*

*(ਗੁ.ਪ੍ਰ.ਸੂ., ਰੁਤ 1, ਅੰਸੂ 19)*

ਪੰਡਿਤ ਗੁਲਾਬ ਸਿੰਘ ਜੀ ਨੇ 'ਮੋਕਸ਼ ਪੰਥ ਪ੍ਰਕਾਸ਼' ਵਿੱਚ ਗੁਰੂ ਜੀ ਵੱਲੋਂ ਨਿਰਮਲ ਪੰਥ ਨੂੰ ਸ਼ਾਸਤ੍ਰ ਅਤੇ ਖ਼ਾਲਸੇ ਨੂੰ ਸ਼ਸਤ੍ਰ ਧਾਰਨ ਕਰਨ ਦਾ ਇਸ ਤਰ੍ਹਾਂ ਵਰਣਨ ਕੀਤਾ ਹੈ:

*"ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੂਰਣ ਹਰੀ ਅਵਤਾਰ।*
*ਰਚਯੋ ਪੰਥ ਭਵ ਮੈਂ ਪ੍ਰਗਟ, ਦੋ ਬਿਧਿ ਕੋ ਵਿਸਤਾਰ।*
*ਏਕਨ ਕੋ ਕਰ ਖੜਗ ਦੈ, ਭੁਜ ਬਲ ਬਹੁ ਵਿਸਤਾਰ।*
*ਪਾਲਨ ਭੂਮੀ ਕੋ ਕਰਯੋ, ਦੁਸ਼ਟਨ ਮੂਲ ਉਖਾਰ।*
*ਔਰਨ ਕੀ ਧਿਖ ਵਿਮਲ ਮਤਿ, ਦੀਨੋ ਪਰਮ ਵਿਵੇਕ।*
*ਨਿਰਮਲ ਭਾਖੈ ਜਗਤ ਤਿਹ, ਹੇਰੈ ਬ੍ਰਹਮ ਸੁ ਏਕ।"*

ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿੱਚ ਲਿਖਦੇ ਹਨ:

*"ਪਢਿ ਨਿਗਮਾਗਮ ਗੁਰੂ ਢਿਗ ਆਏ। ਗੁਰਹਿ ਸੁਨਾਇ ਅਧਿਕ ਬਰ ਪਾਏ॥*
*ਖੁਸ਼ੀ ਹੋਇ ਗੁਰੁ ਐਸ ਉਚਾਰੀ। ਸਾਰ ਬਿੱਦਯਾ ਜਗ ਜੁਗ ਭਾਰੀ॥*
*ਸ਼ੱਸਤਰ ਏਕ ਸ਼ਾਸਤਰ ਦੂਜੀ। ਉਭੈ ਜਾਤਿ ਜਗ ਮਾਨੀ ਪੂਜੀ॥*

ਦੁਸ਼ਟ ਮੂਢ ਸ਼ਸਤ੍ਰੰ ਕਰ ਦਬ ਹੈ। ਸ਼ਾਸਤ੍ਰ ਤੈ ਕੋਵਿਦ ਬਸ ਫਬ ਹੈ॥
ਅੰਬੀਰੀ ਵਜੀਰੀ ਫਕੀਰੀ। ਦਾਨ ਦਹੀਰੀ ਸਭਿ ਤਦਬੀਰੀ॥
ਤਰਗਸ ਗੀਰੀ ਰਾਜ ਗਹੀਰੀ। ਹਮਰੇ ਪੰਥ ਵੀਚ ਸਭਿ ਥੀਰੀ॥
ਇਤਯਾਦਿਕ ਬਰ ਸਤਿਗੁਰੂ ਦੀਏ। ਜੋ ਸੁਨਿ ਸਿੱਖ ਸਭੈ ਖੁਸ਼ਿ ਥੀਏ॥''

(ਪੰਥ ਪ੍ਰਕਾਸ਼, ਪੰਨਾ 2789)

ਅਗੇ ਗਿਆਨੀ ਗਿਆਨ ਸਿੰਘ ਜੀ ਹੋਰ ਵਿਆਖਿਆ ਕਰਦੇ ਹਨ :

''ਸਿੱਖ ਦ੍ਵੈ ਬਿਧਿ ਸਭਿ ਤਿਨ ਕੇ ਥੀਏ। ਏਕ ਗ੍ਰਿਹਸਥੀ ਤਯਾਗੀ ਬੀਏ।
ਗ੍ਰੇਹੀ ਕੇਵਲ ਸਿੱਖ ਬਿਦਤਾਏ। ਤਯਾਗੀ ਸਿੱਖ ਨਿਰਮਲੇ ਗਾਏ।
ਸਾਧ ਨਿਰਮਲੇ ਵਹੀ ਅਪਾਰੇ। ਬਿਦਤੇ ਤਬਿ ਤੇ ਜਗਤ ਮਝਾਰੇ।
ਦਸੋਂ ਗੁਰੂ ਕੀ ਖਿਜ਼ਮਤ ਮੈਂਹੈਂ। ਰਹੇ ਸਦਾ ਗੁਰੂ ਪੰਥ ਮਧੈਹੈਂ।
ਪੈ ਪ੍ਰਵਿਰਤੀ ਅਧਿਕ ਨ ਧਾਰੀ। ਰਹੈਂ ਨਿਵਰਤੀ ਸੰਤ ਉਦਾਰੀ।''

(ਪੰਥ ਪ੍ਰਕਾਸ਼, ਪੰਨਾ 2785)

ਗੁਰ ਪ੍ਰਤਾਪ ਸੂਰਜ ਵਿੱਚ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

''ਜੋਗ ਭੋਗ ਸੁ ਦੋਨੋਂ ਰੀਤ। ਦਈ ਨਿਰਮਲ ਪੰਥ ਕੋ ਚੀਤ।
ਸਤਿਨਾਮੁ ਕੋ ਸੁਮਰਨ ਕਰਨੋ। ਏਹੀ ਯੋਗ ਇਕ ਲਿਵ ਕੋ ਵਰਨੋ।
ਲਰਨ ਰਿਪਨ ਸੋ ਕਰਯੋ ਕਾਜ। ਏਹੀ ਭੋਗ ਕੋ ਦੀਏ ਸਮਾਜ।
ਇਤਿਆਦਿਕ ਨਿਰਮਲ ਯਸ ਕੋ। ਬੰਦਹਿ ਸਤਿਗੁਰ ਪਾਏ ਪਰਸ ਕੋ।
ਗੁਰ ਮਹਿਮਾ ਸਿਮਰਨ ਸਤਿਨਾਮੁ। ਹੌਮੈ ਤਿਆਗੇ ਮਨ ਬਿਸ੍ਰਾਮੁ।
ਦਯਾ ਛਿਮਾ ਸੁਚ ਸੰਯਮ ਧੀਰਜ। ਧਰਮ ਪਰਾਇਣ ਸਾਚ ਸਬੀਰਜ।
ਗੁਰ ਸਿਖੀ ਨਿਰਮਲ ਸੰਤੋਖ। ਸਦਾ ਗੁਰੂ ਕੇ ਰਹੈ ਭਰੋਸ।''

(ਰਾਸ 8, ਅੰਸੂ 35)

ਅਰਥ ਸਪਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੂਰਨ ਅਵਤਾਰ ਸਨ, ਜਿਨ੍ਹਾਂ ਨੇ ਪੰਥ ਰਚ ਕੇ ਦੋ ਰੂਪਾਂ ਵਿੱਚ ਸੰਗਠਤ ਕੀਤਾ। ਇੱਕ ਜੱਥਾ ਸ਼ਸਤਰਾਂ ਦੁਆਰਾ ਧਰਮ ਦੀ ਰੱਖਿਆ ਕਰਨ ਵਾਸਤੇ ਜ਼ਾਲਮਾਂ ਨਾਲ ਸੰਗ੍ਰਾਮ ਲਈ ਨਿਯਤ ਕੀਤਾ। ਦੂਸਰੇ ਜੱਥੇ ਵਿਚ ਵਿਵੇਕ ਬੁੱਧੀ ਵਾਲੇ ਸ਼ਾਸਤਰਾਂ ਦੇ ਪਠਨ-ਪਾਠਨ ਵਿੱਚ ਲਾਏ ਜੋ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਨਾਮ-ਬਾਣੀ, ਵਿਦਿਆ ਦਾ ਪ੍ਰਚਾਰ ਕਰਨ ਵਾਸਤੇ ਦੇਸਾਂ-ਦੇਸਾਂਤਰਾਂ ਵਿੱਚ ਚਲੇ ਗਏ ਅਤੇ ਸੰਸਾਰ ਵਿਚ 'ਨਿਰਮਲ ਪੰਥ' ਦੇ ਨਾਮ ਨਾਲ ਪ੍ਰਸਿੱਧ ਹੋਏ।

ਵਾਸਤਵ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਦਸਮ ਗੁਰੂ ਜੀ ਦੇ ਸਮੇਂ ਤਕ ਗੁਰਸਿੱਖੀ ਦੀ ਸੰਪ੍ਰਦਾਇ ਦਾ ਨਾਮ 'ਨਿਰਮਲ ਪੰਥ' ਹੀ ਪ੍ਰਸਿੱਧ ਸੀ। 'ਖ਼ਾਲਸਾ', 'ਸਹਿਜਧਾਰੀ', 'ਸਹਿਲੰਗ' ਆਦਿ ਉਪ-ਸ਼ਾਖ਼ਾਂ ਸਨ। ਸਤਿਗੁਰੂਆਂ ਦੇ ਸਮੇਂ ਵਿੱਚ ਦੇਸ਼-ਪ੍ਰਦੇਸ਼ ਦੀਆਂ ਸੰਗਤਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ। ਜੋ ਸੰਗਤ ਸਤਿਗੁਰੂ ਜੀ ਦੇ ਸਿੱਧੀ ਅਧੀਨ ਸੀ, ਉਸ ਨੂੰ 'ਖ਼ਾਲਸਾ' ਕਿਹਾ ਜਾਂਦਾ ਸੀ। ਮਸੰਦਾਂ ਦੇ ਅਧੀਨ ਸੰਗਤ ਨੂੰ 'ਸਹਲੰਗ' ਆਖਿਆ ਜਾਂਦਾ ਸੀ। ਪੂਰੇ ਪੰਥ ਦਾ ਨਾਉਂ 'ਨਿਰਮਲ ਪੰਥ' ਸੀ।

ਮਾਲ ਦੇ ਕਾਗਜ਼ਾਂ ਵਿੱਚ ਖ਼ਾਲਸਾ ਉਸ ਸੰਪਤੀ (ਜ਼ਮੀਨ) ਨੂੰ ਆਖਦੇ ਹਨ, ਜੋ ਸਿੱਧੀ ਸਮਰਾਟ ਤਥਾ ਕੇਂਦਰੀ ਸਰਕਾਰ ਦੀ ਹੋਵੇ। ਜਿਸ ਸੰਪਤੀ (ਜ਼ਮੀਨ) ਉੱਤੇ ਕਿਸੇ ਵਿਸਵੇਦਾਰ, ਜ਼ਿਮੀਂਦਾਰ, ਜਾਗੀਰਦਾਰ, ਮਨਸਬਦਾਰ ਅਤੇ ਕਿਸੇ ਵੀ ਅਨਯ ਵਿਅਕਤੀ ਦਾ ਕੋਈ ਅਧਿਕਾਰ ਨਾ ਹੋਵੇ। 'ਖ਼ਾਲਸਾ' ਸ਼ਬਦ ਛੇਵੇਂ ਪਾਤਸ਼ਾਹ ਦੇ ਸਮੇਂ ਵਿੱਚ ਪ੍ਰਚਲਤ ਸੀ। ਛੇਵੇਂ ਸਤਿਗੁਰੂ ਜੀ ਅਤੇ ਨੌਵੇਂ ਸਤਿਗੁਰੂ ਜੀ ਦੇ ਹੁਕਮਨਾਮਿਆਂ ਵਿੱਚ ਜ਼ਿਕਰ ਆਇਆ ਹੈ :

*ਪੂਰਬ ਦੀ ਸੰਗਤਿ ਗੁਰੂ ਕਾ ਖਾਲਸਾ ਹਇ।*

*(ਛੇਵੀਂ ਪਾਤਸ਼ਾਹੀ ਹੁਕਮਨਾਮਾ 9, ਪੰਨਾ 15)*

*ਪਟਣ ਦੀ ਸੰਗਤਿ ਸ੍ਰੀ ਗੁਰੂ ਜੀ ਦਾ ਖਾਲਸਾ ਹੈ।*

*(ਪਾਤਸ਼ਾਹੀ 9ਵੀਂ ਹੁਕਮਨਾਮਾ 23, ਪੰਨਾ 27)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ ਪ੍ਰਥਾ ਸਮਾਪਤ ਕਰਕੇ ਗੁਰਸਿੱਖੀ ਨੂੰ ਸਿੱਧਾ ਆਪਣੇ ਨਾਲ ਜੋੜ ਲਿਆ। ਉਸ ਵੇਲੇ ਸਰਬੱਤ ਸੰਗਤ ਨੂੰ ਖ਼ਾਲਸੇ ਦੀ ਉਪਾਧੀ ਨਾਲ ਵਿਭੂਸ਼ਤ ਕੀਤਾ ਗਿਆ। ਇਸ ਵਾਸਤੇ ਦੂਜੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

*ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*

ਭਾਵ ਸਤਿਗੁਰੂ ਜੀ ਨੇ ਮਸੰਦਾਂ ਦੀ ਵਿਚੋਲਗੀ ਖ਼ਤਮ ਕਰਕੇ ਸਰਬੱਤ ਸੰਗਤ ਨੂੰ ਖ਼ਾਲਸਾ ਬਣਾ ਕੇ ਆਪਣੇ ਨਾਲ ਸਿੱਧਾ ਸੰਪਰਕ ਜੋੜ ਲਿਆ।

ਇਸ ਦੇ ਵਿਪ੍ਰੀਤ ਜਿਵੇਂ ਉਪਰ ਦੱਸਿਆ ਹੈ, ਗੁਰੂ ਕੀ ਸਿੱਖੀ ਦਾ ਨਾਉਂ 'ਨਿਰਮਲ ਪੰਥ' ਹੈ। ਨਿਰਮਲ ਦੇ ਅਰਥ ਹਨ - ਮਲ/ਅਵਿਦਿਆ/ਅਗਿਆਨ ਤੋਂ ਰਹਿਤ, ਸ੍ਰੇਸ਼ਟ, ਸਦਾਚਾਰੀ, ਪਾਵਨ ਆਤਮਾ, ਪਵਿੱਤਰ ਮਨ, ਬਾਣੀ ਵਾਲਾ ਵਿਅਕਤੀ। ਦਸਮ ਸਤਿਗੁਰੂ ਜੀ ਨੇ ਵੀ ਖ਼ਾਲਸੇ ਦੀ ਇਹੀ ਪਰਿਭਾਸ਼ਾ ਦਿੱਤੀ ਹੈ :

*ਜਾਗਤਿ ਜੋਤਿ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨ ਆਨੈ ॥*
*ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ ॥*
*ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥*
*ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥*

ਸਤਿਗੁਰੂ ਜੀ ਦੇ ਕਥਨ ਅਨੁਸਾਰ 'ਖ਼ਾਲਸਾ' ਸ਼ਬਦ ਅਤੇ 'ਨਿਰਮਲ' ਸ਼ਬਦ ਵਿੱਚ ਭਾਸ਼ਾ-ਭੇਦ ਤੋਂ ਬਿਨਾਂ ਕੋਈ ਅੰਤਰ ਨਹੀਂ ਹੈ। ਦੋਨੋਂ ਸ਼ਬਦ ਹੀ ਸਮਾਨਾਰਥਕ ਹਨ। ਖ਼ਾਲਸਾ ਅਰਬੀ ਦਾ ਸ਼ਬਦ ਹੈ, ਜੋ ਅੱਗੇ ਫ਼ਾਰਸੀ ਵਿੱਚ ਪ੍ਰਵੇਸ਼ ਕਰ ਚੁੱਕਾ ਹੈ ਅਤੇ 'ਨਿਰਮਲ' ਸੰਸਕ੍ਰਿਤ ਦਾ। ਗੁਰੂ ਦਸਮ ਪਿਤਾ ਜੀ ਦੇ ਸਮੇਂ ਵਿੱਚ ਦੇਸ਼ ਦੀ ਰਾਜਕੀਯ ਭਾਸ਼ਾ ਫ਼ਾਰਸੀ ਸੀ। ਗੁਰੂ ਜੀ ਸੁਯੰ ਫ਼ਾਰਸੀ ਦੇ ਵਿਦਵਾਨ ਸਨ। ਇਸ ਵਾਸਤੇ ਸਮੂਹ ਸਿੱਖੀ ਨੂੰ 'ਖ਼ਾਲਸਾ' ਦੀ ਉਪਾਧੀ ਨਾਲ ਸਨਮਾਨਿਆ ਗਿਆ। ਨਿਰਮਲੇ ਸੰਤ ਸਤਿਗੁਰੂ ਜੀ ਦੇ ਆਸ਼ੀਰਵਾਦ ਨਾਲ ਸੰਸਕ੍ਰਿਤ, ਭਾਸ਼ਾ, ਸਾਹਿਤਯ, ਦਰਸ਼ਨ, ਭਾਰਤੀ ਇਤਿਹਾਸ, ਮਿਥਿਹਾਸ ਅਤੇ ਗੁਰਮਤਿ-ਗੁਰਬਾਣੀ ਦੇ ਵਿਦਵਾਨ ਰਹੇ ਹਨ। ਇਸ ਵਾਸਤੇ ਉਹ ਪੁਰਾਤਨ ਸੰਪ੍ਰਦਾਈ ਨਾਉਂ 'ਨਿਰਮਲ ਪੰਥ' ਨਾਲ ਹੀ ਪ੍ਰਸਿੱਧ ਰਹੇ ਹਨ, ਵਰਨਾ 'ਖ਼ਾਲਸਾ' ਨਿਰਮਲ ਪੰਥ ਦੀ ਉਪਸ਼ਾਖਾ ਸੀ। ਦਸਮ ਸਤਿਗੁਰੂ ਜੀ ਦੇ ਸਮੇਂ ਵਿੱਚ ਵਿਸ਼ਾਲਤਾ ਗ੍ਰਹਿਣ ਕਰ ਗਿਆ। ਸਾਡੇ ਇਸ ਵਿਚਾਰ ਦੀ ਪ੍ਰੋੜ੍ਹਤਾ ਸ. ਸ਼ਮਸ਼ੇਰ ਸਿੰਘ ਜੀ 'ਅਸ਼ੋਕ'

ਇਨ੍ਹਾਂ ਸ਼ਬਦਾਂ ਨਾਲ ਕਰਦੇ ਹਨ :

> ''ਸਿੱਖ ਧਰਮ ਵਿੱਚ ਇਸ ਤਰ੍ਹਾਂ ਭਾਵੇਂ ਪਹਿਲੇ ਪਹਿਲ 'ਖ਼ਾਲਸਾ ਪੰਥ' ਹੀ 'ਨਿਰਮਲ ਸੰਪ੍ਰਦਾਇ' ਸੀ। ਪਰ ਫੇਰ ਉਦਾਸ, ਸੰਨਿਆਸ, ਤਿਆਗ ਤੇ ਫ਼ਕੀਰਾਨਾ ਵਰਤੋਂ-ਵਿਹਾਰ ਰਾਹੀਂ ਗੁਰਮਤਿ ਦੇ ਪ੍ਰਚਾਰ ਨੂੰ ਮੁੱਖ ਰੱਖ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਦੂਰ-ਅੰਦੇਸ਼ੀ ਨਾਲ ਇਸ ਤਰੀਕੇ ਨੂੰ ਬਦਲ ਦਿੱਤਾ। ਨਿਰਮਲੇ ਸਿੰਘ ਖ਼ਾਲਸਾ ਪੰਥ ਦਾ ਹੀ ਅੰਗ ਬਣਾ ਦਿੱਤੇ। ਉਨ੍ਹਾਂ ਸਿੱਖਾਂ ਨੂੰ ਗੁਰੂ ਸਾਹਿਬ ਨੇ ਆਪਣੇ ਰਸਮ ਰਿਵਾਜ ਦੇ ਕਖਾਏ, ਮੰਜੀਠੀ, ਸੰਧੂਰੀ, ਗੇਰੂਏ ਜਾਂ ਸਫੇਦ ਵਸਤਰ ਪਹਿਨਣ ਦੀ ਖੁੱਲ੍ਹ ਦਿੱਤੀ।''

(ਨਿਰਮਲ ਸੰਪ੍ਰਦਾਇ, ਪੰਨਾ 149)

### ਦਸ ਬਖ਼ਸ਼ੀਸ਼ਾਂ

ਗੁਰੂ ਕਲਗੀਧਰ ਪਿਤਾ ਜੀ ਨੇ ਨਿਰਮਲੇ ਮਹਾਂਪੁਰਖਾਂ ਦੀ ਕਰਨੀ, ਘਾਲਣਾ, ਸਿਮਰਨ, ਜਪ, ਤਪ, ਵਿਦਿਆ, ਵਿਵੇਕ, ਸਬਰ, ਸੰਤੋਖ, ਤਿਆਗ ਵੇਖ ਕੇ ਸਮੇਂ-ਸਮੇਂ ਪ੍ਰਸੰਨਤਾ ਵਿੱਚ ਕਈ ਵਾਰ ਆਸ਼ੀਰਵਾਦ/ਵਰਦਾਨ ਬਖ਼ਸ਼ੇ ਹਨ, ਜਿਨ੍ਹਾਂ ਵਿੱਚੋਂ ਸਤਿਗੁਰੂ ਜੀ ਦੇ ਦਸ ਆਸ਼ੀਰਵਾਦ ਪ੍ਰਸਿੱਧ ਹਨ। ਇਨ੍ਹਾਂ ਨੂੰ ਨਿਰਮਲ ਭੇਖ ਵਿੱਚ ਦਸ ਬਖ਼ਸ਼ੀਸ਼ਾਂ ਕਿਹਾ ਜਾਂਦਾ ਹੈ। ਇਨ੍ਹਾਂ ਦਸ ਬਖ਼ਸ਼ੀਸ਼ਾਂ ਵਿੱਚੋਂ ਕਈ ਬਖ਼ਸ਼ੀਸ਼ਾਂ ਦਾ 'ਸਰਬ ਲੋਹ ਪ੍ਰਕਾਸ਼' ਗ੍ਰੰਥ ਵਿੱਚ ਵਿਸਤਾਰ ਪੂਰਵਕ ਵਰਣਨ ਆਇਆ ਹੈ।

#### ਪਹਿਲੀ ਬਖ਼ਸ਼ੀਸ਼

ਪੰਜੇ ਨਿਰਮਲੇ ਵਿਦਵਾਨ ਮਹਾਂਪੁਰਖਾਂ ਦਾ ਸਤੋਗੁਣੀ, ਸ਼ੀਲ ਸੁਭਾਅ, ਵਿਵੇਕ ਬੁੱਧੀ, ਗਿਆਨ, ਨਿਮਰਤਾ ਵੇਖ ਕੇ ਸਤਿਗੁਰੂ ਜੀ ਨੇ ਕ੍ਰਿਪਾ ਦੁਆਰਾ ਅਨੇਕ ਵਰਦਾਨ ਬਖ਼ਸ਼ਦਿਆਂ ਨੇ ਇਹ ਬਖ਼ਸ਼ੀਸ਼ ਬਖ਼ਸ਼ੀ।

*ਕਾਹੂ ਸੇ ਨ ਰਾਖੇ ਰਾਗ, ਦਵੈਖ ਹੂੰ ਨ ਕਾਹੂੰ ਸੰਗ,*
*ਲੋਕ ਕੁਲ ਲਾਜ ਖਟ ਖਟੇ ਜਿਨ ਨਾ ਕੋ ਹੈ।*
*ਨਿੰਮ੍ਰਤਾ ਸੋ ਭਰੇ ਰਿਦੇ ਨਿਪੁੰਨਤਾ ਧਰੇ ਰਰੇ,*
*ਰਾਮ ਕ੍ਰਿਸ਼ਨ ਹਰੇ ਪਾਰਬ੍ਰਹਮ ਬੋਧ ਜਾ ਕੋ ਹੈ।*
*ਨਿਗਮ ਪ੍ਰਵਾਹ ਨਿਤਯ ਜਿਨ ਕੇ ਨਿਹਾਲ ਸਿੰਘ,*
*ਗਿਰਾ ਗੁਰੂ ਗ੍ਰੰਥ ਕੀ ਮੈਂ ਜਾਂ ਕੋ ਪ੍ਰੇਮ ਬਾਕੋ ਹੈ।*
*ਨਿਤਾਪ੍ਰਤਿ ਨਿਰੋਪਾਧਿ ਅਹੰਬ੍ਰਹਮ ਬੋਧ ਜਾ ਕੇ,*
*ਦ੍ਵੈਤ ਮਲ ਕਟੀ ਨਿਰਮਲੇ ਨਾਮ ਯਾ ਕੋ ਹੈ।*

ਨਿਰਮਲ ਪੰਥ ਦੋ ਰੂਪਾਂ ਵਿੱਚ ਪ੍ਰਸਿੱਧ ਰਹੇਗਾ। ਭਗਤੀ ਮਾਰਗ ਦੁਆਰਾ ਅੰਤ੍ਰੀਵ ਗਿਆਨ ਦੀ ਖੜਗ ਹਾਸਲ ਕਰਕੇ, ਕਾਮ, ਕ੍ਰੋਧ, ਈਰਖਾ, ਲੋਭ, ਮੋਹ, ਅਹੰਕਾਰ, ਦ੍ਵੈਤ, ਅਸੁਰੀ, ਸੰਪ੍ਰਦਾ ਦਾ ਨਾਸ ਕਰੇਗਾ। ਜੋ ਕਿਸੇ ਨਾਲ ਵੀ ਰਾਗ ਦਵੈਸ਼ ਨਹੀਂ ਕਰੇਗਾ। ਸਾਰੀ ਮਨੁੱਖਤਾ ਨੂੰ

ਨਿਮਰਤਾ ਪੂਰਵਕ ਨਾਮ ਬਾਣੀ ਨਾਲ ਜੋੜੇਗਾ। ਸਰਬੱਤ ਪ੍ਰਾਣੀ-ਮਾਤ੍ਰ ਨੂੰ ਆਪਣੀ ਹੀ ਆਤਮਾ ਮੰਨੇਗਾ ਅਤੇ ਮੰਨਣ ਕਰਵਾਏਗਾ। ਗਿਆਨ ਦੀ 'ਬਢਨੀ' ਦੁਆਰਾ ਕੂੜ ਦੇ ਕੂੜੇ ਨੂੰ ਸਾਫ਼ ਕਰੇਗਾ। ਇਹ ਵਰਦਾਨ ਗੁਰੂ ਕਲਗੀਧਰ ਸੁਆਮੀ ਨੇ ਬਖ਼ਸ਼ੇ।

**ਦੂਸਰੀ ਬਖ਼ਸ਼ੀਸ਼**

ਇਕ ਵਾਰ ਦਸ਼ਮ ਗੁਰੂ ਜੀ ਨੇ ਭਗਵੇਂ ਵਸਤਰ ਪਹਿਨ ਕੇ ਸਾਧੂ ਦਾ ਰੂਪ ਧਾਰਨ ਕਰਕੇ ਅਨੰਦਪੁਰ ਵਿੱਚ ਚੱਲ ਰਹੇ ਸਾਰੇ ਲੰਗਰਾਂ ਦੀ ਪਰਖ ਕੀਤੀ ਸੀ। ਦੂਸਰੇ ਦਿਨ ਭਗਵੇਂ ਵਸਤਰ ਨਿਰਮਲੇ ਸੰਤਾਂ ਨੂੰ ਬਖਸ਼ ਦਿੱਤੇ ਸਨ।

**ਤੀਸਰੀ ਬਖ਼ਸ਼ੀਸ਼**

ਇੱਕ ਵਾਰ ਕਲਗੀਧਰ ਸੁਆਮੀ ਨੇ ਕੜਾਹ ਪ੍ਰਸਾਦ ਦੀ ਦੇਗ ਦੇ ਕੜਾਹੇ ਕੱਢ ਕੇ ਸੰਗਤ ਨੂੰ ਲੁੱਟਣ ਦੀ ਆਗਿਆ ਕੀਤੀ। ਸੰਗਤ ਲੁੱਟਣ ਲੱਗੀ। ਕੁਝ ਸਿੰਘ ਆਰਾਮ ਨਾਲ ਸ਼ਾਂਤ, ਇਕਾਗਰ ਚਿੱਤ ਬੈਠੇ ਰਹੇ। ਗੁਰੂ ਜੀ ਨੇ ਪ੍ਰਸੰਨਤਾ ਨਾਲ ਫ਼ਰਮਾਇਆ, ''ਨਿਰਮਲੇ ਸੰਤਾਂ ਨੇ ਸਿੱਖੀ (ਪੰਥ) ਵਿੱਚ ਸੰਤੋਖ ਦਾ ਬੀਜ ਰੱਖ ਲਿਆ ਹੈ।''

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

*ਇਹੁ ਸੰਤੋਖੀ ਸਿੱਖ ਹਮਾਰੇ। ਸਤੋ ਗੁਨੀ ਗਯਾਨੀ ਸਵਿਚਾਰੇ॥*
*ਬੀਜ ਸਬਰ ਸੰਤੋਖਹਿ ਕੇਰਾ। ਪਰਖਯੋਂ ਹਮ ਇਨ ਰਖਯੋ ਬਧੇਰਾ॥*
*ਨਿਰਮਲ ਉਰ ਇਹੁ ਭਏ ਨਿਰਮਲੇ। ਹਰਿ ਗੁਰ ਭਗਤਿ ਥ੍ਰਿਕਤ ਪਿਰਮਿਲੇ॥*
*ਪੰਥ ਨਿਰਮਲਾ ਇਹੁ ਮਮ ਚਾਲੈ। ਪੂਜਨੀਯ ਸਭਿ ਹੋਤ ਖਿਸਾਲੈ॥*

*(ਪੰਥ ਪ੍ਰਕਾਸ਼, ਪੰਨਾ 2790)*

**ਚੌਥੀ ਬਖ਼ਸ਼ੀਸ਼**

ਇੱਕ ਦਿਨ ਦਸਮ ਪਾਤਸ਼ਾਹ ਨੇ ਅਨੰਦਪੁਰ ਦੇ ਸਾਰੇ ਸਿੱਖਾਂ ਦੇ ਡੇਰਿਆਂ ਦੀ ਅੰਮ੍ਰਿਤ ਵੇਲੇ ਗੁਪਤ ਪੜਤਾਲ ਕੀਤੀ। ਵੇਖਿਆ ਕੋਈ ਸੁੱਤਾ ਪਿਆ ਸੀ, ਕੋਈ ਗੱਪਾਂ ਮਾਰ ਰਿਹਾ ਸੀ। ਕੇਵਲ ਇੱਕ ਡੇਰੇ ਵਿੱਚ ਸਿੱਖ ਸਿਮਰਨ, ਨਿਤਨੇਮ, ਬਾਣੀ ਪੜ੍ਹਦੇ ਵੇਖੇ ਗਏ। ਬਾਅਦ ਵਿੱਚ ਗੁਰੂ ਜੀ ਨੇ ਦੀਵਾਨ ਵਿੱਚ ਕਿਹਾ, ''ਅੱਜ ਅਸੀਂ ਆਲਸ ਤੋਂ ਰਹਿਤ ਕੇਵਲ ਨਿਰਮਲੇ ਸੰਤਾਂ ਨੂੰ ਵੇਖਿਆ ਹੈ, ਜੋ ਸਾਵਧਾਨ ਹੋ ਕੇ ਨਿਤਨੇਮ ਕਰਨ ਵਿੱਚ ਲੱਗੇ ਹੋਏ ਸਨ।''

**ਪੰਜਵੀਂ ਬਖ਼ਸ਼ੀਸ਼**

ਇਕ ਦਿਨ ਅਨੰਦਪੁਰ ਵਿੱਚ ਤਮਾਸ਼ੇ ਵਾਲੇ ਨੱਟ ਆਏ। ਸਭ ਤਮਾਸ਼ਾ ਵੇਖਣ ਗਏ। ਗੁਰੂ ਜੀ ਨੇ ਪੜਤਾਲ ਕੀਤੀ ਤਾਂ 17 ਨਿਰਮਲੇ ਸੰਤ ਆਪਣੇ ਪਠਨ-ਪਾਠਨ/ਅਧਿਐਨ, ਸਿਮਰਨ ਵਿੱਚ ਲੱਗੇ ਹੋਏ ਵੇਖੇ ਗਏ। ਸਤਿਗੁਰੂ ਜੀ ਨੇ ਫ਼ਰਮਾਇਆ, ''ਜਗਤ ਤਮਾਸ਼ੇ ਨੂੰ ਅਸੱਤ ਮੰਨਣ ਵਾਲੇ ਕੇਵਲ ਨਿਰਮਲੇ ਸੰਤ ਹਨ ਜਿਨ੍ਹਾਂ ਦੇ ਮਨ ਇਕਾਗਰ ਹਨ। ਇਸ ਕਰਕੇ ਨਿਰਮਲੇ ਸੰਤਾਂ ਦੇ ਕਾਰਣ ਪੰਥ ਦੀ ਸਦਾ ਸ਼ੋਭਾ ਬਣੇਗੀ।''

**ਛੇਵੀਂ ਬਖ਼ਸ਼ੀਸ਼**

ਇੱਕ ਵਾਰ ਗੁਰੂ ਦਸਮ ਪਿਤਾ ਦੇ ਸੇਵਾਦਾਰ ਨਿਰਮਲੇ ਸੰਤ ਭਾਈ ਚੰਦਨ ਸਿੰਘ ਦਾ ਸਮਾਨ ਚੋਰ ਚੋਰੀ ਕਰਕੇ ਲੈ ਗਿਆ। ਪਰ ਛੇਤੀ ਫੜ ਲਿਆ ਗਿਆ ਅਤੇ ਸਤਿਗੁਰੂ ਜੀ ਦੇ ਹਾਜ਼ਿਰ ਕੀਤਾ ਗਿਆ। ਗੁਰੂ ਜੀ ਨੇ ਚੰਦਨ ਸਿੰਘ ਨੂੰ ਬੁਲਾ ਕੇ ਪੁੱਛਿਆ, ''ਸੱਚੇ ਪਾਤਸ਼ਾਹ ਚੋਰ ਨੂੰ ਕੀ ਸਜ਼ਾ ਦਿੱਤੀ ਜਾਵੇ?'' ਚੰਦਨ ਸਿੰਘ ਨੇ ਬੇਨਤੀ ਕੀਤੀ, ''ਸੱਚੇ ਪਾਤਸ਼ਾਹ ਚੋਰ ਲੋੜਵੰਦ ਹੋਵੇਗਾ, ਇਸ ਨੂੰ ਪੁੱਛਕੇ ਇਸ ਦੀ ਹੋਰ ਲੋੜ ਵੀ ਪੂਰੀ ਕਰ ਦਿਉ ਪਰ ਅੱਗੇ ਨੂੰ ਚੋਰੀ ਨਾ ਕਰੇ।''

ਗੁਰੂ ਜੀ ਨੇ ਪ੍ਰਸੰਨ ਹੋ ਕੇ ਫ਼ੁਰਮਾਇਆ, ''ਭਾਈ ਚੰਦਨ ਸਿੰਘ, ਤੂੰ ਤਾਂ ਬ੍ਰਹਮ ਗਿਆਨੀ ਨਿਰਮਲਾ ਸੰਤ ਹੈਂ। ਤੇਰੇ ਸ਼ੁਭ ਗੁਣ ਨਿਰਮਲ ਪੰਥ ਦੇ ਚਿੰਨ੍ਹ ਬਣਨਗੇ।''

**ਸੱਤਵੀਂ ਬਖ਼ਸ਼ੀਸ਼**

ਇੱਕ ਦਿਨ ਨਿਰਮਲੇ ਸੰਤ ਭਾਈ ਸੰਤ ਸਿੰਘ ਨੂੰ ਫੜ ਕੇ ਗੁਰੂ ਜੀ ਦੀ ਹਜ਼ੂਰੀ ਵਿੱਚ ਲਿਆਂਦਾ ਗਿਆ ਅਤੇ ਸ਼ਿਕਾਇਤ ਕੀਤੀ ਗਈ ਕਿ ਇਸ ਨੇ ਕੱਛ, ਕ੍ਰਿਪਾਨ ਆਦਿਕ ਕਕਾਰ ਤਿਆਗ ਦਿੱਤੇ ਹਨ। ਗੁਰੂ ਜੀ ਨੇ ਸੰਤ ਸਿੰਘ ਨੂੰ ਕਾਰਣ ਪੁੱਛਿਆ। ਉੱਤਰ ਵਿੱਚ ਸੰਤ ਸਿੰਘ ਨੇ ਕਿਹਾ, ''ਮਹਾਰਾਜ! ਆਪ ਜੀ ਦੇ ਸਦ ਉਪਦੇਸ਼ ਨੂੰ ਧਾਰਨ ਕਰਕੇ ਮੈਂ ਪੰਚ ਕੋਸ਼ ਤੋਂ ਅਸੰਗ ਹੋ ਰਿਹਾ ਹਾਂ, ਆਪ ਜੀ ਦੀ ਮਰਯਾਦਾ ਤਾਂ ਦੇਹ ਅਭਿਮਾਨੀ ਕਰਮਕਾਂਡੀ ਵਾਸਤੇ ਹੈ। ਜੇਕਰ ਆਪ ਜੀ ਦਾ ਸਿੱਖ ਬਣ ਕੇ ਅਸਥੂਲ ਕਰਮਕਾਂਡ ਦੇ ਬੰਧਨ ਨਾ ਟੁੱਟੇ ਤਾਂ ਯਮ ਦੇ ਬੰਧਨਾਂ ਤੋਂ ਜੀਵ ਕਿਵੇਂ ਮੁਕਤਿ ਹੋਵੇਗਾ?'' ਗੁਰੂ ਨੇ ਹੱਸ ਕੇ ਸਿੱਖਾਂ ਨੂੰ ਫ਼ੁਰਮਾਇਆ, ''ਤੁਸੀਂ ਤਾਂ ਨਿਰਮਲੇ ਸੰਤ ਦੀ ਸ਼ਿਕਾਇਤ ਕਰ ਦਿੱਤੀ। ਬ੍ਰਹਮ ਗਿਆਨੀ ਉਪਰ ਕਿਸੇ ਕਰਮਕਾਂਡ ਦਾ ਬੰਧਨ ਨਹੀਂ ਹੈ।"

**ਅੱਠਵੀਂ ਬਖ਼ਸ਼ੀਸ਼**

ਮਾਲਵੇ ਦੇ ਦੌਰੇ ਸਮੇਂ ਪਿੰਡ ਦੀਨੇ ਤੋਂ ਮੁਕਤਸਰ ਜਾਂਦੇ ਹੋਏ ਸਤਿਗੁਰੂ ਜੀ ਪਿੰਡ ਸਰਾਵਾਂ, ਬਹਿਬਲ (ਜ਼ਿਲ੍ਹਾ ਫ਼ਰੀਦਕੋਟ) ਵਿਖੇ ਇੱਕ ਰਾਤ ਰਹੇ। ਇਲਾਕੇ ਵਿੱਚ ਕਾਲ ਪਿਆ ਹੋਇਆ ਸੀ। ਸਤਿਗੁਰੂ ਜੀ ਨੇ ਫ਼ੁਰਮਾਇਆ, ''ਇਕੱਠਾ ਲੰਗਰ ਬਣਾਉਣ ਦੀ ਬਜਾਏ, ਪਿੰਡ ਵਾਲੇ ਦੋ-ਦੋ ਸਿੰਘਾਂ ਨੂੰ ਘਰ ਲੈ ਜਾ ਕੇ ਲੰਗਰ ਛਕਾ ਲਿਆਉਣ।'' ਸੋ ਇਸੇ ਤਰ੍ਹਾਂ ਹੀ ਕੀਤਾ ਗਿਆ। ਅੰਤਰਜਾਮੀ ਸਤਿਗੁਰੂ ਜੀ ਆਏ ਸਿੰਘਾਂ ਨੂੰ ਪੁੱਛਣ ਲੱਗੇ ਕਿ ਸਿੰਘ ਕੀ-ਕੀ ਛਕ ਕੇ ਆਏ ਹਨ? ਕਿਸੇ ਨੇ ਕੜਾਹ ਪ੍ਰਸ਼ਾਦਿ, ਕਿਸੇ ਨੇ ਦੌੜਾਂ (ਪਰੌਂਠੇ), ਕਿਸੇ ਨੇ ਖਿਚੜੀ-ਦੁੱਧ, ਕਿਸੇ ਨੇ ਦਲੀਆ, ਕਿਸੇ ਨੇ ਬਾਜਰੇ ਦੇ, ਕਿਸੇ ਨੇ ਛੋਲਿਆਂ ਦੇ ਮਿੱਸੇ ਪ੍ਰਸ਼ਾਦੇ ਦੱਸੇ।

ਜਦੋਂ ਭਾਈ ਮੈਲਾਗਰ ਸਿੰਘ, ਭਾਈ ਰੌਜਾ ਸਿੰਘ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਪ੍ਰਸੰਨ ਮੁੱਖ ਕਿਹਾ, ''ਅਸੀਂ ਤਾਂ ਅਤੀ ਸਵਾਦਿਸ਼ਟ ਉੱਤਮ ਭੋਜਨ ਛਕਿਆ ਹੈ।'' ਪਰ ਪਿੰਡ ਨਿਵਾਸੀ ਬੋਲੇ, ''ਜਿਸ ਸਿੱਖ ਦੇ ਘਰ ਵਿੱਚ ਛਕਣ ਗਏ ਸਨ, ਉਸ ਦੇ ਘਰ ਤਾਂ ਖਾਣ ਵਾਸਤੇ ਕੁਝ ਵੀ ਨਹੀਂ। ਇਹ ਝੂਠ ਬੋਲ ਰਹੇ ਹਨ।'' ਸਤਿਗੁਰੂ ਜੀ ਨੇ ਪਿੰਡ ਵਾਲੇ ਪ੍ਰੇਮੀ ਨੂੰ ਪੁੱਛਿਆ। ਉਹ ਰੁੱਧਾ ਕੰਠ ਹੋ ਕੇ ਚਰਨਾਂ ਵਿੱਚ ਢਹਿ ਪਿਆ ਅਤੇ ਬੋਲਿਆ, ''ਸੱਚੇ ਪਾਤਸ਼ਾਹ! ਮੇਰੇ ਘਰ ਵਿੱਚ

ਛਕਾਉਣ ਵਾਸਤੇ ਕੁਝ ਵੀ ਨਹੀਂ ਹੈ। ਇਨ੍ਹਾਂ ਸੰਤੋਖੀ ਸਿੱਖਾਂ ਅੱਗੇ ਪਾਣੀ ਵਿੱਚ ਭਿਉਂ ਕੇ ਜੰਡ ਫਲੀਆਂ ਅਤੇ ਸੁੱਕੀਆਂ ਪੀਲਾਂ ਰੱਖ ਦਿੱਤੀਆਂ ਸਨ। ਇਹੀ ਕੁਝ ਪ੍ਰੇਮ ਨਾਲ ਛਕ ਕੇ ਅਰਦਾਸ ਕਰਕੇ ਆ ਗਏ ਹਨ।''

ਸਤਿਗੁਰੂ ਜੀ ਅਤਿ ਪ੍ਰਸੰਨ ਹੋਏ, ਸ੍ਰੀ ਮੁਖਵਾਕ ਤੋਂ ਤਿੰਨ ਵਾਰ ਧੰਨ ਸਿੱਖੀ! ਧੰਨ ਸਿੱਖੀ! ਧੰਨ ਸਿੱਖੀ! ਕਿਹਾ। ਨਾਲ ਹੀ ਇਹ ਵੀ ਕਿਹਾ ਕਿ ''ਜੋ ਸਭ ਤਰ੍ਹਾਂ ਦੇ ਪਦਾਰਥ ਹੁੰਦੇ ਹੋਏ ਬਿਹੰਗਮਾਂ (ਵਿਰਕਤ) ਸੰਤਾਂ/ਸਿੱਖਾਂ ਨੂੰ ਨਾ ਛਕਾਵੇ ਅਤੇ ਸਿੱਖ/ਸਾਧ ਗਰੀਬ ਸਿੱਖਾਂ ਕੋਲੋਂ ਸਵਾਦਿਸ਼ਟ ਪਦਾਰਥਾਂ ਦੀ ਮੰਗ ਕਰੇ, ਦੋਨਾਂ ਨੂੰ ਧਿੱਕਾਰ ਹੈ। ਸਖੀ ਸਿੱਖ ਉਹ ਹੈ ਜੋ ਵਿੱਤ ਅਨੁਸਾਰ ਗੁਰਸਿੱਖਾਂ ਦੀ ਸੇਵਾ ਕਰੇ। ਜਿਵੇਂ ਇਸ ਪਿੰਡ ਵਾਲੇ ਪ੍ਰੇਮੀ ਨੇ ਕੀਤੀ ਹੈ। ਸੰਤੋਖੀ ਸਿੱਖ ਉਹ ਹੈ ਜੋ ਰੁਖੇ-ਸੁਕੇ ਭੋਜਨ ਨੂੰ ਅੰਮ੍ਰਿਤ ਦੀ ਤਰ੍ਹਾਂ ਅਨੰਦ ਪੂਰਵਕ ਪਰਵਾਨ ਕਰੇ। ਜਿਵੇਂ ਭਾਈ ਮੈਲਾਗਰ ਸਿੰਘ, ਗੱਜਾ ਸਿੰਘ ਦੀ ਕਰਨੀ ਮਹਾਨ ਹੈ।'' ਸੂਰਜ ਪ੍ਰਕਾਸ਼ ਵਿੱਚ ਲਿਖਿਆ ਹੈ :

*ਗੁਰੂ ਕਰਯੋ ਸਿੱਖੀ ਧੰਨ ਧੰਨ! ਦੇਖ ਭਾਉ ਕੋ ਭਏ ਪ੍ਰਸੰਨ।*
*ਐਸ ਸਿੱਖ ਵੀ ਵੀਚ ਪੰਥ ਸੁਹਾਏ! ਸਤੀ ਦੇ ਸੰਤੋਖੀ ਖਾਏ।*

**ਨੌਵੀਂ ਬਖ਼ਸ਼ੀਸ਼**

ਇੱਕ ਵਾਰ ਗੁਰੂ ਕੀ ਕਾਸ਼ੀ ਤਲਵੰਡੀ ਸਾਬ੍ਹੋ 'ਚ ਦੀਵਾਨ ਵਿੱਚ ਬੈਠਿਆਂ ਸਤਿਗੁਰੂ ਜੀ ਨੇ ਆਪਣੇ ਚੋਜ (ਅਨੰਦ) ਵਿੱਚ ਫ਼ੁਰਮਾਇਆ, ''ਸੰਗਤ ਵਿੱਚੋਂ ਜਿਸ ਪ੍ਰੇਮੀ ਨੂੰ ਜਿਸ ਇੱਛਾ ਦੀ ਲੋੜ ਹੈ, ਮੰਗ ਲਉ।'' ਮੰਗਾਂ ਮੰਗਣ ਵਾਲਿਆਂ ਦਾ ਕੁਲਾਹਲ (ਕੁਰਲਾਹਟ) ਪੈ ਗਿਆ। ਕੋਈ ਪੁੱਤਰ ਮੰਗ ਰਿਹਾ ਹੈ, ਕੋਈ ਦੁੱਧ ਮੰਗ ਰਿਹਾ ਹੈ, ਕੋਈ ਧਨ ਮੰਗ ਰਿਹਾ ਹੈ। ਕੋਈ ਸੁੰਦਰ ਮੰਦਰ (ਕੋਠੀਆਂ) ਦੀ ਯਾਚਨਾ ਕਰ ਰਿਹਾ ਹੈ। ਮੰਗਾਂ ਮੰਗਣ ਦੀ ਹਰ ਇੱਕ ਵਿੱਚ ਕਾਹਲ ਹੈ। ਇਸ ਸਮੇਂ ਕੁਝ ਸਿੱਖ ਸ਼ਾਂਤ-ਚਿੱਤ ਨਿਸ਼ਚਿੰਤ ਬੈਠੇ ਸਨ। ਇਨ੍ਹਾਂ ਦੇ ਮਨ ਵਿੱਚ ਕਿਸੇ ਕਿਸਮ ਦੀ ਕੋਈ ਕਾਮਨਾ ਨਹੀਂ ਸੀ। ਸਤਿਗੁਰੂ ਜੀ ਨੇ ਸਾਰੀ ਸੰਗਤ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਕੇ, ਸ਼ਾਂਤ-ਚਿੱਤ ਸਿੱਖਾਂ ਨੂੰ ਵੀ ਪੁੱਛਿਆ, ''ਤੁਸੀਂ ਵੀ ਆਪਣੀ ਇੱਛਾ ਪ੍ਰਗਟ ਕਰੋ। ਸਾਰੀ ਸੰਗਤ ਮੰਗਾਂ ਮੰਗ ਰਹੀ ਹੈ।''

ਇਸ ਮੰਡਲੀ ਨੇ ਹੱਥ ਜੋੜ ਕੇ ਨਿਮਰਤਾ ਪੂਰਬਕ ਆਖਿਆ, ''ਸੱਚੇ ਪਾਤਸ਼ਾਹ! ਸਾਨੂੰ ਆਪ ਜੀ ਨੇ ਸਭ ਕੁਝ ਬਖ਼ਸ਼ਿਆ ਹੋਇਆ ਹੈ। ਸਾਡੇ 'ਤੇ ਆਪ ਜੀ ਦੀ ਕ੍ਰਿਪਾ ਹੈ। ਨਾਮ-ਬਾਣੀ, ਬ੍ਰਹਮ-ਵਿਦਿਆ ਆਪ ਜੀ ਨੇ ਬਖ਼ਸ਼ੀ ਹੋਈ ਹੈ। ਇਸ ਵਾਸਤੇ ਸੰਸਾਰੀ ਪਦਾਰਥਾਂ ਦੀ ਸਾਨੂੰ ਕੋਈ ਰੁਚੀ ਨਹੀਂ।''

ਸਤਿਗੁਰੂ ਜੀ ਨੇ ਪ੍ਰਸੰਨ ਮੁਖ ਫ਼ੁਰਮਾਇਆ, ''ਸੰਸਾਰੀ ਪਦਾਰਥਾਂ ਦਾ ਤਿਆਗ ਕੇਵਲ ਸੰਤ ਹੀ ਕਰ ਸਕਦੇ ਹਨ। ਬ੍ਰਹਮ-ਵਿਦਿਆ ਦਾ ਆਨੰਦ ਵੀ ਕੇਵਲ ਨਿਰਮਲੇ ਸੰਤ ਹੀ ਲੈ ਸਕਦੇ ਹਨ।''

ਪੰਡਿਤ ਨਿਹਾਲ ਸਿੰਘ ਜੀ ਨੇ ਕਿੰਨਾ ਸੁੰਦਰ ਲਿਖਿਆ ਹੈ :

*''ਸ੍ਰੀ ਗੁਰੂ ਲਗਾਯੋ ਏਕ ਦਿਨ ਮੈਂ ਦੀਵਾਨ ਐਸੋ,*
*ਸਭ ਕੋ ਬੁਲਾਇ ਕਹਯੋ ਮਾਂਗੋ ਜੋ ਰਿਦੇ ਭਲੇ।*

ਕਾਹੂੰ ਧਨ, ਕਾਹੂੰ ਧਾਮ, ਕਾਹੂੰ ਅਸਵ, ਅਭਿਰਾਮ ਕਾਹੂ,
ਕਹਯੋ ਭੂਖਨ ਜਰਾਊ ਜੋ ਸਜੇ ਗਲੇ ।
ਕਾਹੂੰ ਸ਼ਸਤ੍ਰ, ਕਾਹੂ ਬਸਤ੍ਰ, ਸੰਤ ਖ਼ੁਸ਼ੀ ਮ੍ਰਿਗਰਾਜ,
ਸਭ ਕੋ ਦਵਾਯੋ ਜੋ ਜੋ ਭਾਯੋ ਪ੍ਰੇਮ ਮੈ ਢਲੇ ।
ਸੁਪਨ ਜਯੋ ਜਾਨਿ ਕੇ ਪਦਾਰਥ ਨ ਮਾਂਗੇ ਜਿਨੋਂ,
ਨਾਮ ਧਨ ਮਾਂਗਯੋ ਤਾਂ ਕੋ ਕਹਯੋ ਯੇ ਨਿਰਮਲੇ ।''

ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿੱਚ ਲਿਖਦੇ ਹਨ :

''ਸੁਪਨ ਸਮਾਨ ਜਗ ਜਾਨ ਜਿਨੇ ਨਾਮ ਮਾਂਗਿਓ,
ਖ਼ੁਸ਼ੀ ਹੂਏ ਬੋਲੇ ਗੁਰ ਏਹੀ ਮੇਰੇ ਨਿਰਮਲੇ ।''

ਪੰਡਿਤ ਤਾਰਾ ਸਿੰਘ ਜੀ ਨਰੋਤਮ ਨੇ ਲਿਖਿਆ ਹੈ, ''ਇਸ ਸਮੇਂ ਸਤਿਗੁਰੂ ਜੀ ਨੇ ਸਿੱਖਾਂ ਦੇ ਤਿੰਨ ਭੇਦ ਬਣਾ ਦਿੱਤੇ । ਸਿੰਘ, ਸਿੱਖ ਅਤੇ ਨਿਰਮਲੇ ।'' ਭਾਈ ਸੰਤੋਖ ਸਿੰਘ ਜੀ ਨੇ ਵੀ 'ਗੁਰ ਪ੍ਰਤਾਪ ਸੂਰਜ' ਵਿੱਚ ਅੰਕਤ ਕੀਤਾ ਹੈ :

''ਗੁਰ ਕਾ ਦਲ ਸ਼ੇਰ ਦਾ ਝੱਲ । ਕੋ ਘਾਲੇ ਕੋ ਪੈਥੇ ਮੱਲ ।
ਕੋ ਜੂਝੈ ਕੋ ਸਿਮਰੇ ਨਾਮ । ਕੋ ਸੇਵੇ ਸਤ ਸੰਗ ਮਹਾਨ ।੨੨ ।
ਲੂਟਹ ਜੁਝਹ ਸਿੰਘ ਕਹੀਜੇ । ਸਿਮਰਹਿ ਨਾਮ ਸੁ ਸਿੱਖ ਲਖੀਜੇ ।
ਸਤ ਸੰਗਤ ਸੇਵੇ ਚਿਤ ਲਾਇ । ਤਾਂ ਤੇ ਨਿਰਮਲ ਨਾਮ ਸਦਾਇ ।੨੩ ।''

## ਦਸਵੀਂ ਬਖ਼ਸ਼ੀਸ਼

ਜਦੋਂ ਦਸਮ ਸਤਿਗੁਰੂ ਜੀ ਨੇ ਸ੍ਰੀ ਹਜ਼ੂਰ ਸਾਹਿਬ (ਨੰਦੇੜ) ਵਿਖੇ ਜੋਤੀ ਜੋਤ ਸਮਾਉਣ ਦਾ ਸੰਕਲਪ ਕੀਤਾ । ਰਾਜ ਭਾਗ ਦੀ ਇੱਛਾ ਵਾਲੇ ਸ਼ਸਤ੍ਰਧਾਰੀ ਖ਼ਾਲਸੇ ਨੂੰ ਬਾਬਾ ਬੰਦਾ ਸਿੰਘ ਜੀ ਦੀ ਜਥੇਦਾਰੀ ਹੇਠ ਜ਼ਾਲਮਾਂ ਨੂੰ ਸੋਧਨ ਵਾਸਤੇ ਪੰਜਾਬ ਨੂੰ ਤੋਰ ਦਿੱਤਾ । ਇਸ ਸਮੇਂ ਭਾਈ ਕਰਮ ਸਿੰਘ ਜੀ, ਭਾਈ ਰਾਮ ਸਿੰਘ ਜੀ, ਭਾਈ ਗੰਡਾ ਸਿੰਘ ਜੀ, ਭਾਈ ਚੰਦਨ ਸਿੰਘ ਜੀ, ਭਾਈ ਸੰਤ ਸਿੰਘ ਜੀ, ਭਾਈ ਦਰਗਾਹਾ ਸਿੰਘ ਜੀ, ਭਾਈ ਮਾਨ ਸਿੰਘ ਜੀ, ਭਾਈ ਗੱਜਾ ਸਿੰਘ ਜੀ, ਭਾਈ ਮੈਲਾਗਰ ਸਿੰਘ ਜੀ, ਭਾਈ ਕੇਸਰਾ ਸਿੰਘ ਜੀ, ਭਾਈ ਵੀਰ ਸਿੰਘ ਜੀ, ਭਾਈ ਸੈਣਾ ਸਿੰਘ ਜੀ, ਭਾਈ ਸੋਭਾ ਸਿੰਘ ਜੀ ਆਦਿ 25 ਨਾਮ ਅਭਿਆਸੀ ਵਿਦਵਾਨ ਨਿਰਮਲੇ ਸੰਤਾਂ ਨੂੰ ਫ਼ੁਰਮਾਇਆ, ''ਸਿੰਘੋ ! ਹੁਣ ਅਸੀਂ ਭਾਣਾ ਵਰਤਾਵਾਂਗੇ, ਤੁਸੀਂ ਸਾਰੇ ਸੰਤ ਦੇਸ਼ ਦੇ ਕੋਨੇ-ਕੋਨੇ ਵਿੱਚ ਚਲੇ ਜਾਉ । ਨਾਮ ਬਾਣੀ, ਕਥਾ-ਕੀਰਤਨ ਦਾ ਪ੍ਰਵਾਹ ਚਲਾਉ । ਗੁਰੂ ਨਾਨਕ ਦੀ ਸਿੱਖੀ ਦਾ ਪਿੰਡ-ਪਿੰਡ, ਘਰ-ਘਰ ਸੰਦੇਸ਼ ਪਹੁੰਚਾਉ । ਸਿੰਘ ਧਰਮ ਦੀ ਰੱਖਿਆ ਕਰਨਗੇ, ਤੁਸੀਂ ਧਰਮ ਦਾ ਪ੍ਰਚਾਰ ਕਰੋ । ਅੰਮ੍ਰਿਤ ਪ੍ਰਚਾਰ, ਵਿਦਿਆ ਦਾ ਪ੍ਰਸਾਰ ਕਰੋ, ਗੁਰੂ ਨਾਨਕ ਸਦਾ ਅੰਗ-ਸੰਗ ਰਹਿਣਗੇ । ਜਾਉ ! ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ।''

ਸ. ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਕਿੰਨੇ ਸੁੰਦਰ ਸ਼ਬਦਾਂ ਵਿੱਚ ਪ੍ਰੋੜ੍ਹਤਾ ਕਰਦੇ ਹਨ :

''ਨਿਰਮਲ ਸਾਧੂਆਂ ਦੇ ਭਗਵੇਂ ਜਾਂ ਚਿੱਟੇ ਭੇਸ ਨੂੰ ਵੇਖ ਕੇ ਕਿਸੇ ਤਰ੍ਹਾਂ ਨੁਕਤਾਚੀਨੀ ਕਰਨੀ ਮੁਨਾਸਿਬ ਨਹੀਂ ਜਾਪਦੀ ਤੇ ਉਨ੍ਹਾਂ ਦਾ ਇਹ ਭੇਖ ਅਸੂਲੀ ਤੌਰ 'ਤੇ ਨਿੰਦਣਯੋਗ

ਨਹੀਂ ਮੰਨਿਆ ਜਾ ਸਕਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦਾ ਪ੍ਰਚਾਰ ਸਿਰਫ਼ ਪੰਜਾਬ ਤੱਕ ਹੀ ਸੀਮਤ ਨਹੀਂ ਰੱਖਣਾ ਸੀ। ਇਸ ਲਈ ਨਿਰਮਲੇ ਸਾਧੂਆਂ ਨੂੰ ਅਤੀਤ ਭੇਸ ਧਾਰਨ ਦੀ ਖੁੱਲ੍ਹ ਦੇ ਕੇ ਉਨ੍ਹਾਂ ਨੇ ਸਿੰਘਾਂ ਦੇ ਬਨਾਰਸੋਂ ਮੁੜਨ ਸਾਰ ਦੇਸ਼ ਦੇ ਹਰੇਕ ਇਲਾਕੇ ਵਿੱਚ ਭੇਜਿਆ ਅਤੇ ਫੇਰ ਅਨੰਦਪੁਰ ਛੱਡ ਕੇ ਮਾਲਵੇ ਦੇ ਇਲਾਕੇ ਜਾਣ ਸਮੇਂ ਦਮਦਮੇ ਤੋਂ ਨੰਦੇੜ ਤੱਕ ਉਨ੍ਹਾਂ ਨੂੰ ਆਪਣੇ ਸੰਗ ਹੀ ਰਖਿਆ। ਪੰਡਿਤ ਕਰਮ ਸਿੰਘ, ਦਰਗਾਹ ਸਿੰਘ ਆਦਿ ਨਿਰਮਲੇ ਸਾਧੂ ਜਿਨ੍ਹਾਂ ਤੋਂ ਆਪ ਨਿਤਾਪ੍ਰਤਿ ਪੁਰਾਤਨ ਗ੍ਰੰਥਾਂ ਦੀ ਕਥਾ ਸੁਣਿਆ ਕਰਦੇ ਸਨ, ਧੁਰ ਦੱਖਣ (ਨੰਦੇੜ) ਤਕ ਆਪਦੇ ਹਮ-ਰਕਾਬ ਰਹਿੰਦੇ ਰਹੇ।''

*(ਨਿਰਮਲ ਸੰਪ੍ਰਦਾਇ, ਪੰਨਾ 149)*

## ਨਿਰਮਲੇ ਪੰਚਾਇਤੀ ਅਖਾੜੇ ਦੀ ਸਥਾਪਨਾ

ਨਿਰਮਲੇ ਸੰਤ ਵਿਦਵਾਨ, ਨਿਮਰਤਾ ਵਾਲੇ, ਵਿਚਾਰਸ਼ੀਲ, ਵਿਵੇਕ ਬੁੱਧੀ ਵਾਲੇ ਹੁੰਦੇ ਹਨ। ਸਭ ਨੂੰ ਸਮ-ਦ੍ਰਿਸ਼ਟੀ ਵੇਖਦੇ ਹੋਏ ਸਿੱਖ ਪੰਥ ਅਤੇ ਹਿੰਦੂ ਧਰਮ ਦੇ ਗ੍ਰੰਥਾਂ, ਤੀਰਥਾਂ ਅਤੇ ਮਹਾਂਪੁਰਸ਼ਾਂ ਦਾ ਸਮ-ਦ੍ਰਿਸ਼ਟੀ ਨਾਲ ਸਤਿਕਾਰ ਕਰਦੇ ਹਨ। ਇਹ ਸੰਤ ਕਿਸੀ ਤਰ੍ਹਾਂ ਦੇ ਮਾਦਕ ਅਤੇ ਤਾਮਸੀ ਪਦਾਰਥਾਂ ਦਾ ਪ੍ਰਯੋਗ ਨਹੀਂ ਕਰਦੇ। ਪਵਿੱਤਰ ਜੀਵਨ ਵਾਲੇ, ਸਿਮਰਨ ਵਾਲੇ, ਪਰਉਪਕਾਰੀ ਹੁੰਦੇ ਹਨ। ਇਸ ਵਾਸਤੇ ਗੁਰਬਾਣੀ ਨੇ ਨਿਰਮਲੇ ਸੰਤਾਂ ਨੂੰ 'ਅਪਾਰ' ਕਿਹਾ ਹੈ। ਇਹ ਮਹਾਂਪੁਰਖ ਨਿਸ਼ਚੇ ਹੀ 'ਅਪਾਰ' ਹੁੰਦੇ ਹਨ।

ਕੁੰਭ ਪਰਵਾਂ 'ਤੇ ਧਰਮ ਪ੍ਰਚਾਰ, ਸਤਿਸੰਗ, ਵਿਸ਼੍ਰਾਮ ਅਤੇ ਭੋਜਨ ਦੇ ਵਾਸਤੇ ਨਿਰਮਲੇ ਸੰਤਾਂ ਵੱਲੋਂ 'ਅਖਾੜਾ' ਸਥਾਪਿਤ ਕਰਨ ਦਾ ਵਿਚਾਰ ਤਾਂ ਸੰਨ 1743 ਈ. ਵਿੱਚ ਹੀ ਬਣ ਚੁੱਕਿਆ ਸੀ, ਪਰੰਤੂ ਪਹਿਲੀ ਇਕੱਤ੍ਰਤਾ ਸੰਨ 1759 ਈ. ਵਿੱਚ ਕੀਤੀ ਗਈ ਸੀ। ਇਸ ਤੋਂ ਬਾਅਦ ਅਨੇਕ ਵਾਰ ਵਿਚਾਰ-ਵਿਮਰਸ਼ ਹੁੰਦਾ ਰਿਹਾ। ਅੰਤ ਦੁਆਦਸੀ ਦਿਨ ਸ਼ੁੱਕਰਵਾਰ ਸੰਨ 1862 ਈ: ਦੇ ਸ਼ੁਭ ਦਿਹਾੜੇ ਪਟਿਆਲਾ ਵਿਖੇ 'ਧਰਮ-ਧਜਾ' ਦੇ ਸਥਾਨ ਵਿੱਚ 'ਪੰਚਾਇਤੀ ਅਖਾੜਾ ਨਿਰਮਲਾ' (ਸ੍ਰੀ ਨਿਰਮਲ ਪੰਚਾਇਤੀ ਅਖਾੜਾ) ਵਿਧੀ-ਵਤ ਸਥਾਪਿਤ ਕੀਤਾ ਗਿਆ।

ਇਸ ਸਮੇਂ ਜਿਥੇ ਨਿਰਮਲ ਭੇਖ ਦੇ ਵੱਡੇ-ਵੱਡੇ ਵਿਦਵਾਨ, ਮਹੰਤ, ਸੰਤ, ਵਿਰੱਕਤ, ਜਪੀ, ਤਪੀ ਸਮੂੰਹ ਮਹਾਂਪੁਰਸ਼ ਇਕੱਤਰ ਹੋਏ, ਉਥੇ ਪੰਜਾਬ ਦੇ ਰਾਜਿਆਂ-ਮਹਾਰਾਜਿਆਂ ਨੇ ਵੀ ਪ੍ਰਸੰਨਤਾ ਪੂਰਬਕ ਧਨ-ਰਾਸ਼ੀ ਅਤੇ ਪਿੰਡ ਦਾਨ ਕੀਤੇ। ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਨੇ 82000/- ਰੁਪਏ ਨਕਦ ਅਤੇ ਭੈਣੀ, ਛੀਂਡੀ ਦੇ ਪਿੰਡ ਦਾਨ ਵਿਚ ਦਿੱਤੇ। ਮਹਾਰਾਜਾ ਭਰਪੂਰ ਸਿੰਘ ਜੀ ਨਾਭਾ ਨਰੇਸ਼ ਨੇ 16000/- ਰੁਪਏ ਨਕਦ ਅਤੇ 'ਹਰੀਕਾ' ਪਿੰਡ ਦਾਨ ਵਿਚ ਦਿੱਤਾ। ਮਹਾਰਾਜਾ ਸਰੂਪ ਸਿੰਘ ਜੀ ਜੀਂਦਪਤੀ ਨੇ 20000/- ਰੁਪਏ ਨਗਦ, ਪਿੰਡ ਬਲਮਗੜ੍ਹ ਅਤੇ ਮੰਡਲਾਂਵਾਲਾ ਦੇ ਪਿੰਡ ਅਖਾੜੇ ਨੂੰ ਦਾਨ ਵਿਚ ਦਿੱਤੇ। ਇਸ ਤਰ੍ਹਾਂ ਹੀ ਹੋਰ ਰਾਜਿਆਂ, ਰਈਸਾਂ, ਸਰਦਾਰਾਂ ਨੇ ਇਸ ਕਾਰਜ ਲਈ ਦਿਲ ਖੋਲ੍ਹਕੇ ਖੁੱਲ੍ਹਾ ਦਾਨ ਦਿੱਤਾ। ਵਿਰੱਕਤ, ਸ਼੍ਰੋਮਣੀ, ਤਪੋਨਿਧੀ, ਬ੍ਰਹਮਗਿਆਨੀ ਸੰਤ ਬਾਬਾ ਮਹਿਤਾਬ ਸਿੰਘ ਜੀ ਨੂੰ ਪਹਿਲਾ 'ਸ੍ਰੀ ਮਹੰਤ' ਨਿਯਤ ਕੀਤਾ ਗਿਆ।

ਪੰਚਾਇਤੀ ਅਖਾੜਾ ਨਿਰਮਲਾ (ਸ੍ਰੀ ਨਿਰਮਲ ਪੰਚਾਇਤੀ ਅਖਾੜੇ) ਦਾ ਕੇਂਦਰੀ ਸਥਾਨ

ਕਨਖਲ (ਹਰਿਦਵਾਰ) ਵਿੱਚ ਨਿਯਤ ਕੀਤਾ ਗਿਆ। ਇਸ ਕਾਰਜ ਵਾਸਤੇ ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਨੇ ਗੰਗਾ ਨਦੀ ਦੇ ਕਿਨਾਰੇ 'ਤੇ ਮਹਾਰਾਜਾ ਕਰਮ ਸਿੰਘ ਵਾਲੀ ਹਵੇਲੀ ਦਾਨ ਵਿੱਚ ਦੇ ਦਿੱਤੀ। ਨਾਲ ਹੀ ਧਰਮ-ਧਜਾ ਪਟਿਆਲਾ ਵਾਲਾ ਸਥਾਨ ਵੀ ਅਖਾੜੇ ਦੀ ਬ੍ਰਾਂਚ ਵਾਸਤੇ ਦੇ ਦਿੱਤਾ। ਇਸ ਲੇਖ ਵਿੱਚ ਅਸੀਂ ਅੱਗੇ ਨੂੰ 'ਪੰਚਾਇਤੀ ਅਖਾੜਾ ਨਿਰਮਲਾ' ਦਾ ਨਾਮ 'ਸ੍ਰੀ ਨਿਰਮਲ ਪੰਚਾਇਤੀ ਅਖਾੜਾ' ਕਨਖਲ (ਹਰਿਦਵਾਰ) ਲਿਖਾਂਗੇ।

'ਸ੍ਰੀ ਮਹੰਤ' ਦੀ ਪਦਵੀ ਆਜੀਵਨ ਬਣਾਈ ਗਈ ਅਤੇ ਉਨ੍ਹਾਂ ਦੇ ਅਧੀਨ ਚਾਰ ਮੁਖੀਏ ਮਹੰਤ, ਕੁਠਾਰੀ, ਪੁਜਾਰੀ ਅਤੇ ਕਾਰਬਾਰੀ ਇਤਿਆਦਿਕ ਅਨੇਕ ਪ੍ਰਬੰਧਕ ਨਿਯਤ ਕੀਤੇ ਗਏ। ਤਿੰਨਾਂ ਸਰਕਾਰਾਂ (ਪਟਿਆਲਾ, ਨਾਭਾ, ਜੀਂਦ) ਦੁਆਰਾ ਅਖਾੜੇ ਦਾ ਲਿਖਤੀ ਰੂਪ ਵਿੱਚ ਵਿਧਾਨ ਉਰਦੂ ਭਾਸ਼ਾ ਵਿੱਚ ਲਿਖਿਆ ਗਿਆ; ਜਿਸ ਦਾ ਨਾਮ 'ਮਸੌਦਾ ਦੁਸਤੂਰੁ-ਲ ਅਮਲ' ਹੈ, ਜਿਸ ਨੂੰ ਅਸੀਂ ਇਥੇ ਅੰਕਿਤ ਕਰਦੇ ਹਾਂ :

### ਮਸੌਦਾ ਦੁਸਤੂਰੁ-ਲ ਅਮਲ (ਉਰਦੂ ਵਿੱਚ)

### ਸਰਕਾਰੀ ਮੁਹਰ

ਮਹਾਤਮਾ ਭਾਈ ਮਹਿਤਾਬ ਸਿੰਘ ਜੀ ਨੇ ਸਰਕਾਰ ਸੇ ਇਸ ਤਰਹ ਪਰ ਬਿਆਨ ਦੀਆ ਕਿ ਸਾਧੂ, ਸੰਨਿਆਸੀ, ਬੈਰਾਗੀ, ਉਦਾਸੀ, ਸ੍ਰੀ ਗੰਗਾ ਜੀ ਔਰ ਪ੍ਰਯਾਗ ਵਗੈਰਾ ਪਰ ਬਮੌਕੇ ਮੇਲੇ ਹਾਇ ਅਪਨੇ ਅਖਾੜਿਆਂ ਮੇਂ ਜੁਦਾ ਜੁਦਾ ਭੰਡਾਰਾ ਕਰਤੇ ਹੈਂ ਚੂੰਕਿ ਇਸ ਭੰਡਾਰੇ ਕਰਨੇ ਦਾ ਪੁੰਨ ਔਰ ਧਰਮ ਬਹੁਤ ਹੈ, ਅਗਰ ਸਰਕਾਰ ਸੇ ਇਸ ਧਰਮ ਦੀ ਮਰਯਾਦਾ ਕਾਇਮ ਹੋ ਜਾਵੇ ਤੋਂ ਬਹੁਤ ਮੁਨਾਸਬ ਹੈ। ਚੁਨਾਂਚਿ ਸਰਕਾਰ ਕੋ ਯਿਹ ਹਦਾਇਤ ਭਾਈ ਸਾਹਿਬ ਮੌਸੂਫ਼ ਬਹੁਤ ਪਸੰਦ ਆਈ। ਲਿਹਾਜ਼ਾ ਸਰਕਾਰ ਸੇ ਵਾਸਤੇ ਮੁਸਰਫ਼ ਇਸ ਧਰਮ ਮਰਯਾਦਾ ਕੋ ਦੋ ਦਿਹ ਜਮਾ 4100/- ਰੁਪੈ ਸਾਲ ਤਮਾਮ ਅਜ਼ ਰੂਇ ਸਨਦ ਅਲਹਿਦਾ ਮਿਤੀ ਸਉਣ ਸੁਦੀ 12 ਸਾਲ 1919 ਮਾਫ਼ ਵ ਮਰਫ਼ੂਉਲ-ਕਲਮ ਕੀਤੇ ਗਏ, ਔਰ ਚੂੰਕਿ ਕਾਇਮੀ ਇਸ ਮਰਯਾਦਾ ਕੀ ਬਾ-ਨਜ਼ਰ ਹੋਨੇ ਕਾਰ ਸਵਾਬ ਔਰ ਧਰਮ ਅਰਥ ਕੇ ਸਰਕਾਰ ਕੋ ਅਜ਼ ਤਹਿ ਦਿਲ ਮਨਜ਼ੂਰ ਹੈ। ਲਿਹਾਜ਼ਾ ਯਾਅਨੇ ਸਰਕਾਰ ਸੇ 82000/- ਰੁਪੈ ਯਕਲਖ਼ਤ ਬਤੌਰ ਪੇਸ਼ਗੀ ਬ-ਅੰਦਾਜ਼ੇ ਆਮਦਨੀ 20 ਸਾਲ ਮੁਵਾਜ਼ਿਆਤਿ ਮਜ਼ਕੂਰ ਇਲਾਵਾ ਅਜ਼ ਆਮਦਨੀ ਦੇਹਾਂਤ ਮਜ਼ਕੂਰ ਦੀਆ ਜਾ ਕਰ ਬਾਇੱਤਿਫ਼ਾਕ ਵਾ ਸਲਾਹ ਚਾਚਾ ਸਾਹਿਬ ਰਾਜਾ ਸਰੂਪ ਸਿੰਘ ਸਾਹਿਬ ਬਹਾਦਰ ਵਾਲੀਇ ਜੀਂਦ ਵ ਬਰਾਦਰ ਅਜ਼ੀਜ਼ ਰਾਜਾ ਭਰਪੂਰ ਸਿੰਘ ਸਾਹਿਬ ਬਹਾਦਰ ਵਾਲੀਇ ਨਾਭਾ ਯਿਹ ਦਰਤੂਰੁਲ ਅਮਲ, ਵਾਸਤੇ ਅਮਲ ਦਰਾਮਦ ਆਇੰਦਾ, ਇਸ ਧਰਮ ਮਰਯਾਦਾ ਦੇ ਬਾਇੰਦਰਾਜ ਦਫ਼ਿਆਤਿ ਮੁਫ਼ਸਲਾ ਜ਼ੈਲ ਮੁਕੱਰਰ ਕੀਆ ਗਿਆ ਤਾਂਕਿ ਬਮੂਜਬ ਇਸ ਕੇ ਅਮਲ ਬਰਾਮਦ ਹੋਤਾ ਰਹੇ। ਇਸਕੇ ਖ਼ਿਲਾਫ਼ ਅਮਲ ਮੇਂ ਨਾ ਆਵੇ।

ਦਫ਼ਾ 1 : ਭਾਈ ਸਾਹਿਬ ਮਹਾਤਮਾ ਭਾਈ ਮਹਿਤਾਬ ਸਿੰਘ ਜੀ ਮਾਲਕ ਅਖਾੜੇ ਕੇ ਹੈਂ। ਉਨ ਕੇ ਪੀਛੇ ਸੇ ਇਨ ਕਾ ਜਾਨਸ਼ੀਨ ਮਾਲਕ ਹੋਗਾ।

ਦਫ਼ਾ 2 : ਜੋ 82000/- ਰੁਪਏ ਬਤੌਰ ਪੇਸ਼ਗੀ ਫ਼ੀਸ ਸਾਲ ਬ ਨਜ਼ਰ ਇਜਰਾਏ ਕਾਰੋਬਾਰ ਧਰਮ ਅਰਥ ਅਖਾੜੇ ਧਰਮ ਧਜਾ ਸਿੱਖਾਨ ਵਾ ਸਾਧਾਨ ਨਿਰਮਲਾ ਪੰਥ ਗੁਰੂ ਖ਼ਾਲਸਾ ਜੀ ਦੀਏ ਗਏ ਹੈਂ, ਚਾਹੀਏ ਕਿ ਹਰ ਚਾਹਾਰ ਮਹੰਤਾਨ ਮੁਕਰਰਾ ਅਜ਼ ਆਮਦਨੀ ਸੂਦ ਵਾ ਤਜਾਰਤ

ਵਗੈਰਾ ਬਿਉਪਾਰ ਉਸ ਕੇ ਯਾਨੀ ਕਾਰੋਬਾਰ ਮੁਤੱਲਕਾ, ਅਖਾੜਾ ਮੌਸੂਫ ਵਾ ਤਾਮੀਰ ਮਕਾਨਾਤ ਜਾਰੀ ਰੱਖੇਂ ਔਰ ਜਮਾ ਅਸਲ ਸੇ ਸਰਫ਼ ਨਾ ਕਰੇਂ।

ਦਫ਼ਾ 3 : ਬੰਦੋਬਸਤ ਵਾ ਨਿਗਾਹਦਾਸ਼ਤ ਖ਼ਜ਼ਾਨਾ ਅਖਾੜਾ ਜ਼ੁਮੇ ਹਰ ਏਕ ਪਰ ਅਖਾੜੇ ਕੇ ਰਹੇਗਾ, ਔਰ ਭਾਈ ਸਾਹਿਬ ਕੋ ਕੁੰਜੀ ਖ਼ਜ਼ਾਨੇ ਕੀ ਜਿਸ ਕੇ ਪਾਸ ਰਖਨੀ ਮਨਜ਼ੂਰ ਹੋਗੀ, ਉਸ ਕੇ ਪਾਸ ਰਹੇਗੀ।

ਦਫ਼ਾ 4 : ਜਨਾਬ ਭਾਈ ਸ਼ਾਹਿਬ ਮਹਾਤਮਾ ਭਾਈ ਮਹਿਤਾਬ ਸਿੰਘ ਜੀ ਕੋ ਅਖ਼ਤਿਆਰ ਹਾਸਿਲ ਹੈ ਕਿ ਅਪਨੀ ਮਰਜ਼ੀ ਔਰ ਸਲਾਹ ਸੇ ਬਦਲੀ ਸਦਲੀ ਮਹੰਤੋਂ ਕੀ ਕਰਤੇ ਰਹੇਂ।

ਦਫ਼ਾ 5 : ਜੋ ਸਿੱਖ ਸਾਧ ਅਖਾੜੇ ਮੇਂ ਹੋਵੇ ਪਹਿਲੇ ਉਨ ਸੇ ਊਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਕੇ ਹਾਥ ਲਗਾਇਆ ਜਾਵੇ ਕਿ ਰੁਪਯਾ ਅਪਨੇ ਪਾਸ ਨਾ ਰਖੇ। ਜੋ ਜਿਸ ਕੇ ਪਾਸ ਹੋਵੇ ਖ਼ਜ਼ਾਨੇ ਮੇਂ ਦਾਖ਼ਿਲ ਕਰ ਦੇਵੇ।

ਦਫ਼ਾ 6 : ਜੋ ਕੋਈ ਸਿੱਖ ਅੱਛਾ ਔਰ ਲਾਇਕ ਹੋਵੇ, ਭਾਈ ਸਾਹਿਬ ਉਸ ਕੋ ਅਹੁਦਾ ਮਹੰਤੀ ਔਰ ਦੂਸਰੇ ਕਾਰੋਬਾਰ ਅਖਾੜੇ ਪਰ ਮੁਕੱਰਰ ਕਰੇਂ। ਜੋ ਕੋਈ ਰਹਿਤਨਾਮੇ ਸੇ (ਭਾਵ ਅਖਾੜੇ ਦੀ ਰਹਿਤ ਮਰਯਾਦਾ ਤੋਂ) ਬਰਖ਼ਿਲਾਫ਼ ਹੋਵੇ ਵਾਸਤੇ ਮੌਕੂਫ਼ੀ ਔਰ ਸਜ਼ਾਇ ਉਸ ਕੀ ਕੇ ਭਾਈ ਸਾਹਿਬ ਕੋ ਅਖ਼ਤਿਆਰ ਹੈ।

ਦਫ਼ਾ 7 : ਭਾਈ ਸਾਹਿਬ ਮੌਸੂਫ ਅਪਨੀ ਜ਼ਿੰਦਗੀ ਮੇਂ ਜਿਸ ਕੋ ਅਪਨੀ ਜਗ੍ਹਾ ਕਾਇਮ ਕੀਆ ਚਾਹੇਂ ਬ ਸਲਾਹ ਵ ਤਜਵੀਜ਼ ਤੀਨੋਂ ਸਰਕਾਰੋਂ ਕੋ ਮੁਕੱਰਰ ਕਰੇਂ।

ਦਫ਼ਾ 8 : ਬਸੂਰਤੇ ਕਿ ਬਾਅਦ ਭਾਈ ਸਾਹਿਬ ਕੇ ਉਨਕਾ ਜਾਨਸ਼ੀਨ ਚਲਨ ਔਰ ਚਲਾ ਰਵੱਈਏ ਸੇ ਅੱਛਾ ਨਹੀਂ ਹੋਗਾ ਤੋਂ ਵਾਸਤੇ ਮੌਕੂਫ਼ੀ ਉਸ ਕੋ ਔਰ ਕਾਇਮ ਕਰਨੇ ਬਜਾਏ ਉਸ ਕੇ ਤੀਨੋਂ ਸਰਕਾਰੋਂ ਕੋ ਅਖ਼ਤਿਕਾਰ ਹਾਸਿਲ ਹੈ।

ਦਫ਼ਾ 9 : ਦਰ ਬਾਬ ਬੰਦੋ-ਬਸਤ ਵਾ ਇਜ ਰਾਇ ਕਾਰੋਬਾਰ ਅਖਾੜੇ ਮਜ਼ਕਰ ਬਮੂਜਬ ਦਸਤੂਰ ਅਖਾੜਾ ਪੰਚਾਇਤੀ ਕੇ, ਅਮਲ ਦਰਆਮਦ ਹੋਤਾ ਰਹੇ। ਮਿਤੀ ਸਾਉਨ ਸੁਦੀ 12 ਬਾਰਾਂ, ਸਾਲ 1919 ਮੁਤਾਬਿਕ ਦਸ ਸਫ਼ਰ ਸੰਨ 1278 ਹਿਜਰੀ ਗੁਰੂ ਵਾਰ।

ਮੋਹਰ ਨਿਸ਼ਾਨੀ ਕੁਲਵੰਤ ਰਾਏ ਦੀਵਾਨ

ਦੇਸ ਵਿੱਚ ਧਰਮ ਪ੍ਰਚਾਰ ਵਾਸਤੇ 'ਰੰਮਤ ਅਖਾੜਾ' ਵੀ ਕਾਇਮ ਕੀਤਾ ਗਿਆ। ਸ੍ਰੀ ਨਿਰਮਲ ਪੰਚਾਇਤੀ ਅਖਾੜਾ ਸਥਾਪਨਾ ਦਿਵਸ ਤੋਂ ਲੈ ਕੇ ਅੱਜ ਤਕ ਧਰਮ ਪ੍ਰਚਾਰ ਕਰਦਾ ਆ ਰਿਹਾ ਹੈ। ਕੁੰਭ ਪਰਵਾਂ ਉੱਤੇ ਹਜ਼ਾਰਾਂ ਲੋਕ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੀ ਛਾਉਣੀ ਵਿੱਚ ਭੋਜਨ, ਭਜਨ ਅਤੇ ਵਿਸ਼ਰਾਮ ਕਰਦੇ ਹਨ। ਸਤਿਸੰਗ ਦੁਆਰਾ ਆਪਣੇ ਜੀਵਨ ਨੂੰ ਸਫ਼ਲ ਬਣਾਉਂਦੇ ਹਨ। ਅਖਾੜੇ ਦੀ ਪ੍ਰਵੇਸ਼ ਸ਼ਾਹੀ ਦੇਖਣ ਯੋਗ ਹੁੰਦੀ ਹੈ। ਇਸ਼ਨਾਨ ਦੀਆਂ ਸ਼ਾਹੀਆਂ ਵੀ ਖਟ-ਦਰਸ਼ਨ ਸਾਧੂ-ਸਮਾਜ ਨਾਲੋਂ ਪ੍ਰਭਾਵਸ਼ਾਲੀ ਹੁੰਦੀਆਂ ਹਨ। ਪਹਿਲੇ ਸ੍ਰੀ ਮਹੰਤ ਤੋਂ ਲੈ ਕੇ ਹੁਣ ਤੱਕ ਦਸ 'ਸ੍ਰੀ ਮਹੰਤ' ਇਸ ਪਦਵੀ 'ਤੇ ਵਿਭੂਸ਼ਿਤ ਹੋ ਚੁੱਕੇ ਹਨ, ਜਿਨ੍ਹਾਂ ਦਾ ਸੰਖੇਪ ਵਰਣਨ ਇਸ ਤਰ੍ਹਾਂ ਹੈ :

**ਪਹਿਲੇ ਸ੍ਰੀ ਮਹੰਤ ਬਾਬਾ ਮਹਿਤਾਬ ਸਿੰਘ ਜੀ :** ਪਿੰਡ ਲੋਹਲ ਵੱਡੀ, ਜ਼ਿਲ੍ਹਾ ਸੰਗਰੂਰ, ਗੁਰੂ ਦਾ ਨਾਮ ਧਰਮ ਸਿੰਘ, ਜਨਮ ਸੰਨ 1821 ਈ., ਸੰਨ 1862 ਤੋਂ 1871 ਈ.

ਤੱਕ 9 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 51 ਵਰਸ਼।

**ਦੂਸਰੇ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਕਬੇਰੀਏ :** ਜਨਮ 1818 ਈ., ਪਿੰਡ ਚੀਮਾ, ਜ਼ਿਲ੍ਹਾ ਸੰਗਰੂਰ, ਗੁਰੂ ਪੰਡਿਤ ਮਾਨ ਸਿੰਘ ਕਬੇਰੀਏ, ਸੰਨ 1871 ਤੋਂ ਸੰਨ 1896 ਈ. ਤਕ 25 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 78 ਵਰਸ਼ ਸੀ।

ਪੰਡਿਤ ਰਾਮ ਸਿੰਘ ਜੀ ਕਬੇਰ ਵਾਲਿਆਂ ਨੇ ਕ੍ਰਮਵਾਰ ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਅਤੇ ਪੰਡਿਤ ਦੀਵਾਨ ਸਿੰਘ 'ਠੀਕਰੀਵਾਲਾ' ਨੂੰ ਨਾਇਬ ਸ੍ਰੀ ਮਹੰਤ ਬਣਾਇਆ ਸੀ। ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਦਾ ਜਨਮ ਸੰਨ 1822 ਈ. ਪਿੰਡ ਕਾਰਵਾ, ਜ਼ਿਲ੍ਹਾ ਗੁਰਦਾਸਪੁਰ, ਗੁਰੂ ਗੁਲਾਬ ਸਿੰਘ ਜੀ। ਸੰਨ 1875 ਈ. ਤੋਂ ਸੰਨ 1891 ਈ. ਤਕ 16 ਵਰਸ਼ ਨਾਇਬ ਸ੍ਰੀ ਮਹੰਤ ਰਹੇ। ਕੁਲ ਆਯੂ 69 ਵਰਸ਼ ਸੀ। ਪੰਡਿਤ ਦੀਵਾਨ ਸਿੰਘ ਜੀ ਦਾ ਜਨਮ 1833 ਈ. ਪਿੰਡ ਠੀਕਰੀਵਾਲਾ, ਗੁਰੂ ਹੀਰਾ ਸਿੰਘ। ਸੰਨ 1891 ਈ. ਤੋਂ 1896 ਈ. ਤਕ ਪੰਜ ਵਰਸ਼ ਉਪ ਸ੍ਰੀ ਮਹੰਤ ਰਹੇ। ਕੁਲ ਆਯੂ 63 ਵਰਸ਼ ਸੀ।

**ਤੀਸਰੇ ਸ੍ਰੀ ਮਹੰਤ ਪੰਡਿਤ ਊਧਵ ਸਿੰਘ ਨਯਾਯਕ :** ਜਨਮ ਸੰਨ 1841 ਈ., ਪਿੰਡ ਕੱਲਾ ਜ਼ਿਲ੍ਹਾ ਅੰਮ੍ਰਿਤਸਰ, ਗੁਰੂ ਗੁਲਾਬ ਸਿੰਘ, ਸੰਨ 1896 ਤੋਂ ਸੰਨ 1905 ਈ. ਤਕ 9 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 68 ਵਰਸ਼ ਸੀ।

**ਚੌਥੇ ਸ੍ਰੀ ਮਹੰਤ ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ :** ਜਨਮ ਸੰਨ 1845 ਈ., ਪਿੰਡ ਸਰਲੀਆਂ ਕਲਾਂ, ਜ਼ਿਲ੍ਹਾ ਅੰਮ੍ਰਿਤਸਰ, ਗੁਰੂ ਗੁਲਾਬ ਸਿੰਘ ਜੀ ਗਿੜਵੜੀ ਵਾਲੇ, ਸੰਨ 1905 ਈ. ਤੋਂ ਸੰਨ 1908 ਈ. ਤਕ 3 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 63 ਵਰਸ਼ ਸੀ।

**ਪੰਜਵੇਂ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ :** ਜਨਮ ਸੰਨ 1861 ਈ., ਪਿੰਡ ਹਰੀਕੇ ਕਲਾਂ, ਜ਼ਿਲ੍ਹਾ ਮੁਕਤਸਰ, ਗੁਰੂ ਮਸਤਾਨ ਸਿੰਘ, ਸੰਨ 1908 ਈ. ਤੋਂ ਸੰਨ 1927 ਈ. ਤਕ 19 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 66 ਵਰਸ਼ ਸੀ।

ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲਿਆਂ ਦੇ ਸਮੇਂ ਵਿਚ ਪੰਡਿਤ ਮੋਹਰ ਸਿੰਘ ਜੀ ਪਟਿਆਲੇ ਵਾਲੇ ਉਪ ਸ੍ਰੀ ਮਹੰਤ ਰਹੇ, ਜਿਨ੍ਹਾਂ ਦਾ ਜਨਮ ਸੰਨ 1863 ਈ., ਸੰਨ 1920 ਤੋਂ ਸੰਨ 1927 ਤਕ 8 ਵਰਸ਼ ਉਪ ਸ੍ਰੀ ਮਹੰਤ ਰਹੇ। ਕੁਲ ਆਯੂ 64 ਵਰਸ਼ ਸੀ।

**ਛੇਵੇਂ ਸ੍ਰੀ ਮਹੰਤ ਪੰਡਿਤ ਦਯਾ ਸਿੰਘ ਜੀ ਉਗੋਵਾਲੇ :** ਜਨਮ 1868 ਈ. ਵਿਚ ਹੋਇਆ। ਪਿੰਡ ਹੀਰੋ ਖੁਰਦ, ਜ਼ਿਲ੍ਹਾ ਪਟਿਆਲਾ, ਗੁਰੂ ਮਲੂਕ ਸਿੰਘ। ਸੰਨ 1927 ਈ. ਤੋਂ ਸੰਨ 1929 ਈ. ਤਕ 3 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 61 ਵਰਸ਼ ਸੀ।

**ਸੱਤਵੇਂ ਸ੍ਰੀ ਮਹੰਤ ਪੰਡਿਤ ਜੀਵਨ ਸਿੰਘ ਜੀ ਕਾਂਸ਼ੀ ਵਾਲੇ :** ਜਨਮ ਸੰਨ 1876 ਈ., ਪਿੰਡ ਗੋਂਦਵਾਲ, ਜ਼ਿਲ੍ਹਾ ਸਰਗੋਧਾ (ਪਾਕਿਸਤਾਨ), ਗੁਰੂ ਮੱਖਨ ਸਿੰਘ। ਸੰਨ 1931 ਈ. ਤੋਂ ਸੰਨ 1934 ਈ. ਤਕ 4 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 59 ਵਰਸ਼ ਸੀ।

**ਅੱਠਵੇਂ ਸ੍ਰੀ ਮਹੰਤ ਪੰਡਿਤ ਸੁੱਚਾ ਸਿੰਘ ਜੀ ਪਿੰਡੀਘੇਬ ਵਾਲੇ :** ਜਨਮ ਸੰਨ 1886 ਈ., ਪਿੰਡ ਭਿੰਡਰ ਕਲਾਂ, ਜ਼ਿਲ੍ਹਾ ਮੋਗਾ, ਪਿਤਾ ਸ. ਨੱਥਾ ਸਿੰਘ, ਮਾਤਾ ਮਹਿਤਾਬ ਕੌਰ, ਗੁਰੂ ਭਗਤ ਸਿੰਘ, ਸੰਨ 1934 ਈ. ਤੋਂ ਸੰਨ 1986 ਈ. ਤਕ 51 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 100 ਵਰਸ਼ ਸੀ।

**ਨੌਵੇਂ ਸ੍ਰੀ ਮਹੰਤ ਪੰਡਿਤ ਬਲਵੀਰ ਸਿੰਘ ਜੀ ਸ਼ਾਸਤ੍ਰੀ ਪਟਨੇ ਵਾਲੇ** : ਜਨਮ ਸੰਨ 1925 ਈ. ਪਿੰਡ ਅਤੇ ਜ਼ਿਲ੍ਹਾ ਮੁਕਤਸਰ, ਪਿਤਾ ਸ. ਕਾਲਾ ਸਿੰਘ, ਮਾਤਾ ਪ੍ਰਤਾਪ ਕੌਰ, ਗੁਰੂ ਹਰਦੇਵ ਸਿੰਘ, ਸੰਨ 1986 ਤੋਂ ਸੰਨ 1993 ਈ. ਤਕ 7 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 68 ਵਰਸ਼ ਸੀ।

**ਦਸਵੇਂ ਸ੍ਰੀ ਮਹੰਤ ਪੰਡਿਤ ਗਿਆਨਦੇਵ ਸਿੰਘ ਜੀ (ਵਰਤਮਾਨ)** : ਜਨਮ ਸੰਨ 1940 ਈ., ਪਿੰਡ ਬਹਿਲੋਲਪੁਰ, ਜ਼ਿਲ੍ਹਾ ਮੇਰਠ (ਯੂ.ਪੀ.), ਪਿਤਾ ਸ. ਦਰਿਆਵ ਸਿੰਘ, ਮਾਤਾ ਗੰਗਾਦੇਵੀ, ਗੁਰੂ ਸੁਆਮੀ ਲਾਲ ਸਿੰਘ, ਸੰਨ 1993 ਈ. ਤੋਂ ਸ੍ਰੀ ਮਹੰਤ ਦੀ ਪਦਵੀ 'ਤੇ ਵਿਭੂਸ਼ਿਤ ਹਨ।

ਆਪ ਜੀ ਦੇ ਸਮੇਂ ਵਿਚ ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਨਿਰਮਲ ਭੇਖ, ਖਟ-ਦਰਸ਼ਨ ਸਾਧੂ-ਸਮਾਜ ਵਿਚ ਮਹਾਨ ਸਤਿਕਾਰ ਪ੍ਰਾਪਤ ਕਰ ਰਿਹਾ ਹੈ। ਨਿਰਮਲ ਪੰਥ ਵਾਸਤੇ ਇਹ ਗੌਰਵ ਦੀ ਗੱਲ ਹੈ ਕਿ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਵਰਤਮਾਨ 'ਸ੍ਰੀ ਮਹੰਤ' ਪੂਰਵ ਮਹਾਂਪੁਰਖਾਂ ਦੀ ਤਰ੍ਹਾਂ ਤਪ-ਤੇਜ, ਪ੍ਰਤਾਪ ਵਾਲੇ, ਤਪੋਨਿਧੀ, ਜਤੇਂਦ੍ਰਜ, ਵਿਰੱਕਤ ਸ਼੍ਰੋਮਣੀ ਮਹਾਂਪੁਰਖ ਹਨ ਜਿਨ੍ਹਾਂ ਦਾ ਭਾਰਤੀ ਖਟ ਦਰਸ਼ਨ, ਸਾਧੂ ਸਮਾਜ ਵਿਚ ਪਰਮ ਸਤਿਕਾਰ ਹੈ ਅਤੇ ਸਰਵੋਪਰਿ ਸਥਾਨ ਹੈ। ਆਪ ਜੀ ਦੀ ਅਧਿਅਕਸ਼ਤਾ ਵਿਚ ਨਿਰਮਲ ਪੰਥ ਦਾ ਭਵਿੱਖ ਉੱਜਲ ਹੈ।

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

*''ਦਸਮ ਗੁਰੂ ਕੇ ਵਕਤ ਮੈਂ ਹੁਤੇ ਨਿਰਮਲੇ ਜੋਇ।*
*ਰਹਿਤੇ ਬਨੇ ਬਿਰਕਤ ਬਹੁ, ਮਿਲੇ ਪੰਥ ਮੈਂ ਸੋਇ॥*
*ਸਤੇ ਗੁਨੀ ਕਿਰਯਾ ਥੈ ਰਖਤੇ। ਹਰਿ ਗੁਰੂ ਭਗਤੀ ਕਾ ਰਸ ਚਖਤੇ॥*
*ਸ਼ਾਸਤ੍ਰ ਸਤਿ ਥੇ ਪਢਤੇ ਸੁਨਤੇ। ਚਰਚਾ ਗਯਾਨ ਬ੍ਰਹਮਾਤਮ ਧੁਨਤੇ॥*
*ਭਜਨ ਮਾਂਹਿ ਥੇ ਨਿਸ ਦਿਨ ਰਹਿਤੇ। ਸਤਿਗੁਰ ਤਿਨੈ ਨਿਰਮਲੇ ਕਹਿਤੇ॥*
*ਵੀਚ ਸਭਾ ਸੋ ਜਬੈ ਆਵਤੇ। ਆਏ ਨਿਰਮਲੇ ਸਭਿ ਬਤਾਵਤੇ॥*
*ਬ੍ਰਹਮ ਗਯਾਨ ਬਿਨ ਚਰਚਾ ਔਰੈਂ। ਗੁਰੂ ਭੀ ਤਬਿ ਨ ਚਲਾਤੇ ਗੌਰੈਂ॥*
*ਔਰ ਕਾਮ ਨਹਿੰ ਤਿਨੈ ਬਤਾਤੇ। ਬਿਦਯਾ ਪਢਨ ਪਢਾਨ ਰਖਾਤੇ॥''*

*(ਪੰਥ ਪ੍ਰਕਾਸ਼, ਪੰਨਾ 2799)*

ਸੱਚਖੰਡ ਹਜ਼ੂਰ ਸਾਹਿਬ (ਨਾਂਦੇੜ) ਵਿੱਚ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਕਲਗੀਧਰ ਸੁਆਮੀ ਨੇ ਨਿਰਮਲੇ ਸੰਤਾਂ ਨੂੰ ਤੀਰਥਾਂ, ਸ਼ਹਿਰਾਂ, ਪਿੰਡਾਂ ਵਿੱਚ ਡੇਰੇ ਕਾਇਮ ਕਰਨ ਅਤੇ ਦੇਸ ਵਿੱਚ ਭ੍ਰਮਣ ਕਰਕੇ ਨਾਮ, ਬਾਣੀ, ਸਿੱਖੀ ਦਾ ਪ੍ਰਚਾਰ, ਅੰਮ੍ਰਿਤ ਸੰਚਾਰ ਦੁਆਰਾ ਸਰਬੱਤ ਪ੍ਰਾਣੀ ਮਾਤ੍ਰ ਨੂੰ ਗੁਰੂ ਨਾਨਕ ਦੇਵ ਜੀ ਦੇ ਘਰ ਨਾਲ ਜੋੜਨ ਦੀ ਆਗਿਆ ਕੀਤੀ। ਗੁਰੂ ਜੀ ਦਾ ਆਦੇਸ਼ ਸੁਣ ਕੇ 25 ਨਿਰਮਲੇ ਸੰਤਾਂ ਦੀ ਸੰਤ ਮੰਡਲੀ ਸਤਿਗੁਰੂ ਜੀ ਦੀ ਉਸਤਤੀ ਕਰਕੇ, ਨਮਸਕਾਰ, ਅਰਦਾਸ ਕਰਕੇ, ਆਗਿਆ ਅਨੁਸਾਰ ਵੱਖ-ਵੱਖ ਇਲਾਕਿਆਂ ਅਤੇ ਤੀਰਥਾਂ ਉਪਰ ਚਲੀ ਗਈ। ਸੰਤ ਕਰਮ ਸਿੰਘ ਜੀ ਕਾਸ਼ੀ ਚਲੇ ਗਏ। ਸੰਤ ਦਰਗਾਹ ਸਿੰਘ ਜੀ ਕਨਖਲ (ਹਰਿਦਵਾਰ) ਚਲੇ ਗਏ। ਸੰਤ ਮਾਨ ਸਿੰਘ ਜੀ ਕੁਰੂਕਸ਼ੇਤਰ ਜਾ ਰਹੇ। ਸੰਤ ਪ੍ਰਕਾਸ਼ ਸਿੰਘ ਜੀ ਖਡੂਰ ਸਾਹਿਬ ਪਹੁੰਚ ਗਏ। ਸੰਤ ਕੇਇਰ ਸਿੰਘ ਜੀ ਅੰਮ੍ਰਿਤਸਰ ਚਲੇ ਗਏ। ਇਸ ਤਰ੍ਹਾਂ ਸਤਿਗੁਰੂ

ਜੀ ਦੇ ਹੁਕਮ ਅਨੁਸਾਰ ਸਮੂਹ ਸੰਤ ਨਾਮ-ਬਾਣੀ, ਸਿੱਖੀ, ਅੰਮ੍ਰਿਤ ਪ੍ਰਚਾਰ ਵਾਸਤੇ ਸਾਰੇ ਦੇਸ ਵਿੱਚ ਖਿਲਰ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ 1708 ਈ. ਵਿੱਚ ਜੋਤੀ ਜੋਤ ਸਮਾ ਗਏ। ਭਾਈ ਦਇਆ ਸਿੰਘ, ਭਾਈ ਸੰਤੋਖ ਸਿੰਘ ਆਦਿਕ ਕਾਫ਼ੀ ਸਿੰਘ ਸੱਚਖੰਡ ਹਜ਼ੂਰ ਸਾਹਿਬ (ਨਾਂਦੇੜ) ਵਿੱਚ ਗੁਰੂ ਜੀ ਦੇ ਸਥਾਨ ਦੀ ਸੇਵਾ-ਸੰਭਾਲ ਕਰਦੇ ਹੋਏ ਕਥਾ-ਕੀਰਤਨ ਅਤੇ ਲੰਗਰ ਦਾ ਪ੍ਰਵਾਹ ਚਲਾਉਂਦੇ ਰਹੇ। ਨਿਰਮਲੇ ਸੰਤ ਸਾਰੇ ਦੇਸ਼ ਵਿੱਚ ਗੁਰਬਾਣੀ, ਗੁਰਮਤਿ, ਸਿੱਖੀ ਦਾ ਪ੍ਰਚਾਰ, ਅੰਮ੍ਰਿਤ ਸੰਚਾਰ ਕਰਦੇ ਰਹੇ। ਗੁਰਮੁਖੀ ਪੜ੍ਹਾਉਣ ਦੀ, ਬਾਣੀ ਦੀਆਂ ਪੋਥੀਆਂ ਲਿਖਣ ਦੀ, ਸਤਿਗੁਰੂਆਂ ਦੇ ਉਪਕਾਰਾਂ ਦੀ, ਬੱਚਿਆਂ ਦੇ ਸਿਰਾਂ 'ਤੇ ਕੇਸ ਰਖਵਾਉਣ ਦੀ, ਪੰਥ ਦੇ ਸੰਘਰਸ਼ ਵਿੱਚ ਸਿੱਖ ਬੱਚਿਆਂ ਨੂੰ ਸ਼ਾਮਲ ਕਰਨ ਦੀ ਸੇਵਾ ਕਰਦੇ ਰਹੇ।

## ਨਿਰਮਲ ਪੰਥ ਦੀ ਰਹਿਤ ਮਰਯਾਦਾ

ਇਤਿਹਾਸ ਵਿੱਚ ਲਿਖਿਆ ਹੈ ਕਿ ਇੱਕ ਦਿਨ ਭਾਈ ਦਰਬਾਰਾ ਸਿੰਘ ਜੀ ਨੇ ਭਾਈ ਰਾਮ ਕੌਇਰ ਜੀ ਨੂੰ ਪ੍ਰਸ਼ਨ ਕੀਤਾ ਕਿ, "ਜੇਕਰ ਗੁਰੂ ਕੇ ਸਿੱਖ ਸੰਸਾਰ ਤੋਂ ਉਪਰਾਮ ਹੋ ਕੇ ਸਾਧੂ ਬਣਨਾ ਚਾਹੁਣ ਤਾਂ ਕਿਸ ਸੰਪ੍ਰਦਾਇ ਦਾ ਭੇਖ ਧਾਰਨ ਕਰਨ, ਜਿਸ ਨਾਲ ਗੁਰੂ ਕੇ ਸਿੱਖਾਂ ਦਾ ਸਿੱਖੀ ਸਿਦਕ ਵੀ ਬਣਿਆ ਰਹੇ।"

ਉੱਤਰ ਵਿੱਚ ਭਾਈ ਸਾਹਿਬ ਜੀ ਨੇ ਫ਼ੁਰਮਾਇਆ ਕਿ, "ਗੁਰੂ ਕੇ ਸਿੱਖਾਂ ਨੂੰ ਨਿਰਮਲ ਸੰਪ੍ਰਦਾਇ ਦੇ ਸਾਧੂ ਬਣਨਾ ਚਾਹੀਦਾ ਹੈ। ਨਿਰਮਲ ਪੰਥ ਦਸਾਂ ਸਤਿਗੁਰੂਆਂ ਨੂੰ ਈਸ਼ਵਰ ਦੀ ਜੋਤਿ ਮੰਨਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਮੰਨਦਾ ਹੈ। ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤਪਾਨ ਕਰਨਾ ਜ਼ਰੂਰੀ ਮੰਨਦਾ ਹੈ। ਅੰਮ੍ਰਿਤਪਾਨ ਤੋਂ ਬਿਨਾ ਨਿਰਮਲਾ ਸੰਤ ਬਣ ਹੀ ਨਹੀਂ ਸਕਦਾ। ਗੁਰੂ ਕੇ ਗੁਰਦਵਾਰਿਆਂ, ਤੀਰਥਾਂ, ਬੁੰਗਿਆਂ, ਸ਼ਹੀਦ ਗੰਜਾਂ, ਅੰਗੀਠਿਆਂ, ਸਮਾਧਾਂ, ਤਖ਼ਤਾਂ, ਗੁਰਮਤਿਆਂ, ਹੁਕਮਨਾਮਿਆਂ ਦਾ ਪੂਰਣ ਸਤਿਕਾਰ ਕਰਦਾ ਹੈ। ਗੁਰਬਾਣੀ, ਕਥਾ-ਕੀਰਤਨ ਦਾ ਪ੍ਰਚਾਰ ਕਰਦਾ ਹੈ। ਜਨ-ਸਾਧਾਰਣ ਨੂੰ ਗੁਰੂ ਸਾਹਿਬਾਨ ਅਤੇ ਗੁਰੂ ਘਰ ਤੋਂ ਜਾਣੂ ਕਰਵਾ ਕੇ ਗੁਰੂ ਕੇ ਲੜ ਲਾਉਂਦਾ ਹੈ।"

ਮਾਸ, ਮਦਰਾ (ਸ਼ਰਾਬ, ਅਫ਼ੀਮ, ਸੁੱਖਾ/ਭੰਗ) ਆਦਿਕ ਮਾਦਕ ਪਦਾਰਥਾਂ ਅਤੇ ਪਰ-ਇਸਤ੍ਰੀ ਦਾ ਨਿਸ਼ੇਧ ਕਰਦਾ ਹੈ। ਹੋਰ ਭੇਖਾਂ ਦੀ ਤਰ੍ਹਾਂ ਨਿਰਮਲ ਪੰਥ ਵਿੱਚ ਅਗਿਆਨ ਅਤੇ ਅੰਧ-ਵਿਸ਼ਵਾਸ ਨਹੀਂ ਹੈ। ਉਦਾਸੀਆਂ, ਸੰਨਿਆਸੀਆਂ, ਬੈਰਾਗੀਆਂ, ਨਾਥਾਂ, ਜੋਗੀਆਂ, ਜੈਨੀਆਂ ਦੀ ਤਰ੍ਹਾਂ ਜਨ ਸਾਧਾਰਨ ਤੋਂ ਵੱਖਰਾ ਬਣ ਕੇ ਨਹੀਂ ਰਹਿੰਦਾ। ਸਿਰ-ਮੂੰਹ ਮੁੰਡਤ ਕਰਨਾ, ਵੱਡੀਆਂ-ਵੱਡੀਆਂ ਜਟਾਂ ਰੱਖਣੀਆਂ, ਸਰੀਰ ਤੇ ਸਵਾਹ ਮਲ ਕੇ ਰੱਖਣੀ, ਲਿੰਗ, ਕੰਨ ਆਦਿਕ ਛੇਦਨੇ ਨਿਰਮਲ ਪੰਥ ਵਿੱਚ ਨਹੀਂ ਹਨ। ਨਿਰਮਲੇ ਸੰਤ ਸੁਭਾਵਿਕ ਰੂਪ ਵਿਚ ਰਹਿੰਦੇ ਹਨ। ਸੁੰਦਰ ਵਸਤਰ ਪਹਿਨਦੇ ਹਨ। ਭਗਵੇਂ ਜਾਂ ਸਫੇਦ ਦਸਤਾਰੇ ਅਤੇ ਬਾਕੀ ਵਸਤਰ ਵੀ ਭਗਵੇਂ ਜਾਂ ਚਿੱਟੇ ਪਹਿਨਦੇ ਹਨ।

## ਨਿਰਮਲੇ ਮਹਾਂਪੁਰਖਾਂ ਦੀ ਸਰਵ-ਪੱਖੀ ਸੇਵਾ

ਨਿਰਮਲੇ ਸਤਿਪੁਰਸ਼ਾਂ ਨੇ ਸਤਿਗੁਰੂ ਜੀ ਦੇ ਆਦਰਸ਼ ਅਨੁਸਾਰ ਸੇਵਾ ਨੂੰ ਮੁੱਖ ਰੱਖਿਆ

ਹੈ। ਮਨੁੱਖਤਾ ਦੀ ਭਲਾਈ ਵਾਸਤੇ ਪਰਉਪਕਾਰ ਕਰ ਰਹੇ ਹਨ। ਜਨਤਾ ਜਨਾਰਦਨ ਦੀ ਆਤਮਿਕ ਅਤੇ ਸੰਸਾਰਕ ਅਗਵਾਈ ਕਰਕੇ ਸਦਮਾਰਗ ਪਾ ਰਹੇ ਹਨ। ਰੂੜੀਵਾਦੀ ਨਾ ਰਹਿ ਕੇ ਲੋੜ ਅਨੁਸਾਰ ਸਭ ਤਰ੍ਹਾਂ ਦੀ ਸੇਵਾ ਕਰ ਰਹੇ ਹਨ।

ਮੰਡਲੀਆਂ ਦੁਆਰਾ ਪਿੰਡ-ਪਿੰਡ ਧਰਮ ਪ੍ਰਚਾਰ ਕਰਨ ਲੱਗੇ। ਛੋਟੇ-ਛੋਟੇ, ਵੱਡੇ-ਵੱਡੇ ਪਿੰਡਾਂ ਵਿੱਚ ਡੇਰੇ ਕਾਇਮ ਕਰਕੇ ਗਿਆਨ ਦਾ ਦੀਪਕ ਜਗਾਉਣ ਲੱਗੇ। ਪੇਂਡੂ ਬੱਚਿਆਂ ਨੂੰ ਗੁਰਮਤਿ ਦੀ ਸਿੱਖਿਆ ਦੇਣ ਲੱਗੇ। ਗੁਰਮੁਖੀ ਵਿਦਿਆ ਪੜ੍ਹਾ ਕੇ ਗੁਰਬਾਣੀ ਦੇ ਪਾਠੀ ਅਤੇ ਗਿਆਨੀ ਬਣਾਉਣ ਲੱਗੇ। ਚਕਿਤਸਾ ਦੁਆਰਾ ਰੋਗਾਂ ਦਾ ਇਲਾਜ ਵੀ ਕਰਨ ਲੱਗੇ ਅਤੇ ਪੜ੍ਹਾਉਣ ਵੀ ਲੱਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਅਨਯ ਗ੍ਰੰਥ ਲਿਖ ਕੇ ਡੇਰਿਆਂ/ਧਰਮਸਾਲਾਵਾਂ ਵਿੱਚ ਸਥਾਪਨ ਕਰਨ ਲੱਗੇ। ਵੱਡੇ-ਵੱਡੇ ਤੀਰਥਾਂ, ਮੇਲਿਆਂ 'ਤੇ ਕਥਾ ਕੀਰਤਨ ਅਤੇ ਸ਼ਾਸਤ੍ਰਾਰਥ ਕਰਕੇ ਗੁਰਮਤਿ-ਗੁਰਬਾਣੀ ਨੂੰ ਸਰਵੋਪਰੀ ਪ੍ਰਸਿੱਧ ਕਰਨ ਲੱਗੇ। ਵਿਦਿਆਲਯ ਖੋਲ੍ਹ ਕੇ ਵਿਦਿਆ ਦਾਨ ਕਰਨ ਲੱਗੇ।

ਵੱਡੇ-ਵੱਡੇ ਗ੍ਰੰਥਾਂ ਦੀ ਰਚਨਾ ਕਰਕੇ ਗੁਰਮਤਿ ਸਿਧਾਂਤ ਦਾ ਨਿਰੂਪਨ ਕਰਨ ਲੱਗੇ। ਗੁਰਬਾਣੀ ਦੇ ਟੀਕੇ, ਕੋਸ਼, ਸਾਹਿਤਯ, ਦਰਸ਼ਨ, ਛੰਦ ਸ਼ਾਸਤ੍ਰ, ਇਤਿਹਾਸ ਦੇ ਸੈਂਕੜੇ ਗ੍ਰੰਥਾਂ ਦੀ ਰਚਨਾ ਕੀਤੀ। ਕਈ ਅਸ਼ਰਧਕਾਂ ਵੱਲੋਂ ਗੁਰਮਤਿ ਦੇ ਖੰਡਨ ਵਿੱਚ ਲਿਖੇ ਗ੍ਰੰਥਾਂ ਦਾ ਖੰਡਨ ਕਰਕੇ, ਗੁਰਮਤਿ ਸਿਧਾਂਤਾਂ ਦਾ ਬਾ-ਦਲੀਲ ਮੰਡਨ ਕੀਤਾ। ਗ੍ਰੰਥ ਰਚਨਾ ਤੋਂ ਬਿਨਾਂ ਪੱਤਰਕਾਰੀ ਵਿਚ ਵੀ ਉੱਘਾ ਯੋਗਦਾਨ ਪਾਇਆ ਹੈ। ਅਖ਼ਬਾਰਾਂ ਦੁਆਰਾ ਉਲੇਖਨੀਯ ਪ੍ਰਚਾਰ ਕੀਤਾ ਹੈ।

ਹਰ ਪੰਥਕ ਕਾਰਜ ਵਿੱਚ ਅੱਗੇ ਹੋ ਕੇ ਹਿੱਸਾ ਪਾਉਂਦੇ ਰਹੇ ਹਨ। ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਆਰੰਭ ਕਰਨ ਵਾਲੇ ਨਿਰਮਲੇ ਸੰਤ ਹੀ ਹਨ। ਗੁਰਦੁਆਰਾ ਸੁਧਾਰ ਲਹਿਰ ਅਤੇ ਸੁਤੰਤਰਤਾ ਅੰਦੋਲਨ ਵਿੱਚ ਸਭ ਤੋਂ ਅੱਗੇ ਰਹੇ ਹਨ। ਨਿਰਮਲ ਭੇਖ ਦੀ ਦੇਸ਼ ਸੇਵਾ, ਧਰਮ ਪ੍ਰਚਾਰ, ਵਿਦਿਆ ਪ੍ਰਚਾਰ ਉਲੇਖਨੀਯ ਹੈ। ਇਨ੍ਹਾਂ ਮਹਾਂਪੁਰਖਾਂ ਦੇ ਸਰਵਪੱਖੀ ਨਿਸ਼ਕਾਮ ਪਰਉਪਕਾਰਾਂ ਦਾ ਸੰਖੇਪ ਸਾਰ ਪਾਠਕਾਂ ਦੀ ਦ੍ਰਿਸ਼ਟੀਗੋਚਰ ਕਰਦੇ ਹਾਂ।

## ਕਥਾ ਵਿਆਖਿਆਨ

ਨਿਰਮਲ ਭੇਖ ਵਿੱਚ ਬੜੇ-ਬੜੇ ਵਿਦਵਾਨ, ਕਥਾਕਾਰ, ਵਿਆਖਿਆਨਦਾਤਾ, ਮਹਾਂਪੁਰਖ ਹੋਏ ਹਨ, ਜਿਨ੍ਹਾਂ ਨੇ ਕਥਾ ਵਿਆਖਿਆਨ ਨਾਲ ਹਜ਼ਾਰਾਂ ਪ੍ਰਾਣੀਆਂ ਨੂੰ ਸਦ-ਮਾਰਗ ਪਾਇਆ। ਗੁਰਬਾਣੀ, ਗੁਰਸਿੱਖੀ ਨਾਲ ਜੋੜ ਕੇ ਲੋਕ-ਪ੍ਰਲੋਕ ਸਫਲੇ ਕੀਤੇ। ਭਾਵੇਂ ਕਥਾ, ਵਿਆਖਿਆਨ ਦੀ ਨਿਰਮਲ ਭੇਖ ਦੇ ਸਮੂਹ ਮਹਾਂਪੁਰਖਾਂ ਨੂੰ ਧੁਰ ਤੋਂ ਹੀ ਦਾਤ ਪ੍ਰਾਪਤ ਹੈ, ਪਰ ਕੁਝ ਅਜਿਹੇ ਅਲੌਕਿਕ, ਚਮਤਕਾਰੀ ਮਹਾਂਪੁਰਖ ਵੀ ਹੋਏ ਹਨ, ਜਿਨ੍ਹਾਂ ਦੇ ਪ੍ਰਵਚਨ ਦੀ ਸ਼ੈਲੀ, ਪਦ ਪਦਾਰਥਾਂ ਦਾ ਵਰਣਨ, ਪ੍ਰਮਾਣ/ਦ੍ਰਿਸ਼ਟਾਂਤ, ਸ਼ਬਦਾਵਲੀ ਅਪੂਰਵ ਸੀ। ਕਥਨ ਵਿੱਚ ਰਸ ਅਤੇ ਮਧੁਰਤਾ ਸੀ। ਪ੍ਰਵਚਨ ਯਥਾਰਥਕਤਾ ਅਤੇ ਆਪਣੇ ਸਿਧਾਂਤ ਨੂੰ ਸਿੱਧ ਕਰਨ ਦੀ ਸ਼ਕਤੀ ਸੀ।

ਪੰਡਿਤ ਹਰੀ ਸਿੰਘ ਜੀ ਕਥਾ ਵਾਲੇ, ਪੰਡਿਤ ਦੀਵਾਨ ਸਿੰਘ ਜੀ ਠੀਕਰੀ ਵਾਲੇ, ਪੰਡਿਤ ਨਾਰਾਇਣ ਸਿੰਘ ਜੀ ਵਿਰਕਤ ਰਿਸ਼ੀਕੇਸ਼, ਪੰਡਿਤ ਫੌਜਾ ਸਿੰਘ ਜੀ ਮੰਡੇਲੀ ਵਾਲੇ, ਪੰਡਿਤ ਕਾਲਾ ਸਿੰਘ ਜੀ ਮੰਡਲੇਸ਼ਵਰ, ਪੰਡਿਤ ਅਨੰਦ ਸਿੰਘ ਜੀ ਮੰਡਲੀ ਵਾਲੇ, ਗਿਆਨੀ ਸਰੋਵਰ ਸਿੰਘ ਜੀ,

ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕੇ, ਮਹੰਤ ਹਾਕਮ ਸਿੰਘ ਜੀ, ਡੇਰਾ ਬਾਬਾ ਮਿਸ਼ਰਾ ਸਿੰਘ ਅੰਮ੍ਰਿਤਸਰ, ਪੰਡਿਤ ਕਲਿਆਣ ਸਿੰਘ ਜੀ, ਪੰਡਿਤ ਹਰਦੇਵ ਸਿੰਘ ਜੀ ਵਿਰਕਤ ਕੁਟੀਆ ਕਨਖਲ, ਪੰਡਿਤ ਨਰੋਤਮ ਸਿੰਘ ਜੀ ਨਿਰਮਲ ਛੇਤ੍ਰ ਅੰਮ੍ਰਿਤਸਰ, ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਆਦਿਕ ਪ੍ਰਸਿੱਧ ਹੋਏ ਹਨ, ਜਿਨ੍ਹਾਂ ਦਾ ਪ੍ਰਭਾਵ ਹਾਲੀ ਤਕ ਸਰੋਤਿਆਂ ਦੇ ਮਨਾਂ ਉੱਤੇ ਸਮਾਇਆ ਹੋਇਆ ਹੈ।

ਪੰਡਿਤ ਹਰੀ ਸਿੰਘ ਜੀ (ਪੰਜਾਬ ਸਿੰਧ ਛੇਤ੍ਰ) ਪ੍ਰਸਿੱਧ ਕਥਾ ਵਾਲੇ, ਸੰਤ ਮੰਡਲੀ ਸਹਿਤ ਨੇਪਾਲ ਦੀ ਯਾਤਰਾ 'ਤੇ ਗਏ, ਜਿਨ੍ਹਾਂ ਵਿਚ ਪੰਡਿਤ ਈਸ਼ਰ ਸਿੰਘ ਜੀ ਦੋਧਰ ਵਾਲੇ ਵਰਗੇ ਵਿਰਕਤ, ਵੀਤਰਾਗ, ਮਹਾਂਪੁਰਖ ਸ਼ਾਮਲ ਸਨ। ਇਕ ਦਿਨ ਨੇਪਾਲ ਸਮਰਾਟ ਨੇ ਖਟ ਦਰਸ਼ਨ ਸਾਧੂ ਸਮਾਜ ਨੂੰ ਰਾਜ ਪ੍ਰਾਸਾਦ ਵਿੱਚ ਬੁਲਾਇਆ। ਬਹੁਤ ਵੱਡੀ ਸਭਾ ਲੱਗੀ ਅਤੇ ਵੱਡੇ-ਵੱਡੇ ਵੀਤਰਾਗ ਮਹਾਤਮਾ ਉਪਸਥਿਤ ਹੋਏ। ਇਸ ਸਮੇਂ ਨੇਪਾਲ ਨਰੇਸ਼ ਨੇ ਉਪਦੇਸ਼ ਸ਼ਰਵਨ ਕਰਨ ਦੀ ਇੱਛਾ ਪ੍ਰਗਟ ਕੀਤੀ। ਸੰਤ ਸਤਿਨਾਮ ਸਿੰਘ ਜੀ ਦੇ ਕਹਿਣ 'ਤੇ ਪੰਡਿਤ ਹਰੀ ਸਿੰਘ ਜੀ ਨੇ ਪ੍ਰਵਚਨ ਕੀਤਾ, ਜਿਨ੍ਹਾਂ ਦੀ ਅੰਮ੍ਰਿਤਬਾਣੀ ਸੁਣ ਕੇ ਮਹਾਰਾਜਾ ਪਰਮ ਪ੍ਰਸੰਨ ਹੋਇਆ। ਗੁਰਬਾਣੀ, ਵੇਦ, ਉਪਨਿਸ਼ਦਾਂ, ਪੁਰਾਣਾਂ, ਸਿਮ੍ਰਿਤੀਆਂ ਦੇ ਪ੍ਰਮਾਣ/ਵਾਕਾਂ ਦੁਆਰਾ ਅੰਮ੍ਰਿਤਪਾਨ ਕਰਕੇ ਆਪ ਜੀ ਦਾ ਭਗਤ ਬਣ ਗਿਆ। ਦਸ ਹਜ਼ਾਰ ਰੁਪਏ ਭੇਟ ਕੀਤਾ, ਜਿਨ੍ਹਾਂ ਵੱਲ ਪੰਡਿਤ ਜੀ ਨੇ ਵੇਖਿਆ ਤਕ ਵੀ ਨਹੀਂ। ਇਸ ਸਮੇਂ ਆਪ ਜੀ ਨੇ ਰਾਜਧਾਨੀ ਕਠਮੰਡੂ ਵਿਚ ਗੁਰਦੁਆਰਾ ਸਾਹਿਬ ਕਾਇਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਥਾਪਨ ਕੀਤੇ।

ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ ਵੀ ਮਹਾਨ ਵਿਆਖਿਆਨ ਵਾਚਸਪਤੀ ਸਨ। ਸੰਮਤ 1977 ਬਿ. (1920 ਈ.) ਦੇ ਉਜੈਨ ਕੁੰਭ ਪਰਵ 'ਤੇ ਆਪ ਜੀ ਦਾ ਪ੍ਰਵਚਨ ਸੁਣ ਕੇ ਮਹਾਰਾਜ ਗਵਾਲੀਅਰ ਅਤਿਅੰਤ ਪ੍ਰਭਾਵਿਤ ਹੋਇਆ ਸੀ। ਨਿਮਰਤਾ ਪੂਰਬਕ ਨਿਮੰਤ੍ਰਣ ਦੇ ਕੇ ਗਣੇਸ਼ ਚੌਥ 'ਤੇ ਗਵਾਲੀਅਰ ਬੁਲਾਇਆ ਅਤੇ ਫੂਲ ਬਾਗ ਵਿੱਚ ਉਤਾਰਾ ਕੀਤਾ ਗਿਆ। ਖਟ-ਦਰਸ਼ਨ ਸਾਧੂ ਸਮਾਜ ਦਾ ਅਥਾਹ ਇਕੱਠ ਸੀ। ਗਣੇਸ਼ ਚੌਥ ਦੇ ਪਰਵ 'ਤੇ ਆਪ ਜੀ ਨੂੰ ਮਹਿਲਾਂ ਵਿੱਚ ਬੁਲਾਇਆ ਗਿਆ। ਖਟ-ਦਰਸ਼ਨ ਸਾਧੂ-ਸਮਾਜ ਵੀ ਪੁੱਜਿਆ ਹੋਇਆ ਸੀ ਪਰ ਸ੍ਰੀ ਮਹੰਤ ਜੀ ਨੂੰ ਮਹਾਰਾਜੇ ਨੇ ਆਪਣੇ ਦਰਬਾਰ ਉੱਚ ਆਸਨ ਉਪਰ ਬਿਠਾਇਆ। ਮਹਾਰਾਜੇ ਨੇ ਗਣੇਸ਼ ਜੀ ਦੀ ਮੂਰਤੀ ਅੱਗੇ ਆਪ ਕੀਰਤਨ ਕੀਤਾ।

ਸ੍ਰੀ ਮਹੰਤ ਜੀ ਮਹਾਰਾਜ ਦਾ ਵਿਦਵਤਾ ਭਰਿਆ ਵਿਆਖਿਆਨ ਹੋਇਆ, ਜਿਸਨੂੰ ਮਹਾਰਾਜਾ ਸੁਣ ਕੇ ਅਤੀ ਪ੍ਰਸੰਨ ਹੋਇਆ। ਨਾਲ ਹੀ ਇਕ ਦਿਨ ਹੋਰ ਕਥਾ ਸੁਣਨ ਦੀ ਬੇਨਤੀ ਕੀਤੀ। ਸ੍ਰੀ ਮਹੰਤ ਜੀ ਨੇ ਯੋਗ ਸਮਾਂ ਵੇਖ ਕੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਮਹਾਰਾਜ ਦਾ ਗਵਾਲੀਅਰ ਦੇ ਕਿਲ੍ਹੇ ਵਿੱਚ ਕਾਰਾਵਾਸ ਵਾਲਾ ਪ੍ਰਕਰਣ ਸੁਣਾਇਆ। ਮਹਾਰਾਜਾ ਸੁਣ ਕੇ ਇੰਨਾ ਪ੍ਰਸੰਨ ਹੋਇਆ ਕਿ ਫੂਲ ਬਾਗ ਵਿੱਚ ਗੁਰਦੁਆਰਾ ਸਥਾਪਨ ਕਰ ਦਿੱਤਾ। ਸ੍ਰੀ ਮਹੰਤ ਜੀ ਅਤੇ ਸੰਤ ਮੰਡਲੀ ਦੀ ਸਤਿਕਾਰ ਯੋਗ ਪੂਜਾ ਕਰਕੇ ਵਿਦਾਇਗੀ ਦਿੱਤੀ। ਇਕ ਹਜ਼ਾਰ ਰੁਪਏ ਸਾਲਾਨਾ ਪੂਜਾ ਨਿਯਤ ਕੀਤੀ।

ਪੰਡਿਤ ਨਾਰਾਇਣ ਸਿੰਘ ਜੀ ਦੀ ਕਥਾ ਸ਼ਰਵਣ ਕਰਨ ਵਾਸਤੇ ਹਜ਼ਾਰਾਂ ਵਿਅਕਤੀ ਪਹਿਲਾਂ ਹੀ ਆ ਕੇ ਬੈਠ ਜਾਂਦੇ ਸਨ। ਜੋ ਵੀ ਕਥਾ ਉਪਦੇਸ਼ ਸੁਣਦਾ ਸੀ, ਨਾਮ-ਬਾਣੀ, ਸਿੱਖੀ ਨਾਲ ਜੁੜ

ਜਾਂਦਾ ਸੀ। ਸ੍ਵਾਮੀ ਲਾਲ ਸਿੰਘ ਜੀ (ਪ੍ਰਸਿੱਧ ਨਿਰਮਲ ਸਵਾਮੀ) ਜਦ ਵੇਦਾਂਤ ਉਪਰ ਪ੍ਰਵਚਨ ਕਰਦੇ ਸਨ, ਹਜ਼ਾਰਾਂ ਵਿਅਕਤੀਆਂ ਦੇ ਮਨ ਇਕਾਗਰਚਿੱਤ ਹੋ ਜਾਂਦੇ ਸਨ।

ਪੰਡਿਤ ਅਰਜਨ ਸਿੰਘ ਜੀ 'ਮੁਨੀ' ਸ਼ਾਸਤ੍ਰੀ ਵਿਆਕਰਣਾਚਾਰਯ, ਹਰਿਦਵਾਰ, ਪੰਡਿਤ ਹਕੀਕਤ ਸਿੰਘ ਜੀ ਅਰਵਿੰਦ ਰਤੇਵਾਲ, ਸ੍ਰੀ 108 ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਵੇਦਾਂਤਾਚਾਰਯ ਕਨਖਲ, ਪੰਡਿਤ ਬਲਬੀਰ ਸਿੰਘ ਜੀ 'ਵਿਯੋਗੀ' ਸੰਤਪੁਰਾ ਦਿੱਲੀ, ਮਹੰਤ ਬੁੱਢਾ ਸਿੰਘ ਜੀ ਨਿਰਮਲ ਆਸ਼ਰਮ ਰਿਸ਼ੀਕੇਸ਼, ਪੰਡਿਤ ਨਿੱਕਾ ਸਿੰਘ ਜੀ ਵਿਰਕਤ ਨਿਰਮਲ ਆਸ਼ਰਮ ਰਿਸ਼ੀਕੇਸ਼, ਮਹੰਤ ਬਿਸ਼ਨ ਸਿੰਘ ਜੀ 'ਕ੍ਰੀਟ' ਹਰਿਦਵਾਰ, ਗਿਆਨੀ ਜਗਤ ਸਿੰਘ ਜੀ ਅੰਬਾਲਾ, ਪੰਡਿਤ ਗੁਰਦੀਪ ਸਿੰਘ ਜੀ 'ਕੇਸਰੀ' ਵਾਰਾਣਸੀ ਆਦਿਕ ਅਨੇਕ ਮਹਾਂਪੁਰਖ ਮਹਾਨ ਵਿਆਖਿਆਨ ਵਾਚਸਪਤੀ ਹੋਏ ਹਨ।

## ਰਾਗ ਕੀਰਤਨ

ਸਾਹਿਤ ਅਤੇ ਸੰਗੀਤ ਵਿਦਵਤਾ ਦਾ ਚਿੰਨ੍ਹ ਮੰਨੇ ਹਨ। ਨਿਰਮਲੇ ਮਹਾਂਪੁਰਖ ਸਾਹਿਤਯ ਅਤੇ ਸੰਗੀਤ ਵਿੱਚ ਵੀ ਨਿਪੁੰਨ ਸਨ। ਸੰਗੀਤ, ਰਾਗ ਅਤੇ ਕੀਰਤਨ ਵਿੱਚ ਅਕਹਿ ਯੋਗਤਾ ਰੱਖਣ ਵਾਲੇ ਅਨੇਕ ਮਹਾਂਪੁਰਖ ਹੋਏ ਹਨ, ਜਿਨ੍ਹਾਂ ਨੇ ਰਾਗ ਅਤੇ ਕੀਰਤਨ ਦੁਆਰਾ ਨਾਮ ਬਾਣੀ ਦੀ ਸਾਰੇ ਦੇਸ ਵਿੱਚ ਅੰਮ੍ਰਿਤ ਵਰਖਾ ਕੀਤੀ ਹੈ। ਮਹਾਂਪੁਰਖਾਂ ਦੀ ਰਾਗ/ਕੀਰਤਨ ਦੁਆਰਾ ਕੀਤੀ ਹੋਈ ਸੇਵਾ ਸੁਨਹਿਰੀ ਅੱਖਰਾਂ ਵਿੱਚ ਲਿਖਣ ਯੋਗ ਹੈ।

ਸ੍ਰੀ ਮਾਨ ਸੰਤ ਬਾਬਾ ਮਿਸ਼ਰਾ ਸਿੰਘ ਜੀ (ਅੰਮ੍ਰਿਤਸਰ) ਪ੍ਰਸਿੱਧ ਰਾਗੀ ਅਤੇ ਕੀਰਤਨੀਏ ਹੋਏ ਹਨ। ਆਪ ਕਈ ਵਰਸ਼ ਸ੍ਰੀ ਹਰਿਮੰਦਰ ਸਾਹਿਬ ਜੀ, ਅੰਮ੍ਰਿਤਸਰ ਵਿਖੇ ਬਿਲਾਵਲ ਦੀ ਚੌਂਕੀ ਭਰਦੇ ਰਹੇ। ਆਪ ਨਿਰੇ ਰਾਗੀ ਹੀ ਨਹੀਂ ਸਨ, ਨਾਮ-ਬਾਣੀ ਦੇ ਅਭਿਆਸੀ, ਉੱਚ ਜੀਵਨ ਵਾਲੇ ਬ੍ਰਹਮਗਿਆਨੀ ਸਨ। ਇਸੇ ਵਾਸਤੇ ਆਪ ਜੀ ਦੇ ਕੀਰਤਨ ਵਿੱਚ ਰਸ ਅਤੇ ਮਧੁਰਤਾ ਸੀ। ਸ਼ਹਿਰ ਤੇ ਇਲਾਕੇ ਦੀ ਸੰਗਤ, ਡੇਰਿਆਂ ਦੇ ਮਹਾਂਪੁਰਖ, ਆਪ ਜੀ ਦਾ ਕੀਰਤਨ ਸਰਵਣ ਕਰਨ ਵਾਸਤੇ ਪਹਿਲਾਂ ਹੀ ਸ੍ਰੀ ਹਰਿਮੰਦਰ ਸਾਹਿਬ ਵਿੱਚ ਪਹੁੰਚ ਜਾਂਦੇ ਸਨ। ਆਪ ਜੀ ਦਾ ਡੇਰਾ ਕੀਰਤਨ ਦੀ ਟਕਸਾਲ ਦੇ ਰੂਪ ਵਿੱਚ ਪ੍ਰਸਿੱਧ ਹੈ। ਇਸ ਸਥਾਨ ਤੋਂ ਅਨੇਕਾਂ ਨੇ ਰਾਗ/ਕੀਰਤਨ ਦੀ ਸਿੱਖਿਆ ਪ੍ਰਾਪਤ ਕੀਤੀ ਹੈ। ਇਸ ਡੇਰੇ ਵਿੱਚ ਸੰਤ ਕਪੂਰ ਸਿੰਘ ਜੀ (ਜਨਮ ਪਿੰਡ ਕੈਰੋਂ ਜ਼ਿਲ੍ਹਾ ਅੰਮ੍ਰਿਤਸਰ) ਮਹਾਨ ਰਾਗੀ ਹੋਏ ਹਨ, ਜੋ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਰਤਨ ਦੀ ਚੌਂਕੀ ਭਰਦੇ ਸਨ। ਇਥੋਂ ਸੇਵਾ ਮੁਕਤ ਹੋਣ ਉਪਰੰਤ ਮਹਾਰਾਜਾ ਭੁਪਿੰਦਰ ਸਿੰਘ ਜੀ ਪਟਿਆਲਾਪਤੀ ਦੇ ਰਾਜ ਦਰਬਾਰ ਵਿੱਚ ਰਾਗੀ ਦੀ ਪਦਵੀ 'ਤੇ ਜਾ ਕੇ ਸੇਵਾ ਨਿਭਾਈ। ਆਪ ਜੀ ਨੇ ਰਾਗ ਵਿਦਿਆ ਉਪਰ ਇਕ ਗ੍ਰੰਥ ਵੀ ਲਿਖਿਆ ਹੈ। ਭਾਈ ਮੱਖਣ ਸਿੰਘ, ਭਾਈ ਜਵਾਹਰ ਸਿੰਘ, ਭਾਈ ਲਾਭ ਸਿੰਘ (ਤਿੰਨੇ ਪ੍ਰਗਯਾਚਖਸ਼ੂ) ਸੰਤ ਕਪੂਰ ਸਿੰਘ ਜੀ ਦੇ ਸ਼ਿਸ਼ ਸਨ।

ਭਾਈ ਮੱਖਨ ਸਿੰਘ ਜੀ ਨੇ 50 ਵਰਸ਼ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿੱਚ ਆਸਾ ਦੀ ਵਾਰ ਦਾ ਕੀਰਤਨ ਕੀਤਾ। ਕੋਈ ਕਿੰਨੀ ਵੀ ਪੂਜਾ ਭੇਟਾ ਦੇਵੇ, ਆਪ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕੀਰਤਨ ਵਿੱਚ ਨਾਗਾ ਨਹੀਂ ਪਾਉਂਦੇ ਸਨ। ਤਾਊਸ ਵਜਾਉਣ ਵਿੱਚ ਆਪ ਜੀ ਪ੍ਰਵੀਨ ਸਨ।

ਪਿੰਡ ਦੌਧਰ ਜ਼ਿਲ੍ਹਾ ਮੋਗਾ ਵਿੱਚ ਮਹੰਤ ਵੀਰ ਸਿੰਘ ਜੀ ਰਾਗ ਦੇ ਮਹਾਨ ਵਿਦਵਾਨ ਅਤੇ ਗੁਰਮੁਖੀ ਦੇ ਲਿਖਾਰੀ ਸਨ। ਛੋਟੇ-ਛੋਟੇ ਨੇਤ੍ਰਹੀਨ ਬੱਚਿਆਂ ਨੂੰ ਪੜ੍ਹਾਉਂਦੇ, ਬਾਣੀ ਕੰਠਸਥ ਕਰਵਾਉਂਦੇ, ਰਾਗ ਸਿਖਾਉਂਦੇ, ਕੇਸੀ ਸ਼ਨਾਨ ਕਰਵਾਉਂਦੇ, ਵਸਤਰ ਧੋਂਦੇ, ਸੈਂਕੜੇ ਨੇਤ੍ਰਹੀਨ ਬੱਚਿਆਂ ਨੂੰ ਰਾਗ ਸਿਖਾ ਕੇ ਗੁਣਾਂ ਨਾਲ ਵਿਭੂਸ਼ਤ ਕਰ ਦਿੰਦੇ ਸਨ। ਸਭ ਵਾਸਤੇ ਲੰਗਰ, ਰਿਹਾਇਸ਼, ਵਸਤਰ ਅਨੇਕ ਤਰ੍ਹਾਂ ਦੇ ਸਾਜ਼ ਸਭ ਡੇਰੇ ਵੱਲੋਂ ਹੀ ਦਿੰਦੇ ਸਨ। ਮਹੰਤ ਮੰਗਲ ਸਿੰਘ ਜੀ ਵੀ ਇਸੇ ਪਰੰਪਰਾ ਨੂੰ ਨਿਭਾਉਂਦੇ ਰਹੇ। ਨੇਤ੍ਰਹੀਨ ਰਾਗੀਆਂ ਵਾਸਤੇ ਦੌਧਰ ਤੀਰਥ ਸਥਾਨ ਬਣ ਗਿਆ। ਨੇਤ੍ਰਹੀਨ ਰਾਗੀ ਭਾਵੇਂ ਦੇਸ਼ ਦੇ ਕਿਸੇ ਕੋਨੇ ਵਿੱਚ ਹੋਵੇ, ਦੌਧਰ ਦੇ ਨਾਮ ਤੋਂ ਅਵੱਸ਼ ਹੀ ਵਾਕਫ਼ ਹੋਵੇਗਾ। ਹਰ ਰਾਗੀ ਵਿਦਿਆਰਥੀ ਦੇ ਮਨ ਵਿੱਚ ਦੌਧਰ ਦੀ ਯਾਤਰਾ ਕਰਨ ਦੀ ਵੀ ਕਾਮਨਾ ਹੁੰਦੀ ਹੈ।

ਵੀਹਵੀਂ ਸਦੀ ਦੇ ਅਵਤਾਰ ਸ੍ਰੀਮਾਨ ਪੂਜਯ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਕੀਰਤਨ ਦੀ ਅੰਮ੍ਰਿਤ ਵਰਖਾ ਨਾਲ, ਨਾਮ-ਬਾਣੀ, ਅੰਮ੍ਰਿਤ-ਪ੍ਰਚਾਰ, ਸਦ-ਉਪਦੇਸ਼ ਦੀ ਆਲੌਕਿਕ ਲਹਿਰ ਆਰੰਭ ਕੀਤੀ। ਜਿਥੇ ਵੀ ਆਪ ਜਾ ਪੁੱਜਦੇ, ਕੀਰਤਨ ਨੂੰ ਸਰਵਣ ਕਰਨ ਵਾਸਤੇ ਹਜ਼ਾਰਾਂ ਵਿਅਕਤੀ ਚਲੇ ਆਉਂਦੇ। ਅੰਮ੍ਰਿਤਪਾਨ ਕਰਕੇ, ਗੁਰਬਾਣੀ ਨਾਲ ਜੁੜ ਕੇ, ਜਨਮ ਸਫਲੇ ਕਰਕੇ ਵਾਪਸ ਜਾਂਦੇ ਸਨ। ਆਪ ਜੀ ਦੇ ਦਰਸ਼ਨ/ਕੀਰਤਨ ਦਾ ਪ੍ਰਭਾਵ ਕਲਮ ਅੰਕਿਤ ਕਰਨ ਤੋਂ ਅਸਮਰਥ ਹੈ।

ਮਹੰਤ ਗੱਜਾ ਸਿੰਘ ਜੀ ਗੁਰਦਵਾਰਾ ਗੁਰੂਸਰ (ਮਰ੍ਹਾੜ ਵਾਲੇ) ਆਪਣੇ ਸਮੇਂ ਦੇ ਆਲੌਕਿਕ ਸੰਗੀਤਕਾਰ ਹੋਏ ਹਨ। ਆਪ ਸੰਗੀਤ ਦੇ ਆਚਾਰਯ ਸਨ। ਸੰਗੀਤ ਦੀ ਦੁਨੀਆਂ ਦੇ ਪ੍ਰਧਾਨ ਪੁਰਸ਼ ਸਨ। ਦੇਸ਼ ਦੇ ਸੰਗੀਤਕਾਰ, ਨ੍ਰਿਤਕਾਰ ਅਤੇ ਰਾਗੀ ਆਪ ਜੀ ਨੂੰ ਆਪਣਾ ਗੁਰੂ ਮੰਨਦੇ ਸਨ। ਮਹਾਰਾਜਾ ਭੂਪਿੰਦਰ ਸਿੰਘ ਜੀ ਪਟਿਆਲਾਪਤੀ ਅਤੇ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਆਪ ਜੀ ਦੇ ਸ਼ਾਗਿਰਦ ਸਨ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਨੂੰ ਸ਼ੁੱਧ ਰੂਪ ਵਿੱਚ ਸੰਭਾਲਣ ਵਾਸਤੇ ਸੁਰ-ਲਿੱਪੀਆਂ ਤਿਆਰ ਕੀਤੀਆਂ ਸਨ ਪਰ ਇਹ ਮਹਾਨ ਗ੍ਰੰਥ ਪ੍ਰਕਾਸ਼ਤ ਨਾ ਹੋ ਸਕਿਆ। ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਮਹਾਨ ਕੋਸ਼ ਵਿੱਚ ਰਾਗ, ਸੰਗੀਤ ਬਾਰੇ ਜੋ ਜਾਣਕਾਰੀ ਹੈ, ਉਹ ਸਭ ਮਹੰਤ ਜੀ ਦੀ ਦੇਣ ਹੈ। ਪ੍ਰਸਿੱਧ ਨ੍ਰਤਕੀਆਂ - ਗੋਹਰਜਾਂ ਕਲਕਤੇ ਵਾਲੀ, ਰਾਮਪਿਆਰੀ ਬਨਾਰਸ ਵਾਲੀ, ਜਮਨਾ ਕਾਬਲ ਵਾਲੀ ਆਪ ਜੀ ਕੋਲ ਨੰਗੇ ਪੈਰੀਂ ਆਇਆ ਕਰਦੀਆਂ ਸਨ। ਆਪ ਜੈਸੇ ਮਹਾਨ ਪੁਰਖ ਸਦੀਆਂ ਬਾਅਦ ਪੈਦਾ ਹੁੰਦੇ ਹਨ।

**ਮੰਡਲੀਆਂ**

ਨਿਰਮਲ ਭੇਖ ਦੇ ਮਹਾਂਪੁਰਖਾਂ ਨੇ ਵਿਦਿਆ, ਗੁਰਬਾਣੀ, ਧਰਮ ਪ੍ਰਚਾਰ ਦੇ ਵਾਸਤੇ ਮੰਡਲੀਆਂ ਦਾ ਨਿਰਮਾਣ ਕੀਤਾ ਹੈ, ਜੋ ਉੱਚ ਜੀਵਨ, ਤਪ, ਤੇਜ ਵਾਲੇ, ਤਿਆਗੀ, ਵੀਤ ਰਾਗ ਵਿਦਵਾਨ ਮਹਾਂਪੁਰਖਾਂ ਦਾ ਚੱਲਦਾ ਫਿਰਦਾ ਵਹੀਰ (ਧਰਮ ਪ੍ਰਚਾਰਕ ਜੱਥਾ) ਹੁੰਦਾ ਹੈ। ਮੰਡਲੀ ਦੇ ਮੁਖੀ ਨੂੰ 'ਮੰਡਲੇਸ਼ਵਰ' ਜਾਂ 'ਮਹਾਂ ਮੰਡਲੇਸ਼ਵਰ' ਕਿਹਾ ਜਾਂਦਾ ਹੈ।

ਬਹੁਤ ਸਾਰੇ ਨਿਰਮਲੇ ਮਹਾਂਪੁਰਖ ਸੁਾਮੀ ਜਵਾਲਾ ਦਾਸ ਜੀ ਦਾਦਾ ਵਾਲਿਆਂ ਦੀ ਮੰਡਲੀ

ਵਿੱਚ ਰਹਿ ਕੇ ਪੜ੍ਹੇ ਸਨ, ਪਰ ਸੁਾਮੀ ਜਵਾਲਾ ਦਾਸ ਜੀ, ਸ੍ਰੀਮਾਨ ਪੰਡਿਤ ਫੌਜਾ ਸਿੰਘ ਜੀ (ਨਿਰਮਲੇ) ਦੀ ਮੰਡਲੀ ਵਿੱਚੋਂ ਪੜ੍ਹੇ ਸਨ। ਪੰਡਿਤ ਫੌਜਾ ਸਿੰਘ ਜੀ ਦੀ ਮੰਡਲੀ ਪ੍ਰਾਚੀਨ ਸੀ। ਇਸ ਤੋਂ ਬਿਨਾਂ ਪੰਡਿਤ ਕਾਲਾ ਸਿੰਘ ਜੀ, ਪੰਡਿਤ ਹਰੀ ਸਿੰਘ ਜੀ ਕਥਾ ਵਾਲੇ, ਪੰਡਿਤ ਨਾਰਾਇਣ ਸਿੰਘ ਜੀ ਵਿਰਕਤ ਕੁਟੀਆ ਕਨਖਲ, ਪੰਡਿਤ ਬਾਬਾ ਪ੍ਰੇਮ ਸਿੰਘ ਜੀ ਝਾੜੀ ਰਿਸ਼ੀਕੇਸ਼ ਵਾਲੇ, ਪੰਡਿਤ ਈਸ਼ਰ ਸਿੰਘ ਜੀ ਦੌਧਰ ਵਾਲੇ, ਪੰਡਿਤ ਦੇਵਾ ਸਿੰਘ ਜੀ ਦੇਵਪੁਰਾ ਹਰਿਦਵਾਰ ਵਾਲੇ, ਪੰਡਿਤ ਸ਼ਮੀਰ ਸਿੰਘ ਜੀ ਬਲੌਂਗੀ ਵਾਲੇ ਅਤੇ ਪੰਡਿਤ ਗੁਰਬਖ਼ਸ਼ ਸਿੰਘ ਜੀ ਨਾਗੋਕੇ ਦੀਆਂ ਮੰਡਲੀਆਂ ਪ੍ਰਸਿੱਧ ਰਹੀਆਂ ਹਨ।

ਸ਼ਾਸਤ੍ਰਾਰਥ

ਨਿਰਮਲ ਪੰਥ ਨੂੰ ਵਿਦਿਆ ਦਾ ਵਰਦਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਖ਼ਸ਼ਿਆ ਹੈ। ਇਸ ਕਰਕੇ ਨਿਰਮਲੇ ਮਹਾਂਪੁਰਖ ਸੰਸਕ੍ਰਿਤ ਅਤੇ ਗੁਰਬਾਣੀ ਦੇ ਮਹਾਨ ਵਿਦਵਾਨ ਹੁੰਦੇ ਹਨ। ਧਰਮ, ਕਰਮ-ਕਾਂਡ, ਰਾਜਨੀਤੀ, ਸਾਹਿਤਯ, ਕਾਵਿ, ਵੇਦਾਂਤ, ਨਯਾਯ ਆਦਿਕ ਸਰਵ ਵਿਦਿਆ ਵਿੱਚ ਪ੍ਰਵੀਨ ਹੁੰਦੇ ਹਨ। ਇਸ ਵਾਸਤੇ ਜੇਕਰ ਕਿਸੇ ਵਿਪਕਸ਼ੀ ਨੇ ਸ਼ਾਸਤ੍ਰਾਰਥ ਕੀਤਾ ਤਾਂ ਵਿਜੈ ਦਾ ਸਿਹਰਾ ਨਿਰਮਲੇ ਸੰਤਾਂ ਦੇ ਸਿਰ 'ਤੇ ਹੀ ਬੱਝਿਆ। ਕਈ ਸ਼ਾਸਤ੍ਰਾਰਥ ਇਤਿਹਾਸ ਪ੍ਰਸਿੱਧ ਹਨ।

(1) ਇੱਕ ਵਾਰੀ ਕਾਸ਼ੀ ਜੀ ਵਿਚ ਦਿਗਜਵਿਜਈ ਵਿਦਵਾਨ ਪੰਡਿਤ ਆਇਆ। ਕਾਸ਼ੀ ਨੂੰ ਸ਼ਾਸਤ੍ਰਾਰਥ ਲਈ ਵੰਗਾਰਿਆ। ਕਾਸ਼ੀ ਦੇ ਸਮੂਹ ਵਿਦਵਾਨ ਇਕੱਠੇ ਹੋਏ। ਵਿਚਾਰ ਵਿਮਰਸ਼ ਕੀਤਾ ਗਿਆ ਕਿ ਆਏ ਹੋਏ ਪੰਡਿਤ ਨਾਲ ਕੌਣ ਸ਼ਾਸਤ੍ਰਾਰਥ ਕਰੇ ? ਹਰ ਇਕ ਵਿਦਵਾਨ ਸ਼ਾਸਤ੍ਰਾਰਥ ਕਰਨ ਤੋਂ ਸੰਕੋਚ ਕਰ ਰਿਹਾ ਸੀ। ਇਸ ਸਮੇਂ ਸ੍ਰੀਮਾਨ ਪੰਡਿਤ ਸੱਦਾ ਸਿੰਘ ਜੀ ਉੱਠੇ ਅਤੇ ਕਿਹਾ ਕਿ ਆਏ ਹੋਏ ਪੰਡਿਤ ਨੂੰ ਕਹੋ, "ਮੈਂ ਸ਼ਾਸਤ੍ਰਾਰਥ ਕਰਾਂਗਾ।" ਸਮੇਂ ਅਨੁਸਾਰ ਸ਼ਾਸਤ੍ਰਾਰਥ ਆਰੰਭ ਹੋਇਆ। ਆਪਣੇ ਪੱਖ ਨੂੰ ਸਿੱਧ ਕਰਨ ਵਾਸਤੇ ਪ੍ਰਮਾਣ/ਦ੍ਰਿਸ਼ਟਾਂਤ ਚੱਲਦੇ ਰਹੇ। ਅੰਤ, ਦਿਗਜਵਿਜਈ ਪੰਡਿਤ ਨਿਰੁੱਤਰ ਹੋ ਗਿਆ। ਵਿਜੈ ਸ੍ਰੀਮਾਨ ਪੰਡਿਤ ਸੱਦਾ ਸਿੰਘ ਜੀ ਦੀ ਹੋਈ। ਕਾਸ਼ੀ ਵਿੱਚ ਪ੍ਰਸੰਨਤਾ ਦੀ ਲਹਿਰ ਦੌੜ ਗਈ।

ਦੂਸਰੇ ਦਿਨ ਕਾਸ਼ੀ ਦੇ ਸਮੂਹ ਪੰਡਿਤ ਇਕੱਤਰ ਹੋਏ। ਇੱਕ ਵਿਸ਼ੇਸ਼ ਸਮਾਗਮ ਕੀਤਾ ਗਿਆ, ਜਿਸ ਵਿੱਚ ਪੰਡਿਤ ਸੱਦਾ ਸਿੰਘ ਜੀ ਦੀ ਭਰਪੂਰ ਉਸਤਤੀ ਕੀਤੀ ਗਈ। ਕਿਹਾ ਗਿਆ, "ਆਪ ਜੀ ਨੇ ਕਾਸ਼ੀ ਦਾ ਸਨਮਾਨ ਰੱਖ ਲਿਆ। ਇਸ ਵਾਸਤੇ ਕਾਸ਼ੀ ਦੇ ਸਮੂਹ ਵਰਗਾਂ ਦੇ ਵਿਦਵਾਨ ਇਕੱਤਰ ਹੋ ਕੇ ਆਪ ਜੀ ਨੂੰ ਸਤਿਕਾਰ ਯੋਗ ਉਪਾਧੀ (ਖ਼ਤਾਬ) ਨਾਲ ਵਿਭੂਸ਼ਤ ਕਰਨਾ ਚਾਹੁੰਦੇ ਹਨ। ਕੀ ਆਪ ਖ਼ੁਦ ਦੱਸ ਸਕਦੇ ਹੋ ਕਿ ਕਿਸ ਉਪਾਧੀ ਨਾਲ ਆਪ ਜੀ ਨੂੰ ਸਨਮਾਨਿਆ ਜਾਵੇ ?" ਪੰਡਿਤ ਸੱਦਾ ਸਿੰਘ ਜੀ ਨੇ ਖੜੇ ਹੋ ਕੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ, "ਜੇ ਆਪ ਜੀ ਪ੍ਰਸੰਨ ਹੋ ਤਾਂ ਮੈਨੂੰ ਕੇਵਲ 'ਦੰਡੀ' ਦਾ ਹੀ ਸਨਮਾਨ (ਖ਼ਤਾਬ) ਦਿੱਤਾ ਜਾਵੇ।" ਸੋ ਆਪ ਜੀ ਨੂੰ ਏਹੀ ਖ਼ਤਾਬ ਦਿੱਤਾ ਗਿਆ। ਪੰਡਿਤ ਸੱਦਾ ਸਿੰਘ ਜੀ 'ਦੰਡੀ' ਕਾਸ਼ੀ ਦੇ ਮਹਾਨ ਪੰਡਿਤ ਹੋਏ ਹਨ। ਆਪ ਜੀ ਨੇ ਵੇਦਾਂਤ ਦੇ ਪ੍ਰਸਿੱਧ ਗ੍ਰੰਥ 'ਅਦ੍ਵੈਤ ਸਿਧੀ' ਦਾ 'ਸੁਗਮ ਸਾਰ ਚੰਦ੍ਰਕਾ' ਟੀਕਾ ਕੀਤਾ ਹੈ, ਜਿਸ ਨੂੰ ਵਿਦਵਾਨ ਪੜ੍ਹ ਕੇ ਲਾਭ ਉਠਾਉਂਦੇ ਹਨ।

(2) ਪਹਿਲੀ ਵਾਰ ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਤ੍ਰਿਅੰਬਕੇਸ਼੍ਵਰ (ਨਾਸਿਕ) ਕੁੰਭ ਪਰਵ 'ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਧਰਮ ਦਾ ਪ੍ਰਚਾਰ ਕਰਨ ਵਾਸਤੇ ਪੁਜਿਆ ਹੋਇਆ ਸੀ। ਕੁਝ ਅਨਯਮਤੀਆਂ ਦੀ ਪ੍ਰੇਰਨਾ ਨਾਲ ਪੁਜਾਰੀ ਬ੍ਰਾਹਮਣਾਂ ਨੇ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਸ਼ਨਾਨ ਤੇ ਪੂਜਾ ਨੂੰ ਰੋਕ ਦਿੱਤਾ। ਤ੍ਰਿਅੰਬਕੇਸ਼੍ਵਰ ਵਿੱਚ ਬਾਰਾਂ ਜੋਤ੍ਰਿਲਿੰਗਾਂ ਵਿੱਚ ਤ੍ਰਿਅੰਬਕੇਸ਼੍ਵਰ ਦਾ ਜੋਤ੍ਰਿਲਿੰਗ ਵੀ ਇੱਕ ਹੈ। ਇਥੋਂ ਹੀ ਗੁਦਾਵਰੀ ਨਦੀ ਪੈਦਾ ਹੁੰਦੀ ਹੈ। ਇਥੇ ਹੀ 'ਕੁਸ਼ਾਵ੍ਰਤ' ਸਰੋਵਰ ਹੈ, ਜਿਸ ਵਿੱਚ ਕੁੰਭ ਦਾ ਮੁੱਖ ਸ਼ਨਾਨ ਹੁੰਦਾ ਹੈ। ਕੁਸ਼ਾਵ੍ਰਤ ਦਾ ਸ਼ਨਾਨ ਅਤੇ ਤ੍ਰਿਅੰਬਕੇਸ਼੍ਵਰ ਦੀ ਪੂਜਾ ਬੱਸ ਏਹੀ ਕੁੰਭ ਦਾ ਮਹਾਤਮ ਹੈ। ਸ੍ਰੀ ਨਿਰਮਲ ਪੰਚਾਇਤੀ ਅਖਾੜੇ ਨੂੰ ਇਸੇ ਸ਼ਨਾਨ/ਪੂਜਾ ਤੋਂ ਰੋਕਿਆ ਗਿਆ ਸੀ ਅਤੇ ਕਿਹਾ ਗਿਆ ਸੀ ਕਿ "ਗੁਰੂ ਨਾਨਕ ਮਤਾਨੁਯਾਈ ਨਿਰਮਲੇ ਸੰਤ ਜਾਤੀਵਾਦ ਨੂੰ ਨਹੀਂ ਮੰਨਦੇ, ਸਭ ਊਚ-ਨੀਚ ਇਕੱਠੇ ਰਹਿੰਦੇ ਹਨ। ਇਸ ਵਾਸਤੇ ਨਾ ਸ਼ਨਾਨ ਕਰ ਸਕਦੇ ਹਨ ਨਾ ਪੂਜਾ ਕਰ ਸਕਦੇ ਹਨ।"

ਤ੍ਰਿਅੰਬਕੇਸ਼੍ਵਰ ਦੇ ਮੰਦਰ ਵਿੱਚ ਅਣਸੀਤਾ ਵਸਤਰ (ਚਾਦਰ) ਪਹਿਨ ਕੇ ਨੰਗੇ ਸਿਰ ਜਾਣ ਦਾ ਨਿਯਮ ਹੈ। ਵਸਤਰ ਵੀ ਰੇਸ਼ਮ ਜਾਂ ਉੱਨ ਦਾ ਹੋਣਾ ਚਾਹੀਦਾ ਹੈ। ਖੱਦਰ ਦਾ ਸੂਤੀ ਕੱਪੜਾ ਮੰਦਰ ਵਿੱਚ ਨਹੀਂ ਜਾ ਸਕਦਾ।

ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਮੁਖੀਆਂ ਨੇ ਕਿਹਾ, "ਅਸੀਂ ਗੁਰੂ ਨਾਨਕ ਪੰਥੀ ਸਾਧੂ ਹਾਂ, ਧਰਮ ਵਿੱਚ ਪੂਰਨ ਵਿਸ਼ਵਾਸ ਰੱਖਦੇ ਹਾਂ। ਵੇਦਾਂ/ਸ਼ਾਸਤ੍ਰਾਂ ਦਾ ਪਠਨ-ਪਾਠਨ ਅਤੇ ਸਤਿਕਾਰ ਕਰਦੇ ਹਾਂ। ਜੇਕਰ ਸਾਡੇ ਵਿੱਚ ਸ਼ਰਧਾ ਪ੍ਰੇਮ ਹੈ ਤਾਂ ਇੰਨੀ ਦੂਰ ਪੂਜਾ-ਸ਼ਨਾਨ ਵਾਸਤੇ ਆਏ ਹਾਂ।"

ਇਸ ਸਮੇਂ ਚਾਲੀ ਪੰਜਾਹ ਵਿਦਵਾਨ ਵਿਰਕਤ ਮਹਾਂਪੁਰਖ ਪੁਜਾਰੀਆਂ ਨਾਲ ਵਿਚਾਰ ਕਰ ਰਹੇ ਸਨ। ਨਿਰਮਲੇ ਸੰਤਾਂ ਨੇ ਕਿਹਾ ਕਿ ਸਾਡੇ ਨਾਲ ਸ਼ਾਸਤ੍ਰ ਅਨੁਸਾਰ ਵਿਚਾਰ ਕਰ ਲਵੋ। ਪੁਜਾਰੀਆਂ ਨੇ ਪੁੱਛਿਆ, "ਤੁਹਾਡਾ ਕਿਹੜਾ ਵਿਦਵਾਨ ਵਿਚਾਰ ਕਰੇਗਾ?" ਸੰਤਾਂ ਨੇ ਕਿਹਾ, "ਜਿਸ ਉਪਰ ਤੁਸੀਂ ਹੱਥ ਰੱਖ ਦੇਵੋਗੇ, ਉਹੀ ਗੱਲ ਕਰੇਗਾ।" ਪਿੱਛੇ ਬੈਠੇ ਸਨ ਸ੍ਰੀਮਾਨ ਪੰਡਿਤ ਦੀਵਾਨ ਸਿੰਘ ਜੀ ਠੀਕਰੀ ਵਾਲੇ। ਪੁਜਾਰੀਆਂ ਨੇ ਸੋਚਿਆ ਪਿੱਛੇ ਬੈਠਣ ਵਾਲਾ ਇਹ ਕਮਜ਼ੋਰ ਜਿਹਾ ਸੰਤ ਅਨਪੜ੍ਹ ਹੋਵੇਗਾ ? ਪੁਜਾਰੀਆਂ ਨੇ ਇਨ੍ਹਾਂ ਦੇ ਉਪਰ ਹੀ ਹੱਥ ਰੱਖ ਦਿੱਤਾ ਕਿ "ਇਹ ਸੰਤ ਵਿਚਾਰ ਕਰ ਲੈਣ।" ਨਿਯਤ ਸਮੇਂ ਤੇ ਸ਼ਾਸਤ੍ਰਾਰਥ ਆਰੰਭ ਹੋ ਗਿਆ। ਦੱਖਣੀ ਭਾਰਤ ਦੇ ਬ੍ਰਾਹਮਣ, ਵਿਦਵਾਨ ਅਤੇ ਕਈ ਰਿਆਸਤਾਂ ਦੇ ਰਾਜੇ, ਮਹਾਰਾਜੇ, ਜੋ ਕੁੰਭ ਸ਼ਨਾਨ 'ਤੇ ਆਏ ਹੋਏ ਸਨ, ਸ਼ਾਸਤ੍ਰਾਰਥ ਸੁਣਨ ਵਾਸਤੇ ਸਭਾ ਵਿੱਚ ਆ ਕੇ ਬੈਠ ਗਏ। ਪੰਡਿਤ ਦੀਵਾਨ ਸਿੰਘ ਜੀ ਨੇ ਸੰਸਕ੍ਰਿਤ ਵਿੱਚ ਵਿਆਖਿਆਨ ਆਰੰਭ ਕੀਤਾ। ਵੇਦਾਂ, ਸ਼ਾਸਤ੍ਰਾਂ, ਉਪਨਿਸ਼ਦਾਂ, ਸਿਮ੍ਰਤੀਆਂ, ਪੁਰਾਣਾਂ, ਰਾਮਾਇਣ, ਮਹਾਂਭਾਰਤ ਦੇ ਪ੍ਰਮਾਣ/ਦ੍ਰਿਸ਼ਟਾਂਤ ਦੇ ਕੇ ਪੁਜਾਰੀਆਂ/ਬ੍ਰਾਹਮਣਾਂ ਦੇ ਖੋਖਲੇ ਕਰਮ-ਕਾਂਡ ਦੀਆਂ ਧੱਜੀਆਂ ਉਡਾ ਦਿੱਤੀਆਂ ਅਤੇ ਸਿੱਧ ਕਰ ਦਿੱਤਾ :

1. ਸਰਬਤ ਪ੍ਰਾਣੀ ਮਾਤ੍ਰ ਨੂੰ ਸ਼ਨਾਨ ਕਰਨ ਦਾ ਅਧਿਕਾਰ ਹੈ।
2. ਕੇਵਲ ਇਕੋ ਚਾਦਰ ਪਹਿਨ ਕੇ ਨੰਗੇ ਸਿਰ ਮੰਦਰ ਜਾਣ ਨਾਲ ਇਸ਼ਟ ਦਾ ਅਪਮਾਨ ਹੈ।

ਜਿਸ ਨੂੰ ਸਮੂਹ ਵਿਦਵਾਨਾਂ ਅਤੇ ਪੁਜਾਰੀਆਂ ਨੇ ਹੱਥ ਜੋੜ ਕੇ ਸਵੀਕਾਰ ਕੀਤਾ। ਸਾਰਿਆਂ

ਨੇ ਪੰਡਿਤ ਦੀਵਾਨ ਸਿੰਘ ਜੀ ਅਤੇ ਨਿਰਮਲ ਭੇਖ ਦੀ ਪ੍ਰਸ਼ੰਸਾ ਕੀਤੀ। ਪਰਵਾਨ ਕੀਤਾ ਗਿਆ ਕਿ ਨਿਰਮਲ ਭੇਖ ਧਰਮ ਦੇ ਤਤ੍ਵ ਨੂੰ ਜਾਣਨ ਵਾਲਾ ਸਤਿਵਾਦੀ ਹੈ। ਸਤਿਗੁਰੂ ਨਾਨਕ ਦੇਵ ਜੀ ਪੂਰਣ ਅਵਤਾਰ ਹਨ। ਨਿਰਮਲ ਭੇਖ ਕੁਸ਼ਾਵ੍ਰਤ ਤੀਰਥ ਵਿੱਚ ਸ਼ਨਾਨ ਕਰਨ ਦਾ, ਤ੍ਰਿਯੰਬਕੇਸ਼੍ਵਰ ਦੇ ਮੰਦਰ ਵਿੱਚ ਸੂਤ ਦੇ ਸੀਤੇ ਵਸਤਰਾਂ, ਦਸਤਾਰਾਂ ਸਹਿਤ ਪੂਜਾ ਕਰਨ ਦਾ ਅਧਿਕਾਰੀ ਹੈ। ਵਿਧੀਵਤ ਲਿਖਤ ਕੀਤੀ ਗਈ, ਜਿਸ ਅਨੁਸਾਰ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਤ੍ਰਿਯੰਬਕੇਸ਼੍ਵਰ ਦੇ ਕੁੰਭ ਪਰਵ 'ਤੇ ਵਸਤਰਾਂ ਸਹਿਤ ਪੂਜਾ ਕਰਦਾ ਹੈ। ਨਿਰਮਲ ਭੇਖ ਤੋਂ ਬਿਨਾਂ ਹੋਰ ਕਿਸੀ ਨੂੰ ਸੀਤੇ ਵਸਤਰਾਂ ਨਾਲ ਮੰਦਰ ਵਿੱਚ ਜਾਣ ਦੀ ਆਗਿਆ ਨਹੀਂ ਹੈ।

3. ਇੱਕ ਵਾਰ ਦਇਆਨੰਦ ਆਰੀਆ ਸਮਾਜੀ ਨੇ ਅੰਮ੍ਰਿਤਸਰ ਵਿੱਚ ਆ ਕੇ ਬੜੇ ਹੰਕਾਰ ਨਾਲ ਘੋਸ਼ਣਾ ਕੀਤੀ ਕਿ 'ਖ਼ਾਲਸਾ' ਸ਼ਬਦ ਦਾ ਕੋਈ ਵੀ ਯਥਾਰਥ ਅਰਥ ਨਹੀਂ ਹੈ। ਜੇ ਕੋਈ ਸਿੱਖ ਅਰਥ/ਵਿਆਖਿਆ ਕਰ ਦੇਵੇ, ਮੈਂ ਕੱਲ੍ਹ ਨੂੰ ਇਸੇ ਥਾਂ ਉਸ ਨਾਲ ਵਿਚਾਰ ਕਰਨ ਲਈ ਤਿਆਰ ਹਾਂ। ਨਾਲ ਹੀ ਹੰਕਾਰ ਨਾਲ ਕਿਹਾ, 'ਪਰ ਮੈਨੂੰ ਨਿਸ਼ਚੈ ਹੈ ਕਿ ਕਿਸੇ ਨੇ ਅਰਥ ਕਰਨ ਵਾਸਤੇ ਆਉਣਾ ਨਹੀਂ।'

ਇਸ ਇਕੱਠ ਵਿੱਚ ਪੰਡਿਤ ਠਾਕਰ ਨਿਹਾਲ ਸਿੰਘ ਜੀ ਥੋਹਾਖਾਲਸਾ ਵਾਲੇ ਵੀ ਬੈਠੇ ਸਨ। ਉਨ੍ਹਾਂ ਨੇ ਸੁਣ ਕੇ ਵਿਚਾਰ ਕੀਤਾ ਕਿ ਦਇਆਨੰਦ ਦਾ ਗਰਬ (ਹੰਕਾਰ) ਤੋੜਨਾ ਚਾਹੀਦਾ ਹੈ। ਇਹ ਪੂਰੇ ਸਿੱਖ ਪੰਥ ਨੂੰ ਵੰਗਾਰ ਰਿਹਾ ਹੈ। ਆਪ ਜੀ ਨੇ ਸੰਸਕ੍ਰਿਤ ਦੇ ਸੌ ਸ਼ਲੋਕਾਂ ਵਿੱਚ 'ਖਾਲਸਾ' ਸ਼ਬਦ ਦੀ ਵਿਆਖਿਆ, ਅਰਥ, ਮਹਾਨਤਾ, ਉਪਮਾ ਵਰਣਨ ਕਰਕੇ ਇੱਕ ਰਾਤ ਵਿੱਚ 'ਖਾਲਸਾ ਸ਼ਤਕ' ਗ੍ਰੰਥ ਲਿਖ ਦਿੱਤਾ।

ਪੰਡਿਤ ਜੀ ਨਿਯਤ ਸਮੇਂ 'ਤੇ ਦਇਆਨੰਦ ਦੇ ਇਕੱਠ ਵਿੱਚ ਪੁੱਜ ਗਏ। ਕਿਹਾ - "ਮੈਂ ਤੁਹਾਡੇ ਕਹਿਣ ਅਨੁਸਾਰ ਖ਼ਾਲਸਾ ਸ਼ਬਦ ਦੀ ਵਿਆਖਿਆ ਕਰਨ ਦੇ ਲਈ ਆਇਆ ਹਾਂ।"

ਦਇਆਨੰਦ ਨੇ ਸੋਚਿਆ ਇਹ ਸੰਤ ਪੰਜਾਬੀ ਬੋਲੀ ਵਿੱਚ ਇੱਕ ਦੋ ਗੱਲਾਂ ਕਹੇਗਾ, ਮੈਂ ਇੱਕ ਗੱਲ ਨਾਲ ਇਸ ਨੂੰ ਨਿਰੁੱਤਰ ਕਰ ਦੇਵਾਂਗਾ। ਇਹ ਸੋਚ ਕੇ ਦਇਆਨੰਦ ਵਿਅੰਗ ਨਾਲ ਬੋਲਿਆ, 'ਹਾਂ! ਦੱਸੋ ਖਾਲਸੇ ਦਾ ਕੀ ਅਰਥ ਹੈ?'

ਬੱਸ! ਫਿਰ ਕੀ ਸੀ, ਪੰਡਿਤ ਜੀ ਨੇ ਖ਼ਾਲਸਾ ਸ਼ਤਕ ਬੋਲਣਾ ਆਰੰਭ ਕਰ ਦਿੱਤਾ। ਧਾਰਾ ਵਾਹਕ ਸੰਸਕ੍ਰਿਤ ਵਿੱਚ ਖ਼ਾਲਸੇ ਦੀ ਵਿਆਖਿਆ ਹੋ ਰਹੀ ਸੀ। ਦਇਆਨੰਦ ਸੰਸਕ੍ਰਿਤ ਵਿੱਚ ਖ਼ਾਲਸਾ ਸ਼ਬਦ ਦੀ ਵਿਉਤਪਤੀ, ਪ੍ਰਮਾਣ/ਦ੍ਰਿਸ਼ਟਾਂਤ, ਉਪਮਾ, ਮਹਿਮਾ ਸੁਣ ਕੇ ਸ੍ਰੀਮਾਨ ਪੰਡਿਤ ਨਿਹਾਲ ਸਿੰਘ ਜੀ ਦੇ ਚਰਨਾਂ ਵਿੱਚ ਹੱਥ ਜੋੜ ਕੇ ਨਤਸਿਰ ਹੋ ਗਿਆ। ਪੰਡਿਤ ਜੀ ਦੀ ਜੈ-ਜੈ ਕਾਰ ਹੋ ਰਹੀ ਸੀ।

ਦਇਆਨੰਦ ਸ਼ਰਮਿੰਦਾ ਹੋਇਆ ਕਹਿ ਰਿਹਾ ਸੀ, "ਮੈਨੂੰ ਪਤਾ ਨਹੀਂ ਸੀ ਕਿ ਸਿੱਖਾਂ ਵਿੱਚ ਵੀ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ ਹੁੰਦੇ ਹਨ।"

ਪੰਡਿਤ ਨਿਹਾਲ ਸਿੰਘ ਜੀ ਨੇ ਦਇਆਨੰਦ ਦਾ ਗਰਬ (ਹੰਕਾਰ) ਤੋੜ ਕੇ ਵਿਜੈ ਪ੍ਰਾਪਤ ਕੀਤੀ। ਇਸ ਤਰ੍ਹਾਂ ਸ਼ਾਸਤ੍ਰਾਰਥ ਦੁਆਰਾ 'ਖ਼ਾਲਸਾ ਸ਼ਤਕ' ਗ੍ਰੰਥ ਹੋਂਦ ਵਿੱਚ ਆਇਆ ਹੈ।

4. ਪੰਡਿਤ ਈਸ਼ਵਰ ਸਿੰਘ ਜੀ 'ਕਲਿਯੁਗ' ਸ਼ਾਸਤ੍ਰਾਰਥ ਕਰਨ ਵਿੱਚ ਬੜੀ ਪ੍ਰਸਿੱਧਤਾ

ਰੱਖਦੇ ਸਨ। ਆਪ ਜੀ ਦੀ ਸ਼ਾਸਤ੍ਰਾਰਥ ਕਰਨ ਦੀ ਸ਼ਕਤੀ, ਬਲ-ਬੁੱਧੀ ਅਪੂਰਵ ਸੀ। ਹਾਜ਼ਿਰ ਜਵਾਬੀ ਕਮਾਲ ਦੀ ਸੀ। ਪ੍ਰਮਾਣ/ਦ੍ਰਿਸ਼ਟਾਂਤ ਅਕੱਟ ਹੁੰਦੇ ਸਨ। ਆਪ ਜੀ ਨਾਲ ਸ਼ਾਸਤ੍ਰਾਰਥ ਕਰਨ ਦਾ ਕੋਈ ਸਾਹਸ ਨਹੀਂ ਸੀ ਕਰ ਸਕਦਾ। ਖਟ ਦਰਸ਼ਨ ਸਾਧੂ ਸਮਾਜ ਦੇ ਵਿਦਵਾਨ ਆਪ ਜੀ ਦਾ ਨਾਮ ਸੁਣ ਕੇ ਕੰਬ ਉੱਠਦੇ ਸਨ। ਆਪ ਜੀ ਦੀ ਆਲੌਕਿਕ ਵਿਦਿਆ, ਦ੍ਰਿੜ੍ਹਤਾ, ਸ੍ਵੈਮਾਨ, ਸ੍ਵੈ-ਆਤਮ ਬਲ ਅਤੇ ਸ਼ਾਸਤ੍ਰਾਰਥ ਕਰਨ ਦੀ ਨਿਰਭੈਤਾ ਵੇਖ ਕੇ ਵਿਪਕਸ਼ੀਆਂ ਨੇ ਆਪ ਜੀ ਨੂੰ 'ਕਲਿਯੁਗ' ਅਤੇ 'ਭਯੰਕਰਾਚਾਰਜ' ਦੀਆਂ ਉਪਾਧੀਆਂ ਦਿੱਤੀਆਂ ਹੋਈਆਂ ਸਨ। ਨਿਰਮਲ ਭੇਖ ਵਿੱਚ ਵੀ ਆਪ ਜੀ ਨੂੰ 'ਕਲਿਯੁਗ' ਦੇ ਉਧਾਰਕ ਕਹਿ ਕੇ ਸਨਮਾਨਿਆ ਜਾਂਦਾ ਹੈ। ਆਪ ਜੀ ਦੇ ਹੇਠ ਲਿਖੇ ਸ਼ਾਸਤ੍ਰਾਰਥ ਪ੍ਰਸਿੱਧ ਹਨ, ਜਿਨ੍ਹਾਂ ਵਿੱਚ ਆਪ ਜੀ ਦੀ ਭਾਰੀ ਵਿਜੈ ਅਤੇ ਸਤਿਕਾਰ ਹੋਇਆ ਹੈ।

ਸੰਮਤ 1936 ਬਿ. (1879 ਈ.) ਨੂੰ ਕਾਸ਼ੀ ਵਿੱਚ ਖਟ-ਦਰਸ਼ਨ ਸਾਧੂ-ਸਮਾਜ ਨਾਲ ਤਿੰਨ ਦਿਨ-ਬੰਬਈ ਸ਼ਹਿਰ ਦੇਵੀ ਦੇ ਮੰਦਰ ਨੇੜੇ ਧਰਮਸ਼ਾਲਾ ਵਿਖੇ ਦੋ ਦਿਨ, ਤ੍ਰਿਯੰਬਕ ਕੁੰਭ ਪਰਵ 'ਤੇ ਤਿੰਨ ਦਿਨ, ਨਾਸਿਕ ਸ਼ਹਿਰ ਵਿੱਚ ਦੋ ਦਿਨ, ਦਰਭੰਗਾ ਰਿਆਸਤ ਵਿੱਚ ਇੱਕ ਦਿਨ, ਡੁਮਰਾ ਰਿਆਸਤ ਵਿੱਚ ਰਾਮਨੌਮੀ ਅਤੇ ਕ੍ਰਿਸ਼ਨ ਜਨਮਅਸ਼ਟਮੀ ਨੂੰ ਕਈ ਵਾਰੀ, ਰਿਆਸਤ ਸੂਰਜਪੁਰ ਅਤੇ ਬਖਰਾ ਵਿੱਚ ਵਿਜੈ ਦਸਮੀ ਸਮੇਂ, ਸੰਮਤ 1950 ਬਿ. (1893 ਈ.) ਨੂੰ ਰਿਆਸਤ ਮੰਡੀ ਵਿੱਚ ਕੀਤੇ ਸ਼ਾਸਤ੍ਰਾਰਥ ਪ੍ਰਸਿੱਧ ਹਨ।

ਇਸੀ ਤਰ੍ਹਾਂ ਨਾਭਾ, ਪਟਿਆਲਾ, ਜੀਂਦ ਦੇ ਸ਼ਾਸਤ੍ਰਾਰਥ ਪ੍ਰਸਿੱਧ ਹਨ, ਜਿਨ੍ਹਾਂ ਵਿੱਚ ਸਦਾ ਹੀ ਵਿਜੈ ਪ੍ਰਾਪਤ ਕਰਦੇ ਰਹੇ ਸਨ।

5. 'ਮੋਰ ਧੁਜ' ਸ਼ਹਿਰ ਦੇ ਰਾਜੇ ਸੈਨਪਾਲ ਨਾਲ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਦਾ 'ਤਦਬੀਰ' ਅਤੇ 'ਤਕਦੀਰ' 'ਤੇ ਕਈ ਦਿਨ ਸ਼ਾਸਤ੍ਰਾਰਥ ਹੋਇਆ। ਅੰਤ ਵਿਜੈ ਗਿਆਨੀ ਜੀ ਦੀ ਹੋਈ। ਰਾਜਾ ਸੈਨਪਾਲ ਨੇ ਸਤਿਕਾਰ ਭਰੀ ਪੂਜਾ ਕਰਕੇ ਵਿਦਾਇਗੀ ਦਿੱਤੀ।

6. ਆਗਰੇ ਵਿੱਚ ਰਾਧਾ ਸੁਆਮੀ ਮੱਤ ਦੇ ਸੰਚਾਲਕ ਸ਼ਿਵਦਿਆਲ ਸਿੰਘ ਖੱਤ੍ਰੀ ਨਾਲ ਵੀ ਸ਼ਾਸਤ੍ਰਾਰਥ ਹੋਇਆ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਉੱਚਾ ਬੈਠਿਆ ਕਰਦਾ ਸੀ। ਹੁੱਕਾ ਪੀਂਦਾ ਸੀ। ਸੇਵਕਾਂ ਨੂੰ ਮੂੰਹ ਦੀ ਪੀਕ ਪਿਆਉਂਦਾ ਸੀ। ਗਿਆਨੀ ਜੀ ਨੇ ਅਜਿਹੇ ਕੁਕਰਮਾਂ ਤੋਂ ਰੋਕਿਆ। ਸ਼ਾਸਤ੍ਰਾਂ ਦੁਆਰਾ ਤੰਬਾਕੂ ਦੀ ਭ੍ਰਸ਼ਟਤਾ ਦੱਸੀ। ਗੁਰਬਾਣੀ ਦੇ ਗੌਰਵ ਤੋਂ ਜਾਣੂ ਕਰਵਾਇਆ। ਗੁਰਬਾਣੀ, ਇਤਿਹਾਸ ਦੀਆਂ ਦਲੀਲਾਂ ਦੇ-ਦੇ ਕੇ ਨਿਰੁੱਤਰ ਕੀਤਾ। ਸ਼ਿਵਦਿਆਲ ਸਿੰਘ ਨੇ ਸਾਰੇ ਔਗੁਣ ਛੱਡਣ ਦਾ ਪ੍ਰਣ ਕੀਤਾ ਅਤੇ ਹੁੱਕੇ ਦਾ ਤਿਆਗ ਕੀਤਾ। ਗੁਰਬਾਣੀ ਦਾ ਸਤਿਕਾਰ ਕਰਨ ਲੱਗਾ। ਸ਼ਿਵਦਿਆਲ ਸਿੰਘ ਜੀ ਦੇ ਜੀਵਨ ਵਿੱਚ ਆਏ ਪਰਿਵਰਤਨ ਨਾਲ ਸ਼ਹਿਰ ਵਿੱਚ ਗਿਆਨੀ ਜੀ ਦਾ ਪਰਮ ਸਤਿਕਾਰ ਹੋਇਆ।

7. ਪੰਡਿਤ ਮਹੇਸ਼ਰਾ ਸਿੰਘ ਜੀ ਸ਼ਾਸਤ੍ਰਾਰਥ ਕਰਨ ਵਿੱਚ ਅਦੁੱਤੀ ਯੋਗਤਾ ਰੱਖਦੇ ਸਨ। ਪ੍ਰਯਾਗ ਰਾਜ ਵਿੱਚ ਆਪ ਜੀ ਦਾ ਕੀਤਾ ਹੋਇਆ ਸ਼ਾਸਤ੍ਰਾਰਥ ਪ੍ਰਸਿੱਧ ਹੈ।

ਇਸ ਤਰ੍ਹਾਂ ਨਿਰਮਲੇ ਮਹਾਂਪੁਰਖਾਂ ਨੇ ਆਪਣੇ ਤਪ-ਤੇਜ, ਆਤਮਿਕ-ਸ਼ਕਤੀ, ਵਿਦਿਆ-ਬਲ ਅਤੇ ਸ਼ਬਦ ਨਾਲ ਸਭ ਨੂੰ ਨਿਵਾਇਆ ਹੈ।

### ਗੁਰਮੁਖੀ ਦਾ ਪ੍ਰਚਾਰ

ਨਿਰਮਲੇ ਮਹਾਂਪੁਰਖਾਂ ਨੇ ਪਿੰਡ-ਪਿੰਡ ਡੇਰੇ ਕਾਇਮ ਕਰਕੇ ਗੁਰਮੁਖੀ/ਗੁਰਬਾਣੀ ਦਾ ਅਕਹਿ ਪ੍ਰਚਾਰ ਕੀਤਾ ਹੈ। ਜਦੋਂ ਦੇਸ਼ ਵਿੱਚ ਸਕੂਲ ਨਹੀਂ ਸਨ ਤਾਂ ਉਸ ਵੇਲੇ ਮਹਾਂਪੁਰਖਾਂ ਦੇ ਡੇਰੇ ਹੀ ਸਕੂਲਾਂ/ਕਾਲਜਾਂ ਦਾ ਕੰਮ ਕਰਦੇ ਸਨ। ਪੜ੍ਹਾਈ ਕੇਵਲ ਗੁਰਮੁਖੀ ਲਿਪੀ ਵਿੱਚ ਹੀ ਕਰਵਾਈ ਜਾਂਦੀ ਸੀ। ਗੁਰਮੁਖੀ ਲਿਪੀ ਨੂੰ ਜੀਵਤ ਰੱਖਣ ਵਾਲੇ ਕੇਵਲ ਨਿਰਮਲੇ ਮਹਾਂਪੁਰਖ ਹੀ ਹਨ। ਉਸ ਸਮੇਂ ਮਹਾਂਪੁਰਖ ਗੁਰਮੁਖੀ ਪੜ੍ਹਾਉਂਦੇ ਵੀ ਸਨ ਅਤੇ ਗੁਰਮੁਖੀ ਦੀ ਲਿਖਾਈ ਵੀ ਕਰਦੇ ਸਨ। ਜੋ ਮੌਲਿਕ ਗ੍ਰੰਥ ਲਿਖਦਾ ਹੈ, ਉਸ ਨੂੰ ਲੇਖਕ ਕਿਹਾ ਜਾਂਦਾ ਹੈ। ਜੋ ਖ਼ੁਸ਼ਖ਼ਤ (ਸੁੰਦਰ ਲਿਖਾਈ) ਅੱਖਰਾਂ ਵਿੱਚ ਗ੍ਰੰਥਾਂ ਦੇ ਉਤਾਰੇ ਕਰਦੇ ਸਨ, ਉਨ੍ਹਾਂ ਨੂੰ 'ਲਿਖਾਰੀ' ਕਿਹਾ ਜਾਂਦਾ ਸੀ। ਇਹ ਲਿਖਾਰੀ ਇਕਾਗਰਚਿੱਤ ਵਾਲੇ ਸੰਤ ਹੀ ਹੁੰਦੇ ਸਨ। ਲਿਖਾਰੀਆਂ ਦਾ ਵਿਦਵਾਨ, ਸਾਹਿਤਕਾਰ ਅਤੇ ਸੰਗਤਾਂ ਅਤਿ ਸਤਿਕਾਰ ਕਰਦੀਆਂ ਸਨ। ਲਿਖਾਰੀਆਂ ਦਾ ਮੁਖ ਕੇਂਦਰ ਗੁਰੂਕਾਸ਼ੀ ਤਲਵੰਡੀ ਸਾਬੋ ਵਿੱਚ ਸੀ ਜਿਥੇ ਖ਼ੁਸ਼ਖ਼ਤ ਲਿਖਾਈ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਸੀ। ਮਹਾਂਪੁਰਸ਼ ਕੇਵਲ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਦੀਆਂ ਪੋਥੀਆਂ ਅਤੇ ਧਾਰਮਿਕ ਗ੍ਰੰਥ ਹੀ ਲਿਖਿਆ ਕਰਦੇ ਸਨ।

1. ਤਪੋਨਿਧੀ ਸੁਆਮੀ ਭਗਤ ਸਿੰਘ ਜੀ ਪਿੰਡੀਘੇਬ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੰਜ ਬੀੜਾਂ ਲਿਖੀਆਂ ਸਨ। ਸ੍ਰੀਮਾਨ ਸੰਤ ਵਿਧਾਵਾ ਸਿੰਘ ਜੀ ਲਹਿਰਾਖਾਨਾ (ਜ਼ਿਲ੍ਹਾ ਬਠਿੰਡਾ) ਵਾਲਿਆਂ ਨੇ ਤਿੰਨ ਬੀੜਾਂ ਲਿਖੀਆਂ ਸਨ। ਇਹ ਮਹਾਂਪੁਰਖ ਜਪੁਜੀ, ਸੁਖਮਨੀ ਸਾਹਿਬ ਅਤੇ ਹੋਰ ਬਾਣੀਆਂ ਦੇ ਗੁਟਕੇ ਲਿਖ-ਲਿਖ ਕੇ ਵੰਡਿਆ ਕਰਦੇ ਸਨ।

ਪੰਜਾਬ ਵਿੱਚ ਜਿੰਨੇ ਨਵੇਂ ਗ੍ਰੰਥਾਂ ਦੀ ਰਚਨਾ ਹੁੰਦੀ ਸੀ, ਉਨ੍ਹਾਂ ਦੀ ਭਾਸ਼ਾ ਭਾਵੇਂ ਬ੍ਰਿਜ ਭਾਸ਼ਾ ਹੁੰਦੀ ਸੀ, ਪਰ ਲਿਪੀ ਗੁਰਮੁਖੀ ਹੁੰਦੀ ਸੀ। ਜਿਵੇਂ ਗੁਰਪ੍ਰਤਾਪ ਸੂਰਜ, ਮੋਕਸ਼ ਪੰਥ ਪ੍ਰਕਾਸ਼, ਅਧਿਆਤਮ ਰਾਮਾਇਣ, ਹਨੂੰਮਾਨ ਨਾਟਕ, ਗੰਗਾਜਤੀ ਨਿਦਾਨ, ਮੋਘ ਵਿਨੋਦ, ਪੰਥ ਪ੍ਰਕਾਸ਼ ਆਦਿ ਅਨੇਕ ਗ੍ਰੰਥ ਹਨ। ਪੰਜਾਬ ਵਿੱਚ ਗੁਰਮੁਖੀ ਲਿਪੀ ਰਾਹੀਂ ਜਿੰਨਾ ਪ੍ਰਚਾਰ ਹਨੂੰਮਾਨ ਨਾਟਕ ਅਤੇ ਅਧਿਆਤਮ ਰਾਮਾਇਣ ਦਾ ਹੋਇਆ ਹੈ, ਉਨਾ ਤੁਲਸੀ ਰਾਮਾਇਣ ਦਾ ਨਹੀਂ।

2. ਗੁਰੂ ਕੀ ਕਾਸ਼ੀ ਤਲਵੰਡੀ ਸਾਬੋ ਵਿੱਚ ਲਿਖਾਰੀਆਂ ਦੀ ਮੁਖ ਟਕਸਾਲ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂਘਰ ਦੇ ਅਨਯ ਗ੍ਰੰਥ ਇਥੇ ਅਨੇਕ ਲਿਖਾਰੀ ਲਿਖਦੇ ਸਨ। ਗੁਰੂਕਾਸ਼ੀ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਗੁਰਮੁਖੀ ਨੂੰ 'ਦਮਦਮੀ ਗੁਰਮੁਖੀ' ਆਖਿਆ ਜਾਂਦਾ ਸੀ। ਦਮਦਮੀ ਗੁਰਮੁਖੀ, ਕਸ਼ਮੀਰੀ ਗੁਰਮੁਖੀ, ਅੰਮ੍ਰਿਤਸਰੀ ਗੁਰਮੁਖੀ ਦੇ ਪੁਰਾਤਨ ਲਿਖਤੀ ਨਮੂਨੇ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਆਪਣੇ 'ਮਹਾਨ ਕੋਸ਼' ਵਿੱਚ ਅੰਕਿਤ ਕੀਤੇ ਹਨ। ਸਾਰੀਆਂ ਗੁਰਮੁਖੀ ਲਿਪੀਆਂ 'ਚੋਂ ਦਮਦਮੀ ਗੁਰਮੁਖੀ ਸੁੰਦਰ ਤੇ ਸਪਸ਼ਟ ਸੀ। ਜਦ ਸੰਨ 1825 ਈ. ਵਿੱਚ ਲੁਧਿਆਣੇ ਗੁਰਮੁਖੀ ਦਾ ਛਾਪਾਖ਼ਾਨਾ ਲੱਗਿਆ ਤਾਂ ਸਾਰੀਆਂ ਗੁਰਮੁਖੀ ਲਿਪੀਆਂ ਦੇ ਨਮੂਨੇ ਇਕੱਠੇ ਕੀਤੇ ਗਏ ਕਿ ਕਿਹੜੇ ਅੱਖਰ ਸੁਥੇਨ, ਸੁੰਦਰ ਅਤੇ ਸਪਸ਼ਟ ਹਨ? ਲਿਪੀ ਵਿਗਿਆਨੀਆਂ ਦੀ ਕਾਫ਼ੀ ਸੋਚ ਵਿਚਾਰ ਤੋਂ ਮਗਰੋਂ ਦਮਦਮੀ ਗੁਰਮੁਖੀ ਦੇ ਨਮੂਨੇ ਤੇ ਅੱਖਰ ਢਾਲਣ ਦਾ ਫ਼ੈਸਲਾ ਹੋਇਆ। ਇਹ ਅੱਖਰ ਦਮਦਮਾ ਸਾਹਿਬ ਦੇ ਲਿਖਾਰੀਆਂ ਦੇ ਬੁੰਗੇ ਦੇ ਮਹੰਤ ਸੰਤ ਹੀਰਾ ਸਿੰਘ ਦੇ ਲਿਖੇ ਹੋਏ ਸਨ। ਫਾਊਂਡਰੀ ਵਿੱਚ ਅੱਖਰ ਢਾਲਣ ਦੀ ਪ੍ਰਵਾਨਗੀ ਸਮੇਂ ਮਹੰਤ ਹੀਰਾ ਸਿੰਘ ਜੀ ਨੂੰ ਲੁਧਿਆਣਾ ਵਿਖੇ ਬੁਲਾਇਆ ਗਿਆ। ਪੰਜ ਸੌ ਰੁਪਏ ਖਿੱਲਤ (ਸਿਰੋਪਾਉ) ਅਤੇ ਸਰਕਾਰ

ਵਿੱਚ ਕੁਰਸੀ ਨਸ਼ੀਨੀ ਦਾ ਅਧਿਕਾਰ ਦਿੱਤਾ ਗਿਆ। ਸੰਤ ਨਿਰੰਕਾਰ ਸਿੰਘ (ਉਰਫ਼ ਕਿਸ਼ਨ ਸਿੰਘ) ਖ਼ੁਸ਼ ਨਵੀਸੀ/ਪੇਂਟਿੰਗ ਵਿੱਚ ਅਪੂਰਵ ਯੋਗਤਾ ਰੱਖਦੇ ਸਨ। ਆਪ ਜੀ ਨੇ ਗੁਰਮੁਖੀ ਲਿਪੀ ਦੇ ਡੇਢ ਸੌ ਮਨਮੋਹਨੇ ਅੱਖਰਾਂ ਦੇ ਨਮੂਨੇ ਤਿਆਰ ਕਰਕੇ ਪੰਜਾਬੀ ਦੀ ਛਪਾਈ ਵਿੱਚ ਕ੍ਰਾਂਤੀ ਲਿਆਂਦੀ। ਅੰਗਰੇਜ਼ੀ, ਗੁਜਰਾਤੀ, ਦੇਵਨਾਗਰੀ, ਅਰਬੀ, ਫ਼ਾਰਸੀ, ਉਰਦੂ, ਲੰਡੇ ਅਤੇ ਸਿੰਧੀ ਦੀਆਂ ਲਿਪੀਆਂ ਵਿਚ ਵੀ ਸਜਾਵਟ ਭਰੀ। ਆਪ ਜੀ ਨੇ ਗੁਰਬਾਣੀ ਦੇ ਵੀ ਕਈ ਟੀਕੇ ਕੀਤੇ ਹਨ।

**ਚਕਿਤਸਾ ਦੁਆਰਾ ਸੇਵਾ**

ਨਿਰਮਲ ਭੇਖ ਦੇ ਮਹਾਂਪੁਰਖ ਚਕਿਤਸਾ/ਸੇਵਾ ਕਰਨ ਵਿੱਚ ਵੀ ਪਿੱਛੇ ਨਹੀਂ ਹਨ। ਪੁਰਾਤਨ ਸਮੇਂ ਜਦ ਪਿੰਡਾਂ/ਸ਼ਹਿਰਾਂ ਵਿੱਚ ਹਸਪਤਾਲ ਨਹੀਂ ਸਨ, ਉਸ ਵੇਲੇ ਪਿੰਡਾਂ ਦੇ ਡੇਰਿਆਂ ਵਿੱਚ ਇਹ ਮਹਾਂਪੁਰਖ ਰੋਗੀਆਂ ਦਾ ਇਲਾਜ ਕਰਦੇ ਸਨ। ਦਵਾਈ ਮੁਫ਼ਤ ਦਿੱਤੀ ਜਾਂਦੀ ਸੀ, ਜਿਸ ਤੋਂ ਅਮੀਰ ਗ਼ਰੀਬ ਹਰ ਪ੍ਰਾਣੀ ਲਾਭ ਉਠਾਉਂਦੇ ਸਨ। ਆਯੁਰਵੈਦਿਕ ਵਿਦਿਆ ਨੂੰ ਜੀਵਤ ਰੱਖਣ ਵਾਲੇ ਹੀ ਨਿਰਮਲੇ ਮਹਾਂਪੁਰਖ ਹਨ। ਇਸਲਾਮੀ ਰਾਜ ਸਮੇਂ ਅਤੇ ਅੰਗਰੇਜ਼ੀ ਰਾਜਕਾਲ ਵਿੱਚ ਆਯੁਰਵੈਦਿਕ ਨੂੰ ਖ਼ਤਮ ਕਰਨ ਦੇ ਯਤਨ ਕੀਤੇ ਗਏ ਪਰ ਮਹਾਂਪੁਰਖ ਆਪਣੇ ਡੇਰਿਆਂ/ਆਸ਼ਰਮਾਂ ਵਿੱਚ ਆਯੁਰਵੈਦਿਕ ਵਿਦਿਆ ਦਾ ਪ੍ਰਚਾਰ ਵੀ ਕਰਦੇ ਰਹੇ, ਇਲਾਜ ਵੀ ਆਯੁਰਵੈਦਿਕ ਦੁਆਰਾ ਕਰਦੇ ਸਨ। ਨਵੇਂ ਵਿਦਿਆਰਥੀਆਂ ਨੂੰ ਆਯੁਰਵੈਦਿਕ ਵਿਦਿਆ ਪੜ੍ਹਾਉਂਦੇ ਵੀ ਸਨ। ਆਯੁਰਵੈਦਿਕ ਉਪਰ ਮੌਲਿਕ ਗ੍ਰੰਥ ਵੀ ਲਿਖਦੇ ਅਤੇ ਪੁਰਾਤਨ ਗ੍ਰੰਥਾਂ ਦੇ ਟੀਕੇ ਵੀ ਕਰਦੇ ਸਨ। ਨਿਰਮਲ ਭੇਖ ਵਿੱਚ ਬੜੇ-ਬੜੇ ਪ੍ਰਸਿੱਧ ਚਮਤਕਾਰੀ ਵੈਦ ਹੋਏ ਹਨ।

1. ਪੰਡਿਤ ਸੰਪੂਰਨ ਸਿੰਘ ਜੀ ਆਨੰਦਪੁਰ ਵਾਲੇ ਪ੍ਰਸਿੱਧ ਵੈਦ ਸਨ। ਔਸ਼ਧੀ ਮੁਫ਼ਤ ਦਿੰਦੇ ਸਨ। ਗ਼ਰੀਬ ਪਹਾੜੀਆਂ ਦਾ ਔਸ਼ਧੀ ਵਾਸਤੇ ਤਾਂਤਾ ਲੱਗਾ ਰਹਿੰਦਾ ਸੀ। ਦਵਾਈ ਦਿੰਦੇ ਸਮੇਂ ਨਾਲ-ਨਾਲ ਗੁਰੂ ਕੇ ਉਪਕਾਰ, ਪ੍ਰਸੰਗ, ਗੁਰਬਾਣੀ ਦੇ ਅਰਥ ਸੁਣਾ ਕੇ ਜਨ-ਸਾਧਾਰਨ ਨੂੰ ਗੁਰੂਘਰ ਨਾਲ ਵੀ ਜੋੜਦੇ ਸਨ। ਉਦਾਸੀ, ਸੰਨਿਆਸੀ, ਬੈਰਾਗੀ, ਬ੍ਰਾਹਮਣ, ਸੇਵਾਪੰਥੀ, ਨਿਹੰਗਸਿੰਘ ਆਦਿਕ ਅਨੇਕ ਸੰਪ੍ਰਦਾਵਾਂ ਦੇ ਵਿਦਿਆਰਥੀ, ਆਯੁਰਵੈਦਿਕ, ਗੁਰਬਾਣੀ, ਵੇਦਾਂਤ ਅਤੇ ਸੰਸਕ੍ਰਿਤ ਪੜ੍ਹਦੇ ਸਨ। ਆਪ ਪੰਜਾਬ ਵਿਚ ਅਤਿਅੰਤ ਪ੍ਰਸਿੱਧ ਸਨ। ਰਾਜੇ-ਮਹਾਰਾਜੇ ਦਰਸ਼ਨਾਂ ਨੂੰ ਆਉਂਦੇ ਪਰ ਆਪ ਉਪਰਾਮ ਹੀ ਰਹਿੰਦੇ ਸਨ।

2. ਮਹੰਤ ਚੰਦਨ ਸਿੰਘ ਜੀ ਬ੍ਰਹਮਕੁਟੀ ਕਾਸ਼ੀ ਵਾਲੇ ਚਮਤਕਾਰੀ ਵੈਦ ਸਨ। ਚਕਿਤਸਾ ਵਿੱਚ ਅਕਹਿ ਯੋਗਤਾ ਰੱਖਦੇ ਸਨ। ਨਾੜੀ ਪ੍ਰੀਖਿਆ ਦੇ ਅਪੂਰਵ ਗਿਆਤਾ ਸਨ। ਆਪ ਜੀ ਦੇ 'ਰਸ ਸੰਧੂਰ' ਦੀ ਘਰ-ਘਰ ਚਰਚਾ ਸੀ। 'ਰਸ ਸੰਧੂਰ' ਦੀ ਇਕ ਪੁੜੀ ਰੋਗੀ ਨੂੰ ਜੀਵਨ ਦੇ ਦਿੰਦੀ ਸੀ। ਆਪ ਜੀ ਨੂੰ 'ਰਸਾਇਣੀ' ਕਿਹਾ ਜਾਂਦਾ ਸੀ। ਹਰ ਪਾਸਿਉਂ ਨਿਰਾਸ਼ ਹੋਏ ਰੋਗੀ ਇਥੋਂ ਸਵਸਥ ਪ੍ਰਾਪਤ ਕਰਦੇ ਸਨ। ਹਜ਼ਾਰਾਂ ਪ੍ਰਾਣੀਆਂ ਨੂੰ ਪ੍ਰਾਣ-ਦਾਨ ਦਿੱਤਾ। ਦੇਸ਼ ਦੇ ਪ੍ਰਤਿਸ਼ਠਤ ਵਿਅਕਤੀ ਚਰਨਾਂ ਵਿੱਚ ਨਤ-ਮਸਤਕ ਹੁੰਦੇ ਸਨ। ਆਪ ਜੀ ਦੇ ਤਪ-ਤਿਆਗ ਸਿਮਰਨ ਦਾ ਪ੍ਰਭਾਵ ਸੀ ਕਿ ਔਸ਼ਧੀ ਵਿੱਚ ਅੰਮ੍ਰਿਤ ਵਰਗੀ ਸ਼ਕਤੀ ਸੀ। 'ਚੰਦਨ ਔਸ਼ਧਾਲਯ' ਚੰਦਨ ਦੀ ਤਰ੍ਹਾਂ ਸੁਗੰਧੀ ਫੈਲਾ ਰਿਹਾ ਸੀ।

3. ਪੰਡਿਤ ਚੰਦਨ ਸਿੰਘ ਜੀ ਦੀ ਤਰ੍ਹਾਂ ਆਪ ਜੀ ਦੇ ਪੋਤਰੇ ਸ਼ਿਸ਼ ਪੰਡਿਤ ਬਸੰਤ ਸਿੰਘ

ਜੀ ਵੈਦਰਤਨ ਵੀ ਚਮਤਕਾਰੀ ਚਕਿਤਸਕ ਸਨ। ਜਨ ਸਾਧਾਰਨ ਵਿਚ ਇਹ ਗੱਲ ਪ੍ਰਸਿੱਧ ਸੀ ਕਿ ਬਾਵਾ ਚੰਦਨ ਸਿੰਘ ਜੀ ਦੇ ਪੋਤਰੇ ਸ਼ਿਸ਼ ਵਿੱਚ ਮੁੜ ਬਾਵਾ ਜੀ ਦੀ ਜੋਤਿ ਪ੍ਰਗਟ ਹੋ ਗਈ ਹੈ। ਸੌ/ਡੇਢ ਸੌ ਵਿਅਕਤੀ ਰੋਜ਼ਾਨਾ ਮੁਫ਼ਤ ਔਸ਼ਧੀ ਲੈ ਕੇ ਸਵਸਥ ਹੁੰਦੇ ਸਨ। ਜੋ ਇੱਕ ਵੀ ਪੁੜੀ ਲੈ ਲੈਂਦਾ ਸੀ, ਰੋਗ ਤੋਂ ਮੁਕਤ ਹੋ ਜਾਂਦਾ ਸੀ। ਆਪ ਜੀ ਦੀ ਤਿਆਰ ਕੀਤੀ ਹੋਈ ਔਸ਼ਧੀ ਅੰਮ੍ਰਿਤ ਸਮਾਨ ਸੀ। ਜੋਤਿਸ਼ ਦੇ ਵੀ ਅਦੁੱਤੀ ਪੰਡਿਤ ਸਨ।

4. ਮਹੰਤ ਹੀਰਾ ਸਿੰਘ ਜੀ ਗੁਰੂਸਰ ਖੁਡਾ ਵਾਲੇ ਵੀ ਪ੍ਰਸਿੱਧ ਵੈਦ ਸਨ। ਇਲਾਜ ਵੀ ਕਰਦੇ ਸਨ ਤੇ ਪੜ੍ਹਾਉਂਦੇ ਵੀ ਸਨ।

ਇਸ ਡੇਰੇ ਵਿੱਚ ਮਹੰਤ ਗਣੇਸ਼ਾ ਸਿੰਘ ਜੀ ਮਹਾਨ ਵੈਦ ਹੋਏ ਹਨ, ਜੋ ਅਨੇਕ ਤਰ੍ਹਾਂ ਦੀਆਂ ਔਸ਼ਧੀਆਂ ਬਣਾਉਣ ਵਿੱਚ ਪ੍ਰਸਿੱਧ ਸਨ। ਰੋਗੀ ਆਪ ਜੀ ਦੀ ਔਸ਼ਧੀ ਨੂੰ ਸੰਜੀਵਨੀ ਮੰਨਦੇ ਸਨ। ਆਪ ਜੀ ਨੇ ਆਯੁਰਵੈਦਿਕ ਵਿੱਚ ਅਤਿਅੰਤ ਖੋਜ ਕੀਤੀ ਸੀ। ਆਯੁਰਵੈਦਿਕ ਦੇ ਪੁਰਾਤਨ ਗ੍ਰੰਥਾਂ ਦੇ ਟੀਕੇ ਵੀ ਕੀਤੇ, ਜਿਨ੍ਹਾਂ ਵਿਚੋਂ 'ਮੇਘ ਬਿਨੋਦ-ਪ੍ਰਕਾਸ਼ ਸਟੀਕ', 'ਰੋਗਯਤੀਨਿਦਾਨ ਸਟੀਕ', 'ਵਿਆਸੀ ਵਿਨਾਸੀਕ ਸਟੀਕ' ਪ੍ਰਸਿੱਧ ਹਨ। ਬਹੁਤ ਸਾਰੇ ਆਯੁਰਵੈਦਿਕ ਦੇ ਮੌਲਿਕ ਗ੍ਰੰਥ ਵੀ ਅੰਕਿਤ ਕੀਤੇ, ਜਿਨ੍ਹਾਂ ਵਿਚ ਨਿਰਮਲ ਵੈਦ, ਵੈਦਿਕ ਭੰਡਾਰ, ਬਾਲ ਚਕਿਤਸਾ, ਇਸਤਰੀ ਚਕਿਤਸਾ, ਜੇਬੀ ਵੈਦ, ਵਰਣਨ ਯੋਗ ਹਨ। ਇਨ੍ਹਾਂ ਗ੍ਰੰਥਾਂ ਤੋਂ ਆਯੁਰਵੈਦਿਕ ਦੇ ਵਿਦਿਆਰਥੀ ਅਤਿਅੰਤ ਲਾਭ ਉਠਾ ਰਹੇ ਹਨ। ਮਹੰਤ ਗਣੇਸ਼ਾ ਸਿੰਘ ਜੀ ਨਿਰਮਲ ਭੇਖ ਵਿੱਚ ਸਰਵ-ਪੱਖੀ ਵਿਦਵਾਨ ਸਨ।

5. ਮਹੰਤ ਸੇਵਾ ਸਿੰਘ ਜੀ ਵੈਦਰਾਜ ਚਕਿਤਸਾ ਵਿੱਚ ਅਦੁੱਤੀ ਪ੍ਰਬੀਨਤਾ ਰੱਖਦੇ ਸਨ। ਚਕਿਤਸਾ ਇੰਨੀ ਦੀਰਘ ਦ੍ਰਿਸ਼ਟੀ ਨਾਲ ਪੜ੍ਹੀ, ਡਾਕਟਰ ਵੀ ਮਾਤ ਪਾ ਦਿੱਤੇ। ਦੇਸੀ ਅਤੇ ਵਿਦੇਸੀ ਦਵਾਈਆਂ ਦੇ ਨਵੇਂ-ਨਵੇਂ ਮਿਕਸ਼ਚਰ ਤਿਆਰ ਕੀਤੇ। ਬਾਹਰਲੇ ਮੁਲਕਾਂ ਵਿੱਚੋਂ ਡਾਕਟਰੀ ਦੇ ਸਾਰੇ ਕੀਮਤੀ ਔਜ਼ਾਰ ਮੰਗਵਾਏ। ਇਥੋਂ ਤਕ ਯੋਗਤਾ ਪ੍ਰਾਪਤ ਕੀਤੀ ਕਿ ਜਿਨ੍ਹਾਂ ਅੰਨ੍ਹਿਆਂ (ਨੇਤਰਹੀਨਾਂ) ਨੂੰ ਅੱਖਾਂ ਦੇ ਸਪੈਸ਼ਲਿਸਟ ਡਾਕਟਰਾਂ ਨੇ ਜਵਾਬ ਦੇ ਦਿੱਤੇ, ਉਨ੍ਹਾਂ ਦੇ ਅਸਾਧ ਰੋਗ ਆਪ ਜੀ ਦੀ ਔਸ਼ਧੀ ਨਾਲ ਕੱਟੇ ਗਏ। ਆਪ ਰੋਗੀਆਂ ਨੂੰ ਦਵਾਈ ਵੀ ਮੁਫ਼ਤ ਦਿੰਦੇ ਸਨ। ਖਾਣ ਵਾਸਤੇ ਕੋਲੋਂ ਖ਼ੁਰਾਕ ਵੀ ਦਿੰਦੇ ਸਨ।

6. ਪੰਡਿਤ ਤਾਰਾ ਸਿੰਘ ਜੀ ਖਡੂਰ ਸਾਹਿਬ ਵਾਲੇ ਨਾਮ ਰਸ ਵਿੱਚ ਰੰਗੇ ਹੋਏ ਇਕਾਗਰ-ਚਿੱਤ ਔਸ਼ਧੀ ਵੰਡਦੇ ਰਹਿੰਦੇ ਸਨ। ਮਰੀਜ਼ ਪੰਕਤੀਆਂ ਲਾਈ ਬੈਠੇ ਰਹਿੰਦੇ। ਆਪਣੀ ਵਾਰੀ ਦੀ ਉਡੀਕ ਕਰਦੇ ਰਹਿੰਦੇ ਸਨ। ਜੋ ਔਸ਼ਧੀ ਲੈ ਜਾਂਦਾ ਸੀ, ਹਰ ਤਰ੍ਹਾਂ ਦੇ ਰੋਗਾਂ ਤੋਂ ਮੁਕਤ ਹੋ ਜਾਂਦਾ ਸੀ। ਆਪ ਜੀ ਦੇ ਜੀਵਨ ਵਿੱਚ ਤਿੰਨ ਹੀ ਕੰਮ ਸਨ – ਨਾਮ ਜਪਣਾ, ਵਿਦਿਆਰਥੀਆਂ ਨੂੰ ਗੁਰਬਾਣੀ ਪੜ੍ਹਾਉਣੀ ਅਤੇ ਰੋਗੀਆਂ ਨੂੰ ਦਵਾਈ ਦੇਣੀ। ਆਪ ਜੀਵਨ ਭਰ ਇਹ ਪਰਉਪਕਾਰ ਕਰਦੇ ਰਹੇ। ਆਪ ਜੀ ਦਾ ਇਲਾਕੇ ਵਿੱਚ ਅਤਿ ਪ੍ਰਭਾਵ ਸੀ।

ਆਪ ਜੀ ਦੇ ਉਤਰਾਧਿਕਾਰੀ ਪੰਡਿਤ ਸੁਰਜੀਤ ਸਿੰਘ ਜੀ ਇਸੇ ਪਰੰਪਰਾ ਅਨੁਸਾਰ ਸੇਵਾ ਕਰ ਰਹੇ ਹਨ।

7. ਪੰਡਿਤ ਤਾਰਾ ਸਿੰਘ ਜੀ, ਮਹੰਤ ਹਰਨਾਮ ਸਿੰਘ ਜੀ, ਮਹੰਤ ਹਰੀ ਸਿੰਘ ਜੀ ਵੈਦਰਾਜ, ਗਲੀ ਬਾਗ ਵਾਲੀ ਅੰਮ੍ਰਿਤਸਰ (ਜੋ ਗਲਿਆਰੇ ਵਿੱਚ ਢਹਿ ਕੇ ਖ਼ਤਮ ਹੋ ਚੁੱਕੀ ਹੈ)

ਉਲੇਖਨੀਜ ਚਕਿਤਸਕ ਹੋਏ ਹਨ।

8. ਪੰਡਿਤ ਨਿਹਾਲ ਸਿੰਘ ਜੀ ਵੀ ਕਾਸ਼ੀ ਵਿੱਚ ਪ੍ਰਸਿੱਧ ਵੈਦ ਸਨ। ਅਨੇਕ ਰੋਗੀ ਆਪ ਜੀ ਤੋਂ ਸਵਸਥ ਹੋਏ।

9. ਸੰਤ ਗੁਰਦਿੱਤ ਸਿੰਘ ਜੀ (ਸੰਪਾਦਕ ਨਿਰਮਲ ਪੱਤ੍ਰ) ਨੇ ਚਕਿਤਸਾ ਕੋਸ਼ 'ਲੰਲਮਭਾਵ ਚੰਦ੍ਰੋਦਯ ਟੀਕਾ' ਆਯੁਰਵੈਦਿਕ ਸੰਬੰਧੀ ਗ੍ਰੰਥ ਅੰਕਿਤ ਕੀਤੇ ਹਨ।

10. ਮਹੰਤ ਜੈ ਸਿੰਘ ਜੀ ਜੰਡਾਂਵਾਲਾ ਆਪਣੇ ਸਮੇਂ ਦੇ ਉੱਘੇ ਵੈਦ ਸਨ। ਰਿਆਸਤ ਫ਼ਰੀਦਕੋਟ ਦਾ ਰਾਜ ਪਰਿਵਾਰ ਆਪ ਜੀ ਦੀ ਔਸ਼ਧੀ 'ਤੇ ਵਿਸ਼ਵਾਸ ਰੱਖਦਾ ਸੀ। ਮਹਾਰਾਜਾ ਰਿਆਸਤ ਫ਼ਰੀਦਕੋਟ ਦੇ ਰਾਜ ਦਰਬਾਰ ਵਿੱਚ ਕੁਰਸੀ ਨਸ਼ੀਨ ਸਨ।

11. ਸ੍ਰੀਮਾਨ ਸੰਤ ਗੁਲਾਬ ਸਿੰਘ ਜੀ ਘੋਲੀਏ ਵਾਲੇ ਆਯੁਰਵੈਦਿਕ ਵਿਚ ਪ੍ਰਸਿੱਧ ਸਨ। ਦਵਾਈ ਮੁਫ਼ਤ ਦਿੰਦੇ ਸਨ। ਨਾਮ ਸਿਮਰਨ ਵਾਲੇ ਪੰਥ ਵਿਚ ਸਤਿਕਾਰਯੋਗ ਮਹਾਂਪੁਰਖ ਸਨ।

**ਜੋਤਿਸ਼ ਵਿਗਿਆਨ**

ਨਿਰਮਲੇ ਸੰਤ ਜੋਤਿਸ਼ ਵਿਗਿਆਨ ਦੇ ਵੀ ਮਹਾਨ ਵਿਦਵਾਨ ਹੋਏ ਹਨ। ਇਸ ਵਿਦਿਆ ਦਾ ਅਤੀ ਦੀਰਘ ਦ੍ਰਿਸ਼ਟੀ ਨਾਲ ਅਧਿਐਨ ਕੀਤਾ ਸੀ। ਭਵਿੱਸ਼ ਸੰਬੰਧੀ ਜੋ ਵੀ ਦੱਸਦੇ ਸਨ, ਅੱਖਰ-ਅੱਖਰ ਸਤਿ ਹੁੰਦਾ ਸੀ। ਜੋਤਿਸ਼ ਅਤੇ ਸਮੁੰਦ੍ਰੀਕ ਦੋਵੇਂ ਮਿਲਦੀਆਂ ਜੁਲਦੀਆਂ ਹਨ। ਇਸ ਵਾਸਤੇ ਜੋਤਿਸ਼ ਵਿਗਿਆਨ ਵਿੱਚ ਇਕੱਠਾ ਹੀ ਵਰਣਨ ਕਰ ਰਹੇ ਹਾਂ।

1. ਠਾਕੁਰ ਨਿਹਾਲ ਸਿੰਘ ਜੀ ਥੋਹਾਖਾਲਸਾ ਵਾਲੇ ਮਹਾਨ ਵਿਦਵਾਨ ਹੋਏ ਹਨ। ਆਪ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ, ਰਾਗ ਦੇ ਧਨੀ, ਜੋਤਿਸ਼/ਸਮੁੰਦ੍ਰੀਕ ਦੇ ਵਿਸ਼ੇਸ਼ਗਯ ਸਨ। ਅਸੀਂ ਇਥੇ ਠਾਕਰ ਜੀ ਦੀ ਸਮੁੰਦ੍ਰੀਕ ਦੁਆਰਾ ਕੀਤੀ ਭਵਿਸ਼ਯਤ-ਬਾਣੀ ਅੰਕਿਤ ਕਰਦੇ ਹਾਂ, ਜਿਸ ਤੋਂ ਆਪ ਜੀ ਦੇ ਡੂੰਘੇ ਅਧਿਐਨ ਦਾ ਪਤਾ ਲੱਗਦਾ ਹੈ।

ਇੱਕ ਵਾਰ ਸ੍ਰੀਮਾਨ 108 ਪੂਜਯ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਆਪ ਜੀ ਨੂੰ ਮਿਲਣ ਵਾਸਤੇ 'ਦੁੱਖ ਭੰਜਨੀ ਆਸ਼੍ਰਮ' ਥੋਹਾਖਾਲਸਾ ਵਿਖੇ ਆਏ। ਇਸ ਸਮੇਂ ਸ੍ਰੀ ਸੰਤ ਜੀ ਮਹਾਰਾਜ ਪ੍ਰਸਿੱਧ ਨਹੀਂ ਸਨ। ਪਿੰਡ ਕਨੋਹੇ ਵਿੱਚ ਸਿਮਰਨ/ਤਪ ਕਰ ਰਹੇ ਸਨ। ਪੈਰਾਂ ਤੋਂ ਨੰਗੇ ਸਨ, ਉਪਰ ਕਾਲੀ ਕੰਬਲੀ ਲਈ ਹੋਈ ਸੀ। ਸ਼ਿਸ਼ਟਾਚਾਰ ਤੋਂ ਬਾਅਦ ਦੋਵੇਂ ਮਹਾਂਪੁਰਖ ਗਿਆਨ ਗੋਸ਼ਟ ਦੁਆਰਾ ਆਤਮਿਕ ਆਨੰਦ ਲੈਣ ਲੱਗੇ। ਸ੍ਰੀ ਸੰਤ ਜੀ ਮਹਾਰਾਜ ਦੇ ਪੈਰ ਦੀ ਤਲੀ ਠਾਕੁਰ ਜੀ ਵੇਖ ਰਹੇ ਸਨ। ਪੈਰ ਦੀ ਰੇਖਾ ਨੂੰ ਠਾਕੁਰ ਜੀ ਨੇ ਸਪਸ਼ਟ ਪੜ੍ਹ ਲਿਆ। ਨਾਲ ਹੀ ਸੁਭਾਵਿਕ ਮੁਖ ਤੋਂ ਉਚਾਰਨ ਹੋ ਗਿਆ :

*''ਪਾਲਕੀਆਂ ਰੱਥ ਉੱਤੇ ਚੱਲਣਾ, ਰੇਖਾ ਪਈ ਬਤਾਂਦੀ।*
*ਓੜ੍ਹੀ ਕੰਬਲੀ, ਜੁੱਤੀ ਨਾਹੀਂ, ਸਮਝੀ ਗੱਲ ਨ ਜਾਂਦੀ।''*

ਭਵਿੱਖ ਵਿੱਚ ਠਾਕੁਰ ਜੀ ਦਾ ਇਹ ਕਥਨ ਅੱਖਰ-ਅੱਖਰ ਸਤਿ ਹੋਇਆ। ਜੋ ਸਤਿਕਾਰ ਦੇਸ ਅਤੇ ਪੰਥ ਵਿੱਚ ਸ੍ਰੀਮਾਨ 108 ਪੂਜਯ ਸੰਤ ਅੱਤਰ ਸਿੰਘ ਜੀ ਮਹਾਰਾਜ ਦਾ ਸੀ, ਉਹ ਸਰਵ ਪ੍ਰਸਿੱਧ ਹੈ।

2. ਬ੍ਰਹਮਕੁਟੀ ਕਾਸ਼ੀ ਦੇ ਮਹੰਤ, ਪੰਡਿਤ ਬਸੰਤ ਸਿੰਘ ਜੀ ਮਹਾਨ ਵੈਦ ਅਤੇ ਆਲੌਕਿਕ ਜੋਤਿਸ਼ੀ ਸਨ। ਵਿਦਵਾਨਾਂ ਅਤੇ ਜਨਤਾ ਵੱਲੋਂ 'ਜੋਤਿਸ਼ ਸਮਰਾਟ' ਕਹਿ ਕੇ ਸਨਮਾਨਿਆ ਜਾਂਦਾ ਸੀ। ਬਿਨਾਂ ਪ੍ਰਸ਼ਨ ਤੋਂ ਹੀ ਫਲ ਦੱਸ ਦਿੰਦੇ ਸਨ। ਕਾਸ਼ੀ ਦੇ ਅਪੂਰਵ ਭਵਿਸ਼ਯ ਵਕਤਾ ਸਨ। ਜਦੋਂ 'ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵਵਿਦਿਆਲਯ, ਵਾਰਾਣਸੀ' ਸਥਾਪਿਤ ਹੋਇਆ, ਆਪ ਜੀ ਨੇ ਨਿਯੁਕਤ ਹੋਣ ਵਾਲੇ ਆਚਾਰਯ ਦਾ ਨਾਮ, ਤਿਥਿ, ਵੇਤਨ, ਤਰੱਕੀ ਆਦਿ ਦਾ ਵਿਵਰਣ ਤਾਰੀਖਵਾਰ ਲਿਖ ਕੇ ਦੇ ਦਿੱਤਾ ਸੀ, ਜੋ ਬਾਅਦ ਵਿੱਚ ਸੱਚ ਹੋਇਆ। ਵੱਡੇ-ਵੱਡੇ ਨੇਤਾਵਾਂ, ਵਿਦਵਾਨਾਂ ਦੀ ਬ੍ਰਹਮਕੁਟੀ ਵਿੱਚ ਜੋਤਿਸ਼ ਸਮਰਾਟ ਦੇ ਚਰਨਾਂ ਵਿੱਚ ਭੀੜ ਲੱਗੀ ਰਹਿੰਦੀ ਸੀ।

3. ਪ੍ਰਸਿੱਧ ਵੈਦ ਪੰਡਿਤ ਸੰਪੂਰਨ ਸਿੰਘ ਜੀ ਆਨੰਦਪੁਰ ਵਾਲੇ ਜੋਤਿਸ਼ ਵਿਦਿਆ ਵਿੱਚ ਵੀ ਪ੍ਰਬੀਨ ਸਨ।

4. ਪੰਡਿਤ ਮੰਗਲ ਸਿੰਘ ਜੀ ਪਟਿਆਲੇ ਵਾਲੇ ਜੋਤਿਸ਼ ਦੇ ਪੂਰਨ ਵਿਦਵਾਨ ਸਨ। ਆਪ ਜੀ ਨੇ ਜੋਤਿਸ਼ ਉਪਰ ਕਈ ਗ੍ਰੰਥ ਵੀ ਲਿਖੇ ਹਨ, ਜਿਨ੍ਹਾਂ ਵਿਚੋਂ 'ਮਹੂਰਤ ਚੰਦ੍ਰਕਾ' ਪ੍ਰਸਿੱਧ ਗ੍ਰੰਥ ਹੈ।

5. ਸੰਤ ਭਗਵਾਨ ਸਿੰਘ ਜੀ ਫੁੱਲਾਂ ਵਾਲੇ ਜੋਤਿਸ਼ ਵਿਗਿਆਨ ਦੇ ਮਹਾਨ ਵਿਦਵਾਨ ਸਨ। ਜੋਤਿਸ਼ ਵਿਦਿਆ ਦੇ ਕਾਰਣ ਆਪ ਜੀ ਦਾ ਸਾਰੇ ਪੰਜਾਬ ਵਿੱਚ ਸਤਿਕਾਰ ਸੀ। ਸ਼ਹਿਰੀ ਹਿੰਦੂ ਜਾਤੀ, ਆਰੀਆ ਸਮਾਜੀ ਵੀ ਪਰਮ ਸਤਿਕਾਰ ਕਰਦੇ ਸਨ। ਜੋਤਿਸ਼ ਦੁਆਰਾ ਆਪ ਸਰਬੱਤ ਦੀ ਮਨੋਕਾਮਨਾ ਪੂਰਨ ਕਰਦੇ ਸਨ। ਸ਼ਰਧਾਲੂਆਂ ਨੂੰ ਗੁਰੂ ਘਰ ਦਾ ਸਿੱਖ ਬਣਾਉਂਦੇ ਸਨ। ਕਿਹਾ ਕਰਦੇ ਸਨ, "ਸਭ ਮਨੋਕਾਮਨਾ ਗੁਰੂ ਨਾਨਕ ਦੇ ਘਰ ਤੋਂ ਪੂਰੀਆਂ ਹੁੰਦੀਆਂ ਹਨ।" ਇਸ ਤਰ੍ਹਾਂ ਸਭ ਨੂੰ ਗੁਰਬਾਣੀ ਨਾਲ ਜੋੜਦੇ ਸਨ। ਆਪ ਗੁਰਮਤਿ ਦੇ ਵਿਦਵਾਨ, ਕਥਾ ਵਾਚਕ, ਵਿਆਖਿਆਨਦਾਤਾ ਅਤੇ ਕਵੀ ਵੀ ਸਨ।

6. ਪੰਡਿਤ ਸੰਤ ਸਿੰਘ ਜੀ ਸ਼ਾਸਤ੍ਰੀ ਜੋਤਿਸ਼ਾਚਾਰਯ ਜੋਤਿਸ਼ ਦੇ ਅਪੂਰਵ ਗਿਆਤਾ ਸਨ। ਆਪ ਖਾਰਾ ਬਰਨਾਲਾ ਜ਼ਿਲ੍ਹਾ ਮਾਨਸਾ ਦੇ ਮਹੰਤ ਸਨ। ਵਿਚਾਰਸ਼ੀਲ ਵਿਦਵਾਨ ਸਨ।

7. ਸਾਂਈ ਲੋਕ ਸ੍ਰੀ ਸੰਤ ਸੁਖਾ ਸਿੰਘ ਜੀ ਗਲੀ ਬਾਗ ਵਾਲੀ ਅੰਮ੍ਰਿਤਸਰ ਵਾਲੇ ਜੋਤਿਸ਼ ਦੇ ਮਹਾਨ ਵਿਦਵਾਨ ਸਨ। ਆਪ ਜੀ ਨੇ ਜੋਤਿਸ਼ ਉਪਰ ਇੱਕ ਗ੍ਰੰਥ ਵੀ ਲਿਖਿਆ ਹੈ। ਸ੍ਰੀ ਸੰਤ ਹਰੀ ਸਿੰਘ ਜੀ ਤਖ਼ਤੂਪੁਰਾ (ਜ਼ਿਲ੍ਹਾ ਫ਼ਰੀਦਕੋਟ) ਵਾਲੇ ਵੀ ਜੋਤਿਸ਼ ਵਿਦਿਆ ਵਿੱਚ ਨਿਪੁੰਨ ਸਨ। ਆਪ ਜੀ ਨੇ ਜੋਤਿਸ਼ ਉਪਰ ਇਕ ਗ੍ਰੰਥ ਲਿਖ ਕੇ ਪ੍ਰਕਾਸ਼ਤ ਕੀਤਾ ਹੈ।

8. ਸੰਤ ਭਗਵਾਨ ਸਿੰਘ ਜੀ ਜੋਤਿਸ਼ੀ ਪਿੰਡ ਮਾਹਲਾਕਲਾਂ ਜ਼ਿਲ੍ਹਾ ਫ਼ਰੀਦਕੋਟ ਵਾਲਿਆਂ ਨੇ 'ਸ੍ਰਿਸ਼ਟੀ ਦਰਪਨ' ਗ੍ਰੰਥ ਅੰਕਿਤ ਕੀਤਾ ਹੈ।

**ਯੋਗਾਭਿਆਸ**

ਯੋਗਾਭਿਆਸ ਬੜਾ ਕਠਿਨ ਸਾਧਨ ਹੈ। ਚਿੱਤ ਦੀਆਂ ਵ੍ਰਿਤੀਆਂ ਨੂੰ ਰੋਕ ਕੇ ਇਹ ਸਾਧਨ ਹੁੰਦਾ ਹੈ। ਮਨ ਨੂੰ ਇਕਾਗਰ ਕਰਨਾ ਪੈਂਦਾ ਹੈ। ਸਰੀਰ ਨੂੰ ਕਈ ਕਠਿਨ ਸਾਧਨ ਕਰਨੇ ਪੈਂਦੇ ਹਨ। ਸੰਸਾਰ ਦੇ ਤਮਾਸ਼ਿਆਂ ਦਾ ਤਿਆਗ ਕਰਨਾ ਪੈਂਦਾ ਹੈ। ਯੋਗਾਭਿਆਸ ਨਾਲ ਸਰੀਰ ਦੀ

ਸ਼ੁੱਧੀ, ਆਯੂ ਦੀ ਵ੍ਰਿਧੀ, ਰੋਗ ਦੀ ਨਿਵ੍ਰਿਤੀ ਹੁੰਦੀ ਹੈ।

ਨਿਰਮਲ ਪੰਥ ਵਿੱਚ ਮਹਾਨ ਯੋਗਾਭਿਆਸੀ ਸੰਤ ਮੋਹਰ ਸਿੰਘ ਜੀ ਸਨ, ਜੋ ਸੈਂਕੜਿਆਂ ਨੂੰ ਯੋਗ ਦਾ ਅਭਿਆਸ ਕਰਵਾਉਂਦੇ ਸਨ। ਆਪ ਜੀ ਨੇ ਯੋਗ ਦੀ ਵਿਦਿਆ ਸੰਤ ਚੰਪਾ ਸਿੰਘ ਜੀ ਤੋਂ ਸਿੱਖੀ ਸੀ। ਪ੍ਰਾਣਾਯਾਮ ਦੇ ਪ੍ਰਕਾਰ, ਉਠਣ-ਬੈਠਣ ਦੀ ਕਿਰਿਆ, ਸਮੇਂ-ਕੁਸਮੇਂ ਦੇ ਪ੍ਰਕਾਰ, ਸਾਂਗੋ-ਪਾਂਗ ਸਿੱਖੇ। ਆਪ ਯੋਗੀਰਾਜ ਦੇ ਨਾਮ ਨਾਲ ਪ੍ਰਸਿੱਧ ਸਨ।

ਆਪ ਜੀ ਕੋਲ ਬਹੁਤ ਵਿਅਕਤੀ ਯੋਗ ਦੀ ਵਿਦਿਆ ਸਿੱਖਣ ਵਾਸਤੇ ਆਉਣ ਲੱਗੇ। ਆਪ 25 ਸੰਤਾਂ ਤੋਂ ਯੋਗਾਭਿਆਸ ਕਰਵਾਉਂਦੇ ਸਨ। 4-5 ਸੰਤਾਂ ਨੂੰ ਸੇਵਾ ਵਾਸਤੇ ਰੱਖਦੇ ਸਨ। ਅਗਲੇ ਮਹੀਨੇ ਪਹਿਲੇ ਸੇਵਾਦਾਰਾਂ ਨੂੰ ਅਭਿਆਸ ਵਿੱਚ ਲਾ ਕੇ ਸੇਵਾ ਲਈ ਹੋਰ ਕੱਢੇ ਜਾਂਦੇ ਸਨ। ਇਹ ਯੋਗ ਦਾ ਅਭਿਆਸ ਕ੍ਰਮਵਾਰ ਚੱਲਦਾ ਸੀ। ਅਨੇਕ ਸੰਤਾਂ ਨੇ ਯੋਗ ਦੀ ਕਿਰਿਆ ਸਿੱਖੀ। ਸਾਰੇ ਮੱਤਾਂ ਦੇ ਸੰਤ ਆ-ਆ ਕੇ ਯੋਗ ਵਿਦਿਆ ਸਿੱਖਦੇ ਸਨ। ਸੰਤ ਮੋਹਰ ਸਿੰਘ ਜੀ ਨੇ ਯੋਗ ਉਪਰ ਇੱਕ ਗ੍ਰੰਥ 'ਯੋਗ ਸਿੱਖਿਆ ਪ੍ਰਭਾਕਰ' ਲਿਖਿਆ ਹੈ, ਜੋ ਪੁਰਾਤਨ ਸਾਧ ਭਾਸ਼ਾ ਗੁਰਮੁਖੀ ਲਿਪੀ ਵਿੱਚ ਹੈ। ਸੰਤ ਮੋਹਰ ਸਿੰਘ ਜੀ 145 ਵਰਸ਼ ਦੀ ਆਯੂ ਵਿੱਚ ਬ੍ਰਹਮਲੀਨ ਹੋਏ ਸਨ।

ਸੰਸਕ੍ਰਿਤੀ ਦੇ ਪ੍ਰਸਿੱਧ ਵਿਦਵਾਨ ਪੰਡਿਤ ਈਸ਼ਰ ਸਿੰਘ ਜੀ 'ਕਲਿਯੁਗ' ਵੀ ਯੋਗ ਸ਼ਾਸਤ੍ਰ ਦਾ ਅਦੁੱਤੀ ਗਿਆਨ ਰੱਖਦੇ ਸਨ। 'ਮੈਸਮਰੇਜ਼ਮ' ਦੇ ਵੀ ਵਿਸ਼ੇਸ਼ਗਯ ਸਨ।

## ਸਾਹਿਤਕ ਸੇਵਾ

ਨਿਰਮਲੇ ਮਹਾਂਪੁਰਖਾਂ ਨੇ ਜੋ ਸਾਹਿਤ ਵਿੱਚ ਯੋਗਦਾਨ ਪਾਇਆ ਹੈ, ਉਸ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਥੋੜ੍ਹੀ ਹੈ। ਸੈਂਕੜੇ ਗ੍ਰੰਥਾਂ ਦੀ ਰਚਨਾ ਕੀਤੀ ਹੈ। ਭਾਵੇਂ ਗੁਰਬਾਣੀ ਪ੍ਰਚਾਰ, ਗੁਰੂ ਨਾਨਕ ਸਿਧਾਂਤ ਦੀ ਵਿਆਖਿਆ ਕਰਨੀ ਹੀ ਮੁੱਖ ਉਦੇਸ਼ ਰਿਹਾ ਹੈ, ਫਿਰ ਵੀ ਧਰਮ, ਕਰਮ-ਕਾਂਡ, ਵੇਦਾਂਤ, ਨਯਾਯ, ਇਤਿਹਾਸ, ਮਿਥਿਹਾਸ, ਟੀਕੇ, ਕੋਸ਼-ਸਾਹਿਤ, ਛੰਦ-ਸ਼ਾਸਤਰ, ਆਯੁਰਵੈਦਿਕ ਆਦਿਕ ਅਨੇਕਾਂ ਹੀ ਵਿਸ਼ਿਆਂ ਉਪਰ ਗ੍ਰੰਥ ਰਚਨਾ ਕੀਤੀ ਹੈ। ਇਨ੍ਹਾਂ ਮਹਾਂਪੁਰਖਾਂ ਦਾ ਮਨ ਕਿਸੇ ਭਾਸ਼ਾ ਜਾਂ ਵਿਸ਼ੇ ਪ੍ਰਤੀ ਸੰਕੀਰਣ ਨਹੀਂ ਸੀ। ਇਸ ਵਾਸਤੇ ਹਿੰਦੀ, ਬ੍ਰਿਜ ਭਾਸ਼ਾ, ਸੰਸਕ੍ਰਿਤ ਅਤੇ ਪੰਜਾਬੀ ਵਿੱਚ ਸਮਰੂਪ ਲਿਖਦੇ ਰਹੇ ਹਨ। ਜਿਵੇਂ ਕਿ ਉਪਰ ਦੱਸਿਆ ਹੈ ਗੁਰਮਤਿ ਦੀ ਵਿਆਖਿਆ ਨੂੰ ਹੀ ਮੁੱਖ ਰੱਖਿਆ ਹੈ, ਜਿਸ ਨਾਲ ਸਾਰੇ ਭਾਰਤ ਵਿੱਚ ਗੁਰਮਤਿ ਦਾ ਪ੍ਰਚਾਰ/ਗਿਆਨ ਹੋਇਆ ਹੈ। ਦਸਾਂ ਗੁਰੂਆਂ ਦੇ ਸਿਧਾਂਤ/ਉਪਕਾਰਾਂ ਨੂੰ ਘਰ-ਘਰ ਪਹੁੰਚਾਇਆ ਹੈ। ਮਹਾਨ ਲੇਖਕਾਂ ਵਿੱਚ ਪੰਡਿਤ ਗੁਲਾਬ ਸਿੰਘ ਜੀ, ਪੰਡਿਤ ਤਾਰਾ ਸਿੰਘ ਜੀ ਨਰੋਤਮ, ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ, ਗਿਆਨੀ ਬਦਨ ਸਿੰਘ ਜੀ ਸੇਖਵਾਂ ਵਾਲੇ ਅਤੇ ਮਹੰਤ ਗਣੇਸ਼ਾ ਸਿੰਘ ਜੀ ਪ੍ਰਸਿੱਧ ਹਨ। ਅਸੀਂ ਨਿਰਮਲ ਭੇਖ ਦੀ ਮਹਾਨ ਸਾਹਿਤਕ ਰਚਨਾ ਦਾ ਦਿਗ-ਦਰਸ਼ਨ ਪਾਠਕਾਂ ਨੂੰ ਕਰਵਾਉਣ ਦਾ ਯਤਨ ਕਰਦੇ ਹਾਂ।

## ਪੰਡਿਤ ਗੁਲਾਬ ਸਿੰਘ ਜੀ

ਆਪ ਨਿਰਮਲ ਪੰਥ ਵਿਚ ਮਹਾਨ ਵਿਦਵਾਨ ਹੋਏ ਹਨ। ਸੰਸਕ੍ਰਿਤ ਦੇ ਆਪ ਪ੍ਰਕਾਂਡ ਪੰਡਿਤ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਦੇਸ਼ ਅਨੁਸਾਰ ਆਪ ਜੀ ਨੇ ਸੰਸਕ੍ਰਿਤ ਗ੍ਰੰਥਾਂ ਨੂੰ ਬ੍ਰਿਜ ਭਾਸ਼ਾ, ਗੁਰਮੁਖੀ ਲਿਪੀ ਵਿੱਚ ਅੰਕਿਤ ਕਰਕੇ ਸਰਵ ਸਾਧਾਰਨ ਵਾਸਤੇ ਸੁਖੈਨ ਸਾਹਿਤ

ਪੈਦਾ ਕਰਨ ਦਾ ਯਤਨ ਕੀਤਾ ਹੈ। ਸੰਸਕ੍ਰਿਤ ਅਨੁਵਾਦ ਤੋਂ ਉਨ੍ਹਾਂ ਦੀ ਅਪੂਰਵ ਪੰਡਿਤਾਈ ਦਾ ਪਤਾ ਲੱਗਦਾ ਹੈ। ਇਹ ਵੀ ਪਤਾ ਲੱਗਦਾ ਹੈ ਕਿ ਆਪ ਜੀ ਛੰਦ-ਸ਼ਾਸਤ੍ਰ, ਅਲੰਕਾਰ, ਸਾਹਿਤ ਦੇ ਅਦੁੱਤੀ ਗਿਆਤਾ ਸਨ। ਸਰਵਪੱਖੀ ਵਿਦਵਾਨ ਸਨ। ਆਪ ਜੀ ਦੇ ਲਿਖੇ ਚਾਰ ਗ੍ਰੰਥ ਉਪਲਬਧ ਹਨ :

| | |
|---|---|
| ਭਾਵਰਸਾਮ੍ਰਿਤ | 1834 ਬਿ. (1777 ਈ.) |
| ਮੋਕਸ਼ ਪੰਥ ਪ੍ਰਕਾਸ਼ | 1835 ਬਿ. (1778 ਈ.) |
| ਅਧਿਆਤਮ ਰਾਮਾਯਣ | 1836 ਬਿ. (1779 ਈ.) |
| ਪ੍ਰਬੋਧ ਚੰਦ੍ਰੋਦਯ ਨਾਟਕ | 1836 ਬਿ. (1779 ਈ.) |

ਇਹ ਗੱਲ ਵੀ ਪ੍ਰਸਿੱਧ ਹੈ ਕਿ ਆਪ ਜੀ ਨੇ ਹੋਰ ਵੀ ਕਈ ਗ੍ਰੰਥਾਂ ਦਾ ਅਨੁਵਾਦ ਕੀਤਾ ਸੀ। ਮੌਲਿਕ ਗ੍ਰੰਥ ਵੀ ਲਿਖੇ ਸਨ, ਜੋ ਈਰਖਾਵਾਦੀਆਂ ਨੇ ਸਾਰੇ ਖ਼ਤਮ ਕਰ ਦਿੱਤੇ। ਇਹ ਉਪਰੋਕਤ ਗ੍ਰੰਥ ਕਿਸੀ ਤਰ੍ਹਾਂ ਬਚ ਗਏ।

**ਮੋਕਸ਼ ਗ੍ਰੰਥ ਪ੍ਰਕਾਸ਼**

ਇਹ ਗ੍ਰੰਥ ਰਤਨ ਅੰਮ੍ਰਿਤਸਰ ਵਿਚ ਲਿਖਿਆ ਗਿਆ ਹੈ। ਇਹ ਭਾਰਤੀ ਦਰਸ਼ਨ ਸ਼ਾਸਤ੍ਰ ਦਾ ਪ੍ਰਮਾਣੀਕ ਗ੍ਰੰਥ ਹੈ। ਉੱਤਰੀ ਭਾਰਤ (ਸਾਹਿਤਯ) ਵਿੱਚ ਅਜਿਹਾ ਦੂਸਰਾ ਗ੍ਰੰਥ ਨਹੀਂ ਹੈ।

ਸ੍ਰੀ ਸੰਤ ਨਿਹਾਲ ਸਿੰਘ ਜੀ ਕਵੀਂਦ੍ਰ ਨੇ ਇਸ ਗ੍ਰੰਥ ਬਾਰੇ ਰੌਚਿਕ ਉਥਾਨਕਾ ਲਿਖੀ ਹੈ ਅਤੇ ਦੱਸਿਆ ਹੈ ਕਿ 'ਮੋਕਸ਼ ਪੰਥ ਪ੍ਰਕਾਸ਼' ਦੇ ਲੇਖਕ ਸ੍ਰੀ ਪੰਡਿਤ ਗੁਲਾਬ ਸਿੰਘ ਜੀ ਦੇ ਮਹਾਂਪੁਰਖ (ਗੁਰੂਦੇਵ) ਬ੍ਰਹਮਗਿਆਨੀ ਪੰਡਿਤ ਮਾਨ ਸਿੰਘ ਜੀ ਦਸਮ ਗੁਰੂ ਜੀ ਦੇ ਹਜ਼ੂਰੀ ਸਿੱਖ ਸਨ, ਜੋ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੈਠ ਕੇ ਪਰਮਾਰਥ ਸੰਬੰਧੀ, ਗੁਰਬਾਣੀ ਦੇ ਅਰਥਾਂ ਸੰਬੰਧੀ ਸ਼ੰਕਾ ਨਿਵ੍ਰਿਤ ਕਰਦੇ ਰਹਿੰਦੇ ਸਨ। ਕਈ ਵਾਰ ਬੜੇ ਰਹੱਸ ਭਰੇ ਪ੍ਰਸ਼ਨ ਕਰਦੇ ਸਨ। ਦਸਮ ਪਿਤਾ ਜੀ ਵੀ ਅਧਿਕਾਰੀ ਸਮਝ ਕੇ ਵਿਚਾਰ ਪੂਰਬਕ ਗੋਹਝ ਖੋਲ੍ਹ ਕੇ ਸ਼ੰਕਾ ਸਮਾਧਾਨ ਕਰਦੇ ਸਨ।

ਗੁਰੂ ਦਸਮ ਪਾਤਸ਼ਾਹ ਦੇ ਚਰਨਾਂ ਵਿਚ ਬੈਠ ਕੇ ਪ੍ਰਾਪਤ ਕੀਤਾ ਹੋਇਆ ਬ੍ਰਹਮਗਿਆਨ ਅੱਗੇ ਆਪਣੇ ਸ਼ਿਸ਼ ਸ੍ਰੀ ਪੰਡਿਤ ਗੁਲਾਬ ਸਿੰਘ ਜੀ ਨੂੰ ਮੌਖਿਕ ਰੂਪ ਵਿੱਚ ਬਖ਼ਸ਼ਿਆ। ਸਮਾਂ ਪਾ ਕੇ ਪੰਡਿਤ ਗੁਲਾਬ ਸਿੰਘ ਜੀ ਨੇ ਉਹੀ ਬ੍ਰਹਮਗਿਆਨ ਦਾ ਸੋਮਾ 'ਸ੍ਰੀ ਮੋਕਸ ਗ੍ਰੰਥ ਪ੍ਰਕਾਸ਼' ਦੇ ਰੂਪ ਵਿੱਚ ਪ੍ਰਗਟ ਕੀਤਾ। ਸ੍ਰੀ ਸੰਤ ਨਿਹਾਲ ਸਿੰਘ ਜੀ ਕਵੀਂਦ੍ਰ ਇਸ ਵਾਰਤਾ ਨੂੰ ਇਸ ਤਰ੍ਹਾਂ ਲਿਖਦੇ ਹਨ :

> "ਏਕ ਸਮੇਂ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਕੇ ਹਜ਼ੂਰ ਦੀਵਾਨ ਕੇ ਸਮੇਂ ਸ੍ਰੀ ਭਾਈ ਮਾਨ ਸਿੰਘ ਨਿਰਮਲੇ ਅਪਨੇ ਗਰ ਮੈਂ ਅੰਚਰ ਡਾਰ ਕੇ ਬੜੀ ਨਿੰਮ੍ਰਤਾ ਪੂਰਬਕ ਪ੍ਰਣਾਮ ਕਰਕੇ ਸ੍ਰੀ ਸਤਿਗੁਰੂ ਜੀ ਕੇ ਸਨਮੁਖ ਤਤਪਰ ਹੋ ਕੇ ਠਾਂਢੇ ਹੋਤੇ ਪਏ। ਤਿਸੀ ਸਮੇਂ ਸਤਿਗੁਰੂ ਕ੍ਰਿਪਾਲੂ ਨੇ ਅੰਮ੍ਰਿਤ ਦ੍ਰਿਸ਼ਟੀ ਕਰਕੇ ਕ੍ਰਿਪਾਲਤਾ ਕੀ ਬਾਣੀ ਸੇ ਪੂਛਾ : ਜੋ ਹੇ ਮਾਨ ਸਿੰਘ ਕਹੂ ਕਯਾ ਕਹਯਾ ਚਾਹਤਾ ਹੈ। ਤਬ ਮਾਨ ਸਿੰਘ ਜੀ ਬੋਲੇ, ਹੇ ਸਤਿਗੁਰੋ ਗ੍ਰੰਥ ਜੁ ਕੇ ਮਾਰੂ ਰਾਗ ਮੈਂ ਜੋ ਪਹਿਲੇ ਮਹੱਲੇ ਕੇ ਸੋਲਹੇ ਹੈਨ। ਤਿਨ ਕੇ ਬੀਚ ਤੇ ਸਤਾਰਵੇਂ ਕੀ ਨਾਵੀਂ ਪੌੜੀ ਕੇ ਆਦਿ ਮੈਂ ਜੋ ਲਿਖੀ ਹੈ ਏ ਤੁਕ। ਸਾਮਬੇਦ ਰਿਗ ਯਜੁਰ

ਅਥਰਬਣ ਇਸ ਤੁਕ ਕਾ ਜੋ ਅਸਲ ਤਾਤਪਰਜ ਹੈ ਸੋ ਕ੍ਰਿਪਾ ਕਰਕੇ ਲਿਖ ਬਖਸ਼ ਕੇ ਸਮਝਾਓ ਜੀ।

ਤਬ ਸ੍ਰੀ ਸਤਿਗੁਰੂ ਕਹਿਤੇ ਭਏ ਧੰਨ ਭਾਈ ਮਾਨ ਸਿੰਘ ਤੂੰ ਧੰਨ ਜਿਸ ਤੈਸੇ ਐਸਾ ਉਤਮ ਪ੍ਰਸ਼ਨ ਜੀਵੋਂ ਕੇ ਉਧਾਰ ਹੇਤ ਕੀਤਾ ਹੈ। ਇਸ ਤੇ ਤੇਰਾ ਵੱਡਾ ਜਸ ਹੋਵੇ ਗਾ। ਹੇ ਸਿੱਖ ਇਸ ਤੁਕ ਮੈਂ ਚਾਰੋਂ ਬੇਦੋਂ ਕੇ ਨਾਮ ਅਸਲ ਅਭਿਪ੍ਰਾਯ ਤੋਂ ਚਾਰੋ ਮਹਾਂਵਾਕ ਹੈ। ਐਸੇ ਕਹਿ ਕੇ ਕਾਗਦ ਕਲਮ ਦਵਾਤ ਮੰਗਵਾਇ ਵਾਰਤਕ ਰੂਪ ਛੰਦੋਗ ਆਦਿਕੋ ਕੇ ਪ੍ਰਮਾਣ ਸਮੇਤ ਲਿਖ ਬਖਸ਼ਤੇ ਭਏ ਅਤੇ ਫਰਮਾਤੇ ਭਏ ਜੋ ਕਿਸੇ ਏਕਾਂਤ ਸਮੇਂ ਹਮਾਰੀ ਰਸਨਾ ਤੇ ਇਸ ਵਾਰਤਕ ਕਾ ਅਰਥ ਸੁਣ ਭੀ ਲੈਣਾ।

ਤਬ ਮਾਨ ਸਿੰਘ ਜੀ ਨੇ ਸਤ ਬਚਨ ਕਹਯਾ। ਤਦਾ ਅਨੰਤ ਤੈਸੇ ਹੀ ਕਰਾ। ਸਤ੍ਰਯੋਪਦੇਸ ਰਿਦੈ ਮੈਂ ਧਾਰ। ਕਾਲਾਤ੍ਰ ਮੈਂ ਉਸੀ ਵਾਰਤਕ ਕਾ ਅਭਿਪ੍ਰਾਯ ਸ੍ਰੀ ਮਾਨ ਸਿੰਘ ਜੂ ਨੇ ਆਪਣੇ ਸੇਵਕ ਗੁਲਾਬ ਸਿੰਘ ਕੌਂ ਕਰ ਦੀਆ।''[1]

ਪ੍ਰੰਤੂ ਸ੍ਰੀ ਪੰਡਿਤ ਗੁਲਾਬ ਸਿੰਘ ਜੀ ਨੇ ਸ੍ਰੀ ਮੋਕਸ਼ ਪੰਥ ਪ੍ਰਕਾਸ਼ ਦਾ ਆਧਾਰ ਅੰਮ੍ਰਿਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਿਆ ਹੈ। ਇਸ ਵਾਸਤੇ ਸ੍ਰੀ ਮੋਕਸ਼ ਪੰਥ ਪ੍ਰਕਾਸ਼ ਦੇ ਆਰੰਭ ਵਿੱਚ ਫ਼ੁਰਮਾਇਆ ਹੈ ਕਿ ਜੋ ਅੰਮ੍ਰਿਤ ਬਚਨ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਉਨ੍ਹਾਂ ਦਾ ਅਸੀਂ ਵਿਸਤਾਰ ਵਿਆਖਿਆਨ ਕਰਦੇ ਹਾਂ। ਪੰਡਿਤ ਗੁਲਾਬ ਸਿੰਘ ਜੀ ਲਿਖਦੇ ਹਨ :

ਗੁਰੂ ਅਰਜੁਨ ਕਲਯਾਨ ਬਖਾਨ। ਭ੍ਰਮ ਭਯ ਮਿਟੇ ਸੁ ਬ੍ਰਹਮ ਗਯਾਨ।
ਉਤਮ ਪੰਥ ਗਯਾਨ ਜਗਸਾਰ। ਦੁਖ ਮੇਟਨ ਸੁਖ ਦੇਨ ਉਦਾਰ।੧੦।
ਬ੍ਰਹਮਾਦਿਕ ਚੀਟੀਂ ਲੌਂ ਜੇਤੇ। ਦੁਖ ਮੇਂ ਦਵੈਸ਼ ਕਰੇ ਸਬ ਤੇਤੇ।
ਸਦਾ ਜਿਹਾਸਾ ਦੁਖ ਕੀ ਕਰੇ। ਦੁਖ ਨਾਸ਼ਕ ਸਾਧਨ ਅਨੁਸਰੇ।੧੧।
ਸਕਲ ਦੁਖ ਕੋ ਕਾਰਣ ਦੇਹ। ਤਾਕੋ ਧਰਮਾ ਧਰਮ ਵਿਧੇਹ।
ਵਿਹਿਤ ਨਿਸ਼ਿਧ ਕਰਮ ਤਿਹ ਮੂਲ। ਰਾਗ ਦ੍ਵੈਸ਼ ਕਰਮਨ ਕੋ ਮੂਲ।੧੨।
ਭਲੋ ਬੁਰੋ ਅਧਯਾਸਹਿ ਜੋਈ। ਰਾਗ ਦ੍ਵੈਸ਼ ਕੋ ਕਾਰਣ ਸੋਈ।
ਸੋ ਯਹਿ ਭਲੋ ਬੁਰੋ ਅਧਯਾਸ। ਨਿਖਿਲ ਦ੍ਵੈਤ ਤੇ ਭਯੋ ਪ੍ਰਕਾਸ਼।੧੩।
ਸੋ ਸਬ ਦ੍ਵੈਤ ਬ੍ਰਹਮ ਮੇਂ ਐਸੇ। ਸੀਪਿ ਵਿਸ਼ੈ ਰੂਪੋ ਜਗ ਜੈਸੇ।
ਤਾਕੋ ਕਾਰਣ ਹੈ ਅਗਯਾਨ। ਸੋ ਉਰ ਕਲਿਪਤ ਸਤਯ ਪਛਾਨ।੧੪।

## ਵਿਦਿਆਮੁਕਟਮਣੀ ਪੰਡਿਤ ਤਾਰਾ ਸਿੰਘ ਜੀ 'ਨਰੋਤਮ'

ਆਪ ਗੁਰਮਤਿ ਸਿਧਾਂਤ, ਗੁਰਮਤਿ ਦਰਸ਼ਨ, ਸਾਹਿਤਯ, ਇਤਿਹਾਸ, ਗੁਰਬਾਣੀ ਦੇ ਧੁਰੰਧਰ ਵਿਦਵਾਨ ਸਨ। ਗੁਰਮਤਿ ਦਰਸ਼ਨ/ਗੁਰਬਾਣੀ ਸੰਬੰਧੀ ਆਪ ਜੀ ਨੇ ਦੀਰਘ ਦ੍ਰਿਸ਼ਟੀ ਨਾਲ ਲਿਖਿਆ ਹੈ। ਜੋ ਕੁਝ ਵੀ ਆਪ ਜੀ ਨੇ ਲਿਖਿਆ ਹੈ, ਗੁਰਬਾਣੀ/ਗੁਰ-ਇਤਿਹਾਸ ਦੇ ਮਹੱਤਵ ਨੂੰ ਵਰਣਨ ਕਰਨ ਵਾਸਤੇ ਹੀ ਲਿਖਿਆ ਹੈ। ਆਪ ਪੰਥ ਵਿੱਚ ਪਹਿਲੇ ਵਿਦਵਾਨ ਸਨ, ਜਿਨ੍ਹਾਂ ਨੇ 'ਸ੍ਰੀ ਗੁਰਮਤਿ ਨਿਰਣਯ ਸਾਗਰ' ਵਰਗਾ ਦਾਰਸ਼ਨਿਕ ਗ੍ਰੰਥ ਲਿਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ 'ਸ੍ਰੀ ਗੁਰੂ ਗਿਰਾਰਥ

ਕੋਸ਼' ਲਿਖਿਆ ਅਤੇ ਦੇਸ ਦੇ ਸਾਰੇ ਗੁਰਦਵਾਰਿਆਂ ਦਾ ਇਤਿਹਾਸ 'ਗੁਰ ਤੀਰਥ ਸੰਗ੍ਰਹਿ' ਅੰਕਿਤ ਕੀਤਾ। ਆਪ ਗੁਰਬਾਣੀ ਦੇ ਸ਼ੁੱਧ ਸ਼ਾਸਤ੍ਰੀਯ ਅਰਥਾਂ ਦੇ ਸਮਰਥਕ ਸਨ। ਜਦੋਂ ਆਪ ਜੀ ਨੂੰ ਪਤਾ ਲੱਗਾ ਕਿ ਇੱਕ ਅੰਗਰੇਜ਼ ਵਿਦਵਾਨ 'ਟ੍ਰੰਪ' ਗੁਰਬਾਣੀ ਦੇ ਪੱਖਪਾਤੀ, ਅਸ਼ੁੱਧ ਅਰਥ ਕਰ ਰਿਹਾ ਹੈ ਤਾਂ ਆਪ ਜੀ ਨੇ ਇਸ ਦਾ ਵਿਰੋਧ ਕੀਤਾ। ਗੁਰਬਾਣੀ ਦੇ ਸ਼ੁੱਧ ਅਰਥ ਲਿਖਣ ਦਾ ਯਤਨ ਕੀਤਾ ਅਤੇ ਹੇਠ ਲਿਖੇ ਗ੍ਰੰਥ ਲਿਖੇ ਹਨ :

| | | |
|---|---|---|
| 1. | 'ਸ੍ਰੀ ਮੋਕਸ਼ ਪੰਥ ਪ੍ਰਕਾਸ਼'ਦਾ 'ਸੁਜੰ ਪ੍ਰਭਾ ਵਿਵਰਣ' ਟੀਕਾ | ਸੰਮਤ 1922 (1865 ਈ.) |
| 2. | ਸੁਰਤਰੂ ਕੋਸ਼ | ਸੰਮਤ 1923 (1866 ਈ.) |
| 3. | ਸ੍ਰੀ ਗੁਰਮਤਿ ਨਿਰਣਯ ਸਾਗਰ | ਸੰਮਤ 1934 (1877 ਈ.) |
| 4. | ਅਕਾਲ ਮੂਰਤਿ ਪ੍ਰਦਰਸ਼ਨ | ਸੰਮਤ 1935 (1878 ਈ.) |
| 5. | ਟੀਕਾ ਗੁਰਭਾਵ ਦੀਪਕਾ | ਸੰਮਤ 1935 (1878 ਈ.) |
| 6. | ਟੀਕਾ ਗੁਰਭਾਵ ਦੀਪਕਾ (ਜਪੁ, ਰਹਿਰਾਸ ਆਦਿਕ) | ਸੰਮਤ 1937 (1880 ਈ.) |
| 7. | ਭਗਤ ਬਾਣੀ ਦਾ ਟੀਕਾ | ਸੰਮਤ 1939 (1882 ਈ.) |
| 8. | ਗੁਰ ਤੀਰਥ ਸੰਗ੍ਰਹਿ | ਸੰਮਤ 1940 (1883 ਈ.) |
| 9. | ਸ੍ਰੀ ਰਾਗ ਟੀਕਾ | ਸੰਮਤ 1942 (1885 ਈ.) |
| 10. | ਸ੍ਰੀ ਗੁਰੂ ਗਿਰਾਰਥ ਕੋਸ਼ (ਦੋ ਭਾਗ) | ਸੰਮਤ 1946 (1889 ਈ.) |

### ਗਿਆਨੀ ਗਿਆਨ ਸਿੰਘ ਜੀ

ਗਿਆਨੀ ਗਿਆਨ ਸਿੰਘ ਜੀ ਧੁਰੰਧਰ ਵਿਦਵਾਨ, ਮਹਾਨ ਕਵੀ ਅਤੇ ਪ੍ਰਸਿੱਧ ਇਤਿਹਾਸਕਾਰ ਸਨ। ਆਪ ਜੀ ਨੇ ਬ੍ਰਿਜ ਭਾਸ਼ਾ ਵਿੱਚ ਪ੍ਰਸਿੱਧ ਗ੍ਰੰਥ 'ਪੰਥ ਪ੍ਰਕਾਸ਼ ਮਹਾਂਕਾਵਿ' ਲਿਖਿਆ ਹੈ। ਪੰਜਾਬੀ ਵਾਰਤਕ ਵਿੱਚ 'ਤਵਾਰੀਖ਼ ਗੁਰੂ ਖਾਲਸਾ' ਅੰਕਿਤ ਕੀਤੀ ਹੈ। ਨਵੀਨ ਪੰਜਾਬੀ ਵਾਰਤਕ ਦੇ ਆਪ ਜੀ ਮੋਢੀ ਸਨ ਜੋ ਨਿਖਰਵੀਂ ਸ਼ੁੱਧ ਰੂਪ ਵਿੱਚ ਬਾ-ਤਰਤੀਬ ਲਿਖੀ ਹੈ, ਜਿਸ ਨਾਲ ਜਨ-ਸਾਧਾਰਨ ਅਤੇ ਸੰਗਤਾਂ ਨੂੰ ਅਤੀ ਲਾਭ ਪਹੁੰਚਿਆ ਹੈ। ਆਪ ਜੀ ਦੀ ਵਾਰਤਕ ਵਿੱਚ ਆਧੁਨਿਕ ਸ਼ੈਲੀ ਦੇ ਸਾਰੇ ਲਕਸ਼ਣ ਵਿਦਮਾਨਜ ਹਨ। ਵਾਰਤਕ ਸ਼ੈਲੀ ਸਰਵ ਗੁਣ ਭਰਪੂਰ ਹੈ, ਜਿਸ ਵਿੱਚ ਸਿੱਖ ਇਤਿਹਾਸ ਨੂੰ ਵੇਰਵੇ ਸਹਿਤ ਅੰਕਿਤ ਕੀਤਾ ਹੈ। ਹਰ ਘਟਨਾ ਨੂੰ ਵਿਚਾਰ, ਤੋਲ ਕੇ ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸਾਰੇ ਭਾਰਤ ਦਾ ਦੇਸ਼ਾਟਨ ਕੀਤਾ, ਪਰ ਸਤਿਗੁਰੂ ਜੀ ਦੇ ਉਪਕਾਰਾਂ/ਗੁਰਦੁਆਰਿਆਂ ਦਾ ਪੁਰਾਣੇ ਗ੍ਰੰਥਾਂ/ਜਨਮ ਸਾਖੀਆਂ ਵਿੱਚ ਬਹੁਤ ਘੱਟ ਵਰਨਣ ਆਇਆ ਹੈ। ਗਿਆਨੀ ਗਿਆਨ ਸਿੰਘ ਜੀ ਨੇ ਸੁਰੰ ਦੇਸ ਦਾ ਭ੍ਰਮਣ ਕਰਕੇ, ਅਨੇਕ ਅਕਹਿ, ਅਸਹਿ ਕਸ਼ਟ ਸਹਿ ਕੇ ਸਤਿਗੁਰੂ ਜੀ ਦੇ ਸਮੂਹ ਸਥਾਨਾਂ 'ਤੇ ਪਹੁੰਚਣ ਦਾ ਯਤਨ ਕੀਤਾ ਅਤੇ ਬਾ-ਤਰਤੀਬ ਭੂਗੋਲਿਕ ਰੂਪ ਵਿੱਚ ਗੁਰੂ ਨਾਨਕ ਦੇਵ ਜੀ ਦੀ ਜੀਵਨ ਕਥਾ ਲਿਖੀ। ਨਾਲ ਹੀ ਭਾਰਤ ਦੀਆਂ ਅਨੇਕ ਜਾਤੀਆਂ ਦੇ ਰਸਮੋਂ ਰਿਵਾਜਾਂ, ਧਾਰਮਿਕ ਵਿਸ਼ਵਾਸਾਂ ਦਾ ਖੋਜ-ਪੂਰਤ ਵਰਨਣ ਕੀਤਾ ਹੈ। ਮੁੱਖ ਗੱਲ ਇਹ ਹੈ ਕਿ ਗਿਆਨੀ ਜੀ ਅੰਧ-ਵਿਸ਼ਵਾਸੀ ਨਹੀਂ ਸਨ। ਭਾਰਤ ਵਿੱਚ ਧਰਮ ਦੇ ਨਾਮ ਹੇਠ ਹੋ ਰਹੀਆਂ ਅਨੇਕ ਕੁਰੀਤੀਆਂ ਦਾ ਡਟ ਕੇ ਖੰਡਨ ਕੀਤਾ ਹੈ।

ਅੰਧ-ਵਿਸ਼ਵਾਸ 'ਤੇ ਆਪ ਜੀ ਦੀ ਕਲਮ ਤਿੱਖੀ/ਤੇਜ਼ ਹੋ ਕੇ ਚੱਲੀ ਹੈ। ਗਿਆਨੀ ਜੀ ਬ੍ਰਿਜ ਭਾਸ਼ਾ ਦੇ ਅੰਤਮ ਕਵੀ ਅਤੇ ਨਵੀਨ ਪੰਜਾਬੀ ਵਾਰਤਕ ਦੇ ਪਹਿਲੇ ਲੇਖਕ ਹਨ। ਪੰਜਾਬੀ ਵਿੱਚ ਫੁਟ ਨੋਟ, ਟਿੱਪਣੀਆਂ ਦੀ ਪ੍ਰੰਪਰਾ ਵੀ ਆਪ ਜੀ ਨੇ ਤੋਰੀ ਹੈ।

ਆਪ ਪਹਿਲੇ ਵਿਦਵਾਨ ਸਨ, ਜਿਨ੍ਹਾਂ ਨੇ ਦੇਸ਼ ਦੇ ਪੁਸਤਕਾਲਯ ਫੋਲ-ਫੋਲ ਕੇ ਗੁਰ-ਇਤਿਹਾਸ ਦਾ ਮਸਾਲਾ ਇਕੱਤਰ ਕੀਤਾ। ਬਿਰਧਾਂ ਤੋਂ ਖੋਜ ਕੀਤੀ। ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਕਾਲ ਆਪ ਜੀ ਨੇ ਅੱਖੀਂ ਵੇਖਿਆ ਸੀ। ਇਸ ਤਰ੍ਹਾਂ ਆਪ ਜੀ ਨੇ ਇੱਕ-ਇੱਕ ਵਾਰਤਾ ਨੂੰ ਦਲੀਲ ਦੀ ਕਸਵੱਟੀ 'ਤੇ ਪਰਖ ਕੇ ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ 1921 ਈ. ਤੱਕ ਦਾ ਇਤਿਹਾਸ ਆਪ ਜੀ ਨੇ ਅੰਕਿਤ ਕੀਤਾ ਹੈ। ਪਹਿਲੀ ਵਾਰ ਸਾਰੀਆਂ ਸਿੱਖ ਸੰਪ੍ਰਦਾਵਾਂ ਦਾ ਇਤਿਹਾਸ ਕਾਲੀ-ਬੱਧ ਕੀਤਾ। ਭਾਵੇਂ ਈਰਖਾਵਾਦੀਆਂ ਨੇ ਗਿਆਨੀ ਜੀ ਦੀਆਂ ਲਿਖਤਾਂ ਨੂੰ ਤਰੋੜ-ਮਰੋੜ ਕੇ ਬਹੁਤ ਮਿਲਾਵਟਾਂ ਭਰ ਦਿੱਤੀਆਂ, ਫਿਰ ਵੀ ਵਰਤਮਾਨ ਇਤਿਹਾਸਕਾਰਾਂ ਨੂੰ ਗਿਆਨੀ ਜੀ ਦੇ ਇਤਿਹਾਸ ਤੋਂ ਸੇਧ ਮਿਲਦੀ ਹੈ। ਕੋਈ ਵੀ ਇਤਿਹਾਸਕਾਰ ਗਿਆਨੀ ਜੀ ਦੀਆਂ ਲਿਖਤਾਂ ਵਾਚੇ ਬਿਨਾਂ ਲਿਖਣ ਦਾ ਦਾਅਵਾ ਨਹੀਂ ਕਰ ਸਕਦਾ। ਇਤਿਹਾਸ ਦੇ ਵਿਦਿਆਰਥੀ ਗਿਆਨੀ ਜੀ ਦੇ ਸਦਾ ਰਿਣੀ ਰਹਿਣਗੇ।

ਗਿਆਨੀ ਜੀ ਨੇ ਹੇਠ ਲਿਖੇ 35 ਗ੍ਰੰਥ ਲਿਖੇ ਹਨ, ਜਿਨ੍ਹਾਂ ਵਿਚੋਂ 26 ਗ੍ਰੰਥ ਪੰਜਾਬੀ ਵਿੱਚ ਅਤੇ 9 ਗ੍ਰੰਥ ਉਰਦੂ ਵਿੱਚ ਹਨ। ਆਪ ਜੀ ਵੱਲੋਂ ਕੀਤੀ ਸਾਹਿਤਕ ਸੇਵਾ ਇਸ ਪ੍ਰਕਾਰ ਹੈ :

| | | | |
|---|---|---|---|
| 1. | ਸ੍ਰੀ ਗੁਰੂ ਪੰਥ ਪ੍ਰਕਾਸ਼ | 1881 ਨੂੰ ਪੱਥਰ ਦੇ ਛਾਪੇ ਵਿੱਚ ਦਿੱਲੀ ਵਿਖੇ ਛਪਿਆ। | |
| 2. | ਤਵਾਰੀਖ ਗੁਰੂ ਖ਼ਾਲਸਾ | 1891 ਵਿੱਚ ਛਪੀ | (ਭਾਗ ਪਹਿਲਾ) |
| 3. | ਸ਼ਮਸ਼ੇਰ ਖ਼ਾਲਸਾ | 1892 ਵਿੱਚ ਛਪਿਆ | (ਭਾਗ ਦੂਜਾ) |
| 4. | ਰਾਜ ਖ਼ਾਲਸਾ | 1894 ਵਿੱਚ ਛਪਿਆ | (ਭਾਗ ਤੀਜਾ) |
| 5. | ਸਰਦਾਰ ਖ਼ਾਲਸਾ | ਗੁੰਮ ਹੋ ਗਿਆ ਹੈ | (ਭਾਗ ਚੌਥਾ) |
| 6. | ਪੰਥ ਖ਼ਾਲਸਾ | ਗੁੰਮ ਹੋ ਗਿਆ ਹੈ | (ਭਾਗ ਪੰਜਵਾਂ) |
| 7. | ਨਿਰਮਲ ਪੰਥ ਪ੍ਰਦੀਪਕਾ | 1891 ਵਿੱਚ ਛਪਿਆ | |
| 8. | ਖ਼ਾਲਸਾ ਪਤਤ ਪਾਵਨ | 1892 ਵਿੱਚ ਛਪਿਆ | |
| 9. | ਸੂਰਜ ਪ੍ਰਕਾਸ਼ | | (ਤਿੰਨ ਭਾਗ) |
| 10. | ਗੁਰਧਾਮ ਸੰਗ੍ਰਹਿ | 1927 ਵਿੱਚ ਛਪਿਆ | |
| 11. | ਕਥਾ ਪੂਰਨਮਾਸ਼ੀ | | |
| 12. | ਰਿਪਦਮਨ ਪ੍ਰਕਾਸ਼ | 1919 ਵਿੱਚ ਛਪਿਆ | (ਪੰਜ ਭਾਗ) |
| 13. | ਭੁਪਿੰਦਰਾ ਨੰਦ | 1917 ਵਿੱਚ ਛਪਿਆ | |
| 14. | ਤਵਾਰੀਖ਼ ਅੰਮ੍ਰਿਤਸਰ | 1919 ਵਿਚ ਛਪੀ | |
| 15. | ਤਵਾਰੀਖ਼ ਲਾਹੌਰ | | |
| 16. | ਗੁਰਪੁਰਬ ਪ੍ਰਕਾਸ਼ | 1883 ਈ. | |

17. ਇਤਿਹਾਸ ਰਿਆਸਤ ਬਾਗੜੀਆਂ 1917 ਵਿਚ ਛਪੀ
18. ਅੰਮ੍ਰਿਤ ਪ੍ਰਕਾਸ਼
19. ਨੀਤੀ ਪ੍ਰਕਾਸ਼
20. ਅਨਿਕ ਪ੍ਰਕਾਰ
21. ਦੋਹਾਵਲੀ
22. ਪ੍ਰਸ਼ਨੋਤਰੀ
23. ਭੇਖ ਪ੍ਰਭਾਕਰ
24. ਪੰਜਾਬੀ ਸੀਹਰਫ਼ੀ
25. ਨਿਰਮਲ ਪੰਥ ਗੁਰੂ ਪ੍ਰਣਾਲਕਾ ਵ੍ਰਿਕਸ਼
26. ਇਕ ਆਯੁਰਵੈਦਿਕ ਗ੍ਰੰਥ
27. ਸ੍ਵੈ ਜੀਵਨ ਕਥਾ

ਆਪ ਜੀ ਵੱਲੋਂ ਉਰਦੂ ਵਿਚ ਲਿਖੇ ਗ੍ਰੰਥਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. ਤਵਾਰੀਖ਼ ਗੁਰੂ ਖ਼ਾਲਸਾ (ਹਿੱਸਾ ਪਹਿਲਾ)
2. ਸ਼ਮਸ਼ੇਰ ਖ਼ਾਲਸਾ (ਹਿੱਸਾ ਦੂਜਾ)
3. ਰਾਜ ਖ਼ਾਲਸਾ (ਹਿੱਸਾ ਤੀਜਾ)
4. ਸਰਦਾਰ ਖ਼ਾਲਸਾ (ਹਿੱਸਾ ਚੋਥਾ)
5. ਪੰਥ ਖ਼ਾਲਸਾ (ਹਿੱਸਾ ਪੰਜਵਾਂ)
6. ਤਵਾਰੀਖ਼ ਸ੍ਰੀ ਅੰਮ੍ਰਿਤਸਰ
7. ਗੁਰਧਾਮ ਸੰਗ੍ਰਹਿ
8. ਤਵਾਰੀਖ਼ ਲਾਹੌਰ
9. ਸਵਾਨਹਿ ਉਮਰੀ ਗਿਆਨੀ ਗਿਆਨ ਸਿੰਘ

ਇਸ ਤਰ੍ਹਾਂ ਆਪ ਜੀਵਨ ਭਰ ਸਤਿਗੁਰਾਂ ਦੇ ਉਪਕਾਰ ਅਤੇ ਸਿੱਖ ਪੰਥ ਦਾ ਯਸ਼ ਵਰਣਨ ਕਰਦੇ ਰਹੇ। ਆਪ ਜੀ ਨੇ ਸਿੱਖ ਪੰਥ ਸੰਬੰਧੀ ਬਹੁਤ ਹੀ ਬਾਰੀਕੀ ਅਤੇ ਵਿਵੇਕ ਬੁੱਧੀ ਨਾਲ ਲਿਖਿਆ ਹੈ। ਕਵਿਤਾ ਵਿੱਚ ਆਪ ਜੀ ਨੇ ਅਨੇਕ ਤਰ੍ਹਾਂ ਦੇ ਚਮਤਕਾਰ ਵਿਖਾਏ ਹਨ। ਆਪ ਜੀ ਨੂੰ ਕਵਿਤਾ ਦੀ ਦਾਤ ਧੁਰ ਦਰਗਾਹੋਂ ਮਿਲੀ ਹੋਈ ਸੀ। ਛੰਦ, ਸ਼ਾਸਤ੍ਰ, ਸਾਹਿਤਯ ਦੇ ਸਰਵ ਗੁਣ ਸੰਪੰਨ ਵਿਦਵਾਨ ਸਨ। ਭਾਰਤੀਯ ਇਤਿਹਾਸ, ਸਾਹਿਤਯ, ਦਰਸ਼ਨ ਦੇ ਅਦੁੱਤੀ ਗਿਆਤਾ ਸਨ।

## ਸ੍ਰੀਮਾਨ ਮਹੰਤ ਗਣੇਸ਼ਾ ਸਿੰਘ ਜੀ

ਸ੍ਰੀਮਾਨ ਮਹੰਤ ਗਣੇਸ਼ਾ ਸਿੰਘ ਜੀ ਅਣਥੱਕ ਲੇਖਕ, ਸੰਪਾਦਕ ਅਤੇ ਟੀਕਾਕਾਰ ਸਨ। ਸਰਵਪੱਖੀ ਗਿਆਨ ਦੇ ਸਵਾਮੀ ਸਨ। ਆਪ ਜੀ ਨੇ ਇਤਿਹਾਸ, ਸਾਹਿਤਯ, ਵੇਦਾਂਤ, ਆਯੁਰਵੈਦਿਕ ਉਪਰ ਵੀ ਅਨੇਕ ਗ੍ਰੰਥਾਂ ਦੀ ਰਚਨਾ ਅਤੇ ਅਨੇਕ ਟੀਕੇ ਕੀਤੇ ਹਨ। ਆਪ ਆਪਣੀ ਸਾਹਿਤਕ ਰਚਨਾ ਦੇ ਕਾਰਣ ਸਦਾ ਅਮਰ ਰਹਿਣਗੇ। 'ਭਾਰਤ ਮੱਤ ਦਰਪਨ' ਆਪ ਜੀ ਦੀ ਪੰਜਾਬੀ ਸਾਹਿਤ ਵਿੱਚ ਵਿਲੱਖਣ ਪੁਸਤਕ ਹੈ, ਜਿਸ ਨੂੰ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਆਪ ਜੀ ਦਾ

ਗਿਆਨ/ਅਧਿਐਨ ਕਿੰਨਾ ਮਹਾਨ ਅਤੇ ਵਿਸ਼ਾਲ ਸੀ। ਇਸ ਤੋਂ ਬਿਨਾਂ ਆਪ ਜੀ ਨੇ ਹੇਠ ਲਿਖੇ ਗ੍ਰੰਥਾਂ ਦੀ ਰਚਨਾ ਕੀਤੀ :

1. ਭਾਰਤ ਮੱਤ ਦਰਪਨ
2. ਇਤਿਹਾਸ ਨਿਰਮਲ ਭੇਖ
3. ਗ੍ਰੰਥ ਸਾਖੀ ਪ੍ਰਮਾਨ
4. ਨਿਰਮਲ ਪ੍ਰਬੋਧ
5. ਨਿਰਮਲ ਵੈਦ
6. ਵੈਦਿਕ ਭੰਡਾਰ
7. ਦਰਬਾਰ ਗਾਈਡ
8. ਨਨਕਾਣਾ ਸਾਹਿਬ ਗਾਈਡ
9. ਇਸਤ੍ਰੀ ਚਕਿਤਸਾ
10. ਖ਼ਾਲਸਾ ਵਿਵਾਹ ਪਧਤਿ
11. ਸੰਧਯਾ ਵਿਧੀ
12. ਜੇਬੀ ਵੈਦ
13. ਅਧਿਆਤਮ ਪ੍ਰਕਾਸ਼ ਸਟੀਕ
14. ਸਟੀਕ ਪੰਜ ਗ੍ਰੰਥੀ
15. ਸਲੋਕ ਸਹਸਕ੍ਰਿਤੀ ਸਮੇਤ ਗਾਥਾ ਸਟੀਕ
16. ਸੁਖਮਨੀ ਸਾਹਿਬ ਸਟੀਕ
17. ਜਪੁ ਜੀ ਸਟੀਕ
18. ਮੇਘ ਬਿਨੋਦ ਪ੍ਰਕਾਸ਼ ਸਟੀਕ
19. ਰੰਗਾਯਤੀ ਨਿਦਾਨ ਸਟੀਕ
20. ਰਹਿਰਾਸ ਸਟੀਕ
21. ਵਿਆਧੀ ਵਿਨਾਸ਼ਕ ਟੀਕਾ
22. ਬਾਲ ਚਕਿਤਸਾ
23. ਸੂਰ ਦਰਪਨ

## ਮਹਿਮਾਸ਼ਾਹੀ ਸੰਪ੍ਰਦਾਇ ਦਾ ਸਾਹਿਤ

ਇਸ ਸੰਪ੍ਰਦਾਇ ਦੇ ਮਹਾਂਪੁਰਖਾਂ ਨੇ ਜਿਥੇ ਨਾਮ-ਬਾਣੀ, ਕਥਾ-ਕੀਰਤਨ, ਸੇਵਾ-ਸਿਮਰਨ, ਧਰਮ-ਪ੍ਰਚਾਰ, ਵਿਦਿਆ-ਪ੍ਰਚਾਰ ਵਿੱਚ ਅਕਹਿ ਹਿੱਸਾ ਪਾਇਆ ਹੈ, ਉਥੇ ਬਹੁਤ ਸਾਰੀ ਕਵਿਤਾ/ਬਾਣੀ ਦੀ ਰਚਨਾ ਵੀ ਕੀਤੀ ਹੈ। ਭਾਵੇਂ ਨਿਰਮਲੇ ਸੰਤ ਕਾਵਿ ਦੀ ਰਚਨਾ ਬ੍ਰਿਜ ਭਾਸ਼ਾ ਵਿੱਚ ਕਰਦੇ ਸਨ, ਪਰ ਮਹਿਮਾਸ਼ਾਹੀ ਸੰਤਾਂ ਨੇ ਠੇਠ ਪੰਜਾਬੀ ਵਿੱਚ ਲਿਖਿਆ ਹੈ, ਜੋ ਗੁਰਬਾਣੀ ਦੀ ਸ਼ੈਲੀ ਦੇ ਨੇੜੇ ਹੈ। ਜਿਵੇਂ ਸਮਕਾਲੀ ਸੂਫ਼ੀ ਪੰਜਾਬੀ ਕਵੀ ਸੀਹਰਫ਼ੀ, ਪੈਂਤੀਸ ਅੱਖਰੀ, ਪੱਟੀ, ਸਤਿਵਾਰੇ, ਬਾਰਾਂਮਾਹੇ, ਕਾਫ਼ੀ, ਦਵੈਯਾ, ਬੈਂਤ ਆਦਿਕ ਰੂਪ/ਛੰਦ ਵਰਤਦੇ ਸਨ। ਮਹਿਮਾਸ਼ਾਹੀ ਸੰਤਾਂ ਨੇ ਵੀ ਸਾਰੇ ਰੂਪ/ਛੰਦ ਵਰਤੇ ਹਨ। ਇਸ ਤੋਂ ਇਲਾਵਾ ਕਾਫ਼ੀ ਰਚਨਾ ਅਨੇਕ ਰਾਗਾਂ ਵਿੱਚ ਵੀ ਕੀਤੀ ਹੈ। ਮਹਿਮਾਸ਼ਾਹੀ ਸੰਤਾਂ ਦਾ ਇਹ ਅਧਿਆਤਮਿਕ ਸੰਗ੍ਰਹਿ ਇੱਕ ਪਾਵਨ ਅਪ੍ਰਕਾਸ਼ਤ ਗ੍ਰੰਥ ਵਿੱਚ ਸੁਰੱਖਿਅਤ ਹੈ, ਜਿਸ ਵਿੱਚ ਹੇਠ ਲਿਖੇ 8 ਮਹਾਂਪੁਰਖਾਂ ਦੀ ਰਚਨਾ ਸ਼ਾਮਲ ਹੈ, ਜਿਸਨੂੰ ਮਹਿਮਾਸ਼ਾਹੀ ਆਪਣਾ ਧਾਰਮਿਕ (ਇਸ਼ਟ) ਗ੍ਰੰਥ ਮੰਨਦੇ ਹਨ :

1. ਸ੍ਰੀ ਸੰਤ ਮੋਹਰ ਸਿੰਘ ਜੀ ਮਹਿਮਾਸ਼ਾਹ
2. ਸ੍ਰੀ ਸੰਤ ਬੀਰ ਸਿੰਘ ਜੀ 'ਰੰਗਰੇਜ'
3. ਸੰਤ ਖੂਬ ਦਿਆਲ ਸਿੰਘ ਜੀ
4. ਸ੍ਰੀ ਸੰਤ ਮਨਮਸਤਾਨ ਸਿੰਘ ਜੀ
5. ਸੰਤ ਭੂਪਾਲ ਸਿੰਘ ਜੀ
6. ਸੰਤ ਮਾਨ ਸਿੰਘ ਜੀ
7. ਸੰਤ ਖੁਸ਼ਹਾਲ ਸਿੰਘ ਜੀ
8. ਸੰਤ ਬੇਪ੍ਰਵਾਹ ਜੀ।

ਇਹ ਗ੍ਰੰਥ ਮਹਿਮਾਸ਼ਾਹੀਆਂ ਦੇ ਕਿਸੇ ਡੇਰੇ ਵਿੱਚ ਵੀ ਨਹੀਂ ਹੈ ਇਸ ਦੀ ਇੱਕ ਪ੍ਰਤੀ ਪ੍ਰੋ. ਪ੍ਰੀਤਮ ਸਿੰਘ ਜੀ ਲੋਅਰ ਮਾਲ, ਪਟਿਆਲਾ ਵਾਲਿਆਂ ਕੋਲ ਸੁਰੱਖਿਅਤ ਹੈ।

## ਸੰਤ ਵਿਹਾਰ ਵ੍ਰਿੰਦਾਵਨ ਸਿੰਘ ਜੀ

ਸੰਤ ਵਿਹਾਰ ਵ੍ਰਿੰਦਾਵਨ ਸਿੰਘ ਜੀ ਨੇ 'ਗ੍ਰੰਥ ਵਿਹਾਰ ਵ੍ਰਿੰਦਾਵਨ' ਪੰਜ ਸੌ ਪੰਨੇ ਤੋਂ ਉਪਰ ਲਿਖਿਆ ਹੈ, ਜਿਸ ਨੂੰ ਆਪ ਜੀ ਨੇ ਸ੍ਵਯੰ 'ਸ਼ਾਂਤ ਵੇਦ' ਕਿਹਾ ਹੈ। ਇਸ ਦੀ ਸਾਰੀ ਬਾਣੀ, ਗੁਰਬਾਣੀ ਵਿੱਚ ਭਿੱਜੀ ਹੋਈ ਸਾਤ੍ਵਕ ਗੁਣ ਭਰਪੂਰ, ਸੁਰੀਲੀ ਤੇ ਮਧੁਰ ਹੈ। ਸੱਚਮੁੱਚ ਹੀ ਸ਼ਾਂਤੀ ਦੀ ਖਾਣ ਹੈ। ਇਸ ਗ੍ਰੰਥ ਦੇ ਸਤਵੇਂ ਸੰਸਕਰਣ ਦੇ ਪੰਨਾ 454 ਤਕ ਸੰਤ ਵਿਹਾਰ ਵ੍ਰਿੰਦਾਵਨ ਸਿੰਘ ਜੀ ਦੀ ਬਾਣੀ ਸਮਾਪਤਿ ਹੁੰਦੀ ਹੈ। ਅੱਗੇ ਇਤਿਹਾਸਕ ਹਾਲਤ 'ਵਿਹਾਰ ਵ੍ਰਿੰਦਾਵਨ ਨਾਨਕਸ਼ਾਹੀ ਅਖਾੜੇ' ਦੇ ਸ੍ਰੀ ਮਹੰਤ ਸੰਤ ਅਟਲ ਸਿੰਘ ਜੀ ਦੀ ਲੇਖਨੀ ਅੰਕਤ ਹੈ। ਸੰਤ ਅਟਲ ਸਿੰਘ ਜੀ ਨੇ 'ਅਵਧ ਅਖਬਾਰ' (ਮਾਰਚ 1870) ਲਖਨਊ ਦੀ ਖ਼ਬਰ ਵਾਲਾ ਵਿਗਿਆਪਨ ਵੀ ਪ੍ਰਕਾਸ਼ਿਤ ਕੀਤਾ, ਜਿਸ ਵਿੱਚ ਅਖਾੜੇ ਦਾ ਪ੍ਰਯਾਗ ਕੁੰਭ 'ਤੇ ਜਾਣਾ ਅੰਕਤ ਹੈ। ਇਹ ਗ੍ਰੰਥ ਕਵਿਤਾ ਵਿੱਚ ਹੈ, ਕਿਤੇ-ਕਿਤੇ ਵਾਰਤਕ ਵੀ ਲਿਖੀ ਹੈ। ਭਾਸ਼ਾ 'ਤੇ ਉਰਦੂ ਦਾ ਪ੍ਰਭਾਵ ਹੈ। ਸ਼ੈਲੀ ਅਤੇ ਆਰੰਭ ਇਸ ਤਰ੍ਹਾਂ ਹੈ :

> ੧ਓ ਸਤਿਨਾਮੁ ਗੁਰਪ੍ਰਸਾਦਿ ਵਾਹਿਗੁਰੂ। ਅਗੇ ਮੰਗਲ ਹੈ।
> *'ਕਰੋਂ ਬੰਦਨਾ ਦੰਡਵਤ, ਨਾਨਕ ਸ਼ਾਹ ਮਹਿਬੂਬ।*
> *ਦਸੋਂ ਦਿਸੋਂ ਮੈਂ ਰਮਿ ਰਹੇ; ਵਿਆਪਕ ਜਲ ਥਲ ਦੂਬ।*
> *ਵ੍ਰਿੰਦਾਵਨ ਜਹਿ ਪ੍ਰਗਟੇ, ਸਤਿਗੁਰ ਨਾਨਕ ਸ਼ਾਹ।*
> *ਸਹਜੇ ਉਨਕੀ ਬਨ ਗਈ, ਸ਼ਬਦ ਰਹੇ ਲਿਵਲਾਹ।'* (ਪੰਨਾ ੧)

ਇਸ ਗ੍ਰੰਥ ਦੇ ਪੰਜ ਭਾਗ ਹਨ ਅਤੇ ਹਰ ਭਾਗ ਦਾ ਆਰੰਭ ੧ਓ ਸਤਿਗੁਰ ਪ੍ਰਸਾਦਿ। ਨਾਲ ਹੁੰਦਾ ਹੈ। ਅੱਗੇ ਦੋਹਰਾ ਹੈ :

> *'ਵਾਹਿਗੁਰੂ ਜੋ ਚਿੱਤ ਧਰੈਂ, ਸੋ ਨਰ ਬੜੇ ਕੁਲੀਨ।*
> *ਯਾ ਜਗ ਮੈਂ ਨਿਰਭੈ ਰਹੈਂ, ਪਾਵੈਂ ਮੁਕਤਿ ਪ੍ਰਬੀਨ।'* (ਪੰਨਾ ੭)

ਪੰਨਾ 7 ਤੋਂ 13 ਤਕ 'ਵਾਹਿਗੁਰੂ ਨਾਮਾ' ਆਰੰਭ ਹੁੰਦਾ ਹੈ, ਜਿਸ ਦੇ 18 ਛੰਦ ਹਨ। ਸਮਧਿਆ ਪੂਰਤੀ ਇਨ੍ਹਾਂ ਪੰਕਤੀਆਂ ਨਾਲ ਹੁੰਦੀ ਹੈ :

> *'ਸਬ ਕਾਮ ਤਿਆਗ ਜਪ ਨਾਮ ਵਿਸੰਭਰ, ਵਾਹਿਗੁਰੂ ਕਹੁ ਬ੍ਰਿੰਦਾਵਨ।*
> *ਬਸ ਮੁਕਤਿ ਮਿਲੈ ਸੁਖ ਚੈਨ ਬੜੇ, ਅਰੁ ਪਾਕ ਰਹੈ ਸਾਰ ਤਨ ਮਨ।'*

ਗਜ਼ਲ – ਜਿਸ ਦੇ ਆਰੰਭਕ ਸ਼ਬਦ ਹਨ :

> *'ਗੁਰੂ ਤੇਗ ਬਹਾਦਰ ਨੇ ਬਨਾਏ ਹੈਂ ਸਭੀ ਕਾਮ।*
> *ਕਾਟੇਂ ਜਗਤ ਫੰਦ ਲਗਾਇਆ ਹੈ ਗੁਰੂ ਨਾਮ।'*

### ਵਾਰਤਕ ਦਾ ਨਮੂਨਾ

'ਗੁਰੂ ਨਾਨਕ ਸ਼ਾਹ ਕੀ ਬਾਣੀ ਕਾ ਬ੍ਰਿਤਾਂਤ ਕਹੋ ਸੋ ਸੁਨੋ–ਗੁਰੂ ਨਾਨਕ ਸ਼ਾਹ ਫਕੀਰ ਹਿੰਦੂ ਕੇ ਗੁਰੂ ਔਰ ਮੁਸਲਮਾਨ ਕੇ ਪੀਰ। ਧਨਯ! ਧਨਯ!! ਧਨਯ!!! ਕਿਆ ਬਾਣੀ ਹੈ ਸਰਬਤ ਕਾ ਘੂੰਟ ਹੈ! ਪੜਤੇ ਹੀ ਸ਼ਾਂਤ ਪ੍ਰਾਪਤ ਹੋਤੀ ਹੈ। ਤੀਨੋ ਤਾਪੋਂ ਕਾ ਨਾਸ ਕਰਨੇ ਵਾਲੀ ਹੈ। ਔਰ ਬਾਣੀ ਮੇਂ ਕਿਸੀ ਕੀ ਨਿੰਦਾ ਨਹੀਂ ਕੇਵਲ ਮਾਲਿਕ ਕੀ ਓਰ ਅਨੁਰਾਗ ਸੁਰਤ ਸ਼ਬਦ ਦਾ ਮੂਲ

ਔਰ ਗਯਾਨ ਹੈ। ਪਹਿਲੇ ਸੁਖਮਨੀ ਸਾਹਿਬ ਕਾ ਪਾਠ ਕਰੋ ਕਿਆ ਅਨਮੋਲ ਪਦਾਰਥ ਹੈ। ਮਹਾਰਾਜ ਸਤਯ ਹੈ ! ਐਸੀ ਹੀ ਪ੍ਰਸੰਸਾ ਸਾਰੇ ਸੁਨੀ ਹੈ ਔਰ ਮੈਨੇ ਦੇਖਾ ਹੈ ਕਿ ਔਰ ਪੰਥੋਂ ਕੇ ਸਾਧੂ ਬ੍ਰਾਹਮਣ ਉਪਾਸ਼ਕ ਗਿਆਨੀ ਸਬ ਗੁਰੂ ਕੀ ਬਾਣੀ ਕਾ ਪਾਠ ਕਰਤੇ ਹੈਂ।' *(ਪੰਨਾ 260-61)*

**ਸੁਧਰਮ ਮਾਰਗ ਗ੍ਰੰਥ**

ਇਸ ਗ੍ਰੰਥ ਵਿੱਚ ਗੁਰਮਤਿ, ਗੁਰਬਾਣੀ, ਗੁਰਸਿੱਖੀ ਰਹਿਤ ਮਰਿਯਾਦਾ ਬਾਰੇ ਵਿਸਤਾਰ ਪੂਰਵਕ ਵਿਆਖਿਆ ਕੀਤੀ ਗਈ ਹੈ। ਵਾਸਤਵ ਵਿੱਚ ਇਹ ਇਕ ਰਹਿਤਨਾਮਾ ਹੈ। ਇਸ ਗ੍ਰੰਥ ਦੇ ਪੜ੍ਹਨ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇਹ ਕਿਸੇ ਵਿਦਵਾਨ ਨਿਰਮਲੇ ਸੰਤ ਨੇ ਲਿਖਿਆ ਹੈ। ਪ੍ਰਸਿੱਧ ਇਤਿਹਾਸ ਖੋਜੀ ਸ. ਰਣਧੀਰ ਸਿੰਘ ਜੀ ਨੇ ਇਸ ਗ੍ਰੰਥ ਦਾ ਲੇਖਕ ਸੰਤ ਰੂਪ ਸਿੰਘ ਜੀ ਨਿਰਮਲੇ ਨੂੰ ਮੰਨਿਆ ਹੈ। ਇਸ ਵਿੱਚ ਨਿਰਮਲੇ ਸੰਤਾਂ ਦੇ ਭੋਜਨ ਖਾਣ ਦਾ ਢੰਗ ਵਿਸ਼ੇਸ਼ ਰੂਪ ਵਿੱਚ ਵਰਣਨ ਕੀਤਾ ਹੈ। ਇਹ ਗ੍ਰੰਥ 1858 ਈ. ਵਿੱਚ ਲਿਖਿਆ ਗਿਆ ਹੈ। ਇਸ ਗ੍ਰੰਥ ਦੀ ਬੋਲੀ ਪੰਜਾਬੀ ਹੈ, ਜਿਸ 'ਤੇ ਬ੍ਰਿਜ ਭਾਸ਼ਾ ਦਾ ਪ੍ਰਭਾਵ ਹੈ। ਸ਼ੈਲੀ ਦਾ ਨਮੂਨਾ ਇਹ ਹੈ :

> "ਸਿੱਖੀ ਪੰਜ ਤਰ੍ਹਾਂ ਦੀ ਹੈ ਇੱਕ ਧੰਦੇ ਦੀ ਜੋ ਲੋਗ ਨਿਗੁਰਾ ਨ ਕਹੈ ਦੂਸਰੀ ਦੇਖਾ ਦੇਖੀ ਜੋ ਪਦਾਰਥ ਬਹੁਤ ਹੋਣ ਵਾਸਤੇ ਤੀਸਰੀ ਹਿਰਸੀ ਬਹੁਤ ਜੋ ਕਰਨ ਸੋ ਕਰਨਾ......ਪੰਜਵੀਂ ਸਿਦਕ ਦੀ ਭਾਵ ਗੁਰੂ ਪੂਰਨ ਥੀਂ ਪੂਰਣ ਜਪਣਾ ਆਸ ਬਾਣੀ ਭਜਨ ਕਰਨਾ ਰਿਦੇ ਸੁਧ ਰੱਖਣਾ।"
>
> ਪ੍ਰਸ਼ਾਦ ਵੰਡ ਖਾਵੇ, ਸੁਰਮਾ ਦਿਨ ਨ ਪਾਵੇ, ਨੰਗਾ ਰਾਤੀਂ ਨ ਸਵੇਂ ਗੁਰਸਿੱਖਾਂ ਦਾ ਭੋਜਨ ਖਾਵੇ-ਜੂਠਾ ਖਾਣਾ ਨਹੀਂ, ਜਿਉਂ ਸੋਚ ਰਖੇ ਤਿਉਂ ਚੰਗੀ ਹੈ।"

**ਪੰਡਿਤ ਸ਼ੇਰ ਸਿੰਘ ਜੀ ਨੌਰੰਗਾਬਾਦ** ਵਾਲਿਆਂ ਨੇ 'ਸ੍ਰੀ ਬੀਰਮ੍ਰਿਗੇਸ ਗੁਰ ਬਿਲਾਸ ਦੇਵਤਰੂ' ਵੱਡ ਆਕਾਰੀ ਗ੍ਰੰਥ ਲਿਖਿਆ ਹੈ। ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ ਅਤੇ ਬਾਬਾ ਖੁਦਾ ਸਿੰਘ ਜੀ ਆਦਿ ਮਹਾਂਪੁਰਖਾਂ ਦੇ ਜੀਵਨ, ਉਪਕਾਰ ਅੰਕਿਤ ਹਨ ਜੋ ਵਾਰਤਕ ਤੇ ਕਵਿਤਾ ਦਾ ਉੱਤਮ ਨਮੂਨਾ ਹੈ।

ਇਹ ਗ੍ਰੰਥ ਕ੍ਰਾਊਨ ਦੇਵਰਕੀ ਸਾਈਜ਼ ਦੇ ਸ੍ਰੀ ਰਾਮਪੁਰੀ ਕਾਗ਼ਜ਼ ਉੱਤੇ ਗੁਰਮੁਖੀ ਲਿਪੀ ਵਿੱਚ 18 ਪੁਆਇੰਟ ਦੇ ਆਕਾਰ ਵਿੱਚ ਚਾਰ ਵੱਡੀਆਂ ਜਿਲਦਾਂ 2188 ਪੰਨਿਆਂ ਵਿੱਚ ਛਪ ਚੁੱਕਾ ਹੈ।

**ਸੰਤ ਟਹਿਲ ਸਿੰਘ ਜੀ** ਆਪ ਜੀ ਪੰਡਿਤ ਸ਼ੇਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੇ ਸ਼ਿਸ਼ ਸਨ ਅਤੇ ਪ੍ਰਸਿੱਧ ਵਿਦਵਾਨ, ਲੇਖਕ, ਕਵੀ ਸਨ। ਆਪ ਜੀ ਨੇ ਤਿੰਨ ਗ੍ਰੰਥਾਂ ਦੀ ਰਚਨਾ ਕੀਤੀ ਹੈ :

1. ਅਲੰਕਾਰ ਸਾਗਰਸੁਧਾ 2. ਬਾਰਾਂ ਮਾਹ 3. ਕਬਿੱਤ ਸਵੈਯੇ

**ਮਹੰਤ ਦਿਆਲ ਸਿੰਘ ਜੀ ਲਾਹੌਰ ਵਾਲੇ :** ਆਪ ਜੀ ਨੇ ਪੂਰੇ ਨਿਰਮਲ ਭੇਖ ਦਾ ਇਤਿਹਾਸ ਲਿਖ ਕੇ ਮਹਾਨ ਉਪਕਾਰ ਕੀਤਾ ਹੈ। ਇਸ ਗ੍ਰੰਥ ਦੇ ਚਾਰ ਭਾਗ ਹਨ। ਪਹਿਲਾ ਭਾਗ 511 ਪੰਨੇ ਦਾ ਸੰਮਤ 2009 ਬਿ. ਵਿੱਚ, ਦੂਜਾ ਭਾਗ 512 ਪੰਨੇ ਦਾ ਸੰਮਤ 2020 ਬਿ. ਵਿੱਚ,

ਤੀਜਾ ਭਾਗ 555 ਪੰਨੇ ਦਾ ਹੈ। ਚੌਥਾ ਭਾਗ 588 ਪੰਨੇ ਦਾ ਰੀਪਬਲਿਕ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ ਵਿੱਚੋਂ ਸੰਨ 1965 ਵਿੱਚ ਪ੍ਰਕਾਸ਼ਤ ਕੀਤਾ। ਨਿਰਮਲ ਭੇਖ ਉਪਰ ਇੱਕ ਹੋਰ ਖੋਜ ਪੂਰਤ ਗ੍ਰੰਥ 'ਗੁਰੂ ਨਾਨਕ ਦਾ ਨਿਰਮਲ ਪੰਥ' ਕਿਰਪਾ ਰਾਮ ਪ੍ਰੈਸ, ਲਾਹੌਰ ਤੋਂ 1935 ਵਿੱਚ ਛਪਿਆ ਹੈ। 'ਰਿਸ਼ੀਕੇਸ਼ ਭੂਸ਼ਨ' ਪ੍ਰਸਿੱਧ ਵਿਰਕਤ ਸ੍ਰੀਮਾਨ ਸਵਾਮੀ ਹੀਰਾ ਲਾਲ ਜੀ ਦਾ ਜੀਵਨ ਪੰਜਾਬੀ ਭਾਸ਼ਾ ਵਿਚ 1924 ਈ. ਵਿੱਚ ਪ੍ਰਕਾਸ਼ਤ ਕੀਤਾ ਸੀ। ਮਹੰਤ ਦਿਆਲ ਸਿੰਘ ਜੀ ਦੀ ਭੇਖ ਸੰਬੰਧੀ ਸਾਹਿੱਤਕ ਸੇਵਾ ਵਰਣਨ ਯੋਗ ਹੈ। •

**ਸੰਤ ਨਿਹਾਲ ਸਿੰਘ ਜੀ ਕਵੀਂਦਰ** – ਪੰਡਿਤ ਨਿਹਾਲ ਸਿੰਘ ਜੀ ਨਾਮ ਦੇ ਕਈ ਵਿਦਵਾਨ ਸੰਤ ਹੋਏ ਹਨ। ਅਸੀਂ ਪ੍ਰਕਰਣ ਅਨੁਸਾਰ ਸਾਰਿਆਂ ਦਾ ਵਰਣਨ ਕੀਤਾ ਹੈ। ਸੰਤ ਨਿਹਾਲ ਸਿੰਘ ਜੀ ਕਵੀਂਦਰ ਦਾ ਨਿਵਾਸ ਸੋਹਲਾਂ ਵਾਲੇ ਬੁੰਗੇ ਅੰਮ੍ਰਿਤਸਰ ਵਿਚ ਸੀ। ਆਪ ਜੀ ਇਤਿਹਾਸ, ਮਿਥਿਹਾਸ, ਵੇਦਾਂਤ, ਗੁਰਬਾਣੀ, ਛੰਦ ਸਾਸਤ੍ਰ, ਹਿੰਦੀ, ਪੰਜਾਬੀ, ਬ੍ਰਿਜ ਭਾਸ਼ਾ ਅਤੇ ਸੰਸਕ੍ਰਿਤ ਦੇ ਪੰਡਿਤ ਸਨ। ਆਪ ਜੀ ਨੇ 12 ਰਚਨਾਵਾਂ 'ਕਵੀਂਦਰ ਪ੍ਰਕਾਸ਼' ਗ੍ਰੰਥ ਵਿੱਚ ਸੰਗ੍ਰਹਿ ਕੀਤੀਆਂ ਹਨ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :

1. ਕਵੀਂਦਰ ਪ੍ਰਕਾਸ਼, 2. ਸ੍ਰੀ ਵੇਦਾਂਤੀ ਬਾਰਾਂਮਾਹ, 3. ਖੋੜਸ ਤਿਥਾਂ ਵੇਦਾਂਤੀ, 4. ਸ੍ਰੀ ਮਹਾਂਵਾਕ ਪ੍ਰਕਾਸ਼ ਗ੍ਰੰਥ, 5. ਸ੍ਰੀ ਭਵਸਾਗਰ ਸੇਤ, 6. ਸ੍ਰੀ ਦੋਹਰਾ ਭੇਦਾਵਲੀ, 7. ਸਤਵਾਰ ਵੇਦਾਂਤੀ, 8. ਸੁਧਾਸਰੀ ਸ਼ਤਕ ਪਚੀਸਾ, 9. ਸ੍ਰੀ ਮੁਹਰਾਨੀ ਕੀ ਦੋਹਾਵਲੀ, 10. ਸ੍ਰੀ ਵਰਣੀ ਸਵੱਯੇ ਭੇਦਾਵਲੀ, 11. ਸ੍ਰੀ ਕਵੀਂਦਰ ਕਬਿਤਾਵਲੀ, 12. ਨ੍ਰਿਪ ਵਾਕ ਆਦਿਕ ਪ੍ਰਸਿੱਧ ਹਨ।

**ਪੰਡਿਤ ਦੇਵਾ ਸਿੰਘ ਜੀ ਦੇਵਪੁਰਾ** ਧੁਰੰਧਰ ਵਿਦਵਾਨ ਪੰਡਿਤ ਦੇਵਾ ਸਿੰਘ ਜੀ ਦੇ ਵਪੁਰਾ ਆਸ਼ਰਮ ਹਰਿਦਵਾਰ ਵਾਲਿਆਂ ਨੇ 1. ਅਧਿਆਤਮ ਅਨੁਭਵ ਵਿਵੇਕ, 2. ਜਪੁ ਪ੍ਰਦੀਪ, 3. ਸਿਧ ਗੋਸਟ, 4. ਸੁਪਨ ਵਿਚਾਰ, 5. ਫਨਾਹ ਦਾ ਮਕਾਨ, 6. ਮ੍ਰਿਤਯੂ ਚਿੰਨ੍ਹ ਪ੍ਰਦੀਪਕਾ, 7. ਪੈਂਤੀਸ ਅਖਰੀ, 8. ਗੁਰਬਾਣੀ ਦੇ ਕਠਿਨ ਪਦਾਂ ਦੇ ਪਰਿਆਏ ਆਦਿਕ 8 ਗ੍ਰੰਥ ਲਿਖੇ ਹਨ।

**ਕਵੀਰਾਜ ਹਰਿਭਜਨ ਸਿੰਘ ਜੀ** ਸੰਸਕ੍ਰਿਤ, ਬ੍ਰਿਜਭਾਸ਼ਾ, ਸੰਤ ਭਾਸ਼ਾ, ਹਿੰਦੀ, ਪੰਜਾਬੀ ਦੇ ਮਹਾਨ ਵਿਦਵਾਨ ਅਤੇ ਅਦੁੱਤੀ ਕਵੀ ਸਨ। ਬ੍ਰਿਜ ਭਾਸ਼ਾ ਵਿੱਚ ਉੱਚ ਪੱਧਰ ਦੀ ਕਵਿਤਾ ਲਿਖਦੇ ਸਨ। ਆਪ ਜੀ ਨੇ 6 ਗ੍ਰੰਥਾਂ ਦੀ ਰਚਨਾ ਕੀਤੀ ਹੈ :

1. ਅਸਟਾਂਗ ਜੋਗ, 2. ਤਤ੍ਵ ਪ੍ਰਬੋਧ, 3. ਅਦ੍ਵੈਤਾਮ੍ਰਿਤ ਗ੍ਰੰਥ ਭਾਖਾ (ਅਪ੍ਰਕਾਸ਼ਤ), 4. ਜਪੁਜੀ ਕੀ ਸਰਲ ਬੋਧ ਟੀਕਾ, 5. ਸ੍ਰੀ ਗੁਰੂ ਚਰਿਤ੍ਰ ਚੰਦ੍ਰਕਾ (ਅਪ੍ਰਕਾਸ਼ਤ), 6. ਸ੍ਰੀ ਗੁਰੂ ਪ੍ਰਤਾਪ ਸੂਰਜ ਦੇ ਸਮਸਤ ਮੰਗਲ ਸਟੀਕ। ਇਹ ਗ੍ਰੰਥ ਗੁਰਮਤਿ ਪ੍ਰੈਸ ਅੰਮ੍ਰਿਤਸਰ ਵਿਚ ਜੁਲਾਈ 1927 ਨੂੰ ਪ੍ਰਕਾਸ਼ਤ ਹੋਇਆ।

**ਸੰਤ ਗੁਰਦਿਤ ਸਿੰਘ ਜੀ ਆਲੋ ਮੁਹਾਲ ਵਾਲੇ** ਪ੍ਰਸਿੱਧ ਲੇਖਕ, ਅਨੁਵਾਦਕ ਅਤੇ ਵੈਦ ਸਨ। ਨਿਰਮਲ ਭੇਖ ਵਿਚ 'ਨਿਰਮਲ ਪਤ੍ਰ' ਅਖ਼ਬਾਰ ਕੱਢਣ ਵਾਲੇ ਪਹਿਲੇ ਪੱਤਰਕਾਰ ਸਨ। ਆਪ ਜੀ ਨੇ ਕੁਰਾਨ ਦਾ ਪੰਜਾਬੀ ਅਨੁਵਾਦ ਵੀ ਕੀਤਾ, ਜੋ ਗੁਰਮਤਿ ਪ੍ਰੈਸ ਅੰਮ੍ਰਿਤਸਰ ਵਿਚ 1911 ਵਿਚ ਪ੍ਰਕਾਸ਼ਤ ਹੋਇਆ। ਦੋ ਗ੍ਰੰਥ ਆਯੁਰਵੈਦਿਕ ਦੇ ਚਕਿਤਸਾ ਕੋਸ਼ (ਚਾਰ ਭਾਗ) ਅਤੇ ਲੱਲਮਭਾਵ ਚੰਦ੍ਰੋਦਯ ਦਾ ਟੀਕਾ (ਦੋਨੋਂ ਭਾਗ 1888 ਵਿੱਚ ਪ੍ਰਕਾਸ਼ਤ ਕੀਤੇ।)

**ਪੰਡਿਤ ਆਤਮਾ ਸਿੰਘ ਜੀ ਸ਼ਾਹ ਵਾਲਿਆਂ** ਨੇ ਅਭੇਦ ਮੰਡਨ, ਹਰਿਭਜਨਾਵਲੀ, ਸਵਾਮੀ ਦਯਾਨੰਦ ਦਾ ਮੱਤ ਔਰ ਅਦ੍ਵੈਤ ਸਿਧੀ, ਤਿੰਨ ਰਚਨਾਵਾਂ ਕੀਤੀਆਂ।

**ਸੰਤ ਨਿਰੰਕਾਰ ਸਿੰਘ (ਉਰਫ਼ ਕਿਸ਼ਨ ਸਿੰਘ)** ਨੇ 1. ਬਾਵਨ ਅਖਰੀ (ਟੀਕਾ ਕਲਿਆਣ ਮਾਰਗ), 2. ਜਪੁਜੀ ਸਾਹਿਬ ਸਟੀਕ (1951), 3. ਟੀਕਾ ਜੈਤਸਰੀ ਦੀ ਵਾਰ, 4. ਟੀਕਾ ਰਾਇ ਬਲਵੰਡ ਤੇ ਸਤੇ ਡੂਮ ਦੀ ਵਾਰ, 5. ਪਦ ਅਰਥ ਵਿਚਾਰ ਸਾਗਰ ਲਿਖੇ।

**ਸੰਤ ਮੰਗਲ ਸਿੰਘ ਜੀ ਪਟਿਆਲੇ ਵਾਲਿਆਂ** ਨੇ ਜੋਤਿਸ਼ ਦਾ ਵੱਡ-ਆਕਾਰੀ ਗ੍ਰੰਥ 'ਮਹੂਰਤ ਚੰਦ੍ਰਕਾ' 765 ਪੰਨੇ ਦਾ ਲਿਖਿਆ।

*ਨਾਮ ਮੁਹੂਰਤ ਚੰਦ੍ਰਿਕਾ, ਸੁਗਮ ਵਾਰਤਿਕ ਗ੍ਰੰਥ।*
*ਭਾਖਾ ਮੰਗਲ ਸਿੰਘ ਕ੍ਰਿਤ, ਸਾਧ ਨਿਰਮਲੇ ਪੰਥ।*

**ਮਹੰਤ ਬਿਸ਼ਨ ਸਿੰਘ ਜੀ 'ਕ੍ਰੀਟ'** ਮਹਾਨ ਕਵੀ ਅਤੇ ਕਲਮ ਦੇ ਧਨੀ ਸਨ। ਆਪ ਜੀ ਦੀ ਪ੍ਰਤਿਭਾ ਬੁਧੀ ਕਮਾਲ ਦੀ ਸੀ। ਆਪ ਜੀ ਨੇ ਵਾਰਤਕ ਅਤੇ ਕਵਿਤਾ ਵਿਚ 9 ਪੁਸਤਕਾਂ ਲਿਖੀਆਂ ਹਨ:

1. ਦੇਸ ਜਗਾਵਾਂ, 2. ਜੀਵਨ ਫੁਹਾਰ (1949 ਈ.), 3. ਨੂਰੀ ਝਲਕਾਂ (1932), 4. ਜ਼ਿੰਦਗੀ ਦੇ ਮੋੜ (1980), 5. ਬਿਖਰੇ ਮੋਤੀ (1980), 6. ਮਿੱਠਾ ਨਾਨਕ (1982), 7. ਲੰਘਦੇ ਜਾਂਦੇ ਕਾਫ਼ਲੇ, 8. ਨੂਰੀ ਜੀਵਨ (ਜੀਵਨੀ), 9. ਅੰਮ੍ਰਿਤ ਬਚਨ ਤੇ ਸੰਤ ਦਰਸ਼ਨ।

**ਬਾਬਾ ਜਵੰਦ ਸਿੰਘ ਜੀ ਪਿੰਡ ਖੁਬਾਸਪੁਰ ਜ਼ਿਲ੍ਹਾ ਅੰਮ੍ਰਿਤਸਰ ਵਾਲਿਆਂ** ਨੇ 1. ਬ੍ਰਹਮ ਨਿਕਟਾਵਲੀ, 2. ਨਾਮਾਵਲੀ, 3. ਪ੍ਰਿਜਾਯ ਵੈਰਾਗਸ਼ਤਕ, 4. ਨਾਮ ਮੰਜਰੀ - ਚਾਰ ਗ੍ਰੰਥ ਲਿਖੇ ਹਨ।

**ਗਿਆਨੀ ਤੇਜਾ ਸਿੰਘ ਜੀ ਵੈਦਸ਼ਾਸਤ੍ਰੀ** (ਸ਼ਿਸ਼ ਸੰਤ ਹਰਨਾਮ ਸਿੰਘ ਲਾਇਲਪੁਰ ਵਾਲੇ) ਨੇ 1. ਚਾਨਕਾ ਰਾਜਨੀਤੀ, 2. ਜੀਵਨ ਧਨੰਤ੍ਰੀ, 3. ਦਸਮੇਸ਼ ਉਦੇਸ਼, 4. ਇਸਤ੍ਰੀ ਜੀਵਨ, 5. ਰੂਪਦੀਪ ਪਿੰਗਲ ਸਟੀਕ, ਪੰਜ ਗ੍ਰੰਥ ਅੰਕਤ ਕੀਤੇ। ਗਿਆਨੀ ਜੀ ਦਾ ਨਿਵਾਸ ਅੰਮ੍ਰਿਤਸਰ ਵਿਚ ਸੀ।

**ਸੰਤ ਨਿਹਾਲ ਸਿੰਘ ਜੀ** ਵੈਦ ਕਾਸ਼ੀ ਵਾਲੇ (ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ ਦੇ ਸ਼ਿਸ਼) ਵੈਦਯ ਅਤੇ ਆਯੁਰਵੇਦਿਕ ਗ੍ਰੰਥਾਂ ਦੇ ਲੇਖਕ ਸਨ। ਆਪ ਜੀ ਨੇ ਹੇਠ ਲਿਖੇ ਗ੍ਰੰਥ ਲਿਖੇ ਹਨ :

1. ਚਾਰ ਨਾਰ ਕੀ ਚੌਂਕੜੀ, 2. ਚਾਰ ਬਾਲ ਕੀ ਚੌਂਕੜੀ, 3. ਚਾਰ ਮਰਦ ਕੀ ਚੌਂਕੜੀ, 4. ਚਾਰ ਫਕੀਰੋਂ ਕੀ ਚੌਂਕੜੀ, 5. ਨਿਹਾਲ ਸਿੰਘ ਸੰਹਤਾ ਅਪ੍ਰਕਾਸ਼ਤ ਗ੍ਰੰਥ ਵੀ ਆਪ ਜੀ ਨੇ ਲਿਖਿਆ ਹੈ।

**ਸੰਤ ਗਿਆਨੀ ਕਰਤਾਰ ਸਿੰਘ ਜੀ ਵੈਦਰਾਜ** ਪਿੰਡ ਚਬੇਵਾਲ ਜ਼ਿਲ੍ਹਾ ਹੁਸ਼ਿਆਰਪੁਰ ਨੇ 'ਗੁਰਮਤਿ ਸਾਰ ਸੰਗ੍ਰਹਿ' (ਜਿਸ ਵਿੱਚ ਵੱਖ-ਵੱਖ ਲੇਖ ਹਨ) ਪ੍ਰਕਾਸ਼ਤ ਕੀਤਾ ਹੈ।

**ਪੰਡਿਤ ਨਾਨੂ ਸਿੰਘ ਜੀ** ਨੇ ਗੁਰੂ ਗ੍ਰੰਥ ਸਟੀਕ, ਅਧਯਾਤਮ ਰਾਮਾਇਣ, ਇਕਾਦਸ਼ੀ ਮਹਾਤਮ, ਗਿਆਨ ਨਾਟਕ 'ਤੇ ਕੰਮ ਕੀਤਾ ਹੈ।

**ਸ੍ਰੀ ਸੰਤ ਬਖ਼ਸ਼ੀਸ਼ ਸਿੰਘ ਜੀ** ਚੌਂਕ ਬਾਬਾ ਸਾਹਿਬ, ਅੰਮ੍ਰਿਤਸਰ ਨੇ 'ਪ੍ਰਜਾਯ ਸ੍ਰੀ

ਦਸਮ ਗ੍ਰੰਥ' ਲਿਖੇ ਹਨ।

**ਪੰਡਿਤ ਹਰਦੇਵ ਸਿੰਘ ਜੀ** ਰਿਸ਼ੀਕੇਸ਼ ਵਾਲਿਆਂ ਨੇ 'ਨਾਰਾਇਣ ਹਰੀ ਉਪਦੇਸ਼' ਵੱਡ-ਆਕਾਰੀ ਗ੍ਰੰਥ ਲਿਖਿਆ ਹੈ। ਇਸ ਗ੍ਰੰਥ ਵਿਚ ਆਪ ਜੀ ਨੇ ਆਪਣੇ ਪੂਜਯ ਮਹਾਂਪੁਰਖ ਸ੍ਰੀਮਾਨ ਪੰਡਿਤ ਨਾਰਾਇਣ ਸਿੰਘ ਜੀ ਦਾ ਜੀਵਨ ਚਰਿਤ੍ਰ/ਉਪਦੇਸ਼ ਅੰਕਿਤ ਕੀਤੇ ਹਨ। ਇਹ ਗ੍ਰੰਥ ਸ਼ੁਭ ਉਪਦੇਸ਼ਾਂ ਦਾ ਖ਼ਜ਼ਾਨਾ ਅਤੇ ਪਦ/ਪਦਾਰਥਾਂ ਦਾ ਭੰਡਾਰ ਹੈ। ਹਿੰਦੀ ਅਤੇ ਪੰਜਾਬੀ ਵਿੱਚ ਪ੍ਰਕਾਸ਼ਿਤ ਹੋਇਆ ਹੈ।

**ਸੰਤ ਕਰਮ ਸਿੰਘ ਜੀ** ਨੇ 'ਸਦ ਸੁਖ ਪ੍ਰਕਾਸ਼', 'ਸ੍ਰੀ ਗੁਰੂ ਬੰਸ ਚੰਦ੍ਰੋਦੈ', 'ਹਰਿ ਅਦ੍ਰਿਸ਼ਟ' ਤਿੰਨ ਗ੍ਰੰਥ ਲਿਖੇ ਹਨ, ਜੋ ਅਪ੍ਰਕਾਸ਼ਤ ਹਨ।

**ਸ੍ਰੀ ਸੰਤ ਲਾਲ ਸਿੰਘ ਜੀ 'ਨਰੋਤਮ'** ਨੇ ਸ੍ਰੀ ਗੁਰੂ ਭਗਤਮਾਲਾ, ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮਹਿਮਾਪ੍ਰਕਾਸ਼, ਬਾਰਾਮਾਹ, ਸਲੋਕ ਸਹਸਕ੍ਰਿਤੀ ਟੀਕਾ, ਗਿਣਤੀ ਸ਼ਬਦੋਂ ਕੀ, ਪ੍ਰਲੋਕ ਗ੍ਯਾਤੀ, ਸੰਤ ਮਹਾਤਮ, ਬਚਨ ਪ੍ਰਕਾਸ਼, ਬਾਰਾਂਮਾਹ ਤੁਖਾਰੀ ਸਟੀਕ (ਗੁਰਬਖਸ਼ ਪ੍ਰੈਸ, ਲਾਹੌਰ ਤੋਂ 1908 ਈ. ਵਿਚ 10 ਗ੍ਰੰਥ ਪ੍ਰਕਾਸ਼ਿਤ ਕੀਤੇ)।

**ਸੰਤ ਦਲ ਸਿੰਘ ਜੀ** ਨੇ 'ਹਜ਼ਾਰੇ ਦੇ ਸ਼ਬਦ' (ਟੀਕਾ) 1900 ਈ., 'ਗਉੜੀ ਰਾਗ ਸਟੀਕ' 1902 ਈ., 'ਟੀਕਾ ਸੁਖਮਨੀ ਸਾਹਿਬ' 1919 ਈ., 'ਟੀਕਾ ਪੈਂਤੀਸ ਅਖਰੀ' ਸੰਨ 1899 ਈ. 'ਬਾਵਨਅਖਰੀ ਭਾਵਅਰਥ ਪ੍ਰਦਰਸ਼ਨੀ' ਆਦਿ ਗੁਰਬਾਣੀ ਦੇ ਟੀਕੇ ਕੀਤੇ ਹਨ।

ਸੰਤ ਹਰੀ ਸਿੰਘ ਹੋਤੀਮਰਦਾਨ ਨੇ 'ਖ਼ਾਲਸਾ ਸਤੋਤ੍ਰ ਗੁਰਮੰਤ੍ਰ ਮਹਾਤਮ' (ਸੰਨ 1948 ਈ.) ਵਿੱਚ ਲਿਖਿਆ।

ਸੰਤ ਗੁਰਮੁਖ ਸਿੰਘ ਜੀ ਹੋਤੀਮਰਦਾਨ ਨੇ 'ਸ੍ਰੀ ਗੁਰ ਗ੍ਰੰਥਕੋਸ਼' ਸਮੇਤ ਬਾਣੀ ਬਿਓਰਾ ਅਤੇ 'ਸ੍ਰੀ ਗੁਰੂ ਗ੍ਰੰਥ ਬਾਲਬੋਧਨੀ' ਗੁਰਬਾਣੀ ਦੀ ਵਿਆਖਿਆ ਤੇ ਗ੍ਰੰਥ ਲਿਖੇ ਹਨ।

ਸੰਤ ਝੰਡਾ ਸਿੰਘ ਜੀ ਨੇ 'ਪਾਹੁਲ ਕੀ ਮ੍ਰਿਯਾਦਾ ਕਾ ਗ੍ਰੰਥ' ਲਿਖ ਕੇ ਅੰਮ੍ਰਿਤ ਤਿਆਰ ਕਰਨ ਅਤੇ ਛਕਾਉਣ ਦੀ ਵਿਧੀ ਦੀ ਵਿਆਖਿਆ ਕੀਤੀ ਹੈ।

ਸੰਤ ਸੰਗਤ ਸਿੰਘ ਜੀ ਪਿੰਡ ਤੋਲੇਵਾਲ (ਜ਼ਿਲ੍ਹਾ ਸੰਗਰੂਰ) ਵਾਲਿਆਂ ਨੇ ਛੰਦ ਸ਼ਾਸਤ੍ਰ ਦਾ ਅਪੂਰਵ ਗ੍ਰੰਥ 'ਪਿੰਗਲ ਪ੍ਰਸਤਾਰ' ਲਿਖਿਆ, ਜਿਸ ਵਿੱਚ ਛੰਦਾਂ ਦੇ ਪ੍ਰਸਤਾਰ ਬਣਾਉਣ ਦੀ ਵਿਸਤਾਰ ਪੂਰਵਕ ਵਿਆਖਿਆ ਕੀਤੀ ਹੈ। ਪੰਜਾਬੀ ਵਿੱਚ ਇਹ ਗ੍ਰੰਥ ਸ਼ਾਸਤ੍ਰ ਦਾ ਮਹਾਨ ਗ੍ਰੰਥ ਹੈ। ਸੰਤ ਸੰਗਤ ਸਿੰਘ ਜੀ ਦਾ ਦੂਸਰਾ ਗ੍ਰੰਥ 'ਗ੍ਰੰਥ ਮਤ ਸੰਗ੍ਰਹਿ' ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਇਆ।

ਪੰਡਿਤ ਸ਼ਯਾਮ ਸਿੰਘ ਜੀ ਡੇਰਾ ਮੰਗਵਾਲ (ਜ਼ਿਲ੍ਹਾ ਜਿਹਲਮ, ਹੁਣ ਪਾਕਿਸਤਾਨ) ਵਾਲਿਆਂ ਨੇ 'ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ' ਲਿਖੇ ਜੋ 'ਐਂਗਲੋ ਉਰਦੂ ਐਂਡ ਗੁਰਮੁਖੀ ਪ੍ਰੈਸ, ਅੰਮ੍ਰਿਤਸਰ' ਤੋਂ 1906 ਈ. ਵਿੱਚ ਪ੍ਰਕਾਸ਼ਿਤ ਹੋਏ ਸਨ।

ਸੰਤ ਤਾਰਾ ਸਿੰਘ ਜੀ ਲਾਹੌਰ ਵਾਲਿਆਂ ਨੇ 'ਨਿਰਮਲ ਪ੍ਰਭਾਕਰ' ਅਤੇ 'ਮਲੇਛ ਮੱਤ ਖੰਡਨ' ਦੋ ਗ੍ਰੰਥ ਲਿਖੇ। ਗਿਆਨੀ ਬੁਧ ਸਿੰਘ ਜੀ ਨੇ 'ਜਪੁਜੀ ਸਾਹਿਬ ਸਟੀਕ' 1905 ਈ. ਵਿੱਚ ਅੰਮ੍ਰਿਤਸਰ ਤੋਂ ਛਾਪਿਆ। ਸੰਤ ਬੁਧ ਸਿੰਘ ਜੀ ਲਾਹੌਰ ਵਾਲਿਆਂ ਨੇ 'ਸ਼ਿੰਗਾਰਸ਼ਤਕ' ਦਾ ਅਨੁਵਾਦ ਕੀਤਾ ਜੋ ''ਕਾਰੋਨੇਸ਼ਨ ਪ੍ਰਿੰਟਿੰਗ ਵਰਕਸ ਪ੍ਰੈਸ, ਅੰਮ੍ਰਿਤਸਰ''

ਤੋਂ 1921 ਈ. ਵਿੱਚ ਛਪਿਆ।

ਮਹੰਤ ਪ੍ਰਤਾਪ ਸਿੰਘ ਜੀ ਭਿਖੀ-ਖਟੜਾ ਵਾਲਿਆਂ ਨੇ 'ਰੰਗਯਤੀ ਨਿਦਾਨ' ਦਾ ਟੀਕਾ 'ਤ੍ਰਿਕਾਲ ਦਰਪਨ', 'ਯੋਗਨਿਧੀ' (ਗੁਰਮਤਿ ਪ੍ਰੈਸ, ਅੰਮ੍ਰਿਤਸਰ 1928 ਈ.), 'ਕੁਸ਼ਤਾ ਪ੍ਰਬੋਧ', 'ਰਸ ਮੰਜਰੀ' (ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ 1927 ਈ.) ਪੰਜ ਗ੍ਰੰਥ ਲਿਖੇ ਹਨ।

ਸੰਤ ਟਹਿਲ ਸਿੰਘ ਜੀ ਲੰਮੇਜਗੀਰ ਵਾਲਿਆਂ ਨੇ 'ਗੁਰੂਗਿਰਾ ਰਾਗਮਾਲਾ ਮੰਡਲ ਪ੍ਰਬੋਧ' ਗ੍ਰੰਥ ਲਿਖ ਕੇ ਗੁਰਬਖ਼ਸ਼ ਪ੍ਰੈਸ, ਲਾਹੌਰ ਤੋਂ 1903 ਈ. ਵਿਚ ਪ੍ਰਕਾਸ਼ਿਤ ਕੀਤਾ, ਜਿਸ ਵਿੱਚ ਰਾਗਮਾਲਾ ਨੂੰ ਪ੍ਰਮਾਣਾਂ ਦੁਆਰਾ ਗੁਰਬਾਣੀ ਸਿਧ ਕੀਤਾ ਹੈ।

ਸੰਤ ਨਿਹਾਲ ਸਿੰਘ ਜੀ ਗੋਬਿੰਦਮੰਦਰ ਲਾਹੌਰ ਵਾਲਿਆਂ ਨੇ ਤਿੰਨ ਗ੍ਰੰਥ 'ਅਕਾਲ ਨਾਟਕ', 'ਸਿਖੀ ਪ੍ਰਭਾਕਰ', 'ਨਿਰਮਲ ਪ੍ਰਭਾਕਰ' ਲਿਖੇ ਹਨ।

ਆਪ ਮਹਾਨ ਵਿਦਵਾਨ ਸਨ। ਕਵਿਤਾ ਉੱਚ ਪੱਧਰ ਦੀ ਹੈ। ਛੰਦ ਸ਼ਾਸਤ੍ਰ ਦਾ ਆਪ ਨੂੰ ਪੂਰਨ ਗਿਆਨ ਹੈ। ਪੁਰਾਤਨ ਸਿੱਖ ਸੰਗਤਾਂ ਵਿੱਚ ਆਪ ਜੀ ਦੀ ਕਵਿਤਾ ਦਾ ਅਤੀ ਸਤਿਕਾਰ ਸੀ।

## ਸ੍ਰੀਮਾਨ ਪੰਡਿਤ ਗੋਬਿੰਦ ਸਿੰਘ ਜੀ

ਆਪ ਧੁਰੰਧਰ ਵਿਦਵਾਨ ਹੋਏ ਹਨ। ਗੁਰਮਤਿ, ਵੇਦਾਂਤ, ਇਤਿਹਾਸ, ਮਿਥਿਹਾਸ ਅਤੇ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ ਸਨ। ਆਪ ਜੀ ਨੇ ਕਈ ਗ੍ਰੰਥ ਅੰਕਿਤ ਕੀਤੇ ਹਨ, ਜੋ ਹੇਠ ਲਿਖੇ ਅਨੁਸਾਰ ਹਨ :

### 1. ਨਯਾਯ ਮੁਕਤਾਵਲੀ

ਆਪ ਜੀ ਨੇ ਇਸ ਪੁਸਤਕ ਦਾ ਹਿੰਦੀ ਟੀਕਾ ਲਿਖ ਕੇ ਥੋੜ੍ਹੀ ਸੰਸਕ੍ਰਿਤ ਪੜ੍ਹੇ ਜਾਂ ਕੇਵਲ ਹਿੰਦੀ ਪੜ੍ਹੇ ਵਿਅਕਤੀਆਂ ਉੱਤੇ ਉਪਕਾਰ ਕੀਤਾ ਹੈ। ਆਪ ਲਿਖਣ ਸਮੇਂ ਆਪਣੀ ਬੁੱਧੀ ਦੀ ਕਸਵੱਟੀ ਨਾਲ ਪਰਖ-ਪੜਚੋਲ ਕਰਕੇ ਲਿਖਦੇ ਸਨ, ਮੱਖੀ ਤੇ ਮੱਖੀ ਨਹੀਂ ਸਨ ਮਾਰਦੇ। ਇਸ ਵਾਸਤੇ 'ਨਯਾਯ ਮੁਕਤਾਵਲੀ' ਦੀ ਭੂਮਿਕਾ ਵਿੱਚ ਸਵਾਮੀ ਸ਼ੰਕਰਾਚਾਰਯ 'ਤੇ ਤਿੱਖੀ ਆਲੋਚਨਾ ਕੀਤੀ ਹੈ। ਭਗਵਾਨ ਸ਼ੰਕਰ ਨੇ ਦੂਸਰੇ ਪੰਜ ਸ਼ਾਸਤ੍ਰਾਂ (ਨਯਾਯ, ਵੈਸ਼ੇਸ਼ਿਕ, ਸਾਂਖਯ, ਯੋਗ, ਪੂਰਵ ਮੀਮਾਂਸਾ) ਨੂੰ ਅਵੈਦਿਕ ਸਿੱਧ ਕਰਨ ਦਾ ਯਤਨ ਕੀਤਾ ਹੈ, ਵੇਦ ਵਿਰੋਧੀ ਦੱਸਿਆ ਹੈ। ਸ਼ਾਸਤ੍ਰਾਂ ਦੇ ਲੇਖਕ ਰਿਸ਼ੀਆਂ ਉਪਰ ਹਾਸਭਰੀ ਤਰਕ ਕੀਤੀ ਹੈ।

ਆਪ ਜੀ ਨੇ ਦ੍ਰਿੜ੍ਹਤਾ ਨਾਲ ਸ਼ੰਕਰ ਦਾ ਖੰਡਨ ਕੀਤਾ ਹੈ। ਦੱਸਿਆ ਹੈ ਕਿ ਪਹਿਲੇ ਕਿਸੇ ਵੀ ਦਰਸ਼ਨ ਲੇਖਕ ਨੇ ਦੂਸਰੇ ਦਰਸ਼ਨਕਾਰ ਦਾ ਖੰਡਨ ਨਹੀਂ ਕੀਤਾ ਸੀ ਬਲਕਿ ਪਰਸਪਰ ਪੂਰਤੀ ਕਰਦੇ ਰਹੇ ਹਨ। ਸਾਂਖਯ ਸ਼ਾਸਤ੍ਰ ਦੇ ਲੇਖਕ ਕਪਲ ਜੀ ਨੇ 'ਤਤ੍ਵ ਸੰਖਯਾਨ' ਨੂੰ ਮੋਕਸ਼ ਦਾ ਮਾਰਗ ਮੰਨਿਆ ਹੈ। 'ਯੋਗ ਸ਼ਾਸਤ੍ਰ' ਚਿੱਤ ਸ਼ੁੱਧੀ ਦੁਆਰਾ ਗਿਆਨ ਦਾ ਸਹਾਇਕ ਹੈ। 'ਮੀਮਾਂਸਾ ਸ਼ਾਸਤ੍ਰ' ਨਿਸ਼ਕਾਮ ਕਰਮ ਅਤੇ ਚਿੱਤ ਦੀ ਸ਼ੁੱਧੀ ਦਵਾਰਾ ਗਿਆਨ ਦਾ ਸਹਾਇਕ ਹੈ। ਛੇ ਸ਼ਾਸਤ੍ਰਕਾਰ ਪਰਸਪਰ ਸਮਰਥਕ ਹਨ, ਵਿਰੋਧੀ ਨਹੀਂ। ਸਭ ਤੋਂ ਪਹਿਲਾਂ ਵਿਗਿਆਨ ਭਿਖਸ਼ੂ ਨੇ ਵੇਦਾਂਤ ਦਾ ਖੰਡਨ ਕੀਤਾ ਹੈ। ਇਸ ਤੋਂ ਮਗਰੋਂ ਸ਼ੰਕਰ ਨੇ ਪੰਜਾਂ ਸ਼ਾਸਤ੍ਰਾਂ ਦਾ (ਵੇਦਾਂਤ ਛੱਡ ਕੇ) ਖੰਡਨ ਕਰਕੇ ਸਭ ਨੂੰ ਅਵੈਦਿਕ ਆਖ ਕੇ ਭੰਡਿਆ ਹੈ। ਦੂਜੇ ਪੰਜੇ ਸ਼ਾਸਤ੍ਰ (ਨਯਾਯ,

ਵੈਸ਼ੇਸ਼ਿਕ, ਸਾਂਖਯ, ਯੋਗ, ਪੂਰਵ ਮੀਮਾਂਸਾ) ਜੀਵ ਨੂੰ ਨਾਨਾ ਮੰਨਦੇ ਹਨ। ਇਸ ਦੇ ਵਿਪ੍ਰੀਤ ਸ਼ੰਕਰ ਨੇ ਇੱਕ ਮੰਨਿਆ ਹੈ। ਪੰਡਿਤ ਗੋਬਿੰਦ ਸਿੰਘ ਜੀ ਨੇ ਛੇ ਸ਼ਾਸਤ੍ਰਾਂ ਦਾ ਦੀਰਘ-ਦ੍ਰਿਸ਼ਟੀ ਨਾਲ ਅਧਿਐਨ ਕਰਕੇ ਆਪਣਾ ਮੱਤ ਦੱਸਿਆ ਕਿ 'ਬ੍ਰਹਮ ਸੂਤ੍ਰ' ਵਿੱਚ ਵਿਆਸ ਜੀ ਨੇ ਕਿਤੇ ਵੀ ਸਪਸ਼ਟ 'ਏਕਾਤਮਵਾਦ' ਦਾ ਜ਼ਿਕਰ ਨਹੀਂ ਕੀਤਾ। ਇਹ ਕੇਵਲ ਸ਼ੰਕਰ ਦੇ ਦਿਮਾਗ ਦੀ ਦੇਣ ਹੈ। ਆਪ ਜੀ ਨੇ ਸ਼ੰਕਰ ਦੇ ਸਿਧਾਂਤ ਵਿਰੁੱਧ ਪ੍ਰਮਾਣ ਦੇ ਕੇ 'ਏਕਾਤਮਵਾਦ' ਦਾ ਖੰਡਨ ਕੀਤਾ ਹੈ। ਆਪ ਜੀ ਦੀਆਂ ਪ੍ਰਬਲ ਦਲੀਲਾਂ ਅੱਗੇ ਸ਼ੰਕਰ ਦਾ 'ਏਕਾਤਮਵਾਦ' ਅਸਥਿਰ ਹੈ। ਨਯਾਯ ਮੁਕਤਾਵਲੀ ਦਾ ਟੀਕਾ ਸੰਨ 1831 ਈ. ਵਿੱਚ ਪ੍ਰਕਾਸ਼ਿਤ ਹੋਇਆ ਸੀ।

## 2. ਵੇਦਾਂਤ ਪਰਿਭਾਸ਼ਾ

ਵੇਦਾਂਤ ਪਰਿਭਾਸ਼ਾ ਦੇ ਟੀਕੇ ਦਾ ਏਹੀ ਉਦੇਸ਼ ਹੈ ਕਿ ਆਰੰਭਕ ਵਿਦਿਆ ਦੇ ਵਿਦਿਆਰਥੀ ਵੇਦਾਂਤ ਦੀ ਪਰਿਭਾਸ਼ਾ ਤੋਂ ਜਾਣੂ ਹੋ ਜਾਣ ਅਤੇ ਸੁਗਮਤਾ ਨਾਲ ਅਧਿਐਨ ਕਰ ਸਕਣ। ਉਪਰ ਲਿਖ ਆਏ ਹਾਂ ਕਿ ਆਪ ਜੀ ਨੇ 'ਨਯਾਯ ਮੁਕਤਾਵਲੀ' ਵਿੱਚ ਸਵਾਮੀ ਸ਼ੰਕਰਾਚਾਰਯ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ ਹੈ। ਇਸੀ ਤਰ੍ਹਾਂ ਵੇਦਾਂਤ ਪਰਿਭਾਸ਼ਾ ਵਿੱਚ ਛੇ ਸ਼ਾਸਤ੍ਰਾਂ ਦੇ ਕਰਤਾ ਰਿਸ਼ੀਆਂ ਅਤੇ ਭਾਸ਼ਕਾਰ ਆਚਾਰਯਾਂ ਦਾ ਨਿਰਭੈ ਹੋ ਕੇ ਬਾ-ਦਲੀਲ ਖੰਡਨ ਕੀਤਾ ਹੈ। ਆਪ ਜੀ ਨੇ ਲਿਖਿਆ ਹੈ ਕਿ ਜਦ 'ਸਤਯ' ਇੱਕ ਹੈ, ਫਿਰ ਉਸ ਦੇ ਭਿੰਨ-ਭਿੰਨ ਰਸਤੇ ਦਸਣੇ ਠੀਕ ਨਹੀਂ ਹਨ।

ਅੱਗੇ ਲਿਖਿਆ ਹੈ ਕਿ ਇਕ ਉਹ ਦਰਸ਼ਨਕਾਰ ਹਨ ਜੋ 'ਸ਼ਬਦ ਪ੍ਰਮਾਣ' ਨੂੰ 'ਧੁਰਵਾ' ਨਹੀਂ ਮੰਨਦੇ, ਜਿਵੇਂ 'ਚਾਰਵਾਕ', ਬੋਧ, ਜੈਨ ਵਿਚਾਰਾਂ ਵਾਲੇ ਹਨ।

ਦੂਸਰੇ 'ਸ਼ਬਦ ਪ੍ਰਮਾਣ' ਨੂੰ ਆਧਾਰ ਮੰਨਣ ਵਾਲੇ ਨਯਾਯ ਦੇ ਲੇਖਕ ਗੋਤਮ ਰਿਸ਼ੀ, ਵੈਸ਼ੇਸ਼ਿਕ ਸ਼ਾਸਤ੍ਰ ਦੇ ਕਰਤਾ ਰਿਸ਼ੀ ਕਣਾਦ, ਸਾਂਖਯ ਸ਼ਾਸਤ੍ਰ ਦੇ ਕਰਤਾ ਰਿਸ਼ੀ ਕਪਲ, ਯੋਗ ਸ਼ਾਸਤ੍ਰ ਦੇ ਕਰਤਾ ਪਤੰਜਲੀ, ਪੂਰਵ ਮੀਮਾਂਸਾ ਦੇ ਲੇਖਕ ਜੈਮਿਨੀ ਅਤੇ ਉੱਤਰ ਮੀਮਾਂਸਾ ਦੇ ਲੇਖਕ ਬਦਰਾਇਣ ਰਿਸ਼ੀ ਹਨ। ਸ਼ਬਦ ਪ੍ਰਮਾਣਾਂ ਨੂੰ ਮੰਨਣ ਵਾਲੇ ਰਿਸ਼ੀਆਂ ਵਿਚ ਵੀ ਵਿਚਾਰਾਂ ਦੀ ਸਾਂਝ ਨਹੀਂ ਹੈ।

ਅੱਗੇ ਭਾਸ਼ਕਾਰ ਆਚਾਰਯ ਵੀ ਭਿੰਨਤਾ ਰੱਖਦੇ ਹਨ। ਜਿਵੇਂ ਬਦਰਾਇਣ ਰਿਸ਼ੀ ਦੇ 'ਬ੍ਰਹਮ ਸੂਤ੍ਰ' ਉਪਰ ਸ਼ੰਕਰਾਚਾਰਯ ਦਾ 'ਅਦ੍ਵੈਤਵਾਦ', ਰਾਮਾਨੁਜਾਚਾਰਯ ਦਾ 'ਵਿਸ਼ਸਟਾਦ੍ਵੈਤਵਾਦ'। ਮਧਵ ਦਾ 'ਦ੍ਵੈਤਵਾਦ', ਨਿੰਬਾਰਕਾਚਾਰਯ ਦਾ 'ਦ੍ਵੈਤਾਦ੍ਵੈਤਵਾਦ', ਬਲਭਾਚਾਰਯ ਦਾ 'ਸ਼ੁੱਧ ਦ੍ਵੈਤਵਾਦ' ਪ੍ਰਸਿੱਧ ਹਨ। ਪੰਡਿਤ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ ਇਹ ਸਾਰੇ ਰਿਸ਼ੀ ਅਤੇ ਆਚਾਰਯ ਇਕ ਮਤ ਕਹਿੰਦੇ ਹਨ ਕਿ ਭ੍ਰਾਂਤੀ ਖ਼ਤਮ ਕਰਨ ਵਾਸਤੇ ਇਹ ਸ਼ਾਸਤ੍ਰ ਰਚੇ ਹਨ। ਵਾਸਤਵ ਵਿੱਚ ਸਾਰੇ ਰਿਸ਼ੀ ਅਤੇ ਆਚਾਰਯ ਭ੍ਰਾਂਤੀ ਪਾ ਰਹੇ ਹਨ। ਕਿਸ ਰਿਸ਼ੀ/ਆਚਾਰਯ ਦੇ ਸ਼ਾਸਤ੍ਰ ਨੂੰ ਸ਼ਬਦ ਪ੍ਰਮਾਣ ਮੰਨਿਆ ਜਾਵੇ?

ਪੰਡਿਤ ਗੋਬਿੰਦ ਸਿੰਘ ਜੀ ਨੇ ਇੱਕ ਪ੍ਰਮਾਣ ਦਿੱਤਾ ਹੈ ਕਿ ਇਕ ਬਾਲਕ ਜੰਗਲ ਵਿੱਚ ਰਸਤਾ ਭੁੱਲ ਗਿਆ ਹੋਵੇ, ਉਥੇ ਦਸ ਵਿਅਕਤੀ ਆ ਕੇ ਉਸ ਨੂੰ ਦਸ ਹੀ ਦਿਸ਼ਾਵਾਂ ਵੱਲ ਘਰ/ਪਿੰਡ ਦਾ ਰਸਤਾ ਦੱਸਣ ਤਾਂ ਉਹ ਬਾਲਕ ਸੋਚੇਗਾ ਕਿ ਇਹ ਵਿਅਕਤੀ ਜਾਂ ਬੁੱਧੀਹੀਨ ਹਨ ਜਾਂ ਠੱਗ ਹਨ, ਕਿਉਂਕਿ ਘਰ ਦਾ ਰਸਤਾ ਤਾਂ ਇਕੋ ਦਿਸ਼ਾ ਵੱਲ ਹੋ ਸਕਦਾ ਹੈ। ਦਸਾਂ ਦਿਸ਼ਾਵਾਂ ਵੱਲ ਤਾਂ

ਹੋ ਨਹੀਂ ਸਕਦਾ। ਇਹ ਸਥਿਤੀ ਸ਼ਾਸਤ੍ਰਕਾਰ ਰਿਸ਼ੀਆਂ ਅਤੇ ਸ਼ਾਸਤ੍ਰਾਂ ਦੇ ਭਾਸ਼ਕਾਰ ਆਚਾਰਯਾਂ ਦੀ ਹੈ। ਆਪ ਜੀ ਨੇ ਕਟਾਖਸ਼ਯ ਕੱਸਦੇ ਹੋਏ ਫ਼ੁਰਮਾਇਆ ਹੈ, ''ਸ਼ਤ ਸੁਬੋਧ ਕੀ ਏਕ ਮਤਿ ਔਰ ਮੂਰਖ ਆਪੋ ਅਪਨੀ'' । ਸੈਂਕੜੇ ਬੁੱਧੀਮਾਨਾਂ ਦਾ ਇਕ ਹੀ ਵਿਚਾਰ ਹੁੰਦਾ ਹੈ। ਮੂਰਖਾਂ ਦਾ ਇਕ ਹੀ ਵਿਸ਼ੇ 'ਤੇ ਭਿੰਨ-ਭਿੰਨ ਨਿਰਣੈ ਹੁੰਦਾ ਹੈ। ''ਸੋ ਵਿਚਾਰਸ਼ੀਲ ਪੁਰਸ਼ ਵਿਚਾਰ ਕਰਨ ਕਿ ਸਾਡੇ ਸੰਪ੍ਰਦਾਇ ਪ੍ਰਵਰਤਕ ਆਚਾਰਯ ਲੋਗੋਂ ਕੀ ਕਿਸ ਕੋਟੀ ਮੇਂ ਗਣਨਾ ਹੋਨੀ ਚਾਹੀਦੇ।''

ਇਸ ਤਰ੍ਹਾਂ ਆਪ ਜੀ ਨੇ 'ਵੇਦਾਂਤ ਪਰਿਭਾਸ਼ਾ' ਦੀ ਟੀਕਾ ਵਿੱਚ ਨਿਰਭੈ 'ਸਿੰਘ ਨਾਦ' ਆਵਾਜ਼ ਵਿੱਚ ਆਪਣੇ ਵਿਚਾਰਾਂ ਨੂੰ ਪ੍ਰਗਟ ਕੀਤਾ ਹੈ। ਫਿਰ ਵੀ ਆਪ ਜੀ ਨੇ ਪ੍ਰਸਤਾਵਨਾ ਦੇ ਅੰਤ ਵਿੱਚ ਸਵਾਮੀ ਸ਼ੰਕਰਾਚਾਰਯ ਜੀ ਦੀ ਬਹੁਤ ਪ੍ਰਸ਼ੰਸਾ ਕੀਤੀ ਹੈ। ਅਨਯ ਆਚਾਰਯਾਂ ਦੇ ਮੁਕਾਬਲੇ ਵਿੱਚ ਸ਼ੰਕਰ ਅਤੇ ਉਸਦੀ ਸ਼ਿਸ਼ ਮੰਡਲੀ ਨੂੰ ਮਹਾਨ ਦੱਸਿਆ ਹੈ।

ਵੇਦਾਂਤ ਪਰਿਭਾਸ਼ਾ ਦਾ ਟੀਕਾ ਸੰਮਤ 1979 ਬਿ. ਵਿੱਚ ''ਲਕਸ਼ਮੀ ਵੈਂਕਟੇਸ਼੍ਰ ਪ੍ਰੈਸ ਕਲਿਆਣ ਬੰਬਈ'' ਤੋਂ ਪ੍ਰਕਾਸ਼ਿਤ ਹੋਇਆ ਹੈ।

3. ਇਤਿਹਾਸ ਗੁਰੂ ਖ਼ਾਲਸਾ

ਇਹ ਗ੍ਰੰਥ ਰਤਨ ਅਤਿਅੰਤ ਖੋਜ ਨਾਲ ਲਿਖਿਆ ਹੈ। ਇਸ ਗ੍ਰੰਥ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਆਪ ਜੀ ਨੇ ਭਾਰਤ ਦੇ ਇਤਿਹਾਸ, ਮਿਥਿਹਾਸ ਦਾ ਕਿੰਨੀ ਦੀਰਘ-ਦ੍ਰਿਸ਼ਟੀ ਨਾਲ ਅਧਿਐਨ ਕੀਤਾ ਸੀ। ਮਿਥਿਹਾਸ ਨੂੰ ਇਤਿਹਾਸ ਤੋਂ ਵੱਖ ਕਰਨ ਦੀ ਮਹਾਨ ਬੁੱਧੀ ਰੱਖਦੇ ਸਨ। ਇਤਿਹਾਸ 'ਗੁਰੂ ਖਾਲਸਾ' ਤੋਂ ਇਹ ਵੀ ਪਤਾ ਲੱਗਦਾ ਹੈ ਕਿ ਆਪ ਜੀ ਨੇ ਪ੍ਰਾਚੀਨ ਮੁਸਲਮਾਨ ਇਤਿਹਾਸਕਾਰਾਂ ਦੀਆਂ ਫ਼ਾਰਸੀ/ਉਰਦੂ ਤਾਰੀਖ਼ਾਂ ਦਾ ਬਾਰੀਕੀ ਨਾਲ ਅਧਿਐਨ ਕੀਤਾ ਸੀ। ਗੁਰੂ ਘਰ ਵਿੱਚ ਆਪ ਜੀ ਦੀ ਅਗਾਧ ਸ਼ਰਧਾ ਸੀ। ਇਸ ਗੱਲ ਦਾ ਪਤਾ 'ਨਯਾਯ ਮੁਕਤਾਵਲੀ' ਸਟੀਕ ਅਤੇ 'ਵੇਦਾਂਤ ਪਰਿਭਾਸ਼ਾ' ਸਟੀਕ ਤੋਂ ਲੱਗਦਾ ਹੈ। ਦੋਨਾਂ ਟੀਕਿਆਂ ਵਿੱਚ ਆਪ ਹਰ ਪ੍ਰਕਰਣ ਦੇ ਆਰੰਭ ਵਿਚ ਸੰਸਕ੍ਰਿਤ ਸ਼ਲੋਕਾਂ ਵਿੱਚ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਮੰਗਲ ਕਰਦੇ ਹਨ।

4. ਵੈਰਾਗ ਸ਼ਤਕ ਉਪਰ ਵੀ ਟਿੱਪਣੀ ਕੀਤੀ ਹੈ।

5. ਉਦਯੋਗ ਤਥਾ ਪ੍ਰਾਰਬਧ ਮੌਲਿਕ ਗ੍ਰੰਥ ਲਿਖਿਆ ਹੈ।

ਸ੍ਰੀਮਾਨ ਪੰਡਿਤ ਸੱਦਾ ਸਿੰਘ ਜੀ ਚੇਤਨਮਠ ਕਾਸ਼ੀ ਵਾਲਿਆਂ ਨੇ 1767 ਈ. ਵਿਚ 'ਅਦ੍ਵੈਤਸਿੱਧੀ' ਦੀ 'ਸੁਗਮਸਾਰ ਚੰਦ੍ਰਕਾ' ਟੀਕਾ ਕੀਤੀ ਹੈ, ਜੋ ਵੇਦਾਂਤ ਦਾ ਅਪੂਰਵ ਗ੍ਰੰਥ ਹੈ।

ਸ੍ਰੀਮਾਨ ਪੰਡਿਤ ਨਿਹਾਲ ਸਿੰਘ ਜੀ ਨੇ 1795 ਈ. ਵਿਚ ਜਪੁਜੀ ਦਾ 'ਜਪੁ ਗੂਢਾਰਥ ਦੀਪਕਾ' ਸੰਸਕ੍ਰਿਤ ਟੀਕਾ ਕੀਤਾ, ਜਿਸ ਵਿੱਚ ਗੁਰਬਾਣੀ ਦੇ ਸਿਧਾਂਤ ਨੂੰ ਸਪਸ਼ਟ ਕਰਨ ਅਤੇ ਵੇਦਾਂ, ਉਪਨਿਸ਼ਦਾਂ, ਸ਼ਾਸਤ੍ਰਾਂ ਦੇ ਪ੍ਰਮਾਣ/ਦ੍ਰਿਸ਼ਟਾਂਤ ਦੇ ਕੇ ਗੁਰਬਾਣੀ ਨੂੰ ਸਰਵ ਸ੍ਰੇਸ਼ਟ ਮੋਕਸ਼ ਦਾਇਨੀ ਸਿੱਧ ਕੀਤਾ ਹੈ।

ਵਿਦਿਆ ਦਿਵਾਕਰ ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ ਨਯਾਯਕ ਨੇ ਦੋ ਗ੍ਰੰਥ ਲਿਖੇ ਹਨ - ਆਸ਼੍ਰਮ ਧਰਮ ਰਹਸਯ ਅਤੇ ਅਭਾਵ ਰਹਸਯ। (ਅਭਾਵ ਰਹਸਯ ਵਿਚ ਵਿਚਾਰ ਸਾਗਰ ਦੇ ਲੇਖਕ ਸਵਾਮੀ ਨਿਸ਼ਚਲਦਾਸ ਦੇ ਭੁਲੇਖਿਆਂ ਦਾ ਖੰਡਨ ਕੀਤਾ ਹੈ।)

ਪੰਡਿਤ ਮੰਗਲ ਸਿੰਘ ਜੀ ਕਾਸ਼ੀ ਵਾਲਿਆਂ ਨੇ ਵੀ ਨਯਾਯ ਉਪਰ 'ਅਭਾਵ ਰਹਸਯ' ਨਾਮੀ ਗ੍ਰੰਥ ਲਿਖਿਆ ਹੈ।

ਪੰਜਾਬ ਤੋਂ ਬਾਹਰ ਗੁਰਮਤਿ ਦੀ ਵਿਸ਼ੇਸ਼ਤਾ ਦੱਸਣ ਵਾਸਤੇ ਪੰਡਿਤ ਕੌਰ ਸਿੰਘ ਜੀ ਨੇ 'ਗੁਰੂ ਕੌਮ ਦੀ' ਸੰਸਕ੍ਰਿਤ ਗ੍ਰੰਥ ਲਿਖਿਆ।

ਪੰਡਿਤ ਬਾਬਾ ਪ੍ਰੇਮ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਨੇ 'ਸ੍ਰੀ ਵਾਹਿਗੁਰੂ ਮੰਤ੍ਰ ਸਤੋਤ੍ਰਮ' ਅਤੇ 'ਗੁਰੂ ਸਤੋਤ੍ ਤ੍ਰਯਮ' ਸੰਸਕ੍ਰਿਤ ਵਿੱਚ ਦੋ ਲਘੂ ਗ੍ਰੰਥ ਅੰਕਿਤ ਕੀਤੇ ਹਨ।

ਪੰਡਿਤ ਤਾਰਾ ਸਿੰਘ ਜੀ ਤਰਨਤਾਰਨ ਵਾਲਿਆਂ ਨੇ ਸੰਸਕ੍ਰਿਤ ਵਿੱਚ 'ਮੁਮਖਸ਼ੂ ਬੋਧਨ ਪ੍ਰਕਾਸ਼' ਵੇਦਾਂਤ ਦਾ ਅਦਭੁਤ ਗ੍ਰੰਥ ਲਿਖਿਆ ਹੈ।

ਸ੍ਰੀ ਪੰਡਿਤ ਹਰੀ ਸਿੰਘ ਜੀ ਵਿਰਕਤ ਪੰਜਾਬ ਸਿੰਧ ਛੇਤਰ ਰਿਸ਼ੀਕੇਸ਼ ਵਾਲਿਆਂ ਨੇ ਹਿੰਦੀ ਵਿਚ 'ਅਦ੍ਵੈਤਾਨੁਭਵ ਪ੍ਰਕਾਸ਼' ਅੰਕਿਤ ਕੀਤਾ ਹੈ।

ਸ੍ਰੀ ਪੰਡਿਤ ਗਿਆਨ ਸਿੰਘ ਜੀ ਨੇ 'ਰਿਸ਼ੀ ਨਿਰਮਲ ਗਯਾਨ' ਅਤੇ 'ਗੁਰੂ ਨਾਨਕ ਨਿਰਮਲ ਪੱਧਤੀ' ਦੋ ਗ੍ਰੰਥ ਲਿਖੇ ਹਨ।

ਸੰਤ ਮੱਖਨ ਸਿੰਘ ਜੀ ਸ਼ਾਹਪੁਰ ਨੇ 'ਨਾਨਕ ਪ੍ਰਕਾਸ਼' ਦਾ ਹਿੰਦੀ ਅਨੁਵਾਦ ਲਿਖ ਕੇ ਪ੍ਰਕਾਸ਼ਿਤ ਕੀਤਾ ਹੈ।

ਸ੍ਰੀਮਾਨ ਪੰਡਿਤ ਬੁਧ ਸਿੰਘ ਜੀ ਨੇ 'ਨਯਾਯ ਦਰਸ਼ਨ' ਦੇ ਗ੍ਰੰਥ 'ਤਰਕ ਸੰਗ੍ਰਹਿ' ਦਾ ਸੰਸਕ੍ਰਿਤ ਵਿਚ 'ਪਦ ਕ੍ਰਿਤਯ' ਕੀਤਾ ਹੈ। ਇਹ ਟੀਕਾ ਸੰਸਕ੍ਰਿਤ ਦੇ ਵਿਦਵਾਨਾਂ ਵਿਚ ਸਰਵ ਪ੍ਰਿਯ ਹੈ, ਜੋ ਪੰਡਿਤ ਚੰਦ੍ਰਜ ਸਿੰਘ ਦੇ ਟੀਕੇ ਦੇ ਨਾਮ ਨਾਲ ਵਿਖਿਆਤ ਹੈ।[1] ਦੂਸਰਾ ਗ੍ਰੰਥ 'ਪ੍ਰਸਤਾਰ ਪ੍ਰਭਾਕਰ' ਲਿਖਿਆ ਹੈ।

**ਪੰਡਿਤ ਅਰਜਨ ਸਿੰਘ ਜੀ 'ਮੁਨੀ'** ਪੰਡਿਤ ਅਰਜਨ ਸਿੰਘ ਜੀ 'ਮੁਨੀ' ਸ਼ਾਸਤ੍ਰੀ, ਵਿਆਕਰਣਾਚਾਰਯ (ਪ੍ਰੇਮ ਸਦਨ ਨਿਰਮਲ ਛਾਉਣੀ ਹਰਿਦਵਾਰ) ਨੇ ਹਿੰਦੀ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਆਰੰਭ ਕੀਤਾ ਸੀ, ਉਸ ਦੇ ਦੋ ਭਾਗ ਪ੍ਰਕਾਸ਼ਿਤ ਹੋ ਕੇ ਪਾਠਕਾਂ ਦੇ ਕਰ ਕਮਲਾਂ ਵਿੱਚ ਪੁੱਜ ਚੁੱਕੇ ਹਨ। ਮੁਨੀ ਜੀ ਦੇ ਯੁਵਾ ਅਵਸਥਾ ਵਿੱਚ ਬੈਕੁੰਠ ਗਮਨ ਕਰ ਜਾਣ ਦੇ ਕਾਰਨ ਇਹ ਟੀਕਾ ਸੰਪੂਰਨ ਨਾ ਹੋ ਸਕਿਆ, ਵਰਨਾ ਇਹ ਟੀਕਾ ਗਿਆਨ ਵਿਚ ਵਾਧਾ ਕਰਨ ਵਾਲਾ ਸੀ। ਇਸ ਟੀਕੇ ਵਿਚ ਗੁਰਬਾਣੀ ਦੀ ਵਿਆਖਿਆ ਕਰਦਿਆਂ ਨਵੇਂ-ਨਵੇਂ ਰਹੱਸਯ ਪ੍ਰਗਟ ਕੀਤੇ ਸਨ।

ਇਹ ਸ਼ੰਕਾ ਆਮ ਚੱਲਦੀ ਰਹਿੰਦੀ ਹੈ ਕਿ ਪਾਠ 'ਇਕ ਓਅੰਕਾਰ' ਹੈ ਜਾਂ 'ਅਉਮ' ਹੈ। ਮੁਨੀ ਜੀ ਨੇ ਇਸ ਨਿਰਣੈ ਨੂੰ ਵੇਦਾਂ, ਸ਼ਾਸਤ੍ਰਾਂ, ਉਪਨਿਸ਼ਦਾਂ, ਗੀਤਾ, ਵਿਆਕਰਣ, ਗੁਰਬਾਣੀ ਅਤੇ ਭਾਈ ਗੁਰਦਾਸ ਜੀ ਆਦਿਕ ਗੁਰੂ ਘਰ ਦੇ ਗ੍ਰੰਥਾਂ, ਸਿਧਾਂਤ ਦਵਾਰਾ '੧ਓ ਇਕ ਓਅੰਕਾਰ' ਪਾਠ ਸਿੱਧ ਕਰਕੇ ਸ਼ੰਕਾ ਨਿਵ੍ਰਿਤ ਕਰ ਦਿੱਤੀ ਹੈ।

**ਪੰਡਿਤ ਗੁਰਦਿੱਤ ਸਿੰਘ ਜੀ** ਨੇ ਸੰਸਕ੍ਰਿਤ, ਹਿੰਦੀ ਅਤੇ ਪੰਜਾਬੀ ਵਿਚ ਇਹ ਗ੍ਰੰਥ ਲਿਖੇ ਹਨ :

1. ਜਪੁਜੀ ਸਟੀਕ (ਹਿੰਦੀ), 2. ਗੁਰੂਗਿਰਾ ਰੂਪਾਂਤਰ (ਕਾਵਿ ਵਿਚ ਮੂਲ ਸਹਿਤ ਗੁਰੂ ਤੇਗ ਬਹਾਦਰ ਜੀ ਦੇ ਸ਼ਲੋਕਾਂ ਦਾ ਸੰਸਕ੍ਰਿਤ ਟੀਕਾ) 1935 ਈ. ਨੂੰ ਲਾਹੌਰ ਤੋਂ ਛਪਿਆ।

3. ਗੁਰਮਤਿ ਸਿਧਾਂਤ ਸਾਰ (ਹਿੰਦੀ, ਪੰਜਾਬੀ), 4. ਵੇਦਾਂਤ ਸਿਧਾਂਤ ਮੁਕਤਾਵਲੀ (ਹਿੰਦੀ ਭਾਸ਼ਾ ਟੀਕਾ), 5. ਨੈਸ਼ਕ੍ਰਮਜ ਸਿਧੀ (ਵੇਦਾਂਤ ਦੇ ਗ੍ਰੰਥ ਦਾ ਟੀਕਾ), 6. ਗੁਰੂ ਨਾਨਕ ਅਸ਼ਟਕ (ਸੰਸਕ੍ਰਿਤ ਸਲੋਕਾਂ ਵਿੱਚ ਉਸਤਤੀ), 7. ਸ੍ਰੀਮਦ ਗੁਰੂ ਗੋਬਿੰਦ ਸਿੰਘ ਅਸ਼ਟਕੰ, 8. ਰਾਮਾਸ਼ਤਕ (ਰਾਮ ਸਤੋਤ੍ਰ ਸੰਸਕ੍ਰਿਤ), 9. ਜੀਵਨ ਚਰਿਤ੍ਰ ਪੰਡਿਤ ਹਰੀ ਸਿੰਘ ਜੀ (ਪ੍ਰਵਚਨਾਂ/ਪ੍ਰਮਾਣਾਂ ਸਹਿਤ)।

ਪੰਡਿਤ ਈਸ਼੍ਵਰ ਸਿੰਘ ਜੀ ਨੇ ਹੇਠ ਲਿਖੇ ਗ੍ਰੰਥਾਂ ਦੀ ਰਚਨਾ ਕੀਤੀ :

1. ਗੁਰਮਤ ਦਿਗ ਵਿਜਯ, 2. ਬੁਧੀ ਬਾਰਧ, 3. ਵਾਹਿਗੁਰੂ ਮੰਤ੍ਰਾਰਥ (ਗੁਰਮੁਖੀ ਵਿਚ), 4. ਗੁਰੂ ਮੰਤ੍ਰਾਰਥ ਪ੍ਰਕਾਸ਼ (ਸੰਸਕ੍ਰਿਤ ਵਿਚ), 5. ਸ੍ਵੈ-ਸੁਪਨ ਨਾਟਕ।

ਆਪ ਜੀ ਗੁਰੂ ਮੰਤ੍ਰਾਰਥ ਪ੍ਰਕਾਸ਼ (ਸੰਸਕ੍ਰਿਤ) ਦੀ ਭੂਮਿਕਾ ਵਿੱਚ ਗ੍ਰੰਥ ਲਿਖਣ ਦਾ ਕਾਰਨ ਦੱਸਦੇ ਹੋਏ ਲਿਖਦੇ ਹਨ ਕਿ ਹਿੰਦੂ ਧਰਮ, ਬ੍ਰਾਹਮਣਾਂ, ਸੰਨਿਆਸੀਆਂ, ਬੈਰਾਗੀਆਂ ਆਦਿਕ ਵਿਦਵਾਨ ਪੰਡਿਤਾਂ ਵਿਚ ਇਹ ਕਿੰਤੂ ਉੱਠਦਾ ਰਹਿੰਦਾ ਸੀ ਕਿ 'ਵਾਹਿਗੁਰੂ' ਮੰਤ੍ਰ ਮੋਕਸ਼ਦਾਤਾ ਨਹੀਂ ਹੈ। ਮੋਕਸ਼ ਪ੍ਰਾਪਤੀ ਕ੍ਰਿਸ਼ਨਾਦਿਕ ਮੰਤ੍ਰਾਂ ਦਵਾਰਾ ਹੀ ਹੋ ਸਕਦੀ ਹੈ। ਇਸ ਵਿਸ਼ੇ 'ਤੇ ਆਪ ਜੀ ਨਾਲ ਵਿਪਕਸ਼ੀਆਂ ਦੇ ਕਾਸ਼ੀ, ਨਾਸਿਕ, ਅਯੁਧਿਆ, ਪ੍ਰਯਾਗਰਾਜ, ਤੀਰਥਾਂ, ਕੁੰਭ ਪਰਵਾਂ ਉਪਰ ਸ਼ਾਸਤ੍ਰਾਰਥ ਹੋਏ। ਸ਼ਾਸਤ੍ਰਾਰਥ ਸਮੇਂ ਆਪ ਜੀ ਨੇ ਵਾਹਿਗੁਰੂ ਮੰਤ੍ਰ ਨੂੰ ਸਰਵ ਸ਼ਿਰੋਮਣੀ ਤਾਰਕ (ਮੋਕਸ਼ਦਾਤਾ) ਸਿੱਧ ਕਰਕੇ ਵਿਪਕਸ਼ੀਆਂ ਦੇ ਕਿੰਤੂ-ਪ੍ਰੰਤੂ ਨੂੰ ਖ਼ਤਮ ਕਰ ਦਿੱਤਾ। ਆਪ ਜੀ ਨੇ ਇੱਕ ਯੁਕਤੀ ਵਾਕ ਕਿਹਾ ਹੈ ਕਿ ਰਾਮ ਨੌਮੀ ਨੂੰ ਸ੍ਰੀ ਰਾਮ ਚੰਦ੍ਰ ਜੀ ਦਾ ਜਨਮ ਹੋਇਆ ਸੀ। ਭਾਦਰੋਂ ਦੀ ਅਸ਼ਟਮੀ ਨੂੰ ਸ੍ਰੀ ਕ੍ਰਿਸ਼ਨ ਦਾ ਜਨਮ ਹੋਇਆ ਸੀ। ਕਿੰਤੂ ਜਿਸਦਾ ਜਨਮ ਨਹੀਂ, ਵੰਸ਼ ਨਹੀਂ, ਜੋ ਮਰਨ ਵਿਚ ਨਹੀਂ ਆਉਂਦਾ, ਜੋ ਸਦੈਵ ਹੈ, ਸੋ 'ਵਾਹਿਗੁਰੂ'। ਇਸ ਮੰਤ੍ਰ ਦਾ ਇਹ ਅਰਥ ਹੈ।

ਅਸੀਂ ਪੰਡਿਤ ਜੀ ਦੇ ਸ੍ਵੈ ਕਥਨ ਕੀਤੇ ਸਮੁੱਚੇ ਅਨੁਵਾਦ ਵਿਚੋਂ ਵਿਚਾਰ ਪਾਠਕਾਂ ਦੇ ਸਨਮੁੱਖ ਰੱਖਦੇ ਹਾਂ ਜਿਸ ਨਾਲ ਪਾਠਕਾਂ ਨੂੰ ਪੰਡਿਤ ਜੀ ਦੀ ਸੰਤ ਭਾਸ਼ਾ/ਸ਼ੈਲੀ ਦਾ ਪਤਾ ਲੱਗੇਗਾ :

> ''ਵਾਹਿਗੁਰੂ ਮੰਤ੍ਰ ਕੇ ਸਿਧਾਂਤ ਵਿਚਾਰ ਕੋ ਨਿਰੂਪਨ ਕਰਤੇ ਹੈਂ। ਸੋ ਨਯਾਯ, ਵਿਆਕਰਣ, ਵੇਦਾਂਤ। ਇਨ ਤੀਨੋਂ ਕੇ ਵਿਚਾਰ ਕੋ ਲੇਕਰ। ਸੋ ਇਸੀ ਵਾਸਤੇ ਇਸ ਮੰਤ੍ਰ ਦਾ ਅਰਥ ਬਹੁਤ ਕਠਨ ਹੈ। ਇਸ ਮੰਤ੍ਰ ਕੇ ਚਾਰੋਂ ਅਖਰੋਂ ਕੇ ਵੀਚ ਮੇਂ ਧਾਤੂ ਪ੍ਰਤੇ ਪਦ ਅਰਥ ਗਿਆਨ ਯਿਹ ਪਾਂਚੋਂ ਪਾਂਚ ਸੌ ਮੇਂ ਹੈਂ ਸੋ ਹਮ ਨੇ ਆਪਣੇ ਬਨਾਏ ਹੂਏ ਉਸ ਸੰਸਕ੍ਰਿਤ ਗ੍ਰੰਥ ਕੀ ਰਚਨਾ ਨਿਬੰਧਨ ਕਰੀ ਹੈ ਸੋ ਇਸੀ ਵਾਸਤੇ ਇਸ ਗ੍ਰੰਥ ਮੇਂ ਬੁਧੀ ਬਲ ਕੀ ਬਹੁਤ ਜ਼ਰੂਰਤ ਹੈ। ਸੋ ਈਹਾਂ ਗੁਰਮੁਖੀ ਵਿਦਿਆ ਕੇ ਵੀਚ ਬਹੁਤ ਸੁਗਮ ਅਰਥ ਕਰਕੇ ਲਿਖਾ ਹੈ। ਤਬ ਭੀ ਫਲਤ ਅਰਥ ਬਹੁਤ ਕਠਿਨ ਹੈ। ਕਿਉਂਕਿ ਵਾਹਿਗੁਰੂ ਮੰਤ੍ਰ ਦਾ ਅਰਥ ਵਿਦਿਆ ਕਾ ਖ਼ਜ਼ਾਨਾ ਹੈ।''

ਅੱਗੇ ਆਪ ਲਿਖਦੇ ਹਨ :

> ''ਵਾਹਿਗੁਰੂ ਇਸ ਮੰਤ੍ਰ ਕੇ ਵੀਚ ਮੇਂ ਏਕ ਏਕ ਅਖਰ ਕੇ ਜੁਦੇ ਜੁਦੇ ਅਨੇਕ ਹੀ ਪਦ ਹੈਂ। ਉਨ ਅਨੇਕ ਪਦੋਂ ਕੇ ਅਨੰਤ ਹੀ ਅਰਥ ਹੈਂ। ਔਰ ਅਨੰਤ ਹੀ ਅਰਥੋਂ ਮੇਂ ਗਿਆਨ ਹੈ ਔਰ ਬੇਅੰਤ ਹੀ ਧਾਤੂਆਂ ਹੈਂ, ਬਿਅੰਤ ਹੀ ਪ੍ਰਤੇ ਹੈਂ। ਔਰ ਧਾਤੂ ਪ੍ਰਤਿਓ ਕੇ ਅਰਥ ਭੀ ਬਹੁਤ ਪ੍ਰਕਾਰੋਂ ਸੇ ਹੈਂ, ਇਸ ਲੀਏ ਵਾਹਿਗੁਰੂ ਮੰਤ੍ਰ ਮੇਂ ਵਿਚਾਰ ਵ੍ਰਿਤੀਨਿਰੋਧ ਕਰਕੇ

ਹੀ ਕਰਣਾ ਯਥਾਰਥ ਹੈ।''

**ਗੁਰਮਤਿ ਦਿਗਵਿਜਯ**

ਗੁਰਮਤਿ ਦਿਗਵਿਜਯ ਵਿਚ ਗੁਰਮਤਿ ਸਿਧਾਂਤ ਦੀ ਵਿਸ਼ੇਸ਼ਤਾ ਰੌਚਿਕ ਸ਼ੈਲੀ ਵਿਚ ਵਰਣਨ ਕੀਤੀ ਹੈ, ਜੋ ਸੰਨ 1903 ਈ. ਵਿਚ ਲਿਖਿਆ ਗਿਆ। ਗੁਰੂ ਮੰਤ੍ਰਾਰਥ ਪ੍ਰਕਾਸ਼ (ਸੰਸਕ੍ਰਿਤ) ਸੰਨ 1906 ਈ. ਵਿੱਚ ਅੰਕਿਤ ਕੀਤਾ। ਵਾਹਿਗੁਰੂ ਮੰਤ੍ਰਾਰਥ (ਗੁਰਮੁਖੀ) ਸੰਨ 1909 ਈ. ਵਿੱਚ ਲਿਖਿਆ। ਸ੍ਵੈ-ਸੁਪਨ ਨਾਟਕ ਵਿੱਚ ਆਪ ਜੀ ਦੀ ਸ੍ਵੈ-ਜੀਵਨੀ ਸੰਖੇਪ ਰੂਪ ਵਿਚ ਲਿਖੀ ਗਈ ਹੈ। ਇਹ ਸਾਰੇ ਗ੍ਰੰਥ ''ਬਾਂਬੇ ਮਸ਼ੀਨ ਪ੍ਰੈਸ, ਲਾਹੌਰ'' ਤੋਂ ਸੰਨ 1910 ਈ. ਵਿਚ ਪ੍ਰਕਾਸ਼ਿਤ ਕੀਤੇ ਗਏ ਹਨ।

**ਸ੍ਰੀਮਾਨ 108 ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਵੇਦਾਂਤਚਾਰਯ** ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਰਥ ਦਾ ਹਿੰਦੀ ਟੀਕਾ (ਅਨੁਵਾਦ) ਕੀਤਾ ਹੈ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਿੰਦੀ ਪਾਠਕਾਂ ਵਾਸਤੇ ਆਪ ਜੀ ਤੋਂ ਉਚੇਚੇ ਤਿਆਰ ਕਰਵਾਇਆ ਹੈ। ਸ਼ਬਦਾਰਥ ਦਾ ਪ੍ਰਥਮ ਸੈਂਚਜ (ਪਹਿਲੀ ਜਿਲਦ) 1966 ਈ. ਵਿਚ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਈ ਸੀ। ਇਸ ਗ੍ਰੰਥ ਵਿਚ ਛੇ ਪੰਨੇ ਦੀ ਭੂਮਿਕਾ ਪੜ੍ਹਨ ਯੋਗ ਹੈ।

**ਪੰਡਿਤ ਹਕੀਕਤ ਸਿੰਘ ਜੀ 'ਅਰਵਿੰਦ'** ਨੇ 'ਆਤਮ ਸਰਤਾ' ਹਿੰਦੀ ਵਿਚ ਸ੍ਰੀਮਾਨ ਮਹੰਤ ਆਤਮਾ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਾਲਿਆਂ ਦੀ ਜੀਵਨ ਕਥਾ ਅੰਕਿਤ ਕੀਤੀ ਹੈ। ਅਰਵਿੰਦ ਜੀ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ, ਗੁਰਮਤਿ/ਗੁਰਬਾਣੀ ਦੇ ਮਹਾਨ ਗਿਆਨੀ ਸਨ। ਆਤਮ ਸਰਤਾ ਰੌਚਕ ਵਿਦਵਤਾ ਭਰਪੂਰ ਅਨੇਕ ਪਦ-ਪਦਾਰਥਾਂ ਦਾ ਸੰਗ੍ਰਹਿ ਹੈ।

**ਪੰਡਿਤ ਆਤਮਦੇਵ ਸਿੰਘ ਜੀ** ਲਾਹੌਰ ਵਾਲਿਆਂ ਨੇ 'ਅਭੇਦਾ ਖੰਡ ਚੰਦ੍ਰਮਾ' ਸੰਸਕ੍ਰਿਤ ਵਿਚ 'ਮਿਤ੍ਰ ਵਿਲਾਸ ਪ੍ਰੈਸ ਲਾਹੌਰ' ਤੋਂ ਸੰਨ 1884 ਈ. ਵਿਚ ਲਿਖ ਕੇ ਛਪਵਾਇਆ।

**ਪੰਡਿਤ ਹਰਿ ਸਿੰਘ ਜੀ 'ਨਰੋਤਮ'** ਕਾਸ਼ੀ ਵਾਲਿਆਂ ਨੇ 'ਸ੍ਰੀ ਗੁਰੂਸਿਧਾਂਤ ਪਾਰਿਜਾਤ' ਗੁਰਮਤਿ/ਗੁਰਬਾਣੀ ਦੀ ਵਿਆਖਿਆ ਵਾਸਤੇ ਸੰਸਕ੍ਰਿਤ ਵਿਚ ਲਿਖਿਆ। ਇਸ ਸੰਸਕ੍ਰਿਤ ਗ੍ਰੰਥ ਦਾ ਹਿੰਦੀ ਅਨੁਵਾਦ ਆਪ ਜੀ ਦੇ ਪੋਤੇ ਸ਼ਿਸ਼ ਸ੍ਰੀ ਸੰਤ ਠਾਕਰ ਸਿੰਘ ਜੀ 'ਪਥਿਕ' ਬ੍ਰਹਮਕੁਟੀ ਕਾਸ਼ੀ ਵਾਲਿਆਂ ਨੇ ਕੀਤਾ ਸੀ, ਜੋ ਛਪ ਨਹੀਂ ਸਕਿਆ।

**ਪੰਡਿਤ ਸਾਧੂ ਸਿੰਘ ਜੀ** ਪੀਲੀਭੀਤ ਵਾਲੇ ਸੰਸਕ੍ਰਿਤ ਦੇ ਧੁਰੰਧਰ ਵਿਦਵਾਨ ਸਨ। ਆਪ ਜੀ ਨੇ ਜਪੁਜੀ ਦੀ ਹਿੰਦੀ ਟੀਕਾ ਉਨ੍ਹੀਵੀਂ ਸਦੀ ਦੇ ਅੰਤ ਵਿਚ ਕੀਤੀ ਸੀ। ਇਸ ਟੀਕੇ ਵਿੱਚ ਪ੍ਰੋੜ੍ਹਤਾ ਵਾਸਤੇ ਵੇਦਾਂ, ਉਪਨਿਸ਼ਦਾਂ, ਸ਼ਰੁਤੀਆਂ, ਸਮ੍ਰਿਤੀਆਂ ਦੇ ਅਨੇਕ ਪ੍ਰਮਾਣ ਦਿੱਤੇ ਹਨ। ਜਪੁਜੀ ਤੋਂ ਬਿਨਾਂ 'ਗੁਰੂ ਗ੍ਰੰਥ ਪ੍ਰਦੀਪ' ਗ੍ਰੰਥ ਵੀ ਲਿਖਿਆ। ਇਸ ਦੇ ਆਰੰਭ ਵਿਚ ਵੀ ਜਪੁਜੀ ਸਾਹਿਬ ਦੀ ਵਿਸਤਾਰ ਪੂਰਵਕ ਵਿਆਖਿਆ ਹੈ। ਇਹ ਗ੍ਰੰਥ ਸੰਨ 1906 ਈ. ਵਿਚ ਪ੍ਰਕਾਸ਼ਿਤ ਹੋਇਆ ਸੀ।

**ਵੇਦਾਂਤ ਕੇਸਰੀ ਸ੍ਵਾਮੀ ਲਾਲ ਸਿੰਘ ਜੀ** (ਪ੍ਰਸਿੱਧ ਨਿਰਮਲ ਸਵਾਮੀ) ਅੰਮ੍ਰਿਤਸਰ ਵਾਲਿਆਂ ਨੇ ਵੀ ਜਪੁਜੀ ਦੀ ਹਿੰਦੀ ਵਿਚ ਮਨੋਹਰ ਟੀਕਾ ਕੀਤੀ ਹੈ, ਜਿਸ ਵਿੱਚ ਅਨੇਕਾਂ

ਪ੍ਰਮਾਣ/ਦ੍ਰਿਸ਼ਟਾਂਤ ਦੇ ਕੇ ਗੁਰਬਾਣੀ ਦੇ ਗੌਰਵ ਨੂੰ ਪ੍ਰਗਟ ਕੀਤਾ ਹੈ।

ਸਵਾਮੀ ਗਿਆਨੀ ਚੰਦਾ ਸਿੰਘ ਜੀ ਖਟਸ਼ਾਸਤ੍ਰੀ ਨਿਰਮਲ ਆਸ਼ਰਮ ਰਿਸ਼ੀਕੇਸ਼ ਵਾਲਿਆਂ ਨੇ ਹਿੰਦੀ ਭਾਸ਼ਾ ਵਿਚ 'ਕਥਾ ਵਿਆਖਿਆਨ ਭੰਡਾਰ' ਲਿਖਿਆ ਹੈ, ਜੋ ਸੱਚਮੁਚ ਹੀ ਗਿਆਨ ਦਾ ਭੰਡਾਰ ਹੈ। ਕਥਾਵਾਚਕਾਂ, ਲੈਕਚਰਾਰਾਂ ਵਾਸਤੇ ਇਕ ਅਦੁਤੀ ਸੰਗ੍ਰਹਿ ਹੈ। ਇਸ ਗ੍ਰੰਥ ਵਿਚ 58 ਵਿਸ਼ਿਆਂ 'ਤੇ ਵਿਦਵਤਾ ਭਰੇ ਭਿੰਨ-ਭਿੰਨ ਤਰ੍ਹਾਂ ਦੇ ਲੇਖ ਹਨ।

## ਪੱਤਰਕਾਰੀ ਵਿਚ ਯੋਗਦਾਨ

ਜਿਸ ਤਰ੍ਹਾਂ ਨਿਰਮਲੇ ਮਹਾਂਪੁਰਖਾਂ ਨੇ ਸਾਹਿਤ-ਸੇਵਾ ਕਰਨ ਵਿੱਚ ਅਣਥੱਕ ਘਾਲਣਾ ਘਾਲੀ ਹੈ। ਇਸੀ ਤਰ੍ਹਾਂ ਪੱਤਰਕਾਰੀ ਵਿਚ ਅਗਰਗਾਮੀ ਰਹੇ ਹਨ। ਵੀਹਵੀਂ ਸਦੀ ਵਿਚ ਜਦੋਂ ਅਖ਼ਬਾਰ ਪ੍ਰਚਾਰ ਦਾ ਮੁੱਖ ਸਾਧਨ ਬਣ ਗਏ ਤਾਂ ਨਿਰਮਲੇ ਸੰਤਾਂ ਨੇ ਗ੍ਰੰਥ ਰਚਨਾ ਦੇ ਨਾਲ-ਨਾਲ ਸੰਪ੍ਰਦਾਈ ਅਤੇ ਧਰਮ ਪ੍ਰਚਾਰ ਵਾਸਤੇ ਅਖ਼ਬਾਰ ਵੀ ਜਾਰੀ ਕੀਤੇ, ਜਿਨ੍ਹਾਂ ਵਿਚ ਭੇਖ ਸੰਬੰਧੀ ਖ਼ਬਰਾਂ ਪ੍ਰਕਾਸ਼ਿਤ ਹੁੰਦੀਆਂ ਸਨ। ਵਿਦਵਾਨਾਂ ਦੇ ਧਾਰਮਿਕ ਅਤੇ ਦਾਰਸ਼ਨਿਕ ਲੇਖ ਵੀ ਹੁੰਦੇ ਸਨ। ਨਿਰਮਲ ਭੇਖ ਦੇ ਸਾਰੇ ਅਖ਼ਬਾਰ ਸਪਤਾਹਿਕ ਜਾਂ ਮਾਸਿਕ ਨਿਕਲਦੇ ਰਹੇ ਹਨ ਜੋ ਪੰਜਾਬੀ ਅਤੇ ਹਿੰਦੀ ਵਿਚ ਛਪਦੇ ਰਹੇ ਹਨ। ਹੁਣ ਤਕ ਨਿਕਲੇ ਅਖ਼ਬਾਰ ਇਸ ਤਰ੍ਹਾਂ ਹਨ :

1. **ਨਿਰਮਲ ਪੱਤ੍ਰ** — ਸੰਪਾਦਕ ਵੈਦ ਸੰਤ ਗੁਰਦਿੱਤ ਸਿੰਘ ਆਲੋਮੁਹਾਰ ਅੰਮ੍ਰਿਤਸਰ, 1909-1915 ਈ.।
2. **ਹਰਿਦਵਾਰ ਸਮਾਚਾਰ** — ਸੰਪਾਦਕ ਪੰਡਿਤ ਮਾਨ ਸਿੰਘ ਜੀ ਸ਼ਾਸਤ੍ਰੀ, ਗੁਰਦਵਾਰਾ ਗਿਆਨ ਗੋਦੜੀ, ਹਰਿਦਵਾਰ, 1927 ਈ.।
3. **ਨਿਰਮਲ ਗਜ਼ਟ** — ਸੰਪਾਦਕ ਸਵਾਮੀ ਸੰਤ ਸਿੰਘ ਜੀ, ਸ੍ਰੀ ਗੁਰੂ ਨਾਨਕ ਆਸ਼ਰਮ, ਹਰਿਦਵਾਰ।
4. **ਨਿਰਮਲ ਸਮਾਚਾਰ** — ਸੰਪਾਦਕ ਮਹੰਤ ਕਿਸ਼ਨ ਸਿੰਘ ਜੀ ਡੇਰਾ ਵਰਪਾਲ, ਅੰਮ੍ਰਿਤਸਰ 1932 ਈ.।
5. **ਨਿਰਮਲ ਪੱਤ੍ਰ** — ਮੁੱਖ ਸੰਪਾਦਕ ਮਹੰਤ ਦਿਆਲ ਸਿੰਘ ਜੀ, ਸੰਪਾਦਕ ਗਿਆਨੀ ਬਿਸ਼ਨ ਸਿੰਘ 'ਕ੍ਰੀਟ' ਅੰਮ੍ਰਿਤਸਰ 1937-1948 ਈ.।
6. **ਪੰਜਾਬੀ ਵੈਦ** — ਸੰਪਾਦਕ ਮਹੰਤ ਹਰੀ ਸਿੰਘ, ਗਲੀ ਬਾਗ ਵਾਲੀ, ਚੌਂਕ ਬਾਬਾ ਸਾਹਿਬ, ਅੰਮ੍ਰਿਤਸਰ, 1950-53 ਈ.।
7. **ਨਿਰਮਲ ਉਦੇਸ਼** — ਸੰਪਾਦਕ ਮਹੰਤ ਹਰੀ ਸਿੰਘ, ਗਲੀ ਬਾਗ ਵਾਲੀ, ਅੰਮ੍ਰਿਤਸਰ, 3 ਨਵੰਬਰ, 1960 ਈ.।
8. **ਗੁਰਮਤਿ ਸਮਾਚਾਰ** — ਸੰਤ ਵਿਸਾਖਾ ਸਿੰਘ ਜੀ ਕਿਸ਼ਨਪੁਰਾਕਲਾਂ ਵਾਲੇ, ਲੁਧਿਆਣਾ ਤੋਂ ਕੱਢਦੇ ਸਨ।
9. **ਪੰਜਾਬੀ ਪਰਵਾਨਾ** — ਮੁੱਖ ਸੰਪਾਦਕ ਸੰਤ ਦਿਆਲ ਸਿੰਘ ਜੀ ਪਰਵਾਨਾ, ਸੰਪਾਦਕ ਗਿਆਨੀ ਬਲਵੰਤ ਸਿੰਘ ਜੀ, ਕੋਠਾ ਗੁਰੂ, ਇਹ ਮਾਸਕ ਪੱਤਰ 1952 ਈ. ਨੂੰ ਕੋਟਕਪੂਰਾ ਤੋਂ ਚਾਲੂ ਕੀਤਾ ਗਿਆ।

**10. ਨਿਰਮਲ ਸੰਦੇਸ਼** ਮੁੱਖ ਸੰਪਾਦਕ ਮਹੰਤ ਪ੍ਰਤਾਪ ਸਿੰਘ, ਸੰਪਾਦਕ ਪੰਡਿਤ ਤੇਜਿੰਦਰ ਸਿੰਘ ਜੀ ਸ਼ਾਸਤ੍ਰੀ, ਪਿੰਡ ਕਾਉਂਕੇਕਲਾਂ, ਜ਼ਿਲ੍ਹਾ ਲੁਧਿਆਣਾ।

**11. ਨਿਰਮਲ ਪ੍ਰਕਾਸ਼** ਮੁੱਖ ਸੰਪਾਦਕ ਮਹੰਤ ਪ੍ਰਤਾਪ ਸਿੰਘ ਜੀ ਕਾਉਂਕੇ ਕਲਾਂ, ਜ਼ਿਲ੍ਹਾ ਲੁਧਿਆਣਾ।

**12. ਨਿਰਮਲ ਚਿੰਤਾਮਣੀ** ਮੁੱਖ ਸੰਪਾਦਕ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, ਉਪ-ਸੰਪਾਦਕ ਗਿਆਨੀ ਕੌਰ ਸਿੰਘ ਕੋਠਾ ਗੁਰੂ ਨੇ ਪਿੰਡ ਕੋਠਾ ਗੁਰੂ ਜ਼ਿਲ੍ਹਾ ਬਠਿੰਡਾ ਤੋਂ ਜਾਰੀ ਕੀਤਾ।

## ਗੁਰਦਵਾਰਿਆਂ ਦੀ ਕਾਰ-ਸੇਵਾ

ਸੇਵਾ ਸਿਮਰਨ ਨੂੰ ਸਿੱਖੀ ਵਿੱਚ ਸਰਵੋਪਰੀ ਮੰਨਿਆ ਜਾਂਦਾ ਹੈ। ਸਿਮਰਨ ਤੋਂ ਬਾਅਦ ਸੇਵਾ ਉੱਤਮ ਸਮਝੀ ਗਈ ਹੈ। ਗੁਰਦਵਾਰਿਆਂ ਦੀ ਕਾਰ-ਸੇਵਾ ਨੂੰ ਤਾਂ ਹੋਰ ਵੀ ਸ੍ਰੇਸ਼ਟ ਮੰਨਿਆ ਗਿਆ ਹੈ। ਮਹਾਂਪੁਰਖ ਗੁਰਦਵਾਰਿਆਂ ਦੀ ਸੇਵਾ ਸਦੀਆਂ ਤੋਂ ਕਰਦੇ ਆ ਰਹੇ ਹਨ। ਸਾਰੇ ਸੰਸਾਰ ਦੇ ਇਤਿਹਾਸਕ ਗੁਰਦਵਾਰਿਆਂ ਦੀ ਨਿਸ਼ਾਨ-ਦੇਹੀ ਕਰਨ ਵਾਲੇ ਸੰਤ ਹੀ ਹਨ। ਗੁਰਦਵਾਰਿਆਂ ਦੀਆਂ ਸੁੰਦਰ ਤੋਂ ਸੁੰਦਰ ਇਮਾਰਤਾਂ ਦੀ ਉਸਾਰੀ ਵੀ ਸੰਤਾਂ ਨੇ ਹੀ ਕਰਵਾਈ ਹੈ।

ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ। ਖ਼ਾਲਸਾ ਪੰਥ ਜੰਗਲਾਂ/ਪਹਾੜਾਂ ਵਿਚ ਰਹਿੰਦਾ ਸੀ, ਉਸ ਵੇਲੇ ਗੁਰਦਵਾਰਿਆਂ ਵਿਚ ਧੂਪ-ਦੀਪ-ਜੋਤਿ ਸੰਤ ਹੀ ਕਰਦੇ ਸਨ। ਸੇਵਾ-ਸੰਭਾਲ ਦਾ ਭਾਰ ਸੰਤਾਂ ਨੇ ਚੁੱਕਿਆ ਹੋਇਆ ਸੀ।

ਮਹਾਂਪੁਰਖ ਗੁਰਦਵਾਰਿਆਂ ਦੀ ਅਕਥਨੀਯ ਸੇਵਾ ਕਰਦੇ ਰਹੇ ਹਨ। ਵੀਹਵੀਂ ਸਦੀ ਵਿਚ ਸ੍ਰੀਮਾਨ ਪੂਜਯ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲਿਆਂ ਨੇ ਗੁਰੂਕਾਂਸ਼ੀ ਦਮਦਮਾ ਸਾਹਿਬ ਦੇ ਗੁਰੂਸਰ ਸਰੋਵਰ ਦੀ ਕਾਰ-ਸੇਵਾ ਕਰਕੇ ਇਕ ਤਰ੍ਹਾਂ ਸੇਵਾ ਦਾ ਆਰੰਭ ਕੀਤਾ। ਇਸ ਤੋਂ ਬਾਅਦ ਅਨੇਕ ਮਹਾਂਪੁਰਖ ਗੁਰਦਵਾਰਿਆਂ ਦੀਆਂ ਇਮਾਰਤਾਂ, ਸਰੋਵਰ, ਹੰਸਲੀਆਂ ਦੀ ਸੇਵਾ ਕਰਨ ਲੱਗੇ।

ਸ੍ਰੀਮਾਨ ਸੰਤ ਹਰੀ ਸਿੰਘ ਜੀ ਕਹਾਰਪੁਰੀਆ ਨੇ ਤਖ਼ਤ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ) ਦੀ ਸ਼ਾਨਦਾਰ ਇਮਾਰਤ ਬਣਾਈ ਅਤੇ ਹੋਰ ਗੁਰ ਅਸਥਾਨਾਂ ਦਾ ਨਵ-ਨਿਰਮਾਣ ਵੀ ਕੀਤਾ।

ਸ੍ਰੀਮਾਨ ਸੰਤ ਜੈਮਲ ਸਿੰਘ ਜੀ ਭੂਰੀ ਵਾਲੇ (ਤਪੋਬਨ ਅੰਮ੍ਰਿਤਸਰ) ਵਾਲਿਆਂ ਨੇ ਕਿੰਨੇ ਹੀ ਗੁਰਦਵਾਰਿਆਂ ਦੀ ਸੇਵਾ ਕੀਤੀ ਹੈ। ਦਰਸ਼ਨੀ ਇਮਾਰਤਾਂ ਬਣਾਈਆਂ, ਸਰੋਵਰ ਬਣਵਾਏ। ਆਪ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਪਰਿਕ੍ਰਮਾ ਵਿਚ ਹਰ ਸਮੇਂ ਝਾੜੂ ਦੀ ਅਣਥੱਕ ਸੇਵਾ ਕਰਦੇ ਸਨ। ਜਦ ਪਰਿਕ੍ਰਮਾ ਖੁੱਲ੍ਹੀ ਕਰਨ ਦਾ ਵਿਚਾਰ ਬਣਿਆ ਤਾਂ ਇਹ ਸੇਵਾ ਦੋ ਸਤਿਪੁਰਖਾਂ ਨੂੰ ਦਿੱਤੀ ਗਈ। ਸੰਤ ਗੁਰਮੁਖ ਸਿੰਘ ਜੀ ਜਿਨ੍ਹਾਂ ਨੇ ਘੰਟਾ ਘਰ ਦੀ ਪਰਿਕ੍ਰਮਾ ਤਿਆਰ ਕਰਵਾਈ ਹੈ। ਦੂਜੇ ਭੂਰੀ ਵਾਲੇ ਮਹਾਂਪੁਰਖ ਸਨ, ਜਿਨ੍ਹਾਂ ਨੇ ਬਾਬਾ ਦੀਪ ਸਿੰਘ ਜੀ ਦੇ ਸ਼ਹੀਦ ਗੰਜ ਵਾਲਾ ਪਾਸਾ ਤਿਆਰ ਕੀਤਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਧਾਮ ਦੀ ਦਰਸ਼ਨੀ ਪਰਿਕ੍ਰਮਾ

ਬਣਾ ਕੇ ਆਪ ਜੀ ਵੀ ਅਮਰ ਹੋ ਗਏ।

ਆਪ ਜੀ ਦੇ ਉਤਰਾਧਿਕਾਰੀ ਸ੍ਰੀਮਾਨ ਮਹੰਤ ਗੁਰਦਿਆਲ ਸਿੰਘ ਜੀ ਨੇ ਆਪ ਜੀ ਦੀ ਆਰੰਭ ਕੀਤੀ ਹੋਈ ਸੇਵਾ ਨੂੰ ਜਾਰੀ ਰੱਖਿਆ। ਅਨੇਕ ਸਥਾਨਾਂ ਦੀ ਸੇਵਾ ਕੀਤੀ। ਸਪਤ ਸਰੋਵਰ ਹਰਿਦਵਾਰ ਵਿਚ 'ਨਾਨਕਪੁਰਾ' ਆਸ਼ਰਮ ਕਾਇਮ ਕੀਤਾ। ਗੁਰਦੁਆਰਾ ਤੀਸਰੀ ਪਾਤਸ਼ਾਹੀ ਡੇਰਾ ਬਾਬਾ ਦਰਗਾਹਾ ਸਿੰਘ ਕਨਖਲ ਦੇ ਨਾਲ ਗੰਗਾ ਜੀ ਤੇ ਫਰਸ਼ ਲਾ ਕੇ ਪਉੜੀਆਂ ਬਣਵਾਈਆਂ, ਜਿਸ ਨਾਲ ਗੁਰਦੁਆਰਾ ਸਾਹਿਬ ਅਤੇ ਗੰਗਾ ਜੀ ਦੇ ਸੁਹੱਪਣ ਵਿਚ ਅਕਹਿ ਵਾਧਾ ਹੋਇਆ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਵੀ ਗੰਗਾ ਦੀ ਬਾੜ੍ਹ ਤੋਂ ਸੁਰੱਖਿਅਤ ਹੋ ਗਈ ਹੈ। ਆਪ ਜੀ ਦੀ ਇਸ ਸੇਵਾ ਨੂੰ ਆਪ ਜੀ ਦੇ ਉਤਰਾਧਿਕਾਰੀ ਸੰਤ ਕਸ਼ਮੀਰ ਸਿੰਘ ਜੀ ਉਸੀ ਤਰ੍ਹਾਂ ਅੱਗੇ ਤੋਰ ਰਹੇ ਹਨ।

ਸ੍ਰੀਮਾਨ ਸੰਤ ਕਰਤਾਰ ਸਿੰਘ ਜੀ ਠੱਠੇ ਟਿੱਬੇ ਵਾਲਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਛੱਤ 'ਤੇ ਸੋਨਾ ਲਾਉਣ ਦੀ ਸੇਵਾ ਕੀਤੀ। ਪਟਨਾ ਸਾਹਿਬ ਅਤੇ ਗੋਇੰਦਵਾਲ ਆਦਿਕ ਅਨੇਕ ਅਸਥਾਨਾਂ ਦੀ ਸੇਵਾ ਕਰਵਾਈ।

ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਨੇ ਗੁਰਦੁਆਰਾ ਬਾਲਲੀਲ੍ਹਾ ਬੜੀ ਸੰਗਤ ਦੀ ਭਵ-ਇਮਾਰਤ ਬਣਾਈ ਹੈ, ਜੋ ਪਟਨਾ ਸਾਹਿਬ ਵਿਚ ਖ਼ਾਲਸਾ ਪੰਥ ਦੇ ਗੌਰਵ ਨੂੰ ਪ੍ਰਗਟ ਕਰ ਰਹੀ ਹੈ।

ਸ੍ਰੀਮਾਨ ਮਹੰਤ ਦੀਦਾਰ ਸਿੰਘ ਜੀ ਨੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਦੀ ਇਲਾਹਾਬਾਦ ਵਿਚ ਦਰਸ਼ਨੀ ਬਿਲਡਿੰਗ ਦਾ ਨਿਰਮਾਣ ਕੀਤਾ ਹੈ। ਸ੍ਰੀਮਾਨ ਮਹੰਤ ਦੇਵਾ ਸਿੰਘ ਜੀ ਨਿਰਮਲ ਬਾਗ ਹਰਿਦਵਾਰ ਵਾਲਿਆਂ ਨੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਜੀ ਵਿਚ ਉਪਰਲੀ ਛੱਤ ਦੇ ਜੰਗਲਿਆਂ (ਜਿਨ੍ਹਾਂ ਵਿਚ ਪ੍ਰੇਮੀ ਬੈਠ ਕੇ ਕੀਰਤਨ ਦਾ ਆਨੰਦ ਪ੍ਰਾਪਤ ਕਰਦੇ ਹਨ) ਵਿਚ ਸੋਨਾ ਲਵਾਉਣ ਦੀ ਉਲੇਖਨੀਯ ਸੇਵਾ ਕੀਤੀ ਹੈ। ਆਪ ਜੀ ਨੇ ਸ੍ਰੀ ਅਕਾਲ ਤਖ਼ਤ ਦੀ ਪਹਿਲੀ ਇਮਾਰਤ ਵਿਚ (ਜੋ 1984 ਈ. ਦੇ ਆਕ੍ਰਮਣ ਸਮੇਂ ਢਹਿ ਗਈ) ਕੋਠਾ ਸਾਹਿਬ ਅਤੇ ਮੂਹਰੇ ਬਰਾਮਦੇ ਵਿੱਚ ਵੀ ਸੋਨੇ ਦੀ ਮਨੋਹਰ ਚਿਤ੍ਰਕਾਰੀ ਕੀਤੀ ਸੀ। ਮਹੰਤ ਨਿਰੰਜਨ ਸਿੰਘ, ਗਿਆਨੀ ਨਿਰਮਲ ਅਖਾੜਾ ਮਹੰਤ ਮੂਲ ਸਿੰਘ, ਸੰਤ ਐਵਿਨਿਊ ਜੀ.ਟੀ. ਰੋਡ, ਅੰਮ੍ਰਿਤਸਰ ਵਾਲਿਆਂ ਨੇ ਇਲਾਹਾਬਾਦ ਪੀਲੀ ਕੋਠੀ, ਤ੍ਰਿਅੰਬਕੇਸ਼ਵਰ (ਨਾਸਿਕ) ਅਤੇ ਉਜੈਨ ਵਿੱਚ ਸੁੰਦਰ ਗੁਰ ਅਸਥਾਨ ਬਣਾਏ ਹਨ।

ਇਸ ਤਰ੍ਹਾਂ ਨਿਰਮਲ ਭੇਖ ਦੇ ਮਹਾਂਪੁਰਖ ਗੁਰੂਘਰ ਦੀ ਕਾਰ ਸੇਵਾ ਕਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ।

## ਤੇਗ ਦੇ ਧਨੀ

ਸ਼ਾਸਤ੍ਰ ਵਿਦਿਆ ਵਿਚ ਤਾਂ ਨਿਰਮਲੇ ਮਹਾਂਪੁਰਖ ਪੂਰਣ ਹਨ ਹੀ ਪਰ ਸ਼ਸਤ੍ਰ ਵਿਦਿਆ ਵਿਚ ਵੀ ਘੱਟ ਨਹੀਂ ਹਨ। ਲੋੜ ਅਨੁਸਾਰ ਸ਼ਾਸਤ੍ਰ ਅਤੇ ਸ਼ਸਤ੍ਰ ਦੀ ਵਰਤੋਂ ਕਰਦੇ

ਰਹੇ ਹਨ। ਇਸ ਤਰ੍ਹਾਂ ਧਰਮ ਅਤੇ ਦੇਸ ਸੇਵਾ ਕਰਨ ਵਿਚ ਤਤਪਰ ਰਹੇ ਹਨ। ਸ਼ਬਦ ਵੇਦੀ ਬਾਣ ਮਾਰਨ ਵਾਲੇ ਕੇਵਲ ਇਹੀ ਮਹਾਂਪੁਰਖ ਹੋਏ ਹਨ। ਇਸ ਵਿਦਿਆ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ ਅਤੇ ਬਾਬਾ ਦਰਗਾਹਾ ਸਿੰਘ ਜੀ ਦਾ ਨਾਂ ਸਭ ਤੋਂ ਉਪਰ ਹੈ। ਬਾਬਾ ਦਰਗਾਹਾ ਸਿੰਘ ਜੀ ਕਲਗੀਧਰ ਪਿਤਾ ਦੇ ਹਜ਼ੂਰੀ ਸਿੱਖ ਸਨ। ਸਤਿਗੁਰੂ ਜੀ ਦੇ ਦਰਬਾਰ ਵਿਚ ਆਪ ਜੀ ਨੇ ਸ਼ਾਸਤ੍ਰ ਅਤੇ ਸ਼ਸਤ੍ਰ ਵਿਦਿਆ ਪ੍ਰਾਪਤ ਕੀਤੀ ਸੀ। ਨੰਦੇੜ/ਦੱਖਣ ਤਕ ਸਤਿਗੁਰੂ ਜੀ ਦੇ ਹਮਸਫ਼ਰ ਰਹੇ। ਇਥੇ ਸਤਿਗੁਰੂ ਜੀ ਨੇ ਆਗਿਆ ਕਰੀ ਕਿ ਹਰਿਦਵਾਰ ਜਾ ਕੇ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਦਵਾਰਾ ਪ੍ਰਗਟ ਕਰੋ। ਆਗਿਆ ਅਨੁਸਾਰ ਸੰਨ 1710 ਈ. ਵਿਚ ਦਸਮ ਸਤਿਗੁਰੂ ਜੀ ਤੋਂ ਦੋ ਵਰਸ਼ ਮਗਰੋਂ ਕਨਖਲ ਆ ਰਹੇ ਸਨ। ਆਪ ਜੀ ਨਾਲ ਕਾਫ਼ੀ ਵਿਰਕਤ ਸੰਤ ਸਨ, ਜਿਨ੍ਹਾਂ ਵਾਸਤੇ ਛੰਨਾਂ (ਛਪਰੀਆਂ) ਪਾਈਆਂ ਗਈਆਂ ਅਤੇ ਆਪ ਬਾਬਾ ਜੀ ਗੰਗਾ ਜੀ ਕਿਨਾਰੇ ਪਿੱਪਲ ਦੇ ਬ੍ਰਿਛ ਹੇਠਾਂ ਰਹਿੰਦੇ ਸਨ।

ਇਕ ਵਾਰ ਨਜੀਬਾਬਾਦ ਦੇ ਰੁਹੇਲਿਆਂ ਨੇ ਜਵਾਲਾਪੁਰ ਦੇ ਨਵਾਬ ਰਾਏ ਅਹਿਮਦ (ਰਾਜਪੂਤ) ਉੱਤੇ ਗੰਗਾ ਜੀ ਦੇ ਪਾਰ ਤੋਂ ਹਮਲਾ ਕਰ ਦਿੱਤਾ। ਆਕ੍ਰਮਣ ਸੁਣ ਕੇ ਨਵਾਬ ਘਬਰਾ ਗਿਆ ਅਤੇ ਬਾਬਾ ਦਰਗਾਹਾ ਸਿੰਘ ਜੀ ਦੇ ਚਰਨਾਂ ਵਿਚ ਸਹਾਇਤਾ ਲਈ ਬੇਨਤੀ ਕੀਤੀ। ਬਾਬਾ ਜੀ ਬੇਨਤੀ ਮੰਨ ਕੇ ਦ੍ਰਿੜ੍ਹਤਾ ਨਾਲ ਮੋਰਚੇ 'ਤੇ ਡਟ ਗਏ। ਸ਼ਬਦ ਵੇਦੀ ਬਾਣ ਮਾਰਨ ਵਿਚ ਆਪ ਪ੍ਰਬੀਨ ਸਨ। ਗੰਗਾ ਪਾਰ ਤੋਂ ਕੋਲਾਹਲ ਮਚਾਉਂਦੇ ਰੁਹੇਲੇ ਬਾਬਾ ਜੀ ਦੇ ਤੀਰਾਂ ਨੇ ਪੁੱਠੇ ਪਿਛਾਂਹ ਮੋੜ ਦਿੱਤੇ। ਬਾਬਾ ਜੀ ਦੀ ਬਹਾਦਰੀ ਦਾ ਪੰਚਪੁਰੀ 'ਤੇ ਸਿੱਕਾ ਬੈਠ ਗਿਆ। ਨਵਾਬ ਰਾਏ ਅਹਿਮਦ ਬਾਬਾ ਜੀ ਦਾ ਭਗਤ ਬਣ ਗਿਆ। ਅਨੇਕ ਤਰ੍ਹਾਂ ਦੇ ਪਦਾਰਥ/ਉਪਹਾਰ ਲੈ ਕੇ ਬਾਬਾ ਜੀ ਦੇ ਚਰਨਾਂ ਵਿਚ ਨਤ ਮਸਤਕ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰਦਵਾਰੇ ਵਾਸਤੇ ਚੌਫੇਰੇ ਦੀ ਜ਼ਮੀਨ ਦਾ ਪਟਾ ਲਿਖ ਕੇ ਬਾਬਾ ਜੀ ਦੀ ਭੇਟ ਕੀਤਾ, ਜੋ ਮਗਰੋਂ 'ਬਾੜਾ ਬਾਬਾ ਦਰਗਾਹਾ ਸਿੰਘ' ਦੇ ਨਾਂ ਨਾਲ ਪ੍ਰਸਿੱਧ ਹੋਇਆ।

ਇਸੀ ਤਰ੍ਹਾਂ ਸੰਤ ਅਘੜ ਸਿੰਘ ਜੀ ਕਬੇਰੀਏ, ਠਾਕੁਰ ਰੋਚਾ ਸਿੰਘ ਜੀ, ਸ੍ਰੀ ਸੰਤ ਮੇਲਾ ਸਿੰਘ ਜੀ, ਸੰਤ ਬਹਾਦਰ ਸਿੰਘ ਜੀ, ਸੰਤ ਹਕੀਕਤ ਸਿੰਘ ਜੀ ਨੰਗਾਲੀ ਸਾਹਿਬ (ਪੁੰਛ), ਸੰਤ ਬੁੱਲਾ ਸਿੰਘ ਖੰਡੂਰ ਸਾਹਿਬ ਵਾਲੇ ਤੇਗ ਦੇ ਧਨੀ ਹੋਏ ਹਨ। ਜਿਥੇ ਵੀ ਧਰਮ, ਸਿੱਖੀ, ਆਨ-ਸ਼ਾਨ ਦਾ ਵਿਰੋਧ ਹੋਇਆ, ਇਨ੍ਹਾਂ ਮਹਾਂਪੁਰਖਾਂ ਦੀ ਤੇਗ ਨੇ ਗੁਰੂ ਕੇ ਨਿੰਦਕਾਂ ਨੂੰ ਸਿੱਧੇ ਤੁਰਨ ਲਾਇਆ।

ਮਹਾਰਾਜਾ ਰਣਜੀਤ ਸਿੰਘ ਜੀ ਤੋਂ ਮਗਰੋਂ ਡੋਗਰਿਆਂ ਨੇ ਜੋ ਧਾਂਦਲੀ ਮਚਾਈ ਸੀ, ਉਸ ਨੂੰ ਕੇਵਲ ਬਾਬਾ ਬੀਰ ਸਿੰਘ ਜੀ ਹੀ ਸਮਝਦੇ ਸਨ। ਆਪ ਸਿੱਖ ਰਾਜ ਦੇ ਸ਼ੁਭਚਿੰਤਕ ਸਨ। ਸਿੱਖ ਰਾਜ ਦੇ ਹਿਤੈਸ਼ੀਆਂ ਨੂੰ ਸਮੇਂ-ਸਮੇਂ ਸੂਚਿਤ ਕਰ ਰਹੇ ਸਨ। ਇਸ ਵਾਸਤੇ ਡੋਗਰਿਆਂ ਨੇ ਬਾਬਾ ਬੀਰ ਸਿੰਘ ਜੀ ਨੂੰ ਸ਼ਹੀਦ ਕਰਵਾ ਦਿੱਤਾ। ਡੋਗਰਿਆਂ ਦੀ ਗੱਦਾਰੀ ਦੇ ਕਾਰਨ ਸਿੱਖ ਰਾਜ ਦਾ ਪਤਨ ਹੋ ਗਿਆ। ਮੁੜ ਸਵਤੰਤ੍ਰਤਾ ਪ੍ਰਾਪਤ ਕਰਨ ਵਾਸਤੇ ਬਾਬਾ ਬੀਰ ਸਿੰਘ ਜੀ ਦੇ ਉਤਰਾਧਿਕਾਰੀ ਬਾਬਾ ਮਹਾਰਾਜ ਸਿੰਘ ਜੀ ਮੈਦਾਨ ਵਿਚ ਆਏ।

ਅੰਗਰੇਜ਼ਾਂ ਦੇ ਵਿਰੁੱਧ ਸੰਗਠਨ ਕਰਨਾ ਆਰੰਭ ਕਰ ਦਿੱਤਾ। ਸ਼ਸਤਰ ਧਾਰਨ ਕਰ

ਲਏ, ਇਨਕਲਾਬੀ ਨੇਤਾ ਬਣ ਗਏ। ਸੰਨ 1845-46 ਈ. ਅਤੇ ਸੰਨ 1848-49 ਈ. ਦੀਆਂ ਲੜਾਈਆਂ ਵਿੱਚ ਸਤਲੁਜ ਕਿਨਾਰੇ ਅਤੇ ਗੁਜਰਾਤ ਵਿਚ ਸਿੱਖ ਫ਼ੌਜਾਂ ਦੀ ਅਗਵਾਈ ਕੀਤੀ।

ਭਾਰਤ ਵਿਚ ਸਵਤੰਤ੍ਰਤਾ ਸੰਗਰਾਮ ਆਰੰਭ ਕਰਨ ਵਾਲਾ ਨਿਰਮਲਾ ਸੰਤ ਬਾਬਾ ਮਹਾਰਾਜ ਸਿੰਘ ਜੀ ਹੈ, ਜੋ ਸਾਰੇ ਸੁੱਖ ਆਰਾਮ ਛੱਡ ਕੇ ਜੰਗਲਾਂ ਵਿੱਚ ਆਸਣ ਲਾ ਬੈਠਾ। ਆਜ਼ਾਦੀ ਦੀ ਜੋਤਿ ਜਗਾਉਣ ਵਾਲਾ ਇਹ ਮਹਾਨ ਸੰਗ੍ਰਾਮੀ ਅੰਗਰੇਜ਼ਾਂ ਨੇ ਆਦਮਪੁਰ (ਜ਼ਿਲ੍ਹਾ ਜਲੰਧਰ) ਵਿਚ ਗ੍ਰਿਫ਼ਤਾਰ ਕਰ ਲਿਆ ਅਤੇ ਸਿੰਘਾਪੁਰ ਦੀ ਜੇਲ੍ਹ ਵਿਚ ਲੈ ਜਾ ਕੇ ਬੰਦ ਕਰ ਦਿੱਤਾ ਜੋ 7 ਵਰਸ਼ ਅਸਹਿ ਤਸੀਹੇ ਸਹਿ-ਸਹਿ ਕੇ 5 ਜੁਲਾਈ, 1856 ਈ. ਵਿਚ ਸੱਚਖੰਡ ਸਿਧਾਰ ਗਿਆ।

ਇਸ ਸਮੇਂ ਬਾਬਾ ਜੀ ਨਾਲ ਹੇਠ ਲਿਖੇ ਮਹਾਂਪੁਰਖ (ਡੇਰਾ ਨੌਰੰਗਾਬਾਦ ਵਿਚੋਂ) ਗ੍ਰਿਫ਼ਤਾਰ ਕੀਤੇ ਗਏ ਸਨ :

1. ਸੰਤ ਖੜਕ ਸਿੰਘ ਜੀ (ਜੋ ਬਾਬਾ ਜੀ ਦੇ ਨਾਲ ਸਿੰਘਾਪੁਰ ਦੀ ਜੇਲ੍ਹ ਵਿਚ ਰਹੇ)। 2. ਬਾਬਾ ਖੁਦਾ ਸਿੰਘ ਜੀ, 3. ਮਾਤਾ ਚੰਦ ਕੌਰ ਜੀ (ਸੁਪਤਨੀ ਬਾਬਾ ਖੁਦਾ ਸਿੰਘ ਜੀ), 4. ਮਹੰਤ ਪ੍ਰੇਮ ਸਿੰਘ ਜੀ, 5. ਸੰਤ ਰਾਮ ਸਿੰਘ ਜੀ ਵਿਰਕਤ, 6. ਸੰਤ ਸੇਵਾ ਸਿੰਘ ਜੀ, 7. ਸੰਤ ਹਜ਼ੂਰਾ ਸਿੰਘ ਜੀ, 8. ਸੰਤ ਸਰਮੁੱਖ ਸਿੰਘ ਜੀ।

### ਮਹਾਰਾਣੀ ਜਿੰਦਾ ਨੂੰ ਨੇਪਾਲ ਵਿਚ ਪਹੁੰਚਾਉਣ ਵਾਲੇ ਵੀ ਨਿਰਮਲੇ ਸੰਤ ਹਨ

ਸ੍ਰੀਮਾਨ ਬਾਬਾ ਮਹਾਰਾਜ ਸਿੰਘ ਜੀ ਸਿੱਖ ਰਾਜ ਨੂੰ ਸਥਿਰ ਰੱਖਣ ਦੇ ਹਮਾਇਤੀ ਯੋਧੇ, ਸਵਤੰਤ੍ਰਤਾ ਸੰਗ੍ਰਾਮੀ, ਅੰਗਰੇਜ਼ਾਂ ਦੇ ਕੱਟੜ ਵਿਰੋਧੀ ਅਤੇ ਭਾਰਤ ਦੀ ਆਜ਼ਾਦੀ ਦੇ ਪਹਿਲੇ ਨਾਇਕ ਸਨ। ਭਾਵੇਂ ਆਪ ਨੂੰ ਜਲਾਵਤਨ ਕਰਕੇ ਸਿੰਘਾਪੁਰ ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ, ਜਿੱਥੇ ਆਪ ਅਨੇਕ ਤਸੀਹੇ ਸਹਿੰਦੇ ਹੋਏ 7 ਸਾਲ ਜੇਲ੍ਹ ਵਿਚ ਰਹਿ ਕੇ 5 ਜੁਲਾਈ, 1856 ਈ. ਵਿਚ ਸੱਚਖੰਡ ਸਿਧਾਰ ਗਏ। ਆਪ ਜੀ ਦੀ ਜਗਾਈ ਆਜ਼ਾਦੀ ਦੀ ਜੋਤਿ ਹੋਰ ਵੀ ਤੇਜ਼ ਹੋ ਕੇ ਜਾਗਣ ਲੱਗੀ। ਬਾਬਾ ਜੀ ਬੜੇ ਨਿਪੁੰਨ, ਵਿਵਹਾਰ ਕੁਸ਼ਲ ਅਤੇ ਜਥੇਬੰਦਕ ਸਨ। ਆਪ ਜੀ ਨੇ ਸ੍ਰੀ ਸੰਤ ਰਾਮ ਸਿੰਘ ਜੀ ਵਿਰਕਤ ਦੀ ਪ੍ਰਧਾਨਗੀ ਹੇਠ ਅੱਠ ਸੰਤਾਂ ਦਾ ਇਕ ਜੱਥਾ ਇਸ ਵਾਸਤੇ ਬਣਾਇਆ ਸੀ ਕਿ ਮਹਾਰਾਜਾ ਦਲੀਪ ਸਿੰਘ ਜੀ ਨੂੰ ਚੁੱਕ ਕੇ ਆਪਣੇ ਕਬਜ਼ੇ ਵਿਚ ਕੀਤਾ ਜਾਵੇ ਅਤੇ ਮਹਾਰਾਜਾ ਦਲੀਪ ਸਿੰਘ ਜੀ ਦੇ ਨਾਂ ਹੇਠ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਕੱਢਣ ਦਾ ਸੰਘਰਸ਼ ਤੇਜ਼ ਕੀਤਾ ਜਾਵੇ। ਖ਼ਾਸ-ਖ਼ਾਸ ਆਦਮੀਆਂ ਦੇ ਨਾਉਂ ਚਿੱਠੀਆਂ ਲਿਖ ਕੇ ਖ਼ਰਚ ਵਾਸਤੇ 1100 (ਯਾਰਾਂ ਸੌ) ਰੁਪਏ ਦੇ ਕੇ ਲਾਹੌਰ ਨੂੰ ਤੋਰਿਆ ਗਿਆ, ਜੋ ਲਾਹੌਰ ਜਾ ਕੇ ਇੱਕ ਧਰਮਸਾਲਾ ਵਿਚ ਠਹਿਰੇ। ਸ਼ੱਕ ਦੀ ਹਾਲਤ ਵਿੱਚ ਇਸ ਧਰਮਸਾਲਾ ਦੀ ਤਲਾਸ਼ੀ ਹੋਈ ਅਤੇ ਅੱਠੇ ਸੰਤ ਗ੍ਰਿਫ਼ਤਾਰ ਕੀਤੇ ਗਏ।

ਇਸੇ ਤਰ੍ਹਾਂ ਬਾਬਾ ਮਹਾਰਾਜ ਸਿੰਘ ਜੀ ਦੀ ਸਕੀਮ ਅਨੁਸਾਰ ਦੂਸਰਾ ਜੱਥਾ ਤਿਆਰ ਕੀਤਾ ਗਿਆ ਸੀ ਕਿ ਮਹਾਰਾਣੀ ਜਿੰਦਾਂ ਨੂੰ ਅੰਗਰੇਜ਼ਾਂ ਦੇ ਕਬਜ਼ੇ ਵਿਚੋਂ ਸਵਤੰਤਰ ਕੀਤਾ

ਜਾਵੇ। ਮਹਾਰਾਣੀ ਜਿੰਦਾਂ ਨੂੰ ਅੰਗਰੇਜ਼ ਨੇ ਪਹਿਲਾਂ ਸ਼ੇਖੂਪੁਰੇ ਦੇ ਕਿਲ੍ਹੇ ਵਿਚ, ਮਗਰੋਂ 'ਚੁਨਾਰ' ਦੇ ਕਿਲ੍ਹੇ (ਉੱਤਰ ਪ੍ਰਦੇਸ਼) ਵਿੱਚ ਨਜ਼ਰਬੰਦ ਕੀਤਾ ਹੋਇਆ ਸੀ। ਮਹਾਰਾਣੀ ਚੁਨਾਰ ਦੇ ਕਿਲ੍ਹੇ ਵਿਚੋਂ ਦੌੜ ਕੇ ਨੇਪਾਲ ਚਲੀ ਗਈ।

ਮਹਾਰਾਣੀ ਨੇਪਾਲ ਕਿਵੇਂ ਪਹੁੰਚੀ ? ਇਸ ਸਾਰੇ ਕਾਰਜ ਪਿੱਛੇ ਨਿਰਮਲੇ ਸੰਤਾਂ ਦਾ ਉਹ ਜੱਥਾ ਕੰਮ ਕਰ ਰਿਹਾ ਸੀ, ਜਿਸ ਦੀ ਡਿਊਟੀ ਬਾਬਾ ਮਹਾਰਾਜ ਸਿੰਘ ਜੀ ਨੇ ਲਾਈ ਸੀ। ਇਹ ਬੜੀ ਰੌਚਕ ਕਹਾਣੀ ਹੈ, ਜੋ ਹਾਲੀ ਤਕ ਪ੍ਰਕਾਸ਼ ਵਿੱਚ ਨਹੀਂ ਆਈ।

ਮਹਾਰਾਣੀ ਨੂੰ ਚੁਨਾਰ ਦੇ ਕਿਲ੍ਹੇ 'ਚੋਂ ਕੱਢਣ ਵਾਲੇ ਪੰਜ ਨਿਰਮਲੇ ਸੰਤ - ਰਣਜੋਧ ਸਿੰਘ, ਰਣਵੀਰ ਸਿੰਘ, ਰਣਧੀਰ ਸਿੰਘ, ਰਣਵਿਜੈ ਸਿੰਘ, ਰਣਵਿਕ੍ਰਮ ਸਿੰਘ ਸਨ। ਇਸ ਕਾਰਜ ਨੂੰ ਅਮਲੀ ਰੂਪ ਦੇਣ ਵਾਸਤੇ ਕਈ ਮਹੀਨੇ ਵਿਚਾਰ-ਵਿਮਰਸ਼ ਹੁੰਦਾ ਰਿਹਾ। ਸਾਰੀ ਯੋਜਨਾ ਤਿਆਰ ਕੀਤੀ ਗਈ। ਮਹਾਰਾਣੀ ਨੂੰ ਅਤੇ ਦਾਸੀ ਨੂੰ ਪੂਰੀ ਟ੍ਰੇਨਿੰਗ ਦਿੱਤੀ ਗਈ। ਰਸਤੇ ਦਾ, ਨਦੀਆਂ ਦਾ, ਕਿਸ਼ਤੀਆਂ ਦਾ ਨਿਰਣੈ ਕੀਤਾ ਗਿਆ। ਮਹਾਰਾਣੀ ਦੇ ਦੌੜਨ ਬਾਅਦ ਤੁਰੰਤ ਸੰਭਾਲ ਦਾ ਪ੍ਰਬੰਧ ਕੀਤਾ ਗਿਆ। ਮਹਾਰਾਣੀ ਦਾ ਭੇਸ ਬਦਲਿਆ ਗਿਆ। ਸਫਰ ਵਿਚ ਦੋ ਸੰਤ 5-6 ਮੀਲ ਅੱਗੇ-ਅੱਗੇ ਜਾਂਦੇ ਸਨ ਅਤੇ ਸਾਰੇ ਖ਼ਤਰੇ ਅਤੇ ਰਸਤੇ ਦਾ ਨਿਰਣੈ ਕਰਦੇ ਸਨ। ਦੋ ਸੰਤ ਮਹਾਰਾਣੀ ਦੇ ਨਾਲ ਸਨ। ਇੱਕ ਸੰਤ 5-6 ਮੀਲ ਪਿੱਛੇ ਰਹਿ ਕੇ ਹਾਲਾਤ 'ਤੇ ਨਿਗਾਹ ਰੱਖ ਰਿਹਾ ਸੀ। ਇਹ ਯਤਨ ਸਫ਼ਲ ਹੋਇਆ, ਮਹਾਰਾਣੀ ਹਿੰਦੁਸਤਾਨ ਦੀ ਸੀਮਾ ਪਾਰ ਕਰਕੇ, ਨੇਪਾਲ ਵਿਚ ਚਲੀ ਗਈ ਅਤੇ ਕਠਮੰਡੂ ਪਹੁੰਚ ਗਈ। ਨੇਪਾਲ ਨਰੇਸ਼ ਨੂੰ ਮਿਲ ਕੇ ਰਾਜਸੀ ਸ਼ਰਣ ਮੰਗੀ ਗਈ, ਜੋ ਨੇਪਾਲ ਨਰੇਸ਼ ਨੇ ਸਵੀਕਾਰ ਕਰਕੇ ਮਹਾਰਾਣੀ ਨੂੰ ਰਾਜਸੀ ਸ਼ਰਣ ਦੇ ਕੇ ਥਾਪਾਥਲੀ ਦੇ ਰਾਣਾਵਾਂ ਦੇ ਮਹੱਲ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ।

ਮਹਾਰਾਣੀ ਨੂੰ ਸੁਰੱਖਿਅਤ ਸਥਾਨ 'ਤੇ ਪਹੁੰਚਾ ਕੇ ਮਹਾਰਾਣੀ ਨਾਲ ਆਏ ਸਾਰੇ ਸੰਤ ਪੱਛਮੀ ਨੇਪਾਲ ਦੇ 'ਮੁਕਤੀ ਨਾਥ' ਅਤੇ 'ਪਵਿੱਤਰ ਗੰਡਕੀ' ਦੇ ਉਦਗਮ ਸਥਾਨ ਵੱਲ ਚਲੇ ਗਏ।

## ਗਊ ਰੱਖਿਆ ਅਤੇ ਦੇਸ ਸੇਵਾ

ਜਿਥੇ ਵੀ ਆਨ-ਸ਼ਾਨ, ਅਣਖ-ਗ਼ੈਰਤ, ਧਰਮ 'ਤੇ ਹਮਲਾ ਹੋਇਆ, ਨਿਰਮਲੇ ਮਹਾਂਪੁਰਖ ਮੈਦਾਨ ਵਿਚ ਡਟ ਗਏ। ਧਰਮ ਅਤੇ ਦੇਸ ਦੀ ਆਜ਼ਾਦੀ ਖ਼ਾਤਰ ਆਪਣਾ ਆਪ ਵਾਰ ਦਿੱਤਾ। ਅਜਿਹੀਆਂ ਅਨੇਕ ਘਟਨਾਵਾਂ ਪ੍ਰਸਿੱਧ ਹਨ।

ਇੱਕ ਵਾਰ ਕਾਸ਼ੀ ਜੀ (ਵਾਰਾਣਸੀ) ਵਿਚ ਅੰਗਰੇਜ਼ ਸਰਕਾਰ ਦੇ ਵਿਰੁੱਧ ਜਲੂਸ ਨਿਕਲਿਆ, ਜਿਸਦੀ ਅਗਵਾਈ ਨਿਰਮਲ ਭੇਖ ਦੇ ਸੰਤਾਂ ਨੇ ਕੀਤੀ। ਇਸ ਸਮੇਂ ਨਿਰਮਲ ਭੇਖ ਦੇ ਸੰਤ ਨਰੇਂਦਰ ਸਿੰਘ ਜੀ (ਸ਼ਿਸ਼ ਸ੍ਰੀਮਾਨ ਮਹੰਤ ਗਣੇਸ਼ਾ ਸਿੰਘ ਜੀ ਡੇਰਾ ਅੰਤਰਜਾਮੀਆਂ, ਅੰਮ੍ਰਿਤਸਰ) ਚੌਂਕ ਗਦੌਲੀਆਂ ਕਾਸ਼ੀ ਵਿਚ ਸਰਕਾਰ ਵਿਰੁੱਧ ਵਿਆਖਿਆਨ ਦਿੰਦੇ ਹੋਏ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋਏ।

ਬ੍ਰਹਮਕੁਟੀ (ਕਾਸ਼ੀ) ਦੇ ਮਹੰਤ ਪੰਡਿਤ ਬਸੰਤ ਸਿੰਘ ਜੀ ਮਹਾਨ ਦੇਸ ਭਗਤ

ਸਨ। ਬ੍ਰਹਮਕੁਟੀ ਦੇਸ-ਭਗਤਾਂ ਦੀਆਂ ਸਰਗਰਮੀਆਂ ਦਾ ਕੇਂਦਰ ਸੀ। ਸ੍ਰੀ ਜੈ ਪ੍ਰਕਾਸ਼ ਨਾਰਾਇਣ ਨੇ ਬ੍ਰਹਮਕੁਟੀ ਵਿਚ ਕਾਫ਼ੀ ਸਮਾਂ ਅਗਿਆਤਵਾਸ ਕੀਤਾ ਸੀ। ਅੰਗਰੇਜ਼ ਸਰਕਾਰ ਦੇ ਵਿਰੁੱਧ ਜੋ ਕਾਸ਼ੀ ਦੇ ਇਲਾਕੇ ਵਾਸਤੇ ਸਾਹਿਤ ਪ੍ਰਕਾਸ਼ਿਤ ਹੁੰਦਾ ਸੀ, ਉਹ ਬ੍ਰਹਮਕੁਟੀ ਵਿਚ ਹੀ ਛਪਦਾ ਸੀ।

ਮਹੰਤ ਸਾਧੂ ਸਿੰਘ ਜੀ ਕਨਖਲ ਵਾਲੇ ਕਾਂਗਰਸ ਅੰਦੋਲਨ ਵਿਚ 9 ਮਹੀਨੇ ਜੇਲ੍ਹ ਵਿਚ ਰਹੇ ਸਨ।

ਸੰਮਤ 1975 ਬਿ. ਵਿਚ ਹਰਿਦਵਾਰ ਦੇ ਨਜ਼ਦੀਕ ਪਿੰਡ ਕਟਾਰਪੁਰ ਵਿਚ ਮੁਸਲਮਾਨਾਂ ਨੇ ਗਊਬੱਧ ਕਰਨ ਦਾ ਐਲਾਨ ਕੀਤਾ। ਗੁਰਦੁਆਰਾ ਪਾਤਸ਼ਾਹੀ ਤੀਸਰੀ, ਡੇਰਾ ਬਾਬਾ ਦਰਗਾਹਾ ਸਿੰਘ ਜੀ ਦੇ ਮਹੰਤ ਹਰਨਾਮ ਸਿੰਘ ਜੀ ਨੇ ਆਪਣਾ ਧਰਮ ਜਾਣ ਕੇ ਗਊ ਰੱਖਿਆ ਵਾਸਤੇ ਦ੍ਰਿੜ੍ਹ ਨਿਸਚੈ ਕਰ ਲਿਆ। ਨਿਯਤ ਸਮੇਂ 'ਤੇ ਦੋਨਾਂ ਪਾਸਿਆਂ ਤੋਂ ਇਕੱਠ ਹੋ ਗਿਆ। ਮੁਸਲਮਾਨ ਗਊਬੱਧ ਲਈ ਦ੍ਰਿੜ੍ਹ ਸਨ। ਮਹੰਤ ਹਰਨਾਮ ਸਿੰਘ ਜੀ ਨੇ ਬਹੁਤ ਸਮਝਾਇਆ, ਪਰ ਮੁਸਲਮਾਨ ਆਪਣੀ ਜ਼ਿੱਦ 'ਤੇ ਅੜੇ ਰਹੇ ਅੰਤ ਲੜਾਈ ਹੋਈ, ਗਊਆਂ ਛੁਡਾਈਆਂ ਗਈਆਂ। ਮਹੰਤ ਜੀ ਕਤਲ ਕੇਸ ਵਿਚ ਗ੍ਰਿਫ਼ਤਾਰ ਕਰ ਲਏ। 4-5 ਸਾਲ ਮੁਕੱਦਮਾ ਚੱਲਿਆ। 8 ਅਗਸਤ, 1919 ਈ. ਨੂੰ ਮਹੰਤ ਜੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਜੋ ਅਪੀਲ ਕਰਨ ਨਾਲ ਉਮਰ ਕੈਦ ਵਿਚ ਬਦਲ ਗਈ। 8 ਵਰਸ਼ ਲਖਨਊ ਤੇ ਇਲਾਹਾਬਾਦ ਦੀਆਂ ਜੇਲ੍ਹਾਂ ਵਿੱਚ ਸਜ਼ਾ ਭੁਗਤ ਕੇ 28 ਦਸੰਬਰ, 1926 ਈ. ਰਿਹਾਅ ਹੋਏ।

ਇਸ ਤਰ੍ਹਾਂ ਧਰਮ, ਸੰਤ, ਗਊ, ਗਰੀਬ ਦੀ ਖ਼ਾਤਰ ਇਹ ਮਹਾਂਪੁਰਖ ਆਪਣੇ ਪ੍ਰਾਣਾਂ ਤੱਕ ਵੀ ਵਾਰਦੇ ਆਏ ਹਨ।

ਅਸੀਂ ਉਪਰ ਵਿਸਤਾਰ ਪੂਰਬਕ ਲਿਖ ਆਏ ਹਾਂ ਕਿ ਨਿਰਮਲੇ ਸੰਤਾਂ ਨੇ ਹਰ ਲਹਿਰ, ਹਰ ਅੰਦੋਲਨ ਵਿਚ ਯੋਗਦਾਨ ਪਾਇਆ ਹੈ। ਪੰਥ ਦੇ ਹਰ ਕਾਰਜ ਵਿਚ ਅਗਰਗਾਮੀ ਰਹੇ ਹਨ। ਅਕਾਲੀ ਲਹਿਰ, ਗੁਰਦੁਆਰਾ ਸੁਧਾਰ ਲਹਿਰ ਵਿਚ ਗ੍ਰਿਫ਼ਤਾਰੀਆਂ ਦਿੱਤੀਆਂ, ਜ਼ਾਇਦਾਦਾਂ ਜਬਤ ਕਰਾਈਆਂ, ਜੇਲ੍ਹਾਂ ਕੱਟੀਆਂ, ਅਨੇਕ ਤਰ੍ਹਾਂ ਦੇ ਅਕਹਿ/ਅਸਹਿ ਤਸੀਹੇ ਸਹੇ। ਨਿਰਮਲੇ ਮਹਾਂਪੁਰਖਾਂ ਦੇ ਤਪ-ਤਿਆਗ, ਵਿਦਵਤਾ, ਧਰਮ-ਪ੍ਰਚਾਰ, ਪੰਥਕ ਪਿਆਰ ਤੋਂ ਪ੍ਰਭਾਵਿਕ ਹੋ ਕੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਰਮਲ ਭੇਖ ਦੇ ਮਹਾਂਪੁਰਖ ਗੁਰਮਤਿ ਦੇ ਮਹਾਨ ਵਿਦਵਾਨ, ਕੁਰਬਾਨੀ ਦੇ ਪੁੰਜ, ਮਹੰਤ ਮੂਲ ਸਿੰਘ ਜੀ ਨੂੰ ਆਨਰੇਰੀ ਹੈਡ ਗ੍ਰੰਥੀ ਦੀ ਪਦਵੀ 'ਤੇ ਵਿਭੂਸ਼ਤ ਕੀਤਾ, ਜੋ ਜੀਵਨ ਭਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਨਿਸ਼ੁਲਕ ਸੇਵਾ ਕਰਦੇ ਰਹੇ। ਮਹੰਤ ਹਾਕਮ ਸਿੰਘ ਜੀ ਡੇਰਾ ਬਾਬਾ ਮਿਸ਼ਰਾ ਸਿੰਘ ਜੀ ਅੰਮ੍ਰਿਤਸਰ ਵਾਲੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਰਹੇ। ਅਨੇਕ ਸੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੀਂਦੇ ਰਹੇ। ਭਵਿੱਸ਼ਜਤ ਵਿਚ ਵੀ ਨਿਰਮਲ ਭੇਖ ਦੇ ਮਹਾਂਪੁਰਖ ਗੁਰਮਤਿ, ਧਰਮ, ਨਾਮ, ਬਾਣੀ, ਸਿੱਖੀ ਪ੍ਰਚਾਰ ਦੀ ਗੁਰੂ ਕਲਗੀਧਰ ਸੁਆਮੀ ਦੀ ਬਖ਼ਸ਼ੀ ਸੇਵਾ, ਦੇਸ਼ ਦੇ ਕੋਨੇ-ਕੋਨੇ ਪ੍ਰਚਾਰ ਕੇ ਗੁਰੂ ਨਾਨਕ ਦੇਵ ਜੀ ਦੇ ਘਰ ਦੀਆਂ ਖ਼ੁਸ਼ੀਆਂ ਲੈ ਰਹੇ ਹਨ। ਸਤਿਗੁਰੂ ਜੀ ਦੀ ਨਦਰ-ਨਿਹਾਲਤਾ, ਸਦ ਗੁਣਾਂ ਦੇ ਕਾਰਨ ਨਿਰਮਲ ਪੰਥ ਦਾ ਭਵਿੱਸ਼ਜ ਉੱਜਲ ਹੈ।

## ਉਪ ਸੰਹਾਰ

ਨਿਰਮਲ ਪੰਥ ਦੀਆਂ 33-34 ਸ਼ਾਖਾਂ ਹਨ, ਜਿਨ੍ਹਾਂ ਨੂੰ ਨਿਰਮਲ ਪੰਥ ਦੀ ਪਰਿਭਾਸ਼ਾ ਵਿੱਚ ਸੰਪ੍ਰਦਾਇ ਕਿਹਾ ਜਾਂਦਾ ਹੈ। ਕੁਝ ਸੰਪ੍ਰਦਾਵਾਂ ਭਾਈ ਦਇਆ ਸਿੰਘ ਜੀ (ਪਿਆਰੇ) ਤੋਂ, ਕੁਝ ਭਾਈ ਧਰਮ ਸਿੰਘ ਜੀ (ਪਿਆਰੇ) ਤੋਂ ਚਲੀਆਂ ਮੰਨੀਆਂ ਜਾਂਦੀਆਂ ਹਨ। ਨਿਰਮਲ ਪੰਥ ਦੇ ਇਤਿਹਾਸ ਅਨੁਸਾਰ ਕਾਸ਼ੀ ਤੋਂ ਵਿਦਿਆ ਪ੍ਰਾਪਤ ਕਰਕੇ ਪੰਜੇ ਨਿਰਮਲੇ ਸੰਤ 1699 ਈ. ਵਿਚ ਗੁਰੂ ਕਲਗੀਧਰ ਸੁਆਮੀ ਦੇ ਚਰਨ ਕਮਲਾਂ ਵਿਚ ਪੁੱਜੇ। ਇਨ੍ਹਾਂ ਦੇ ਆਉਣ ਤੋਂ ਪਹਿਲਾਂ ਵੈਸਾਖੀ ਦੇ ਪਰਵ 'ਤੇ ਗੁਰੂ ਗੋਬਿੰਦ ਸਿੰਘ ਜੀ ਪੰਜ ਪਿਆਰਿਆਂ ਦੀ ਸੀਸ ਭੇਟ ਪਰਖ ਦੁਆਰਾ ਅੰਮ੍ਰਿਤ ਦੀ ਮਰਯਾਦਾ ਚਾਲੂ ਕਰਕੇ ਖ਼ਾਲਸਾ ਪੰਥ ਦੀ ਸਿਰਜਣਾ ਕਰ ਚੁੱਕੇ ਸਨ। ਸੰਗਤਾਂ ਨੂੰ ਦੀਵਾਨ ਵਿਚ ਪ੍ਰਤਿ ਦਿਨ ਅੰਮ੍ਰਿਤ ਛਕਣ ਦਾ ਉਪਦੇਸ਼ ਦਿੰਦੇ ਸਨ।

ਸਤਿਗੁਰੂ ਜੀ ਦਾ ਉਪਦੇਸ਼ ਸ਼ਰਵਣ ਕਰਕੇ ਪੰਜੇ ਨਿਰਮਲੇ ਸੰਤਾਂ ਨੇ ਵੀ ਅੰਮ੍ਰਿਤ ਪਾਨ ਦੀ ਪ੍ਰਾਪਤੀ ਲਈ ਬੇਨਤੀ ਕੀਤੀ। ਗੁਰੂ ਜੀ ਦੀ ਆਗਿਆ ਅਨੁਸਾਰ ਭਾਈ ਦਇਆ ਸਿੰਘ ਜੀ ਪਿਆਰੇ ਅਤੇ ਭਾਈ ਧਰਮ ਸਿੰਘ ਜੀ ਪਿਆਰੇ ਨੇ ਪੰਜਾਂ ਪਿਆਰਿਆਂ ਦੁਆਰਾ ਪੰਜਾਂ ਨਿਰਮਲੇ ਸੰਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ। ਇਸ ਸਮੇਂ ਗੁਰੂ ਜੀ ਦੀ ਆਗਿਆ ਅਨੁਸਾਰ ਕੁਝ ਨਿਰਮਲੇ ਸੰਤਾਂ ਨੂੰ ਭਾਈ ਦਇਆ ਸਿੰਘ ਜੀ ਨੇ ਅਤੇ ਕੁਝ ਨੂੰ ਭਾਈ ਧਰਮ ਸਿੰਘ ਜੀ ਨੇ ਰਹਿਤ ਮਰਯਾਦਾ ਦੱਸੀ ਅਤੇ ਗੁਰਮੰਤ੍ਰ ਦਾ ਉਪਦੇਸ਼ ਦਿੱਤਾ। ਇਸ ਕਰਕੇ ਨਿਰਮਲ ਪੰਥ ਦੀਆਂ ਸਮੂਹ ਸ਼ਾਖਾਂ (ਸੰਪ੍ਰਦਾਵਾਂ) ਇਨ੍ਹਾਂ ਦੋਹਾਂ ਪਿਆਰਿਆਂ ਨਾਲ ਜਾ ਕੇ ਮਿਲਦੀਆਂ ਹਨ। ਕੁਝ ਸ਼ਾਖ਼ਾਂ (ਸੰਪ੍ਰਦਾਵਾਂ) ਅਜਿਹੀਆਂ ਵੀ ਹਨ, ਜੋ ਦਸਮ ਗੁਰੂ ਜੀ ਦੇ ਹਜ਼ੂਰੀ ਸਿੰਘਾਂ ਦਾ ਅਨਜ ਤਪ-ਤੇਜ ਵਾਲੇ ਨਾਮ ਅਭਿਆਸੀ ਮਹਾਂਪੁਰਖਾਂ ਤੋਂ ਆਰੰਭ ਹੋਈਆਂ ਹਨ। ਇਹ ਸੰਪ੍ਰਦਾਵਾਂ ਪਿੰਡਾਂ, ਸ਼ਹਿਰਾਂ, ਤੀਰਥਾਂ, ਨਦੀਆਂ ਜਾਂ ਮਹਾਂਪੁਰਖਾਂ ਦੇ ਨਾਵਾਂ 'ਤੇ ਪ੍ਰਚਲਤ ਸਨ। ਇਨ੍ਹਾਂ ਸਾਰੀਆਂ ਸੰਪ੍ਰਦਾਵਾਂ ਦੇ ਹਜ਼ਾਰਾਂ ਡੇਰੇ, ਆਸ਼ਰਮ ਹਨ। ਅਸੀਂ ਸੰਖੇਪ ਵਿਚ ਸਾਰੀਆਂ ਸੰਪ੍ਰਦਾਵਾਂ ਦੇ ਕੇਵਲ ਨਾਉਂ ਅੰਕਿਤ ਕਰਦੇ ਹਾਂ। ਭਾਈ ਦਇਆ ਸਿੰਘ ਜੀ ਪਿਆਰੇ ਨਾਲ ਸੰਬੰਧਤ ਸੰਪ੍ਰਦਾਵਾਂ ਇਹ ਹਨ :

1. ਨੌਰੰਗਾਬਾਦ, 2. ਆਯੁਧਿਆ, 3. ਰਾਮ ਤੀਰਥ, 4. ਗਿੜਵੜੀ, 5. ਮੰਗਵਾਲ, 6. ਦੁਭੇਰਨ, 7. ਕਾਦੀਆਂ, 8. ਮਹਿਮਾ ਸ਼ਾਹ, 9. ਡਰੋਲੀ, 10. ਮੁਕਤਿਸਰ, 11. ਦੌਧਰ, 12. ਸੇਖਵਾਂ, 13. ਗੁਰੂਸਰ, 14. ਜਲਾਲ।

ਭਾਈ ਧਰਮ ਸਿੰਘ ਜੀ ਪਿਆਰੇ ਨਾਲ ਸੰਬੰਧਤ ਸੰਪ੍ਰਦਾਵਾਂ :

1. ਠਾਕਰ ਦਿਆਲ ਸਿੰਘ ਜੀ, 2. ਨੰਗਾਲੀ ਸਾਹਿਬ, 3. ਖਡੂਰ ਸਾਹਿਬ, 4. ਬਾਲੌਂਗੀ, 5. ਕਾਸ਼ੀ, 6. ਕਬੇਰ, 7. ਕਟਈ (ਅੰਤਰਜਾਮੀ), 8. ਗੰਧੀਆਂ, 9. ਠੀਕਰੀਵਾਲਾ, 10. ਬਰਨਾਲਾ।


ਹੋਰ ਸੰਪ੍ਰਦਾਵਾਂ - ਦਮਦਮਾ ਸਾਹਿਬ, ਪੰਡੋਰੀ, ਨਿੱਝਰਾਂ, ਭਾਈ ਕੋਇਰ ਸਿੰਘ, ਬਾਬਾ ਕੂਮਾ ਸਿੰਘ, ਬਹਾਲ ਸਿੰਘ ਬਿਹਾਰ ਬਿੰਦ੍ਰਾਵਨ ਆਦਿਕ ਪ੍ਰਸਿੱਧ ਹਨ।

ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਨੇ ਸਾਰੀਆਂ ਸੰਪ੍ਰਦਾਵਾਂ ਦੀ 'ਨਿਰਮਲ ਪੰਥ ਗੁਰਪ੍ਰਣਾਲਕਾ (ਵੰਸਾਵਲੀ)' ਵੀ ਤਿਆਰ ਕੀਤੀ ਸੀ। ਅਸੀਂ ਨਮੂਨੇ ਵਜੋਂ

ਕੇਵਲ 'ਠਾਕਰ ਦਿਆਲ ਸਿੰਘ' ਸੰਪ੍ਰਦਾਇ ਦੀ ਗੁਰਪ੍ਰਣਾਲਕਾ ਇਥੇ ਅੰਕਿਤ ਕਰਦੇ ਹਾਂ।

## ਹਵਾਲੇ ਤੇ ਟਿੱਪਣੀਆਂ

1. ਸ੍ਰੀ ਸੰਤ ਮਾਨ ਸਿੰਘ ਜੀ ਸ੍ਰੀ ਦਸਮ ਪਿਤਾ ਜੀ ਦੇ ਹਜ਼ੂਰੀ ਸਿੱਖ ਸਨ । ਇਸ ਗੱਲ ਨੂੰ ਸ੍ਰੀ ਸੰਤ ਨਿਹਾਲ ਸਿੰਘ ਜੀ ਕਵੀਂਦ੍ਰ ਇਕ ਹੋਰ ਪ੍ਰਮਾਣ ਨਾਲ ਸਿੱਧ ਕਰਦੇ ਹਨ :
"ਮੋਖ ਪੰਥ ਬਨੇ ਕਾ ਸੰਮਤ ਅਠਾਰਾ ਸੈਂ ਪੈਂਤੀ ਏਕਾਅਰਥ ਨਿਕਸ੍ਯੋ । ਅਤੇ ਸਤਾਰਾ ਸੈਂ ਪਹਿਠੇ ਮੈਂ ਗੁਰੂ ਗੋਬਿੰਦ ਸਿੰਘ ਜੀ ਵਿਦੇਹ ਮੋਖ ਹੋਣਾ ਹੂਆ ਹੈ । ਜਾਤੈ ਪੈਂਤੀਂ ਔ ਪੈਂਤੀ ਸੱਤਰ ਬਰਖ ਗੁਰੂ ਜੀ ਤੇ ਪੀਛੇ ਮੋਖ ਪੰਥ ਬਨਾ ਹੈ । ਸੋ ਸਤਰ ਬਰਖ ਏਕ ਪੁਰਖ ਕੀ ਆਯੂ ਮੈਂ ਤੋਂ ਕਿਛ ਭੀ ਸੰਦੇਹ ਨਹੀਂ । ਸੋ ਇਨ ਸਤਰ ਬਰਖਨ ਮੈਂ ਹੀ ਦੋਇ ਹੂਏ ਹੈਂ ਏਕ ਮਾਨ ਸਿੰਘ ਜੀ ਦੂਜੇ ਗੁਲਾਬ ਸਿੰਘ ਤੋਂ ਜ਼ਰੂਰ ਹੀ ਗੁਰੂ ਕੇ ਹਜ਼ੂਰੀ ਸਿੰਘਨ ਕੇ ਬੀਚ ਏ ਭਏ ਹੈਂ ।" (ਕਵੀਂਦ੍ਰ ਪ੍ਰਕਾਸ਼, ਪੱਤਰਾ 49)
2. ਇਹ ਟੀਕਾ ਪੰਡਿਤ ਚੰਦ੍ਰਜ ਸਿੰਘ ਟੀਕਾਕਾਰ ਦੇ ਨਾਮ ਨਾਲ ਸਰਵ ਪ੍ਰਸਿੱਧ ਹੈ। ਚੰਦ੍ਰਜ ਸਿੰਘ, ਪੰਡਿਤ ਬੁੱਧ ਸਿੰਘ ਜੀ ਦਾ ਉਪਨਾਮ ਸੀ। ਪੁਰਾਨਕ ਮਿਥਿਹਾਸ ਦੇ ਆਧਾਰ 'ਤੇ 'ਬੁੱਧ' ਤੋਂ 'ਚੰਦ੍ਰਜ' ਨਾਮ ਬਣਾਇਆ ਹੈ। ਪੁਰਾਣਾਂ ਅਨੁਸਾਰ 'ਚੰਦ੍ਰਮਾ' 'ਬੁੱਧ' ਦਾ ਪਿਤਾ ਹੈ। 'ਚੰਦ੍ਰਜ' ਸ਼ਬਦ ਦਾ ਅਰਥ ਹੈ 'ਚੰਦ੍ਰਮਾ' ਦਾ ਪੁੱਤਰ; ਚੰਦ੍ਰਮਾ ਦਾ ਪੁੱਤਰ ਬੁੱਧ ਸੀ। ਇਸ ਤਰ੍ਹਾਂ ਕੂਟ ਭਾਸ਼ਾ ਅਨੁਸਾਰ ਪੰਡਿਤ ਜੀ ਨੇ ਇਹ ਉਪਨਾਮ ਧਾਰਨ ਕੀਤਾ ਹੈ।


ਸੰਪ੍ਰਦਾਇ
ਸ੍ਰੀ ਠਾਕੁਰ ਦਿਆਲ ਸਿੰਘ ਜੀ
ਅੰਮ੍ਰਿਤਸਰ
ਸ੍ਰੀ ਗੁਰੂ ਨਾਨਕ ਦੇਵ ਜੀ
ਸ੍ਰੀ ਗੁਰੂ ਗੋਬਿੰਦ ਸਿੰਘ ਜੀ

# ਮਿਹਰਵਾਨੀ ਸੰਪ੍ਰਦਾਇ

ਡਾ. ਬਲਜਿੰਦਰ ਕੌਰ ਜੋਸ਼ੀ*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਸਾਰਾ ਜੀਵਨ ਲੋਕਾਂ ਨੂੰ ਸਤਿ ਮਾਰਗ ਦਾ ਪਤਾ ਦਸਦਿਆਂ ਸ਼ੁਭ ਕਰਮ ਕਰਨ ਤੇ ਸੱਚੇ ਮਾਰਗ ਤੇ ਚਲਣ ਲਈ ਉਤਸ਼ਾਹ ਦਿੰਦਿਆਂ ਗੁਜ਼ਾਰਿਆ। ਉਹਨਾਂ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣਾ ਗੱਦੀ-ਨਸ਼ੀਨ ਆਪਣੇ ਪਰਮ ਸੇਵਕ ਤੇ ਸਿਮਰਨ ਭਜਨ ਵਿਚ ਲੀਨ ਭਾਈ ਲਹਿਣਾ ਜੀ ਨੂੰ ਚੁਣਿਆ ਤੇ ਅੰਗ ਲਗਾ ਕੇ ਗੁਰੂ ਅੰਗਦ ਬਣਾ ਦਿੱਤਾ। ਇਸ ਗੱਲ ਦਾ ਵਿਰੋਧ ਗੁਰੂ ਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਕੀਤਾ, ਕਿਉਂਕਿ ਉਹ ਆਪਣੇ ਆਪ ਨੂੰ ਗੁਰੂ ਪੁੱਤਰ ਹੋਣ ਕਾਰਨ ਗੱਦੀ ਦਾ ਵਾਰਸ ਜਾਂ ਹੱਕਦਾਰ ਸਮਝਦੇ ਸਨ। ਉਹਨਾਂ ਨੇ ਇਸ ਦੁੱਖੋਂ ਆਪਣੀ ਵੱਖਰੀ ਉਦਾਸੀ ਸੰਪ੍ਰਦਾਇ ਚਲਾ ਲਈ।

ਜਦੋਂ ਗੁਰੂ ਅੰਗਦ ਦੇਵ ਜੀ ਨੂੰ ਧੁਰ ਦਰਗਾਹੋਂ ਸੱਦਾ ਆਇਆ ਤਾਂ ਆਪ ਨੇ ਯੋਗ ਸਿੱਖ ਭਾਈ ਅਮਰਦਾਸ ਨੂੰ ਗੁਰਗੱਦੀ ਸੌਂਪ ਕੇ ਸ੍ਰੀ ਗੁਰੂ ਅਮਰਦਾਸ ਬਣਾ ਦਿੱਤਾ। ਆਪਦੇ ਦੋਨਾਂ ਪੁੱਤਰਾਂ ਦਾਤੂ ਜੀ ਤੇ ਦਾਸੂ ਜੀ ਨੇ ਵਿਰੋਧ ਕੀਤਾ। ਇਸੇ ਤਰ੍ਹਾਂ ਜਦੋਂ ਗੁਰੂ ਅਮਰਦਾਸ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਭਾਈ ਜੇਠਾ ਜੀ ਨੂੰ ਗੁਰਿਆਈ ਬਖਸ਼ ਕੇ ਗੁਰੂ ਰਾਮਦਾਸ ਜੀ ਬਣਾਇਆ ਤਾਂ ਉਹਨਾਂ ਦੇ ਦੋਨੋਂ ਪੁੱਤਰਾਂ ਭਾਈ ਮੋਹਨ ਜੀ ਤੇ ਮੋਹਰੀ ਜੀ ਨੇ ਇਸ ਦਾ ਵਿਰੋਧ ਕੀਤਾ, ਕਿਉਂਕਿ ਉਹਨਾਂ ਦਾ ਵਿਚਾਰ ਸੀ ਕਿ ਇਹ ਗੁਰਗੱਦੀ ਸਾਡੇ ਪਿਤਾ ਦੀ ਹੈ ਤੇ ਸਾਨੂੰ ਹੀ ਮਿਲਣੀ ਚਾਹੀਦੀ ਸੀ।[1]

ਜਦੋਂ ਗੁਰੂ ਰਾਮਦਾਸ ਜੀ ਨੇ ਆਪਣੇ ਸਭ ਤੋਂ ਛੋਟੇ ਪੁੱਤਰ ਨੂੰ ਗੁਰਿਆਈ ਦਾ ਤਿਲਕ ਲਗਾਇਆ ਤਾਂ ਪ੍ਰਿਥੀ ਚੰਦ ਨੇ ਬੜਾ ਵਿਰੋਧ ਕੀਤਾ। ਭਾਈ ਗੁਰਦਾਸ ਜੀ ਨੇ ਇਹਨਾਂ ਸਾਰਿਆਂ ਦਾ ਜ਼ਿਕਰ ਬੜੇ ਸਰਲ ਸ਼ਬਦਾਂ ਵਿਚ ਕੀਤਾ ਹੈ :

*ਬਾਲ ਜਤੀ ਹੈ ਸਿਰੀ ਚੰਦੁ ਬਬਬਾਣਾ ਦੇਹੁਰਾ ਬਣਾਇਆ।*
*ਲਖਮੀਦਾਸਹੁ ਧਰਮਚੰਦ ਪੋਤਾ ਹੁਇਕੈ ਆਪੁ ਗਣਾਇਆ।*
*ਮੰਜੀ ਦਾਸ ਬਹਾਲਿਆ ਦਾਤਾ ਸਿਧਾਸਣ ਸਿਖ ਆਇਆ।*
*ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ।*
*ਮੀਣਾ ਹੋਆ ਪਿਰਥੀਆ ਕਰਿ ਕਰਿ ਬੇਮੁਖ ਕੁਤਾ ਭਉਕਾਇਆ।*
*ਚੰਦਨ ਵਾਸੁ ਨਾ ਵਾਸ ਬੋਹਾਇਆ।[2]*

ਗੁਰੂ ਰਾਮਦਾਸ ਜੀ ਦੇ ਤਿੰਨ ਸਾਹਿਬਜ਼ਾਦੇ ਸਨ - ਪ੍ਰਿਥੀਚੰਦ, ਮਹਾਂਦੇਵ ਤੇ ਅਰਜਨ ਦੇਵ। ਗੁਰੂ ਸਾਹਿਬ ਨੇ ਆਪਣੇ ਪੂਰਵਵਰਤੀ ਸਤਿਗੁਰੂ ਸਾਹਿਬਾਨ ਵਾਂਗ ਗੁਰਗੱਦੀ ਦੇ

---

* ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਵਾਰਿਸ ਦੀ ਚੋਣ ਗੁਣਾਂ ਦੇ ਆਧਾਰ ਤੇ ਕਰਨ ਦਾ ਫ਼ੈਸਲਾ ਕੀਤਾ। ਪ੍ਰਿਥੀਚੰਦ ਤੇ ਮਹਾਂਦੇਵ ਇਸ ਮਹਾਨ ਗੱਦੀ ਦੇ ਯੋਗ ਨਾ ਸਮਝੇ ਜਾਣ ਦਾ ਕਾਰਨ ਸੀ, ਉਨ੍ਹਾਂ ਵਿੱਚ ਭਰਿਆ ਹੋਇਆ ਹਉਮੈ।

ਪ੍ਰਿਥੀਚੰਦ ਸ੍ਰੀ ਗੁਰੂ ਰਾਮਦਾਸ ਜੀ ਦੇ ਸਭ ਤੋਂ ਵੱਡੇ ਸਪੁੱਤਰ ਸਨ, ਪਰ "ਆਪ ਦਾ ਸੁਭਾਅ ਆਪਣੇ ਪਿਤਾ ਦੇ ਸੁਭਾਅ ਤੋਂ ਬਿਲਕੁਲ ਉਲਟ ਸ਼ੀ। ਜਿਥੇ ਪਿਤਾ ਸ਼ਾਂਤੀ ਦੇ ਪੁੰਜ, ਸਬਰ ਤੇ ਸੰਤੋਖ ਦੀਆਂ ਅਤੁੱਟ ਦਾਤਾਂ ਦੇ ਮਾਲਕ ਸਨ, ਉਥੇ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਕਈ ਵਾਰ ਲੋਭ ਅਤੇ ਲਾਲਚ ਵਿਚ ਆ ਕੇ ਆਪਣੇ ਪਿਤਾ ਨਾਲ ਝਗੜਾ ਵੀ ਕਰ ਲੈਂਦੇ ਸਨ।"[1]

ਇਸ ਦਾ ਪ੍ਰਮਾਣ ਗੁਰੂ ਰਾਮਦਾਸ ਜੀ ਦੀ ਬਾਣੀ ਵਿਚੋਂ ਵੀ ਮਿਲਦਾ ਹੈ, ਜਿਸ ਵਿਚ ਉਹ ਪੁੱਤਰ ਵੱਲੋਂ ਕੀਤੇ ਜਾ ਰਹੇ ਕਲੇਸ਼ ਵੱਲ ਇਸ਼ਾਰਾ ਕਰਦੇ ਹਨ ਤੇ ਉਸ ਨੂੰ ਸੁਧਾਰਨ ਲਈ ਆਖਦੇ ਹਨ:

*ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥*
*ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ ਰਹਾਉ ॥*
*ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥*
*ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥੧॥*
*ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥*
*ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੨॥*[2]

ਗੁਰੂ ਜੀ ਦਾ ਦੂਜਾ ਸਾਹਿਬਜ਼ਾਦਾ ਮਹਾਂਦੇਵ ਉਦਾਸੀ ਬਿਰਤੀ ਵਾਲਾ ਤਿਆਗੀ ਸੁਭਾਅ ਦਾ ਸੁਆਮੀ ਸੀ। ਜਿਥੇ ਪ੍ਰਿਥੀ ਚੰਦ ਦੁਨੀਆਦਾਰੀ ਵਿਚ ਖਚਤ ਸਨ, ਉਥੇ ਮਹਾਂਦੇਵ ਦੁਨੀਆਂ ਤੋਂ ਉਪਰਾਮ ਸੀ। ਇਹ ਦੋਵੇਂ ਰੁਚੀਆਂ ਗੁਰਮਤ ਦੇ ਅਨੁਕੂਲ ਨਹੀਂ ਸਨ, ਕਿਉਂਕਿ ਗੁਰੂ ਘਰ ਦਾ ਆਸ਼ਾ "ਪਰਵਿਰਤੀ ਵਿਚ ਨਿਰਬਿਰਤੀ", "ਜਲ ਵਿਚ ਕੰਵਲ ਨਿਰਾਲਮ" ਦੇ ਆਦਰਸ਼ ਵਾਲਾ ਸੀ।[3]

ਪ੍ਰਿਥੀ ਚੰਦ ਸੁਭਾਅ ਕਰਕੇ ਬੜਾ ਚਤੁਰ, ਕਪਟੀ, ਹੰਕਾਰੀ, ਧੋਖੇਬਾਜ਼ ਪਰ ਉਪਰੋਂ ਬੜਾ ਭਲਾ ਪੁਰਖ ਨਜ਼ਰ ਆਉਂਦਾ ਸੀ। ਪ੍ਰੋ. ਤੇਜਾ ਸਿੰਘ ਨੇ ਦਬਿਸਤਾਨ ਮਜ਼ਹਬ ਦਾ ਹਵਾਲਾ ਦਿੰਦਿਆਂ ਲਿਖਿਆ ਕਿ ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਸਨ, ਸਭ ਤੋਂ ਵੱਡਾ ਪ੍ਰਿਥੀ ਚੰਦ ਇਕ ਸਾਜ਼ਸੀ ਆਦਮੀ ਸੀ, ਜਿਸ ਨੂੰ ਗੁਰੂ ਜੀ 'ਮੀਣਾ' ਕਰਕੇ ਬੁਲਾਂਦੇ ਸਨ।[4]

ਪਰ ਕੇਸਰ ਸਿੰਘ ਛਿੱਬਰ ਅਨੁਸਾਰ ਇਹ 'ਮੀਣਾ' ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਿਥੀ ਚੰਦ ਲਈ ਉਦੋਂ ਵਰਤਿਆ ਜਦੋਂ ਉਸ ਦੀ ਬਾਲ (ਸ੍ਰੀ ਗੁਰੂ) ਹਰਿ ਗੋਬਿੰਦ ਜੀ ਨੂੰ ਜ਼ਹਿਰ ਦਿਵਾਉਣ ਦਾ ਪੜਦਾ ਫਾਸ਼ ਹੋਇਆ।

ਸਤਿਗੁਰੂ ਨੇ ਪ੍ਰਿਥੀ ਚੰਦ ਪ੍ਰਤੀ ਬਚਨ ਕੀਤਾ:

*ਸਾਹਿਬ ਬਚਨ ਕੀਤਾ ਕੇਹਾ ਬਣਿ ਬੈਠਾ ਹੈ ਮੀਣਾ ॥*
*ਹੋਵਣ ਵੱਡੇ ਤੇ ਕਰਮ ਕਰਨ ਹੀਣਾ ॥*[5]

ਪ੍ਰਿਥੀ ਚੰਦ ਤੇ ਉਸਦੇ ਅਨੁਯਾਈਆਂ ਦੇ ਗੁਰੂ ਘਰ ਨਾਲ ਵੈਰ ਵਿਰੋਧ ਤੇ ਮਾੜੇ ਵਿਹਾਰ ਕਾਰਨ ਸਿੱਖ ਜਗਤ ਵਿਚ ਇਹਨਾਂ ਦੀ ਅੱਲ ਮੀਣੇ ਪੈ ਗਈ।

*ਉਨਾਂ ਦਾ ਪੈ ਗਈ ਜਗਤ ਵਿਹਿ ਕੁਸਾਖਾ ॥*
*ਮੀਣਾ ਨਾਉਂ ਉਨ੍ਹਾਂ ਦਾ ਲੋਕਾਂ ਛਡਿਆ ਰਾਖਾ ॥*[8]

ਸਿੱਖ ਜਗਤ ਵਿਚ ਇੱਕ ਸਾਖੀ ਬੜੀ ਪ੍ਰਸਿੱਧ ਹੈ ਕਿ ਜਿਸ ਨਾਲ ਪ੍ਰਿਥੀ ਚੰਦ ਮੀਣਾ ਹੋਣਾ ਸਾਬਤ ਹੋਇਆ। ਗੁਰੂ ਰਾਮਦਾਸ ਜੀ ਦੇ ਤਾਇਆ ਜੀ ਦੇ ਸਾਹਿਬਜ਼ਾਦੇ ਲਾਹੌਰ ਨਿਵਾਸੀ ਸੰਗਾਰੀ ਮੱਲ ਦੇ ਬੇਟੇ ਦੀ ਸ਼ਾਦੀ ਸੀ। ਉਹ ਸਤਿਗੁਰੂ ਜੀ ਨੂੰ ਲੈਣ ਲਈ ਆਇਆ ਕਿ ਆਪ ਸ਼ਾਦੀ ਵਿਚ ਸ਼ਾਮਲ ਹੋਵੇ। ਆਪ ਜੀ ਨੇ ਸਾਧ ਸੰਗਤ ਦੀ ਆਵਾਜਾਈ ਕਾਰਨ ਆਪ ਹਾਜ਼ਰ ਹੋਣ ਤੋਂ ਅਸਮਰਥ ਪ੍ਰਗਟ ਕਰਦਿਆਂ ਆਪਣੇ ਸਾਹਿਬਜ਼ਾਦੇ ਨੂੰ ਭੇਜਣ ਦਾ ਵਾਅਦਾ ਕੀਤਾ।

ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਲੜਕੇ ਪ੍ਰਿਥੀਚੰਦ ਨੂੰ ਲਾਹੌਰ ਜਾਣ ਲਈ ਹੁਕਮ ਕੀਤਾ, ਜੋ ਬੜਾ ਲਾਲਚੀ, ਹੰਕਾਰੀ, ਕਪਟੀ ਤੇ ਸ਼ੱਕੀ ਸੁਭਾਅ ਦਾ ਸੁਆਮੀ ਸੀ। ਪਰ ਉਹ ਨਹੀਂ ਜਾਣਾ ਚਾਹੁੰਦਾ ਸੀ। ਉਸਦੀ ਨਜ਼ਰ ਸੰਗਤਾਂ ਦੀ ਭੇਟਾ ਸੀ ਅਤੇ ਉਹ ਠੱਗੀ ਠੋਰੀ ਨਾਲ ਸੰਗਤਾਂ ਦਾ ਪੈਸਾ ਆਪਣੇ ਪਾਸ ਹੀ ਰੱਖ ਲੈਂਦਾ ਸੀ ਤਾਂ ਕਿ ਉਹ ਅਮੀਰ ਬਣ ਸਕੇ। ਇਸ ਲਈ ਉਹ ਲਾਹੌਰ ਨਹੀਂ ਸੀ ਜਾਣਾ ਚਾਹੁੰਦਾ। ਦੂਜਾ ਕਾਰਨ ਸੀ ਕਿ ਉਸ ਦੇ ਮਨ ਵਿਚ ਸ਼ੱਕ ਸੀ ਕਿ ਉਸਦਾ ਛੋਟਾ ਭਰਾ ਉਸਦੀ ਗੈਰ ਹਾਜ਼ਰੀ ਵਿਚ ਸਤਿਗੁਰੂ ਦੇ ਨੇੜੇ ਰਹਿ ਕੇ ਸੇਵਾ ਦੁਆਰਾ ਪਿਆਰ ਵਧਾ ਕੇ ਗੁਰਗੱਦੀ ਹਾਸਲ ਕਰ ਲਵੇਗਾ। ਇਸ ਵਿਚਾਰ ਨੂੰ ਮਨ ਵਿਚ ਧਾਰ ਕੇ ਉਸਨੇ ਸਫ਼ਰ ਦੀ ਗਰਮੀ ਅਤੇ ਕੰਮਕਾਰ ਜ਼ਿਆਦਾ ਹੋਣ ਦਾ ਬਹਾਨਾ ਕਰਕੇ ਜਾਣੋਂ ਸਾਫ਼ ਇਨਕਾਰ ਕਰ ਦਿੱਤਾ। ਇਸ ਨਾਲ ਗੁਰੂ ਰਾਮਦਾਸ ਜੀ ਦੇ ਸਾਹਮਣੇ ਪ੍ਰਿਥੀ ਚੰਦ ਦੇ ਮਨ ਦੀ ਖੋਟ ਤੇ ਕਪਟ ਪਹਿਲੀ ਵਾਰ ਸਪਸ਼ਟ ਰੂਪ ਵਿਚ ਪ੍ਰਗਟ ਹੋਏ ਤੇ ਉਹਨਾਂ ਦਾ ਮਨ ਉਸ ਵੱਲੋਂ ਕਾਫ਼ੀ ਖੱਟਾ ਹੋ ਗਿਆ।

ਫਿਰ ਸਤਿਗੁਰੂ ਨੇ ਦੂਸਰੇ ਪੁੱਤਰ ਮਹਾਂਦੇਵ ਨੂੰ ਸੰਗਾਰੀ ਮੱਲ ਦੇ ਪੁੱਤਰ ਦੇ ਵਿਆਹ ਵਿੱਚ ਸ਼ਾਮਲ ਹੋਣ ਨੂੰ ਹੁਕਮ ਕੀਤਾ ਤਾਂ ਉਸ ਨੇ ਆਪਣੇ ਵਿਰਕਤ ਸੁਭਾਅ ਕਾਰਨ ਅਜਿਹੇ ਸੰਸਾਰੀ ਰਸਮਾਂ ਰਿਵਾਜਾਂ ਦੇ ਝਮੇਲਿਆਂ ਵਿੱਚ ਜਾਣ ਤੋਂ ਆਪਣੀ ਅਸਮਰੱਥਾ ਪ੍ਰਗਟ ਕੀਤੀ। ਭਾਈ ਸੰਤੋਖ ਸਿੰਘ ਦੇ ਸ਼ਬਦਾਂ ਵਿੱਚ ਇਹਨਾਂ ਪੁੱਤਰਾਂ ਬਾਰੇ ਮਾਤਾ ਭਾਨੀ ਦਾ ਵਿਚਾਰ ਸੀ ਕਿ :

*ਪ੍ਰਿਥੀਏ ਕੋ ਸਭਾਉ ਅਹੰਕਾਰੀ ॥*
*ਨਹੀ ਰਹਿਤ ਪਿਤ ਕੇ ਅਨੁਸਾਰੀ ॥*
*ਮਹਾਦੇਵ ਕੋ ਮਸਤ ਸਭਾਉ ॥*
*ਹਾਣ ਲਾਭ ਕੋ ਲਖੈ ਨਾ ਕਾਊ ॥*[9]

ਅਖੀਰ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ (ਗੁਰੂ) ਅਰਜਨ ਵੱਲ ਨਿਗਾਹ ਕੀਤੀ ਤੇ ਲਾਹੌਰ ਜਾਣ ਲਈ ਆਖਿਆ। ਸੀਸ ਝੁਕਾ ਕੇ ਹੁਕਮ ਮੰਨ ਲਿਆ। ਗੁਰੂ ਜੀ ਨੇ ਆਪ ਨੂੰ ਇਹ ਹੁਕਮ ਕੀਤਾ ਕਿ ਜਿੰਨਾ ਚਿਰ ਅਸੀਂ ਬੁਲਾਈਏ ਨਾ ਤੁਸਾਂ ਉਥੇ ਹੀ ਟਿਕਣਾ ਹੈ। ਉਥੇ ਸੰਗਤਾਂ ਨੂੰ ਸਤਿ ਮਾਰਗ ਦਾ ਉਪਦੇਸ਼ ਦੇਣਾ ਹੈ। (ਗੁਰੂ) ਅਰਜਨ ਦੇਵ ਜੀ ਨੇ ਪਿਤਾ ਦੇ ਹੁਕਮ ਦੀ ਪਾਲਨਾ ਕੀਤੀ ਅਤੇ ਤੁਰੰਤ ਲਾਹੌਰ ਨੂੰ ਰਵਾਨਾ ਹੋ ਗਏ।

ਹੁਣ ਪ੍ਰਿਥੀ ਚੰਦ ਨੂੰ ਪ੍ਰਬੰਧ ਪੂਰੀ ਤਰ੍ਹਾਂ ਆਪਣੇ ਹੱਥ ਵਿੱਚ ਲੈਣ ਦਾ ਵਧੀਆ ਮੌਕਾ ਮਿਲ ਗਿਆ। ਮਸੰਦਾਂ ਵਿਚ ਵੀ ਉਸ ਦਾ ਪ੍ਰਭਾਵ ਬਹੁਤ ਵਧ ਗਿਆ। ਭਾਈ ਸੰਤੋਖ ਸਿੰਘ ਦੇ ਸ਼ਬਦਾਂ ਵਿਚ :

*ਜਿਤੇ ਮਸੰਦ ਗੁਰੂ ਅਗਵਾਈ ॥*
*ਸਭਿ ਪ੍ਰਿਥੀਏ ਅਨੁਸਾਰ ਰਹਾਈ ॥*[10]

ਹੁਣ ਉਹ ਮਨ ਮਰਜ਼ੀ ਕਰਦਾ। ਜੇਕਰ ਚਾਹੁੰਦਾ ਤਾਂ ਗੁਰੂ ਜੀ ਦਾ ਹੁਕਮ ਮੰਨਦਾ ਨਹੀਂ ਤਾਂ ਕੋਰਾ ਇਨਕਾਰ ਕਰ ਦਿੰਦਾ। ਸਤਿਗੁਰੂ ਪ੍ਰਿਥੀ ਚੰਦ ਦੇ ਮਨ ਵਿਚਲੇ ਕਪਟ ਤੋਂ ਜਾਣੂ ਸਨ ਪਰ ਚੁੱਪ ਸਨ। ਉਨ੍ਹਾਂ ਨੇ ਆਪਣੇ ਮਨ ਵਿਚ ਆਪਣੇ ਛੋਟੇ ਸਾਹਿਬਜ਼ਾਦੇ (ਗੁਰੂ) ਅਰਜਨ ਦੇਵ ਨੂੰ ਗੁਰਿਆਈ ਦੇਣ ਦਾ ਫ਼ੈਸਲਾ ਕਰ ਲਿਆ। ਪ੍ਰਿਥੀ ਚੰਦ ਧੱਕੇ ਨਾਲ ਗੁਰਗੱਦੀ ਹਾਸਲ ਕਰਨ ਦੇ ਮਨਸੂਬੇ ਤਿਆਰ ਕਰ ਰਿਹਾ ਸੀ। ਉਹ ਮਾਇਆ ਇਕੱਠੀ ਕਰ ਰਿਹਾ ਸੀ। ਮਸੰਦਾਂ ਤੇ ਆਪਣਾ ਪ੍ਰਭਾਵ ਤੇ ਦਬਾਅ ਵਧਾਉਣ ਦਾ ਯਤਨ ਕਰ ਰਿਹਾ ਸੀ ਤਾਂ ਜੋ ਸਮਾਂ ਆਉਣ ਤੇ ਉਹ ਮਾਇਆ ਤੇ ਅਸਰ ਰਸੂਖ ਨਾਲ ਆਪਣਾ ਮੰਤਵ ਸਿੱਧਾ ਕਰ ਲਵੇ। ਅਜਿਹੀ ਹਾਲਤ ਵਿੱਚ ਭਾਈ ਸੰਤੋਖ ਸਿੰਘ ਅਨੁਸਾਰ ਸਤਿਗੁਰੂ ਜੀ ਦੇ ਨਿਕਟ ਵਰਤੀ ਉਸ ਤੋਂ ਤ੍ਰਹਿੰਦੇ ਸਨ। ਭਾਈ ਜੀ ਦੇ ਸ਼ਬਦਾਂ ਵਿਚ :

*ਜਿਤਿਕੁ ਨਿਕਟ ਵਰਤੀ ਗੁਰ ਕੇਰੇ ॥*
*ਸਭਿ ਪ੍ਰਿਥੀਏ ਤੇ ਡਰਹਿ ਘਨੇਰੇ ॥*[11]

(ਗੁਰੂ) ਅਰਜਨ ਜੀ ਲਾਹੌਰ ਰਹਿ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ, ਪਰ ਉਨ੍ਹਾਂ ਦੇ ਮਨ ਅੰਦਰ ਗੁਰੂ ਪਿਤਾ ਦੇ ਦਰਸ਼ਨ ਦੀਦਾਰ ਕਰਨ ਦੀ ਬੜੀ ਤਮੰਨਾ ਸੀ। ਉਹ ਤੜਪ ਗਏ ਤੇ ਸਤਿਗੁਰੂ ਦੇ ਸੱਦੇ ਦੀ ਉਡੀਕ ਕਰਨ ਲੱਗੇ। ਉਨ੍ਹਾਂ ਨੇ ਇੱਕ ਸਿੱਖ ਹੱਥ ਗੁਰੂ ਜੀ ਨੂੰ ਚਿੱਠੀ ਭੇਜੀ, ਜਿਸ ਵਿਚ ਗੁਰੂ-ਦਰਸ਼ਨ ਦੀ ਤੀਬਰ ਇੱਛਾ ਦਾ ਬੜਾ ਕਰੁਣਾਮਈ ਜ਼ਿਕਰ ਸੀ :

*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥*
*ਤ੍ਰਿਖਾ ਨਾ ਉਤਰੈ ਸਾਂਤਿ ਨ ਆਵੈ ॥*
*ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਗੁਰ ਦਰਸਨ ਸੰਤ ਪਿਆਰੇ ਜੀਉ ॥ ਰਹਾਉ ॥*

ਪਰ ਇਹ ਚਿੱਠੀ ਪ੍ਰਿਥੀ ਚੰਦ ਦੇ ਹੱਥ ਲੱਗ ਗਈ ਤੇ ਸਤਿਗੁਰੂ ਰਾਮਦਾਸ ਤੱਕ ਉਸ ਨੇ ਪਹੁੰਚਣ ਹੀ ਨਾ ਦਿੱਤੀ। ਉਸਦਾ ਮਨੋਰਥ ਸੀ ਗੁਰੂ ਪਿਤਾ ਤੇ ਸਾਹਿਬਜ਼ਾਦੇ ਵਿਚ ਦੂਰੀ ਬਣੀ ਰਹੇ। ਜਦੋਂ ਚਿੱਠੀ ਦਾ ਉੱਤਰ ਨਾ ਆਇਆ ਤਾਂ (ਗੁਰੂ) ਅਰਜਨ ਦੇਵ ਜੀ ਨੇ ਦੂਸਰਾ ਖ਼ਤ ਲਿਖਿਆ :

*ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥*
*ਚਿਰੁ ਹੋਆ ਦੇਖੇ ਸਾਰਿੰਗਪਾਣੀ ॥*
*ਧੰਨੁ ਸੁ ਦੇਸੁ ਜਹਾ ਤੂੰ ਵਸਿਆ*
*ਮੇਰੇ ਸਜਣ ਮੀਤ ਮੁਰਾਰੇ ਜੀਉ ॥*
*ਹਉ ਘੋਲੀ ਹਉ ਘੋਲਿ ਘੁਮਾਈ*
*ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥*

ਇਹ ਚਿੱਠੀ ਵੀ ਪ੍ਰਿਥੀ ਚੰਦ ਨੇ ਆਪਣੇ ਕਬਜ਼ੇ ਵਿਚ ਕਰ ਲਈ ਅਤੇ ਇਸ ਬਾਰੇ ਗੁਰੂ ਰਾਮਦਾਸ ਜੀ ਨੂੰ ਕੋਈ ਸੂਚਨਾ ਨਾ ਦਿੱਤੀ।

(ਗੁਰੂ) ਅਰਜਨ ਦੇਵ ਜੀ ਨੂੰ ਦੂਸਰੇ ਖ਼ਤ ਦਾ ਜੁਆਬ ਵੀ ਨਾ ਮਿਲਿਆ ਤਾਂ ਆਪ ਨੇ ਅਨੁਮਾਨ ਲਗਾ ਲਿਆ ਕਿ ਖ਼ਤ ਪ੍ਰਿਥੀ ਚੰਦ ਨੇ ਰੱਖ ਲਏ ਹੋਣਗੇ। ਇਸ ਲਈ ਤਾਕੀਦ ਕੀਤੀ ਕਿ ਇਹ ਚਿੱਠੀ ਹਰ ਹਾਲਤ ਵਿਚ ਸਤਿਗੁਰੂ ਰਾਮਦਾਸ ਜੀ ਦੇ ਕਰ ਕੰਵਲਾਂ ਵਿਚ ਹੀ ਦੇਣੀ ਹੈ। ਸਿੱਖ ਨੇ ਇਉਂ ਹੀ ਕੀਤਾ। ਸਤਿਗੁਰੂ ਜੀ ਨੇ ਚਿੱਠੀ ਪੜੀ :

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨਾ ਆਵੈ*
*ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਤਿਸ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥*

ਇਸ ਖ਼ਤ ਨੂੰ '੩' ਅੰਕ ਲਗਾ ਦੇਖ ਕੇ ਸਤਿਗੁਰੂ ਨੇ ਪ੍ਰਿਥੀ ਚੰਦ ਤੋਂ ਪਹਿਲੇ ਦੋ ਖ਼ਤ ਮੰਗੇ ਪਰ ਉਹ ਮੁਕਰ ਗਿਆ। ਸਾਹਿਬ ਨੇ ਸਿੱਖ ਨੂੰ ਉਸ ਦੇ ਘਰ ਭੇਜ ਕੇ ਦੋਨੋਂ ਖ਼ਤ ਪ੍ਰਾਪਤ ਕਰ ਲਏ।

ਸਤਿਗੁਰੂ ਨੇ ਬਾਬਾ ਬੁੱਢਾ ਆਦਿ ਪੰਜ ਸਿੱਖ ਭੇਜ ਕੇ (ਗੁਰੂ) ਅਰਜਨ ਦੇਵ ਜੀ ਨੂੰ ਵਾਪਿਸ ਬੁਲਾਇਆ ਤਾਂ ਆਪ ਨੇ ਦਰਬਾਰ ਵਿਚ ਹਾਜ਼ਰ ਹੋ ਕੇ ਸ਼ੁਕਰਾਨੇ ਵਜੋਂ ਇਸ ਸ਼ਬਦ ਦਾ ਚੌਥਾ ਬੰਦ ਉਚਾਰਿਆ :

*ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥*
*ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥*
*ਸੇਵ ਕਰੀ ਪਲੁ ਚਸਾ ਨਾ ਵਿਛੁੜਾ*
*ਜਨ ਨਾਨਕ ਦਾਸ ਤੁਮਾਰੇ ਜੀਉ ॥੪॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਜਨ ਨਾਨਕ ਦਾਸ ਤੁਮਾਰੇ ਜੀਉ ॥ਰਹਾਉ॥*[12]

ਸਾਹਿਬਜ਼ਾਦਾ ਅਰਜਨ ਦੇਵ ਜੀ ਨੂੰ ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਤੋਂ ਗੁਰਿਆਈ ਦਾ ਤਿਲਕ 2 ਅਸੂ, 1638 (1 ਸਤੰਬਰ, 1581) ਨੂੰ ਲਗਵਾਇਆ ਅਤੇ ਆਪ ਮੱਥਾ ਟੇਕ ਕੇ ਜੋਤਿ ਤੇ ਜੁਗਤਿ ਗੁਰੂ ਅਰਜਨ ਦੇਵ ਜੀ ਨੂੰ ਬਖਸ਼ ਦਿੱਤੀ। ਕੇਸਰ ਸਿੰਘ ਛਿੱਬਰ ਅਨੁਸਾਰ ਪ੍ਰਿਥੀ ਚੰਦ ਗੁਰਗੱਦੀ ਨਾ ਮਿਲਣ ਕਰਕੇ ਬੜਾ ਦੁਖੀ ਹੋਇਆ :

*ਪ੍ਰਿਥੀਆ ਦੁਖ ਕਰੇ ਅਤ ਰੋਇਆ ॥*
*ਟਿੱਕੇ ਦੀ ਵਾਰੀ ਸੀ ਆਹੀ ਮੈਨੂੰ ਏ ਕੀ ਹੋਇਆ ॥*[13]

ਛਿੱਬਰ ਅਨੁਸਾਰ ਪ੍ਰਿਥੀ ਚੰਦ ਨੇ ਰੋਸ ਕੀਤਾ ਕਿ ਮੈਂ ਵੱਡਾ ਹਾਂ ਤੇ ਗੁਰਗੱਦੀ ਉਪਰ ਮੇਰਾ ਹੱਕ ਹੈ ਪਰ ਉਸਦੀ ਭਾਸ਼ਾ ਤੇ ਕਹਿਣ ਦਾ ਲਹਿਜਾ ਬੜਾ ਸਾਊਆਂ ਵਾਲਾ ਹੈ ਜਦੋਂ ਕਿ ਉਹ ਸੁਭਾਅ ਦਾ ਕੁਰਖਤ ਅਤੇ ਕਪਟੀ ਮੰਨਿਆ ਜਾਂਦਾ ਹੈ। ਉਹ ਕਹਿੰਦਾ ਹੈ ਕਿ ਮੈਂ ਤਾਂ ਬੇਨਤੀ

ਕਰਨੀ ਹੈ ਤੇ ਅਸੀਂ ਤਿੰਨੇ ਪੁੱਤਰ ਤੁਹਾਡੀ ਸ਼ਰਨ ਵਿੱਚ ਹਾਂ :

*ਪ੍ਰਿਥੀਏ ਪਿਤਾ ਨਾਲ ਕੀਤਾ ਸੀ ਜਬਾਬ ॥*
*ਅਰਜਨ ਨਿਕੜਾ ਅਸੀਂ ਵੱਡੇ ਤੂੰ ਅਸਾਡਾ ਬਾਪ ॥*
*ਅਸਾਂ ਤੇਰੇ ਅਗੇ ਬੇਨਤੀ ਕਰਨੀ ॥*
*ਤਿੰਨੇ ਪੁੱਤਰ ਅਸੀਂ ਹਾਂ ਤੇਰੀ ਸ਼ਰਨੀ ॥*[14]

ਕੇਸਰ ਸਿੰਘ ਛਿੱਬਰ ਦਾ ਵਿਚਾਰ ਹੈ ਕਿ ਪ੍ਰਿਥੀ ਚੰਦ ਨੇ ਕੇਵਲ ਆਪਣਾ ਦਾਅਵਾ ਹੀ ਪੇਸ਼ ਕੀਤਾ ਤੇ ਆਪ ਨੂੰ ਪਿਤਾ ਦੀ ਸ਼ਰਨ ਵਿੱਚ ਹੀ ਸਵੀਕਾਰ ਕੀਤਾ, ਪਰ ਗੁਰੂ ਰਾਮਦਾਸ ਜੀ ਦਾ ਸ਼ਬਦ ''*ਕਾਹੇ ਪੂਤ ਝਗਰਤ ਹਉ ਸੰਗਿ ਬਾਪ*'' ਪ੍ਰਿਥੀ ਚੰਦ ਦੀ ਸਹੀ ਤਸਵੀਰ ਪੇਸ਼ ਕਰਦਾ ਹੈ। ਇਸੇ ਕਰਕੇ ਹੀ ਤਾਂ ਗੁਰੂ ਰਾਮਦਾਸ ਨੇ ਇਸ ਨੂੰ 'ਮੀਣਾ' ਸ਼ਬਦ ਨਾਲ ਸੰਬੋਧਿਤ ਕੀਤਾ ਸੀ।[15]

ਮੀਣਾ : ਦੱਖਣੀ ਪੰਜਾਬ ਦੇ ਜ਼ਿਲ੍ਹਿਆਂ ਵਿਚ ਇਕ ਜੁਰਮਪੇਸ਼ਾ ਕੌਮ ਹੈ, ਜਿਸ ਦਾ ਨਾਮ ਮੀਣਾ ਹੈ। ਇਹ ਲੋਕ ਅਜਬ ਹੀਲਿਆਂ ਨਾਲ ਮੁਸਾਫਰਾਂ, ਸੰਗਾਂ ਤੇ ਕਾਫਲਿਆਂ ਨੂੰ ਲੁੱਟਦੇ ਰਹੇ।[16]

ਭਾਈ ਕਾਨ੍ਹ ਸਿੰਘ ਨਾਭਾ ਨੇ ਜਰਾਇਮ ਪੇਸ਼ਾ ਮੀਣਿਆਂ ਬਾਰੇ ਲਿਖਿਆ ਹੈ, ''ਇਕ ਚੋਰੀ ਪੇਸ਼ਾ ਜਾਤਿ, ਜੋ ਵਿਸ਼ੇਸ਼ ਕਰਕੇ ਰਾਜਪੂਤਾਨੇ ਵਿਚ ਹੈ। ਮੀਣਾ ਜਾਤਿ ਦਾ ਆਦਮੀ ਜੇ ਰਖਯਾ ਦਾ ਭਾਰ ਆਪਣੇ ਪੁਰ ਲੈ ਲਵੇ, ਤਦ ਕਦੇ ਚੋਰੀ ਨਹੀਂ ਹੋਣ ਦਿੰਦਾ।''[17]

ਮੀਣੇ ਦਾ ਅਰਥ ਮੀਸਣਾ ਹੈ, ਜੋ ਹੁਕਮ ਨਾ ਮੰਨੇ ਤੇ ਸੁਣਦਾ ਰਹੇ, ਚੁਪ ਕਰਕੇ ਬੈਠਾ ਰਹੇ, ਵਿਚੇ ਵਿਚ ਬੁੜ ਬੁੜ ਕਰਦਾ ਤੇ ਨਿੰਦਿਆ ਕਰਦਾ ਰਹੇ।[18]

ਮੀਣੇ ਦਾ ਅਰਥ ਹੈ ਮਿਨ੍ਹਾ, ਮੀਸਣਾ, ਕਪਟੀ।[19]

ਮੀਣਾ, ਮੀਸਣਾ, ਕਪਟੀ ਜੋ ਉਪਰੋਂ ਅਤੇ ਮਨੋ ਹੋਰ ਹੋਵੇ। ਕਮੀਨਾ, ਨੀਚ।[20]

ਸ. ਜੀ.ਬੀ. ਸਿੰਘ ਨੇ ਲਿਖਿਆ ਹੈ ਕਿ 'ਮੀਣੇ' ਬੀਕਾਨੇਰ ਅਤੇ ਬਾਂਗੜ ਦੀ ਇਕ ਜਰਾਇਮ ਪੇਸ਼ਾ ਕੌਮ ਦਾ ਨਾਮ ਹੈ।[21]

ਇਸ ਗੱਲ ਨੂੰ ਜ਼ਰਾ ਵਿਸਤਾਰ ਨਾਲ ਡਾ. ਗੌਰੀ ਸ਼ੰਕਰ ਹੀਰਾ ਚੰਦ ਓਝਾ ਨੇ ਇਉਂ ਲਿਖਿਆ ਹੈ, ''ਜੰਗਲੀ ਜਾਤੀਆਂ ਵਿਚ ਮੀਣੇ, ਬਾਵਰੀ ਬੋਰੀ ਆਦਿ ਹਨ। ਇਹ ਲੋਕ ਪਹਿਲਾਂ ਚੋਰੀ ਅਤੇ ਡਕੈਤੀ ਵਗੈਰੇ ਕਰਦੇ ਸਨ, ਪਰ ਹੁਣ ਖੇਤੀ ਤੇ ਮਜ਼ਦੂਰੀ ਕਰਨ ਲੱਗੇ ਹਨ ਤਾਂ ਵੀ ਔਖੇ ਵੇਲੇ ਆਪਣਾ ਪੁਰਾਣਾ ਪੇਸ਼ਾ ਨਹੀਂ ਛੱਡਦੇ।''

ਐਚ.ਏ. ਰੋਜ਼ ਵੀ ਇਸ ਨਾਲ ਸਹਿਮਤ ਹੈ। ਉਸ ਅਨੁਸਾਰ ਮੀਣਾ ਰਾਜਪੂਤਾਨੇ ਦੇ ਇਕ ਡਾਕੂ ਕਬੀਲੇ ਨੂੰ ਆਖਿਆ ਜਾਂਦਾ ਹੈ।[23]

ਡਾ. ਗੋਬਿੰਦਨਾਥ ਰਾਜਗੁਰੂ ਦਾ ਮਤ ਮਹੱਤਵਪੂਰਨ ਹੈ। ਉਨ੍ਹਾਂ ਅਨੁਸਾਰ 'ਮੀਣਾ' ਸ਼ਬਦ ਦੀ ਠੀਕ ਵਿਉਂਤਪਤੀ ਅਗਿਆਤ ਹੈ। ਸੰਭਵ ਹੈ ਇਹ ਸ਼ਬਦ ਮਿਸ (ਛਲ, ਪਾਖੰਡ, ਢੌਂਗ) ਨਾਲ ਸੰਬੰਧਿਤ ਹੋਵੇ। ਮੀਸਣਾ, ਛਲੀ, ਕਪਟੀ, ਮਿਸਹਾ ਆਦਿ ਅਰਥਾਂ ਵਿੱਚ ਪੰਜਾਬੀ ਵਿਚ ਚਲਦਾ ਹੈ। 'ਮੀਸਣਾ' ਸ਼ਬਦ ਦਾ ਸੰਖਿਪਤ ਰੂਪ ਵੀ ਮੀਣਾ ਹੋ ਸਕਦਾ ਹੈ।[24]

ਗੁਰੂ ਅਰਜਨ ਦੇਵ ਜੀ ਦਾ ਵਿਆਹ ਸੰਮਤ 1636 ਬਿ. ਵਿਚ ਹੋਇਆ[25] ਤੇ ਸੰਮਤ

1638 ਬਿ. ਵਿਚ ਗੁਰਿਆਈ ਮਿਲੀ। ਇਸ ਸਾਲ ਪ੍ਰਿਥੀ ਚੰਦ ਦੇ ਘਰ ਮਨੋਹਰ ਦਾਸ ਮਿਹਰਵਾਨ ਦਾ ਜਨਮ ਹੋਇਆ। ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਕੋਈ ਸੰਤਾਨ ਨਹੀਂ ਸੀ। ਪ੍ਰਿਥੀ ਚੰਦ ਗੁਰੂ ਸਾਹਿਬ ਵਿਰੁੱਧ ਕਈ ਪ੍ਰਕਾਰ ਦੀਆਂ ਸਾਜਿਸ਼ਾਂ ਰਚਣ ਲੱਗਾ ਪਰ ਨਾਲ ਹੀ ਉਸ ਨੂੰ ਇਹ ਤਸੱਲੀ ਸੀ ਕਿ ਗੁਰੂ ਅਰਜਨ ਦੇਵ ਦੇ ਘਰ ਔਲਾਦ ਨਹੀਂ ਹੈ, ਜਿਸ ਕਾਰਨ ਗੱਦੀ ਦਾ ਵਾਰਿਸ ਮਿਹਰਵਾਨ ਨੇ ਹੀ ਬਣਨਾ ਹੈ। ਇਸ ਦਾ ਕਾਰਨ ਸੀ ਕਿ ਸਤਿਗੁਰੂ ਮਿਹਰਵਾਨ ਨੂੰ ਬਹੁਤ ਪਿਆਰ ਕਰਦੇ ਸਨ।

ਪ੍ਰਿਥੀ ਚੰਦ ਪਾਸ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਸਾਰੀ ਜਾਇਦਾਦ ਦੀ ਆਮਦਨ ਆਉਂਦੀ ਸੀ ਤੇ ਮਸੰਦ ਉਸ ਦੇ ਪ੍ਰਭਾਵ ਅਧੀਨ ਸਨ। ਇਸ ਲਈ ਪ੍ਰਿਥੀ ਚੰਦ ਨੇ ਇਸ ਸਥਿਤੀ ਦਾ ਲਾਭ ਉਠਾ ਕੇ ਸਾਰੀ ਆਮਦਨ ਆਪਣੇ ਕਬਜ਼ੇ ਵਿਚ ਕਰ ਲਈ ਅਤੇ ਗੁਰੂ ਅਰਜਨ ਦੇਵ ਜੀ ਨੂੰ ਲੰਗਰ ਚਲਾਉਣਾ ਵੀ ਔਖਾ ਹੋ ਗਿਆ।

ਭਾਈ ਗੁਰਦਾਸ ਜੀ ਆਗਰੇ ਤੋਂ ਗੁਰਮਤਿ ਪ੍ਰਚਾਰ ਲਈ ਦੌਰਾ ਕਰਕੇ ਜਦੋਂ ਵਾਪਸ ਆਏ ਤਾਂ ਆਪ ਨੂੰ ਇਹ ਦੇਖ ਕੇ ਬੜਾ ਦੁੱਖ ਹੋਇਆ ਕਿ ਪ੍ਰਿਥੀ ਚੰਦ ਸਤਿਗੁਰੂ ਅਰਜਨ ਦੇਵ ਜੀ ਲਈ ਸਮੱਸਿਆ ਬਣਿਆ ਹੈ। ਭਾਈ ਜੀ ਨੇ ਬਾਸਰਕੇ ਬੀੜ ਤੋਂ ਬਾਬਾ ਬੁੱਢਾ ਜੀ ਨੂੰ ਅੰਮ੍ਰਿਤਸਰ ਲੈ ਆਉਂਦਾ ਅਤੇ ਹੋਰ ਮੋਹਰੀ ਤੇ ਪ੍ਰਮੁਖ ਸਿੱਖਾਂ ਨੂੰ ਇਕੱਤਰ ਕਰਕੇ ਅੰਮ੍ਰਿਤਸਰ ਵਿਚ ਬਾਹਰੋਂ ਆਉਣ ਵਾਲਿਆਂ ਰਾਹਾਂ ਤੇ ਸਿੱਖਾਂ ਨੂੰ ਰੋਕ ਕੇ ਅਸਲੀਅਤ ਦਾ ਗਿਆਨ ਕਰਵਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਭੇਜਣਾ ਸ਼ੁਰੂ ਕੀਤਾ ਅਤੇ ਉਹਨਾਂ ਦੀ ਕਾਰ ਭੇਟਾ ਯੋਗ ਥਾਂ ਪੁੱਜਣ ਲੱਗੀ। ਭਾਈ ਗੁਰਦਾਸ ਜੀ ਨੇ ਦੂਰ-ਦੁਰਾਡੇ ਦੀਆਂ ਸਿੱਖ ਸੰਗਤਾਂ ਨੂੰ ਪ੍ਰਿਥੀ ਚੰਦ ਦੀ ਕੁਟਲਤਾ ਬਾਰੇ ਸਿੱਖਾਂ ਦੁਆਰਾ ਪ੍ਰਚਾਰ ਕੀਤਾ। ਭਾਈ ਗੁਰਦਾਸ ਜੀ ਭਾਈ ਸਾਲੋਂ, ਭਾਈ ਗੁਰੂਆ, ਭਾਈ ਪਹਿਲੂ, ਭਾਈ ਜੇਠਾ, ਭਾਈ ਪੈੜਾ ਆਦਿ ਜੋ ਗੁਰੂ ਰਾਮਦਾਸ ਜੀ ਦੇ ਮੰਨੇ-ਪ੍ਰਮੰਨੇ ਸਿੱਖ ਸਨ, ਇਹਨਾਂ ਦੇ ਗੁਰੂ ਅਰਜਨ ਦੇਵ ਜੀ ਪਾਸ ਇਕੱਤਰ ਹੋਣ ਨਾਲ ਹਾਲਾਤ ਵਿਚ ਕਾਫ਼ੀ ਸੁਧਾਰ ਹੋਇਆ ਤੇ ਕਾਰ ਭੇਟਾਂ ਆਦਿ ਪਹੁੰਚਣ ਨਾਲ ਮਾਇਕ ਹਾਲਤ ਬਹੁਤ ਸੁਧਰ ਗਈ।[26]

ਪ੍ਰਿਥੀ ਚੰਦ ਦੀ ਪਤਨੀ ਵੀ ਹਮੇਸ਼ਾਂ ਕਲੇਸ਼ ਖੜਾ ਰੱਖਦੀ ਤੇ ਗੁਰੂ ਅਰਜਨ ਦੇਵ ਜੀ ਦੇ ਮਹਿਲ ਮਾਤਾ ਗੰਗਾ ਜੀ ਨੂੰ ਮਿਹਣੇ ਮਾਰਦੀ ਰਹਿੰਦੀ ਸੀ ਕਿ ਇਹ ਔਤਾਂ ਦਾ ਸਭ ਕੁਝ ਆਖਰ ਸਾਡਾ ਹੀ ਹੈ। ਮਾਤਾ ਜੀ ਨੇ ਸਾਹਿਬ ਗੁਰੂ ਅਰਜਨ ਦੇਵ ਜੀ ਨੂੰ ਪੁੱਤਰ ਦੀ ਦਾਤ ਬਖਸ਼ਣ ਲਈ ਅਰਦਾਸ ਕੀਤੀ। ਸਤਿਗੁਰੂ ਨੇ ਮਾਤਾ ਗੰਗਾ ਨੂੰ ਗੁਰੂ ਘਰ ਦੇ ਮਹਾਨ ਸਿੱਖ ਬਾਬਾ ਬੁੱਢਾ ਜੀ ਪਾਸ ਜਾ ਕੇ ਬੇਨਤੀ ਕਰਨ ਲਈ ਆਖਿਆ। ਮਾਤਾ ਜੀ ਰੱਥ ਤੇ ਚੜ੍ਹ ਕੇ ਗੋਲੀਆਂ ਤੇ ਟਹਿਲਣਾ ਸਮੇਤ ਬਾਬਾ ਜੀ ਪਾਸ ਗਏ ਤਾਂ ਬਾਬਾ ਜੀ ਦੇ ਮੂੰਹੋਂ ਸਹਿਜ ਸੁਭਾਅ ਨਿਕਲ ਗਿਆ ਕਿ ਗੁਰੂ ਕਿਆਂ ਨੂੰ ਕੀ ਭਾਜੜ ਪੈ ਗਈ ਹੈ ? ਬਾਬਾ ਜੀ ਦੇ ਬਚਨਾਂ ਦਾ ਜਦੋਂ ਸਤਿਗੁਰੂ ਜੀ ਨੂੰ ਪਤਾ ਲਗਿਆ ਤਾਂ ਆਪ ਨੇ ਮਾਤਾ ਗੰਗਾ ਦੇਈ ਨੂੰ ਆਖਿਆ ਕਿ ਨਿਮਰਤਾ ਨਾਲ ਜਾਉ। ਮਾਤਾ ਜੀ ਸਿਰ ਤੇ ਰੋਟੀਆਂ ਦਾ ਟੋਕਰਾ ਰੱਖ ਕੇ ਹੱਥ ਵਿਚ ਲੱਸੀ ਦਾ ਗਲਾਸ ਲੈ ਕੇ ਬਾਬਾ ਬੁੱਢਾ ਜੀ ਪਾਸ ਹਾਜ਼ਰ ਹੋਏ ਤਾਂ ਸਿੱਧ ਪੁਰਖ ਨੇ ਮਿਸੀਆਂ ਰੋਟੀਆਂ ਖਾਣ ਲਈ ਪਿਆਜ਼ ਨੂੰ ਮੁੱਕਾ ਮਾਰ ਕੇ ਫਿਹੰਦਿਆਂ ਵਰ ਦਿੱਤਾ ਕਿ ਮਾਤਾ ਆਪ ਦੇ ਘਰ ਇੱਕ ਬਲਵਾਨ ਯੋਧਾ ਪੁੱਤਰ ਪੈਦਾ ਹੋਵੇਗਾ। ਜੋ ਜ਼ਾਲਮ ਮੁਗਲਾਂ ਦਾ ਸਿਰ ਇਉਂ ਫੇਹ ਦੇਵੇਗਾ, ਜਿਵੇਂ ਪਿਆਜ਼ ਫਿੱਸਾ ਹੈ। ਇਉਂ ਸੰਮਤ 1652 (ਸੰਨ

1595) ਵਿਚ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਮਾਤਾ ਗੰਗਾ ਜੀ ਦੇ ਉਦਰ ਤੋਂ ਬੜਯੋਧਾ ਬਹੁ ਪਰਉਪਕਾਰੀ (ਗੁਰੂ) ਹਰਿ ਗੋਬਿੰਦ ਜੀ ਦਾ ਜਨਮ ਹੋਇਆ।[27]

ਪ੍ਰਿਥੀ ਚੰਦ ਨੂੰ ਸਾਹਿਬਜ਼ਾਦੇ ਦੇ ਜਨਮ ਦਾ ਪਤਾ ਲਗਾ ਤਾਂ ਉਹ ਸੜ ਬਲ ਗਿਆ, ਉਸ ਦੀਆਂ ਸਾਰੀਆਂ ਆਸਾਂ ਤੇ ਪਾਣੀ ਫਿਰ ਗਿਆ। ਹੁਣ ਉਸਦੇ ਪੁੱਤਰ ਮਿਹਰਵਾਨ ਨੂੰ ਗੱਦੀ ਮਿਲਣ ਦੀ ਕੋਈ ਆਸ ਨਾ ਰਹਿ ਗਈ।

ਪ੍ਰਿਥੀ ਚੰਦ ਦੇ ਮਨ ਵਿੱਚ ਅਤਿ ਨੀਚਤਾ ਵਾਲੇ ਖਿਆਲ ਪੈਦਾ ਹੋ ਗਏ ਹਰ ਹਾਲਤ ਵਿੱਚ ਬਾਲ ਹਰਿ ਗੋਬਿੰਦ ਨੂੰ ਮਰਵਾਇਆ ਜਾਣਾ ਚਾਹੀਦਾ ਹੈ। ਉਸਨੇ ਅਜਿਹੀਆਂ ਸਾਜ਼ਿਸ਼ਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ।

ਬਾਲ ਹਰਿ ਗੋਬਿੰਦ ਪ੍ਰਿਥੀ ਚੰਦ ਦੀਆਂ ਅੱਖਾਂ ਵਿੱਚ ਰੜਕਦਾ ਰਹਿੰਦਾ ਸੀ, ਉਸਨੇ ਅਤਿ ਕਰੂਰ ਤੇ ਨੀਚਤਾ ਵਾਲਾ ਕਾਰਾ ਕਰਨ ਦੀ ਸੋਚੀ। ਉਸਦੀ ਦਿਲੀ ਇੱਛਾ ਸੀ ਕਿ ਇਸ ਬਾਲ ਨੂੰ ਖ਼ਤਮ ਕਰਕੇ ਮਿਹਰਵਾਨ ਲਈ ਗੁਰਗੱਦੀ ਪ੍ਰਾਪਤ ਕਰੇ। ਇਸ ਸੰਬੰਧ ਵਿੱਚ ਸਿੱਖ ਇਤਿਹਾਸ ਵਿਚ ਕੁਝ ਸਾਖੀਆਂ ਦਾ ਵਿਸਤ੍ਰਿਤ ਜ਼ਿਕਰ ਹੈ।

ਜਿਵੇਂ ਪ੍ਰਿਥੀ ਚੰਦ ਨੇ ਦਾਈ ਦੁਆਰਾ ਗੁੜਤੀ ਵਿਚ ਜ਼ਹਿਰ ਦੇਣ ਦੀ ਸਾਜਿਸ਼ ਕਰਨੀ, ਪਰ ਬਾਲ ਹਰਗੋਬਿੰਦ ਨੇ ਗੁੜਤੀ ਨਾ ਲੈਣੀ। ਦਾਈ ਦੁਆਰਾ ਆਪਣੀਆਂ ਛਾਤੀਆਂ ਦੁਧੀਆਂ ਉਪਰ ਜ਼ਹਿਰ ਲਗਾ ਕੇ ਬਾਲ ਨੂੰ ਦੁੱਧ ਚੁੰਘਾਉਣ ਦਾ ਯਤਨ ਕਰਨਾ, ਪਰ ਬਾਲ ਨੇ ਦੁੱਧ ਨਾ ਪੀਣਾ। ਸੱਪ ਛੱਡ ਕੇ ਡੰਗ ਮਰਵਾਉਣ ਦਾ ਯਤਨ ਕਰਨਾ, ਪਰ ਬਾਲ ਹਰਗੋਬਿੰਦ ਨੇ ਸੱਪ ਦੀ ਸਿਰੀ ਕਾਬੂ ਕਰਕੇ ਘਸਾ ਘਸਾ ਕੇ ਉਸ ਨੂੰ ਮਾਰ ਦੇਣਾ। ਇਕ ਸਾਖੀ ਕੇਸਰ ਸਿੰਘ ਛਿੱਬਰ[28] ਨੇ ਬੜੇ ਵਿਸਤਾਰ ਨਾਲ ਲਿਖੀ ਹੈ ਕਿ ਪ੍ਰਿਥੀ ਚੰਦ ਨੇ ਪ੍ਰੋਹਤ ਦੇ ਛੋਟੇ ਭਰਾ ਨੂੰ ਬੁਲਾਇਆ ਤੇ ਉਸ ਨਾਲ ਬਾਲ ਹਰਗੋਬਿੰਦ ਨੂੰ ਮਰਵਾਉਣ ਲਈ ਲੈਣ-ਦੇਣ ਨਿਸ਼ਚਿਤ ਕਰ ਲਿਆ। ਇਕ ਜੇਬ ਵਿਚ ਜ਼ਹਿਰ ਵਾਲੀ ਮਠਿਆਈ ਤੇ ਦੂਜੀ ਜੇਬ ਵਿਚ ਚੰਗੀ ਮਠਿਆਈ ਪਾ ਕੇ ਉਹ ਬਾਲ ਹਰਗੋਬਿੰਦ ਨੂੰ ਜ਼ਹਿਰ ਵਾਲੀ ਮਠਿਆਈ ਖਵਾਉਣ ਲਈ ਯਤਨ ਕਰਨ ਲੱਗਾ, ਪਰ ਰੱਬ ਦੀ ਕਰਣੀ ਉਹ ਆਪ ਜ਼ਹਿਰ ਵਾਲੀ ਮਠਿਆਈ ਖਾਈ ਗਿਆ ਤੇ ਬਾਲ ਨੂੰ ਚੰਗੀ ਮਠਿਆਈ ਖੁਆਈ ਗਿਆ। ਸਿੱਟਾ ਨਿਕਲਿਆ ਦੁਸ਼ਟ ਦੀ ਮੌਤ।

ਇਸ ਘਟਨਾ ਦਾ ਜ਼ਿਕਰ ਗੁਰੂ ਅਰਜਨ ਦੇਵ ਜੀ ਦੀ ਆਪਣੀ ਬਾਣੀ ਵਿਚ ਕੀਤਾ ਮਿਲਦਾ ਹੈ :

*ਲੇਪੁ ਨ ਲਾਗੋ ਤਿਲ ਕਾ ਮੂਲਿ ॥*
*ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥*
*ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥*
*ਪਾਪੀ ਮੂਆ ਗੁਰ ਪਰਤਾਪਿ ॥੧॥ਰਹਾਉ॥*
*ਅਪਣਾ ਖਸਮੁ ਜਨਿ ਆਪਿ ਧਿਆਇਆ ॥*
*ਇਆਣਾ ਪਾਪੀ ਓਹੁ ਆਪਿ ਪਚਾਇਆ ॥੨॥*
*ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥*
*ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥੩॥*

*ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥*
*ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥੪॥ (ਭੈਰਉ ਮ.੫)॥*[29]

ਬੀਬੀ ਭਾਨੀ ਜੀ ਦੇ ਗੁਜ਼ਰਨ ਉਪਰੰਤ ਗੁਰੂ ਦਰਬਾਰ ਵਿਚ ਬੜੀਆਂ ਬਚਿੱਤਰ ਘਟਨਾਵਾਂ ਵਾਪਰੀਆਂ। ਪ੍ਰਿਥੀ ਚੰਦ ਗੁਰਗੱਦੀ ਹਥਿਆਉਣ ਲਈ ਸਾਜ਼ਿਸ਼ਾਂ ਰਚ ਰਿਹਾ ਸੀ। ਸ਼ਾਹੀ ਖੱਤਰੀ ਮੁਗਲ ਦਰਬਾਰ ਨਾਲ ਰਲ ਕੇ ਗੁਰੂ ਅਰਜਨ ਦੇਵ ਜੀ ਨੂੰ ਨੁਕਸਾਨ ਪਹੁੰਚਾਉਣ ਦੇ ਆਹਰ ਵਿੱਚ ਸਨ। ਕਵੀ ਸੋਹਨ ਦੇ ਕਥਨ ਅਨੁਸਾਰ ਇਸ ਸਮੇਂ ਤੱਕ ਗੁਰਗੱਦੀ ਦੀਆਂ ਪੰਜ ਨਿਸ਼ਾਨੀਆਂ ਸਨ :

*ਗੁਰ ਮੰਤ੍ਰ ਪੋਥੀ ਜੋਊ ਸੇਲੀ ਟੋਪੀ ਸਾਖ ॥*
*ਮਾਲਾ ਮੰਜੀ ਪਾਂਚ ਏ ਧਰਮ ਨਿਵਾਯੋ ਮਾਥ ॥*[30]

ਸਰਦਾਰ ਸਮਸ਼ੇਰ ਸਿੰਘ ਅਸ਼ੋਕ ਮੁਨਸ਼ੀ ਖੁਸਵਕਤ ਰਾਇ ਦਾ ਹਵਾਲਾ ਦੇ ਕੇ ਲਿਖਦੇ ਹਨ ਕਿ ਸ੍ਰੀ ਅੰਮ੍ਰਿਤਸਰ ਜਿਸ ਘਰ ਵਿਚ ਇਹ ਚੀਜ਼ਾਂ ਰੱਖੀਆਂ ਹੋਈਆਂ ਸਨ, ਉਥੇ ਅਚਾਨਕ ਅੱਗ ਲਗ ਗਈ ਜਾਂ ਲਗਾ ਦਿੱਤੀ ਗਈ। ਗੁਰੂ ਸਾਹਿਬ ਦੇ ਕਹਿਣ ਤੇ ਵੀ ਹੋਰ ਕੋਈ ਵਿਅਕਤੀ ਇਹਨਾਂ ਚੀਜ਼ਾਂ ਨੂੰ ਬਚਾਉਣ ਲਈ ਅੰਦਰ ਨਾ ਜਾ ਸਕਿਆ। ਆਖਰ ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ (ਮਨੋਹਰ ਦਾਸ) ਨੇ ਹਿੰਮਤ ਕਰਕੇ ਅੰਦਰੋਂ ਇਹ ਚੀਜ਼ਾਂ ਕੱਢ ਲਿਆਂਦੀਆਂ। ਸਿੱਖਾਂ ਦਾ ਭਵਿੱਖ ਚੂੰਕਿ ਮੁਗਲਾਂ ਦੇ ਟਾਕਰੇ ਤੇ ਰਾਜਨੀਤਿਕ ਜਾਗ੍ਰਿਤ ਦੀ ਮੰਗ ਲਈ ਉਤਾਵਲਾ ਸੀ ਤੇ ਨਾਲੇ ਇਹੋ ਜਿਹੀਆਂ ਨਿਸ਼ਾਨੀਆਂ ਦੀ ਥਾਵੇਂ ਗੁਰੂ ਜੀ ਦਾ ਅਸਲ ਨਿਸ਼ਾਨਾ ਕੁਝ ਹੋਰ ਸੀ, ਇਸ ਲਈ ਗੁਰੂ ਜੀ ਨੇ ਇਹ ਚੀਜ਼ਾਂ ਗੈਰ-ਜ਼ਰੂਰੀ ਸਮਝ ਕੇ ਆਪਣੇ ਭਤੀਜੇ ਸੋਢੀ ਮਿਹਰਵਾਨ ਕੋਲ ਹੀ ਰਹਿਣ ਦਿੱਤੀਆਂ। ਪ੍ਰਿਥੀ ਚੰਦ ਅਥਵਾ ਉਸਦੀ ਸੰਪ੍ਰਦਾਇ ਨੇ ਇਹੋ ਇੱਕ ਬੜੀ ਜਿੱਤ ਸਮਝੀ ਤੇ ਉਹ ਉਸੇ ਦਿਨ ਤੋਂ ਗਲਤੀ ਨਾਲ ਗੁਰਿਆਈ ਆਪਣੇ ਘਰ ਆਈ ਸਮਝਣ ਲੱਗ ਪਏ।[31]

ਇਸੇ ਲਈ ਹੀ ਪ੍ਰਿਥੀ ਚੰਦ ਨੇ ਗੁਰੂ ਅਰਜਨ ਦੇਵ ਦੇ ਸਮਾਨਾਂਤਰ 'ਗੱਦੀ' ਚਲਾਉਣ ਦੇ ਇਰਾਦੇ ਨੂੰ ਅਮਲੀ ਰੂਪ ਦਿੱਤਾ।

ਇਸ ਪਰੰਪਰਾ ਨੂੰ ਵਿਦਵਾਨ ''ਅਪ੍ਰਮਾਣਿਕ'' ਮੰਨਦੇ ਹਨ। ਪ੍ਰਿਥੀ ਚੰਦ ਲਾਹੌਰ ਵਿਚ ਬੈਠਾ ਗੁਰੂ ਜੀ ਦੇ ਖਿਲਾਫ ਕੋਈ ਨਾ ਕੋਈ ਸਾਜ਼ਿਸ਼ ਕਰੀ ਜਾਵੇ। ਗੁਰੂ ਸਾਹਿਬ ਨੇ ਅਖੀਰ ਵਿਚ ਆਪਣੇ ਸਿੱਖਾਂ ਨੂੰ ਹਦਾਇਤ ਕੀਤੀ ਕਿ ਮੀਣਿਆਂ ਨੂੰ ਕੋਈ ਮੂੰਹ ਨਾ ਲਾਵੇ। ਕੇਸਰ ਸਿੰਘ ਛਿੱਬਰ ਦੇ ਸ਼ਬਦਾਂ ਵਿੱਚ :

*ਇਹ ਨਿਤ ਮਨਸੂਬਾ ਲਾਹੌਰ ਵਿਚਿ ਕਰਨ ॥*
*ਅਤੇ ਸਾਹਿਬ ਏਕ ਹੀ ਗੁਰੂ ਜੀ ਧਾਰਕ ਧਰਨ ॥*
*ਬਚਨ ਏਹ ਕੀਤਾ ਭਾਈ ਜੋ ਅਸਾਡਾ ਹੋਸੀ*
*ਜੁਦਾ ਹੋਇ ਪੜੋਸੀ ॥*
*ਸੋ ਉਨ੍ਹਾਂ ਦੇ ਮੂਹੁ ਨਾ ਲਗਸੀ ॥*[32]

ਪ੍ਰਿਥੀ ਚੰਦ ਨੇ ਆਪਣੇ ਸਹੁਰੇ ਪਿੰਡ ਹੇਹਰ ਵਿਚ ਹਰਿਮੰਦਰ ਸਾਹਿਬ ਦੇ ਮੁਕਾਬਲੇ ਤੇ ਦਰਬਾਰ ਤਿਆਰ ਕਰਵਾ ਲਿਆ। ਸੰਮਸ਼ੇਰ ਸਿੰਘ ਅਸ਼ੋਕ ਨੇ ਇਸ ਬਾਰੇ ਵਿਸਤਾਰ ਨਾਲ ਵਿਚਾਰ ਕਰਦਿਆਂ ਲਿਖਿਆ ਹੈ ਕਿ ਪ੍ਰਿਥੀ ਚੰਦ ਨੇ ਸੁਲਹੀ ਖਾਨ ਪਾਸ ਫਰਿਆਦ ਕੀਤੀ ਕਿ ਮੈਨੂੰ

ਗੁਰੂ ਅਰਜਨ ਦੇਵ ਤੋਂ ਗੁਜ਼ਾਰੇ ਲਈ ਕੁਝ ਦਿਵਾਇਆ ਜਾਵੇ ਤਾਂ ਸੁਲਹੀ ਨੇ ਸਿੱਖੀ ਸੇਵਕੀ ਦਾ ਮਾਲਕ ਤਾਂ ਗੁਰੂ ਅਰਜਨ ਦੇਵ ਜੀ ਨੂੰ ਹੀ ਕਰਾਰ ਦਿੱਤਾ ਅਤੇ ਬਾਕੀ ਰਾਮਦਾਸ ਪੁਰ ਨਗਰ ਦੀ ਜ਼ਿਮੀਦਾਰੀ ਪ੍ਰਿਥੀ ਚੰਦ ਦੇ ਹਵਾਲੇ ਕਰ ਦਿੱਤੀ ਤੇ ਇਸੇ ਤਰ੍ਹਾਂ ਪ੍ਰਿਥੀ ਚੰਦ ਦੇ ਕਹਿਣ ਤੇ ਕਿ ਗੁਰੂ ਜੀ ਨੇ ਉਸਦੇ ਪੁੱਤਰ ਮਿਹਰਵਾਨ ਨੂੰ ਆਪਣਾ ਮੁਤਬੰਨਾ ਬਣਾਇਆ ਹੋਇਆ ਹੈ, 22 ਮੰਜੀਆਂ ਵਿਚੋਂ ਸਾਢੇ ਤਿੰਨ ਮੰਜੀਆਂ ਦੀ ਆਮਦਨ, ਜੋ ਤਿੰਨ ਮਸੰਦਾਂ ਰਾਹੀਂ ਧੰਨੀ, ਪੋਠੋਹਾਰ, ਅਟਕ, ਮਾਲਵਾ ਆਦਿ ਦੇ ਕੁਝ ਇਲਾਕਿਆਂ ਦੀ ਸਿੱਖੀ ਸੇਵਕੀ ਤੋਂ ਹੁੰਦੀ ਸੀ, ਪ੍ਰਿਥੀ ਚੰਦ ਨੂੰ ਦੇ ਦਿੱਤੀ ਪਰ ਪ੍ਰਿਥੀ ਚੰਦ ਨੂੰ ਇਸ ਫ਼ੈਸਲੇ ਪਰ ਵੀ ਸਬਰ ਨਾ ਆਇਆ, ਜਿਸ ਕਰਕੇ ਹੇਹਰ ਪਿੰਡ ਦੀ ਜ਼ਮੀਨ ਦਾ ਪਟਾ ਜੋ ਬਾਦਸ਼ਾਹ ਨੇ ਉਸਨੂੰ ਜਾਗੀਰ ਵਜੋਂ ਦਿੱਤੀ ਸੀ, ਪ੍ਰਿਥੀ ਚੰਦ ਦੇ ਨਾਂ ਕਰ ਦਿੱਤੀ ਅਤੇ ਅੰਮ੍ਰਿਤਸਰ ਵਾਂਗੂੰ ਹੀ ਉਸਨੇ ਉਥੇ ਹਰਿਮੰਦਿਰ, ਤਲਾਉ ਆਦਿ ਬਣਾਉਣ ਦਾ ਅਧਿਕਾਰ ਦੇ ਦਿੱਤਾ। ਪ੍ਰਿਥੀਏ ਨੇ ਗੁਰੂ ਜੀ ਦੀ ਰੀਸ ਕੀਤੀ। ਭਾਵੇਂ ਇਹ ਰਚਨਾ ਤਾਂ ਉਥੇ ਰਚ ਲਈ ਤੇ ਗੁਰ ਗੱਦੀ ਲਗਾ ਕੇ ਬੈਠਣ ਵੀ ਲੱਗ ਪਿਆ, ਪਰ ਮੱਥਾ ਟੇਕਣ ਵਾਲਾ ਉਸਦੀ ਛੋਟੀ ਜਿਹੀ ਸੰਗਤ ਤੋਂ ਬਿਨਾ ਹੋਰ ਕੋਈ ਨਹੀਂ ਸੀ, ਇਸ ਲਈ ਉਚਿਤ ਪੂਜਾ ਪ੍ਰਤਿਸ਼ਠਾ ਨਾ ਹੋਣ ਕਰਕੇ ਉਹ ਬੜਾ ਛਿੱਥਾ ਪਿਆ।[13]

ਗੁਰੂ ਅਰਜਨ ਦੇਵ ਜੀ ਨਹੀਂ ਸਨ ਚਾਹੁੰਦੇ ਕਿ ਇਹ ਕਲੇਸ਼ ਵਧੇ। ਉਨ੍ਹਾਂ ਨੇ ਭਾਈ ਗੁਰਦਾਸ ਜੀ ਨੂੰ ਹੇਹਰ ਪ੍ਰਿਥੀ ਚੰਦ ਪਾਸ ਭੇਜਿਆ ਕਿ ਉਸਨੂੰ ਮਨਾ ਲਿਆਉ। ਮੰਨਣਾ ਤਾਂ ਕੀ ਸੀ ਉਸਨੇ ਗਾਲੀ ਗਲੋਚ ਕਰਕੇ ਆਪਣੇ ਅੰਦਰ ਦੀ ਈਰਖਾ ਦੀ ਜ਼ਹਿਰ ਉਗਲੀ ਤੇ ਇਹ ਆਖਿਆ ਕਿ ਮੈਂ ਗੁਰੂ ਅਰਜਨ ਦੇਵ ਨੂੰ ਗ੍ਰਿਫਤਾਰ ਕਰਵਾ ਕੇ ਫਿਰ ਗੁਰਿਆਈ ਪ੍ਰਾਪਤ ਕਰਾਂਗਾ। ਭਾਈ ਜੀ ਨੂੰ ਅਜਿਹੀ ਆਸ ਨਹੀਂ ਸੀ। ਆਪ ਉਥੋਂ ਵਾਪਿਸ ਤੁਰ ਪਏ ਤੇ ਰਾਹ ਵਿਚ ਆਪਣੇ ਪ੍ਰਿਥੀ ਚੰਦ ਦੀ ਮੀਣਾ ਬਿਰਤੀ ਨੂੰ ਧਿਆਨ ਵਿਚ ਰੱਖ ਕੇ ਇੱਕ ਵਾਰ ਰਚੀ, ਜਿਸ ਦੀ ਉਥਾਨਕਾ ਭਾਈ ਸੰਤੋਖ ਸਿੰਘ ਦਿੰਦੇ ਹਨ ਕਿ ਭਾਈ ਜੀ ਨੇ ਹੇਹਰ ਤੋਂ ਵਾਪਸ ਪਹੁੰਚਦਿਆਂ ਰਸਤੇ ਵਿਚ ਕੁਝ ਪਉੜੀਆਂ ਦੀ ਰਚਨਾ ਕੀਤੀ :

*ਵਾਰ ਕਰੀ ਪਰਥਾਇ ਤਿਸ ਹੈ ਜਥਾ ਬਿਕਾਰੀ ॥*
*ਤਿਨ ਬਨਾਇ ਕਰਿ ਮਰਾ ਬਿਖੈ ਆਨੀ ਲਿਖ ਸਾਰੀ ॥*
*ਸੋ ਸੁਨੀਅਹਿ ਸਭ ਜਾਨੀਅਹਿ ਮੈਂ ਕਰੋ ਉਚਾਰੀ ॥*
*ਸਭ ਗੁਣ ਜਿਸ ਮਹਿ ਲੇਸ ਨਹੀਂ ਹੰਕਾਰ ਅਫਰੀ ॥੨੮॥*

ਦੋਹਰਾ

*ਹੈ ਛੱਤੀਸਵੀਂ ਵਾਰ ਜੋ ਗਿਰਾਂ ਕਰੀ ਗੁਰਦਾਸ ॥*
*ਲਰਯੋ ਸੁਨਾਵਨਿ ਖੋਟ ਤਿਹ ਸ੍ਰੀ ਸਤਿਗੁਰ ਕੇ ਪਾਸ ॥੨੯॥*

ਨਿਸ਼ਾਨੀ ਛੰਦ

*''ਕਾਲੇ ਮੁਖ ਮੀਣਾ'' ਭਯੋ ਬਡ ਦੰਭ ਕਮਾਵੈ ॥*
*ਬੇਖ ਬਾਕ ਸ਼ੁਭ ਮੋਰ ਕੇ ਜੀਵਨਿ ਚੁਨ ਖਾਵੈ ॥*
*ਗਯਾਨਹੀਨ ਗੁਰ ਬਨਤਿ ਹੈ ਕੋ ਨਮੋ ਨ ਠਾਨੈ ॥*
*''ਖੋਟੀ ਸੰਗਤ ਮੀਣਿਆਂ'' ਗੁਰ ਨਿੰਦ ਬਖਾਨੈ ॥੩੦॥*

ਦੁਰਮਤ ਜੀਵਤਿ ਕਰਤ ਹੈ ਜਬ ਗਹਿ ਜਮ ਮਾਰੇ ॥
ਕੜ ਕੁਪਤਾ ਹੋਹਿਗੋ ਦੁਖ ਸਹਿਹ ਕਰਾਰੇ ॥
ਇਤਯਾਦਿਕ ਜਿਸ ਮਹਿ ਕਹਯੋ ਸਭ ਵਾਰ ਸੁਨਾਈ ॥
ਨਹਿ ਮਾਨਹਿ ਸ੍ਰੀ ਗੁਰੂ ਜੀ ਜੋ ਦੁਸ਼ ਬਡਾਈ ॥੩੧॥[34]

ਭਾਈ ਗੁਰਦਾਸ ਜੀ ਦੀ ਇਕ ਵਾਰ ਵਿਚ ਦੰਭੀ ਗੁਰੂਆਂ ਤੇ ਵਿਅੰਗ ਕੀਤੇ ਗਏ ਹਨ ਅਤੇ ਪ੍ਰਿਥੀ ਦੀ ਕੂਟ ਨੀਤੀ ਦੰਭ ਤੇ ਸੱਚ ਗੁਰੂ ਤੇ ਗੁਰੂ ਘਰ ਨਾਲ ਵਿਰੋਧ ਕਾਰਨ ਉਸਨੂੰ 'ਮੀਣਾ' ਜਿਹੇ ਘਿਰਣਿਤ ਸ਼ਬਦ ਨਾਲ ਯਾਦ ਕੀਤਾ ਗਿਆ ਹੈ। ਜਿਵੇਂ :

ਸਤਿਗੁਰ ਸਚਾ ਪਾਤਿਸਾਹੁ ਮੁਹੁ ਕਾਲੇ ਮੀਣਾ। (1/6)
ਤਿਉ ਦਰਗਹਿ ਮੀਣਾ ਮਾਰੀਐ ਕਰਿ ਕੂੜੁ ਕੁਪਤਾ। (2/6)
ਵਗ ਹੋਵਨਿ ਕੁਤੀਆਂ ਮੀਣੇ ਮੁਰਦਾਰੀ। (3/5)
ਮੁਦਰੁ ਘੁਥਹੁ ਮੀਣਿਆ ਤੁਧੁ ਜਮ ਪੁਰ ਜਾਣਾ। (4/6)
ਖੋਟੀ ਸੰਗਤਿ ਮੀਣਿਆ ਦੁਖ ਦੇਂਦੀ ਮਿਤੇ। (5/6)
ਤਿਉ ਨਕਾ ਪੰਥ ਹੈ ਮੀਣਿਆ ਮਿਲਿ ਨਰਕ ਨਿਬਾਹੇ। (6/6)
ਰਲੈ ਜੁ ਸੰਗਤਿ ਮੀਣਿਆ ਉਠਿ ਚਲੈ ਨਿਰਾਸਾ। (7/6)
ਕਿਆ ਨੀਸਾਣੀ ਮੀਣਿਆ ਖੋਟ ਸਾਲੀ ਸਿਕੈ।
ਸਿਰਿ ਸਿਰਿ ਪਾਹਣੀ ਮਾਰੀਅਨ ਓਇ ਪੀਰ ਫਿਟਿਕੈ। (8/5-6)[35]

ਭਾਈ ਗੁਰਦਾਸ ਜੀ ਨੇ ਜਿਥੇ ਗੁਰੂ ਘਰ ਦੇ ਵਿਰੋਧੀਆਂ ਦਾ ਜ਼ਿਕਰ ਕੀਤਾ ਹੈ, ਉਥੇ ਪ੍ਰਿਥੀ ਚੰਦ ਦਾ ਵੀ ਜ਼ਿਕਰ ਹੈ :

ਮੀਣਾ ਹੋਆ ਪਿਰਥੀਆ ਕਰਿ ਕਰਿ ਟੇਢਨ ਬਰਲੁ ਚਲਾਇਆ ॥[36]

ਗੁਰੂ ਅਰਜਨ ਦੇਵ ਜੀ ਵਿਰੁੱਧ ਅਕਬਰ ਦੇ ਕੰਨ ਉਸ ਸਮੇਂ ਭਰੇ ਗਏ ਜਦੋਂ ਉਹ ਪੰਜਾਬ ਦਾ ਦੌਰਾ ਕਰਨ ਆਏ। ਸ਼ਿਕਾਇਤ ਇਹ ਕੀਤੀ ਕਿ ਗੁਰੂ ਸਾਹਿਬ ਪਾਸ ਬਹੁਤ ਸਾਰੇ ਡਾਕੂ ਲੁਟੇਰੇ ਹਨ, ਜੋ ਪਰਜਾ ਨੂੰ ਲੁੱਟਦੇ ਹਨ ਤੇ ਹਮੇਸ਼ਾਂ ਬਦਅਮਨੀ ਫੈਲਾਈ ਰੱਖਦੇ ਹਨ। ਬਾਦਸ਼ਾਹ ਨੇ ਬਦਅਮਨੀ ਨੂੰ ਰੋਕਣ ਲਈ ਸੁਲਹੀ ਖਾਨ ਨੂੰ ਭੇਜਿਆ, ਜਿਸਨੂੰ ਗੋਇੰਦਵਾਲ ਨੇੜੇ ਉਸਦੇ ਨੌਕਰ ਨੇ ਤਨਖਾਹ ਨਾ ਦੇਣ ਕਾਰਨ ਕਤਲ ਕਰ ਦਿੱਤਾ। ਇਸ ਘਟਨਾ ਦਾ ਪਤਾ ਕਰਾਉਣ ਤੇ ਦੀਵਾਨ ਚੰਦੂ ਮਲ ਤੇ ਪ੍ਰਿਥੀ ਚੰਦ ਨੇ ਫਿਰ ਬਾਦਸ਼ਾਹ ਕੋਲ ਸ਼ਿਕਾਇਤ ਦੁਹਰਾਈ ਕਿ ਗੁਰੂ ਅਰਜਨ ਦੇਵ ਪਾਸ ਡਾਕੂ ਲੁਟੇਰੇ ਰਹਿੰਦੇ ਹਨ, ਜੋ ਰਿਆਸਤ ਨੂੰ ਲੁੱਟਦੇ ਹਨ ਤੇ ਹੁਣ ਸੁਲਹੀ ਖਾਨ ਨੂੰ ਵੀ ਗੁਰੂ ਜੀ ਨੇ ਹੀ ਕਤਲ ਕਰਵਾਇਆ ਹੈ।

ਇਸ ਤੇ ਅਕਬਰ ਹੋਰ ਵੀ ਨਰਾਜ਼ ਹੋ ਗਿਆ ਤੇ ਉਸਨੇ ਲਾਹੌਰ ਦੇ ਹਾਕਮ ਸੁਲਹੀ ਖਾਨ ਨੂੰ ਕਤਲ ਕਰਵਾਉਣ ਦੀ ਸਾਜ਼ਿਸ਼ ਦੀ ਪੜਤਾਲ ਕਰਨ ਲਈ ਕਿਹਾ। ਸੁਲਹੀ ਖਾਨ ਚੰਦੂ ਦਾ ਯਾਰ ਸੀ ਅਤੇ ਪ੍ਰਿਥੀ ਚੰਦ ਵੀ ਉਸਦੇ ਨੇੜੇ ਜਾ ਲੱਗਾ। ਜਦੋਂ ਦੋਵੇਂ ਪਿੰਡ ਹੇਹਰ ਪੁੱਜੇ ਤਾਂ ਪ੍ਰਿਥੀ ਚੰਦ ਸ਼ਿਕਾਰ ਦੇ ਬਹਾਨੇ ਆਪਣੇ ਇੱਟਾਂ ਦੇ ਆਵੇ ਦਿਖਾਉਣ ਲਈ ਬਾਹਰ ਲੈ ਗਿਆ। ਆਵਿਆਂ ਪਾਸ ਜਾ ਕੇ ਸੁਲਹੀ ਖਾਨ ਦਾ ਘੋੜਾ ਅਚਾਨਕ ਤਬਕ ਪਿਆ ਤੇ ਉਹ ਆਵੇ ਵਿਚ ਡਿਗ ਪਿਆ। ਸੁਲਹੀ ਖਾਨ ਅੱਗ ਵਿੱਚ ਸੜ ਕੇ ਮਰ ਗਿਆ।[37]

ਗੁਰੂ ਅਰਜਨ ਦੇਵ ਜੀ ਨੂੰ ਜਦੋਂ ਇਸ ਘਟਨਾ ਦਾ ਪਤਾ ਲੱਗਾ ਤਾਂ ਆਪ ਨੇ ਪਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਨਿਮਨ ਸ਼ਬਦ ਉਚਾਰਿਆ :

*ਸੁਲਹੀ ਤੇ ਨਾਰਾਇਣ ਰਾਖੁ ॥*
*ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥ ਰਹਾਉ ॥*
*ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥*
*ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥*
*ਪੁਤ੍ਰ ਮੀਤ ਧਨੁ ਕਿਛੂ ਨਾ ਰਹਿਓਸੁ ਛੋਡਿ ਗਇਆ ਸਭ ਭਾਈ ਸਾਕੁ ॥*
*ਕਹੁ ਨਾਨਕ ਤਿਸੁ ਪ੍ਰਭੁ ਬਲਿਹਾਰੀ ਜਿਨਿ*
*ਜਨ ਕੀਨੋ ਪੂਰਨ ਵਾਕੁ ॥੨॥੧੮॥੧੦੪॥ ਬਿਲਾਵਲ ਮਹਲਾ ੫ ॥*

ਅਕਬਰ ਦੇ ਗੁਜ਼ਰਨ ਉਪਰੰਤ ਉਸ ਦਾ ਪੁੱਤਰ ਜਹਾਂਗੀਰ ਰਾਜ ਸਿੰਘਾਸਨ ਤੇ ਬੈਠਾ ਜੋ ਮਤਸਵੀ ਸੀ। ਉਸਦੇ ਹੁਕਮ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜੇਠ ਸੁਦੀ ੪ ਸੰਮਤ ੧੬੬੩ ਨੂੰ ਲਾਹੌਰ ਦੇ ਕਿਲ੍ਹੇ ਦੇ ਨੇੜੇ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਭਾਵੇਂ ਜਹਾਂਗੀਰ ਨੇ ਆਪਣੀ ਸ੍ਵੈ ਜੀਵਨੀ ਤੋਜ਼ਕਿ ਜਹਾਂਗੀਰੀ ਵਿੱਚ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਤੇ ਬਾਦਸ਼ਾਹ ਬਣਨ ਤੋਂ ਪਹਿਲਾਂ ਦੇ ਇਰਾਦੇ ਦਾ ਜ਼ਿਕਰ ਕੀਤਾ ਹੈ, ਪਰ ਉਸਦੇ ਮਨ ਵਿਚ ਗੁਰੂ ਜੀ ਵਿਰੁੱਧ ਜ਼ਹਿਰ ਭਰਨ ਵਿਚ ਚੰਦੂ ਤੇ ਪ੍ਰਿਥੀ ਚੰਦ ਦੀ ਭੂਮਿਕਾ ਨੂੰ ਨਕਾਰਿਆ ਨਹੀਂ ਜਾ ਸਕਦਾ। ਕੇਸਰ ਸਿੰਘ ਛਿੱਬਰ ਨੇ ਇਸ ਬਾਰੇ ਵਿਸਤਾਰ ਸਹਿਤ ਲਿਖਿਆ ਹੈ :

*ਫੇਰ ਪ੍ਰਿਥੀਆ ਆਇਆ ਲਾਹੌਰ।*
*ਬਿਨਾ ਦੁਸਟੀ ਗਲ ਕਰੇ ਨਾ ਹੋਰੁ।*
*ਨਿਤ ਨਿਤ ਦੀ ਚੁਗਲੀ ਇਕ ਦਿਨ ਫੁਰੀ।*
*ਸੰਮਤੁ ਸੋਲਾ ਸੈ ਬਾਹਟਵੈ ਦਸਤਕ ਟੁਰੀ।੧੦੨।*
*ਨਬਾਬ ਕਹਿਆ ਹਿੰਦੂ ਨੂੰ ਲੈ ਆਵੇ।*
*ਕਰੋ ਦਸਤਕ ਪਿਆਦੇ ਜਾਵੇ।*
*ਤੁਰਕਾਂ ਦਾ ਵੱਡਾ ਸੀ ਜੋਰੁ।*
*ਅਤੇ ਰਲਿ ਮਿਲ ਸਾਹੀ ਅਤੇ ਭਿਰਾਵਾ ਕੀਤਾ ਸੋਰੁ।੧੦੩।*
*ਸਾਹਿਬ ਸੁਣਿਆ ਜੋ ਚੁਗਲੀ ਹੋਈ*
*ਮਨ ਵਿਚ ਗਿਣੀ ਜੋ ਸੱਕਾ ਭਿਰਾਉ ਹੋਇ ਕੇ ਐਸੀ ਕਰੇ ਨਾ ਕੋਈ।*[18]

ਗੁਰੂ ਅਰਜਨ ਦੇਵ ਜੀ ਨੂੰ ਕੀਤੀਆਂ ਜਾ ਰਹੀਆਂ ਸਾਜਿਸ਼ਾਂ ਦਾ ਪਤਾ ਸੀ। ਉਹਨਾਂ ਨੇ ਲਾਹੌਰ ਜਾਣ ਤੋਂ ਪਹਿਲਾਂ ਆਪਣੇ ਪੁੱਤਰ ਸ੍ਰੀ (ਗੁਰੂ) ਹਰਿ ਗੋਬਿੰਦ ਜੀ ਨੂੰ ਗੁਰਗੱਦੀ ਦੇ ਦਿੱਤੀ ਅਤੇ ਦੁਆਬੇ ਵਿੱਚ ਕਰਤਾਰਪੁਰ ਨਗਰ ਵਿਚ ਚਲੇ ਜਾਣ ਦੀ ਨਸੀਹਤ ਵੀ ਕੀਤੀ। ਆਪ ਨੇ ਭਾਈ ਗੁਰਦਾਸ ਜੀ ਨੂੰ ਚੰਗੀ ਤਰ੍ਹਾਂ ਸਭ ਕੁਝ ਸਮਝਾ ਦਿੱਤਾ। ਭਾਈ ਕੇਸਰ ਸਿੰਘ ਛਿੱਬਰ ਅਨੁਸਾਰ :

*ਭਾਈ ਗੁਰਦਾਸ ਬੈਠ ਸਮਝਾਇਆ ॥*
*ਅਸਾਡਾ ਲਗੇਗਾ ਸੀਸੁ ਇਹੁ ਨਿਸਚਾ ਹੋ ਆਇਆ ॥*

ਹਰਿਗੋਬਿੰਦ ਦਾ ਖਸਮਾਨਾ ਹੈ ਤੁਸਾਂ ਨੂੰ ॥
ਏਹੁ ਹੈ ਨੰਦਾਨ ਈਆਣਾ ਤੁਸਾਂ ਰਾਜ਼ੀ ਰਖਣਾ ਇਨ੍ਹਾਂ ਨੂੰ ॥
ਅਸਾਂ ਹੈ ਤੁਰਕਾਂ ਵਿੱਚ ਜਾਣਾ ॥
ਉਨਾਂ ਕਰਨੀ ਹੈ ਹੁਜਤ ਤੁਸਾਂ ਦੁਆਬੇ ਵਿਚਿ ਕਰਨਾ ਟਿਕਾਣਾ ॥[59]

ਮੀਣਿਆਂ ਦੇ ਅਨੁਯਾਈਆਂ ਨੇ ਮੀਣਿਆਂ ਦੀ ਗੁਰ ਪ੍ਰਣਾਲੀ ਇਸ ਪ੍ਰਕਾਰ ਦਿੱਤੀ ਹੈ ਜੋ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਗੁਰਗੱਦੀ ਪ੍ਰਿਥੀ ਚੰਦ ਨੂੰ ਮਿਲੀ, ਜਿਸਨੂੰ ''ਗੁਰੂ ਸਾਹਿਬ'' ਆਖਦੇ ਹਨ। ਭਾਈ ਦਰਬਾਰੀ ਅਨੁਸਾਰ ਦੋ ਟਿੱਕੇ ਪ੍ਰਿਥੀ ਚੰਦ ਤੇ ਗੁਰੂ ਹਰਿ ਗੋਬਿੰਦ ਥਾਪੇ ਗਏ।

ਗੁਰੂ ਸਾਹਿਬ ਆਪਨੇ ਅੰਗ ਲਗਾਇਆ।
ਗੁਰੂ ਅਮਰਦਾਸ ਕਾ ਬਚਨ ਮੁਕਾਇਆ।
ਪੋਥੀ ਮਾਲਾ ਕਰੀ ਹਵਾਲੇ ਸਿਰ ਅਪਨੀ ਪਾਗ ਬਧਾਈ ਕੀ।
ਸੰਮਤ ਸੋਲਾ ਸੈ ਤ੍ਰੇਹਠ ਕੀਆ ਪਿਆਨਾ।
ਜੇਠ ਸੁਦੀ ਦਿਨ ਚੌਥ ਰਨਾਨਾ।
ਗੁਰੂ ਸਾਹਿਬ ਹਰਿ ਗੋਬਿੰਦ ਦੋਇ ਟਿੱਕੇ।
ਆਪ ਜੋਤੀ ਜੋਤ ਸਮਾਇ ਜੀ ॥7॥
ਨਾਨਕ ਪੰਥੀ ਜਨ ਦਰਬਾਰੀ
ਸਤਿਗੁਰ ਅਰਜਨ ਸਰਨ ਤੁਮਾਰੀ।
ਰਾਖ ਲੇਹੁ ਪ੍ਰਭੁ ਅਬ ਕੀ ਬਾਰੀ।
ਬਹੁੜ ਨ ਆਵੈ ਜਾਈ ਜੀ।[60]

ਮੀਣਿਆਂ ਦਾ ਅਨੁਯਾਈ ਕਵੀ ਭਾਈ ਦਰਬਾਰੀ ਹੋਇਆ ਹੈ, ਜਿਸ ਨੇ ਅਪ੍ਰਮਾਣਿਕ ਗੁਰੂ ਪਰੰਪਰਾ ਸੰਬੰਧੀ ਵਿਸਤ੍ਰਿਤ ਜਾਣਕਾਰੀ ਅੰਕਿਤ ਕਰਦਿਆਂ ਲਿਖਿਆ ਹੈ:

ਸ੍ਰੀ ਸਤਿਗੁਰੂ ਬਾਬਾ ਨਾਨਕ ਜਿਨਿ ਹਰਿ ਮੰਤ੍ਰ ਦ੍ਰਿੜਾਇਆ ॥
ਸਤਿਗੁਰ ਅੰਗਦ ਅਮਰਿਦਾਸੁ ਬੀਜ ਮੰਤ੍ਰ ਦ੍ਰਿੜਾਇਆ ॥
ਗੁਰੂ ਰਾਮਦਾਸ ਗੁਰੂ ਅਰਜਨੈ ਹਰਿ ਨਾਮ ਜਪਾਇਆ ॥
ਗੁਰੂ ਸਾਹਿਬ ਗੁਰੂ ਮਿਹਰਬਾਨੁ ਸਚੁ ਪ੍ਰਗਟੀ ਆਇਆ ॥
ਗੁਰੂ ਹਰਿ ਜੀ ਹਰਿ ਨਾਰਾਇਣੇ ਮਾਰਗੁ ਸਚੁ ਬਤਾਇਆ ॥
ਗੁਰੂ ਕਮਲ ਨੈਨ ਹਰਿ ਨੰਦ ਗੁਰੂ ਜਨਿ ਮਹਿ ਹਰਿ ਨਾਮ ਸਮਾਇਆ ॥
ਸਿਮਰਹੁ ਸ੍ਰੀ ਸਤਿਗੁਰੂ ਅਭੈ ਰਾਮ ਫਿਰਿ ਲਾਗੈ ਨਹੀ ਮਾਇਆ ॥
ਸਭੁ ਆਖਹੁ ਨਾਨਕ ਵਾਹੁ ਵਾਹੁ ਪੈਜ ਰਖਦਾ ਆਇਆ ॥[61]

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਮੁਗਲਾਂ ਨਾਲ ਯੁੱਧ ਕੀਤੇ ਅਤੇ ਫਿਰ ਮਹਿਸੂਸ ਕੀਤਾ ਕਿ ਇੰਨੀ ਵੱਡੀ ਬਾਦਸ਼ਾਹੀ ਸੈਨਾ ਨਾਲ ਮੈਦਾਨ ਵਿਚ ਲੜਨਾ ਔਖਾ ਹੈ ਤੇ ਗੁਰੀਲਾ ਯੁੱਧ ਵਿਧੀ ਨਾਲ ਹੀ ਆਪਣਾ ਦਬਦਬਾ ਕਾਇਮ ਰੱਖਿਆ ਜਾ ਸਕਦਾ ਹੈ। ਇਹ ਯੁੱਧ ਨੀਤੀ ਵੀ ਸਮੇਂ ਦੀ ਮੰਗ ਸੀ ਕਿ ਪਹਾੜੀ ਇਲਾਕੇ ਵਿਚ ਜਾ ਕੇ ਸਰਗਰਮੀਆਂ ਤੇਜ਼ ਕੀਤੀਆਂ ਜਾਣ।

ਗਿਆਨੀ ਕਿਰਪਾਲ ਸਿੰਘ ਲਿਖਦੇ ਹਨ, "੧੬੯੧ ਬਿ. ਦੀ ਅੰਮ੍ਰਿਤਸਰ ਜੰਗ ਤੋਂ ਬਾਅਦ ਗੁਰੂ ਹਰਿ ਗੋਬਿੰਦ ਸਾਹਿਬ ਜੀ ਕੀਰਤਪੁਰ ਚਲੇ ਗਏ। ਪਿਛੋਂ ਦਿੱਲੀ ਸਰਕਾਰ ਦੀ ਮਦਦ ਨਾਲ ਮਿਹਰਵਾਨ ਨੇ ਸ੍ਰੀ ਹਰਿਮੰਦਿਰ ਸਾਹਿਬ ਦੇ ਪ੍ਰਬੰਧ ਤੇ ਕਬਜ਼ਾ ਕਰ ਲਿਆ ਜੋ ਉਸ ਦੇ ਦੇਹਾਂਤ ਤੋਂ ਬਾਅਦ ਉਸਦੇ ਪੁੱਤਰ ਹਰਿ ਜੀ ਨੇ ਸੰਭਾਲ ਲਿਆ। ਇਹ ਕਬਜ਼ਾ ੧੭੫੬ ਬਿ. ਤੱਕ ਜਾਰੀ ਰਿਹਾ। ਇਸ ਅਰਸੇ ਵਿਚ ਸੰਗਤਾਂ ਦੀ ਆਵਾਜਾਈ ਬੜੀ ਘਟ ਗਈ, ਜਿਸ ਕਰਕੇ ਸ਼ਹਿਰ ਦਾ ਵਿਕਾਸ ਰੁੱਕ ਗਿਆ। ਸੰਗਤਾਂ ਕੀਰਤਪੁਰ ਤੇ ਆਨੰਦਪੁਰ ਸਾਹਿਬ ਜਾਣ ਲੱਗ ਪਈਆਂ।[42]

ਇਸ ਤੱਥ ਨੂੰ ਹੋਰ ਖੋਲ ਕੇ ਡਾ. ਮਦਨਜੀਤ ਕੌਰ ਲਿਖਦੀ ਹੈ ਕਿ ਗੁਰੂ ਸਾਹਿਬਾਨ ਦੀ ਅੰਮ੍ਰਿਤਸਰ ਤੋਂ ਲੰਮੇ ਸਮੇਂ ਲਈ ਗੈਰ-ਹਾਜ਼ਰੀ ਨੇ ਮਸੰਦਾਂ ਨੂੰ ਹਾਲਾਤ ਤੋਂ ਲਾਭ ਉਠਾਉਣ ਲਈ ਵਧੀਆ ਮੌਕਾ ਦਿੱਤਾ। ਹਰਿਮੰਦਰ ਦੇ ਪ੍ਰਬੰਧ ਤੇ ਅਧਿਕਾਰ ਕਰਨ ਲਈ ਕਾਫ਼ੀ ਵਧੀਆ ਮੌਕਾ ਅਕਾਖਿਆਵਾਨ ਮਸੰਦ ਤੇ ਮਹੰਤਾਂ ਨੇ ਆਪਣੇ ਆਪ ਨੂੰ ਪ੍ਰਿਥੀ ਚੰਦ ਦੀ ਔਲਾਦ ਨਾਲ ਜੋੜ ਲਿਆ ਤੇ ਵਫ਼ਾਦਾਰੀ ਬਦਲ ਲਈ। ਇਸ ਨਾਲ ਮਿਹਰਵਾਨ ਨੇ ਹਰਿਮੰਦਰ ਤੇ ਕਬਜ਼ਾ ਕਰ ਲਿਆ। ਮੱਘਰ ਸੁਦੀ ਪੰਚਮੀ ੧੬੯੬ ਬਿਕਰਮੀ (18 ਜਨਵਰੀ, 1639 ਈ.) ਨੂੰ ਇਸਦਾ ਪੁੱਤਰ ਹਰਿ ਜੀ ਸੋਢੀ ਇਸਦਾ ਉਤਰਾਧਿਕਾਰੀ ਬਣਿਆ। ਸੋਢੀ ਹਰਿ ਜੀ ਨੇ ਹਰਿਮੰਦਰ ਨੂੰ ਆਪਣੀ ਨਿਜੀ ਨਿਗਰਾਨੀ ਅਧੀਨ ਰੱਖਿਆ ਤੇ ਰੋਜ਼ ਦੇ ਕਾਰਜ ਚਲਾਉਣ ਲਈ ਮਸੰਦ ਨਿਯੁਕਤ ਕੀਤੇ। ਅਗਲੇ 57 ਸਾਲ ਸੋਢੀ ਹਰਿ ਜੀ ਹਰਿਮੰਦਰ ਸਾਹਿਬ ਤੇ ਕਾਬਿਜ਼ ਰਿਹਾ।[43]

ਇਸ ਤਰ੍ਹਾਂ ਮੀਣਿਆਂ ਨੇ ਪੱਕੀ ਤਰ੍ਹਾਂ ਹਰਿਮੰਦਰ ਸਾਹਿਬ ਤੇ ਕਬਜ਼ਾ ਕਰ ਲਿਆ। ਇਹ ਮਸੰਦ ਬੜੇ ਸ਼ਕਤੀਸ਼ਾਲੀ ਬਣ ਚੁੱਕੇ ਸਨ। ਇਹ ਗੱਲ ਸਪਸ਼ਟ ਹੈ ਕਿ ਮਸੰਦਾਂ ਨੇ ਆਪਣੇ ਹਿੱਤਾਂ ਨੂੰ ਮੁੱਖ ਰੱਖਦਿਆਂ ਮੀਣਿਆਂ ਦਾ ਸਾਥ ਦਿੱਤਾ। ਡਾ. ਤਰਲੋਚਨ ਸਿੰਘ ਲਿਖਦੇ ਹਨ ਕਿ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਗਏ ਤਾਂ ਹਰਿ ਜੀ ਦੇ ਆਦੇਸ਼ ਤੇ ਸੇਵਾਦਾਰਾਂ ਨੇ ਹਰਿਮੰਦਰ ਸਾਹਿਬ ਦੇ ਕਿਵਾੜ ਬੰਦ ਕਰ ਦਿੱਤੇ ਅਤੇ ਗੁਰੂ ਜੀ ਨੂੰ ਪ੍ਰਵੇਸ਼ ਨਾ ਕਰਨ ਦਿੱਤਾ। ਆਪ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਬਿਨਾਂ ਵਾਪਿਸ ਆ ਗਏ।[44]

ਮਿਹਰਵਾਨ (1637 ਬਿ.-1697 ਬਿ.) ਆਪਣੇ ਪਿਤਾ ਦੀ ਮੌਤ ਤੋਂ ਬਾਅਦ ਗੱਦੀ 'ਤੇ ਬੈਠਾ। ਇਹ ਬੜਾ ਵਿਦਵਾਨ ਅਤੇ ਕਥਾਕਾਰ ਸੀ। ਇਸ ਦੀਆਂ ਰਚਨਾਵਾਂ ਵਿਚੋਂ ਇਸ ਦੀ ਵਿਦਵਤਾ ਝਲਕਦੀ ਹੈ। ਇਸਨੇ ਆਪਣੇ ਮਤ ਦੇ ਪ੍ਰਚਾਰ ਲਈ ਦੂਰ-ਦੁਰਾਡੇ ਯਾਤਰਾ ਵੀ ਕੀਤੀ।

ਇਹ ਗੁਰੂ ਅਰਜਨ ਦੇਵ ਜੀ ਦਾ ਬੜਾ ਲਾਡਲਾ ਭਤੀਜਾ ਸੀ ਤੇ ਉਹ ਇਸਨੂੰ ਮੁਤਬੰਨਾ ਬਣਾਉਣ ਦੀ ਸੋਚ ਰਹੇ ਸਨ। ਇਸ ਦੇ ਪਿਤਾ ਪ੍ਰਿਥੀ ਚੰਦ ਦੀ ਲਾਲਸਾ ਸੀ ਕਿ ਚਲੋ ਜੇਕਰ ਮੈਂ ਨਹੀਂ ਤਾਂ ਮੇਰਾ ਪੁੱਤਰ ਤਾਂ ਗੁਰਗੱਦੀ ਪ੍ਰਾਪਤ ਕਰ ਲਵੇਗਾ ਪਰ ਇਹਨਾਂ ਦੀਆਂ ਆਸਾਂ ਤੇ ਪਾਣੀ ਉਸ ਸਮੇਂ ਫਿਰ ਗਿਆ ਜਦੋਂ ਸ੍ਰੀ ਹਰਿ ਗੋਬਿੰਦ ਜੀ ਦਾ ਜਨਮ ਹੋਇਆ। ਇਸ ਉਪਰੰਤ ਇਹ ਵੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਹੋ ਕੇ ਸਾਜ਼ਿਸ਼ਾਂ ਵਿੱਚ ਭਾਈਵਾਲ ਹੁੰਦਾ ਰਿਹਾ।

ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਹਰਿ ਗੋਬਿੰਦ ਜੀ ਵਿਰੁਧ ਇਸਨੇ ਚੰਦੂ ਨਾਲ ਰਲ ਕੇ ਸ਼ਾਹ ਜਹਾਨ ਪਾਸ ਜਾਇਦਾਦ ਵੰਡਣ ਲਈ ਪਹੁੰਚ ਕੀਤੀ।[45] ਗੁਰੂ ਹਰਿ ਗੋਬਿੰਦ ਜੀ ਨੇ ਝਗੜਾ ਮਿਟਾਉਣ ਲਈ ਭਾਈ ਜੇਠਾ ਤੇ ਭਾਈ ਪਿਰਾਣਾ ਜੀ ਨੂੰ ਭੇਜਿਆ, ਪਰ ਮਿਹਰਵਾਨ ਨੂੰ ਸਰਕਾਰ

ਦੀ ਸ਼ਹਿ ਸੀ, ਉਹ ਔਖਾ ਹੀ ਬੋਲਿਆ :

*ਮਿਹਰਵਾਨ ਬੋਲਯੋ ਰਿਸ ਪਾਗੇ ॥*
*ਉਠਹੁ ਕਯੋਂ ਨ ਮੇਰਾ ਨੇਤ੍ਰਨ ਆਗੈ ॥*
*ਅਪਨੀ ਕੁਸ਼ਲ ਚਾਹਹੁ ਚਲਿ ਜਾਣਹੁ ॥*
*ਨਾਹਕ ਬੀਚ ਮਾਰ ਕਿਹਾ ਖਾਵਹੁ ॥*[46]

ਭਾਈ ਜੇਠਾ ਤੇ ਭਾਈ ਪਿਰਾਣਾ ਜੀ ਨੇ ਵਾਪਿਸ ਆ ਕੇ ਸਾਰੀ ਗੱਲ ਗੁਰੂ ਜੀ ਨੂੰ ਦੱਸੀ ਤਾਂ ਉਹ ਆਪ ਮਿਹਰਵਾਨ ਪਾਸ ਜਾਣ ਲਈ ਤਿਆਰ ਹੋ ਗਏ। ਇਹਨਾਂ ਦੋਨਾਂ ਸਿਦਕੀ ਸਿੱਖਾਂ ਨੇ ਰੋਕਿਆ, ਪਰ ਸਤਿਗੁਰੂ ਝਗੜਾ ਮਿਟਾਉਣਾ ਚਾਹੁੰਦੇ ਸਨ। ਇਸ ਲਈ ਚਲੇ ਗਏ। ਮਿਹਰਵਾਨ ਉੱਚੇ ਸਥਾਨ ਤੇ ਲਗਾਈ ਗੱਦੀ ਉਪਰ ਆਰਾਮ ਨਾਲ ਬੈਠਾ ਰਿਹਾ ਤੇ ਉਸਨੇ ਆਪਣੇ ਸਿੱਖਾਂ ਨੂੰ ਸਿਖਾ ਦਿੱਤਾ ਕਿ ਉਹ ਗੁਰੂ ਹਰਿ ਗੋਬਿੰਦ ਦੇ ਪਾਸ ਆਉਣ ਤੇ ਨਾ ਖੜੇ ਹੋਣ ਤੇ ਨਾ ਆਦਰ ਦੇਣ ਤੇ ਨਾ ਆਦਰ ਨਾਲ ਬੋਲਣ।[47]

ਗੁਰੂ ਹਰਿ ਗੋਬਿੰਦ ਜੀ ਨੇ ਮਿਹਰਵਾਨ ਨੂੰ ਆਖਿਆ ਕਿ ਤੁਹਾਡੀ ਸਾਡੀ ਲਾਜ ਇਕੋ ਹੈ। ਤੁਸੀਂ ਤੁਰਕਾਂ ਅੱਗੇ ਦੀਨ ਕਿਉਂ ਬਣਦੇ ਹੋ? ਤੁਸੀਂ ਸੁਧਾਸਰ ਜਾ ਵਸੋ। ਘਰ, ਧਨ, ਭੂਮੀ, ਪਦਾਰਥ ਜੋ ਆਖੋ ਅਸੀਂ ਤੁਹਾਨੂੰ ਦਿੰਦੇ ਹਾਂ। ਇਹ ਸੁਣ ਕੇ ਮਿਹਰਵਾਨ ਨੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਸਪਸ਼ਟ ਆਖ ਦਿੱਤਾ ਕਿ ਤੁਹਾਡਾ ਸਾਡਾ ਕੋਈ ਮੇਲ ਨਹੀਂ ਹੈ, ਆਪਣੇ ਅੰਤ ਸਮੇਂ ਮੇਰੇ ਪਿਤਾ ਜੀ ਨੇ ਮੈਨੂੰ ਆਗਿਆ ਦਿੱਤੀ ਸੀ ਕਿ ਬਦਲਾ ਲੈਣਾ ਹੈ।[48]

ਇਸੇ ਕਰਕੇ ਭਾਈ ਸੰਤੋਖ ਸਿੰਘ ਉਸਨੂੰ ਅਹੰਕਾਰੀ ਲਿਖਦੇ ਹਨ :

*ਪੀਛੈ ਮਿਹਰਵਾਨ ਵਡ ਫੂਲਾ ॥*
*ਹਾਕਬ ਹਿੰਡੋਰੇ ਚਢਿ ਜਨ ਝੂਲਾ ॥*[49]

ਭਾਈ ਸਾਹਿਬ ਦਾ ਕਥਨ ਬੜਾ ਵਜ਼ਨਦਾਰ ਹੈ ਕਿ ਉਹ ਗੁਰੂ ਸਾਹਿਬ ਨੂੰ ਸ਼ਰੀਕ ਮੰਨਦਾ ਸੀ, ਜਿਸ ਕਾਰਨ ਉਹਨਾਂ ਦਾ ਪਿਆਰ ਨਾਲ ਕਹਿਣ ਤੇ ਸੁਧਾਸਰ ਭਾਵ ਅੰਮ੍ਰਿਤਸਰ ਜਾਣ ਤੇ ਸਭ ਕੁਝ ਸਾਂਭਣ ਲਈ ਤਿਆਰ ਨਹੀਂ ਸੀ। ਉਹ ਤਾਂ ਆਪਣੀ ਹਿੱਕ ਦੇ ਜ਼ੋਰ ਨਾਲ ਜਾਂ ਸਰਕਾਰੀ ਮਦਦ ਨਾਲ ਸਭ ਕੁਝ ਲੈ ਕੇ ਵਿਖਾਉਣਾ ਚਾਹੁੰਦਾ ਸੀ :

*ਕਹੇ ਸਰੀਰ ਬਰੋਂ ਪੁਰਿ ਕੈਸੇ।*
*ਆਛੀ ਬਾਤ ਹੋਤਿ ਨਹੀ ਐਸੇ।*
*ਆਪਨੇ ਜੋਰ ਸਾਥ ਸਭ ਲੈਹੋ।*
*ਸਦਨ ਪਿਤਾਮੇ ਲੈ ਸੁਖ ਪੈਹੋ।*[50]

ਇਉਂ ਮਿਹਰਵਾਨ ਸਾਰਾ ਜੀਵਨ ਗੁਰੂ ਘਰ ਦਾ ਵਿਰੋਧੀ ਬਣ ਕੇ ਦੁਨੀਆਂ ਵਿਚ ਵਿਚਰਿਆ। ਇਸ ਦੀ ਮੌਤ ਉਪਰੰਤ ਇਸ ਦਾ ਪੁੱਤਰ ਸੋਢੀ ਹਰਿ ਜੀ ਗੱਦੀ ਪਤੀ ਬਣਿਆ। ਇਸ ਬਾਰੇ ਵਿਸਤਾਰ ਨਾਲ ਅੱਗੇ ਲਿਖਿਆ ਗਿਆ ਹੈ।

ਸੋਢੀ ਹਰਿ ਜੀ ਦੇ ਤਿੰਨ ਪੁੱਤਰ ਸਨ - ਨਿਰੰਜਨ ਰਾਇ, ਹਰਿ ਗੋਪਾਲ ਤੇ ਕਵਲਨੈਨ। ਇਸ ਦੀ ਮੌਤ ਉਪਰੰਤ ਨਿਰੰਜਨ ਰਾਇ ਗੱਦੀ ਤੇ ਬੈਠਾ ਪਰ ਭਰਾਵਾਂ ਵਿੱਚ ਲੜਾਈ ਚਲ ਪਈ। ਸਿੱਖ ਗੁਰੂ ਸਾਹਿਬਾਨ ਨੇ ਸਤਿ ਮਾਰਗ ਦਾ ਉਪਦੇਸ਼ ਦਿੰਦਿਆਂ ਲੋਕਾਂ ਦੀ ਖਾਤਰ ਕਸ਼ਟ ਸਹੇ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸ ਗੱਲ ਦਾ ਅਕੱਥ ਪ੍ਰਮਾਣ ਹੈ। ਇਹਨਾਂ ਮੀਣਿਆਂ ਦਾ ਪਾਜ ਖੁੱਲ੍ਹ ਚੁੱਕਾ ਸੀ। ਗੁਰੂ ਗੋਬਿੰਦ ਸਿੰਘ ਨੇ ਭਾਈ ਮਨੀ ਸਿੰਘ ਤੇ ਹੋਰ ਮੁਖੀਏ ਸਿੱਖਾਂ ਨਾਲ ਜਥੇ ਭੇਜ ਕੇ ਹਰਿਮੰਦਰ ਸਾਹਿਬ 'ਤੇ ਕਬਜ਼ਾ ਕਰ ਲਿਆ।

ਮਿਹਰਵਾਨ ਆਪ ਚੰਗਾ ਕਵੀ ਸੀ, ਜਿਸ ਦੀ ਕਾਫ਼ੀ ਸਾਰੀ ਕਾਵਿ ਰਚਨਾ ਵਿਭਿੰਨ ਹੱਥ ਲਿਖਤਾਂ ਪੋਥੀਆਂ ਵਿਚ ਮਿਲਦੀ ਹੈ। ਉਸਨੇ 'ਨਾਨਕ' ਕਾਵਿ ਛਾਪ ਅਧੀਨ ਬਾਣੀ ਰਚੀ। ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ :

*ਮਿਹਰਵਾਂਨ ਪੁਤ੍ਰ ਪ੍ਰਿਥੀਏ ਦਾ ਕਬੀਸਰੀ ਕਰੇ ॥*
*ਪਾਰਸੀ ਹਿੰਦਵੀ ਸਹੰਸਕ੍ਰਿਤੀ ਨਾਲੇ ਗੁਰਮੁਖੀ ਪੜ੍ਹੇ ॥*
*ਤਿਨ ਭੀ ਬਾਣੀ ਬਹੁਤ ਬਣਾਈ ॥*
*ਭੋਗ ਗੁਰੂ ਨਾਨਕ ਜੀ ਦਾ ਹੀ ਪਾਈ ॥87॥*
*ਡੂੰਮ ਲਗੇ ਸ਼ਬਦ ਮੀਣਿਆਂ ਦੇ ਗਾਵਣ ॥*
*ਦੂਯਾ ਦਰਬਾਰ ਵੱਡਾ ਗੁਰਿਆਈ ਦਾ ਲਗੇ ਬਣਾਵਨਿ ॥*
*ਮੀਣਿਆਂ ਭੀ ਪੁਸਤਕੁ ਇਕ ਗ੍ਰੰਥ ਬਣਾਇਆ ॥*
*ਚਹੁੰ ਪਾਤਿਸ਼ਾਹੀਆਂ ਦੀ ਸ਼ਬਦ ਬਾਣੀ ਲਿਖਿ ਵਿਚਿ ਪਾਇਆ ॥*[51]

ਉਕਤ ਟੂਕ ਤੋਂ ਸਿਟੇ ਨਿਕਲਦੇ ਹਨ :

(ੳ) ਮਿਹਰਵਾਨ 'ਨਾਨਕ' ਕਾਵਿ ਛਾਪ ਅਧੀਨ ਕੱਚੀ ਬਾਣੀ ਦੀ ਰਚਨਾ ਕਰਕੇ ਬਾਣੀ ਵਿਚ ਰਲਾ ਪਾਉਣ ਦਾ ਸੁਚੇਤ ਯਤਨ ਕਰ ਰਿਹਾ ਸੀ।

(ਅ) ਗੁਰੂ ਘਰ ਦੇ ਮੁਕਾਬਲੇ ਆਪਣਾ ਦਰਬਾਰ ਲਗਾ ਕੇ ਗੁਰੂ ਪਰੰਪਰਾ ਅਨੁਸਾਰ ਕੀਰਤਨ ਕਰਵਾਉਣ ਲੱਗਾ ਸੀ। ਇਹ ਕੀਰਤਨੀਏ ਡੂੰਮ ਸਨ।

(ੲ) ਗੁਰੂ ਅਰਜਨ ਦੇਵ ਜੀ ਦੀ ਬਾਣੀ ਇਸ ਨੇ ਆਪ ਤਿਆਰ ਕੀਤੇ ਗ੍ਰੰਥ ਵਿਚ ਦਰਜ ਨਹੀਂ ਕੀਤੀ ਸੀ।

(ਸ) ਇਹਨਾਂ ਮੀਣਿਆਂ ਨੇ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਤ ਆਦਿ ਗ੍ਰੰਥ ਸਾਹਿਬ ਦੇ ਮੁਕਾਬਲੇ ਤੇ ਇਕ ਲੇਖ ਤਿਆਰ ਕਰ ਲਿਆ ਸੀ।

ਡਾ. ਕਿਰਪਾਲ ਸਿੰਘ ਇਸ ਮਤ ਨਾਲ ਸਹਿਮਤ ਨਹੀਂ ਹਨ ਕਿ ਮਿਹਰਵਾਨ ਨੇ ਕਿਸੇ ਹੋਰ ਗ੍ਰੰਥ ਦੀ ਰਚਨਾ ਕੀਤੀ। ਉਹਨਾਂ ਦਾ ਤਰਕ ਹੈ :

ਜੇਕਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਟਾਕਰੇ ਤੇ ਮਿਹਰਵਾਨ ਜੀ ਨੇ ਕੋਈ ਹੋਰ ਬਾਣੀ ਗ੍ਰੰਥ ਰਚਿਆ ਹੁੰਦਾ ਤਾਂ ਭਾਈ ਕਾਨ੍ਹ ਸਿੰਘ ਮਿਹਰਵਾਨ ਦੇ ਚੇਲਿਆਂ ਬਾਰੇ ਇਸ ਤਰ੍ਹਾਂ ਨਾ ਲਿਖਦੇ :

"ਹਰੀਆ ਤੇ ਬਾਲਾ ਜੱਟ ਬਾਬਾ ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ ਦੇ ਚੇਲੇ ਹੋਏ ਜੋ ਆਪਣਾ ਮੂੰਹ ਕਾਲਾ ਕਰਕੇ ਸਿਰ ਉਪਰ ਮੋਰ ਪੰਖ ਦਾ ਮੁਕਟ ਪਹਿਨਦੇ ਸਨ। ਇਸ ਕਰਕੇ ਉਨ੍ਹਾਂ ਦੀ ਅਤੇ ਉਨ੍ਹਾਂ ਜੋ ਪੰਥ ਚਲਾਇਆ, ਉਸਦੀ ਦੀਵਾਨੇ ਸੰਗਿਆ ਹੋਈ। ਇਨ੍ਹਾਂ ਦਾ ਧਰਮ ਪੁਸਤਕ ਗੁਰੂ ਗ੍ਰੰਥ ਸਾਹਿਬ ਹੈ।"[52]

ਆਪਣੇ ਮੰਤਵ ਦੀ ਸਿੱਧੀ ਲਈ ਅਤੇ ਵਿਚਾਰ ਨੂੰ ਠੀਕ ਕਰਨ ਲਈ ਡਾ. ਕਿਰਪਾਲ

ਸਿੰਘ ਮਹਾਨ ਕੋਸ਼ ਦਾ ਹਵਾਲਾ ਦਿੰਦਿਆਂ ਇੱਕ ਮਹੱਤਵਪੂਰਨ ਟੂਕ ਛੱਡ ਗਏ - ''ਦਿਵਾਨੇ ਸਾਧੂ ਉਦਾਸੀਆਂ ਵਿਚ ਗਿਣੇ ਜਾਏ ਹੈ'' ਤੇ ਉਦਾਸੀਆਂ ਦੀ ਧਰਮ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।

ਦੂਜਾ ਆਪਦਾ ਕਥਨ ਹੈ, ''ਭਾਈ ਸੰਤੋਖ ਸਿੰਘ ਜਾਂ ਹੋਰ ਕੋਈ ਪੁਰਾਤਨ ਲਿਖਤ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਮਿਹਰਵਾਨ ਜੀ ਨੇ ਕੋਈ ਗ੍ਰੰਥ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਤੇ ਨਹੀਂ ਰਚਿਆ।''[੩]

ਪਰ ਇਹ ਗੱਲ ਠੀਕ ਨਹੀਂ ਹੈ ਕਿਉਂਕਿ ਸੇਵਾ ਸਿੰਘ, ਜੋ ਮਹਾਰਾਜਾ ਰਣਜੀਤ ਸਿੰਘ ਕਾਲ ਵਿਚ ਹੋਇਆ ਹੈ, ਨੇ ਇਸ ਸੰਬੰਧੀ ਵਿਸਤਾਰ ਸਹਿਤ ਲਿਖਿਆ ਹੈ ਕਿ ਸੰਮਤ 1755 (ਸੰਨ 1698 ਈ.) ਵਿੱਚ ਪ੍ਰਿਥੀ ਚੰਦੀਏ, ਜਿਸ ਤੋਂ ਭਾਵ ਹਰਿ ਜੀ ਦੇ ਪੁੱਤਰ ਨਿਰੰਜਣ ਰਾਇ ਜੋ ਨੌਵੇਂ ਗੁਰੂ ਵਜੋਂ ਗੱਦੀ 'ਤੇ ਬਿਰਾਜਮਾਨ ਸੀ ਤੇ ਉਸਦੇ ਭਰਾਵਾਂ ਹਰਿਗੋਪਾਲ ਤੇ ਕੰਵਲਨੈਨ ਹੈ, ਹਰਿਮੰਦਰ ਸਾਹਿਬ ਖਾਲੀ ਕਰ ਗਏ। ਇਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਭਾਈ ਮਨੀ ਸਿੰਘ ਤੇ ਉਨ੍ਹਾਂ ਨਾਲ ਹੋਰ ਸਿੱਖਾਂ ਨੂੰ ਹਰਿਮੰਦਰ ਸਾਹਿਬ ਦੀ ਸੇਵਾ ਲਈ ਸ੍ਰੀ ਅੰਮ੍ਰਿਤਸਰ ਵਿਖੇ ਭੇਜਿਆ। ਜਦੋਂ ਇਹ ਸਿੰਘ ਅਰਦਾਸ ਕਰਕੇ ਵਿਦਾ ਹੋਣ ਲੱਗੇ ਤਾਂ ਸਤਿਗੁਰੂ ਨੇ ਇਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਇੱਕ ਬੀੜ ਤੇ ਨਿਸ਼ਾਨ ਸਾਹਿਬ ਸ੍ਰੀ ਹਰਿਮੰਦਰ ਵਿਚ ਸਥਾਪਤ ਕਰਨ ਲਈ ਦਿੱਤੇ। ਕਵੀ ਸੇਵਾ ਸਿੰਘ ਦੇ ਸ਼ਬਦ ਹਨ :

*ਸਤ੍ਰਹ ਸੈ ਪਚਵੰਜਾ ਆਹਿ ॥*
*ਦਿਵਸ ਵੈਸਾਖੀ ਸੰਮਤ ਮਾਹਿ ॥*
*ਚਹੁ ਦਿਸਿ ਸਤਿਗੁਰ ਦ੍ਰਿਸ਼ਟਿ ਚਲਾਈ ॥*
*ਮਨੀ ਸਿੰਘ ਤੇ ਪਹੁੰਚੀ ਜਾਈ ॥*
*ਦੋ ਕਰ ਜੋਰ ਖਰਾ ਹੈ ਬੋਲਾ ॥*
*ਹੇ ਸਤਿਗੁਰ ਮੈ ਤੇਰਾ ਤੇਰਾ ਗੋਲਾ ॥*
*ਕਹਿਯੋ ਸੁਧਾਸਰ ਨਗਰੀ ਜਾਵੋ ॥*
*ਹਰਿਮੰਦਰ ਕੀ ਸੇਵ ਕਮਾਵੋ ॥*
*ਪੰਚ ਸਿਖ ਗੈਲ ਕੀਏ ਤਿਆਰ ॥*
*ਭੂਪਤ ਸਿੰਘ ਔ ਸਿੰਘ ਗੁਲਜ਼ਾਰ ॥*
*ਚੰਦਾ ਕੋਇਰ ਸਿੰਘ ਸਿੰਘ ਦਾਨ ॥*
*ਪੰਚਮ ਕੀਰਤ ਸਿੰਘ ਸੁਜਾਨ ॥*
*ਸੇਵਾ ਹਰਿ ਗੁਰ ਹੈ ਕ੍ਰਿਪਾਲ ॥*
*ਮੰਨ ਬੇਨਤੀ ਸੰਗਤ ਨਾਲ ॥83॥*

''ਦੋਹਰਾ''

*ਪੰਚ ਪਹੁਲੀਏ ਸਿਖ ਇਹ ਗੁਰ ਕਾ ਖਾਸ ਦੀਵਾਨ ॥*
*ਲੈ ਆਗਿਆ ਤਬ ਖਸਟ ਇਹ ਖਲ ਅਰਦਾਸ ਸੁਧਾਨ ॥84॥*

ਬੀੜ ਏਕ ਸ੍ਰੀ ਗ੍ਰੰਥ ਕੀ ਫਰਹੈਦਾਰ ਨਿਸ਼ਾਨ ॥
ਦੇ ਵਿਦਾ ਸਤਿਗੁਰ ਕੀਆ ਮਨੀ ਸਿੰਘ ਬੁਧਿਮਾਨ ॥੮੫॥

''ਕਬਿਤ''

ਲੈ ਕੇ ਸੰਗਤ ਨੂੰ ਨਾਲ, ਮਨੀ ਸਿੰਘ ਤਤਕਾਲ ॥
ਪਹੁੰਚਾ ਸੁਧਾਸਰ ਤਾਲ ਆਇ ਦਰਸਨ ਪਾਂਵਦਾ ॥
ਜੇਠ ਸੁਦੀ ਚੌਥ ਖਾਸ ਕੀਆ ਗ੍ਰੰਥ ਪ੍ਰਕਾਸ਼ ॥
ਪਹਿਲੇ ਕਰ ਅਰਦਾਸ ਝੰਡਾ ਸਾਹਿਬ ਨੂੰ ਝੁਲਾਂਵਦਾ ॥
ਸਿੰਘ ਸੁਣ ਸੁਣ ਆਉਣ ਆ ਕੇ ਦਰਸ਼ਨ ਪਾਉਣ ॥
ਫਤੇ ਗੁਰ ਦੀ ਬੁਲਾਉਣ ਗੈਲ ਸਭ ਨੂੰ ਬਹਾਂਦਵਾ ॥
ਦਿੱਤੀ ਬਦਲ ਸੀ ਰੀਤ ਮੀਣੇ ਭਏ ਭੈ ਭੀਤ ॥
ਭਈ ਖਾਲਸੇ ਦੀ ਜੀਤ ਭੱਟ ਦੇਗ ਵਰਤਾਂਵਦਾ ॥[54]

ਇਸ ਗੱਲ ਨੂੰ ਆਧੁਨਿਕ ਸਮੇਂ ਵਿਚ ਵੀ ਵਿਦਵਾਨਾਂ ਨੇ ਸਵੀਕਾਰ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਤੇ ਮੀਣਿਆਂ ਨੇ ਇੱਕ ਗ੍ਰੰਥ ਤਿਆਰ ਕੀਤਾ, ਜਿਸਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿੱਚ ਕੀਤਾ ਗਿਆ। ਡਾ. ਤਰਲੋਚਨ ਸਿੰਘ ਲਿਖਦੇ ਹਨ, ''ਮੀਣਿਆਂ ਨੇ ਆਪਣੇ ਗ੍ਰੰਥ ਦਾ ਪ੍ਰਕਾਸ਼ ਕਰ ਲਿਆ ਸੀ, ਜਿਸ ਵਿਚ ਉਹਨਾਂ ਨੇ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਵਿਗਾੜ ਰਖਿਆ ਸੀ, ਸਗੋਂ ਆਪਣੀ ਕਵਿਤਾ ਵੀ ਸ਼ਾਮਲ ਕਰ ਲਈ ਸੀ। ਰੋਜ਼ਾਨਾ ਅਰਦਾਸ ਪਹਿਲਾਂ ਵਾਂਗ ਹੀ ਹੁੰਦੀ ਸੀ। ਕੀਤੀਆਂ ਗਈਆਂ ਤਬਦੀਲੀਆਂ ਇੰਨੀਆਂ ਬਰੀਕ ਸਨ ਕਿ ਆਮ ਵਿਅਕਤੀ ਆਸਾਨੀ ਨਾਲ ਨਖੇੜ ਕੇ ਫਰਕ ਨਹੀਂ ਸੀ ਲੱਭ ਸਕਦਾ।[55]

ਪ੍ਰੋ. ਅਨਿਲ ਚੰਦਰ[56] ਬੈਨਰਜੀ ਦਾ ਮਤ ਹੈ ਕਿ ਗੁਰਿਆਈ ਨੂੰ ਪੱਕੀ ਪੈਰੀਂ ਆਪਣੇ ਪਾਸ ਰੱਖਣ ਲਈ ਪ੍ਰਿਥੀ ਚੰਦ ਨੇ ਅੰਮ੍ਰਿਤਸਰ ਦੇ ਨੇੜੇ ਆਪਣੇ ਸਹੁਰੇ ਪਿੰਡ ਹੇਹਰ ਵਿਖੇ ਹਰਿਮੰਦਰ ਤੇ ਸਰੋਵਰ ਤਿਆਰ ਕਰਵਾਇਆ। ਉਸਨੇ ਅੰਮ੍ਰਿਤਸਰ ਦੇ ਨੇੜੇ ਇੱਕ ਸਰੋਵਰ ਖੁਦਵਾਇਆ। ਗੁਰੂ ਅਰਜਨ ਦੇਵ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਕਾਰਜ ਆਰੰਭ ਕਰਨ ਤੋਂ ਪਹਿਲਾਂ ਉਸਨੇ ਬਾਣੀ ਦਾ ਸੰਕਲਨ ਕਰਨਾ ਸ਼ੁਰੂ ਕੀਤਾ, ਜਿਸ ਵਿੱਚ ਉਸਨੇ ਆਪਣੀ ਰਚਨਾ ਵੀ ਸ਼ਾਮਲ ਕੀਤੀ। ਇਸ ਦਾ ਮਨੋਰਥ ਇਸ ਗ੍ਰੰਥ ਨੂੰ ਧਾਰਮਿਕ ਗ੍ਰੰਥ ਵਜੋਂ ਮਾਨਤਾ ਪ੍ਰਾਪਤ ਕਰਨੀ ਤੇ ਇਸਨੂੰ ਆਪਣੀ ਗੁਰਿਆਈ ਦੇ ਦਾਅਵੇ ਨੂੰ ਮਜ਼ਬੂਤ ਕਰਨ ਲਈ ਵਰਤਣਾ ਸੀ।

ਅਜੇ ਤਾਈਂ ਪ੍ਰਿਥੀ ਚੰਦ, ਜਿਸਨੂੰ ਮੀਣਾ ਸੰਪ੍ਰਦਾਇ ਦੀਆਂ ਲਿਖਤਾਂ ਵਿਚ 'ਪਾਤਸ਼ਾਹੀ ੬' ਵਜੋਂ ਲਿਖਿਆ ਗਿਆ ਹੈ, ਦੀ ਕੋਈ ਵੱਡਆਕਾਰੀ ਰਚਨਾ ਨਹੀਂ ਮਿਲੀ, ਪਰ ਪ੍ਰੋ. ਕੁਲਵੰਤ ਸਿੰਘ ਨੇ ਹਰਿ ਜੀ ਦੁਆਰਾ ਸੰਪਾਦਿਤ 'ਬਸੰਤ ਕੀ ਵਾਰ' ਦਾ ਮੂਲ ਪਾਠ ਦਿੱਤਾ ਹੈ, ਜਿਸ ਵਿਚ ਪ੍ਰਿਥੀ ਚੰਦ ਦੇ ਲਿਖੇ 9 ਸਲੋਕ ਮਿਲਦੇ ਹਨ, ਜਿਵੇਂ -

ਸਲੋਕ ਮ: ੬

ਜੇ ਤੂੰ ਮਿਲਹਿ ਪਿਆਰਿਆ ਮੇਰਾ ਮਨ ਤਨ ਹਰਿਆ ਹੋਇ ॥
ਤੁਧ ਬਿਨ ਖਰੀ ਦੁਹੇਲੜੀ ਮੇਰੀ ਬਾਤ ਨਾ ਪੂਛੇ ਕੋਇ ॥
ਆਈ ਰੁਤ ਬਸੰਤ ਦੀ ਸਭ ਸਖੀਆਂ ਮਨ ਆਨੰਦ ॥

*ਸਿਸਰ ਰੁਤਿ ਕੋਇ ਨਾ ਜਾਣਈ ਮੈ ਮਨ ਤਨ ਹੋਇਆ ਭੰਗੁ ॥*
*ਅੱਗੇ ਸਿਸਰ ਡਰਾਵਣੀ ਪਿਛੇ ਹਰੀ ਸਬੰਤ ॥*
*ਨਾਨਕ ਮਿਲਣ ਨਾ ਆਵਹੀ ਕੋਈ ਮੇਲਣਹਾਰਾ ਸੰਤ ॥੧॥*[57]

ਸਰਦਾਰ ਸਮਸ਼ੇਰ ਸਿੰਘ ਅਸ਼ੋਕ ਨੇ ਇਸ ਸੰਬੰਧੀ ਵਿਸਤਾਰ ਸਹਿਤ ਦੱਸਿਆ ਹੈ ਕਿ ਮੀਣਿਆਂ ਨੇ ਗੁਰਗੱਦੀ ਖੋਹਣ ਲਈ ਜਿਥੇ ਅਤਿ ਮਾੜੀਆਂ ਚਾਲਾਂ ਚਲੀਆਂ ਉਥੇ ਕਾਨੂੰਨੀ ਯਤਨਾਂ ਦੇ ਨਾਲ ਹੀ ਗੁਰੂ ਨਾਨਕ ਦੀ ਮੁਹਰ ਛਾਪ ਹੇਠ ਬੇਹੱਦ ਨਕਲੀ ਬਾਣੀ ਰਚਨ ਦੀ ਵੀ ਕੋਈ ਕਸਰ ਬਾਕੀ ਨਾ ਛੱਡੀ। ਇਥੋਂ ਤਕ ਕਿ ਪ੍ਰਿਥੀ ਚੰਦ ਤੇ ਮਿਹਰਵਾਨ ਦੀ ਸੰਪ੍ਰਦਾਇ ਨੇ ਗੁਰਬਾਣੀ ਦੇ ਮੁਕਾਬਲੇ ਜਪੁ, ਬਾਵਨ ਅੱਖਰੀ, ਸੁਖਮਨੀ ਤੇ ਹੋਰ ਸ਼ਬਦ ਸਲੋਕ ਆਦਿ ਨਕਲੀ ਬਾਣੀ, ਵਾਰ ਦੇ ਮੁਕਾਬਲੇ, ਆਸਾ ਦੀ ਵਾਰ, ਤਿਲੰਗ ਦੀ ਵਾਰ ਆਦਿ ਨਕਲੀ ਵਾਰਾਂ, ਸ੍ਰੀ ਦਰਬਾਰ ਸਾਹਿਬ ਦੇ ਮੁਕਾਬਲੇ ਤੇ ਪਿੰਡ ਹੇਹਰ (ਲਾਹੌਰ) ਦਾ ਸੱਚਖੰਡ ਦਰਬਾਰ ਤੇ ਦਸਤਾਵੇਜ਼ਾਂ ਜਾਂ ਹੁਕਮਨਾਮਿਆਂ ਆਦਿ, ਗੱਲ ਕੀ ਜੋ ਕੁਝ ਉਹ ਮੁਗਲ ਹਾਕਮਾਂ ਨਾਲ ਮਿਲ ਕੇ ਕਰ ਸਕਦੇ ਸੀ, ਉਹੋ ਕੁਝ ਉਹਨਾਂ ਨੇ ਕੀਤਾ।[58]

ਇਹ ਬਾਣੀ ਦੇ ਮੁਕਾਬਲੇ ਜੋ ਕਾਵਿ ਰਚਨਾ ਇਹਨਾਂ ਮੀਣੇ ਕਵੀਆਂ ਨੇ ਕੀਤੀ, ਇਹ ਸਭ ਸ਼ਾਮਲ ਕਰਕੇ ਹੋਰ ਗ੍ਰੰਥ ਦੀ ਰਚਨਾ ਕੀਤੀ ਜਾਣੀ ਸੰਭਵ ਹੈ। ਇਸ ਸੰਬੰਧੀ ਕੇਸਰ ਸਿੰਘ ਛਿੱਬਰ ਦਾ ਕਥਨ ਬੜਾ ਮਹੱਤਵਪੂਰਨ ਹੈ ਕਿ ਜਿਹੜੇ ਡੂਮ/ਰਬਾਬੀ ਗੁਰੂ ਅਰਜਨ ਦੇਵ ਜੀ ਨੇ ਕੱਢ ਦਿੱਤੇ ਸਨ, ਉਹ ਮੀਣਿਆਂ ਨੇ ਰੱਖ ਲਏ :

*ਡੂਮ ਰਬਾਬੀ ਕਢੇ ਹੋਏ ਉਨਾ ਰਖ ਲਏ ॥*
*ਉਹ ਮਿਹਰਵਾਨ ਦੀ ਰਚਨਾ ਦਾ ਗਾਇਨ ਕਰਦੇ ਸਨ ॥*
*ਡੂਮ ਲਗੇ ਸਬਦ ਮੀਣਿਆਂ ਦੇ ਗਾਵਣ ॥*[59]

ਗੁਰੂ ਅਰਜਨ ਦੇਵ ਨੇ ਨਕਲੀ ਗੁਰੂਆਂ ਦੀ 'ਨਾਨਕ' ਛਾਪ ਦੀ ਕਵਿਤਾ ਤੋਂ ਗੁਰਬਾਣੀ ਵਿਚ ਰਲ਼ਾ ਪੈਣ ਦੇ ਵਿਚਾਰ ਨੂੰ ਧਿਆਨ ਰੱਖ ਕੇ ਸੱਚੀ ਬਾਣੀ ਦਾ ਪ੍ਰਮਾਣਿਕ ਗ੍ਰੰਥ ਤਿਆਰ ਕਰਨ ਦਾ ਵਿਚਾਰ ਭਾਈ ਗੁਰਦਾਸ ਜੀ ਵਰਗੇ ਸ਼੍ਰੋਮਣੀ ਸਿੱਖ ਸ਼ਰਧਾਲੂ ਤੇ ਵਿਦਵਾਨ ਨਾਲ ਸਾਂਝਾ ਕੀਤਾ। ਫਿਰ ਆਦਿ ਗ੍ਰੰਥ ਦਾ ਸੰਪਾਦਨ ਕਰਕੇ ਸ਼ੁਧ ਪਾਠ ਸੰਭਾਲ ਲਿਆ। ਭਾਈ ਕੇਸਰ ਸਿੰਘ ਛਿੱਬਰ ਅਨੁਸਾਰ - ਇਥੇ ਕਿਸੇ ਸਿੱਖ ਸ਼ਬਦ ਮਿਹਰਵਾਨ ਦਾ ਕੀਰਤਨ ਵਿਚਿ ਸੋ ਸਰਵਣੀ ਗੁਰੂ ਅਰਜਨ ਦੇਵ ਜੀ ਦੀ ਪਰਿਆ ॥੯੨॥ ਪਰਿਆ ਬਚਨ ਕੀਤਾ ਭਾਈ ਗੁਰਦਾਸ ਗੁਰੂ ਦੀ ਬਾਣੀ ਜੁਦਾ ਕਰੀਏ ਮੀਣੇ ਪਾਂਦੇ ਨੀ ਰਲਾ ਸੇ ਵਿਚਿ ਰਲਾ ਨਾ ਧਰੀਏ। ਸੋ ਸਾਹਿਬਬਾਣੀ ਉਚਾਰੂ ਅਗੇ ਹੀ ਕਿਤਸੇ ਭਏ। ਸੋ ਭਾਈ ਗੁਰਦਾਸ ਸਭ ਇਕਤ੍ਰ ਕਰ ਲਏ॥੯੩ ॥[60]

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਮਗਰੋਂ ਪ੍ਰਿਥੀਚੰਦ ਦੁਆਰਾ ਸਮਾਂਨਤਰ ਗੱਦੀ ਦੀ ਸਥਾਪਨਾ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦੇ ਸ਼ਰਧਾਲੂ ਤੇ ਵਿਦਵਾਨ ਸਿੱਖ ਸ਼ਹੀਦ ਭਾਈ ਮਨੀ ਸਿੰਘ ਦੇ ਹਰਿਮੰਦਰ ਨੂੰ ਆਪਣੇ ਕਬਜ਼ੇ ਅਧੀਨ ਕਰ ਲੈਣ ਤੋਂ ਪਹਿਲਾਂ ਤੱਕ ਦਾ ਸਮਾਂ ਮੀਣਿਆਂ ਦੀ ਚੜਤ ਦਾ ਸਮਾਂ ਹੈ। ਇਸ ਮਗਰੋਂ ਇਹਨਾਂ ਦਾ ਜ਼ੋਰ ਘਟ ਗਿਆ। ਮੀਣੇ ਅੰਮ੍ਰਿਤਸਰ ਦਾ ਇਲਾਕਾ ਛੱਡ ਕੇ ਮਾਲਵੇ ਵਿਚ ਆ ਵਸੇ। ਭਾਈ ਸੇਵਾ ਸਿੰਘ ਦਾ ਕਥਨ ਹੈ :

*ਮੀਣਿਆਂ ਕਾ ਬਲ ਘਟ ਗਯੋ ਅੰਮ੍ਰਿਤਸਰ ਮੇ ਧਾਹਿ ॥*
*ਦੇਸ ਮਾਲਵੇ ਜਾ ਵਸਯੋ ਰਾਇ ਨਿਰੰਜਨ ਆਇ ॥*
*ਘਰਾਚੋਂ ਸੁਤ ਇਸ ਜਾ ਰਿਹਾ ਨਾਮ ਦਖਣੀ ਰਾਇ ॥*[9]

ਮੀਣੇ ਸੰਪ੍ਰਦਾਇ ਦੇ ਆਗੂ ਜੁਝਾਰੂ ਸਿੱਖ ਸ਼ਰਧਾਲੂਆਂ ਤੋਂ ਭੈ ਖਾ ਕੇ ਮਾਲਵੇ ਦੇ ਇਲਾਕੇ ਵਿਚ ਜਾ ਟਿਕੇ ਤੇ ਇਹਨਾਂ ਦੀ ਸਿੱਖੀ ਸੇਵਕੀ ਘਟਦੀ ਗਈ।

ਇਹਨਾਂ ਦੇ ਪਤਨ ਦਾ ਇੱਕ ਕਾਰਨ ਇਹ ਵੀ ਜਾਪਦਾ ਹੈ ਕਿ ਆਮ ਜਨਤਾ ਨੂੰ ਸੱਚੀ ਗੁਰੂ ਗੱਦੀ ਜਾਂ ਪ੍ਰਮਾਣਿਕ ਗੁਰੂ ਪਰੰਪਰਾ ਦਾ ਪਤਾ ਲੱਗ ਗਿਆ ਸੀ, ਕਿਉਂਕਿ ਉਹ ਸਾਰੇ ਮਹਾਂਪੁਰਖ ਲੋਕ ਪੱਖੀ ਸਨ। ਜਨਤਾ ਦੀ ਸੇਵਾ ਕਰਦੇ ਤੇ ਉਹਨਾਂ ਦੀ ਰਹਿਨੁਮਾਈ ਕਰਦੇ ਸਨ। ਜਬਰ ਜ਼ੁਲਮ ਵਿਰੁੱਧ ਲਾਮਬੰਦ ਹੋ ਕੇ ਲੋਕਾਂ ਦੀ ਸਹਾਇਤਾ ਲਈ ਤਤਪਰ ਰਹਿੰਦੇ ਸਨ, ਜਦੋਂ ਕਿ ਮੀਣੇ, ਹਮੇਸ਼ਾਂ ਸਰਕਾਰ ਪੱਖੀ ਰਹੇ ਤੇ ਹਮੇਸ਼ਾਂ ਗੱਦੀ ਕਾਇਮ ਰੱਖਣ ਲਈ ਲਾਹੌਰ ਦੇ ਨਵਾਬਾਂ ਦੀ ਸ਼ਰਣ ਰਹੇ।

ਸਿੱਖ ਧਰਮ ਵਿੱਚ ਭਗਤੀ ਅਤੇ ਸ਼ਕਤੀ ਦੇ ਸੁਮੇਲਾਂ ਦੀ ਗੱਲ ਗੁਰੂ ਹਰਿਗੋਬਿੰਦ ਸਾਹਿਬ ਨੇ ਪੱਕੀ ਕਰਕੇ ਸਿੱਖਾਂ ਨੂੰ ਸਮਝਾ ਦਿੱਤੀ ਅਤੇ ਗੁਰੂ ਗੋਬਿੰਦ ਸਿੰਘ ਤੇ ਉਹਨਾਂ ਤੋਂ ਬਾਅਦ ਲਗਭਗ ਅੱਧੀ ਸਦੀ ਸਿੱਖ ਜ਼ਾਲਮ ਤੇ ਜਬਰ ਮੁਗਲ ਹਕੂਮਤ ਤੇ ਉਹਨਾਂ ਪਿਠੂਆਂ ਵਿਰੁੱਧ ਜੂਝੇ ਅਤੇ ਆਖਰ ਮੁਗਲਾਂ ਦੀ ਹਕੂਮਤ ਨੂੰ ਕਮਜ਼ੋਰ ਕਰਨ ਵਿੱਚ ਕਾਮਯਾਬ ਹੋਏ। ਸਿੱਖਾਂ 'ਤੇ ਅਸਹਿ ਤੇ ਅਕਹਿ ਜ਼ੁਲਮ ਹੋਇਆ। ਅਜਿਹੇ ਸਮੇਂ ਵਿੱਚ ਮੀਣੇ ਗੁਰੂਆਂ ਦੀ ਹਾਲਤ ਮਾੜੀ ਹੋ ਗਈ, ਕਿਉਂਕਿ ਇਹ ਸਿੱਖਾਂ ਦੇ ਗੁਰੂ ਬਣ ਕੇ ਮੁਗਲਾਂ ਦੀ ਕਰੋਪੀ ਮੁੱਲ ਨਹੀਂ ਸਨ ਲੈਣਾ ਚਾਹੁੰਦੇ। ਇਹਨਾਂ ਦੇ ਬਹੁਤੇ ਅਨੁਯਾਈ ਅੰਮ੍ਰਿਤ ਛਕ ਕੇ ਮੁਖ ਧਾਰਾ ਵਿਚ ਸ਼ਾਮਲ ਹੋ ਗਏ ਅਤੇ ਇਹਨਾਂ ਦਾ ਬਲ ਘਟਦਾ ਘਟਦਾ ਕਾਫ਼ੀ ਘਟ ਗਿਆ।

ਇੱਕ ਗੱਲ ਵਿਚਾਰਨ ਵਾਲੀ ਹੈ ਕਿ ਮੀਣਿਆਂ ਨੇ ਹਰਿਮੰਦਰ ਸਾਹਿਬ ਦਾ ਕਬਜ਼ਾ ਇੰਨੀ ਜਲਦੀ ਕਿਵੇਂ ਛੱਡ ਦਿੱਤਾ ? ਇਹ ਵਿਚਾਰਨ ਵਾਲਾ ਮਸਲਾ ਹੈ। ਆਮ ਇਤਿਹਾਸਕਾਰ ਜਾਂ ਲੇਖਕਾਂ ਨੇ ਇਹੀ ਲਿਖਿਆ ਹੈ ਕਿ ਹਰਿ ਜੀ ਦੇ ਦੇਹਾਂਤ ਉਪਰੰਤ ਉਸਦੇ ਪੁੱਤਰਾਂ ਵਿੱਚ ਝਗੜਾ ਹੋਣ ਤੇ ਉਹ ਹਰਿਮੰਦਰ ਸਾਹਿਬ ਖਾਲੀ ਕਰ ਗਏ ਤੇ ਫਿਰ ਸ਼ਹਿਰ ਦੇ ਪਤਵੰਤਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਸੁਨੇਹਾ ਭੇਜਿਆ ਕਿ ਮਹਾਨ ਸਿੱਖ ਕੇਂਦਰ ਦਾ ਪ੍ਰਬੰਧ ਕਰਨ ਲਈ ਸਿੱਖ ਭੇਜੋ।

ਇਹ ਗੱਲ ਸੰਭਵ ਨਹੀਂ ਜਾਪਦੀ ਕਿ ਇੰਨੀ ਵੱਡੀ ਜਾਇਦਾਦ ਤੇ ਆਮਦਨੀ ਦਾ ਸਾਧਨ ਛੱਡ ਕੇ ਉਹਨਾਂ ਦਾ ਆਪੇ ਚਲਾ ਜਾਣਾ। ਇਉਂ ਜਾਪਦਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਦੇ ਮੂਲ ਕੇਂਦਰ ਨੂੰ ਆਪਣੇ ਕਬਜ਼ੇ ਵਿੱਚ ਕਰਨ ਲਈ ਹਥਿਆਰਬੰਦ ਸਿੱਖਾਂ ਦੀ ਫ਼ੌਜ ਭੇਜੀ ਹੈ। ਜਿਸ ਦੇ ਆਗੂ ਭਾਈ ਮਨੀ ਸਿੰਘ ਜੀ ਸਨ। ''ਮੀਣੇ ਭਏ ਭੈ ਭੀਤ'' ਸੇਵਾ ਸਿੰਘ ਦੀ ਉਕਤੀ ਤੋਂ ਇਹ ਅਨੁਮਾਨ ਸਹਿਜ ਲਗਾਇਆ ਜਾ ਸਕਦਾ ਹੈ।

ਸੋਢੀ ਹਰਿ ਜੀ ਦੀ ਔਲਾਦ ਨੇ ਹਾਲਾਤ ਨੂੰ ਮੁੱਖ ਰਖਦਿਆਂ ਅੰਮ੍ਰਿਤਸਰ ਸ਼ਹਿਰ ਦਾ ਤਿਆਗ ਕਰਨਾ ਯੋਗ ਸਮਝਿਆ। ਨਿਰੰਜਨ ਰਾਇ ਘਰਾਂਚੋਂ (ਜ਼ਿਲ੍ਹਾ ਪਟਿਆਲਾ) ਵਿਚ ਆ ਵਸਿਆ। ਹਰ ਗੋਪਾਲ ਆਪਣੇ ਜੱਦੀ ਪਿੰਡ ਮੁਹੰਮਦੀਪੁਰ (ਜ਼ਿਲ੍ਹਾ ਲਾਹੌਰ) ਵਿਚ ਚਲਾ ਗਿਆ ਅਤੇ ਕੰਵਲਨੈਨ ਜਿਸ ਨੂੰ ਕੌਲ ਸਾਹਿਬ ਵੀ ਆਖਿਆ ਜਾਂਦਾ ਹੈ, ਢਿਲਵਾਂ (ਜ਼ਿਲ੍ਹਾ ਫਰੀਦਕੋਟ)

ਵਿਚ ਆ ਵਸਿਆ। ਹੁਣ ਇਹ ਸੋਢੀ ਇਨੇ ਬਲਹੀਣ ਤੇ ਤੇਜਹੀਣ ਹੋ ਚੁੱਕੇ ਸਨ ਕਿ ਇਹਨਾਂ ਨੇ ਗੁਰੂ ਘਰ ਦਾ ਵਿਰੋਧ ਛੱਡ ਦਿੱਤਾ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਜਦ ਦਸਮੇਸ਼ ਮਾਛੀਵਾੜੇ ਨੀਲੇ ਬਾਣੇ ਨਾਲ ਉਨ੍ਹਾਂ (ਕੌਲ ਸਾਹਿਬ) ਪਾਸ ਪਹੁੰਚੇ ਤਦ ਇਨ੍ਹਾਂ ਨੇ ਦੋ ਘੋੜੇ ਤੇ ਸਫੈਦ ਪੁਸ਼ਾਕ ਨਜ਼ਰ ਕੀਤੀ।[੬੨]

ਇਹਨਾਂ ਨੇ ਆਪਣੇ ਪਰਿਵਾਰ ਸਮੇਤ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤਪਾਨ ਕੀਤਾ ਤੇ ਮੁੜ ਮੁਖ ਧਾਰਾ ਵਿੱਚ ਸ਼ਾਮਲ ਹੋ ਗਏ।[੬੩] ਇਸਦਾ ਪੁੱਤਰ ਅਭੈ ਚੰਦ ਗੁਰੂ ਜੀ ਤੋਂ ਅੰਮ੍ਰਿਤ ਛੱਕ ਕੇ ਅਭੈ ਸਿੰਘ ਬਣਿਆ, ਜਿਸ ਬਾਰੇ ਸਤਿਗੁਰੂ ਕਹਿੰਦੇ ਹੁੰਦੇ ਸਨ :

"ਇਹ ਭਾਂਡਾ ਸ਼ੁਧ ਹੈ, ਵਸਤੂ ਪਾਵਨ ਵਾਲਾ ਹੈ।"[੬੪]

ਪ੍ਰਿਥੀ ਚੰਦ ਤੇ ਇਸਦੀ ਔਲਾਦ ਸੰਬੰਧੀ ਸੋਢੀ ਗੁਰਦਰਸ਼ਨ ਸਿੰਘ[੬੫] ਨੇ ਵਿਸਤਾਰ ਸਹਿਤ ਲਿਖਦਿਆਂ ਵੱਖ-ਵੱਖ ਘਰਾਣਿਆਂ ਦੀਆਂ ਬੰਸਾਵਲੀਆਂ ਪੇਸ਼ ਕੀਤੀਆਂ ਹਨ।

ਸੋਢੀ ਮਿਹਰਵਾਨ ਦੇ ਜੀਵਨ ਕਾਲ ਵਿਚ ਮੀਣਾ ਸੰਪ੍ਰਦਾਇ ਦੇ ਦੋ ਭਾਗ ਹੋ ਗਏ - ਸੋਢੀ ਮੀਣਿਆਂ ਦੀ ਸੰਪ੍ਰਦਾਇ ਜਿਸ ਬਾਰੇ ਉਪਰ ਵਿਸਤਾਰ ਸਹਿਤ ਵਿਚਾਰ ਅੰਕਿਤ ਕੀਤੇ ਗਏ ਹਨ ਅਤੇ ਦੂਜੀ ਦੀਵਾਨੇ ਸਾਧੂਆਂ ਦੀ ਸੰਪ੍ਰਦਾਇ ਜੋ ਅਪ੍ਰਮਾਣਿਕ ਗੁਰੂ ਪ੍ਰਿਥੀ ਚੰਦ/ਮਿਹਰਵਾਨ ਨਾਲ ਆਪਣਾ ਸੰਬੰਧ ਜੋੜਦੇ ਸਨ।

ਬਾਬਾ ਸ੍ਰੀ ਚੰਦ ਦੁਆਰਾ ਸਥਾਪਿਤ ਉਦਾਸੀ ਸੰਪ੍ਰਦਾਇ ਦੀ ਇਹ ਇਕ ਉਪ-ਬਖਸ਼ਸ ਸੀ। ਗੁਰੂ ਹਰਿ ਗੋਬਿੰਦ ਜੀ ਦੇ ਜੀਵਨ ਕਾਲ ਵਿੱਚ ਉਦਾਸੀ ਸੰਪ੍ਰਦਾਇ ਦੇ ਚਾਰ ਧੂਣੇ ਸਥਾਪਤ ਹੋਏ ਸਨ ਅਤੇ ਸ੍ਰੀ ਗੁਰੂ ਹਰਿ ਰਾਇ ਜੀ ਦੇ ਯੁੱਗ ਵਿੱਚ ਇਹਨਾਂ ਦੀਆਂ 10 ਉਪ-ਬਖਸੀਸ਼ਾਂ ਕਾਇਮ ਹੋਈਆਂ।[੬੬] ਕੁਝ ਵਿਦਵਾਨ ਦੀਵਾਨਿਆਂ ਦੀ ਇਸ ਸ਼ਾਖਾ ਨੂੰ ਚੌਥੀ ਪਰ ਗਿਆਨੀ ਗਿਆਨ ਸਿੰਘ ਨੌਵੀਂ ਬਖਸ਼ੀਸ਼ ਮੰਨਦੇ ਹਨ -

*ਔਰ ਏਕ ਗੁਰੂ ਮਿਹਰਵਾਨ ਜੁ ਕੀ ਬਖਸ਼ਸ,*
*ਕੇਰੇ ਹੈ ਦਿਵਾਨੇ ਸਾਧੂ ਬਿਦਤ ਕਿਤਾਨ ਪੈ ॥*
*ਹਰਿਆ ਔ ਬਾਲਾ ਜੱਟ ਦੋਊ ਹੁਤੇ ਮਾਲਵੇ ਕੇ,*
*ਸੇਵ ਸੋਢੀ ਮਿਹਰਵਾਨ ਕੇਰੀ ਕਰੀ ਆਨ ਪੈ ॥੪੨੬॥*
*ਜਾ ਕੇ ਹਿਤ ਹੋਇ ਅਤਿ ਮਿਹਰਵਾਨ ਮਿਹਰਵਾਨ,*
*ਸੇਲ ਟੋਪੀ ਕੇਰੀ ਕਰੀ ਬਖਸ਼ਸ਼ ਤਾਹਿ ਕੋ ॥*
*ਕਹਯੋ ਫੇਰ ਬਾਲੇ ਮੇਰ ਪੰਥ ਜਗ ਐਸੋ ਚਾਲੇ,*
*ਪਾਛੇ ਭਯੋ ਨਾ ਖਿਸਾਲੇ ਆਗੇ ਹੋਵੈ ਨਾਹਿ ਕੋ ॥*
*ਛੇਦੇ ਕਾਨ ਗੋਰਖ ਮੇਂ ਹਾਥ ਨਾਕ ਛੇਦਯੋ ਚੈਹੋ,*
*ਸੁਨ ਕੇ ਮਿਹਰਵਾਨ ਕੀਨੋ ਐਸੋ ਵਾਹਿ ਕੋ ॥*
*ਠੀਕਰਾ ਗਹਾਯੋ ਹਾਥ ਸਿਰ ਮੂੰਹ ਮੁੰਡਵਾਯੋ,*
*ਮੂਸਲ ਧਰਾਯੋ ਕਾਂਧੇ ਕਾਲ ਮੁਖ ਚਾਹਿ ਕੋ ॥੧੨੭॥*
*ਬਲਖੀ ਡਰਾਇ ਗਰੇ ਸੰਖ ਅਲ ਪਹਿਰਾਇ,*
*ਸਿਰ ਪਰ ਟੋਪ ਮੋਰਪੰਖਨ ਧਰਾਯੋ ਹੈ ॥*

ਕਹਯੋ ਨਾਕ ਕਟਯੋ ਮੁਖ ਕਾਲਾ ਭਯੋ,
ਮੂੰਡਯੋ ਗਯੋ, ਹਾਥ ਕਟਯੋ ਯੋਹੀ ਜੋਊ ਠੀਕਰਾ ਗਹਾਯੋ ਹੈ ॥
ਫੇਰ ਪਾਛੈ ਢੋਲਿ ਬਜਵਾਇ ਕੈ ਨਚਯੋ ਆਛੈ,
ਭੇਖਯੋ ਦਿਵਾਲਾ ਯਾਨੇ ਪਗਲਾ ਬਨਾਯੋ ਹੈ ॥
ਐ ਪੈ ਹਾਂ ਕੇ ਸਿਦਕ ਔ ਕਰਨੀ ਬੁਲੰਦ ਹੂੰ ਨੇ,
ਆਜ਼ਮਤ ਵਾਰੋ ਬਾਲਅਤੀ ਬਿਦਤਾਯੋ ਹੈ ॥੧੨੮॥
ਤਾਂ ਕਾ ਚੇਲਾ ਫੇਰ ਪੀਰ ਹਰੀਆ ਬਿਦਤ ਭਯੋ,
ਦੂਸਰਾ ਨੌਸ਼ਾਹ, ਤੀਜਾ ਪੀਰ ਭਾਗ ਭਯੋ ਹੈ ॥
ਜਾਂ ਕੀ ਕਰਾਮਾਤਿ ਪਿਖਿ ਬੋਦਲੇ ਪਰਪੇ ਭੱਟੀ,
ਕੌਮ ਹੂ ਨੇ ਲੂਟ ਨੈ ਤੈ ਮਾਲਵਾ ਤਜਯੋ ਹੈ ॥
ਯਾਂ ਹੀ ਹਿਤ ਠੂਠਾ ਤਾਂ ਕੋ ਸਵਾ ਮਣ ਅੰਨ ਕੇਰੋ,
ਦੇਤ ਦੇਸ ਮਾਲਵਾ ਬਿਸੇਸ ਅਬਿ ਲਯੋ ਹੈ ॥
ਗਾਦੀ ਏਸ ਭੇਖ ਕੀ ਪੈ ਅਬਿ ਲੌਂ ਰਹਿਤ ਪੀਰ,
ਪਿੰਡ ਕੋਟ ਪੀਰ ਕੇ ਮੇਂ ਗ੍ਰਿਹਸਤੀ ਲਖਯੋ ਹੈ ॥੧੨੯॥
ਇਸੀ ਭੇਖ ਮਾਂਹਿ ਏਕ ਰਾਮਦਾਸ ਸਾਧੂ ਭਯੋ ॥
ਸ਼ਹਰ ਪਟਯਾਲੇ ਜਿਨ ਡੇਰਾ ਨਿਜ ਠੱਟਯੋ ॥
ਪੰਥ ਏਹ ਦਿਵਾਨਿਆ ਕਾ ਸਿੰਘਨ ਕੇ ਰਾਜ ਸਮੇਂ,
ਅਤਿ ਹੀ ਬਢਯੋ ਥਾ ਅਬਿ ਦੇਖੀਯਤ ਘਟਯੋ ॥
ਰਾਖਤੇ ਹੈ ਮੋਰ-ਪੰਖ ਸੰਖ-ਮਾਲ ਲਠ ਕਾਂਧੇ,
ਢੋਲ ਬਜਵਾਇ ਨਾਚ ਨਾਚਤ ਅਘਟਯੋਂ,
ਕੇਚਿਤ ਉਦਾਸੀਓਂ ਕੀ ਰੀਤਿ ਹੂੰ ਰਖਾਵਤੇ ਹੈ,
ਪੂਜਤੇ ਹੈ ਗ੍ਰੰਥ ਗੁਰੂ ਸਤਿਨਾਮ ਪਰਯੋ ॥੧੩੦॥[67]

ਡਾ. ਸਾਬਰ ਨੇ ਦੀਵਾਨਿਆਂ ਬਾਰੇ ਵਿਚਾਰ ਕਰਦਿਆਂ ਲਿਖਿਆ ਹੈ :

'ਗੁਰ ਉਦਾਸੀਨ ਮਤ ਦਰਪਨ' ਦੇ ਕਥਨ ਅਨੁਸਾਰ, ''ਭਾਈ ਭੋਂਦੜ ਦਾਸ (ਦਿਵਾਨਾ ਸਾਹਿਬ) ਸ੍ਰੀ ਨਿਰਬਾਨ ਮਿਹਰਵਾਨ (ਬਾਬਾ ਮਨੋਹਰ ਦਾਸ) ਜੀ ਦੇ ਸਿੱਖ ਸਨ। ਜੋ ਉਦਾਸ ਬ੍ਰਿਤੀ ਧਾਰ ਕੇ ਅਤੀਤ (ਸਾਧੂ) ਬਣ ਗਏ। ਉਨ੍ਹਾਂ ਦੇ ਜਾਂ-ਨਸ਼ੀਨ ਸ੍ਰੀ ਬਾਵਾ ਹਰੀ ਦਾਸ, ਹਰੀ ਦਾਸ ਜੀ ਦੇ ਨੌ ਸ਼ਾਹ ਜੀ ਤੇ ਉਨ੍ਹਾਂ ਦੇ ਸਿੱਖ ਸ੍ਰੀ ਬਾਵ ਭਾਗ ਪੀਰ ਜੀ ਪ੍ਰਸਿੱਧ ਹੋਏ। ਜਿਨ੍ਹਾਂ ਦਾ ਅਸਥਾਨ ਪਟਿਆਲੇ ਸ਼ਹਿਰ ਵਿਚ ਭੀ ਹੈ।'' 'ਉ ਮਤਿ ਦਰਪਨ' ਵਿਚ ਇਥੋਂ ਦੇ ਸੰਤਾਂ ਮਹੰਤਾਂ ਦੀ ਗੁਰਪ੍ਰਣਾਲੀ ਇਸ ਤਰ੍ਹਾਂ ਲਿਖੀ ਹੈ : ''ਦਿਵਾਨਾ ਸਾਹਿਬ (ਭੂੰਦੜ ਦਾਸ) ਦੇ ਚੇਲੇ ਬਾਲਾ ਦਾਸ (ਬਾਲਾ) ਉਨ੍ਹਾਂ ਦੇ ਹਰੀ ਦਾਸ (ਹਰੀਆ) ਤਿੰਨਾਂ ਦੇ ਮੱਸਾ ਦਾਸ ਸਿੱਖ ਹੋਏ। ਉਪਰੰਤ ਵਾਰੀ ਸੁਧੇ ਬਾਲਾ ਦਰਬਾਰੀ ਦਾਸ, ਚਤੁਰ ਦਾਸ, ਰਾਮ ਸੁੰਦਰ, ਨਿਕਟੀ ਦਾਸ, ਸਿਦਕੀ ਦਾਸ, ਮੋਹਨ ਦਾਸ, ਬਾਬਾ ਰਾਮ ਦਾਸ (ਜਿਨ੍ਹਾਂ ਇਹ ਧਰਮਸਾਲ ਬੱਧੀ) ਚੇਲੇ ਪੜਚੇਲੇ ਬਣਦੇ ਆਏ। ਬਾਬਾ ਕਿਸ਼ਨ ਦਾਸ, ਨਾਨਕ ਪ੍ਰਕਾਸ਼, ਸੰਤ ਦਾਸ, ਬਾਵਾ ਜੈ ਰਾਮ ਦਾਸ ਨੰਬਰਦਾਰ ਇਸ ਧਰਮਸਾਲ ਦੇ ਮਹੰਤ

ਬਣਦੇ ਆਏ।''[68]

ਭਾਈ ਕਾਨ੍ਹ ਸਿੰਘ ਨਾਭਾ ਨੇ ਦੀਵਾਨੀਆ ਬਾਰੇ ਲਿਖਿਆ ਹੈ -

ਹਰੀਆ ਅਤੇ ਬਾਲਾ ਜੱਟ, ਬਾਬਾ ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ ਦੇ ਚੇਲੇ ਹੋਏ, ਜੋ ਆਪਣਾ ਕਾਲਾ ਮੂੰਹ ਕਰਕੇ ਸਿਰ ਉਪਰ ਮੋਰ ਪੰਖ ਦਾ ਮੁਕਟ ਪਹਿਣਦੇ ਸਨ ਇਸ ਕਰਕੇ ਉਨ੍ਹਾਂ ਦੀ ਅਤੇ ਉਨ੍ਹਾਂ ਜੋਂ ਚੋ ਪੰਥ ਚਲਿਆ ਉਸਦੀ ਦਿਵਾਨੇ ਸੰਗਿਆ ਹੋਈ। ਦਿਵਾਨਿਆਂ ਦੀ ਗੱਦੀ ਪਿੰਡ ਕੋਟ ਪੀਰ ਮਾਲਵੇ ਵਿਚ ਹੈ ਅਤੇ ਪਟਿਆਲੇ ਬਾਵਾ ਰਾਮਦਾਸ ਜੀ ਦਾ ਡੇਰਾ ਇਸੇ ਸੰਪ੍ਰਦਾ ਦਾ ਹੈ, ਦਿਵਾਨੇ ਸਾਧੂ ਉਦਾਸੀਆਂ ਵਿਚ ਹੀ ਗਿਣੇ ਜਾਂਦੇ ਹਨ। ਇਨ੍ਹਾਂ ਦੀ ਭੀ ਧਰਮ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।[69]

ਇਉਂ ਸਪਸ਼ਟ ਹੁੰਦਾ ਹੈ ਕਿ ਦੀਵਾਨੇ ਸਾਧੂਆਂ ਦੇ ਮੋਢੀ ਭਾਈ ਬਾਲਾ ਦਾਸ ਤੇ ਹਰੀਆ ਸਨ, ਜਿਹਨਾਂ ਦੇ ਜੀਵਨ ਸਮਾਚਾਰ ਲਗਭਗ ਨਾਂਹ ਦੇ ਬਰਾਬਰ ਮਿਲਦੇ ਹਨ। ਡਾ. ਜਸਬੀਰ ਸਿੰਘ ਸਾਬਰ ਅਨੁਸਾਰ :

ਭਾਈ ਬਾਲਾ ਦਾਸ ਪ੍ਰਿਥੀਚੰਦ ਦੇ ਚੇਲੇ ਅਤੇ ਭਾਈ ਹਰੀਏ ਨਾਲੋਂ ਵੱਡੇ ਸਨ। ਇਸ ਦੀ ਪੁਸ਼ਟੀ ਪ੍ਰਚਲਿਤ ਦੰਦ-ਕਥਾਵਾਂ ਅਤੇ ਕੁਝ ਸਮਕਾਲੀ ਸਾਹਿਤ ਦੀਆਂ ਅੰਦਰੂਨੀ ਗਵਾਹੀਆਂ ਤੋਂ ਹੋ ਜਾਂਦੀ ਹੈ। ਆਪ ਦਾ ਸੰਬੰਧ ਜੱਟਾਂ ਦੇ ਸਿੱਧੂ ਖਾਨਦਾਨ ਨਾਲ ਸੀ। ਸੁਆਦਲੀ ਗੱਲ ਤਾਂ ਇਹ ਹੈ ਕਿ ਜੋ ਪ੍ਰਾਣੀ ਆਪ ਨੂੰ ਗੁਰੂ ਧਾਰਨ ਕਰ ਲੈਂਦਾ, ਉਸਦਾ ਗੋਤ ਵੀ ਸਿੱਧੂ ਬਣ ਜਾਂਦਾ ਸੀ। 'ਪੀਰ ਕੋਟ' ਦੇ ਇਲਾਕੇ ਵਿੱਚ ਇਹ ਕਹਾਵਤ ਬੜੀ ਪ੍ਰਸਿੱਧ ਰਹੀ ਹੈ, ''ਬਾਲ ਮੁੰਨਿਆ ਸੋ ਸਿੱਧੂ''। ਇਸ ਤਰ੍ਹਾਂ ਸਿੱਧੂ ਗੋਤ ਧਾਰਨ ਕਰਨ ਲਈ ਭਾਈ ਬਾਲੇ ਦੀ ਸ਼ਰਨ ਵਿਚ ਆਉਣਾ ਹੀ ਕਾਫ਼ੀ ਸੀ। ਦਲਤ ਜਾਤੀਆਂ ਦੇ ਲੋਕ ਇਸ ਲਹਿਰ ਕਾਰਨ ਧੜਾ ਧੜ ਬਾਲੇ ਦੇ ਚੇਲੇ ਬਣ ਰਹੇ ਸਨ ਅਤੇ ਆਪਣੇ ਆਪ ਨੂੰ 'ਸਿੱਧੂ' ਅਖਵਾਉਂਦੇ ਸਨ। ਇਸ ਇਲਾਕੇ ਵਿੱਚ ਅੱਜ ਵੀ ਬਹੁਤ ਸਾਰੇ ਦਲਤ ਜਾਤਾਂ ਨਾਲ ਸੰਬੰਧਿਤ ਪਰਿਵਾਰ ਆਪਣੇ ਆਪ ਨੂੰ ਸਿੱਧੂ ਸਦਾਉਂਦੇ ਹਨ। ਮਾਲਵੇ ਦਾ ਬਹੁਤ ਸਾਰਾ ਖੇਤਰ ਦੀਵਾਨੇ ਸਾਧੂਆਂ ਦੇ ਪ੍ਰਭਾਵ ਹੇਠ ਆ ਗਿਆ ਸੀ।[70]

ਮਿਸਟਰ ਰੋਜ਼ ਨੇ ਦੀਵਾਨਿਆਂ ਬਾਰੇ 1833 ਦੀ ਮੁਰਦਮਸ਼ੁਮਾਰੀ ਰਿਪੋਰਟ ਵਿੱਚ ਜਾਣਕਾਰੀ ਦਿੰਦਿਆਂ ਕਈ ਮਹੱਤਵਪੂਰਨ ਗੱਲਾਂ ਲਿਖੀਆਂ ਹਨ, ਜਿਵੇਂ ਦੀਵਾਨੇ ਸਿੱਖਾਂ ਦੀ ਤੀਸਰੀ ਪੁਰਾਣੀ ਸੰਪ੍ਰਦਾਇ ਹੈ। ਇਹਨਾਂ ਨੂੰ ਦੀਵਾਨੇ ਭਾਵ ਪਾਗਲ ਸਾਧ ਇਹਨਾਂ ਦੇ ਨਸ਼ਈ ਹੋਣ ਕਰਕੇ ਕਹਿੰਦੇ ਹਨ। ਇਸਦੇ ਅਨੁਯਾਈ ਇਹ ਗ੍ਰਹਿਸਥੀ ਅਤੇ ਕੇਸਧਾਰੀ ਹੁੰਦੇ ਹਨ, ਗਲ ਵਿੱਚ ਸਿਪੀਆਂ ਦੀ ਮਾਲਾ ਪਾਉਂਦੇ ਹਨ ਅਤੇ ਪੱਗੜੀ ਵਿਚ ਮੋਰਪੰਖ ਸਜਾਉਂਦੇ ਹਨ। ਇਹ ਗੁਰੂ ਗ੍ਰੰਥ ਨੂੰ ਗੁਰੂ ਮੰਨਦੇ ਹਨ ਤੇ ਨਾਮ ਸਿਮਰਨ ਕਰਦੇ ਹਨ। ਆਦਿ[71]

ਪ੍ਰਿਥੀਚੰਦ ਦੇ ਪੈਰੋਕਾਰ ਹੋਣ ਕਾਰਨ ਇਹਨਾਂ ਦੀ ਗਿਣਤੀ ਛੋਟੇ ਮੇਲ ਦੇ ਲੋਕਾਂ ਵਿੱਚ ਕੀਤੀ ਜਾਂਦੀ ਹੈ। ਗਿਆਨੀ ਗਿਆਨ ਸਿੰਘ ਦੇ ਉਕਤ ਕਥਨ ਵਿੱਚ ਸਚਾਈ ਇਹ ਹੈ ਕਿ ਇਹ ਘੋਨ ਮੋਨ ਹੁੰਦੇ ਸਨ ਤੇ ਮੂੰਹ ਕਾਲਾ ਕਰਦੇ ਸਨ, ਪਰ ਸਿੱਖ ਰਾਜ ਦੇ ਪ੍ਰਭਾਵ ਕਾਰਨ ਇਹ ਕੇਸਾਧਾਰੀ ਹੋ ਗਏ, ਜਿਹਾ ਕਿ ਮਿਸਟਰ ਰੋਜ਼ ਨੇ ਲਿਖਿਆ ਹੈ। ਇਸ ਸੰਪ੍ਰਦਾਇ ਦੇ ਸਾਧੂ ਹੁਣ ਕੇਸਾਧਾਰੀ ਤੇ ਸਵੱਛ ਪਹਿਰਾਵੇ ਵਾਲੇ ਹਨ।

ਸਿੱਖ ਰਾਜ ਦੀ ਸਥਾਪਤੀ ਤੋਂ ਪਹਿਲਾਂ ਇਸ ਸੰਪ੍ਰਦਾਇ ਦੇ ਸਾਧੂਆਂ ਦੇ ਗੁਰੂ ਗੋਬਿੰਦ ਸਿੰਘ ਜੀ ਨਾਲ ਮੇਲ ਮਿਲਾਪ ਦੇ ਹਵਾਲੇ ਮਿਲਦੇ ਹਨ। ਗੁਰੂ ਜੀ ਦੇ ਪ੍ਰਭਾਵ ਅਧੀਨ ਇਹਨਾਂ ਨੇ ਸਿੱਖੀ ਸਰੂਪ ਧਾਰਨ ਕੀਤਾ ਅਤੇ ਕਦੇ ਗੁਰੂ ਘਰ ਦੇ ਦੋਖੀ ਨਹੀਂ ਬਣੇ ਭਾਵੇਂ ਇਹ ਜੁੜੇ ਮੀਣਿਆਂ ਨਾਲ ਹੀ ਰਹੇ। ਬਾਬਾ ਭੂੰਦੜ ਦਾਸ ਜਦੋਂ ਕਲਗੀਧਰ ਨੂੰ ਮਿਲਦੇ ਹਨ ਤਾਂ ਪੂਰਨ ਸਤਿਕਾਰ ਨਾਲ ਮਿਲਦੇ ਹਨ। ਜਦੋਂ ਗੁਰੂ ਜੀ ਸ਼ਿਕਾਰ ਖੇਡਦੇ ਹਏ ਭੂੰਦੜ ਗਏ -

"ਗੁਰੂ ਜੀ ਨੂੰ ਭੂੰਦੜਾਂ ਨੇ ਮੱਥਾ ਟੇਕਿਆ ਪੰਜ ਰੁਪਏ ਇਕ ਥਾਲ। ਦੂੱਧ ਸਿੱਖਾਂ ਨੂੰ ਛਕਾਇਆ ਮਿਠਾ ਕਰਕੇ ਹੋਰ ਗੋਸ਼ਟ ਹੋਈ।"

ਗੁਰੂ ਜੀ ਕਹਿੰਦੇ ਹਨ, "ਭੂੰਦੜਾ ਅਸੀਂ ਚਲਦੇ ਹਾਂ" ਭੂੰਦੜ ਕਹਿੰਦਾ, "ਜੀ ਰਹੋ ਕੋਈ ਟਹਿਲ ਫਰਮਾਓ।"[72]

ਭੂੰਦੜ ਤੋਂ ਇਲਾਵਾ ਹੋਰ ਦੀਵਾਨੇ ਵੀ ਮਾਲਵੇ ਦੇ ਦੌਰੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੇ ਤੇ ਉਹਨਾਂ ਦੀ ਖੁਸ਼ੀ ਪ੍ਰਾਪਤ ਕੀਤੀ। ਇਸ ਸੰਬੰਧੀ ਦੋ ਸਾਖੀਆਂ ਬੜੀਆਂ ਮਹੱਤਵਪੂਰਨ ਹਨ - "ਅੱਗੇ ਡੇਰਾ ਗੁਰੂ ਜੀ ਜੈਤੇ ਕੀ ਕੀਤਾ। ਜੈਤੇ ਸ਼ਿਕਾਰ ਚੜੇ ਛੜੀ ਅਸਵਾਰੀ। ਖੇਡਦੇ ਖੇਡਦੇ ਕੋਠੇ ਪ੍ਰਿਥੀਚੰਦ ਕੇ ਮਲੂਕੇ ਦੇ ਵਿਚਾਲੇ ਆਇ ਉਤਰੇ ਡੇਰਾ ਕਰ ਦੀਆ। ਤੰਬੂ ਲਾਇ ਦੀਆ। ਚਾਰ ਘੜੀ ਕੇ ਅੰਮ੍ਰਿਤ ਵੇਲੇ ਆਇਆ ਦੀਵਾਨਾ ਸਿਰ ਮੂਹ ਕਾ ਭੱਦਣ ਕੀਤਾ ਹੋਇਆ ਕਹਿੰਦਾ, "ਗੁਰੂ ਜੀ ਦਾ ਦੀਦਾਰ ਕਰਨਾ ਹੈ।" ਸਿੰਘ ਨੇ ਕਿਹਾ, "ਗੁਰੂ ਜੀ ਆਪਣੇ ਰੰਗ ਮਾਹਿ ਬੈਠੇ ਹਨਿ ਹੁਣ ਨਹੀਂ ਹੁਕਮ" ਦੀਵਾਨਾ ਸਿੰਘ ਨੂੰ ਮੁਹਲਾ ਚਕ ਕੇ ਧਕੇ ਨਾਲ ਵੜਨ ਲੱਗਾ, ਸਿੰਘ ਨੇ ਤਲਵਾਰ ਮਾਰੀ। ਜਖਮੀ ਹੋ ਗਿਆ। ਪਰ ਫਿਰ ਵੀ ਬੋਲਿਆ, "ਹੁਣ ਤਾਂ ਗੁਰੂ ਜੀ ਕਾ ਦਰਸਨ ਕਰਾਵੇ। ਗੁਰੂ ਜੀ ਨੂੰ ਸਿੱਖਾਂ ਪੁੱਛਿਆ, "ਜੀ ! ਦੀਵਾਨਾ ਜ਼ਖਮੀ ਹੋਇਆ ਹੈ, ਕਹਿੰਦਾ ਹੈ ਮੈਨੂੰ ਗੁਰੂ ਕੇ ਦਰਸਨ ਕਰਾਵੇ। ਗੁਰੂ ਜੀ ਕਹਿੰਦੇ "ਆਵਣ ਦੇਹ" ਦੀਵਾਨੇ ਮੱਥਾ ਟੇਕਿਆ। ਗੁਰੂ ਜੀ ਕਹਿੰਦੇ, "ਜੀਵਣ ਕੀ ਸੁਰਤਿ ਹੈ" ਦੀਵਾਨਾ ਕਹਿੰਦਾ ਜੀ ਹੁਣ ਖੁਸ਼ੀ ਕਰੋ ਤੁਸਾਂ ਦੀ ਹਜ਼ੂਰ ਪ੍ਰਾਣ ਮੇਰੇ ਛੁਟਣ, ਏਹੋ ਖੁਸ਼ੀ ਕਰੋ, ਫੇਰ ਪ੍ਰਾਣਿ ਛੁਟੇ।"

ਚੌਪਈ

*ਮਲੂਕੇ ਕੀ ਮਾਰਿਆ ਇਕ ਦੀਵਾਨਾ।*
*ਜੰਗਲਾ ਕੇ ਭੂਪਤ ਸਭ ਭਏ ਹੈਰਾਨਾ।*
*ਇਕ ਖਿਚਲੇ ਇਕ ਸਾਬਤ ਰਹੇ।*
*ਇਕ ਨਾ ਦ੍ਰਿੜ੍ਹ ਕਰ ਚਰਨ ਗੁਰ ਕੇ ਗਹੇ।*

ਬੈਰਾੜ ਕਹਿੰਦੇ, "ਇਹ ਭਲਾ ਗੁਰੂ ਹੈ, ਜਿਸਨੇ ਦੀਵਾਨਾ ਮਾਰਿਆ" ਇੱਕ ਕਹਿੰਦੇ "ਦੀਵਾਨਾ ਭੀ ਗੁਰੂ ਕਾ ਜਿਸਨੇ ਤਲਵਾਰ ਮਾਰੀ ਸਿੱਖ ਨੇ ਓਹ ਭੀ ਗੁਰੂ ਕਾ।"[73]

ਜਦੋਂ ਗੁਰੂ ਸਾਹਿਬ ਮਲੂਕੇ ਪਾਸ ਪਹੁੰਚੇ ਤਾਂ ਦੀਵਾਨਿਆਂ ਦੇ ਮੁਖੀਏ ਘੁੱਦੇ ਨੇ ਪੰਜਾਹ ਦੀਵਾਨੇ ਗੁਰੂ ਜੀ ਪਾਸ ਕਤਲ ਹੋਏ ਦੀਵਾਨੇ ਸਾਧੂ ਦਾ ਬਦਲਾ ਲੈਣ ਲਈ ਭੇਜੇ। ਸਾਖੀ ਵਿੱਚ ਲਿਖਿਆ ਹੈ :

"ਅਗੇ ਘੁਦੇ ਤੇ ਸੁਖੂ ਦੀਵਾਨੇ ਕਹਿਆ, "ਗੁਰੂ ਨੇ ਦੀਵਾਨਾ ਮਾਰਿਆ ਹੈ ਵੈਰ ਲਈਏ " ਪੰਜਾਹ ਦੀਵਾਨੇ ਕਠੇ ਕੀਤੇ। ਜਾਂ ਰਾਹ ਵਿੱਚ ਆਏ ਤਾਂ ਪਚੀ ਹੋ ਗਏ। ਕਹਿੰਦੇ 'ਗੁਰੂ ਨਾਲ

ਨਹੀਂ ਲੜਦੇ'' ਜਾ ਅਗੇ ਆਏ ਤਾਂ ਤੇਰਾਂ ਹੱਟ ਗਏ, ਜਾਂ ਅਗੇ ਆਏ ਦਸ ਹੱਟ ਗਏ। ਕਹਿੰਦੇ 'ਗੁਰੂ ਨਾਲ ਨਹੀਂ ਲੜਦੇ', ਸੁਖੁ ਅਤੇ ਬੁਧੁ ਰਹਿ ਗਏ। ਸਾਰੰਗੀ ਤੇ ਢੱਡ ਪਾਸ ਸੀ। ਡੇਰੇ ਧਰ ਗਏ ਗੁਰੂ ਜੀ ਨੂੰ ਮਥਾ ਜਾਇ ਟੇਕਿਆ।

''ਗੁਰੂ ਜੀ ਕਹਿੰਦੇ 'ਜੋ ਕਹ ਡੇਰੇ ਲੁਕਾਇ ਆਏ ਉਹ ਲੈ ਆਵੋ'' ਓਹੁ ਢੱਡ ਸਾਰੰਗੀ ਲੈ ਆਏ। ਗੁਰੂ ਜੀ ਕਹਿੰਦੇ 'ਗਾਓ'। ਉਨ੍ਹਾਂ ਸਾਰੰਗੀ ਸੁਰ ਕੀਤੀ ਗਾਵਨ ਲੱਗੇ :

ਕਚਾ ਕੋਠਾ ਵਿਚ ਵਸਦਾ ਜਾਨੀ,
ਸਦਾ ਨ ਆਪੇ ਨਿਤ ਨਾਹੀ ਜੁਆਨੀ।

''ਗੁਰੂ ਜੀ ਚੜਨ ਲਗੇ ਸੁਖੁ ਕਹਿੰਦਾ 'ਜੀ ਸਾਡੇ ਉਤੇ ਅਸਵਾਰੀ ਕਰੋ। ਦੋ ਦਿਵਾਨੇ ਦੁਇ ਸਿੱਖ ਹੋਰ ਕੀਤੇ। ਚਾਰ ਪਾਏ ਉੱਤੇ ਗੁਰੂ ਜੀ ਨੂੰ ਚੜਾ ਕੇ ਚਕਿਆ। ਗੁਰੂ ਜੀ ਸੁਖੁ ਦੇ ਸਿਰ ਉੱਤੇ ਧੌਂਸੇ ਵਾਂਗੂੰ ਵਜਾਇੰਦੇ ਜਾਵਨ। ਅਗੇ ਕੋਸ਼ ਕਿ ਥੈ ਗੁਰੂ ਜੀ ਘੋੜੇ ਉੱਤੇ ਸਵਾਰੀ ਕੀਤੀ। ਓਸ ਕਾ ਭਾਉ ਕਰਕੇ ਚੜੇ ਸੇ ਪਲੰਘ ਉਪਰ। ਸੁਖੁ ਨੇ ਆਖਿਆ ਸੀ, 'ਜੋ ਸਾਂਗ ਆਪ ਮਾਛੀਵਾੜੇ ਕੀਤਾ ਹੈ, ਸੋ ਦਿਖਾਓ ਮੈਨੂੰ ? ਮੰਜੇ ਉੱਤੇ ਚੜੇ, ਨੀਲੀ ਪੁਸ਼ਾਕ ਪਹਿਰੀ। ਉਸਨੂੰ ਰਾਜ਼ੀ ਕੀਤਾ। ਗੁਰੂ ਜੀ ਨੇ ਸੁਖੁ ਨੂੰ ਕਹਿਆ। 'ਏਸ ਕਾ ਅਸ਼ਨਾਨ ਕਰਵਾਓ।' ਫੇਰ ਅਸਨਾਨ ਕੀਤਾ। ਸੁਖੁ ਨੇ ਗੁਰੂ ਜੀ ਨੂੰ ਮੱਥਾ ਟੇਕਿਆ ਕਹਿੰਦਾ 'ਵਡਾ ਵੈਰਾਗੁ ਆਇਆ ਸੀ ਤੁਸੀਂ ਅਸਨਾਨ ਨਹੀਂ ਸੀ ਕਰਵਾਉਣਾ ਜੀ।' ਗੁਰੂ ਜੀ ਨੇ ਰੁਪਈਆ ਦਿੱਤਾ ਚੌਖੁਟੀਆਂ। ਉਸਨੂੰ ਅਜੇ ਤੀਕ ਮਥਾ ਟੇਕਦੇ ਹਨ ਜੀ।''[14]

ਦੀਵਾਨੇ ਸਾਧੂ ਆਪਣੀ ਗੁਰ ਪ੍ਰਣਾਲੀ ਇਉਂ ਦਿੰਦੇ ਹਨ - ਬਾਬਾ ਸ੍ਰੀ ਚੰਦ - ਗੁਰੂ ਸਾਹਿਬ (ਪ੍ਰਿਥੀਚੰਦ) - ਮਿਹਰਵਾਨ - ਝੂੰਦੜ - ਬਾਲਾ - ਹਰੀਦਾਸ - ਮੱਸਾ ਦਾਸ - ਦਰਬਾਰੀ - ਚਤੁਰਦਾਸ - ਰਾਮ ਸੁੰਦਰ - ਨਿਕਟ ਨੰਦ - ਮੋਹਨ - ਰਾਮਦਾਸ -[15]

ਦੀਵਾਨਿਆਂ ਦਾ ਪ੍ਰਮੁਖ ਡੇਰਾ ਹੁਣ ਪਟਿਆਲੇ ਨੇੜੇ ਪਿੰਡ ਚੌਰੇ ਵਿੱਚ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਂਦ ਵਿੱਚ ਆਉਣ ਤੇ ਡੇਰੇ ਤੇ ਡੇਰਿਆਂ ਦੀ ਜਾਇਦਾਦ ਖੁਸਣ ਦੇ ਡਰੋਂ ਇਹ ਡੇਰੇ ਗੁਰਦਵਾਰਿਆਂ ਦੀ ਥਾਂ ਮੰਦਰ ਬਣਾ ਦਿੱਤੇ ਗਏ। ਗੁਰਮੁਖੀ ਲਿਪੀ ਵਿਚ ਲਿਖੇ ਮਹੱਤਵਪੂਰਨ ਗ੍ਰੰਥ ਨਸ਼ਟ ਕਰ ਦਿੱਤੇ ਗਏ ਅਤੇ ਦੀਵਾਨਿਆਂ ਨੇ ਸਿੱਖ ਹੋਣ ਦੀ ਬਜਾਏ ਉਦਾਸੀਆਂ ਵਾਂਗ ਆਪਣੇ ਆਪ ਨੂੰ ਹਿੰਦੂ ਘੋਸ਼ਿਤ ਕਰ ਦਿੱਤਾ।[16]

ਸਿੱਖ ਰਾਜ ਸਮੇਂ ਇਨ੍ਹਾਂ ਦੀ ਬੜੀ ਚੜ੍ਹਤ ਸੀ। ਸਿੱਖ ਰਿਆਸਤਾਂ ਵਿੱਚ ਵੀ ਇਸ ਸੰਪ੍ਰਦਾਇ ਦੇ ਸਾਧੂਆਂ ਦਾ ਮਹਾਰਾਜੇ ਸਨਮਾਨ ਕਰਦੇ ਸਨ। ਬਾਬਾ ਰਾਮ ਦਾਸ ਨੂੰ ਮਹਾਰਾਜਾ ਪਟਿਆਲਾ ਸਾਹਿਬ ਸਿੰਘ ਨੇ ਆਪ ਨੂੰ ਪੰਜ ਸੌ ਬਿਘੇ ਜ਼ਮੀਨ ਦਾ ਪਟ ਲਿਖ ਦਿੱਤਾ ਅਤੇ ਨਾਨੂ ਮਲ ਦੀ ਹਵੇਲੀ ਜ਼ਬਤ ਕਰਕੇ ਬਾਵਾ ਰਾਮ ਨੂੰ ਦੇ ਦਿੱਤੀ ਜਿੱਥੇ ਬੈਠ ਕੇ ਉਹਨਾਂ ਨੇ ਕਾਫ਼ੀ ਰਚਨਾ ਕੀਤੀ।[17]

ਸਮੇਂ ਨਾਲ ਹੁਣ ਇਹ ਸੰਪ੍ਰਦਾਇ ਦਾ ਵੀ ਪਤਨ ਹੋ ਗਿਆ ਹੈ ਕਿਉਂਕਿ ਇਹ ਸਾਧੂ ਸਮਾਜ ਵਿਚ ਯੋਗ ਸਤਿਕਾਰ ਪ੍ਰਾਪਤ ਕਰਨੋਂ ਅਸਮਰਥ ਹੋ ਗਏ ਹਨ ਅਤੇ ਇਹ ਮੁਖ ਰੂਪ ਵਿਚ ਡੇਰਿਆਂ ਨਾਲ ਲੱਗੀ ਲੱਖਾਂ ਰੁਪਏ ਦੀ ਜਾਇਦਾਦ ਨੂੰ ਸੰਭਾਲਣ, ਖੇਤੀ ਕਰਵਾਉਣ ਆਦਿ ਵਿਚ ਹੀ ਗਲਤਾਨ ਹਨ।

## ਹਵਾਲੇ ਤੇ ਟਿੱਪਣੀਆਂ

1. ਵਿਸਤਾਰ ਲਈ ਦੇਖੋ, ਗਿਆਨ ਸਿੰਘ (ਗਿਆਨੀ) *ਤਵਾਰੀਖ ਗੁਰੂ ਖਾਲਸਾ* ਪੰਨਾ 314
2. ਵਾਰ 26/33
3. ਕਿਰਪਾਲ ਸਿੰਘ (ਡਾ.) *ਮਨੋਹਰ ਦਾਸ ਮਿਹਰਵਾਨ, ਜੀਵਨ ਤੇ ਰਚਨਾ*, ਪੰਨਾ 5
4. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1200
5. ਕਿਰਪਾਲ ਸਿੰਘ (ਡਾ.) *ਮਨੋਹਰ ਦਾਸ ਮਿਹਰਵਾਨ, ਜੀਵਨ ਤੇ ਰਚਨਾ*, ਪੰਨਾ 6
6. *ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੰਖੇਪ ਜੀਵਨ*, ਪੰਨਾ 1
7. *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* (ਪੰਨਾ 49)
8. ਉਕਤ - ਪੰਨਾ 50
9. ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ 2 ਅੰਸੂ 16
10. ਉਕਤ - ਰਾਸ 2 ਅੰਸੂ 16
11. ਉਕਤ - ਰਾਸ 2 ਅੰਸੂ 19
12. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 96-97
13. *ਬੰਸਾਵਲੀਨਾਮਾ* - ਪੰਨਾ 40
14. ਉਸੇ ਥਾਂ ਤੋਂ
15. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 51
16. ਹਜ਼ਾਰਾ ਸਿੰਘ (ਗਿਆਨੀ) *ਵਾਰਾਂ ਭਾਈ ਗੁਰਦਾਸ ਭਾਵ ਪ੍ਰਕਾਸ਼ਨੀ ਟੀਕਾ*, ਪੰਨਾ 577
17. ਮਹਾਨ ਕੋਸ਼, ਪੰਨਾ 973
18. ਬਿਸ਼ਨ ਸਿੰਘ (ਗਿ.) *ਵਾਰਾਂ ਭਾਈ ਗੁਰਦਾਸ ਜੀ ਸਟੀਕ*, ਪੰਨਾ 667
19. ਕਾਨ੍ਹ ਸਿੰਘ (ਭਾਈ), *ਗੁਰਮਤ ਮਾਰਤੰਡ, ਭਾਗ ਦੂਜਾ*, ਪੰਨਾ 775
20. ਰਤਨ ਸਿੰਘ ਜੱਗੀ (ਡਾ.), *ਵਾਰਾਂ ਭਾਈ ਗੁਰਦਾਸ ਸ਼ਬਦ ਅਨੁਕ੍ਰਮਣਿਕਾ ਤੇ ਕੋਸ਼*, ਪੰਨਾ 513
21. ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ, ਪੰਨਾ 19
22. ਬੀਕਾਨੇਰ ਰਾਜਯ ਕਾ ਇਤਿਹਾਸ (ਪ੍ਰਥਮ ਖੰਡ), ਪੰਨਾ 21, ਸਮਸ਼ੇਰ ਸਿੰਘ ਅਸ਼ੋਕ : ਸੋਢੀ ਮਿਹਰਵਾਨ ਜੀਵਨ ਤੇ ਸਾਹਿਤ, ਪੰਨਾ 38 ਤੋਂ
23. A Glossary of the Tribes and Castes of the Punjab and North-West Frontier Province, Vol.III, P.104.
24. *ਗੋਸ਼ਟ ਗੁਰੂ ਮਿਹਰਵਾਨ*, ਪੰਨਾ 35.
25. ਮਹਾਨ ਕੋਸ਼, ਪੰਨਾ 80.
26. ਵਿਸਤਾਰ ਲਈ ਦੇਖੋ, ਤਵਾਰੀਖ ਗੁਰੂ ਖਾਲਸਾ ਪੰਨੇ 359-360, ਗਿਆਨ ਸਿੰਘ
27. ਉਕਤ - ਪੰਨੇ
28. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ, ਪੰਨੇ 47-48
29. ਗੁਰੂ ਗ੍ਰੰਥ ਸਾਹਿਬ, ਪੰਨਾ 1137
30. *ਗੁਰਬਿਲਾਸ ਪਾਤਸ਼ਾਹੀ ੬*, ਅਧਿਆਏ ੮, ਪੰਨਾ 70
31. *ਸੋਢੀ ਮਿਹਰਵਾਨ, ਜੀਵਨ ਤੇ ਸਾਹਿਤ*, ਪੰਨੇ 43-44
32. ਬੰਸਾਵਲੀਨਾਮਾ, ਪੰਨਾ 5/85-86
33. *ਸੋਢੀ ਮਿਹਰਵਾਨ, ਜੀਵਨ ਤੇ ਸਾਹਿਤ*, ਪੰਨਾ 40
34. ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ 3, ਅੰਸੂ 24, ਪੰਨੇ 2010-11

35. ਵਾਰ 36 ਪੰਨਾ 90-91
36. ਓਹੀ - 26/33/6
37. *ਗੁਰਬਿਲਾਸ ਪਾਤਸ਼ਾਹੀ ਛੇਵੀਂ* ਅਧਿਆਏ 611, ਪੰਨਾ 305
38. *ਬੰਸਾਵਲੀ ਦਸਾਂ ਪਾਤਸ਼ਾਹੀਆਂ ਕੀ*, ਪੰਨੇ 51-52, ਬੰਦ 102-103
39. ਉਕਤ - ਪੰਨੇ 54
40. (ਗੁਰ ਪ੍ਰਿਥੀਚੰਦ *'ਗੁਰ ਬੰਸਾਵਲੀ' ਸੋਢੀ ਹਰਿ ਜੀ ਜੀਵਨ ਤੇ ਰਚਨਾ* ਪੰਨਾ 4 ਤੋਂ ਉਧਰਿਤ)
41. ਪੋਥੀ ਭਾਈ ਦਰਬਾਰੀ ਪੰਨਾ 1, ਸੋਢੀ ਮਿਹਰਵਾਨ ਦੀ ਗੱਦ ਰਚਨਾ - ਡਾ. ਗੁਰਮੋਹਨ ਸਿੰਘ ਆਹਲੂਵਾਲੀਆ, ਪੰਨਾ 21 ਤੋਂ ਉਧਰਿਤ)
42. *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ*, ਪੰਨੇ 21-22
43. The Golden Temple Past and Present, P.24.
44. Guru Tegh Bahadur - Prophet and Martyr, Page 162-163
45. ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ੫, ਅੰਸੁ 12, ਪੰਨਾ 125
46. ਉਕਤ - ਰਾਸ 5, ਅੰਸੁ 13, ਪੰਨਾ 130
47. ਉਕਤ - ਪੰਨਾ
48. ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ 5, ਅੰਸੁ 14, ਪੰਨਾ 145
49. ਉਕਤ
50. ਉਕਤ
51. *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪੰਨਾ 50
52. *ਮਨੋਹਰਦਾਸ ਮਿਹਰਵਾਨ ਜੀਵਨ ਤੇ ਰਚਨਾ*
53. ਉਕਤ - ਪੰਨਾ 27
54. ਸ਼ਹੀਦ ਬਿਲਾਸ, ਪੰਨਾ 70
55. Guru Tegh Bahadur - Prophet and Martyr, P.162
56. The Sikh Gurus and the Sikhs Religion, PP 180-81
57. ਪ੍ਰੀਤਮ ਸਿੰਘ (ਪ੍ਰੋ.) *ਕਲਿ - ਤਾਰਕ*, ਪੰਨਾ 368
58. *ਸੋਢੀ ਮਿਹਰਵਾਨ ਜੀਵਨ ਤੇ ਰਚਨਾ*, ਪੰਨਾ 7
59. *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪੰਨੇ 50-51
60. ਉਕਤ - ਪੰਨਾ 51
61. ਸ਼ਹੀਦ ਬਿਲਾਸ, ਪੰਨਾ 70
62. *ਮਹਾਨ ਕੋਸ਼ ਦੇਖੋ ਕੋਲ*, ਪੰਨਾ 353
63. ਵਿਸਤਾਰ ਲਈ ਦੇਖੋ ਗੁਰਦਰਸ਼ਨ ਸਿੰਘ ਸੋਢੀ, *ਸੋਢੀ ਬੰਸ*, ਪੰਨਾ 45-48
64. ਵੀਰ ਸਿੰਘ (ਭਾਈ), *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ*, ਪੰਨਾ 115
65. ਮਨੋਹਰਦਾਸ *ਮਿਹਰਵਾਨ ਜੀਵਨ ਤੇ ਰਚਨਾ*, ਪੰਨਾ 72
66. ਵਿਸਤਾਰ ਲਈ ਦੇਖੋ, ਸੋਢੀ ਬੰਸ
67. *ਸ੍ਰੀ ਗੁਰੂ ਪੰਥ ਪ੍ਰਕਾਸ਼*, ਪੰਨਾ 2841-42
68. ਜਸਬੀਰ ਸਿੰਘ ਸਾਬਰ (ਡਾ.) *ਬਾਣੀ ਬਾਬਾ ਰਾਮਦਾਸ*, ਪੰਨਾ 10
69. *ਮਹਾਨ ਕੋਸ਼*, ਪੰਨਾ 636
70. *ਬਾਣੀ ਬਾਬਾ ਰਾਮ ਦਾਸ* - ਪੰਨਾ 12

71. A Glossary of the Tribes and Castes of the Punjab and North-West Frontier Province, Vol.II, P.243)
72. ਵੀਰ ਸਿੰਘ (ਭਾਈ), *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨਾ 67-68.
73. ਉਕਤ - ਪੰਨੇ 48-49
74. ਉਕਤ - ਪੰਨੇ 75-76
75. *ਉਦਾਸੀਨ ਦੀਵਾਨਿਆਂ ਦਾ ਗੁਥਾ ਸਾਹਿਬ* - ਪੰਨੇ 1196-97
76. ਵਿਸਤਾਰ ਲਈ ਦੇਖੋ, ਰਣਧੀਰ ਸਿੰਘ (ਭਾਈ) *ਉਦਾਸੀ ਸਿੱਖਾਂ ਦੀ ਵਿਥਿਆ*, ਪੰਨੇ 503-504.
77. *ਦੀਵਾਨਿਆਂ ਦਾ ਗੁਥਾ ਸਾਹਿਬ* - ਭੂਮਿਕਾ - ਪੰਨੇ 1-3

# ਗਿਆਨੀ ਸੰਪ੍ਰਦਾਇ

ਬਲਬੀਰ ਸਿੰਘ ਨੰਦਾ*

ਗਿਆਨੀ ਸੰਪ੍ਰਦਾਇ ਦੇ ਵਿਦਵਾਨ ਇਸ ਸੰਪ੍ਰਦਾਇ ਦਾ ਮੁੱਢ ਭਾਈ ਮਨੀ ਸਿੰਘ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜਦੇ ਹਨ। ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮਾਲਵੇ ਵਿਚ ਗਏ ਤਾਂ ਇਕ ਸਾਲ ਤੋਂ ਵੱਧ ਸਮਾਂ ਆਪ ਸਾਬੋ ਕੀ ਤਲਵੰਡੀ (ਦਮਦਮੇ) ਰਹੇ। ਇਸ ਸਮੇਂ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦੁਬਾਰਾ ਉਚਾਰਨ ਕਰਕੇ ਬੀੜ ਤਿਆਰ ਕੀਤੀ ਹੈ। ਉਸ ਸਮੇਂ ਸਿੱਖਾਂ ਦੀ ਬੇਨਤੀ ਸੁਣ ਕੇ ਆਪ ਜੀ ਨੇ ਸੰਗਤ ਨੂੰ ਆਦਿ ਗ੍ਰੰਥ ਸਾਹਿਬ ਦੇ ਅਰਥ ਸੁਣਾਉਣੇ ਆਰੰਭ ਕੀਤੇ ਸਨ ਅਤੇ ਉਸੇ ਸਮੇਂ ਭਾਈ ਮਨੀ ਸਿੰਘ ਜੀ ਨੇ ਉਨ੍ਹਾਂ ਤੋਂ ਅਰਥ ਸੁਣੇ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿੱਖ ਅਕਾਦਮਿਕ ਖੇਤਰ ਵਿਚ ਗੁਰਬਾਣੀ ਦੀ ਵਿਆਖਿਆ ਹਿੱਤ ਦੋ ਲਹਿਰਾਂ ਆਰੰਭ ਹੋਈਆਂ ਮੰਨੀਆਂ ਜਾਂਦੀਆਂ ਹਨ। ਇਕ ਪਾਸੇ ਨਿਰਮਲੇ ਵਿਦਵਾਨ ਜਿਨ੍ਹਾਂ ਨੇ ਬਨਾਰਸ ਤੋਂ ਸੰਸਕ੍ਰਿਤ ਅਤੇ ਹਿੰਦੂ ਧਰਮ ਗ੍ਰੰਥਾਂ ਦਾ ਅਧਿਐਨ ਕਰਕੇ ਗੁਰਬਾਣੀ ਦੀ ਦਾਰਸ਼ਨਿਕ ਪੱਧਰ ਤੇ ਵਿਆਖਿਆ ਕੀਤੀ ਹੈ ਅਤੇ ਦੂਸਰੇ ਪਾਸੇ ਗਿਆਨੀ ਵਿਦਵਾਨ ਹਨ ਜਿਨ੍ਹਾਂ ਦਾ ਆਧਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਪਣੇ ਮੁਖੋਂ ਕੀਤੇ ਅਰਥ ਹਨ। ਨਿਰਮਲੇ ਵਿਦਵਾਨ ਭਾਰਤੀ ਸੰਸਕ੍ਰਿਤੀ ਵਲ ਇਤਨੇ ਉਲਾਰ ਹੋ ਗਏ ਕਿ ਉਹ ਨਿਰੋਲ ਸਿੱਖ ਵਿਚਾਰਧਾਰਾ (ਗੁਰੂ ਵਿਚਾਰਧਾਰਾ) ਤੋਂ ਵਿਚਲਿਤ ਹੋ ਗਏ ਜਦੋਂ ਕਿ ਗਿਆਨੀ ਸ਼ੁੱਧ ਸਿੱਖ ਵਿਚਾਰਧਾਰਾ ਨਾਲ ਜੁੜੇ ਰਹੇ। ਇਹੀ ਕਾਰਨ ਹੈ ਕਿ ਗੈਰ ਸਿੱਖ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਧੇਰੇ ਕਰਕੇ ਪਹਿਲਾਂ ਉਦਾਸੀਆਂ ਨਾਲ ਅਤੇ ਫਿਰ ਨਿਰਮਲਿਆਂ ਨਾਲ ਜੁੜੀਆਂ ਰਹੀਆਂ ਜਦੋਂ ਕਿ ਸਿੱਖਾਂ ਦੀ ਵਧੇਰੇ ਸ਼ਰਧਾ ਗਿਆਨੀ ਸੰਪ੍ਰਦਾਇ ਪ੍ਰਤੀ ਹੀ ਰਹੀ। ਉਦਾਸੀ ਸੰਪ੍ਰਦਾਇ ਤਾਂ ਹੁਣ ਤਕ ਹਿੰਦੂ ਸਾਧੂ ਸਮਾਜ ਵਿਚ ਲਗਭਗ ਸਮਾ ਚੁੱਕੀ ਹੈ ਜਦੋਂ ਕਿ ਨਿਰਮਲੇ ਹਰ ਦਿਨ ਸਿੱਖ ਸੰਗਤਾਂ ਤੋਂ ਦੂਰ ਹੁੰਦੇ ਜਾ ਰਹੇ ਹਨ।

## ਗੁਰ-ਪ੍ਰਣਾਲੀਆਂ

ਭਾਈ ਮਨੀ ਸਿੰਘ ਤੋਂ ਇਲਾਵਾ ਗਿਆਨੀ ਸੰਪ੍ਰਦਾਇ ਦੇ ਪੁਰਾਤਨ ਵਿਦਵਾਨਾਂ ਬਾਰੇ ਕੋਈ ਬਹੁਤੀ ਜਾਣਕਾਰੀ ਲਿਖਿਤ ਰੂਪ ਵਿਚ ਪ੍ਰਾਪਤ ਨਹੀਂ ਹੈ। ਹਾਂ ਕੁਝ ਗੁਰ-ਪ੍ਰਣਾਲੀਆਂ ਮਿਲਦੀਆਂ ਹਨ ਜਿਨ੍ਹਾਂ ਤੋਂ ਕੁਝ ਪੁਰਾਤਨ ਵਿਦਵਾਨਾਂ ਦੇ ਨਾਵਾਂ ਦਾ ਪਤਾ ਲਗਦਾ ਹੈ। ਇਨ੍ਹਾਂ ਵਿਚੋਂ ਕੁਝ ਮਹੱਤਵਪੂਰਣ ਗੁਰ ਪ੍ਰਣਾਲੀਆਂ ਨਿਮਨ ਅਨੁਸਾਰ ਹਨ।

ਗਿਆਨੀ ਸੰਪ੍ਰਦਾਇ ਦੀ ਇਕ ਗੁਰ-ਪ੍ਰਣਾਲੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ

* ਪੰਜਾਬੀ ਵਿਉਂਤ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪੁਸਤਕਾਲੇ ਵਿਚ ਸੁਰੱਖਿਅਤ ਇਕ ਹੱਥ ਲਿਖਿਤ ਖਰੜੇ ਵਿਚ ਮਿਲਦੀ ਹੈ ਜੋ ਸਭ ਤੋਂ ਵੱਧ ਪੁਰਾਤਨ ਮਾਲੂਮ ਹੁੰਦੀ ਹੈ। ਇਸ ਦਾ ਉਤਾਰਾ ਇਉਂ ਹੈ:

> "ਦਸਵੀਂ ਪਾਤਸਾਹੀ ਤੇ ਭਾਈ ਮਨੀ ਸਿੰਘ ਜੀ ਪੜ੍ਹੇ ਤਿਨਾ ਤੇ ਭਾਈ ਦਿਵਾਨ ਸਿੰਘ ਜੀ ॥ ਤਿਨਾ ਤੇ ਭਾਈ ਗੁਰਦਿਆਲ ਸਿੰਘ ਤੇ ਭਾਈ ਖਜਾਨ ਸਿੰਘ ਜੀ ਤੇ ਭਾਈ ਗੁਰਬਖਸ ਸਿੰਘ ਜੀ ਤੇ ਭਾਈ ਅਮਰ ਸਿੰਘ ਜੀ ਤੇ ਭਾਈ ਸੁਰਤ ਸਿੰਘ ਜੀ ਤੇ ਭਾਈ ਕੌਲ ਸਿੰਘ ਜੀ ਤਿਨੇ ਪੜੇ ੩ ਭਾਈ ਅਮਰ ਸਿੰਘ ਜੀ ਤੇ ਭਾਈ ਰਾਮ ਸਿੰਘ ਜੀ ਪੜੇ ॥ ਤਿਨਾ ਤੇ ਭਾਈ ਚੰਦਾ ਸਿੰਘ ਜੀ ਪੜੇ ॥੨ ਦੂਜੀ ਸੂਰਤ ਸਿੰਘ ਤੇ ਭਾਈ ਗੁਰਦਾਸ ਸਿੰਘ ਜੀ ਪੜੇ ਤਿਨਾ ਤੇ ਭਾਈ ਸੰਤਾ ਸਿੰਘ ਜੀ ਤਿਨ ਤੇ ਭਾਈ ਪ੍ਰਦੁਮਨ ਸਿੰਘ ਜੀ 3 ਤੀਜੀ ਭਾਈ ਕੌਲ ਸਿੰਘ ਜੀ ਤੇ ਭਾਈ ਜਸਾ ਸਿੰਘ ਜੀ ਪੜੇ"[1]

ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦੀ ਇਕ ਹੱਥ ਲਿਖਿਤ ਵਿਚ ਇਸ ਸੰਪ੍ਰਦਾਇ ਦੀ ਗੁਰ-ਪ੍ਰਣਾਲੀ ਇਸ ਤਰ੍ਹਾਂ ਦਿੱਤੀ ਗਈ ਹੈ।

> "ਦਸਵੀਂ ਪਾਤਸਾਹੀ ਤੇ ਭਾਈ ਮਨੀ ਸਿੰਘ ਨੇ ਪੜੇ ॥੧॥ ਤਿਨਾ ਤੇ ਭਾਈ ਦਿਵਾਨ ਸਿੰਘ ਜੀ ਨੇ ॥੨॥ ਤਿਨਾ ਤੇ ਭਾਈ ਗੁਰਦਿਆਲ ਸਿੰਘ ਨੇ ॥੩॥ ਤਿਨਾ ਤੇ ਭਾਈ ਖਜਾਨ ਸਿੰਘ ਨੇ ॥੪॥ ਤਿਨਾ ਤੇ ਭਾਈ ਗੁਰਬਖਸ ਸਿੰਘ ਨੇ ॥੫॥ ਤਿਨਾ ਤੇ ਭਾਈ ਅੰਮ੍ਰਿ ਸਿੰਘ ਨੇ ॥੬॥ ਤਿਨਾ ਤੇ ਭਾਈ ਸੂਰਤ ਸਿੰਘ ਨੇ ॥੭॥ ਤਿਨਾ ਤੇ ਭਾਈ ਕੌਲ ਸਿੰਘ ਨੇ ॥੮॥ ਤਿਨਾ ਦੇ ਭਾਈ ਰਾਮ ਸਿੰਘ ਨੇ ॥੯॥ ਤਿਨਾ ਤੇ ਭਾਈ ਚੰਦਾ ਸਿੰਘ ਨੇ ॥੧੦॥ ਤਿਨਾ ਤੇ ਭਾਈ ਦਇਆ ਸਿੰਘ ਨੇ ॥੧੧॥"[2]

ਗਿਆਨੀ ਸੰਪ੍ਰਦਾਇ ਦੇ ਇਕ ਪ੍ਰਸਿੱਧ ਵਿਦਵਾਨ ਭਾਈ ਭਗਵਾਨ ਸਿੰਘ ਨੇ ਗੁਰ-ਪ੍ਰਣਾਲੀ ਇਸ ਤਰ੍ਹਾਂ ਦਸੀ ਹੈ

> "ਭਾਈ ਮਨੀ ਸਿੰਘ ਜੀ ਸੇ ਸਤਵੀਂ ਜਗਾ ਭਾਈ ਰਾਮ ਸਿੰਘ ਜੀ ਹੂਏ ਫੇਰ ਉਨਕੇ ਪੀਛੇ ਭਾਈ ਚੰਦਾ ਸਿੰਘ ਜੀ ਹੂਏ ਗਿਆਨੀ ਉਨਸੇ ਪੀਛੇ ਭਾਈ ਦਇਆ ਸਿੰਘ ਜੀ ਹੂਏ ਪੜਾਵਨ ਵਾਲੇ ਅਬ ਵਰਤਮਾਨ ਮੈਂ ਕਿੰਕਰ ਛੋਟਾ ਦਾਸ ਟਹਲੂਆਂ ਸਾਰਿਆਂ ਕਾ ਸ੍ਰੀ ਗੁਰੂ ਜੀ ਕੇ ਚਾਕ੍ਰਾਂ ਕਾ ਚਾਕ੍ਰ ਦਾਸਾਂ ਕਾ ਦਾਸ ਸ੍ਰੀ ਗੁਰੂ ਜੀ ਕੀ ਬਾਣੀ ਕੇ ਜਹਾਜ਼ ਪਰ ਚੜਨੇ ਵਾਲਾ ਭਗਵਾਨ ਸਿੰਘ ਨਾਮੇ ਹੈ।"[3]

ਗਿਆਨੀ ਨਰੈਣ ਸਿੰਘ ਜੀ ਜਿਨ੍ਹਾਂ ਨੇ ਆਦਿ ਗ੍ਰੰਥ ਸਾਹਿਬ ਦਾ ਟੀਕਾ ਕੀਤਾ ਹੈ, ਨੇ ਗੁਰ-ਪ੍ਰਣਾਲੀ ਨਿਮਨ ਅਨੁਸਾਰ ਦਿੱਤੀ ਹੈ :

ਖਾਲਸਾ ਟ੍ਰੈਕਟ ਸੋਸਾਇਟੀ ਅੰਮ੍ਰਿਤਸਰ ਦੇ ਸ੍ਰੀ ਗੁਰੂ ਗ੍ਰੰਥ ਕੋਸ਼ ਦੀ ਭੂਮਿਕਾ ਪ੍ਰੋ: ਪੂਰਨ ਸਿੰਘ ਜੀ ਨੇ ਲਿਖੀ ਹੈ ਜਿਸ ਵਿਚ ਉਨ੍ਹਾਂ ਨੇ ਸੰਪ੍ਰਦਾਇ ਪ੍ਰਣਾਲੀ ਇਸ ਪ੍ਰਕਾਰ ਦਿੱਤੀ ਹੈ :

ਆਦਿ ਵਕਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

↓

ਭਾਈ ਮਨੀ ਸਿੰਘ ਜੀ ਗਿਆਨੀ, ਸ਼ਹੀਦ

↓

ਭਾਈ ਦੀਵਾਨ ਸਿੰਘ ਜੀ, ਗਿਆਨੀ

↓

ਭਾਈ ਗੁਰਦਿਆਲ ਸਿੰਘ ਜੀ, ਗਿਆਨੀ

↓

ਭਾਈ ਖਜ਼ਾਨ ਸਿੰਘ ਜੀ, ਗਿਆਨੀ

↓

ਭਾਈ ਅਮੀਰ ਸਿੰਘ ਜੀ, ਗਿਆਨੀ

↓

ਭਾਈ ਰਾਮ ਸਿੰਘ ਜੀ, ਗਿਆਨੀ

↓

ਭਾਈ ਚੰਦਾ ਸਿੰਘ ਜੀ, ਗਿਆਨੀ

↓

ਭਾਈ ਦਯਾ ਸਿੰਘ ਜੀ, ਗਿਆਨੀ

↓

ਭਾਈ ਭਗਵਾਨ ਸਿੰਘ ਜੀ, ਗਿਆਨੀ ਵਿਸ਼ਾਰਦ

↓

ਭਾਈ ਧਿਆਨ ਸਿੰਘ ਜੀ ਗਿਆਨੀ → ਭਾਈ ਬਬੇਕਾ ਸਿੰਘ ਜੀ ਗਿਆਨੀ → ਨਰੈਣ ਸਿੰਘ ਗਿਆਨੀ[4]

ਭਾਈ ਹਮੀਰ ਸਿੰਘ ਜੀ ਗਿਆਨੀ → ਸੰਤ ਤੇਜਾ ਸਿੰਘ ਜੀ, ਗਿਆਨੀ

ਇਸ ਤੋਂ ਇਲਾਵਾ ਹੋਰ ਵੀ ਕਈ ਥਾਵਾਂ ਉੱਤੇ ਇਸ ਸੰਪ੍ਰਦਾਇ ਦੀਆਂ ਗੁਰ-ਪ੍ਰਣਾਲੀਆਂ ਦਾ ਜ਼ਿਕਰ ਮਿਲਦਾ ਹੈ। ਇਹ ਗੁਰ-ਪ੍ਰਣਾਲੀਆਂ ਇਸ ਕਰਕੇ ਦਿੱਤੀਆਂ ਗਈਆਂ ਹਨ ਤਾਂ ਜੋ

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ

↓

ਭਾਈ ਮਨੀ ਸਿੰਘ

↓

ਭਾਈ ਦੀਵਾਨ ਸਿੰਘ

↓

ਭਾਈ ਕੌਲ ਸਿੰਘ

↓

ਭਾਈ ਜੱਸਾ ਸਿੰਘ

↓

ਭਾਈ ਚੰਦਾ ਸਿੰਘ

↓

ਭਾਈ ਹਜ਼ਾਰਾ ਸਿੰਘ ਜੀ — ਪੰਡਤ ਤੇ ਗਿਆਨੀ

↓

ਭਾਈ ਵੀਰ ਸਿੰਘ ਜੀ

ਭਾਈ ਦਇਆ ਸਿੰਘ ਜੀ — ਸੰਤ ਵਿਰਕਤ

↓

ਭਾਈ ਭਗਵਾਨ ਸਿੰਘ ਜੀ

↓

ਭਾਈ ਅਮੀਰ ਸਿੰਘ ਜੀ

ਭਾਈ ਫਤੇ ਚੰਦ ਜੀ (ਸੰਤ)

↓

ਭਾਈ ਸੰਗਤ ਸਿੰਘ ਜੀ

ਸਪਸ਼ਟ ਹੋ ਸਕੇ ਕਿ ਵੱਖ ਵੱਖ ਵਿਅਕਤੀਆਂ ਵੱਲੋਂ ਦਿੱਤੀਆਂ ਗਈਆਂ ਗੁਰ-ਪ੍ਰਣਾਲੀਆਂ ਵਿਚ ਅੰਤਰ ਹੈ। ਇਹ ਅੰਤਰ ਕਿਸੇ ਅਗਿਆਨ ਕਾਰਣ ਨਹੀਂ ਸਗੋਂ ਇਸ ਕਰਕੇ ਹੈ ਕਿ ਇਕ ਵਿਅਕਤੀ ਤੋਂ ਅੱਗੇ ਪੜ੍ਹਨ ਵਾਲਿਆਂ ਦੀ ਗਿਣਤੀ ਇਕ ਤੋਂ ਵਧੇਰੇ ਹੋਣ ਕਾਰਣ ਕਈ ਸ਼ਾਖਾਵਾਂ ਅਤੇ ਉਪ-ਸ਼ਾਖਾਵਾਂ ਬਣ ਗਈਆਂ। ਪਰ ਮੁੱਢਲੇ ਕੁਝ ਵਿਅਕਤੀਆਂ ਦੇ ਨਾਵਾਂ ਵਿਚ ਅੰਤਰ ਹੋਣ ਕਾਰਣ ਕੁਝ ਅਸਪਸ਼ਟਤਾ ਫਿਰ ਵੀ ਬਣੀ ਰਹਿ ਜਾਂਦੀ ਹੈ ਜਿਵੇਂ ਪੰਡਿਤ ਨਰੈਣ ਸਿੰਘ ਹੋਰਾਂ ਨੇ ਭਾਈ ਚੰਦਾ

ਸਿੰਘ ਨੂੰ ਭਾਈ ਰਾਮ ਸਿੰਘ ਦੇ ਸ਼ਿਸ਼ ਦਸਿਆ ਹੈ ਪਰ ਪ੍ਰੋ: ਪੂਰਨ ਸਿੰਘ ਨੇ ਭਾਈ ਚੰਦਾ ਸਿੰਘ ਨੂੰ ਭਾਈ ਜੱਸਾ ਸਿੰਘ ਦਾ ਸ਼ਿਸ਼ ਦਸਿਆ ਹੈ। ਇਨਾਂ ਗੁਰ-ਪ੍ਰਨਾਲੀਆਂ ਦੇ ਅਧਿਐਨ ਕਰਦਿਆਂ ਇਹ ਵੀ ਪਤਾ ਲਗਦਾ ਹੈ ਕਿ ਹਰ ਉਪ ਸ਼ਾਖਾ ਨਾਲ ਸੰਬੰਧਿਤ ਵਿਦਵਾਨ ਆਪਣੀ ਸ਼ਾਖਾ ਨੂੰ ਵਡੀ ਸ਼ਾਖਾ ਮੰਨਦੇ ਹਨ।[5]

**ਅਰਥਾਂ ਵਿਚ ਰਲਾ**

ਸੰਪ੍ਰਦਾਇ ਦੇ ਵਿਦਵਾਨ ਇਹ ਮੰਨਦੇ ਹਨ ਕਿ ਹੁਣ ਤਕ ਅਰਥਾਂ ਵਿਚ ਕਾਫ਼ੀ ਰਲਾ ਪੈ ਚੁੱਕਾ ਹੈ। ਪ੍ਰਸਿੱਧ ਵਿਦਵਾਨ ਗਿਆਨੀ ਬਦਨ ਸਿੰਘ ਸੇਖਵਾਂ ਨੇ ਫਰੀਦਕੋਟੀ ਟੀਕੇ ਦੀ ਭੂਮਿਕਾ ਵਿਚ ਇਹ ਗੱਲ ਇਉਂ ਸਪਸ਼ਟ ਕੀਤੀ ਹੈ :

> "ਜੋ ਸਨਾਤਨ ਸੰਪ੍ਰਦਾਯ ਅਰਥਾਂ ਦੀ ਸੀਨੇ ਬ ਸੀਨੇ ਚਲੀ ਆਉਂਦੀ ਸੀ ਕਲਮਬੰਦ ਨਾ ਹੋਣ ਕਰਕੇ ਸਿੱਖਾ ਦੇ ਰਾਜ ਵੇਲੇ ਰੌਲੇ ਵਿਚ ਪੈ ਗਈ।
>
> ਇਤਰ ਮਤਾਂ ਦੇ ਔਹਦੇਦਾਰਾਂ ਵਲੋਂ ਸਿਖ ਸੰਪ੍ਰਦਾਈ ਮਹਾਤਮਾਂ ਦੀ 'ਨਕਦਰੀ' ਅਤੇ ਮਿਸਰਤ ਆਸ਼ੇ ਦੇ ਅਰਥ ਕਰਨ ਵਾਲਿਆਂ ਦੇ ਸਤਕਾਰ ਨੇ ਸਨਾਤਨ ਸੰਪ੍ਰਦਾਇ ਨਵੀਨ ਰੂਪਾਂ ਵਿਚ ਪ੍ਰਗਟ ਕਰ ਦਿੱਤੀ।...
>
> ਇਸ ਨਾ ਨਤ੍ਰ ਵਿਚ ਜੋ ਸੁਧ ਸੰਪ੍ਰਦਾ ਸੀ ਉਹ ਵਖਰਾ ਰੂਪ ਰਖਦੀ ਹੋਈ ਭੀ ਸਮੇਂ ਦੇ ਹੇਰ ਫੇਰ ਵਿਚ ਆ ਕੇ ਚੁਣ ਲੈਣੀ ਕਠਨ ਹੋ ਗਈ।"[6]

ਪੰਡਿਤ ਨਰੈਣ ਸਿੰਘ ਜੀ (ਗਿਆਨੀ) ਵੀ ਇਸ ਗੱਲ ਨੂੰ ਮੰਨਦੇ ਹਨ ਕਿ ਅਰਥਾਂ ਦਾ ਕਲਮਬੰਦ ਨਾ ਹੋਣਾ ਇਸ ਸੰਪ੍ਰਦਾਇ ਵਲੋਂ ਕੀਤੇ ਜਾਂਦੇ ਅਰਥਾਂ ਦੇ ਰਲੇ ਦਾ ਇਕ ਕਾਰਣ ਹੈ। ਇਸ ਤੋਂ ਇਲਾਵਾ ਇਸ ਰਲੇ ਦੇ ਕੁਝ ਸਿਆਸੀ ਕਾਰਣਾਂ ਵਲ ਵੀ ਉਨ੍ਹਾਂ ਨੇ ਇਸ਼ਾਰਾ ਕੀਤਾ ਹੈ :

> "ਪਰ ਬਹੁਤ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਡੋਗਰਾ ਗਰਦੀ ਨੇ ਸੰਪ੍ਰਦਾਇ ਨੂੰ ਘੱਟੇ ਕੌਡੀਆਂ ਰਲਾ ਦਿਤਾ ਹੈ ਕਿਉਂਕਿ ਡੋਗਰਾ ਗਰਦੀ ਵੇਲੇ ਉਨ੍ਹਾਂ ਗਿਆਨੀ ਸਿੰਘਾਂ ਨੂੰ ਦਰਬਾਰ ਵਲੋਂ ਮਦਦ ਮਿਲਿਆ ਕਰਦੀ ਸੀ, ਜਿਨ੍ਹਾਂ ਦੀ ਕਥਾ ਪੌਰਾਣਕ ਢੰਗ ਦੀ ਹੋਯਾ ਕਰਦੀ। ਏਹੋ ਕਾਰਣ ਹੈ, ਜੋ ਨਿਰੋਲ ਗੁਰਮਤ ਦੇ ਅਰਥ ਲੁਕ ਗਏ, ਅਤੇ "ਖਿਚੜੀ ਮਿਲਵੇਂ ਅਰਥ ਸ਼ੁਰੂ ਹੋ ਗਏ" ਜੋ ਅਜ ਤੱਕ ਸੁਧਰਨ ਵਿਚ ਨਹੀਂ ਆਉਂਦੇ।[7]

**ਭਾਈ ਮਨੀ ਸਿੰਘ ਜੀ-ਮਹਾਨ ਵਿਦਵਾਨ**

ਇਸ ਸੰਪ੍ਰਦਾਇ ਦੀ ਮਹਾਨ ਹਸਤੀ ਭਾਈ ਮਨੀ ਸਿੰਘ ਜੀ ਸ਼ਹੀਦ ਤੋਂ ਦਮਦਮਾ ਸਾਹਿਬ ਵਿਖੇ ਦਸਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਲਿਖਵਾਈ ਸੀ। ਭਾਈ ਸਾਹਿਬ ਨਾ ਕੇਵਲ ਇਕ ਮਹਾਨ ਸ਼ਹੀਦ ਦੇ ਤੌਰ ਤੇ ਸਿੱਖ ਸੰਗਤਾਂ ਵਿਚ ਜਾਣੇ ਜਾਂਦੇ ਹਨ ਸਗੋਂ ਆਪ ਨੂੰ ਇਕ ਮਹਾਨ ਵਿਦਵਾਨ ਵੀ ਮੰਨਿਆ ਜਾਂਦਾ ਹੈ। ਆਪ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਕ ਜਨਮ ਸਾਖੀ ਵੀ ਰਚੀ ਦਸੀ ਜਾਂਦੀ ਹੈ। ਭਾਵੇਂ ਨਵੀਨ ਖੋਜ ਇਸ ਜਨਮ ਸਾਖੀ ਦਾ ਕਰਤਾ ਭਾਈ ਸੂਰਤ ਸਿੰਘ ਚਨਿਓਟ ਨਿਵਾਸੀ ਨੂੰ ਮੰਨਦੀ ਹੈ[8] ਪਰ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਨ੍ਹਾਂ ਸਾਖੀਆਂ ਦਾ ਮੂਲ ਸੋਮਾ ਭਾਈ ਮਨੀ ਸਿੰਘ ਜੀ ਹੀ ਸਨ, ਭਾਈ ਸੂਰਤ ਸਿੰਘ ਨੇ ਪਿਛੋਂ ਇਨ੍ਹਾਂ ਨੂੰ ਕਲਮਬੱਧ ਕੀਤਾ। ਭਾਈ ਮਨੀ ਸਿੰਘ ਦੁਆਰਾ ਸਾਖੀਆਂ

ਰਚੇ ਜਾਣ ਦੀ ਇਕ ਗਵਾਹੀ ਕਵੀ ਸੇਵਾ ਸਿੰਘ (ਰਣਜੀਤ ਸਿੰਘ ਕਾਲ) ਕ੍ਰਿਤ ਸ਼ਹੀਦ ਬਿਲਾਸ (ਭਾਈ ਮਨੀ ਸਿੰਘ) ਵਿਚ ਇਸ ਤਰ੍ਹਾਂ ਮਿਲਦੀ ਹੈ

*ਹੱਠੀ ਤਪੀ ਪੂਰਾ, ਸਿੱਖੀ ਸਿਦਕ ਦਾ ਪੁਤਲਾ ਸੀ,*
*ਸਾਖੀਆ ਸਿਦਕ ਦੀਆਂ ਕਰਦਾ ਉਚਾਰ ਇਹ ।*[9]

ਗਿਆਨੀ ਸੰਪ੍ਰਦਾਇ ਦੇ ਇਸ ਮਹਾਨ ਵਿਦਵਾਨ ਬਾਰੇ ਡਾ. ਮੋਹਨ ਸਿੰਘ ਜੀ ਨੇ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕੀਤੇ ਹਨ :

> *"Bhai Mani Singh is one of our greatest prose writers and scholiasts as much for the quality as the quantity of his work, His was a typically mediaeval encyclopeadic mind and culture."*[10]

**ਚਲਦਾ-ਫਿਰਦਾ ਵਿਸ਼ਵ-ਵਿਦਿਆਲਾ**

ਗਿਆਨੀ ਸੰਪ੍ਰਦਾਇ ਦੇ ਵਿਦਵਾਨ ਭਾਵੇਂ ਵੱਖ ਵੱਖ ਥਾਵਾ ਉਤੇ ਰਹਿ ਰਹੇ ਹਨ ਅਤੇ ਸਿੱਖ ਧਰਮ ਬਾਰੇ ਗਿਆਨ ਦੇਣ ਲਈ ਵੱਖ ਵੱਖ ਟੋਲੀਆਂ ਵਿਚ ਫਿਰਦੇ ਰਹਿੰਦੇ ਹਨ ਪਰ ਇਨ੍ਹਾਂ ਸਾਰਿਆਂ ਦੇ ਹੈਡ-ਕੁਆਟਰ ਦੋ ਹੀ ਹਨ–ਇਕ ਦਮਦਮਾ ਸਾਹਿਬ ਵਿਖੇ ਅਤੇ ਦੂਸਰਾ ਸ੍ਰੀ ਅੰਮ੍ਰਿਤਸਰ ਸਾਹਿਬ। ਦਮਦਮਾ ਸਾਹਿਬ ਤੋਂ ਗਿਆਨੀਆਂ ਦੀ ਸੰਪ੍ਰਦਾਇ ਦਾ ਆਰੰਭ ਕਰਨ ਸਮੇਂ ਦਸਵੇਂ ਪਾਤਸ਼ਾਹ ਜੀ ਨੇ ਜੋ ਅਕਾਦਮਿਕ ਲਹਿਰ ਚਲਾਈ ਸੀ ਉਸੇ ਕਾਰਣ ਹਿੰਦੂ ਧਰਮ ਦੀ ਵਿਦਿਆ ਦੇ ਮਹਾਨ ਤੀਰਥ ਕਾਸ਼ੀ ਦੇ ਮੁਕਾਬਲੇ ਵਿਚ ਇਸ ਸਥਾਨ (ਦਮਦਮੇ) ਦਾ ਨਾਂ ਗੁਰੂ ਦੀ ਕਾਸ਼ੀ ਰਖਿਆ ਗਿਆ ਸੀ। ਗਿਆਨੀ ਸੰਪ੍ਰਦਾਇ ਦੇ ਵਿਦਵਾਨ, ਜੋ ਮੂਲ ਰੂਪ ਵਿਚ ਸੰਤ ਬਿਰਤੀ ਵਾਲੇ ਹੁੰਦੇ ਹਨ, ਆਪਣੇ ਵਿਦਿਆਰਥੀਆਂ ਸਮੇਤ ਥਾਂ ਪਰ ਥਾਂ ਜਾ ਕੇ ਜਿਥੇ ਆਮ ਲੋਕਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦੇਂਦੇ ਹਨ ਉਥੇ ਸੰਪ੍ਰਦਾਇ ਪਾਰੰਪਰਿਕ ਗਿਆਨ ਦੀ ਪ੍ਰਾਪਤੀ ਦੇ ਇਛੁਕ ਲੋਕਾਂ ਨੂੰ ਉਨ੍ਹਾਂ ਦੇ ਦਰਵਾਜੇ ਤੇ ਪਹੁੰਚ ਕੇ ਇਹ ਗਿਆਨ ਪ੍ਰਦਾਨ ਕਰਦੇ ਹਨ। ਇਨ੍ਹਾਂ ਚਲਦੇ ਫਿਰਦੇ ਵਿਦਵਾਨਾਂ ਨੂੰ ਡਾ. ਸ਼ੇਰ ਸਿੰਘ ਜੀ ਨੇ ਇਕ ਚਲਦਾ ਫਿਰਦਾ ਵਿਸ਼ਵ-ਵਿਦਿਆਲਾ ਮੰਨਿਆ ਹੈ। ਇਸ ਸੰਪ੍ਰਦਾਇ ਦੇ ਵਿਦਵਾਨਾਂ ਦੀ ਇਹ ਇਕ ਮਹਾਨ ਅਤੇ ਨਵੇਕਲੀ ਪ੍ਰਾਪਤੀ ਹੈ। ਡਾ. ਸ਼ੇਰ ਸਿੰਘ ਜੀ ਲਿਖਦੇ ਹਨ :

> *"There are still some scholars who carry on this traditional wandering Unversity in spite of so many institutions running on western lines."*[11]

**ਫੁੱਟ ਨੋਟ ਤੇ ਹਵਾਲੇ**

1. ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ, ਹੱਥ ਲਿਖਿਤ ਨੰਬਰ 758, ਪੰਨਾ 1-2.
2. ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਹੱਥ ਲਿਖਿਤ ਨੰਬਰ, 7090, ਪੰਨਾ 1.
3. ਭਗਵਾਨ ਸਿੰਘ, ਆਸਾ ਦੀ ਵਾਰ, ਸਟੀਕ, ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼, ਲਾਹੌਰ, ਸੰਮਤ ਨਾਨਕਸ਼ਾਹੀ 432, ਪੰਨਾ 433.
4. ਨਰੈਣ ਸਿੰਘ ਪੰਡਿਤ, ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਜ਼ੀਰ ਹਿੰਦ ਪ੍ਰੈਸ, ਹਾਲ ਬਾਜ਼ਾਰ,

ਅੰਮ੍ਰਿਤਸਰ, ਭੂਮਿਕਾ।

5. ਨਰੈਣ ਸਿੰਘ ਪੰਡਿਤ, ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭੂਮਿਕਾ, ਪੰਨਾ ਟ। ਖਾਲਸਾ ਟ੍ਰੈਕਟ ਸੁਸਾਇਟੀ,ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਸ੍ਰੀ ਗੁਰੂ ਗ੍ਰੰਥ ਕੋਸ਼, ਅਕਤੂਬਰ 1950, ਭੂਮਿਕਾ, ਪੰਨਾ 6, ਪੱਦ ਟਿੱਪਣੀ।
6. ਜਿਲਦ ਪਹਿਲੀ, ਭਾਸ਼ਾ ਵਿਭਾਗ, ਪੰਜਾਬ 1970, ਪੰਨਾ ੳ.
7. ਨਰੈਣ ਸਿੰਘ, ਪੰਡਿਤ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭੂਮਿਕਾ, ਪੰਨਾ ਟ.
8. ਦੇਖੋ ਗਿਆਨੀ ਗਰਜਾ ਸਿੰਘ, ਸੰਪਾਦਕ, ਸ਼ਹੀਦ ਬਿਲਾਸ ਕ੍ਰਿਤ ਕਵੀ ਸੇਵਾ ਸਿੰਘ, ਦਸੰਬਰ 1961, ਭੂਮਿਕਾ, ਪੰਨਾ 47, ਪਦ ਟਿੱਪਣੀ; ਡਾ. ਸੁਰਿੰਦਰ ਸਿੰਘ ਕੋਹਲੀ, ਸੰਪਾਦਕ ਜਨਮ ਸਾਖੀ ਭਾਈ ਬਾਲਾ, 1975, ਭੂਮਿਕਾ, ਪੰਨਾ 15; ਡਾ. ਪਿਆਰ ਸਿੰਘ, ਸੰਪਾਦਕ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪਹਿਲਾ ਸੰਸਕਰਣ, ਨਵੰਬਰ 1974, ਭੂਮਿਕਾ, ਪੰਨਾ 10; ਡਾ. ਰਤਨ ਸਿੰਘ ਜੱਗੀ, ''ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਾਰਸ਼ਨਿਕ ਅਤੇ ਧਾਰਮਿਕ ਅਧਿਐਨ ਦਾ ਆਲੋਚਨਾਤਮਕ ਸਰਵੇਖਣ,'' ਨਾਨਕ ਪ੍ਰਕਾਸ਼ ਪੱਤ੍ਰਿਕਾ, ਜਿਲਦ ਅਠਵੀਂ, ਦਸੰਬਰ 1976, ਪੰਨਾ 146.
9. ਗਿਆਨੀ ਗਰਜਾ ਸਿੰਘ ਸੰਪਾਦਕ, ਉਹੀ ਪੰਨਾ 61.
10. Mohan Singh, Dr., *A History of Punjabi Literature*, Kasturi Lal & Sons, Bazar Mai Sewan, Amritsar, second edition, 1956, p. 65-6.
11. Sher Singh, Dr., Philsophy of *Sikhism*, Sikh University Press, Lahore, 1944, p. 10.

## ਪੁਸਤਕ ਸੂਚੀ


1. ਗਰਜਾ ਸਿੰਘ, ਗਿਆਨੀ, ਸੰਪਾਦਕ, *ਸ਼ਹੀਦ ਬਿਲਾਸ* ਕ੍ਰਿਤ ਕਵੀ ਸੇਵਾ ਸਿੰਘ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, ਦਸੰਬਰ 1961.
2. ਕੋਹਲੀ, ਸੁਰਿੰਦਰ ਸਿੰਘ, (ਡਾ.), ਸੰਪਾਦਕ, *ਜਨਮ ਸਾਖੀ ਭਾਈ ਬਾਲਾ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1975.
3. ਪਿਆਰ ਸਿੰਘ, ਡਾ., ਸੰਪਾਦਕ, *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ* ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪਹਿਲਾ ਸੰਸਕਰਣ, ਨਵੰਬਰ, 1974.
4. ਨਰੈਣ ਸਿੰਘ, ਪੰਡਿਤ, *ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਵਜ਼ੀਰ ਹਿੰਦ ਪ੍ਰੈਸ, ਹਾਲ ਬਾਜ਼ਾਰ ਅੰਮ੍ਰਿਤਸਰ।
5. ਸੋਖਵਾਂ, ਬਦਨ ਸਿੰਘ, ਗਿਆਨੀ, ਟੀਕਾਕਾਰ, *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ* (ਫਰੀਦਕੋਟੀ ਟੀਕਾ), ਜਿਲਦ ਪਹਿਲੀ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, 1970.
6. ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ, ਪ੍ਰਕਾਸ਼ਕ, *ਸ੍ਰੀ ਗੁਰੂ ਗ੍ਰੰਥ ਕੋਸ਼*, ਅਕਤੂਬਰ 1950.
7. ਭਗਵਾਨ ਸਿੰਘ, ਗਿਆਨੀ, *ਆਸਾ ਦੀ ਵਾਰ ਸਟੀਕ*, ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼, ਲਹੌਰ, ਸੰਮਤ ਨਾਨਕ ਸ਼ਾਹੀ 432, ਪੰਨਾ 433.


## ਹੱਥ ਲਿਖਤਾਂ


1. ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ, ਹੱਥ ਲਿਖਤ ਨੰਬਰ 758.

2. ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਹੱਥ ਲਿਖਤ ਨੰਬਰ 7090.
1. ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਿਲਦ ਅੱਠਵੀਂ ਦਸੰਬਰ 1976

ENGLISH

1. Mohan Singh, Dr., *A History of Punjabi Literature*, Kasturi Lal and Sons, Bazar Mai Sewan, Amritsar, second edition, 1956.
2. Sher Singh, Dr., *Philsophy of Sikhism*, Sikh University Press, Lahore, 1944.

# ਨਿਹੰਗ ਸਿੰਘ ਸੰਪ੍ਰਦਾਇ

ਡਾ. ਗੁਰਮੁਖ ਸਿੰਘ*

ਅਠਾਰਵੀਂ ਸਦੀ ਵਿਚ ਮੁਗਲ-ਸਿੰਘ ਸੰਘਰਸ਼ ਵਿਚ ਨਿਹੰਗ ਸਿੰਘ ਦਾ ਰੋਲ ਬਹੁਤ ਅਹਿਮ ਸੀ, ਕਿਉਂਕਿ ਇਹਨਾਂ ਮਰਜੀਵੜਿਆਂ ਨੇ ਸੀਸ ਤਲੀ ਤੇ ਧਰ ਕੇ ਧਰਮ ਦੀ ਖਾਤਰ ਕੁਰਬਾਨੀਆਂ ਕਰਦਿਆਂ ਮੁਗਲ ਰਾਜ ਨੂੰ ਭਾਰੀ ਸੱਟਾਂ ਮਾਰੀਆਂ। ਪੰਜਾਬ ਵਿਚੋਂ ਉਹਨਾਂ ਦਾ ਰਾਜ ਭਾਗ ਖ਼ਤਮ ਕਰ ਦਿੱਤਾ, ਖ਼ਾਲਸਾ ਰਾਜ ਦੀ ਸਥਾਪਤੀ ਤੇ ਉਸਨੂੰ ਕਾਇਮ ਰੱਖਣ ਵਿੱਚ ਨਿਹੰਗ ਸਿੰਘਾਂ ਦੀ ਦੇਣ ਅਤਿਅੰਤ ਆਦਰਯੋਗ ਤੇ ਮਹੱਤਵਪੂਰਨ ਹੈ।

ਨਿਹੰਗ' ਸ਼ਬਦ ਦੇ ਅਰਥ ਕੀ ਹਨ ? ਇਸ ਬਾਰੇ ਦੋ ਵਿਚਾਰ ਪੇਸ਼ ਕੀਤੇ ਜਾਂਦੇ ਹਨ। ਪਹਿਲਾ ਕਿ ਇਹ ਫ਼ਾਰਸੀ ਸ਼ਬਦ ਹੈ, ਜਿਸ ਦਾ ਅਰਥ ਮਗਰਮੱਛ ਹੈ। ਨਿਹੰਗ ਸਿੰਘ ਸੰਪ੍ਰਦਾਇ ਦਾ ਇਸ ਨਾਲ ਸੰਬੰਧ ਇਉਂ ਉਚਿਤ ਦਰਸਾਇਆ ਜਾਂਦਾ ਹੈ ਕਿ ਜਿਵੇਂ ਮਗਰਮੱਛ ਪਾਣੀ ਵਿਚ ਕਿਸੇ ਦੇ ਕਾਬੂ ਨਹੀਂ ਆਉਂਦਾ। ਅਜਿੱਤ ਤੇ ਅਦਿਖ ਰਹਿੰਦਾ ਹੈ ਤੇ ਬੜਾ ਦਹਿਲ ਹੈ, ਇਵੇਂ ਹੀ ਨਿਹੰਗ ਸਿੰਘ ਦੁਸ਼ਮਣ ਦੇ ਕਾਬੂ ਨਹੀਂ ਆਉਂਦੇ ਤੇ ਉਹਨਾਂ ਦਾ ਦਹਿਲ ਹਮੇਸ਼ਾਂ ਦੁਸ਼ਮਣ ਨੂੰ ਕੰਬਣ ਲਈ ਮਜਬੂਰ ਕਰਦਾ ਹੈ। ਕੁਝ ਵਿਦਵਾਨ ਨਿਹੰਗ ਸ਼ਬਦ ਦੀ ਵਿਆਖਿਆ ਇਉਂ ਵੀ ਕਰਦੇ ਹਨ - ਮਗਰਮੱਛ ਕਿਰਲੀ ਜਾਂ ਛਿਪਕਲੀ ਦੇ ਰੂਪ ਵਿੱਚ ਹੈ। ਛਿਪਕਲੀ ਦਾ ਸੁਭਾਅ ਹੈ ਕਿ ਉਹ ਅੱਖਾਂ ਬੰਦ ਰੱਖਦੀ ਹੋਈ ਵੀ ਸੁਚੇਤ ਰਹਿੰਦੀ ਹੈ। ਆਪ ਕਿਸੇ ਤੇ ਹਮਲਾ ਨਹੀਂ ਕਰਦੀ, ਪਰ ਜੇਕਰ ਕੋਈ ਹਮਲਾ ਕਰੇ ਤਾਂ ਉਸਨੂੰ ਕੱਟ ਲੈਂਦੀ ਹੈ ਤੇ ਉਸ ਦੇ ਕੱਟੇ ਦਾ ਕੋਈ ਇਲਾਜ ਨਹੀਂ ਹੈ। ਇਹੀ ਸੁਭਾਅ ਨਿਹੰਗ ਦਾ ਹੈ ਕਿ ਉਹ ਆਪ ਕਿਸੇ ਨੂੰ ਕੁਝ ਨਹੀਂ ਆਖਦਾ, ਪਰ ਅਗਲਾ ਛੇੜ ਕਰੇ ਤਾਂ ਸੋਧਣੋਂ ਗੁਰੇਜ਼ ਨਹੀਂ ਕਰਦਾ।

ਇਹ ਦੋਨੋਂ ਅਰਥ ਵੀ ਠੀਕ ਹੋ ਸਕਦੇ ਹਨ, ਪਰ ਨਿਹੰਗ ਤੇ ਮਗਰਮੱਛ ਅਤੇ ਛਿਪਕਲੀ ਵਿਚ ਕਿਸੇ ਪ੍ਰਕਾਰ ਦੀ ਸਾਂਝ ਨਹੀਂ ਜਾਪਦੀ। ਮਗਰਮੱਛ ਤੇ ਛਿਪਕਲੀ ਦੋਨੋਂ ਹੀ ਗਲੀਜ਼ ਤੇ ਕਰੂਪ ਜਿਹੇ ਜਾਨਵਰ ਹਨ, ਜਦੋਂ ਕਿ ਨਿਹੰਗ ਸਿੰਘ, ਖਾਸ ਕਰਕੇ ਪੁਰਾਤਨ ਸਮਿਆਂ ਦੇ ਦਰਸ਼ਨੀ ਜੁਆਨ ਸਨ, ਜਿਹਨਾਂ ਦੀ ਸ਼ਖ਼ਸੀਅਤ ਸਭ ਨੂੰ ਆਕਰਸ਼ਿਤ ਕਰਦੀ ਸੀ।

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਨਿਹੰਗ ਸ਼ਬਦ ਸੰਸਕ੍ਰਿਤ ਸ਼ਬਦ ਨਿਹਸੰਕ ਦਾ ਵਿਕਰਿਤ ਰੂਪ ਹੈ, ਜਿਸ ਦਾ ਅਰਥ ਹੈ - ਨਿਰਲੇਪ, ਬੇਪ੍ਰਵਾਹ, ਆਤਮ-ਗਿਆਨੀ, ਦ੍ਵੰਦ ਦਾ ਤਿਆਗੀ, ਜੋ ਆਪਣੇ ਪਾਸ ਕੁਝ ਨਾ ਰਖੇ, ਰੋਗ ਸੋਗ ਤੋਂ ਬੇ-ਪ੍ਰਵਾਹ, ਵੰਡ ਕੇ ਛਕਣ ਵਾਲਾ, ਸੱਚਾ, ਸੁੱਚਾ, ਸ਼ੁੱਧ ਆਦਿ।

ਪੰਜਾਬੀ ਕੋਸ਼ਾਂ ਵਿੱਚ ਨਿਹੰਗ ਦੇ ਅਰਥ ਦਿੱਤੇ ਹਨ : ਉੱਚ ਦੁਮਾਲੇ ਤੇ ਨੀਲੇ ਬਾਣੇ

---

* ਭਾਸ਼ਾ ਵਿਭਾਗ, ਪਟਿਆਲਾ

ਵਾਲਾ, ਇੱਕ ਕਿਸਮ ਦੇ ਸਿੱਖ ਜੋ ਨੀਲਾ ਬਾਣਾ ਧਾਰਨ ਕਰਦੇ ਹਨ ਅਤੇ ਸ਼ਸਤਰ-ਧਾਰੀ ਰਹਿੰਦੇ ਹਨ : ਨਿਧੜਕ, ਨਿਰਭੈ ਯੋਧਾ ਵਰਿਆਮ ।

ਨਿਹੰਗ ਸ਼ਬਦ ਦੀ ਸਿਰਜਣਾ ਸੰਸਕ੍ਰਿਤ ਸ਼ਬਦ ਨਿਹਸੰਕ ਤੋਂ ਹੋਈ ਮੰਨਣੀ ਜ਼ਿਆਦਾ ਠੀਕ ਹੈ ਤੇ ਢੁਕਵੀਂ ਹੈ ਕਿਉਂਕਿ ਅਠਾਰਵੀਂ ਸਦੀ ਵਿੱਚ ਨਿਹੰਗ ਦਾ ਰੂਪ, ਸੁਭਾਅ ਤੇ ਕਰਤੱਵ ਪਾਲਣ ਦੀ ਬਿਰਤੀ ਇਹਨਾਂ ਅਰਥਾਂ ਨੂੰ ਸਿੱਧ ਕਰਦੀ ਹੈ । ਗੁਰੂ ਅਰਜਨ ਦੇਵ ਜੀ ਨੇ ਵੀ ਇਸ ਸ਼ਬਦ ਦਾ ਪ੍ਰਯੋਗ ਕੀਤਾ ਹੈ :

*ਨਿਰਭਉ ਹੋਇਓ ਭਇਆ ਨਿਹੰਗਾ ।*[2]

ਭਾਈ ਰਤਨ ਸਿੰਘ ਭੰਗੂ ਨੇ ਵੀ ਨਿਹੰਗ ਦੀ ਪਰਿਭਾਸ਼ਾ ਦਿੰਦਿਆਂ ਉਸ ਨੂੰ ਨਿਰਲੇਪ ਹੀ ਮੰਨਿਆ ਹੈ :

*ਨਿਹੰਗ ਕਹਾਵੈ ਸੋ ਪੁਰਸ਼ ਦੁਖੁ ਸੁਖ ਮੰਨੇ ਨਾ ਅੰਗ ।*[3]

ਭਾਈ ਕਾਨ੍ਹ ਸਿੰਘ ਨਾਭਾ ਨੇ ਨਿਹੰਗਾਂ ਬਾਰੇ ਲਿਖਿਆ ਹੈ, ''ਸਿੰਘਾਂ ਦਾ ਇੱਕ ਫਿਰਕਾ ਜੋ ਸੀਸ ਪਰ ਫਰਹਰੇ ਵਾਲਾ ਉੱਚ ਦੁਮਾਲਾ, ਚਕ੍ਰ, ਤੋੜਾ, ਖੰਡਾ, ਕ੍ਰਿਪਾਨ, ਗਜਗਾਹ ਆਦਿ । ਸ਼ਸਤ੍ਰ ਅਰ ਨੀਲਾ ਬਾਣਾ ਪਹਿਨਦਾ ਹੈ । ਨਿਹੰਗ ਸਿੰਘ ਮਰਨ ਦੀ ਸ਼ੰਕਾ ਤਿਆਗ ਕੇ ਹਰ ਵੇਲੇ ਸ਼ਹੀਦੀ ਪਾਉਣ ਨੂੰ ਤਿਆਰ ਅਤੇ ਮਾਇਆ ਤੋਂ ਨਿਰਲੇਪ ਰਹਿੰਦਾ ਹੈ, ਜਿਸ ਲਈ ਇਹ ਨਾਮ ਹੈ ।''[4] ਨਿਹੰਗ ਸਿੰਘ ਬਾਰੇ ਡਾ. ਰਤਨ ਸਿੰਘ ਲਿਖਦੇ ਹਨ, ''ਗੁਰੂ ਗੋਬਿੰਦ ਸਿੰਘ ਜੀ ਦੀ ਲਾਡਲੀ ਫੌਜ ਵਜੋਂ ਪ੍ਰਸਿੱਧ ਨਿਹੰਗ ਸਿੰਘ ਸਿੱਖ ਧਰਮ ਦੇ ਪੁਰਾਤਨ ਜੰਗੀ ਸਰੂਪ ਅਤੇ ਆਚਾਰ ਨੂੰ ਅਪਣਾ ਕੇ ਚੱਲਣ ਵਾਲਾ ਇੱਕ ਅਜਿਹਾ ਸਾਧਕ ਹੈ, ਜੋ ਸੀਸ ਉਪਰ ਫਰਹਰੇ ਵਾਲਾ ਉੱਚ ਦੁਮਾਲਾ ਸਜਾਉਂਦਾ ਹੈ ਅਤੇ ਕਈ ਪ੍ਰਕਾਰ ਦੇ ਸ਼ਸਤ੍ਰਾਂ (ਚੱਕਰ, ਖੰਡਾ, ਕ੍ਰਿਪਾਨ, ਭਾਲਾ, ਬੰਦੂਕ, ਤੋੜਾ ਗਜਗਾਹ ਆਦਿ) ਨਾਲ ਸੁਸਜਿਤ ਹਰ ਵਕਤ ਤਿਆਰ ਬਰ ਤਿਆਰ ਰਹਿੰਦਾ ਹੈ । ਇਸ ਪਾਸ ਲੋਹੇ ਦਾ ਗੜਵਾ, ਮਾਲਾ ਅਤੇ ਹੋਰ ਲੋੜੀਂਦਾ ਸਾਮਾਨ ਹਰ ਵਕਤ ਮੌਜੂਦ ਰਹਿੰਦਾ ਹੈ ।''[5] ਇਉਂ ਇਹ ਸਪਸ਼ਟ ਹੋ ਗਿਆ ਹੈ ਕਿ ਨਿਹੰਗ ਸਿੰਘ ਸਿੱਖ ਧਰਮ ਦਾ ਇੱਕ ਅੰਗ ਹਨ, ਜੋ ਦੇਸ਼-ਧਰਮ ਦੀ ਖਾਤਰ ਹਰ ਵੇਲੇ ਸ਼ਹੀਦੀਆਂ ਪਾਉਣ ਲਈ ਤਿਆਰ ਰਹਿੰਦੇ ਹਨ ।

ਨਿਹੰਗ ਸਿੰਘ ਦਾ ਦਲ ਹੋਂਦ ਵਿੱਚ ਕਿਵੇਂ ਆਇਆ ? ਇਸ ਬਾਰੇ ਕਈ ਮੌਖਿਕ ਤੇ ਲਿਖਤੀ ਕਥਾਵਾਂ ਪ੍ਰਚਲਿਤ ਹਨ । ਇੱਕ ਪਰੰਪਰਾ ਅਨੁਸਾਰ ਕਲਗੀਧਰ ਪਾਤਸ਼ਾਹ ਆਨੰਦਪੁਰ ਸਾਹਿਬ ਵਿਖੇ ਦਰਬਾਰ ਲਗਾਈ ਸਿੰਘਾਂ ਨਾਲ ਬਚਨ ਬਿਲਾਸ ਕਰ ਰਹੇ ਸਨ ਕਿ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਉੱਚ ਦੁਮਾਲਾ ਤੇ ਨੀਲਾ ਬਾਣਾ ਸਜਾ ਕੇ ਉਹਨਾਂ ਪਾਸ ਆਏ । ਮਹਾਰਾਜ ਉਹਨਾਂ ਦਾ ਅਨੋਖਾ ਬਾਣਾ ਦੇਖ ਕੇ ਕਹਿਣ ਲੱਗੇ, ''ਨਿਹੰਗ ਸਿੰਘ ਤੇਰਾ ਪੰਥ ਚਲੇਗਾ'' ਤੇ ਦੂਸਰੀ ਕਥਾ ਨਿਹੰਗ ਸਿੰਘਾਂ ਵਿੱਚ ਇਉਂ ਪ੍ਰਚਲਿਤ ਹੈ ਕਿ ਇੱਕ ਵਾਰ ਸੰਗਤਾਂ ਨੇ ਦਸਮ ਪਾਤਸ਼ਾਹ ਨੂੰ ਬੇਨਤੀ ਕੀਤੀ ਕਿ ਸਾਨੂੰ ਅਕਾਲ ਪੁਰਖ ਦੇ ਦਰਸ਼ਨ ਕਰਵਾਓ ਤਾਂ ਉਹ ਸਤਿਗੁਰੂ ਦੀ ਗੋਦੀ ਵਿਚੋਂ ਉਠ ਕੇ ਤੋਸ਼ੇਖਾਨੇ ਚਲੇ ਗਏ । ਉਹ ਨੀਲਾ ਬਾਣਾ ਫਰਹਰੇ ਵਾਲਾ ਉੱਚ ਦੁਮਾਲਾ ਸਜਾ ਕੇ ਤਿਆਰ ਬਰ ਤਿਆਰ ਹੋ ਕੇ ਸੰਗਤ ਵਿੱਚ ਆ ਖੜੋਤੇ ਤਾਂ ਸਾਹਿਬ-ਏ-ਕਮਾਲ ਨੇ ਆਖਿਆ, ''ਸੰਗਤ ਜੀ ਖੜ੍ਹੇ ਹੋ ਕੇ ਅਕਾਲ ਪੁਰਖ ਦੇ ਦਰਸ਼ਨ ਕਰੋ ।'' ਇਸ ਤੋਂ ਨਿਹੰਗ ਸਿੰਘ ਦੀ ਸੰਪ੍ਰਦਾਇ ਚੱਲੀ ।

ਇਹ ਪਰੰਪਰਾ ਵੀ ਹੈ ਕਿ ਜਦੋਂ ਗੁਰੂ ਸਾਹਿਬ ਨੇ 1699 ਈ. ਦੀ ਵਿਸਾਖੀ ਵਾਲੇ ਦਿਨ ਪੰਜ ਪਿਆਰੇ ਸਾਜ ਕੇ ਸੰਗਤਾਂ ਦੇ ਸਨਮੁਖ ਕੀਤੇ ਤਾਂ ਉਹਨਾਂ ਦੇ ਬਾਣੇ ਨੀਲੇ ਸਨ, ਜਿਸ ਬਾਰੇ ਭਾਈ ਗੁਰਦਾਸ ਸਿੰਘ ਨੇ ਲਿਖਿਆ ਹੈ :

*ਉਹ ਗੁਰ ਗੋਬਿੰਦ ਹੋਇ ਪ੍ਰਗਟਿਓ ਦਸਮਾ ਅਵਤਾਰਾ ॥*
*ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ ॥*
*ਨਿਜ ਪੰਥ ਚਲਾਇਓ ਖਾਲਸਾ ਸਹਿ ਤੇਜ ਕਰਾਰਾ ॥*
*ਸਿਰ ਕੇਸ ਧਾਰਿ ਗਹਿ ਖੜਗ ਕੋ ਸਭ ਦੁਲਟ ਪਛਾਰਾ ॥*

..........................................

*ਇਉਂ ਉਪਜੇ ਸਿੰਘ ਭੁਜੰਗੀਏ ਨੀਲ ਅੰਬਰ ਧਾਰਾ ॥*
*ਤੁਰਕ ਦੁਸ਼ਟ ਸਭਿ ਛੈ ਕੀਏ ਹਰਿਨਾਮ ਉਚਾਰਾ ॥*[7]

ਇਹ ਪਰੰਪਰਾ ਵੀ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਉੱਚ ਦੇ ਪੀਰ ਬਣ ਕੇ ਨੀਲ ਬਸਤਰ ਪਹਿਨ ਕੇ ਉਹਨਾਂ ਨੇ ਆਪਣਾ ਭੇਖ ਬਦਲਿਆ ਹੋਇਆ ਸੀ। ਮਾਲਵੇ ਵਿੱਚ ਆਪ ਜਦੋਂ ਢਿੱਲਵਾਂ ਪੁੱਜੇ ਤਾਂ ਆਪ ਵੀ ਇਸ ਨੀਲੀ ਪੋਸ਼ਾਕ ਨੂੰ ਦੇਖ ਕੇ ਬਾਬਾ ਕੋਲ ਜੀ ਨੇ ਆਪ ਨੂੰ ਬੇਨਤੀ ਕੀਤੀ ਕਿ ਨੀਲਾ ਰੰਗ ਤਾਂ ਤੁਰਕਾਂ ਦਾ ਹੈ, ਇਸ ਨੂੰ ਤਿਆਗਣ ਦੀ ਕਿਰਪਾਲਤਾ ਕਰੋ ਤਾਂ ਸਤਿਗੁਰੂ ਨੇ ਆਖਿਆ, "ਅੰਗੀਠਾ ਜਲਾਉ" ਤਾਂ ਅੰਗੀਠਾ ਜਲਾਇਆ ਗਿਆ। ਆਪਨੇ ਨੀਲਾ ਬਾਣਾ ਲੀਰਾਂ ਕਰ ਦਿੱਤਾ ਤੇ ਇੱਕ ਇੱਕ ਲੀਰ ਅੰਗੀਠੇ ਵਿੱਚ ਸਾੜਨ ਲਗੇ ਤਾਂ ਨਾਲ ਹੀ ਬਚਨ ਕੀਤਾ :

*ਨੀਲ ਬਸਤ੍ਰ ਲੈ ਕਪੜੇ ਫਾੜੇ*
*ਤੁਰਕ ਪਠਾਣੀ ਅਮਲ ਗਯਾ ॥*

ਇੱਕ ਸਿੰਘ ਨੇ ਆਖਿਆ, "ਤੁਸਾਂ ਗੁਰੂ ਨਾਨਕ ਮਹਾਰਾਜ ਦੀ ਤੁਕ ਵਿਚਲੇ ਸ਼ਬਦ ਕਿਉਂ ਬਦਲੇ ਹਨ ?" ਤਾਂ ਸਤਿਗੁਰੂ ਨੇ ਆਖਿਆ ਇਹ ਸਾਡੀ ਬਾਣੀ। ਇਉਂ ਨੀਲੇ ਬਸਤਰ ਸਾੜਦਿਆਂ ਇਕ ਲੀਰ ਪਾਸ ਖੜੇ ਭਾਈ ਮਾਨ ਸਿੰਘ ਨੂੰ ਬਖਸ਼ ਦਿੱਤੀ। ਉਸਨੇ ਉਸ ਨੂੰ ਆਪਣੀ ਦਸਤਾਰ ਦੁਆਲੇ ਲਪੇਟ ਲਿਆ। ਇਸ ਤੋਂ ਨਿਹੰਗ ਸਿੰਘ ਸੰਪ੍ਰਦਾਇ ਚੱਲੀ।

ਇਹਨਾਂ ਕਥਾਵਾਂ ਵਿੱਚੋਂ ਕਿਹੜੀ ਠੀਕ ਹੈ ? ਇਸ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਆਖਿਆ ਜਾ ਸਕਦਾ ਪਰ ਇੱਕ ਗੱਲ ਬੜੀ ਸਪਸ਼ਟ ਹੈ ਕਿ ਇਹਨਾਂ ਅੰਮ੍ਰਿਤਧਾਰੀ ਸਿਦਕੀ ਸਿੱਖਾਂ ਨੇ ਮੁਗਲਾਂ ਦੇ ਕਹਿਰ ਦਾ ਡੱਟ ਕੇ ਮੁਕਾਬਲਾ ਕਰਦਿਆਂ ਸੀਸ ਤਲੀ ਤੇ ਧਰ ਕੇ ਯੁੱਧ ਕੀਤੇ ਅਤੇ ਅਖੀਰ ਪੰਜਾਬ ਵਿੱਚ ਉਹਨਾਂ ਦੀ ਹਕੂਮਤ ਖ਼ਤਮ ਕਰਨ ਵਿੱਚ ਅਹਿਮ ਰੋਲ ਕੀਤਾ।

ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਮੁਗਲਾਂ ਦੀ ਇੱਕ ਵਿਸ਼ੇਸ਼ ਫੌਜ ਹੁੰਦੀ ਸੀ, ਜਿਸ ਨੂੰ "ਨਿਹੰਗ" ਆਖਿਆ ਜਾਂਦਾ ਸੀ। ਇਹ ਗਾਜ਼ੀ ਹੁੰਦੇ ਸਨ, ਜੋ ਨੀਲੇ ਬਸਤਰ ਪਹਿਨਦੇ ਸਨ। ਜਿਥੇ ਕੋਈ ਮੁਹਿੰਦੇ ਸਰ ਹੋਣ ਵਿਚ ਨਾ ਆਉਂਦੀ ਇਹਨਾਂ ਨੂੰ ਉਥੇ ਭੇਜਿਆ ਜਾਂਦਾ ਸੀ। ਇਹ ਆਤਮਘਾਤੀ ਦਸਤਾ ਹੁੰਦਾ ਸੀ, ਜੋ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਦੁਸ਼ਮਣ ਨੂੰ ਟੁੱਟ ਕੇ ਪੈ ਜਾਂਦਾ ਸੀ। ਨਿਹੰਗ ਸਿੰਘਾਂ ਦੀ ਸੰਪ੍ਰਦਾਇ ਇਹਨਾਂ ਵਰਗੀ ਸੀ। ਇਹਨਾਂ ਨੂੰ ਅਕਾਲੀ ਵੀ ਆਖਦੇ ਸਨ, ਕਿਉਂਕਿ ਇਹ ਹਰ ਵੇਲੇ "ਅਕਾਲ", "ਅਕਾਲ" ਦਾ ਜਾਪ ਕਰਦੇ ਰਹਿੰਦੇ ਸਨ।

ਪ੍ਰਸਿੱਧ ਨਿਹੰਗ ਸਿੰਘ ਬਾਬਾ ਫੂਲਾ ਸਿੰਘ ਅਕਾਲੀ ਕਰਕੇ ਜਾਣਿਆ ਜਾਂਦਾ ਹੈ।

ਨਵਾਬ ਕਪੂਰ ਸਿੰਘ ਸਮੇਂ ਦਲ ਖਾਲਸਾ ਮੁਖ ਰੂਪ ਵਿੱਚ ਦੋ ਭਾਗਾਂ ਵਿੱਚ ਵੰਡਿਆ ਗਿਆ। ਚਾਲ੍ਹੀ ਵਰ੍ਹਿਆਂ ਤੋਂ ਘੱਟ ਵਾਲੇ ਇਸ ਦੱਲ ਵਿੱਚ ਸ਼ਾਮਲ ਕੀਤੇ ਗਏ, ਜਿਸ ਦਾ ਨਾਂ ਤਰੁਣਾ ਦੱਲ ਰਖਿਆ ਤੇ ਚਾਲ੍ਹੀ ਵਰ੍ਹਿਆਂ ਤੋਂ ਵਧ ਵਾਲੇ ਬੁੱਢਾ ਦੱਲ ਵਿੱਚ ਸ਼ਾਮਲ ਕੀਤੇ ਗਏ। ਤਰੁਣਾ ਦਲ ਜੰਗਾਂ ਯੁੱਧਾਂ ਵਿੱਚ ਚੜ੍ਹਾਈ ਕਰਕੇ ਖੰਡਾ ਖੜਕਾਉਂਦਾ ਅਤੇ ਬੁੱਢਾ ਦੱਲ ਬੀਬੀਆਂ, ਬਾਲ ਬੱਚਿਆਂ ਤੇ ਗੁਰਧਾਮਾਂ ਆਦਿ ਦੀ ਸੰਭਾਲ ਕਰਦਾ। ਇਉਂ ਇਹਨਾਂ ਨੇ ਆਪਣੇ-ਆਪਣੇ ਕਾਰਜ ਬਹੁਤ ਵਧੀਆ ਢੰਗ ਨਾਲ ਕਰਦਿਆਂ ਕੌਮ ਦੀ ਸੇਵਾ ਕੀਤੀ। ਨਵਾਬ ਕਪੂਰ ਸਿੰਘ ਨੇ ਤਰੁਣਾ ਦਲ ਨੂੰ ਪੰਜ ਜਥਿਆਂ ਵਿੱਚ ਵੰਡਿਆ :

1. **ਜਥਾ ਸ਼ਹੀਦਾਂ** : ਇਸ ਦੇ ਜਥੇਦਾਰ ਬਾਬਾ ਦੀਪ ਸਿੰਘ ਸ਼ਹੀਦ ਸਨ। ਉਹਨਾਂ ਦੇ ਨਾਲ ਨੱਥਾ ਸਿੰਘ ਤੇ ਗੁਰਬਖਸ਼ ਸਿੰਘ ਪ੍ਰਸਿੱਧ ਯੋਧੇ ਸਨ।

2. **ਬਾਬਾ ਕਾਹਨ ਸਿੰਘ ਦਾ ਜਥਾ** : ਇਸ ਦੇ ਜਥੇਦਾਰ ਬਾਬਾ ਕਾਹਨ ਸਿੰਘ ਤ੍ਰੇਹਣ ਸਨ, ਜਿਹਨਾਂ ਨਾਲ ਮੀਰੀ ਸਿੰਘ, ਹਰੀ ਸਿੰਘ ਢਿੱਲੋਂ ਅਤੇ ਬਾਬਾ ਬਾਘ ਸਿੰਘ ਹੱਲੋਵਾਲੀਆ ਸਨ।

3. **ਜਥਾ ਅੰਮ੍ਰਿਤਸਰੀਆ** : ਇਸ ਦੇ ਜਥੇਦਾਰ ਕਰਮ ਸਿੰਘ ਤੇ ਧਰਮ ਸਿੰਘ ਅੰਮ੍ਰਿਤਸਰੀਏ ਸਨ।

4. **ਜਥਾ ਡੱਲੇਵਾਲੀਆ** : ਇਸ ਦੇ ਜਥੇਦਾਰ ਦਸੌਂਧਾ ਸਿੰਘ ਕੱਟ ਬੁੱਢੇ ਦੇ ਸਨ।

5. **ਰੰਘਰੇਟੇ ਸਿੰਘ ਦਾ ਜਥਾ** : ਇਸ ਜਥੇ ਵਿਚ ਬਾਬਾ ਬੀਰ ਸਿੰਘ, ਜਿਉਣ ਸਿੰਘ, ਮਦਨ ਸਿੰਘ, ਅਮਰ ਸਿੰਘ ਆਦਿ ਸਰਦਾਰ ਸਨ।

ਸਮਾਂ ਪਾ ਕੇ ਇਹਨਾਂ ਦੀ ਗਿਣਤੀ 30 ਤੋਂ ਵੱਧ ਗਈ ਅਤੇ ਬਾਅਦ ਵਿੱਚ ਛੋਟੇ-ਛੋਟੇ 65 ਜਥੇ ਬਣ ਗਏ। ਇਹਨਾਂ ਸਾਰੇ ਜਥਿਆਂ ਨੇ ਸਰਦਾਰ ਦੱਲਾ ਸਿੰਘ ਆਹਲੂਵਾਲੀਆ ਦੀ ਸਿਰਦਾਰੀ ਸਵੀਕਾਰ ਕਰ ਲਈ ਤੇ ਉਹਨਾਂ ਨੇ 11 ਮਿਸਲਾਂ ਬਣਾ ਦਿੱਤੀਆਂ। ਬਾਰ੍ਹਵੀਂ ਮਿਸਲ ਫੂਲਕੀਆਂ ਬਾਬਾ ਆਲਾ ਸਿੰਘ ਨੇ ਖੜ੍ਹੀ ਕੀਤੀ।

ਮਿਸਲ ਕਾਲ ਵਿੱਚ ਮਿਸਲ ਸ਼ਹੀਦਾਂ ਜਾਂ ਨਿਹੰਗ ਸਿੰਘਾਂ ਨੇ ਮੁਗਲਾਂ ਨਾਲ ਪੂਰੇ ਤਾਣ ਲੋਹਾ ਲਿਆ। ਨਿਸ਼ਕਾਮ ਭਾਵ ਨਾਲ ਸਾਰੇ ਸਿੰਘਾਂ ਦੀ ਸੇਵਾ ਕੀਤੀ। ਸ਼ਹੀਦੀਆਂ ਪਾਈਆਂ। ਮਿਸਲਾਂ ਨੇ ਕਈ ਇਲਾਕੇ ਆਪਣੇ ਅਧੀਨ ਕਰ ਲਏ ਪਰ ਇਸ ਮਿਸਲ ਵਾਲਿਆਂ ਜਥੇਦਾਰਾਂ ਨੇ ਕੋਈ ਇਲਾਕਾ ਨਹੀਂ ਮੱਲਿਆ। ਇਹ ਸੁਤੰਤਰ ਵਿਚਰਦੇ ਰਹੇ ਤੇ ਜਿਥੇ ਕਿਤੇ ਮੁਗਲ ਨਾਲ ਟੱਕਰ ਹੁੰਦੀ ਇਹ ਮਦਦ ਲਈ ਪਹੁੰਚ ਜਾਂਦੇ। ਇਹ ਇਹਨਾਂ ਦੀ ਨਿਰਲੇਪਤਾ ਦਾ ਪ੍ਰਮਾਣ ਹੈ।

ਨਿਹੰਗ ਸਿੰਘ ਆਪਣਾ ਕੁਰਸੀਨਾਮਾ ਇਉਂ ਦੱਸਦੇ ਹਨ : ਬਾਬਾ ਬਿਨੋਦ ਸਿੰਘ - ਬਾਬਾ ਦਰਬਾਰਾ ਸਿੰਘ - ਨਵਾਬ ਕਪੂਰ ਸਿੰਘ - ਸ. ਜੱਸਾ ਸਿੰਘ ਆਹਲੂਵਾਲੀਆ - ਬਾਬਾ ਨੈਣਾ ਸਿੰਘ - ਅਕਾਲੀ ਫੂਲਾ ਸਿੰਘ - ਬਾਬਾ ਹਨੂਮਾਨ ਸਿੰਘ - ਬਾਬਾ ਪ੍ਰਹਿਲਾਦ ਸਿੰਘ - ਬਾਬਾ ਗਿਆਨਾ ਸਿੰਘ - ਬਾਬਾ ਤੇਜਾ ਸਿੰਘ - ਬਾਬਾ ਸਾਹਿਬ ਸਿੰਘ ਕਲਾਧਾਰੀ - ਬਾਬਾ ਚੇਤ ਸਿੰਘ - ਬਾਬਾ ਸੰਤਾ ਸਿੰਘ।

ਨਿਹੰਗ ਸਿੰਘ ਨੇ ਅਠਾਰ੍ਹਵੀਂ ਸਦੀ ਵਿਚ ਸਿੱਖ ਕੌਮ ਦੀ ਬਹੁਤ ਸੇਵਾ ਕੀਤੀ। ਅਤਿਕਸ਼ਟ ਦੇ ਸਮੇਂ ਵਿਚ ਇਹਨਾਂ ਨੇ ਸਿੱਖ ਵਿਰੋਧੀਆਂ ਤੇ ਮੁਗਲਾਂ ਨਾਲ ਲੋਹਾ ਲਿਆ।

ਕੁਰਬਾਨੀਆਂ ਕੀਤੀਆਂ ਸ਼ਹੀਦੀਆਂ ਪਾਈਆਂ। ਨਾਮ ਸਿਮਰਨ ਕਰਦਿਆਂ ਗੁਰਬਾਣੀ ਦਾ ਪ੍ਰਚਾਰ ਕਰਦਿਆਂ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਈ। ਸਿੱਖ ਕੌਮ ਨੂੰ ਖ਼ਤਮ ਹੋਣ ਤੋਂ ਬਚਾਉਣ ਲਈ ਮੁਗਲਾਂ ਨੂੰ ਆਪਣੀ ਤੇਗ ਦੇ ਜ਼ਹੂਰ ਵਿਖਾਏ। ਉਹ ਮੁਗਲ ਜੋ ਕਹਿੰਦੇ ਸਨ, ਸਿੱਖਾਂ ਨੂੰ ਅਸਹਿ ਤੇ ਅਕਹਿ ਕਸ਼ਟ ਦੇ ਕੇ ਖ਼ਤਮ ਕਰ ਦੇਣਾ ਹੈ, ਉਹਨਾਂ ਦੇ ਰਾਜ ਭਾਗ ਦੀਆਂ ਜੜ੍ਹਾਂ ਪੁੱਟ ਦਿੱਤੀਆਂ। ਗੁਰੂ ਗੋਬਿੰਦ ਸਿੰਘ ਦੇ ਪਰਲੋਕ ਗਵਨ ਤੋਂ ਲੈ ਕੇ ਸਿੱਖ ਰਾਜ ਦੀ ਸਥਾਪਤੀ ਦੇ ਸਮੇਂ ਦੌਰਾਨ ਸਿੱਖਾਂ ਦੀ ਸਲਾਮਤੀ ਲਈ ਨਿਹੰਗ ਸਿੰਘਾਂ ਦਾ ਯੋਗਦਾਨ ਬਹੁਤ ਮੁੱਲਵਾਨ ਹੈ।

ਹਰਿਮੰਦਰ ਸਾਹਿਬ ਅੰਮ੍ਰਿਤਸਰ ਨਿਹੰਗ ਸਿੰਘਾਂ ਨੂੰ ਹੋਰ ਸਿੰਘਾਂ ਵਾਂਗੂ ਜਾਨ ਤੋਂ ਵੀ ਵੱਧ ਪਿਆਰਾ ਸੀ। ਅਹਿਮਦਸ਼ਾਹ ਅਬਦਾਲੀ[11] ਸਿੱਖਾਂ ਨਾਲ ਲੜਦਿਆਂ 30 ਨਵੰਬਰ, 1764 ਈ. ਨੂੰ ਅੰਮ੍ਰਿਤਸਰ ਆ ਵੜਿਆ। ਉਹ ਆਪਣੀ ਫੌਜ ਸਮੇਤ ਦਰਬਾਰ ਸਾਹਿਬ ਵਿਚ ਦਾਖਲ ਹੋਇਆ। ਪਰਿਕਰਮਾ ਵਿਚਲੇ ਬੁੰਗਿਆਂ ਵਿੱਚ 30 ਸਿੰਘ ਨਿਕਲੇ ਤੇ ਤੀਹ ਹਜ਼ਾਰ ਅਫ਼ਗਾਨਾਂ ਤੇ ਬਾਰ੍ਹਾਂ ਹਜ਼ਾਰ ਬਲੋਚਾਂ ਦੀ ਫੌਜ ਨੂੰ ਟੁੱਟ ਕੇ ਪੈ ਗਏ। ਇਹਨਾਂ ਨੇ ਪੂਰੀ ਦਲੇਰੀ ਨਾਲ ਲੜਾਈ ਕੀਤੀ ਤੇ ਸ਼ਹੀਦੀ ਪਾਈ। ਇਹ ਭਾਈ ਗੁਰਬਖਸ਼ ਸਿੰਘ ਦਾ ਜਥਾ ਸੀ, ਜੋ ਪਹਿਲੀ ਦਸੰਬਰ, 1764 ਈ. ਨੂੰ ਦਰਬਾਰ ਸਹਿਬ ਦੀ ਰਖਿਆ ਲਈ ਸ਼ਹੀਦ ਹੋਇਆ। ਇਸ ਦਾ ਜ਼ਿਕਰ ਅੱਖੀਂ ਦੇਖਣ ਵਾਲੇ ਕਾਜ਼ੀ ਨੂਰ ਮੁਹੰਮਦ ਨੇ ਆਪਣੇ ਜੰਗਨਾਮੇ ਵਿੱਚ ਕੀਤਾ ਹੈ।

ਗਿਆਨੀ ਸੋਹਨ ਸਿੰਘ ਸੀਤਲ[12] ਨੇ ਇਸ ਘਟਨਾ ਬਾਰੇ ਲਿਖਿਆ ਹੈ ਕਿ ਸਰਦਾਰ ਗੁਰਬਖਸ਼ ਸਿੰਘ ਪਿੰਡ ਲੀਲ ਵਾਲੇ ਹਰਿਮੰਦਰ ਸਾਹਿਬ ਦੀ ਰਾਖੀ ਕਰ ਰਹੇ ਸਨ। ਆਪ ਨਾਲ ਬਹੁਤ ਥੋੜ੍ਹੇ ਜਿਹੇ ਸਾਥੀ ਸਨ। ਜਹਾਨ ਖਾਂ, ਜੋ ਅਬਦਾਲੀ ਦਾ ਨਾਇਬ ਤੇ ਸੈਨਾਪਤੀ ਸੀ, ਨੇ ਹਰਿਮੰਦਰ ਸਾਹਿਬ 'ਤੇ ਹਮਲਾ ਕਰ ਦਿੱਤਾ। ਸਰਦਾਰ ਗੁਰਬਖਸ਼ ਸਿੰਘ ਆਪਣੇ ਸਾਥੀਆਂ ਸਮੇਤ ਰਾਖੀ ਕਰਦਿਆਂ ਸ਼ਹੀਦੀ ਪਾ ਗਏ। ਜ਼ਾਲਮਾਂ ਨੇ ਹਰਿਮੰਦਰ ਦੀ ਇਮਾਰਤ ਢਾਹ ਦਿੱਤੀ, ਸਰੋਵਰ ਗੰਦ ਮੰਦ ਨਾਲ ਪੂਰ ਦਿੱਤਾ। ਜਦੋਂ ਬਾਬਾ ਦੀਪ ਸਿੰਘ ਜੀ ਨੂੰ ਇਸ ਦੀ ਖ਼ਬਰ ਮਿਲੀ ਤਾਂ ਆਪਨੇ ਅੰਮ੍ਰਿਤਸਰ ਤੇ ਚੜ੍ਹਾਈ ਕਰ ਦਿੱਤੀ। ਇਹਨਾਂ ਨਾਲ ਰਾਹ ਵਿਚ ਸਿੰਘ ਸ਼ਾਮਿਲ ਹੁੰਦੇ ਗਏ। ਇਹ ਲੜਾਈ ਗੋਲਵੜ ਤੋਂ ਸ਼ੁਰੂ ਹੋਈ ਅਤੇ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ ਖ਼ਤਮ ਹੋਈ। ਬਾਬਾ ਜੀ ਸ਼ਹੀਦੀ ਪਾ ਗਏ। ਸਿੱਖਾਂ ਵਿੱਚ ਰਵਾਇਤ ਤੁਰੀ ਆ ਰਹੀ ਹੈ ਕਿ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ ਸੀ, ਪਰ ਆਪਨੇ ਸੀਸ ਤਲੀ ਤੇ ਧਰ ਲਿਆ। ਯੁੱਧ ਕਰਦਿਆਂ ਪ੍ਰਣ ਅਨੁਸਾਰ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਵਿੱਚ ਪ੍ਰਾਣ ਤਿਆਗੇ।

ਮਹਾਰਾਜਾ ਰਣਜੀਤ ਸਿੰਘ ਨੇ ਮਿਸਲਾਂ ਨੂੰ ਖ਼ਤਮ ਕਰਕੇ ਖ਼ਾਲਸਾ ਰਾਜ ਸਥਾਪਤ ਕਰ ਲਿਆ ਪਰ ਨਿਹੰਗਾਂ ਦੀ ਮਿਸਲ ਜਾਂ ਮਿਸਲ ਸ਼ਹੀਦਾਂ ਆਜ਼ਾਦ ਰਹੀ। ਅਕਾਲੀ ਫੂਲਾ ਸਿੰਘ ਨਿਹੰਗ ਬੜੇ ਦਲੇਰ ਤੇ ਆਪਾ ਵਾਰੂ ਯੋਧੇ ਸਨ। ਮਹਾਰਾਜੇ ਨੇ ਉਹਨਾਂ ਨੂੰ ਪਿਆਰ ਸਤਿਕਾਰ ਦੇ ਕੇ ਆਪਣੀ ਮਦਦ ਲਈ ਮਨਾ ਲਿਆ। ਨਿਹੰਗ ਸਿੰਘਾਂ ਦੀ ਫੌਜ ਨੂੰ ਅਕਾਲ ਰੈਜਮਿੰਟ ਨਾਂ ਦਿੱਤਾ ਗਿਆ। ਇਹ ਗੈਰ-ਆਇਨੀ ਫ਼ੌਜ ਸੀ। ਇਹਨਾਂ ਨੇ ਆਇਨੀ (Regular) ਫੌਜ ਵਾਂਗੂ ਅੰਗਰੇਜ਼ ਅਫ਼ਸਰ ਤੋਂ ਕੋਈ ਟ੍ਰੇਨਿੰਗ ਨਹੀਂ ਲਈ, ਕਿਉਂਕਿ ਇਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਆਖ ਦਿੱਤਾ ਸੀ, ''ਅਸੀਂ ਤੀਵੀਆਂ ਵਾਂਗੂ ਨੱਚਣ ਦੀ ਟ੍ਰੇਨਿੰਗ ਅੰਗਰੇਜ਼ਾਂ ਤੋਂ

ਨਹੀਂ ਲੈਣੀ, ਸਾਨੂੰ ਜਦੋਂ ਬੇਨਤੀ ਕਰੋਂਗਾ, ਯੁੱਧ ਦੇ ਮੈਦਾਨ ਵਿਚ ਭੜਥੂ ਪਾ ਦਿਆਂਗੇ।'' ਇਹਨਾਂ ਨੇ ਸਿੱਖ ਫੌਜ ਵਾਲੀ ਵਰਦੀ ਧਾਰਨ ਨਹੀਂ ਕੀਤੀ ਤੇ ਨਾ ਹੀ ਅੰਗਰੇਜ਼ਾਂ ਵਾਲੀ ਯੁੱਧ ਵਿਧੀ ਅਪਨਾਈ। ਆਪਨੇ ਨੀਲਾ ਬਾਣਾ, ਸ਼ਸਤਰ ਅਸਤਰ ਪਰੰਪਰਾਵਾਦੀ ਢੰਗ ਵਾਲੇ ਧਾਰਨ ਕੀਤੇ ਅਤੇ ਪੁਰਾਣੀ ਰਵਾਇਤੀ ਯੁੱਧ ਕਲਾ ਨੂੰ ਅਪਨਾ ਕੇ ਹਰ ਮੈਦਾਨ ਵਿਚ ਲੜੇ। ਇਹ ਸਿੱਖ ਫੌਜ ਦਾ ਆਤਮ-ਘਾਤੀ ਦਸਤਾ ਸੀ। ਅਕਾਲੀ ਜੀ ਨੇ ਕਈ ਮੁਹਿੰਮਾਂ ਵਿੱਚ ਹਿੱਸਾ ਲਿਆ। ਇੰਨੀ ਦਲੇਰੀ ਨਾਲ ਜੂਝੇ ਕੇ ਦੁਸ਼ਮਨ ਦੰਗ ਰਹਿ ਗਏ। ਮੁਲਤਾਨ ਦੀ ਲੜਾਈ, ਪਿਸ਼ਾਵਰ ਦੀ ਜੰਗ, ਕਸ਼ਮੀਰ ਦੀ ਜੰਗ, ਸੂਬਾ ਸਰਹੱਦ ਤੇ ਪਠਾਣਾਂ ਨਾਲ ਜੰਗਾਂ ਦੌਰਾਨ ਅਕਾਲ ਰੈਜਮੈਂਟ ਦੀ ਭੂਮਿਕਾ ਅਹਿਮ ਰਹੀ। ਨੌਸ਼ਹਿਰੇ ਦੀ ਭਿਆਨਕ ਜੰਗ ਵਿਚ ਅਕਾਲੀ ਫੂਲਾ ਸਿੰਘ ਸ਼ਹੀਦੀ ਪਾ ਗਏ।[13] ਇਹਨਾਂ ਦਾ ਦੁਸ਼ਮਣ ਦੇ ਮਨਾਂ ਵਿੱਚ ਬੜਾ ਦਹਿਲ ਸੀ।

ਨਿਹੰਗ ਸਿੰਘ ਅੰਗਰੇਜ਼ਾਂ ਨੂੰ ਬਿਲਕੁਲ ਪਸੰਦ ਨਹੀਂ ਸਨ ਕਰਦੇ ਅਤੇ ਨਾ ਹੀ ਚਾਹੁੰਦੇ ਸਨ ਕਿ ਮਹਾਰਾਜਾ ਰਣਜੀਤ ਸਿੰਘ ਉਹਨਾਂ ਨਾਲ ਦੋਸਤਾਨਾ ਸੰਬੰਧ ਰਖੇ। ਇਸ ਦੇ ਕਈ ਕਾਰਨ ਸਨ ਜਿਵੇਂ :

1. ਅੰਗਰੇਜ਼ ਗਊ ਦਾ ਮਾਸ ਖਾਂਦੇ ਸਨ, ਜਿਸ ਕਾਰਨ ਕਾਫ਼ਰ ਸਨ।
2. ਉਹਨਾਂ ਦੀ ਨੀਤ ਠੀਕ ਨਹੀਂ ਸੀ, ਕਿਉਂਕਿ ਅੰਦਰ ਖਾਤੇ ਉਹ ਜਿਵੇਂ ਕਿਵੇਂ ਪੰਜਾਬ ਤੇ ਕਬਜ਼ਾ ਕਰਨ ਲਈ ਤਿਆਰੀਆਂ ਕਰ ਰਹੇ ਸਨ।

ਅਕਾਲੀ ਫੂਲਾ ਸਿੰਘ ਤੇ ਉਹਨਾਂ ਦੇ ਸਾਥੀ ਪੰਜਾਬ ਸਰਕਾਰ ਇਸ ਵਿਚਾਰ ਦੇ ਖਿਲਾਫ ਸਨ ਕਿ ਉਹ ਅੰਗਰੇਜ਼ਾਂ ਨਾਲ ਕੋਈ ਸੰਧੀ ਕਰੇ, ਪਰ ਮਹਾਰਾਜਾ ਰਣਜੀਤ ਸਿੰਘ ਉਹਨਾਂ ਨਾਲ ਸੁਖਾਵੇਂ ਸੰਬੰਧ ਕਾਇਮ ਰੱਖਣ ਦੇ ਹੱਕ ਵਿੱਚ ਸੀ। ਨਿਹੰਗ ਅੰਗਰੇਜ਼ ਅਫ਼ਸਰਾਂ ਜਾਂ ਕਰਿੰਦਿਆਂ ਦੇ ਜੀਵਨ ਲਈ ਹਮੇਸ਼ਾਂ ਖਤਰਾ ਸਨ। ਜਦੋਂ ਕਦੇ ਕੋਈ ਵੱਡਾ ਅੰਗਰੇਜ਼ ਅਧਿਕਾਰੀ ਜਾਂ ਸਿਆਸਤਦਾਨ ਪੰਜਾਬ ਦਾ ਦੌਰਾ ਕਰਦਾ, ਮਹਾਰਾਜੇ ਨੂੰ ਉਸ ਦੀ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕਰਨੇ ਪੈਂਦੇ ਸਨ। ਅਜਿਹੀਆਂ ਘਟਨਾਵਾਂ ਬਾਰੇ ਸੋਹਨ ਲਾਲ ਸੂਰੀ ਨੇ ਲਿਖਿਆ ਹੈ।[14] ਇਸ ਬਾਰੇ ਖੁਸ਼ਵੰਤ ਸਿੰਘ[15] ਨੇ ਲਿਖਿਆ ਹੈ ਕਿ ਜਦੋਂ ਮੈਟਕਾਫ ਮਹਾਰਾਜਾ ਰਣਜੀਤ ਸਿੰਘ ਨਾਲ ਖਾਲਸਾ ਰਾਜ ਦੀਆਂ ਸਰਹੱਦਾਂ ਬਾਰੇ ਵਿਚਾਰ ਕਰ ਰਿਹਾ ਸੀ ਤਾਂ ਨਿਹੰਗਾਂ ਤੇ ਮੈਟਕਾਫ ਦੇ ਸੁਰੱਖਿਆ ਕਰਮੀਆਂ ਵਿਚਕਾਰ ਮੁਠਭੇੜ ਹੋਈ ਸੀ। ਸਮਕਾਲੀ ਸ੍ਰੋਤ ਵਿਚ ਉਸ ਨੇ ਵਿਸਤਾਰ ਸਹਿਤ ਉਦਾਹਰਣ ਦਿੱਤੀ ਹੈ।

ਸੋ ਨਿਹੰਗ ਸਿੰਘ ਨੇ ਕਦੇ ਵੀ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦੇ ਸੰਬੰਧਾਂ ਨੂੰ ਸਹਿਮਤੀ ਨਹੀਂ ਦਿੱਤੀ। ਇਥੇ ਤਾਂਈਂ ਕਿ ਇੱਕ ਗੁੱਸੇ ਵਿੱਚ ਆਏ ਨਿਹੰਗ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ਼ ਵੀ ਕੀਤੀ, ਜਿਸ ਨੂੰ ਮਹਾਰਾਜਾ ਸਾਹਿਬ ਦੇ ਅੰਗਰ ਖਿਅਕਾਂ ਨੇ ਕਾਬੂ ਕਰ ਲਿਆ ਸੀ। ਇਸ ਬਾਰੇ ਸੋਹਨ ਲਾਲ ਸੂਰੀ[16] ਨੇ ਲਿਖਿਆ ਹੈ ਕਿ ਇੱਕ ਵਿਗੜੇ ਹੋਏ ਅਕਾਲੀ ਨਿਹੰਗ ਨੇ ਆਪਣੀ ਮਿਆਨ ਵਿਚੋਂ ਤਲਵਾਰ ਕਿਰਪਾਨ ਕੱਢੀ ਅਤੇ ਮਹਾਰਾਜਾ ਸਾਹਿਬ ਵਲ ਨੂੰ ਭੱਜਿਆ। ਮੌਕੇ ਤੇ ਹਾਜ਼ਰ ਅਰਦਲੀਆਂ ਅਤੇ ਸਰਕਾਰੀ ਨੌਕਰਾਂ ਨੇ ਉਸ ਨੂੰ ਕਾਬੂ ਕਰਕੇ ਮਹਾਰਾਜਾ ਸਾਹਿਬ ਦੇ ਪੇਸ਼ ਕੀਤਾ।

ਇਹੀ ਕਾਰਨ ਹੈ ਕਿ ਅੰਗਰੇਜ਼ਾਂ ਅਤੇ ਅੰਗਰੇਜ਼-ਪੱਖੀ ਇਤਿਹਾਸਕਾਰਾਂ ਤੇ

ਸਾਹਿਤਕਾਰਾਂ ਨੇ ਨਿਹੰਗ ਸਿੰਘ ਦੇ ਖਿਲਾਫ ਲਿਖਿਆ ਹੈ। ਉਹਨਾਂ ਨੂੰ ਹਰ ਖੇਤਰ ਵਿੱਚ ਨਜ਼ਰ-ਅੰਦਾਜ਼ ਕੀਤਾ ਜਾਣ ਲੱਗਾ। ਇਹ ਸਿੱਖਾਂ ਸਰਦਾਰਾਂ ਜਾਂ ਧਾਰਮਿਕ ਬਿਰਤੀ ਵਾਲੇ ਸਿੱਖਾਂ ਦੇ ਦਾਨ ਤੇ ਗੁਜ਼ਾਰਾ ਕਰਨ ਲੱਗੇ। ਇਹ ਨਸ਼ਾ ਕਰਕੇ ਆਪਣੇ ਆਪ ਵਿਚ ਮਸਤ ਰਹਿਣ ਲੱਗੇ। ਪੰਜਾਬ ਤੇ ਅੰਗਰੇਜ਼ਾਂ ਦੇ ਕਬਜ਼ੇ ਮਗਰੋਂ ਇਹਨਾਂ ਦਾ ਕੀ ਰੋਲ ਹੈ ? ਇਤਿਹਾਸ ਤੋਂ ਇਹੀ ਸਪਸ਼ਟ ਹੁੰਦਾ ਹੈ ਕਿ ਇਹਨਾਂ ਨੇ ਸਿੱਖਾਂ ਦੇ ਸਮਾਜਿਕ, ਧਾਰਮਿਕ, ਰਾਜਨੀਤੀ ਤੇ ਆਰਥਿਕ ਖੇਤਰ ਵਿੱਚ ਕੋਈ ਰੋਲ ਅਦਾ ਨਹੀਂ ਕੀਤਾ। ਇਹ ਆਪਣੇ ਨਸ਼ੇ ਵਿੱਚ ਗਲਤਾਨ ਰਹੇ। 1849 ਤੋਂ 1947 ਦੇ ਦੌਰਾਨ ਸਿੱਖਾਂ ਨੇ ਪੰਜਾਬ ਦੇ ਇਤਿਹਾਸ ਵਿੱਚ ਅਹਿਮ ਰੋਲ ਅਦਾ ਕੀਤਾ, ਪਰ ਸਿੰਘ ਸਭਾ ਲਹਿਰ, ਅਕਾਲੀ ਲਹਿਰ, ਬੱਬਰ ਖਾਲਸਾ ਲਹਿਰ ਗੁਰਦੁਆਰਾ ਸੁਧਾਰ ਲਹਿਰ ਜਾਂ ਆਜ਼ਾਦੀ ਦੀ ਲਹਿਰ ਆਦਿ ਵਿੱਚ ਨਿਹੰਗ ਸਿੰਘਾਂ ਦਾ ਰੱਤੀ ਭਰ ਯੋਗਦਾਨ ਨਹੀਂ ਹੈ।

ਦੇਸ ਦੀ ਆਜ਼ਾਦੀ ਤੋਂ ਲੈ ਕੇ ਅੱਜ ਤੱਕ ਇਹ ਸਿੱਖ ਸੰਘਰਸ਼ ਦੇ ਮੂਕ ਦ੍ਰਸ਼ਵਾ ਬਣੇ ਰਹੇ। ਪੰਜਾਬੀ ਸੂਬੇ ਦੇ ਮੋਰਚੇ ਵਿੱਚ ਇਹਨਾਂ ਨੇ ਕੋਈ ਹਿੱਸਾ ਨਹੀਂ ਪਾਇਆ। ਜਦੋਂ 1984 ਵਿੱਚ ਭਾਰਤੀ ਫੌਜ ਨੇ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ, ਤਾਂ ਸਾਰੀ ਸਿੱਖ ਕੌਮ ਅਥਾਹ ਪੀੜ ਮਹਿਸੂਸ ਕਰ ਰਹੀ ਸੀ ਪਰ ਬਾਬਾ ਸੰਤਾ ਸਿੰਘ ਨਿਹੰਗ ਮੁਖੀ ਨੇ ਇੰਦਰਾ ਗਾਂਧੀ ਤੇ ਉਹਦੀ ਸਰਕਾਰ ਦਾ ਸਾਥ ਦਿੰਦਿਆਂ ਸਿੱਖਾਂ ਦੀਆਂ ਭਾਵਨਾਵਾਂ ਦੇ ਵਿਰੁੱਧ ਅਕਾਲ ਤਖਤ ਦੀ ਉਸਾਰੀ ਕਰਵਾਈ। ਅਜਿਹੇ ਕਾਂਗਰਸ ਜਾਂ ਇੰਦਰਾ ਪੱਖੀ ਰੋਲ ਤੋਂ ਸਿੱਖ ਬਹੁਤ ਖਫਾ ਹੋਏ ਅਤੇ ਇਸ ਨੂੰ ਪੰਥ ਵਿਚੋਂ ਕੱਢ ਦਿੱਤਾ।

ਨਿਹੰਗਾਂ ਦਾ ਭਵਿੱਖ ਕੈਸਾ ਹੈ ? ਇਹਨਾਂ ਦਾ ਭਵਿੱਖ ਕੋਈ ਵਧੀਆ ਨਹੀਂ ਹੈ, ਕਿਉਂਕਿ ਇਹ ਸੰਪ੍ਰਦਾਇ ਸਿੱਖਾਂ ਤੇ ਬੋਝ ਬਣੀ ਹੋਈ ਹੈ। ਨਸ਼ਿਆਂ ਵਿੱਚ ਗਲਤਾਨ ਇਹ ਲੋਕ ਕੌਮ ਬਾਰੇ ਕੀ ਸੋਚ ਸਕਦੇ ਹਨ ? ਜਾਂ ਅਠਾਰਵੀਂ ਅਤੇ ਉਨੀਵੀਂ ਸਦੀ ਵਿੱਚ ਇਹ ਆਦਰਸ਼ ਖਾਲਸਾ ਤੇ ਬਹਾਦਰ ਯੋਧੇ ਸਨ।

ਨਿਹੰਗ ਸਿੰਘ ਦੇ ਪ੍ਰਮੁਖ ਦੋ ਦਲ ਹਨ - ਬੁੱਢਾ ਦਲ ਅਤੇ ਤਰੁਣਾ ਦਲ ਪਰ ਹੋਰ ਦਲ ਜਾਂ ਜਥੇ ਹਨ ਜੋ ਭਾਰਤ ਵਿਚ ਵਿਚਰ ਰਹੇ ਹਨ :

1. **ਤਰਣਾ ਦਲ (ਬਾਬਾ ਬਕਾਲਾ)** : ਇਸ ਦਲ ਨੂੰ ਬਾਬਾ ਗੁਰਬਖਸ਼ ਸਿੰਘ ਨੇ ਸਥਾਪਿਤ ਕੀਤਾ ਅਤੇ ਹੈਡ ਆਫਿਸ ਬਾਬਾ ਬਕਾਲਾ ਹੈ। ਕ੍ਰਮਵਾਰ ਇਸ ਦੇ ਜਥੇਦਾਰ ਹਨ : ਬਾਬਾ ਗੁਰਬਖਸ਼ ਸਿੰਘ ਜੀ - ਬਾਬਾ ਬਿਸ਼ਨ ਸਿੰਘ ਜੀ ਅਤੇ ਵਰਤਮਾਨ ਜਥੇਦਾਰ ਹਨ ਬਾਬਾ ਕੀਰਤਨ ਸਿੰਘ ਜੀ।
2. **ਤਰੁਣਾ ਦਲ ਹਰੀਆ ਵੇਲਾ** : ਜਥੇਦਾਰ ਹਰਿਭਜਨ ਸਿੰਘ ਤੇ ਬਾਬਾ ਨਿਹਾਲ ਸਿੰਘ ਜੀ।
3. **ਤਰਣਾ ਦਲ (ਭਿਖੀ ਵਿੰਡ)** : ਪਹਿਲੇ ਜਥੇਦਾਰ ਸੋਹਨ ਸਿੰਘ ਜੀ ਸਨ ਅਤੇ ਵਰਤਮਾਨ ਜਥੇਦਾਰ ਬਾਬਾ ਕੁੰਦਨ ਸਿੰਘ ਜੀ ਹਨ।
4. **ਨਾਨਕ ਦਲ ਮੜੀਆਂ ਵਾਲਾ** : ਜਥੇਦਾਰ ਕੇਹਰ ਸਿੰਘ
5. **ਖਾਲਸਾ ਦਲ ਪਿੰਡ ਘਿਆਲਾ** : ਜਥੇਦਾਰ ਤ੍ਰਿਲੋਕ ਸਿੰਘ ਜੀ।

ਨਿਹੰਗ ਸਿੰਘਾਂ ਦੇ ਸਰੂਪ ਅਤੇ ਵਿਸ਼ਵਾਸਾਂ ਬਾਰੇ ਪੁਰਾਣੇ ਗ੍ਰੰਥਾਂ ਵਿਚ ਬਹੁਤ ਸੁੰਦਰ

ਬਚਨ ਉਪਲੱਬਧ ਹਨ। ਸੰਤ ਨਿਹਾਲ ਸਿੰਘ ਜੀ ਦਾ ਕਹਿਣਾ ਹੈ :

''ਧਰਮ ਕੇ ਧੁਰੰਤਰ ਉਦਾਰਮਾ ਧਰਾਧਾਰ,
ਭੋਲੇ ਭਾਲੇ ਭ੍ਰਾਜਤੇ ਜਕੋਲ ਪ੍ਰੇਮ ਰੰਗ ਮੈਂ।
ਸਰਬ ਲੋਹ ਪਿਆਰੇ ਅਰਬ ਖਰਬ ਲੋਂ ਨ ਦਰਬ ਬੰਧ,
ਨੈਕ ਹੂੰ ਨ ਗਰਬ ਪੁਨ ਪਰਬ ਯਾ ਕੇ ਸੰਗ ਮੈਂ।
ਸਾਜ ਕੇ ਸੂਬਾਨੋ ਸੁਰ ਗਾਜ ਕੈ ਮ੍ਰਿਗੇਦਰ ਭੂਰਿ,
ਭਾਜ ਕੈ ਗਨੀਮ ਕੋ ਬਿਦਾਰੈਂ ਜੋਰ ਜੰਗ ਮੈਂ।
ਮੋਦ ਕੇ ਤਰੰਗ ਮੈਂ ਉਮੰਗ ਕੈ ਉਤਮ ਪੰਥ,
ਲੋਕ ਦੰਗ ਕੈਬੇ ਕੋ ਸੁ ਕੀਨੋ ਨਿਹੰਗ ਮੈਂ।''[20]

ਨਿਹੰਗ ਸਿੰਘਾਂ ਦੀ ਜੀਵਨ ਸ਼ੈਲੀ ਬਾਰੇ ਗਿਆਨੀ ਗਿਆਨ ਸਿੰਘ ਨੇ ਬਹੁਤ ਸੁੰਦਰ ਲਿਖਿਆ ਹੈ ਕਿ ਜਿਵੇਂ ਗਰੀਬ ਹੁੰਦਿਆਂ ਇਹ ਸ਼ਸਤਰਾਂ ਨੂੰ ਪਿਆਰ ਨਾਲ ਸੰਭਾਲ ਕੇ ਰੱਖਦੇ ਸਨ ਤੇ ਜ਼ਾਲਮਾਂ ਨੂੰ ਲੁੱਟ ਕੇ ਰੋਟੀ ਦਾ ਪ੍ਰਬੰਧ ਕਰਦੇ ਸਨ :

ਫਿਡਾ ਜੈਸਾ ਟਟੂਆ ਜੁਲਫ਼ੂ ਕਾ ਕਾਠੀ ਪਾਇ
ਰਸਲ ਲਗਾਮ ਤੇ ਰਸਤੂ ਰਕਾਬ ਜੂ ॥
ਪਟਿਆ ਸਾ ਕਛਰੂ ਤੇ ਨੀਲ ਸਾ ਚਾਦਰੂ
ਤੁਰੋ ਜੈਸਾ ਪਾਗੜੂ ਬਣਾਇਆ ਸਿਰਤਾਜ ਜੂ ॥
ਟੁਟਿਆ ਜੈਸਾ ਤੇ ਮੜੂ ਤੇ ਲੀਹੜੂ ਗਿਆਨ ਜਾਕੋ
ਗਰ ਸਰ ਮਾਤਰਾ ਬਣਾਇਆ ਸਭੇ ਸਾਜ ਜੂ ॥
ਨਾਮ ਕੇ ਅਕਾਲਤੂ ਜੋ ਫਿਰੈ ਬੁਰੇ ਹਾਲਤੂ ਜੋ
ਲੂਟ ਲੂਟ ਖਾਵਨੇ ਕੋ ਡਾਢੇ ਉਸਤਾਦ ਜੂ।[21]

ਨਿਹੰਗ ਸਿੰਘ ਹਰ ਸ਼ਬਦ ਨੂੰ ਪੁਲਿੰਗ ਵਾਚੀ ਬਣਾਉਣ ਦੇ ਆਦੀ ਹਨ। ਇਹ ਸ਼ਾਇਦ ਉਹਨਾਂ ਦੀ ਦਲੇਰੀ ਦਾ ਪ੍ਰਮਾਣ ਹੋਵੇ। ਨਿਹਾਲ ਸਿੰਘ ਨਿਰਮਲੇ ਨੇ ਇਕ ਕਬਿੱਤ ਲਿਖਿਆ ਹੈ :

ਔਰਨ ਕੀ ਆਰਤੀ ਸੁ ਆਰਤਾ ਅਕਾਲੂ ਜੂ ਕੇ
ਲੋਕਨ ਕੀ ਬੋਲੀ ਦੀਨ ਬੰਧੂ ਕੋ ਸੁ ਬੋਲਾ ਹੈ ॥
ਅੰਬਿਕਾ ਕੜਾਹੀ ਮਹਾਰਾਜ ਕੋ ਕੜਾਹ ਸੁਧਾ,
ਚੇਲੀ ਤੋ ਬਖਾਨੇ ਬਾਲ ਸੁਰਮੀ ਕੋ ਸੁ ਚੇਲਾ ਹੈ ॥
ਝੰਡੀ ਔ ਸਵਾਰੀ ਆਗ ਝੰਡਾ ਜੂ ਸਵਾਰਾ ਨਾਥ
ਝੋਲੀ ਤੇ ਤਮਾਰਾ ਕੀ ਸੁ ਖਾਲਸਾ ਕਾ ਝੋਲਾ ਹੈ ॥
ਦੇਵੀ ਦੇਵ ਸਿਧਨ ਕੀ ਲੋਕ ਮੈਂ ਪ੍ਰਸਿਧ ਹੋਲੀ
ਸ੍ਰੀ ਗੁਰੂ ਗੋਬਿੰਦ ਸਿੰਘ ਜੂ ਕੋ ਆਜ ਸੋ ਹੋਲਾ ਹੈ ॥[23]

ਨਿਹੰਗ ਸਿੰਘ ਹਮੇਸ਼ਾਂ ਚੜ੍ਹਦੀਕਲਾ ਵਿਚ ਰਹਿੰਦੇ ਹਨ। ਜਿੰਨਾ ਕਸ਼ਟ ਆਵੇ, ਹਾਲਾਤ ਖਰਾਬ ਹੋਣ, ਨੁਕਸਾਨ ਹੋ ਜਾਵੇ, ਇਹ ਹਮੇਸ਼ਾਂ ਚੜ੍ਹਦੀਕਲਾ ਹੀ ਆਖਣਗੇ। ਅਹਿਮਦਸ਼ਾਹ ਅਬਦਾਲੀ ਨੇ ਘਲੂਘਾਰੇ ਵਿਚ ਤਕਰੀਬਨ 30,000 ਸਿੱਖਾਂ ਨੂੰ ਸ਼ਹੀਦ ਕਰ

ਦਿੱਤਾ। ਇੱਕ ਸਿੰਘ ਨੇ ਨਿਹੰਗ ਸਿੰਘ ਪਾਸ ਜਦੋਂ ਇਸ ਬਾਰੇ ਅਫਸੋਸ ਕਰਨਾ ਚਾਹਿਆ ਤਾਂ ਉਹ ਕੜਕ ਕੇ ਬੋਲਿਆ, ''ਕੱਚੇ ਪੀਲੇ ਝੜੇ ਨੇ ਤੱਤ ਖਾਲਸਾ ਚੜ੍ਹਦੀਕਲਾ ਵਿੱਚ ਹੈ।''[24] ਅਜਿਹੀਆਂ ਹੋਰ ਉਦਾਹਰਣਾਂ ਮਿਲ ਜਾਂਦੀਆਂ ਹਨ।

ਨਿਹੰਗ ਸਿੰਘ ਸਿਰਫ਼ ਯੋਧੇ ਹੀ ਨਹੀਂ ਸਨ, ਉਹ ਸਿੱਖ ਧਰਮ ਦੇ ਪ੍ਰਚਾਰਕ ਵੀ ਸਨ। ਆਪਣੇ ਬੁੰਗਿਆਂ ਵਿੱਚ ਗੁਰਮੁਖੀ ਪੜ੍ਹਾਉਂਦੇ ਸਨ, ਬੱਚਿਆਂ ਨੂੰ ਬਾਣੀ ਕੰਠ ਕਰਵਾਉਂਦੇ ਸਨ ਤੇ ਅਰਥ ਬੋਧ ਵੀ ਕਰਵਾਉਂਦੇ ਸਨ। ਇਹਨਾਂ ਦੇ ਡੇਰਿਆਂ ਵਿੱਚ ਰੋਜ਼ਾਨਾ ਕਥਾ ਕੀਰਤਨ ਹੁੰਦਾ ਹੈ। ਹੁਣ ਇਹਨਾਂ ਨੇ ਕਾਨਵੈਂਟ ਸਕੂਲਾਂ ਵਰਗੇ ਆਧੁਨਿਕ ਸਕੂਲ ਵੀ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ।

ਨਿਹੰਗ ਸਿੰਘ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਸਮੇਂ ਪੰਜਾਂ ਬਾਣੀਆਂ ਦੇ ਨਾਲ-ਨਾਲ ਚੰਡੀ ਦੀ ਵਾਰ ਦਾ ਪਾਠ ਵੀ ਕਰਦੇ ਹਨ। ਅੰਮ੍ਰਿਤਪਾਨ ਕਰਨ ਵਾਲੇ ਲਈ ਲਾਜ਼ਮੀ ਹੈ ਕਿ ਉਹ ਜਥੇਦਾਰ ਸਾਹਿਬ ਵੱਲੋਂ ਦੱਸੀ ਰਹਿਤ ਬਹਿਤ ਨੂੰ ਦ੍ਰਿੜ੍ਹਤਾ ਨਾਲ ਪੁਗਾਵੇ। ਇਹਨਾਂ ਦੇ ਨਿਤਨੇਮ ਵਿਚ ਪੰਜ ਬਾਣੀਆਂ ਤੋਂ ਇਲਾਵਾ ਚੰਡੀ ਦੀ ਵਾਰ ਅਤੇ ਅਕਾਲ ਉਸਤਤਿ ਵੀ ਸ਼ਾਮਿਲ ਹੈ।

ਨਿਹੰਗ ਸਿੰਘ ਹਮੇਸ਼ਾਂ ਸ਼ਸਤਰ ਬੱਧ ਰਹਿੰਦੇ ਹਨ ਤੇ ਇਹਨਾਂ ਦਾ ਬਹੁਤ ਸਨਮਾਨ ਕਰਦੇ ਹਨ ਕਿਉਂਕਿ ਇਹ ਇਹਨਾਂ ਸ਼ਸਤਰਾਂ-ਅਸਤਰਾਂ ਨੂੰ ਪ੍ਰਭੂ ਦੇ ਪ੍ਰਤੀਕ ਮੰਨਦੇ ਹਨ। ਦੁਸ਼ਟ ਦਾ ਨਾਸ਼ ਕਰਦੇ ਹਨ, ਗਊ ਗਰੀਬ ਦੀ ਰੱਖਿਆ ਕਰਦੇ ਹਨ।

ਨਿਹੰਗ ਸਿੰਘ ਦਾ ਵਿਸ਼ਵਾਸ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗੂ ਸ੍ਰੀ ਦਸਮ ਗ੍ਰੰਥ ਵੀ ਸ੍ਰੀ ਮੁਖ ਬਾਣੀ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗੂ ਸ੍ਰੀ ਦਸਮ ਗ੍ਰੰਥ ਦੀ ਪਾਠ ਪੂਜਾ ਤੇ ਅਖੰਡ ਪਾਠ ਵੀ ਕਰਦੇ ਹਨ। ਦੀਵਾਨ ਵਿੱਚ ਭੋਗ ਸਮੇਂ ਦੋਨਾਂ ਗ੍ਰੰਥਾਂ ਵਿਚੋਂ ਵਾਕ ਲੈਂਦੇ ਹਨ। ਇਹ ਸੰਪੂਰਨ ਦਸਮ ਲੋਕ ਨਹੀਂ ਸਨ ਸਮਝ ਸਕਦੇ। ਇਸ ਨੂੰ (Code Language) ਆਖਿਆ ਜਾ ਸਕਦਾ ਹੈ। ਅਠਾਰਵੀਂ ਸਦੀ ਵਿਚ ਸਿੱਖਾਂ ਤੇ ਅਕਹਿ ਤੇ ਅਸਹਿ ਜ਼ੁਲਮ ਕੀਤੇ ਗਏ। ਖ਼ਾਲਸੇ ਆਮ ਤੌਰ ਤੇ ਗੁਪਤ ਵਾਰ ਕਰਦੇ ਸਨ ਜਾਂ ਜੰਗਾਂ ਯੁੱਧਾਂ ਵਿੱਚ ਰੁੱਝੇ ਰਹਿੰਦੇ ਸਨ। ਇਹਨਾਂ ਨੇ ਅਜਿਹੀ ਸੰਕੇਤਕ ਭਾਸ਼ਾ ਦੀ ਸਿਰਜਣਾ ਕੀਤੀ, ਜਿਸ ਵਿੱਚ ਹਰ ਗੱਲ ਨੂੰ ਗੁਹਜ ਢੰਗ ਨਾਲ ਜਾਣਕਾਰ ਤੱਕ ਪਹੁੰਚਾਇਆ ਜਾ ਸਕਦਾ ਸੀ। ਭਾਈ ਕਾਨ੍ਹ ਸਿੰਘ ਅਨੁਸਾਰ, ''ਪ੍ਰਾਚੀਨ ਸਿੰਘਾਂ ਦੇ ਸੰਕੇਤ ਕੀਤੇ ਵਾਕ, ਜਿਨ੍ਹਾਂ ਨੂੰ ਗੜਗੱਜ ਬੋਲੇ ਭੀ ਆਖਦੇ ਹਨ।''[26] ਪ੍ਰੋ. ਪਿਆਰਾ ਸਿੰਘ ਪਦਮ[27] ਇਹਨਾਂ ਬੋਲਿਆਂ ਵਿਚੋਂ ਚੜ੍ਹਦੀਕਲਾ, ਬੌਧਿਕਤਾ, ਸੁਹਜਾਤਮਿਕਤਾ ਤੇ ਨਿਰਭੈਤਾ ਦੇ ਦਰਸ਼ਨ ਕਰਦੇ ਹਨ। ਕੁਝ ਉਦਾਹਰਣਾਂ ਦੇਖੋ : ਉਗਰਾਹੀ = ਭਿਖਿਆ, ਉਜਾਗਰ = ਦੀਵਾ, ਉਜਾਗਰੀ = ਲਾਲਟੈਨ, ਅਕਲਦਾਨ = ਸੋਟਾ, ਅਕਾਸਪਰੀ = ਬੱਕਰੀ, ਅਥੱਕ ਸਵਾਰੀ = ਜੁੱਤੀ, ਅਨਹਦ ਸ਼ਬਦ = ਘੁਰਾੜੇ ਮਾਰਨੇ, ਅਫਲਾਤੂਨ = ਰਜਾਈ, ਅੜੰਗ ਬੜੰਗ ਹੋਣਾ = ਸੌਣਾ, ਆਕੜਭੰਨ = ਬੁਖਾਰ, ਐਰਾਪਤ = ਝੋਟਾ, ਇੱਕ ਟੰਗੀ ਬਟੇਰਾ = ਬਤਾਊਂ, ਸਦਾ ਗੁਲਾਬ = ਨਿਦਰ, ਮੁਖ ਮਾਜਣਾ = ਦਾਤਨ, ਸਬਜ਼ ਪਲਾਓ = ਸਾਗ, ਸਮੁੰਦਰ = ਦੁਧ, ਸਵਾ ਲੱਖ = ਇਕ, ਸਊਗੀ = ਹਰਾ ਛੋਲੀਆ, ਸ਼ਾਹਜਹਾਂ = ਪੋਸਤ ਦਾ ਬੂਟਾ, ਸਿਰਖੰਡ = ਸ਼ਕਰ, ਸਿਰ ਜੋੜ = ਗੁੜ, ਸ਼ੀਸ਼ ਮਹਿਲ = ਟੁੱਟੀ ਹੋਈ ਝੌਂਪੜੀ ਜਿਸ ਵਿਚੋਂ ਆਕਾਸ਼ ਨਜ਼ਰ ਆਵੇ, ਸੁਖਦੇਈ = ਤੁਲਾਈ, ਸੁਚਾਲਾ = ਲੰਗੜਾ, ਸੁੰਦਰੀ = ਬਹੁਕਰ, ਸੂਬੇਦਾਰ = ਝਾੜੂ ਦੇਣ ਵਾਲਾ, ਸੂਰਮਾ = ਅੰਨ੍ਹਾ, ਸ਼ੇਰ ਦਾ ਕੰਨ = ਭੰਗ ਛਾਨਣ ਵਾਲੇ ਰੁਮਾਲ ਦਾ ਲੜ, ਹਰਨੀ = ਜੂੰ, ਕਸਤੂਰਾ = ਸੂਰ, ਕੱਟਾ = ਹਾਥੀ,

ਕਰਾੜੀ = ਮੂਲੀ, ਕਲਗਾ = ਗੰਜਾ, ਕਾਜੀ = ਮੁਰਗਾ, ਕਾਨੂੰਗੋ = ਖੁੰਡਾ, ਕੁਤਬਦੀਨ = ਕੁੱਤਾ, ਕੋਤਵਾਲ = ਚਾਕੂ, ਖੁਰਮਾ = ਬੇਰ, ਧੋਤੀ = ਚਿਲਮ, ਗਧੀ ਚੁੰਘਣੀ = ਹੁੱਕਾ ਪੀਣਾ, ਗੁਪਤਾ = ਗੂੰਗਾ, ਗੁਬਿੰਦੀਆ = ਰਾਜਮਾਂ, ਗੰਗਾਜਲ = ਸ਼ਰਾਬ, ਚਟਣ ਪਲਾਓ = ਚਟਣੀ, ਚਿਮਨੀ ਬੇਗਮ = ਅਫੀਮ, ਚੀਤਾ = ਪੇਸ਼ਾਬ, ਚੁਬਾਰੇ ਚੜ੍ਹਿਆ = ਬੋਲਾ, ਛਤ੍ਰਧਰ = ਅਫੀਮ, ਜਹਾਜ = ਗੱਡਾ, ਜਗਤਜੂਠ = ਹੁੱਕਾ, ਤਮਾਕੂ, ਜਲਤੋਰੀ = ਮੱਛੀ, ਜਰਪੁੱਟ = ਮੋਚਣਾ, ਜੂਆਂ ਦੀ ਪੀਂਘ = ਜਨੇਊ, ਤਿਮਰਲੰਗੀਆ = ਲੰਗੜਾ, ਡੁੱਡਾ, ਥਾਣੇਦਾਰ = ਗਧਾ, ਦੁਸਾਹਾਂ = ਪਜਾਮਾ, ਧਨੰਤਰ = ਨਿੰਮ, ਧਰਮਰਾਜ ਦੀ ਧੀ = ਨੀਂਦ, ਧਰਮ ਰਾਜ ਦਾ ਪੁੱਤਰ = ਬੁਖਾਰ, ਧੂੜ ਕੋਟ = ਲਹਿੰਗਾ, ਨੀਲਵਰਣੀ = ਗਧੀ, ਪਰਸਰਾਮ = ਕੁਹਾੜਾ, ਪਰੀ = ਭੇਡਾਂ, ਪੰਮਾ = ਬ੍ਰਾਹਮਣ, ਫਿਰਨੀ = ਚੱਕੀ, ਬਸੰਤ ਕੌਰ = ਮੱਕੀ, ਬਦਾਮ = ਛੋਲੇ, ਬ੍ਰਹਮਰਸ = ਗੰਨਾ, ਕਮਾਦ, ਭੂਤਨੀ = ਰੇਲ ਗੱਡੀ, ਮਲਿਕਾ = ਬਿੱਲੀ, ਰੱਜੀ = ਕੜਛੀ, ਰਣਸਿੰਘਾ = ਪੱਦ, ਰੂਪ ਕੌਰ = ਕਾੜ੍ਹਨੀ, ਲੱਖ ਨੇਤ੍ਰ = ਕਾਣਾ, ਲੜਾਕੀ = ਮਿਰਚ, ਲਾਚੀਦਾਣਾ = ਬਾਜਰਾ, ਵਰਤਾਣਾ = ਵੱਛਾ ਕੜਛਾ, ਵੇਹਲੇ ਸਿਰ ਵਾਲਾ = ਗੰਜਾ[11] ਆਦਿ, ਅਜਿਹੇ ਤਕਰੀਬਨ ਹਜ਼ਾਰ ਕੁ ਸ਼ਬਦ ਮਿਲਦੇ ਹਨ।

ਨਿਹੰਗ ਸਿੰਘ ਸੰਪ੍ਰਦਾਇ ਦਾ ਅਤੀਤ ਸੁਨਹਿਰੀ ਸੀ, ਵਰਤਮਾਨ ਤੇ ਭਵਿੱਖ ਚੰਗਾ ਨਹੀਂ ਹੈ। ਹੁਣ ਇੱਕ ਦਿਖ ਪੱਖੋਂ ਪੁਰਾਤਨ ਸਿੰਘਾਂ ਦਾ ਨਮੂਨਾ ਹਨ, ਪਰ ਇਹਨਾਂ ਦੇ ਕਰਮ ਉਹਨਾਂ ਵਰਗੇ ਨਹੀਂ ਹਨ। ਹੁਣ ਇਹਨਾਂ ਵਿਚੋਂ ਬਹੁਤੇ ਨਸ਼ਈ ਹਨ। ਕੌਮ ਦੇ ਕਿਰਦਾਰ ਨੂੰ ਨੀਵੇਂ ਕਰਨ ਵਾਲੇ ਕਰਮ ਕਰਦੇ ਹਨ। ਮੌਕਾ ਪ੍ਰਸਤ ਹਨ ਜੋ ਸਵੈਹਿਤ ਲਈ ਸਿੱਖ ਵਿਰੋਧੀ ਸ਼ਕਤੀਆਂ ਦਾ ਸਾਥ ਦੇਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਹਨਾਂ ਵਿੱਚ ਸੁਧਾਰ ਹੋਣ ਦੀ ਕੋਈ ਬਹੁਤੀ ਗੁੰਜਾਇਸ਼ ਨਹੀਂ ਹੈ।

## ਫੁੱਟ ਨੋਟ ਤੇ ਹਵਾਲੇ

1. ਦੇਖੋ : *ਫ਼ਾਰਸੀ-ਪੰਜਾਬੀ ਕੋਸ਼* - ਡਾ. ਜੀਤ ਸਿੰਘ ਸੀਤਲ, ਸ੍ਰੀ ਗੁਰੂ ਗ੍ਰੰਥ ਕੋਸ਼ : ਭਾਈ ਵੀਰ ਸਿੰਘ, ਮਹਾਨ ਕੋਸ਼ : ਭਾਈ ਕਾਨ੍ਹ ਸਿੰਘ ਨਾਭਾ, ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ-ਮੋਨੀਅਰ ਵਿਲੀਅਮਜ਼, ਪੰਜਾਬੀ ਕੋਸ਼, ਭਾਸ਼ਾ ਵਿਭਾਗ, ਪੰਜਾਬ
2. *ਸ੍ਰੀ ਗੁਰੂ ਗ੍ਰੰਥ ਸਾਹਿਬ* ਪੰਨਾ 392
3. *ਪ੍ਰਾਚੀਨ ਸ੍ਰੀ ਗੁਰੂ ਪੰਥ ਪ੍ਰਕਾਸ਼*, ਪੰਨਾ 512
4. ਮਹਾਨ ਕੋਸ਼, ਪੰਨਾ 704
5. *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਪੰਨਾ 1070
6. ਵਿਸਥਾਰ ਲਈ ਦੇਖੋ : *ਗੁਰਪ੍ਰਤਾਪ ਸੂਰਜ ਗ੍ਰੰਥ* - ਭਾਈ ਸੰਤੋਖ ਸਿੰਘ, ਤਵਾਰੀਖ ਗੁਰੂ ਖਾਲਸਾ - ਗਿਆਨੀ ਗਿਆਨ ਸਿੰਘ, ਭਾਰਤ ਮਤ ਦਰਪਨ - ਮਹੰਤ ਗਣੇਸ਼ਾ ਸਿੰਘ, "A Glossary of the Castes and Tribes of Punjab and N.W.F., Vol., A History of the Sikhs by S. Khushwant Singh, Vol.I, P. 215.
7. *ਵਾਰਾਂ ਭਾਈ ਗੁਰਦਾਸ ਜੀ*, ਸ੍ਰ.ਗੁ.ਪ੍ਰ.ਕ. ਪੰਨਾ 440
8. "Nihangs were suicide squad of the Mughal army and wore blue uniforms. The Sikhs took the name and uniform from the Mughals." Khushwant Singh, A History of the Sikhs, P. 215.

9. ਵਿਸਥਾਰ ਲਈ ਦੇਖੋ - *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ* - ਗਿਆਨੀ ਸੋਹਨ ਸਿੰਘ ਸੀਤਲ
10. ਵਿਸਥਾਰ ਲਈ ਦੇਖੋ : *ਤਵਾਰੀਖ ਗੁਰੂ ਖਾਲਸਾ* - ਗਿਆਨੀ ਗਿਆਨ ਸਿੰਘ The Advanced History of the Sikhs - G.S. Chhabra. A History of Sikh Misls - Dr.Bhagat Singh etc.
11. ਗੰਡਾ ਸਿੰਘ, *ਸਰਦਾਰ ਜੱਸਾ ਸਿੰਘ ਆਹਲੂਵਾਲੀਆ* ਪੰਨੇ 154-55
12. ਵਿਸਥਾਰ ਲਈ ਦੇਖੋ : *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ*।
13. ਨਿਹੰਗਾਂ ਦੀ ਦਲੇਰੀ ਤੇ ਯੁੱਧ ਕਲਾ ਬਾਰੇ ਵਿਸਤਾਰ ਲਈ ਦੇਖੋ : *ਮਜ਼ਬੀ ਸਿੱਖਾਂ ਦਾ ਇਤਿਹਾਸ* - ਸ਼ਮਸ਼ੇਰ ਸਿੰਘ ਅਸ਼ੋਕ, ਅਕਾਲੀ ਫੂਲਾ ਸਿੰਘ - ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ, ਮਹਾਰਾਜਾ ਰਣਜੀਤ ਸਿੰਘ - ਡਾ. ਭਗਤ ਸਿੰਘ, ਮਹਾਰਾਜਾ ਰਣਜੀਤ ਸਿੰਘ - ਸੀਤਾ ਰਾਮ ਕੋਹਲੀ, ਰੰਘਰੇਟਿਆਂ ਦਾ ਇਤਿਹਾਸ - ਨਿਰੰਜਨ ਆਰਫੀ ਆਦਿ।
14. ਹਵਾਲਾ Dr. Madanjit Kaur, The Golden Temple Past & Present, Page 56.
15. *History of the Sikhs* (Vol.I) P. 229
16. ਹਵਾਲਾ ਉਕਤ - ਪੰਨਾ 276
17. ਵਿਸਤਾਰ ਲਈ ਦੇਖੋ : *Maharaja Ranjit Singh* - Griffins History of Punjab-Muhammad Latif, The Punjab Steinback etc.
18. *An Advanced History of Punjab* (Vol.I) PP. 496-497.
19. *ਪ੍ਰੇਮ ਸਿੰਘ ਹੋਤੀ ਮਰਦਾਨ*, ਅਕਾਲੀ ਫੂਲਾ ਸਿੰਘ ਨਿਹੰਗ
20. *ਸਿੱਖੀ ਪ੍ਰਭਾਕਰ* ਪੰਨਾ 326
21. *ਸ੍ਰੀ ਗੁਰੂ ਪੰਥ ਪ੍ਰਕਾਸ਼*
22. ਸਿੱਖੀ ਪ੍ਰਭਾਕਰ
23. ਵਿਸਤਾਰ ਲਈ ਦੇਖੋ *ਅਮਰ ਖਾਲਸਾ* - ਸ. ਕਰਮ ਸਿੰਘ ਹਿਸਟੋਰੀਅਨ, ਸਿੱਖ ਇਤਿਹਾਸ ਦੇ ਕੁਝ ਵਿਸ਼ੇਸ਼ ਪੱਖ - ਡਾ. ਕਿਰਪਾਲ ਸਿੰਘ, ਤਵਾਰੀਖ
24. ਗੁਰੂ ਖਾਲਸਾ - ਗਿ. ਗਿਆਨ ਸਿੰਘ ਆਦਿ
25. ਸ਼ਮਸ਼ੇਰ ਸਿੰਘ ਅਸ਼ੋਕ ਤੋਂ ਉਧਰਿਤ ਪ੍ਰਾਚੀਨ ਵਾਰਾਂ ਤੇ ਜੰਗਨਾਮੇ, ਪੰਨੇ 263-64
26. ਗੁਰਮਤ ਮਾਰਤੰਡ, ਪੰਨਾ 346
27. ਹੋਰ ਉਦਾਹਰਣਾਂ ਲਈ ਦੇਖੋ : *ਮਹਾਨ ਕੋਸ਼ ਤੇ ਗੁਰਮਤ ਮਾਰਤੰਡ* - ਕਾਨ੍ਹ ਸਿੰਘ ਨਾਭਾ, ਗੁਰੂ ਘਰ - ਪਿਆਰਾ ਸਿੰਘ, ਸਿੰਘਾਂ ਦੇ ਬੋਲੇ ਆਦਿ।

# ਗੁਲਾਬ ਦਾਸੀ ਸੰਪ੍ਰਦਾਇ

ਡਾ. ਬਲਜੀਤ ਰੰਧਾਵਾ*

ਗੁਲਾਬ ਦਾਸ (1809-1874 ਈਸਵੀ) ਉਨ੍ਹੀਵੀਂ ਸਦੀ ਦਾ ਇਕ ਮਲੰਗ ਤੇ ਦਵੰਗ ਸਾਧੂ ਹੋਇਆ ਹੈ। ਇਸ ਦਾ ਜਨਮ ਭਾਈ ਹਮੀਰ ਸਿੰਘ ਦੇ ਘਰ ਮਾਤਾ ਕੇਸੋ ਦੀ ਕੁੱਖੋਂ ਪਿੰਡ ਰਟੌਲ, ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਇਹ ਤਕੜਾ ਜਵਾਨ ਨਿਕਲਿਆ ਜਿਸ ਕਰਕੇ ਪੋਹੂ ਵਿੰਡੀਏ ਸਰਕਾਰਾਂ ਦੀ ਫੌਜ ਵਿਚ ਭਰਤੀ ਹੋ ਗਿਆ। ਇਸ ਬਾਰੇ ਉਸ ਦੀ ਰਚਨਾ ਵਿਚ ਗਵਾਹੀ ਮਿਲਦੀ ਹੈ :

*ਪੇਟ ਹੂੰ ਕੇ ਲੀਏ ਨਰ ਤੁਪਕ ਕੋ ਕਾਂਸੇ ਧਰ*
*ਔਹ ਕੇ ਅਧੀਕ ਸਦ ਨਾਚਤ ਰਹਿਤਿ ਹੈ।*
*ਬਾਂਦਰ ਕੀ ਨਿਆਈਂ ਨਰ ਕਮਰੀ ਲਗਾਇ ਕਰ*
*ਆਕੜ ਕੇ ਪੈਰ ਧਰਨਾਕਲ ਕਰਤਿ ਹੈ।*
*ਪੇਟ ਹੂੰ ਕੇ ਕਾਜ ਨਰ ਔਰ ਕੋ ਕਲਾਮ ਕਰ*
*ਸੋਦਨਖੀ ਮਾਰ ਤਟਹਿ ਸੀਸ ਪਰ ਝਲਤਿ ਹੈ।*
*ਕਹੇ ਹੇ ਗੁਲਾਬ ਦਾਸ ਪੇਟ ਵਸ ਭਏ ਜਾਸ*
*ਪੇਟ ਕੇ ਅਧੀਨ ਜਾਇ ਜੁਧਿ ਮੈਂ ਮਰਤਿ ਹੈ।*[1]

ਗੁਲਾਬ ਦਾਸ ਦਾ ਮਿਲਾਪ ਕਿਸੇ ਉਦਾਸੀ ਸਾਧੂ ਨਾਲ ਹੋਇਆ ਤਾਂ ਉਸ ਨੇ ਦੁਨਿਆਵੀ ਕਾਰ ਵਿਹਾਰ ਤਿਆਗ ਕੇ ਪਿੰਡੇ ਦੇ ਵਿਭੂਤ ਰਮਾ ਲਈ ਤੇ ਉਦਾਸੀ ਭੇਖ ਵਿਚ ਦਾਖਲ ਹੋ ਕੇ ਸੋਹੰ ਦਾ ਜਾਪ ਕਰਨ ਲੱਗਾ। ਮਾਲਵੇ ਦੇ ਨਗਰ ਧਨੌਲਾ ਵਿਖੇ ਆ ਕੇ ਇਕ ਨੇ ਸਾਧੂ ਧਿਆਨ ਦਾਸ ਪਾਸੋਂ ਕਾਵਿ ਸ਼ਾਸਤਰ ਪੜ੍ਹਿਆ। ਮਹੰਤ ਗਣੇਸ਼ਾ ਸਿੰਘ ਲਿਖਦੇ ਹਨ "ਮਨ ਦਾ ਮੁੱਢੋਂ ਹੀ ਚੰਚਲ ਸੀ ਸੋ ਵਿਭੂਤ ਉਤਾਰ ਕੇ ਚੰਗੀ ਪੋਸ਼ਾਕ ਓਢਣੀ ਪਸੰਦ ਕਰ ਲਈ ਅਰ ਬੁੱਲ੍ਹੇ ਸ਼ਾਹ ਦੇ ਸੰਗਤੀ ਹਿੰਦ ਫਕੀਰ ਹੈਸਨ, ਉਹ ਹਮੇਸ਼ਾ ਖੁਲਾਸੀ ਚਰਚਾ ਕਰਿਆ ਕਰਨ, ਓਨਾ ਵਲ ਵੇਖ ਚਾਖ ਗੁਲਾਬ ਦਾਸ ਭੀ ਹਿੰਦੂ, ਮੁਸਲਮਾਨਾਂ ਦੀਆਂ ਸ਼ਰਾ ਨਿੰਦਿਆਂ ਕਰੇ। ਇਹ ਡੀਲ ਡੌਲ ਦਾ ਸੋਹਣਾ ਸੀ, ਇਸ ਤੇ ਬਚਨ ਵਿਲਾਸ ਵਿਚ ਸਭ ਨੂੰ ਮੋਹ ਲਵੇ।"[2] ਇਸ ਦੇ ਵੱਡੇ ਗੁਰੂ ਨਿਰਮਲ ਦਾਸ ਉਦਾਸੀ ਸੀ ਜਿਹਨਾਂ ਦਾ ਗੁਰੂ ਆਪਣੇ ਆਪ ਨੂੰ ਰੋਲ ਸਮਝਦਾ ਸੀ ਇਕ ਦਿਨ ਉਸ ਦਾ ਚੇਲਾ ਆ ਕੇ ਨਿਰਮਲ ਦਾਸ ਨੂੰ ਕਹਿਣ ਲਗਾ ਕਿ ਕੋਈ ਸਾਧੂ ਬਹਿਸ ਕਰਨ ਲਈ ਆਇਆ ਹੈ। ਉਸ ਨਾਲ ਬਹਿਸ ਕਰਨੀ ਹੈ, ਇਸ ਲਈ ਤੁਹਾਨੂੰ ਹੁਣੇ ਹੀ ਗੁਰੂ ਜੀ ਨੇ ਹਾਜ਼ਰ ਹੋਣ ਲਈ ਆਖਿਆ ਹੈ। ਆਪ ਆਪਣੀ ਝੁੱਗੀ ਵਿੱਚ ਆਰਾਮ ਕਰ ਰਹੇ ਸਨ ਤੇ ਆਪ ਪਾਸ ਕੋਈ ਮਿੱਤਰ ਪਿਆਰਾ ਮਿਲਣ

---

* ਗਰੀਨ ਐਵਨਿਊ, ਅੰਮ੍ਰਿਤਸਰ

ਲਈ ਆਇਆ ਹੋਇਆ ਸੀ। ਆਪ ਉਸ ਨਾਲ ਬਚਨ ਬਿਲਾਸ ਕਰ ਰਹੇ ਸਨ। ਆਪ ਨੇ ਆਖਿਆ ਗੁਰੂ ਜੀ ਨੂੰ ਕਹਿਣਾ ਕਿ ਜ਼ਰੂਰੀ ਨਹੀਂ ਬਹਿਸ ਅੱਜ ਹੀ ਕੀਤੀ ਜਾਵੇ। ਫਿਰ ਕਰ ਲਵਾਂਗੇ। ਜਦੋਂ ਚੇਲੇ ਨੇ ਆ ਕੇ ਨਿਰਮਲ ਦਾਸ ਨੂੰ ਇਹ ਸੁਨੇਹਾ ਪਹੁੰਚਾਇਆ ਤਾਂ ਗਰਮ ਹੋ ਗਿਆ ਤੇ ਕਹਿਣ ਲੱਗਾ ਉਸ ਨੂੰ ਆਖ ਹੁਣੇ ਹਾਜ਼ਰ ਹੋਵੇ ਤਾਂ ਚੇਲਾ ਵਿਚਾਰਾ ਫਿਰ ਨਿਰਮਲ ਦਾਸ ਪਾਸ ਆ ਗਿਆ ਗੁਰੂ ਜੀ ਦਾ ਸੁਨੇਹਾ ਦਿੱਤਾ ਤਾਂ ਆਪ ਨੇ ਗੁੱਸੇ ਵਿੱਚ ਆ ਕੇ ਚਾਕੂ ਨਾਲ ਆਪਣੀਆਂ ਜਟਾਂ ਕੱਟ ਕੇ ਉਸ ਚੇਲੇ ਦੇ ਹੱਥ ਦਿੰਦਿਆਂ ਕਿਹਾ ਕਿ ਜਾਓ ਤੇ ਗੁਰੂ ਦੇ ਮੱਥੇ ਮਾਰੋ ਕਿ ਇਹ ਨੇ ਆਪ ਦੀਆਂ ਉਸਤਾਦੀਆਂ। ਫਿਰ ਆਪ ਨੇ ਸਾਫ ਸੁਥਰਾ ਪਹਿਰਾਵਾ ਧਾਰਨ ਕਰਕੇ ਇਹ ਐਲਾਨ ਕਰ ਦਿੱਤਾ ਕਿ ਜਦੋਂ ਤੱਕ ਜੀਓ, ਸੁਖ ਨਾਲ ਜੀਓ, ਸੁੱਖ ਪ੍ਰਾਪਤੀ ਲਈ ਹਰ ਸੰਭਵ ਯਤਨ ਕਰੋ।[3] ਅਜਿਹੇ ਦਵੰਗ ਗੁਰੂ ਦਾ ਚੇਲਾ ਸਾਧੂ ਹਰੀ ਦਾਸ ਸੀ ਜੋ 'ਗਿਰਧਰ' ਕਵੀ ਵਜੋਂ ਪੰਜਾਬ ਵਿੱਚ ਪ੍ਰਸਿੱਧ ਹੈ। ਗੁਲਾਬ ਦਾਸ ਇਸ ਗਿਰਧਰ ਦਾ ਚੇਲਾ ਬਣ ਕੇ ਖੁੱਲ੍ਹਾ ਖੁਲਾਸ ਜੀਵਨ ਬਸਰ ਕਰਨ ਲੱਗਾ। ਇਸ ਨੇ ਵੇਦਾਂਤ ਦਰਸ਼ਨ ਦਾ ਅਧਿਐਨ ਵੀ ਕੀਤਾ। ਸ. ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ "ਖਾਕੀਸ਼ਾਹ ਨਾਮੀ ਇਕ ਸੂਫ਼ੀ ਫ਼ਕੀਰ ਨਾਲ ਮਿਲ ਕੇ ਧਰਮ ਕਰਮ ਦੇ ਬੰਧਨ ਤੋੜ, ਹੋਰ ਵੀ ਖੁਲਾਸਾ ਬਣ ਨਿਕਲਿਆ। ਇਸ ਦੌਰਾਨ ਵਿਚ ਸਾਧੂ ਦੇਵਾ ਸਿੰਘ ਨਿਰਮਲਾ ਕੁਰਖੇਤ੍ਰ ਨਿਵਾਸੀ ਤੋਂ ਉਸ ਨੇ ਕੁਝ ਵੇਦਾਂਤ ਦੇ ਗ੍ਰੰਥ ਪੜ੍ਹੇ ਤੇ ਫੇਰ ਦੇਸ ਵਿਦੇਸ ਦੀ ਸੈਰ ਕਰਦਾ ਹੋਇਆ ਉਹ ਦ੍ਵਾਰਕਾ ਜਾ ਪੁੱਜੇ।"[4] ਜਗਨ ਨਾਥ ਦੀ ਯਾਤਰਾ ਕੀਤੀ ਜਿਸ ਬਾਰੇ ਜਦੋਂ ਕਿਸੇ ਨੇ ਪੁੱਛਿਆ ਤਾਂ ਆਪ ਦਾ ਜੁਆਬ ਸੀ :

*ਜਗਨ ਨਾਥ ਦੀ ਯਾਤ੍ਰਾ ਅਸਾਂ ਕੀਤੀ ਇਸ ਵਾਰ ॥*
*ਜਗਨ ਨਾਥ ਨਾ ਦੇਖਿਆ ਘਰ ਘਰ ਕੰਜਰ ਦਵਾਰ*
*ਘਰ ਘਰ ਕੰਜਰ ਦਵਾਰ ਟਕੇ ਨੂੰ ਪੱਕੇ ਹਾਂਡੀ।*
.........................................................
*ਗੁਲਾਬ ਦਾਸ ਕਵੀ ਕਹੇ ਬਾਮ ਮਾਰਗ ਕੇ ਮੰਦਰ ॥*
*ਰੰਡੀ ਹਾਂਡੀ ਵਿਕੇ ਟਕੇ ਨੂੰ ਘਰ ਘਰ ਕੰਜਰ ॥*[5]

ਅਜਿਹੀਆਂ ਟਿੱਪਣੀਆਂ ਪਾਂਡਿਆਂ ਬਾਰੇ ਹਨ ਜਿਹਨਾਂ ਨੂੰ ਸੁਣ ਕੇ ਲੋਕ ਪ੍ਰਸੰਨ ਹੋ ਕੇ ਇਸਦੇ ਮਗਰ ਲੱਗਣ ਲੱਗੇ।

ਇਕ ਵਾਰੀ ਤੜਕੇ ਸਾਧੂ ਗੁਲਾਬ ਦਾਸ ਗੂੜ੍ਹੀ ਨੀਂਦੇ ਸੁੱਤਾ ਹੋਇਆ ਸੀ ਕਿ ਬਾਹਰ ਕੋਈ ਸਾਧੂ ਉੱਚੀ ਆਵਾਜ਼ ਵਿਚ ਗਾ ਰਿਹਾ ਸੀ :

*ਰਾਮ ਨਾਗਰੀ ਲੂਟ ਹੈ ਲੂਟੀ ਜਾਏ ਤੋ ਲੂਟ।*

ਇਸ ਦੀ ਅੱਖ ਖੁੱਲ੍ਹ ਗਈ। ਇਸ ਨੂੰ ਬੜਾ ਗੁੱਸਾ ਆਇਆ। ਇਸ ਨੇ ਇੱਕ ਕੁੰਡਲੀਆ ਲਿਖਿਆ :

*ਰਾਮ ਨਾਮ ਕੋਈ ਧਨ ਨਹੀ ਜਾਕੀ ਪੜੀ ਹੈ ਲੂਟ।*
*ਯਹੀ ਉੱਚ ਕੇ ਰਾਤ ਦਿਨ ਰਹੇ ਜਗਤ ਕੋ ਲੂਟ।*
*ਰਹੇ ਜਗਤ ਕੋ ਲੂਟ ਇਨ ਕੋ ਕਯਾ ਸਮਝਾਵੇ।*
*ਜਹਾ ਲੂਟ ਵਹਾ ਜਾਉ ਯਾਹਾਂ ............।*

ਗੁਲਾਬ ਦਾਸ ਕਵੀ ਕਹਿਤ ਇਕ ਕੋ ਕਿਆ ਸਮਝਾਵੇ।
ਦੇ ਚੋਰਨ ਕੋ ਦਾਨ ਪ੍ਰੀਤਿ ਦਿਨ ਔਰਾ ਵਸਾਵੇ।[6]

ਗੁਲਾਬ ਦਾਸ ਕੰਜਰੀਆਂ ਦਾ ਬੜਾ ਸ਼ੌਕੀਨ ਸੀ ਤੇ ਕਈ ਕੰਜਰੀਆਂ ਨਾਲ ਉਸਦੇ ਸੰਬੰਧਾਂ ਬਾਰੇ ਪ੍ਰਮਾਣ ਮਿਲਦੇ ਹਨ। ਸ਼ਮਸ਼ੇਰ ਸਿੰਘ ਅਸ਼ੋਕ ਦੱਸਦੇ ਹਨ ਕਿ ਜਦੋਂ ਇਹ ਦੁਆਰਕਾ ਗਿਆ ਤਾਂ "ਇਥੇ ਮਸ਼ਕਾ ਮੰਡੀ ਦੀ ਇਕ ਧਨੀ ਰੰਡੀ ਉਸਦਾ ਰੂਪ ਦੇਖ ਕੇ ਮੋਹਿਤ ਹੋ ਗਈ ਜੋ ਆਪਣਾ ਸਾਰਾ ਮਾਲ ਮਤਾ ਲੈ ਕ ਉਸਦੇ ਨਾਲ ਹੀ ਉਠ ਤੁਰੀ। ਪਰ ਉਹ ਰੰਡੀ ਰਸਤੇ ਵਿਚ ਹੀ ਇਕ ਥਾਵੇਂ ਬੀਮਾਰ ਹੋ ਕੇ ਮਰ ਗਈ ਤੇ ਉਸਦਾ ਸਾਰਾ ਧਨ-ਮਾਲ ਗੁਲਾਬ ਦਾਸ ਕੋਲ ਹੀ ਰਹਿ ਗਿਆ।[7] ਇਸ ਨੇ ਫਿਰ ਲਾਹੌਰ ਨੇੜੇ ਪਿੰਡ ਚੱਠਿਆਂ ਵਿਚ ਆਪਣਾ ਡੇਰਾ ਬਣਾਇਆ ਤੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਲੱਗਾ। ਇਕ ਕਨਿਕ-ਕਾਮਨੀ-ਮਧਰਾ ਦੇ ਭੋਗ ਨੂੰ ਜਾਇਜ਼ ਮੰਨਦਾ ਸੀ। ਅਜਿਹੇ ਗੁਰੂ ਦੇ ਚੇਲੇ ਤਾਂ ਧੜਾ ਧੜ ਵਸ ਜਾਂਦੇ ਹਨ ਜੋ ਉਹਨਾਂ ਨੂੰ ਅਜਿਹੇ ਭੋਗਾਂ ਨੂੰ ਭੋਗਣ ਲਈ ਪਰਵਾਨਗੀ ਦੇਵੇ। ਇਸਦੇ ਡੇਰੇ ਵਿਚ ਬੇਅੰਤ ਮਜ਼ੈਲ ਸ਼ਰਧਾਲੂ ਆਉਣ ਲਗੇ। ਪਹਿਲਾਂ ਤਾਂ ਦਾਰੂ ਦਾ ਦੌਰ ਹੀ ਚਲਦਾ ਸੀ ਫਿਰ ਮੁਜਰੇ ਵੀ ਹੋਣ ਲੱਗੇ। ਇਸਦੇ ਦਰਬਾਰ ਵਿਚ ਕੰਜਰੀਆਂ ਆਉਣ ਲੱਗੀਆਂ। ਪੀਰੋ ਆਪਣੇ ਜ਼ਮਾਨੇ ਦੀ ਹੁਸੀਨ ਕੰਜਰੀ ਸੀ। ਉਸ ਬਾਰੇ ਸ਼ਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ "ਲਾਹੌਰ, ਇਨ੍ਹਾਂ ਦਿਨਾਂ ਵਿਚ ਪੀਰੋ ਨਾਮੀ ਇਕ ਰੰਡੀ, ਜੋ ਗੁਜਰਾਂਵਾਲੇ ਦੀ ਵਸਨੀਕ ਸੀ, ਮਹਿਫਲਾਂ ਲਾ ਕੇ ਗਾਇਆ ਕਰਦੀ ਸੀ। ਉਹ ਅਚਾਨਕ ਗੁਲਾਬ ਦਾਸ ਪਰ ਆਸ਼ਕ ਹੋ ਗਈ। ਮਹਾਰਾਜੇ ਦਾ ਜਰਨੈਲ ਇਲਾਹੀ ਬਖਸ਼, ਜੋ ਪਹਿਲੋਂ ਹੀ ਉਸ ਰੰਡੀ ਦਾ ਦੋਸਤ ਸੀ, ਇਹ ਦੇਖਕੇ ਜਲਿਆ ਤੇ ਉਸ ਨੇ ਉਹ ਰੰਡੀ ਕਿਸੇ ਤਰ੍ਹਾਂ ਗੁਜਰਾਂਵਾਲੇ ਨਠਾ ਦਿੱਤੀ। ਜਦੋਂ ਗੁਲਾਬ ਦਾਸ ਨੂੰ ਇਸ ਚਲਾਕੀ ਦਾ ਪਤਾ ਲਗਾ ਤਾਂ ਉਸ ਨੇ ਆਪਣੇ ਆਦਮੀ ਭੇਜ ਕੇ ਪੀਰੋ ਗੁਜਰਾਂਵਾਲਿਓਂ ਕਢਵਾ ਲਿਆਂਦੀ। ਇੱਧਰ ਪਤਾ ਲੱਗਣ ਤੇ ਜਰਨੈਲ ਇਲਾਹੀ ਬਖਸ਼ ਨੇ ਮੀਆਂ ਮੀਰ ਦੇ ਮਕਬਰੇ ਪਾਸ ਉਸ ਨੂੰ ਜਾ ਰੋਕਿਆ ਜਿਸ ਕਰਕੇ ਲੜਾਈ ਹੋ ਪਈ। ਜੇਕਰ ਮਹਾਰਾਜਾ ਰਣਜੀਤ ਸਿੰਘ ਦੇ ਹੁਕਮ ਨਾਲ ਲੜਾਈ ਬੰਦ ਹੋਣ ਤੇ ਗੁਲਾਬ ਦਾਸ ਆਪਣੀ ਪ੍ਰੇਮਿਕਾ ਪੀਰੋ ਸਮੇਤ ਲਾਹੌਰ ਤੋਂ ਥੋੜ੍ਹੀ ਵਿੱਥ ਤੇ ਪਿੰਡ ਚਠਿਆਂ ਵਾਲੇ ਚਲਾ ਗਿਆ ਜਿਥੇ ਉਸ ਨੇ ਪੱਕੀ ਰਿਹਾਇਸ਼ ਕਰਕੇ ਡੇਰਾ ਪਾ ਲਿਆ ਤੇ ਆਪਣੇ ਨਾਂ ਤੇ ਗੁਲਾਬ ਦਾਸੀ ਮੱਤ ਦੀ ਨੀਂਹ ਰੱਖ ਦਿੱਤੀ।"[8] ਇਹ ਪੀਰੋ ਗੁਲਾਬ ਦਾਸ ਨਾਲ ਆਪਣੇ ਅੰਤ ਸਮੇਂ ਤਕ ਰਹੀ ਤੇ ਉਹ ਜਿਥੇ ਵਧੀਆ ਗਾਇਕਾ ਸੀ ਉਥੇ ਉਹ ਪੰਜਾਬੀ ਦੀ ਪਹਿਲੀ ਕਵਿਤਰੀ ਵੀ ਸੀ।

ਅੰਤ ਗਣੇਸ਼ਾ ਸਿੰਘ[9] ਨੇ ਇਸ ਦੇ ਦਰਬਾਰ ਤੇ ਉਸ ਵਿਚ ਹੁੰਦੇ ਆਚਾਰ ਵਿਹਾਰ ਬਾਰੇ ਲਿਖਿਆ ਹੈ ਕਿ ਇਹ ਰੋਜ਼ ਸਭਾ ਲਗਾਉਂਦਾ। ਚੋਬਦਾਰ ਦਰਵਾਜ਼ੇ ਤੇ ਪਹਿਰਾ ਦਿੰਦੇ। ਭੱਟ ਬਹੁਤ ਉਪਮਾਂ ਕਰਦੇ। ਚੇਲੇ ਝੁਕ-ਝੁਕ ਕੇ ਮੱਥੇ ਟੇਕਦੇ। ਗੁਰੂ ਸਾਹਿਬ ਆਖਦੇ! ਪੀਰੋ ਤੇ ਹੋਰ ਕੰਜਰੀਆਂ ਦਰਬਾਰ ਵਿਚ ਨੱਚ ਗਾ ਕੇ ਹਾਜ਼ਰੀ ਲਗਵਾਉਂਦੀਆਂ। ਕਥਾ ਕੀਰਤਨ ਦਾ ਨਾ ਨਿਸ਼ਾਨ ਨਹੀਂ ਸੀ। ਧਾੜਵੀ, ਠੱਗ, ਚੋਰ ਯਾਰ, ਸਰਦਾਰ ਤੇ ਤਮਾਸ਼ਬੀਨ ਹਿੰਦੂ, ਸਿੱਖ, ਮੁਸਲਮਾਨ ਬੇਅੰਤ ਗਿਣਤੀ ਵਿਚ ਹਾਜ਼ਰੀ ਭਰਦੇ। ਇਹ ਹਮੇਸ਼ਾਂ ਇਹੀ ਪ੍ਰਚਾਰ ਕਰਦਾ ਕਿ ਕਿਸੇ ਪ੍ਰਕਾਰ ਦੀ ਧਾਰਮਕ ਰਹਿਤ ਮਰਿਆਦਾ ਦੀ ਜ਼ਰੂਰਤ ਨਹੀਂ ਹੈ। ਆਪਣੀ ਮਰਜ਼ੀ ਹੈ ਰੱਖੋ ਜਾਂ ਘੋਨਮੋਨ ਹੋ

ਜਾਓ। ਖਾਣ ਪੀਣ ਦੀ ਕੋਈ ਮਨਾਹੀ ਨਹੀਂ। ਮਨ ਭਾਉਂਦਾ ਖਾਓ ਪੀਓ। ਕੋਈ ਪੁੰਨ ਪਾਪ ਨਹੀਂ ਹੈ। ਨਰਕ ਸੁਰਗ ਨਹੀਂ ਹੈ। ਚੇਤੰਨ ਬ੍ਰਹਮ ਖੁਦ ਖੁਦਾ ਇਹ ਕਾਇਆ ਹੈ। ਹੋਰ ਕੋਈ ਦੂਸਰਾ ਪਰਮੇਸ਼ਰ ਨਹੀਂ ਹੈ। ਵਰਣ ਆਸ਼ਰਮ ਮਰਿਯਾਦਾ ਸਭ ਮੂਰਖਪੁਣਾ ਹੈ। ਜੋ ਇਸ ਤੋਂ ਪਾਰ ਹੋਵੇ ਉਹ ਖੁਦ ਖੁਦਾ ਹੈ। ਭਜਨ-ਬਾਣੀ ਪਾਠ ਪੂਜਾ ਸਭ ਪੇਟ ਦੀ ਕਰੋ ਭਾਵ ਰੱਜ ਕੇ ਖਾਓ ਪੀਓ। ਹੋਰ ਲੋਕ-ਪ੍ਰਲੋਕ ਲਈ ਕੁਝ ਕਰਮ ਕਰਨੇ ਮੂਰਖਤਾ ਹੈ ਗਿਆਨੀ ਗਿਆਨ ਸਿੰਘ ਨੇ ਵੀ ਇਸ ਬਾਰੇ ਇਓ ਆਪਣੇ ਵਿਚਾਰ ਅੰਕਿਤ ਕੀਤੇ ਹਨ :

*ਕੀਰਤਨ ਕਥਾ ਠੌਰ ਨਿਤ ਮੁਜਰਾ ਕੰਚਨੀ ਹੋਇ ਕੋਰੋ ॥*
*ਚੋਰ ਧਾੜਵੀ ਲੋਗ ਤਾਹਿ ਢਿਗ ਰਹਿਨੇ ਲਗੇ ਬਧੇਰੋ ॥*
*ਹਿੰਦੂ ਤੁਰਕ ਕੀ ਸ਼ਰਾ ਹੱਦ ਜੋ ਸੋਊ ਘੋਲ ਪਿਲਾਵੇ ॥*
*ਓਅੰ ਸੋਹੰ ਦੇ ਗੁਰ ਮੰਤ੍ਰ ਪਚੀ-ਪ੍ਰਕ੍ਰਿਤਿ ਦਿਢਾਵੇ ॥*
*ਗੁਰੂ ਪੀਰ ਨਿਜ ਇਸਟ ਦੇਵ ਲੌ ਸ਼ਰਾਨਕੋ ਰਖਵਾਏ ॥*
*ਅਪਨੀ ਮਰਜੀ ਕੇਸ ਰਖੇ ਕੇ ਚਾਹੋ ਮੂੰਡ ਮੁੰਡਾਏ ॥*
*ਖਾਨ ਪਾਨ ਮਨ ਭਾਵਤ ਖਾਵੇ ਭੱਖ ਅਭੱਖ ਨ ਕੋਈ ॥*
*ਮੁਲਜਮ ਜਯੋਂ ਨ ਬਨੋ ਸਰਕਾਰੀ ਬੇਸਕ ਕੀਜੇ ਸੋਈ ॥*
*ਪਾਪ ਪੁੰਨਯ ਤੈ ਨਰਕ ਸੁਰਗ ਇਹ ਹਊਏ ਮੈਂ ਸਮ ਡਰਨੇ ॥*
*ਔਰ ਉਪਦੇਸ ਬਸੇਸ ਐਸ ਹੀਨਿਸ ਦਿਨ ਸਬਕੋ ਵਰਨੇ ॥*[10]

ਗੁਲਾਬ ਦਾਸ ਨੂੰ ਰਹਿਤਵਾਨ ਸਿੱਖ ਪਸੰਦ ਨਹੀਂ ਸਨ ਕਰਦੇ ਤੇ ਇਸਦਾ ਵਿਰੋਧ ਕਰਦੇ ਸਨ। ਇਸ ਗੱਲ ਤੋਂ ਇਹ ਦੁਖੀ ਸੀ। ਇਸਨੇ ਕਈ ਕੰਜਰੀਆਂ ਰੱਖੀਆਂ ਪਰ ਔਲਾਦ ਨਾ ਹੋਈ। ਇਸ ਨੇ ਸਾਹਿਬ ਸਿੰਘ ਨਾਮ ਦਾ ਲੜਕਾ ਮੁਤਬੰਨਾ ਬਣਾਇਆ ਜੋ ਕਿਸੇ ਘੁਮਾਰ ਸ਼ਰਧਾਲੂ ਦਾ ਮੁੰਡਾ ਸੀ ਅਤੇ ਸਿੱਖਾਂ ਨੂੰ ਚਿੜਾਉਣ ਲਈ ਉਸ ਦਾ ਨਾਮ ਰੱਖਿਆ ਹਰਿਗੋਬਿੰਦ। ਜਦੋਂ ਇਸ ਹਰਿਗੋਬਿੰਦ ਦੇ ਘਰ ਲੜਕਾ ਹੋਇਆ ਤਾਂ ਉਸ ਦਾ ਨਾਂ ਤੇਗ ਬਹਾਦਰ ਰੱਖਿਆ ਤਾਂ ਕਿ ਇਹਨਾਂ ਨੂੰ ਸਿੱਖ ਗੁਰੂ ਸਾਹਿਬਾਨ ਦੇ ਮੁਕਾਬਲੇ ਤੇ ਖੜਾ ਕਰ ਸਕੇ ਪਰ ਅਜਿਹੇ ਵਿਕਾਰੀ ਕਦੋਂ ਸੱਚੇ ਪਾਤਸ਼ਾਹ ਦੇ ਨੇੜੇ ਤੇੜੇ ਢੁਕ ਸਕਦੇ ਹਨ। ਇਸ ਗੁਲਾਬ ਦਾਸ ਦੇ ਕਿਸੇ ਚੇਲੇ ਨੇ ਇਸਦੀ ਉਪਮਾ ਇਉਂ ਕੀਤੀ ਹੈ -

*ਸਤਗੁਰ ਬੈਠੇ ਪਲੰਗ ਤੇ ਸਸਤ੍ਰ ਬਸਤ੍ਰ ਹੈ ਲਾਇ।*
*ਸੀਸ ਮੋਂਡਾਸਾ ਲਟਪਟਾ ਕਲਗੀ ਸੀਸ ਸੁਹਾਇ।*
*ਹਰਿਗੋਬਿੰਦ ਗੁਰੂ ਚੰਵਰ ਕਰ ਅਬਰੇ ਟਹਿਲ ਕਰਾਇ।*
*ਹਰਿ ਗੋਬਿੰਦ ਗੁਰ ਟਹਿਲ ਤੇ ਖੁਸ਼ੀ ਗੁਰਾਂ ਤੇ ਪਾਇ।*
*ਪੀਰੋ ਸਨਮੁਖ ਬੈਠ ਕੇ ਗੁਰ ਕਾ ਦਰਸ਼ਨ ਪਾਇ।*
*ਖੁਸ਼ੀ ਭਏ ਗੁਰ ਦੇਖ ਕੇ ਸਦ ਬਲਿਹਾਰੇ ਜਾਇ ॥*[11]

ਅਜਿਹੇ ਆਚਾਰ ਵਿਹਾਰ ਦੇ ਸੁਆਮੀ ਗੁਲਾਬ ਦਾਸ ਦੀ ਜ਼ਿੰਦਗੀ ਦੀ ਸ਼ਾਮ ਪੈ ਗਈ। ਇਸ ਨੇ ਸਾਰੀ ਜਵਾਨੀ ਨਸ਼ੇ ਕਰਦਿਆਂ ਕੰਜਰੀਆਂ ਭੋਗਦਿਆਂ ਤੇ ਰੱਜ ਰੱਜ ਖਾਂਦਿਆਂ ਗੁਜ਼ਾਰ ਦਿੱਤੀ। ਲੋਕ ਇਸਦੀ ਪੂਜਾ ਕਰਦੇ ਸਨ। ਬਿਕਰਮੀ 1929 ਵਿਚ ਇਸ ਦੀ ਮਹਿਬੂਬਾ ਪੀਰੋ

ਕੰਜਰੀ ਮਰ ਗਈ ਤਾਂ ਇਸ ਦਾ ਮਨ ਡੋਲ ਗਿਆ। ਇਹ ਵੀ ਮਰਨ ਕਿਨਾਰੇ ਆ ਬੈਠਾ। ਇਸ ਅੰਤ ਕਾਲ ਸਮੇਂ ਇਸਦੀ ਨੇੜਤਾ ਭਾਗੋ ਕੰਜਰੀ ਨਾਲ ਸੀ। ਜਦੋਂ ਇਸ ਨੇ ਕਾਲ ਨੂੰ ਸਿਰ ਤੇ ਜਾਤਾ ਤਾਂ ਚੇਲਿਆਂ ਨੂੰ ਉਪਦੇਸ਼ ਦਿੰਦਿਆਂ ਆਖਿਆ ਕਿ ਮੇਰਾ ਜਾਣ ਦਾ ਵੇਲਾ ਹੋ ਗਿਆ ਹੈ ਤਾਂ ਭਾਗੋ ਬੜੀ ਬੇਚੈਨ ਤੇ ਵਿਆਕੁਲ ਹੋ ਗਈ। ਉਸ ਨੇ ਚਰਨ ਪਰਸਦਿਆਂ ਪੁੱਛਿਆ ਕਿ ਸੁਆਮੀ ਜੀ ਹੁਣ ਕਿਥੇ ਮੇਲੇ ਹੋਣਗੇ ਤਾਂ ਗੁਲਾਬ ਦਾਸ ਨੇ ਅੰਦਰਲੀ ਗੱਲ ਇਉਂ ਆਖੀ :

*ਵਕਤ ਅੰਤ ਦੇ ਪੁੱਛਿਆ ਤੁਸ ਮੈਨੂੰ*
*ਸੱਚੀ ਬਾਤ ਦਾ ਅੰਤ ਨੂੰ ਅਹਾਰ ਹੈ ਰੇ ॥*
*ਮੇਲ ਹਮਰਾ ਤੁਮਰਾ ਵਿਚ ਨਰਕਾਂ*
*ਏਹੀ ਵੇਦ ਦਾ ਅੰਤ ਨੂੰ ਸਾਰ ਹੈ ਰੇ ॥*
*ਫਲ ਭੋਗ ਦਾ ਭੋਗਣਾ ਵਿਚ ਕੁੰਭੀ*
*ਏਹੀ ਸੰਤ ਦੀ ਮੁੱਤੜੀ ਅੰਤ ਹੈ ਰੇ ॥*
*ਗੁਲਾਬ ਦਾਸ ਕੇ ਵਾਕ ਹੈ ਭਾਗਭਰੀ ਏ*
*ਫਲ ਭੋਗਣਾ ਵਿਚ ਪ੍ਰਲੋਕ ਹੈ ਰੇ ॥*[12]

ਇਉਂ ਆਖਰ ਇਹ ਸਾਧ 1874 ਈ: ਵਿਚ ਚਠਿਆਂ ਵਾਲੇ ਵਿਖੇ ਮਰ ਗਿਆ। ਇਸ ਦੀ ਇੱਛਾ ਅਨੁਸਾਰ ਇਸ ਨੂੰ ਪੀਰੋ ਦੇ ਨਾਲ ਹੀ ਦਫ਼ਨ ਕੀਤਾ ਗਿਆ।

ਸਾਧੂ ਗੁਲਾਬ ਦਾਸ ਦਾ ਮੁਖ ਡੇਰਾ ਚਠਿਆਂ ਵਾਲੇ ਨੇੜੇ ਕਸੂਰ (ਹੁਣ ਪਾਕਿਸਤਾਨ) ਵਿਚ ਸੀ ਪਰ ਇਸ ਨੇ ਆਪਣੇ ਮਤ ਦੇ ਪ੍ਰਚਾਰ ਹਿੱਤ ਲਾਹੌਰ, ਜਲੰਧਰ, ਅੰਮ੍ਰਿਤਸਰ, ਅੰਬਾਲਾ, ਕਰਨਾਲ ਆਦਿ ਸ਼ਹਿਰਾਂ ਵਿਚ ਪ੍ਰਚਾਰ ਕੇਂਦਰ ਖੋਲ੍ਹੇ ਸਨ। ਹੁਣ ਇਹਨਾਂ ਦੀਆਂ ਗੱਦੀਆਂ ਮੁੱਖ ਰੂਪ ਵਿਚ ਹਰਿਆਣੇ ਵਿਖੇ ਹਨ। ਇਹਨਾਂ ਦੀ ਗੁਰੂ ਪਰੰਪਰਾ ਇਸ ਪ੍ਰਕਾਰ ਹੈ - ਗੁਲਾਬ ਦਾਸ - ਹਰਿਗੋਬਿੰਦ - ਸੁਆਮੀ ਨੰਦ ਲਾਲ ਸੱਚ ਦੇਵ-ਸੁਆਮੀ ਮਨੋਹਰ ਦਾਸ - ਸੁਆਮੀ ਧਰਮ ਦਾਸ - ਭਗਤ ਸ਼ਾਨੂੰ ਦੇਵ ਸੱਚ ਦੇਵ - ਸੁਆਮੀ ਵਿਸ਼ਨ ਦਾਸ - ਮਾਤਾ ਜਮੁਨਾ ਦੇਵੀ - ਡਾ. ਪਰਮਾਨੰਦ ਸੱਚ ਦੇਵ। ਅੱਜ ਕੱਲ੍ਹ ਪੰਜਾਬ ਵਿਚ ਇਹਨਾਂ ਦਾ ਕੋਈ ਜ਼ੋਰ ਨਹੀਂ ਤੇ ਨਾ ਹੀ ਕੋਈ ਚੇਲਾ ਬਾਲਕਾ ਨਜ਼ਰ ਆਉਂਦਾ ਹੈ।

ਗੁਲਾਬ ਦਾਸ ਉਦਾਸੀ ਸੰਪ੍ਰਦਾਇ ਵਿਚ ਵੀ ਰਿਹਾ ਤੇ ਉਸ ਨੇ ਵੇਦਾਂਤ ਵੀ ਪੜ੍ਹਿਆ ਜਿਸ ਕਾਰਨ ਉਸ ਦੀ ਕਵਿਤਾ ਵਿਚ ਕੁਝ ਦਾਰਸ਼ਨਿਕ ਉਨਤੀਆਂ ਉਪਲਬਧ ਹਨ। ਡਾ. ਨਵਰਤਨ ਕਪੂਰ[13] ਨੇ ਇਸ ਸਬੰਧੀ ਵਿਚਾਰ ਕੀਤਾ ਹੈ। ਆਪ ਨੇ ਇਹ ਸਿੱਧ ਕੀਤਾ ਹੈ ਕਿ ਸਾਧੂ ਗੁਲਾਬ ਦਾਸ ਦਾ ਬ੍ਰਹਮ ਨਿਰਗੁਣ ਬ੍ਰਹਮ ਹੈ ਜੋ ਸਰਵ ਵਿਆਪਕ ਹੈ। ਉਹ ਅਦ੍ਵੈਤਵਾਦੀ ਹੈ। ਉਸ ਦੀ ਵਿਚਾਰਧਾਰਾ ਉਪਨਿਸ਼ਦਾਂ ਉਪਰ ਆਧਾਰਿਤ ਹੈ ਜਿਸ ਅਨੁਸਾਰ ਅੰਦਰ ਬਾਹਰ, ਦੂਰ ਨੇੜੇ, ਜਲ ਥਲ ਵਿਚ ਕੇਵਲ ਇਕ ਬ੍ਰਹਮ ਹੀ ਵਿਆਪਕ ਹੈ।

ਇਸ ਜਗਤ ਨੂੰ ਗੁਲਾਬ ਦਾਸ ਪਰਮਾਤਮਾ ਦਾ ਰੂਪ ਹੀ ਮੰਨਦਾ ਹੈ। ਇਸ ਵਿੱਚ ਵਿਆਪਕ ਚਲ-ਅਚਲ ਪਦਾਰਥ, ਜੀਵ-ਜੰਤੂ, ਪੰਛੀ-ਪਸ਼ੂ, ਮਾਨਵ ਸਭ ਉਸਦਾ ਰੂਪ ਹਨ। ਗੁਲਾਬ ਦਾਸ ਨੇ ਸਾਰੀ ਸ੍ਰਿਸ਼ਟੀ ਦੀ ਉਤਪਤੀ ਚਾਰ ਬਾਣੀਆਂ-ਅੰਡਜ, ਜੇਰਜ, ਸੇਤਜ ਤੇ ਉਤਭੁਜ - ਵਿਚ ਵੰਡੀ ਹੈ। ਜਗਤ ਤੇ ਬ੍ਰਹਮ ਇਕ ਹਨ। ਇਹਨਾਂ ਦੀ ਭਿੰਨਤਾ ਅਗਿਆਨ

ਤੱਕ ਹੀ ਭਾਸਦੀ ਹੈ। ਅਗਿਆਨੀ ਜੀਵ ਅਗਿਆਨ ਵੱਲ ਜਗਤ ਨੂੰ ਅਮਿੱਤ ਤੇ ਨਾਸ਼ਵਾਨ ਮੰਨਦਾ ਹੈ। ਇਸ ਪ੍ਰਕਾਰ ਦੇ ਵਿਚਾਰ ਸ਼ੰਕਰ ਦੇ ਹਨ।

ਜੀਵ ਨੂੰ ਗੁਲਾਬ ਦਾਸ ਸੁਤੰਤਰ ਸੱਤਾ ਸਵੀਕਾਰ ਕਰਦਾ ਹੈ ਜਿਸਦਾ ਸਰੀਰ ਦੀ ਰਚਨਾ ਕਰਨ ਵਾਲੀਆਂ 25 ਪ੍ਰਕਿਰਤੀਆਂ, ਵਿਸ਼ੇ ਵਾਸ਼ਨਾਵਾਂ ਤੇ ਇੰਦਰੀਆਂ ਨਾਲ ਕੋਈ ਸੰਬੰਧ ਨਹੀਂ ਹੈ। ਇਹ ਜੀਵ ਪਰਮਾਤਮਾ ਦਾ ਸਰੂਪ ਚਿਤਾਨਾਸ਼ ਅਰਥਾਤ ਸਰਬ-ਚੇਤਨ ਹੈ। ਉਸ ਨੇ ਉਪਨਿਸ਼ਦਾਂ ਵਿਚ ਵਰਤੇ ਪ੍ਰਤੀਕਾਂ ਦੁਆਰਾ ਇਸ ਦੀ ਵਿਆਖਿਆ ਕੀਤੀ ਹੈ ਜਿਵੇਂ ਮਿੱਟੀ ਇਕ ਹੈ ਭਾਂਡੇ ਵੱਖ-ਵੱਖ ਹਨ। ਸੋਨਾ ਇਕ ਹੈ ਗਹਿਣੇ ਵੱਖ-ਵੱਖ ਹਨ ਜੋ ਆਖਰ ਮਿੱਟੀ ਜਾਂ ਸੋਨੇ ਦੇ ਰੂਪ ਵਿਚ ਬਦਲ ਜਾਂਦੇ ਹਨ, ਗੁਲਾਬ ਦਾਸ ਦੇ ਬੋਲ ਹਨ :

ਕਾਰਨ ਕਾਰਜ ਜਾਨ ਜਿਵੇਂ ਕਰ ਭੂਮ ਘਟ ਮਟ ਸੂਤ ਪਟੇ ਹੈ।
ਕੰਚਨ ਭੂਖਨ ਜਾਨ ਜਿਵੇਂ ਕਰ ਤੋਇ ਤ੍ਰੰਗ ਅਭੇਵ ਲਖੇ ਹੈ।
ਬਾਇ ਬਘੂਰ ਪਛਾਨ ਜਿਵੇਂ ਪੁਨ ਤੇਜ ਚਰਾਗ ਮਿਸਾਲ ਬਾਲੇ ਓ।
ਦਾਸ ਗੁਲਾਬ ਤਿਵੇਂ ਕਰ ਕਾਰਨ ਈਸ ਹੀ ਸਭ ਜੀਵ ਵਿਖੇ ਹੈ।

ਮਾਇਆ ਨੂੰ ਗੁਲਾਬ ਦਾਸ ਸ਼ਕਤੀ ਰੂਪ ਮੰਨਿਆ ਚੇਤਨ ਸ਼ਕਤੀ ਆਖਦਾ ਹੈ। ਤਿੰਨ ਗੁਣ ਇਸ ਮਾਇਆ ਕਾਰਨ ਹੀ ਮਨੁੱਖ ਵਿਚ ਵਿਆਪਕ ਹਨ। ਇਹ ਮਾਇਆ ਨੂੰ ਅਵਿਦਿਆ ਪ੍ਰਕਿਰਤੀ, ਆਵਰਣ, ਵਿਖੇਪ, ਅਨਰਵਚਨੀ, ਤੁੱਛ ਵੀ ਆਖਦਾ ਹੈ। ਉਸ ਨੇ ਮਾਇਆ ਦੀ ਵਿਲੱਖਣਤਾ ਦਾ ਇਉ ਵਰਣਨ ਕੀਤਾ ਹੈ :

ਜੈਸੇ ਬਛਰੇ ਗਉ ਕੇ ਤੈਸੇ ਈਸ਼ਵਰ ਜੀਵ।
ਮਾਯਾ ਕੇ ਦੋ ਪੂਤ ਹੈ ਤਹਾ ਪਰਮਾਤਮ ਪੀਵ।
ਬ੍ਰਹਮ ਜੀਵ ਕੀ ਠੌਰ ਮੇਂ ਮਾਤ ਪਰਮਾਤਮ ਹੋਏ।
ਜੋ ਤੂ ਅਪਨੀ ਠੌਰ ਮੇਂ ਐਸੇ ਇਕਲਗ ਦੋਏ।
ਆਤਮ ਸਰਬ ਅਨਾਤਮਾ ਆਪ ਪਰਮਾਤਮ ਹੋਏ।
ਤਾਕੇ ਏਕ ਪਰਮਾਤਮਾ ਨਾਰ ਮਾਤ ਲਖ ਦੋਏ।

ਮਾਇਆ ਦੇ ਪ੍ਰਭਾਵ ਕਾਰਨ ਹੀ ਜੀਵ ਤੇ ਬ੍ਰਹਮ ਵਿਭਿੰਨ ਨਜ਼ਰ ਆਉਂਦੇ ਹਨ ਜਦੋਂ ਕਿ ਅਸਲ ਵਿਚ ਇਹ ਦੋਨੋਂ ਇਕ ਰੂਪ ਹਨ। ਇਸ ਅਗਿਆਨ ਜਾਂ ਮਾਇਆ ਦੇ ਪ੍ਰਭਾਵ ਤੋਂ ਮੁਕਤੀ ਕੇਵਲ ਆਤਮ ਗਿਆਨ ਦੀ ਪ੍ਰਾਪਤੀ ਨਾਲ ਹੀ ਸੰਭਵ ਹੈ। ਚਾਰ ਪ੍ਰਕਾਰ ਦੀ ਮੁਕਤੀ ਨੂੰ ਮੰਨਿਆ ਗੁਲਾਬ ਦਾਸ ਨੇ ਤੁਰੀਆ ਅਵਸਥਾ ਨੂੰ ਗਿਆਨੀਆਂ ਦੀ ਮੁਕਤੀ ਅਤੇ ਸ਼ੋਕ ਨਾਸ਼ ਉਪਰੰਤ ਆਨੰਦ ਦੀ ਪ੍ਰਾਪਤੀ ਸਵੀਕਾਰ ਕੀਤਾ ਹੈ। ਇਹੀ ਉਹਨਾਂ ਅਨੁਸਾਰ ਬ੍ਰਹਮਾਨੰਦ ਹੈ। ਇਹੀ ਜੀਵਨ-ਮੁਕਤੀ ਹੈ।

ਅਧਿਆਤਮਕ ਜਗਤ ਵਿਚ ਗੁਰੂ ਦਾ ਮਹੱਤਵ ਅਕਥਨੀਜ ਹੈ। ਉਸ ਦੀ ਕਿਰਪਾ ਬਿਨਾ ਸਾਸਕ ਨੂੰ ਕੁਝ ਪ੍ਰਾਪਤ ਨਹੀਂ ਹੁੰਦਾ। ਸਾਧੂ ਗੁਲਾਬ ਦਾਸ ਨੇ ਵੀ ਗੁਰੂ ਦੇ ਮਹੱਤਵ ਨੂੰ ਸਵੀਕਾਰ ਕੀਤਾ ਹੈ ਕਿਉਂਕਿ ਗੁਰੂ ਹੀ ਸਿੱਖ ਦੇ "ਅਨੁਭਵ ਨੇਤਰ" ਖੋਲ੍ਹਦਾ ਹੈ। ਇਸ ਨੇ ਗੁਰੂ ਦੀ ਵੰਡ ਸੱਤ ਭਾਗਾਂ ਵਿਚ ਕੀਤੀ ਹੈ। ਉਹ ਗੁਰੂ ਤੇ ਪਰਮੇਸ਼ਰ ਨੂੰ ਇਕ ਰੂਪ ਮੰਨਦਾ ਹੈ। ਉਹ ਸਰਣ ਪਿਆ ਦੇ ਪਾਪ ਆਦਿ ਕੱਟ ਕੇ ਮੁਕਤ ਕਰਨ ਦੇ ਸਮਰੱਥ ਹੈ।

ਸਰਨ ਪਰੇ ਕੀ ਲਾਜ ਗੁਰਾਂ ਕੋ ਆਜਜ ਦੀਨ ਉਸਾਰ ਰੇ ।
ਕੇਤਕ ਪੁੰਨੀ ਪਾਪੀ ਨਿੰਦਨ ਸਰਨ ਪਰੇ ਨਿਸਤਾਰ ਰੇ ।
ਅਜਾ ਮਲ ਕੇ ਪਾਪ ਕਰੇ ਬਹੁਤ ਤਿਨ ਮੈਂ ਸਰਬ ਨਿਵਾਰੇ ॥
ਧਧੁਨ ਕਸਾਈ ਗਨੁਕਾ ਤਾਰੀ ਜਾਤਕੁ ਖਰਮੇ ਵਿਚਾਰੇ ਰੇ ।
ਘਾਤ ਕਰੰਤਾ ਫੰਧਕ ਤਾਰਯੋ ਔਰ ਅਨੇਕ ਉਬਾਰੇ ਰੇ ।
ਦਾਸ ਗੁਲਾਬ ਅਸਰਨ ਸਰਨ ਗੁਰੁ ਦੀਨ ਦਯਾਲ ਪਯਾਰੇ ਰੇ ।

ਗੁਲਾਬ ਦਾਸ 'ਸੋਹੰ' ਮੰਤਰ ਦਾ ਜਾਪ ਸਭ ਪ੍ਰਕਾਰ ਦੀਆਂ ਪ੍ਰਾਪਤੀਆਂ ਲਈ ਮੂਲ ਮੰਨਦਾ ਹੈ। ਇਉਂ ਮਹਾਨਤਾ ਵਿਅਕਤ ਕੀਤੀ ਹੈ :

ਸੋਹੰ ਸ਼ਬਦ ਪਛਾਣਾ ਅਨਰਤਾ ॥
ਵਹੀ ਪਰਮੇਸ਼ਵਰ ਸੁਤੇ ਮਹੰਤਾ ॥

ਸੋਹੰ ਜਾਪ ਦੀ ਵਿਧੀ ਬਾਰੇ ਬਹੁਤਾ ਕੁਝ ਨਹੀਂ ਆਖਿਆ ਗਿਆ। ਇਸ ਨੂੰ ਨਿਰੰਤਰ ਜਪਣ ਵੱਲ ਇਸ਼ਾਰਾ ਹੈ ਕਿਉਂਕਿ ਅਜਿਹਾ ਕਰਨ ਵਾਲਾ ਸਾਸ਼ਕ ਉਸ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ। ਗੁਲਾਬ ਦਾਸ ਦੇ ਬਚਨ ਹਨ :

ਸੋਹੰ ਕਥੀ ਨਿਰੰਤਰ ਹੋਏ ।
ਸੋਹੰ ਕਲਪਨਾ ਰਹੀ ਨ ਕੋਏ ।
ਸੋਹੰ ਜਾਨ ਬਖਾਣੇ ਕੋਏ ।
ਦਾਸ ਗੁਲਾਬ ਨਾ ਕੋ ਪਤ ਆਏ ।
ਚਲੀ ਪੁਤਲੀ ਲੂਣ ਕੀ ਥਾਹ ਸਿੰਧੁ ਕੀ ਲੈਣ ।
ਨਾ ਆਪ ਆਪਾ ਭਈ ਉਲਟ ਕਾਹੇ ਕੋ ਵੈਣ ।

ਉਪਰੋਕਤ ਵਿਚਾਰ ਤੋਂ ਇਉਂ ਭਾਪਦਾ ਹੈ ਕਿ ਗੁਲਾਬ ਦਾਸ ਵੇਦਾਂਤੀ ਹਨ ਪਰ ਉਹਨਾਂ ਨੇ ਜ਼ਿੰਦਗੀ ਹੋਰ ਤਰ੍ਹਾਂ ਦੀ ਹੀ ਵਿਚਾਰੀ। ਮੋਹ ਮਾਇਆ ਵਿਚ ਲਿਪਤ ਰਹੇ। ਉਹਨਾਂ ਨੇ ਵੇਦਾਂਤ ਬਾਰੇ ਜਾਂ ਵੇਦਾਤੀਆਂ ਬਾਰੇ ਕੀ ਆਖਿਆ ਹੈ। ਲਓ ਸੁਣੋ -

ਵਸ਼ਿਸ਼ਟ ਅਦਵੈਤਾ ਦਵੈਤ ਦੋਨੋ ਕੋ ਜੁਤਿਆਏ ।
ਕਾਨ ਪਕੜ ਏਕਾਂਤ ਮੇਂ ਯੁਗਤੀ ਸੇ ਸਮਝਾਏ ।
ਯੁਕਤੀ ਸੇ ਸਮਝਾਏ ............ ਮੇਂ ਲਕੜ ਚਾੜ੍ਹੇ ।
ਗੀਲੀ ਕਰ ਪਨਿਹਾਰ ਸੀਸ਼ ਪਰ ਦਮਦਮ ਝਾੜੇ ।
ਜਦੋਂ ਮਚਾਏ ਸ਼ੋਰ ਕਹੋ 'ਹਮ ਬ੍ਰਹਮ ਮਾਲੇਸਾ'
'ਤੁਮੇ ਕਹਾਂ ਦੁਖ ਹੋਏ ਤੁਮ ਤੋ ਹੋ ਨਿਰਲੇਪਾ'
ਗੁਲਾਬ ਦਾਸ ਕਵੀ ਕਹਿਤ ਜਬ ਕਹੇ ਆਤਮ ਪਰਸਾ,
ਛੋਡ ਸਭੀ ਕੁਝ ਕਰੋ ਅਬ ਆਤਮ ਚਰਚਾ ।"[14]

ਅਜਿਹੇ ਮਲੰਗ ਸਾਧੂ ਦੇ ਚੇਲੇ ਹਾਲ ਕਿਹੋ ਜਿਹੇ ਹੋਣਗੇ? ਇਸ ਬਾਰੇ ਮਹੰਤ ਗਣੇਸ਼ਾ ਸਿੰਘ ਨੇ ਲਿਖਿਆ ਹੈ "ਅਜੇਹੀਆਂ ਬਾਤਾਂ ਸੁਣ ਸੁਣਾ ਕੇ ਹਜ਼ਾਰਾਂ ਲੋਕ ਖੁਲਾਸੇ ਹੋ ਗਏ, ਮਾਸ, ਸ਼ਰਾਬ ਖਾ ਪੀ ਕੇ ਪਿੰਡੋ ਪਿੰਡ ਫਿਰਿਆ ਕਰਨ। ਢੱਡ ਸਾਰੰਗੀ ਬਜਾ ਕੇ ਮਿਰਜ਼ੇ ਹੀਰ ਦੀਆਂ ਕਲੀਆਂ

ਲਾ ਕੇ ਮੌਜ ਮੇਲਾ ਕਰਨ, ਸੋਹਣੀਆਂ ਚਮਕਦਾਰ ਪੋਸ਼ਾਕਾਂ ਪਾਈ ਅਤਰ ਫੁਲੇਲ ਲਾਏ, ਰੰਨਾ ਮਰਦ ਸ਼ਰਮ ਹਯਾਉ ਤੋਂ ਬਗੈਰ ਹੋਏ ਬੇਮੁਹਾਰੇ ਫਿਰਨ। ਇਸ ਤਰ੍ਹਾਂ ਇਨ੍ਹਾਂ ਦੇ ਵਸ ਜਾਣ ਨਾਲ ਦੇਸ ਵਿਚ ਸ਼ੋਰ ਵੱਧ ਮੱਚ ਗਿਆ, ਬੇਹਯਾਈ ਫੈਲ ਗਈ। ਤਦ ਪਟਲੇਸੁਰ ਸਾਹਿਬ ਮਹਾਰਾਜਾ ਸਾਹਿਬ ਨਰੇਂਦਰ ਸਿੰਘ ਬਹਾਦਰ ਆਦਿ ਰਾਜਿਆਂ ਅਰ ਸਰਦਾਰਾ ਗੁਲਾਬਦਾਸੀਏ ਫੜਨੇ ਸ਼ੁਰੂ ਕੀਤੇ। ਇਸੇ ਤਰ੍ਹਾਂ ਅੰਗਰੇਜ਼ੀ ਰਾਜ ਵਿਚ ਭੀ ਗ੍ਰਿਫਤਾਰੀਆਂ ਹੋਣ ਲੱਗੀਆ, ਪਿੰਡਾਂ ਵਿਚ ਚੋਧਰੀਆਂ ਫੜ-ਫੜ ਸਜ਼ਾਵਾ ਦਿਲਵਾਈਆਂ ਤੱਦ ਇਨ੍ਹਾਂ ਦਾ ਘੁਮੰਡ ਮੱਠਾ ਪਿਆ। ਫਿਰ ਗੁਲਾਬ ਦਾਸੀਆਂ ਦਾ ਜ਼ੋਰ ਘਟ ਗਿਆ ਅਰ ਇਹ ਡਰਦੇ ਮਾਰੇ ਉਦਾਸੀ ਨਿਰਮਲੇ ਸਦੋਣ ਲੱਗ ਪਏ।"[15] ਇਉਂ ਉਨ੍ਹੀਵੀਂ ਸਦੀ ਵਿਚ ਇਹਨਾਂ ਨੂੰ ਸਰਕਾਰਾਂ ਨੇ ਸਿੱਧੇ ਰਾਹ ਤੇ ਲਿਆਉਣ ਲਈ ਯਤਨ ਕੀਤੇ। ਪੰਜਾਬ ਵਿਚ ਇਹਨਾਂ ਦਾ ਜ਼ੋਰ ਲਗਭਗ ਨਾਂਹ ਦੇ ਬਰਾਬਰ ਹੈ। ਹੁਣ ਇਹਨਾਂ ਦੀਆਂ ਗੱਦੀਆਂ ਜਾਂ ਡੇਰੇ ਹਰਿਆਣੇ ਵਿਚ ਹੀ ਹਨ।

ਕੀ ਗੁਲਾਬ ਦਾਸੀ ਸੰਪ੍ਰਦਾਇ ਸਿੱਖ ਸੰਪ੍ਰਦਾਇ ਹੈ? ਇਸ ਬਾਰੇ ਵਿਚਾਰ ਕਰਨਾ ਜ਼ਰੂਰੀ ਹੈ ਕਿਉਂਕਿ ਹਿੰਦੀ ਦੇ ਵਿਦਵਾਨ ਡਾ. ਸੂਰਜ ਭਾਨ ਨੇ ਇਸਨੂੰ ਸਿੱਖ ਸੰਪ੍ਰਦਾਇ ਮੰਨਿਆ ਹੈ ਜਦੋਂ ਕਿ ਇਸ ਦਾ ਸਿੱਖਾਂ ਨਾਲ ਕੋਈ ਲੈਣ ਦੇਣ ਨਹੀਂ। ਸੰਪ੍ਰਦਾਇ ਦੀਆਂ ਮਾਨਤਾਵਾਂ, ਦਰਸ਼ਨ, ਆਚਾਰ-ਵਿਧਾਨ ਆਦਿ ਸਭ ਸਿੱਖ ਧਰਮ ਨਾਲੋਂ ਭਿੰਨ ਹਨ। ਇਹਨਾਂ ਦੇ ਚੇਲਿਆਂ ਦਾ ਇਹਨਾਂ ਦੇ ਗੁਰੂ ਦਾ ਸਿੱਖਾਂ ਨਾਲ ਵਿਰੋਧ ਹੀ ਰਿਹਾ। ਇਹਨਾਂ ਨੇ ਸਿੱਖਾਂ ਨੂੰ ਚਿੜਾਉਣ ਲਈ ਆਪਣੇ ਪਾਲਤੂ ਪੁੱਤਰ ਦਾ ਨਾਂ ਹਰਿਗੋਬਿੰਦ ਤੇ ਉਸਦੇ ਪੁੱਤਰ ਦਾ ਨਾਂ ਤੇਗ ਬਹਾਦਰ ਰੱਖਿਆ। ਇਸ ਤਰ੍ਹਾਂ ਦੇ ਗੁਸਤਾਖ ਸਾਧ ਨੂੰ ਸਿੱਖ ਧਰਮ ਦਾ ਭਾਗ ਜਾਂ ਉਸਦੀ ਸੰਪ੍ਰਦਾਇ ਨੂੰ ਸਿੱਖ ਸੰਪ੍ਰਦਾਇ ਕਿਵੇਂ ਆਖਿਆ ਜਾ ਸਕਦਾ ਹੈ? ਹਿੰਦੀ ਦੇ ਵਿਦਵਾਨ ਸਿੱਖ ਧਰਮ ਤੋਂ ਅਣਜਾਣ ਹੋਣ ਕਾਰਨ ਅਜਿਹੀਆਂ ਗਲਤੀਆਂ ਅਕਸਰ ਕਰਦੇ ਹਨ। ਇਹ ਇਕ ਐਸ਼ਪ੍ਰਸਤਾਂ ਦਾ ਟੋਲਾ ਹੀ ਸੀ ਜਿਸ ਨੇ ਲੋਕਾਂ ਨੂੰ ਧਰਮ ਮਾਰਗ ਤੋਂ ਹਟਾ ਕੇ ਅਧਰਮੀ ਮਾਰਗ ਵੱਲ ਪ੍ਰੇਰਿਆ।

## ਫੁੱਟ ਨੋਟ ਤੇ ਹਵਾਲੇ

1. ਬੁਧ ਸਿੰਘ ਬਾਵਾ, *ਹੰਸ ਚੋਗ*, ਪੰਨਾ 218.
2. *ਭਾਰਤ ਮਤ ਦਰਪਣ*, ਪੰਨਾ 126.
3. (i) ਬਾਵਾ ਬਲਵੰਤ, *ਕਿਸ ਕਿਸ ਤਰ੍ਹਾਂ ਦੇ ਨਾਚ*, ਪੰਨੇ 143-46.
3. (ii) *ਭਾਰਤ ਮਤ ਦਰਪਣ*, ਦੇਖੋ ਚਾਕੂ ਕੱਟੀਏ
4. *ਸ਼ੀਰੀ ਫਰਹਾਦ ਕ੍ਰਿਤ ਦਿਤ ਸਿੰਘ*, ਭੂਮਿਕਾ ਪੰਨਾ 5.
5. ਬਾਵਾ ਬਲਵੰਤ, *ਕਿਸ ਕਿਸ ਤਰ੍ਹਾਂ ਦੇ ਨਾਚ*, ਪੰਨੇ 146-47.
6. -ਉਹੀ- ਪੰਨੇ 148-149.
7. (i) *ਸ਼ੀਰੀ ਫਰਹਾਦ ਕ੍ਰਿਤ ਦਿਤ ਸਿੰਘ*, ਭੂਮਿਕਾ ਪੰਨਾ 5.
7. (ii) ਗਿਆਨੀ ਗਿਆਨ ਸਿੰਘ ਨੇ ਇਸ ਬਾਰੇ ਇਉਂ ਲਿਖਿਆ ਹੈ :

ਸੈਲ ਬਦੇਸਨ ਕਾ ਕੁਛ ਕੀਆ ਨਿਕਟ ਦ੍ਵਾਰਕਾ ਜਾਈ।
ਮਸਕਾ ਮੰਡੀ ਮਾਂਹਿ-ਥਿਰਾਯੋ ਰੰਡੀ ਏਕ ਤਹਾਈ।
ਨੂਰ ਸ਼ਹੂਰ ਰੂਪ ਪਿਖ ਜ੍ਹਾਨੀ ਆਸ਼ਕ ਇਸ ਪਰ ਥਾਈ।
ਦੌਲਤ ਹੁਤੀ ਤਾਂਹਿ ਵਿਗ ਭਾਰੀ ਆਯੋ ਸੰਗ ਲਵਾਈ।

ਮਗਮੈਂ ਮੁਈ ਬਿਮਾਰ ਹੋਇਸੋ ਖਨ ਇਸ ਪਾਸ ਰਹਾਯੋ ।
ਜੁਗਤਿ ਅਕਲ ਸੈਂ ਲਯਾਇ ਇਮਾਨਤ ਸ਼ਹਿਰ ਕਸੂਰ ਰਖਾਯੋ ।
ਤਬ ਲਹੌਰ ਕੀ ਗੋਰ ਤੌਰ ਪਰ ਕਾਇਮ ਥੀ ਪਾਤਿਸ਼ਾਹੀ ।
ਸਿੰਘਨ ਕੀ ਫੌਜਨ ਮੈਂ ਸੇਵਾ ਸਤਸੰਗ ਹੋਤ ਮਹਾਹੀ ॥

(ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 1293)

8. *ਸ਼ੀਰੀ ਫਰਹਾਦ* ਕ੍ਰਿਤ ਦਿਤ ਸਿੰਘ *ਭੂਮਿਕਾ*, ਪੰਨੇ 6-7.
9. *ਭਾਰਤ ਮਤ ਦਰਪਣ*, ਪੰਨਾ 127.
10. ਗਿਆਨ ਸਿੰਘ *ਸ੍ਰੀ ਗੁਰੂ ਪੰਥ ਪ੍ਰਕਾਸ਼*, ਪੰਨਾ 1294.
11. *ਗੁਲਾਬ ਸਾਗਰ*, ਪੰਨਾ 193
12. ਬੁਧ ਸਿੰਘ ਬਾਵਾ, *ਹੰਸ ਚੋਗ*, ਪੰਨਾ 218.
13. *ਗੁਲਾਬ ਦਾਸ ਜੀਵਨ ਤੇ ਰਚਨਾ*, ਪੰਨੇ 57-100.
14. ਬਾਵਾ ਬਲਵੰਤ *ਕਿਸ ਕਿਸ ਤਰ੍ਹਾਂ ਦੇ ਨਾਚ*, ਪੰਨਾ 151
15. *ਭਾਰਤ ਮਤ ਦਰਪਣ*, ਪੰਨਾ 128
16. *ਹਰਿਆਣਾ ਕਾ ਹਿੰਦੀ ਸੰਤ ਸਾਹਿਤਯ*, ਪੰਨੇ 272-73.

# ਸੁਥਰੇਸ਼ਾਹੀ ਸੰਪ੍ਰਦਾ : ਇੱਕ ਅਧਿਐਨ

ਮੁਹੱਬਤ ਸਿੰਘ*


## ਸੰਪ੍ਰਦਾ ਦਾ ਜਨਮ ਤੇ ਪਿਛੋਕੜ

ਸੁਥਰੇਸ਼ਾਹੀ ਸੰਪ੍ਰਦਾ ਸਿੱਖ ਧਰਮ ਦੀਆਂ ਗੁਰੂ ਸਾਹਿਬਾਨ ਦੁਆਰਾ ਵਰਸੋਈਆਂ ਛੇ-ਬਖਸ਼ਿਸ਼ਾਂ ਵਿਚੋਂ ਮੁਢਲੀ ਬਖਸ਼ਿਸ਼ ਹੈ। ਵੱਖ-ਵੱਖ ਗੁਰੂ ਸਾਹਿਬਾਨ ਦੁਆਰਾ ਸਿੱਖੀ ਪ੍ਰਚਾਰ/ਪਸਾਰ ਲਈ ਇਹ ਬਖਸ਼ਿਸ਼ਾਂ (ਜਥੇਬੰਦੀਆਂ) ਸਥਾਪਿਤ ਕੀਤੀਆਂ ਗਈਆਂ ਸਨ। ਇਹਨਾਂ ਬਖਸ਼ਿਸ਼ਾਂ ਤੋਂ ਅਸਲ ਭਾਵ ਇਹ ਸੀ, ਉਹ ਗੁਰਸਿੱਖ ਜਿਹੜੇ ਸਿੱਖੀ ਦੇ ਆਚਾਰ-ਵਿਵਹਾਰ ਦੇ ਚੰਗੇ ਗਿਆਤਾ ਅਤੇ ਧਾਰਣੀ ਸਨ, ਉਹਨਾਂ ਨੂੰ ਸਨਾਤਨੀ ਜਾਂ ਆਪਣੇ ਢੰਗ ਨਾਲ ਪ੍ਰਚਾਰ ਕਰਨ ਦੀ ਖੁੱਲ੍ਹ ਦੇਣਾ (ਬਖਸ਼ਿਸ਼/ਇਜਾਜ਼ਤ) ਸੀ। ਇਹ ਛੇ - ਬਖਸ਼ਿਸ਼ਾਂ ਹਨ :

1. ਸੁਥਰੇਸ਼ਾਹੀ - ਬਖਸ਼ਿਸ਼ ਗੁਰੂ ਹਰਿਰਾਇ ਜੀ
2. ਸੰਗਤ ਸਾਹਿਬੀਏ - ਬਖਸ਼ਿਸ਼ ਗੁਰੂ ਹਰਿਰਾਇ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ
3. ਭਗਤ ਭਗਵਾਨੀਏ - ਬਖਸ਼ਿਸ਼ ਗੁਰੂ ਹਰਿਰਾਇ ਜੀ
4. ਮੀਹਾਂ ਸ਼ਾਹੀਏ - ਬਖਸ਼ਿਸ਼ ਗੁਰੂ ਤੇਗ ਬਹਾਦਰ ਜੀ
5. ਜੀਤ ਮੱਲੀਏ - ਬਖਸ਼ਿਸ਼ ਗੁਰੂ ਗੋਬਿੰਦ ਸਿੰਘ ਜੀ
6. ਬਖਤ ਮੱਲੀਏ - ਬਖਸ਼ਿਸ਼ ਗੁਰੂ ਗੋਬਿੰਦ ਸਿੰਘ ਜੀ

ਵਿਸ਼ੇ ਮੁਤਾਬਕ ਅਸੀਂ ਇਥੇ ਕੇਵਲ ਸੁਥਰੇਸ਼ਾਹੀ ਬਖਸ਼ਿਸ਼ ਬਾਰੇ ਹੀ ਵਿਚਾਰ ਕਰਾਂਗੇ। ਇਹ (ਸੁਥਰੇਸ਼ਾਹੀ) ਬਖਸ਼ਿਸ਼ ਗੁਰੂ ਹਰਿਰਾਇ ਜੀ ਦੁਆਰਾ ਭਾਈ ਸੁਥਰੇ ਸ਼ਾਹ ਜੀ ਨੂੰ ਦਿੱਤੀ ਗਈ ਸੀ। ਭਾਈ ਸੁਥਰੇ ਸ਼ਾਹ ਜੀ ਗੁਰੂ ਹਰਗੋਬਿੰਦ ਜੀ ਦੇ ਸਿਦਕੀ ਸਿੱਖ ਸਨ। ਆਪ ਜੀ ਨੇ ਗੁਰੂ ਹਰਗੋਬਿੰਦ ਜੀ ਦੇ ਸਮੇਂ ਉਹਨਾਂ ਦੀ ਸਰਪ੍ਰਸਤੀ ਹੇਠ ਦੱਖਣੀ-ਪੱਛਮੀ ਪੰਜਾਬ ਵਿੱਚ ਗੁਰਸਿੱਖੀ ਦਾ ਪ੍ਰਚਾਰ ਕੀਤਾ, ਫਿਰ ਗੁਰੂ ਹਰਿਰਾਇ ਜੀ ਦੇ ਵੇਲੇ ਆਪ ਸਿੱਖੀ ਦੇ ਪ੍ਰਚਾਰ ਲਈ ਦਿੱਲੀ ਵੀ ਗਏ ਅਤੇ ਉਥੇ ਮੁਗਲ ਸਲਤਨਤ ਦੇ ਹਿੰਦੂ ਜਨਤਾ ਉਪਰ ਕੀਤੇ ਜਾ ਰਹੇ ਅਣਮਨੁੱਖੀ ਜ਼ੁਲਮਾਂ ਨੂੰ ਵੀ ਭੰਡਿਆ। ਭਾਈ ਸੁਥਰਾ ਜੀ ਦੀ ਜ਼ਿੰਦਾਦਿਲੀ, ਮਸਖਰੀ ਸੁਭਾਅ ਅਤੇ ਤਿਆਗ-ਭਾਵਨਾ (ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ) ਪੰਜਾਬ ਦੇ ਲੋਕ-ਮਨ ਵਿੱਚ ਪ੍ਰਸਿੱਧ ਸੀ। ਅਜਿਹੇ ਗੁਣਾਂ ਦੀ ਬਦੌਲਤ ਭਾਈ ਸੁਥਰੇ ਸ਼ਾਹ ਨੂੰ ਗੁਰੂ ਹਰਿਰਾਇ ਜੀ ਨੇ ਬਖਸ਼ਿਸ਼ ਦਿੱਤੀ। ਆਪ ਜੀ ਦਾ ਜੀਵਨ ਕਾਲ ਸੰਨ 1625-1671[1] ਈ. ਤੱਕ ਮੰਨਿਆ ਜਾਂਦਾ ਹੈ। ਆਪ ਜੀ ਜੀਵਨ ਭਰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਨਿਰਾਲੇ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਦੇ ਰਹੇ।

* ਅਕਾਦਮੀ ਆਫ ਸਿੱਖ ਕਲਚਰ ਅਤੇ ਰਿਲੀਜਨ, ਪਟਿਆਲਾ




ਸੁਥਰੇਸ਼ਾਹੀ ਸੰਪ੍ਰਦਾ ਦੀ ਸ਼ਿਸ਼-ਪਰੰਪਰਾ (1625-1900 ਈ. ਲਗਭਗ ਤਕ)

ਭਾਈ ਸੁਥਰੇ ਸ਼ਾਹ ਜੀ ਨਾਲ ਹੀ ਸੁਥਰਾਸ਼ਾਹੀ ਸੰਪ੍ਰਦਾ ਸ਼ੁਰੂ ਹੋਈ। *ਡੈਂਜ਼ਿਲ ਇਬਟਸਨ* ਅਨੁਸਾਰ ਸੁਥਰਾਸ਼ਾਹੀ ਸੰਪ੍ਰਦਾਇ ਦਾ ਮੁੱਢ ਸੁਚਾ ਨਾਂ ਦੇ ਬ੍ਰਾਹਮਣ ਨੇ ਗੁਰੂ ਹਰਿਰਾਇ ਜੀ ਦੀ ਪ੍ਰੇਰਨਾ ਉੱਤੇ ਬੰਨ੍ਹਿਆ।[2] ਇਹ 'ਸੁਚਾ' ਕੋਈ ਹੋਰ ਵਿਅਕਤੀ ਨਹੀਂ ਸੀ ਬਲਕਿ ਭਾਈ ਸੁਥਰੇ ਸ਼ਾਹ ਦੀ ਹੀ ਉਪਾਧੀ ਮੰਨੀ ਜਾਂਦੀ ਹੈ। ਭਾਈ ਸੁਥਰੇ ਸ਼ਾਹ ਦੀ ਧਰਮ ਵਿੱਚ ਲਗਨ ਵੇਖ ਕੇ ਗੁਰੂ ਹਰਗੋਬਿੰਦ ਜੀ ਨੇ ਕਿਹਾ ਸੀ, ''ਇਹ ਸੁਥਰਾ ਹੀ ਨਹੀਂ, ਸੁਚਾ ਵੀ ਹੈ।''[3] ਆਪ ਜੀ ਦੀ ਸੰਪ੍ਰਦਾ ਸਿੱਖੀ ਦੀ ਇੱਕ ਮਹੱਤਵਪੂਰਨ ਸ਼ਾਖ ਸੀ।

**ਸੰਪ੍ਰਦਾ ਦਾ ਵਿਕਾਸ[4]**

ਭਾਈ ਸੁਥਰੇ ਸ਼ਾਹ ਜੀ ਦੀ ਬਖਸ਼ਿਸ਼ ਰੂਪ ਸੰਪ੍ਰਦਾ ਨੂੰ ਅੱਗੇ ਚਾਰ ਸਾਧੂਆਂ ਨੇ ਤੋਰਿਆ। ਇਹ ਸਨ – ਭਾਈ ਜਾਦੋ ਸ਼ਾਹ, ਭਾਈ ਝੂੰਜੇ ਸ਼ਾਹ, ਭਾਈ ਰਜਾਲ ਸ਼ਾਹ, ਭਾਈ ਅੰਧੇਰ ਸ਼ਾਹ। ਇਹਨਾਂ ਵਿੱਚੋਂ ਭਾਈ ਰਜਾਲ ਸ਼ਾਹ ਦੀ ਸ਼ਿਸ਼-ਪਰੰਪਰਾ ਬਹੁਤ ਵਧੀ ਫੁਲੀ। ਇਸ ਸੰਪ੍ਰਦਾ ਦੇ ਕੁਝ ਪ੍ਰਮੁਖ ਫ਼ਕੀਰਾਂ ਦਾ ਸੰਖੇਪ ਵੇਰਵਾ ਇਉਂ ਹੈ :

**ਭਾਈ ਜਾਦੋ ਸ਼ਾਹ :** ਭਾਈ ਜਾਦੋ ਸ਼ਾਹ ਜੀ, ਭਾਈ ਸੁਥਰੇ ਸ਼ਾਹ ਜੀ ਦੇ ਸੱਕੇ ਭਰਾ[5] ਸਨ ਅਤੇ ਮੁੱਢਲੇ ਚੇਲੇ ਸਨ। ਆਪ ਬਹੁਤ ਹਠੀਏ ਤਪੀਏ ਇਨਸਾਨ ਸਨ। ਆਪਣੇ ਆਖਰੀ ਸਮੇਂ ਵਿੱਚ ਸਿੱਖੀ ਦੇ ਪ੍ਰਚਾਰ ਲਈ ਆਪ 'ਬਲਖ' ਵਿਖੇ ਗਏ। ਅੰਤ ਆਪ ਸੰਮਤ 1700 (1682-83 ਈ.) ਵਿਚ ਕਾਬਲ ਤੇ ਕੰਧਾਰ ਦੇ ਵਿਚਕਾਰ ਜਲਾਲਾਬਾਦ (ਅਫ਼ਗਾਨਿਸਤਾਨ) ਸ਼ਹਿਰ ਵਿਖੇ ਗੁਰਪੁਰੀ ਸਿਧਾਰ ਗਏ।[6]

**ਭਾਈ ਝੂੰਜੇ ਸ਼ਾਹ :** ਭਾਈ ਝੂੰਜੇ ਸ਼ਾਹ, ਭਾਈ ਸੁਥਰੇ ਸ਼ਾਹ ਜੀ ਦੇ ਦੂਜੇ ਮੁੱਢਲੇ ਚੇਲੇ ਸਨ। ਆਪ ਭਾਈ ਸੁਥਰੇ ਦੇ ਜੀਵਨ ਕਾਲ ਵਿੱਚ ਹੀ ਗੁਰੂ ਹਰਿਰਾਇ ਜੀ ਵੱਲੋਂ ਬਖਸ਼ੀ ਪੋਥੀ ਤੇ ਮਾਲਾ ਲੈ ਕੇ ਉਹਨਾਂ ਤੋਂ ਅਲਗ ਹੋ ਕੇ ਕੰਧਾਰ ਸ਼ਹਿਰ (ਅਫ਼ਗਾਨਿਸਤਾਨ) ਵਿਖੇ ਚਲੇ ਗਏ ਅਤੇ ਉਥੇ ਆਪਣਾ ਡੇਰਾ ਸਥਾਪਿਤ ਕਰ ਲਿਆ।

**ਭਾਈ ਰਜਾਲ ਸ਼ਾਹ :** ਭਾਈ ਰਜਾਲ ਸ਼ਾਹ ਜੀ ਭਾਈ ਸੁਥਰੇ ਸ਼ਾਹ ਜੀ ਦੇ ਜੇਠੇ ਚੇਲਿਆਂ ਵਿੱਚੋਂ ਸਨ ਅਤੇ ਭਾਈ ਸੁਥਰੇ ਸ਼ਾਹ ਜੀ ਦੇ ਅਕਾਲ ਚਲਾਣੇ ਪਿਛੋਂ ਉਹਨਾਂ ਦੀ ਗੱਦੀ ਆਪ ਜੀ ਨੂੰ ਪ੍ਰਾਪਤ ਹੋਈ। ਆਪ ਜੀ ਜੀਵਨ ਭਰ ਨਿਰੰਕਾਰੀ ਧਰਮ ਦੇ ਪ੍ਰਚਾਰ ਵਿੱਚ ਜੁਟੇ ਰਹੇ। ਆਪ ਜੀ ਦੀ ਸ਼ਿਸ਼-ਪਰੰਪਰਾ ਬਹੁਤ ਫੈਲੀ। ਆਪ ਜੀ ਦੇ ਪ੍ਰਮੁਖ ਦੋ ਚੇਲੇ ਹੋਏ – ਭਾਈ ਸਹਜਾ ਨੰਦ ਜੀ ਤੇ ਭਾਈ ਝੰਗੜ ਸ਼ਾਹ ਜੀ।

**ਭਾਈ ਅੰਧੇਰ ਸ਼ਾਹ :** ਆਪ ਭਾਈ ਸੁਥਰੇ ਸ਼ਾਹ ਜੀ ਦੇ ਚੌਥੇ ਚੇਲੇ ਸਨ।

**ਭਾਈ ਸਹਜਾ ਨੰਦ :** ਆਪ ਭਾਈ ਰਜਾਲ ਸ਼ਾਹ ਜੀ ਦੇ ਸ਼ਿਸ਼ ਸਨ। ਆਪ ਜੀ ਸਿਆਲਕੋਟ (ਪਾਕਿਸਤਾਨ) ਵਿਖੇ ਪ੍ਰਚਾਰ ਕਰਦੇ ਰਹੇ ਅਤੇ ਇਥੇ ਹੀ ਆਪ ਜੀ ਦਾ ਯਾਦਗਾਰੀ ਅਸਥਾਨ ਬਣਿਆ ਹੋਇਆ ਸੀ।

**ਭਾਈ ਝੰਗੜ ਸ਼ਾਹ :** ਆਪ ਭਾਈ ਰਜਾਲ ਸ਼ਾਹ ਜੀ ਦੇ ਦੂਜੇ ਸ਼ਿਸ਼ ਸਨ। ਆਪ ਬਹੁਤ ਤੇਜ ਪ੍ਰਤਾਪ ਵਾਲੇ ਸਾਧੂ ਸਨ। ਆਪ ਨੇ ਭਾਈ ਰਜਾਲ ਸ਼ਾਹ ਜੀ ਦੀ ਯਾਦ ਵਿਚ ਇੱਕ ਧਰਮਸਾਲਾ ਲਾਹੌਰ ਸ਼ਹਿਰ ਦੇ ਮਸਤੀ ਤੇ ਰੋਸ਼ਨਾਈ ਦਰਵਾਜ਼ਿਆਂ ਵਿਚਾਲੇ, ਕੋਟੋਂ ਬਾਹਰਵਾਰ

ਬਣਵਾਈ, ਜਿਥੇ ਆਪ ਸਾਰੀ ਉਮਰ ਧਰਮ ਦਾ ਪ੍ਰਚਾਰ ਕਰਦੇ ਰਹੇ। ਆਪ ਦਾ ਦੇਹਾਂਤ ਅੱਸੂ ਦੀ ਸੰਗਰਾਂਦ ਨੂੰ ਹੋਇਆ। ਇਹ ਦਿਨ ਸੁਥਰੇਸ਼ਾਹੀ ਵਿਸ਼ੇਸ਼ ਰੂਪ ਵਿੱਚ ਮਨਾਉਂਦੇ ਹਨ। ਅੱਗੇ ਆਪ ਜੀ ਨੇ ਆਪਣੇ ਚਾਰ ਸ਼ਰਧਾਲੂਆਂ – ਭਾਈ ਮੁਸ਼ਤਾਕ ਸ਼ਾਹ, ਭਾਈ ਹਰੇ ਸ਼ਾਹ, ਭਾਈ ਮਹਿਬੂਬ ਸ਼ਾਹ ਅਤੇ ਭਾਈ ਸੰਗਤ ਸ਼ਾਹ ਨੂੰ ਫਕੀਰੀ ਦਾ ਭੇਖ ਬਖਸ਼ਿਆ।

**ਭਾਈ ਮੁਸ਼ਤਾਕ ਸ਼ਾਹ :** ਆਪ ਭਾਈ ਝੰਗੜ ਸ਼ਾਹ ਜੀ ਦੀ ਗੱਦੀ 'ਤੇ ਲਾਹੌਰ ਵਿਖੇ ਬੈਠੇ ਅਤੇ ਇਸੇ ਸ਼ਹਿਰ ਦੇ ਗੁਮਟੀ ਬਾਜ਼ਾਰ ਵਿੱਚ ਆਪ ਜੀ ਨੇ ਇੱਕ ਧਰਮਸਾਲਾ ਬਣਵਾ ਕੇ ਉਥੇ ਧਰਮ ਦਾ ਪ੍ਰਚਾਰ ਕਰਦੇ ਰਹੇ, ਆਪ ਜੀ ਦੀ ਸਮਾਧੀ ਵੀ ਇਸੇ ਟਿਕਾਣੇ ਉਤੇ ਬਣੀ ਹੋਈ ਹੈ।

**ਭਾਈ ਹਰੇ ਸ਼ਾਹ :** ਭਾਈ ਹਰੇ ਸ਼ਾਹ ਜੀ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਭਾਈ ਸੰਗਤਿ ਸ਼ਾਹ ਜੀ ਨਾਲ ਰਲ ਕੇ ਆਪਣੇ ਢੰਗ ਨਾਲ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ ਅਤੇ ਇਥੇ ਹੀ ਗੁਰਪੁਰੀ ਸਿਧਾਰੇ।

**ਭਾਈ ਗੁਲਾਬ ਸ਼ਾਹ :** ਆਪ ਭਾਈ ਮੁਸ਼ਤਾਕ ਸ਼ਾਹ ਦੇ ਪੋਤਰੇ ਚੇਲੇ ਸਨ। ਬਾਬਾ ਦੀਦਾਰ ਸ਼ਾਹ ਆਪ ਜੀ ਦੇ ਉਸਤਾਦ ਗੁਰੂ ਸਨ, ਜੋ ਡੇਰਾ ਝੰਗੜ ਸ਼ਾਹ ਲਾਹੌਰ ਦੇ ਮਹੰਤ ਸਨ ਅਤੇ ਉਹਨਾਂ ਤੋਂ ਬਾਅਦ ਆਪ ਇਸ ਡੇਰੇ ਦੇ ਮਹੰਤ ਬਣੇ।

**ਭਾਈ ਝੰਮਣ ਸ਼ਾਹ :** ਆਪ ਭਾਈ ਹਰੇ ਸ਼ਾਹ ਜੀ ਦੇ ਚੇਲੇ ਸਨ ਅਤੇ ਉਹਨਾਂ ਦੀ ਗੱਦੀ ਉਪਰ ਬਟਾਲਾ ਵਿਖੇ ਬੈਠੇ। ਆਪ ਨੇ ਇਥੇ ਨਿਰੰਕਾਰ ਦੇ ਧਰਮ ਦਾ ਖ਼ੂਬ ਪ੍ਰਚਾਰ ਕੀਤਾ।

ਇਸ ਤਰ੍ਹਾਂ ਇਸ ਸੰਪ੍ਰਦਾ ਦੇ ਸਾਧੂਆਂ ਨੇ ਦੇਸ਼ ਦੇਸ਼ਾਂਤਰ ਦੇ ਹਰ ਹਿੰਦੂ-ਮੁਸਲਮਾਨ ਤੱਕ ਗੁਰੂ ਨਾਨਕ ਦੇਵ ਜੀ ਦੇ ਇਲਾਹੀ ਨਾਦ ਦਾ ਸੁਨੇਹਾ ਪਹੁੰਚਾਇਆ। ਇਸ ਗੱਲ ਦਾ ਪ੍ਰਮਾਣ ਸੁਥਰਾਸ਼ਾਹੀ ਸੰਪ੍ਰਦਾ ਦੇ ਨਿਮਨ ਪ੍ਰਮੁਖ ਟਿਕਾਣੇ ਹਨ :

**ਸੁਥਰੇਸ਼ਾਹੀ ਟਿਕਾਣੇ**

1. ਸੁਥਰੇਸ਼ਾਹੀ ਧਰਮਸਾਲਾ, ਮਹੱਲਾ ਛੱਤੀ ਖੂਹੀ, ਚਾਵਲ ਮੰਡੀ, ਅੰਮ੍ਰਿਤਸਰ। (ਸੰਮਤ 1801 ਬਿ., ਸੰਨ 1844 ਈ. ਨੂੰ ਬਣਵਾਈ ਗਈ)
2. ਸੁਥਰੇਸ਼ਾਹੀ ਧਰਮਸਾਲਾ, ਖਜ਼ਾਨੇ ਦੇ ਕਟੜੇ, ਅੰਮ੍ਰਿਤਸਰ। (ਸੰਮਤ 1803 ਬਿ., ਸੰਨ 1846 ਈ. ਨੂੰ ਬਣਵਾਈ ਗਈ)
3. ਸੁਥਰੇਸ਼ਾਹੀ ਧਰਮਸਾਲਾ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ।
4. ਡੇਰਾ ਮਹਿਬੂਬ ਸ਼ਾਹ, ਪਿੰਡ ਸਨਾਵਰੀ, ਜ਼ਿਲ੍ਹਾ ਗੁਰਦਾਸਪੁਰ।
5. ਸੁਥਰੇਸ਼ਾਹੀ ਧਰਮਸਾਲਾ ਤੇ ਖੂਹੀ, ਪਿੰਡ ਬਹਿਰਾਮਪੁਰ, ਡਾਕਖਾਨਾ ਨੁਸ਼ਹਿਰਾ-ਨਲਬੰਦਾ, ਤਹਿ. ਤੇ ਜ਼ਿਲ੍ਹਾ ਗੁਰਦਾਸਪੁਰ।
6. ਸੁਥਰੇਸ਼ਾਹੀ ਧਰਮਸਾਲਾ ਬਹਿਰਾਮ ਪੁਰ, ਨੇੜੇ ਸਕੱਤਰੇਤ ਕੰਪਲੈਕਸ, ਬਾਰਾਮੂਲਾ, ਸ੍ਰੀ ਨਗਰ।
7. ਗੁਰਦੁਆਰਾ ਗੁਰੂ ਹਰਿਰਾਇ ਸਾਹਿਬ, ਨੂਰਮਹਿਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ।
8. ਸੁਥਰੇਸ਼ਾਹੀ ਧਾਮ, ਪਿੰਡ ਬਹਿਰਾਮਪੁਰ, ਜ਼ਿਲ੍ਹਾ ਗੁਰਦਾਸਪੁਰ।

9. ਡੇਰਾ ਝੰਗੜ ਸ਼ਾਹ, ਨੇੜੇ ਮਸਤੀ ਤੇ ਰੌਸ਼ਨਾਈ ਦਰਵਾਜ਼ਾ, ਲਾਹੌਰ (ਪਾਕਿਸਤਾਨ)।
10. ਸੁਥਰੇਸ਼ਾਹੀ ਧਰਮਸਾਲਾ ਬਾਵਾ ਮੁਸ਼ਤਾਕ ਸ਼ਾਹ, ਗੁਮਟੀ ਬਾਜ਼ਾਰ, ਲਾਹੌਰ (ਪਾਕਿਸਤਾਨ)।
11. ਸੁਥਰੇਸ਼ਾਹੀ ਧਰਮਸਾਲਾ, ਪਿੰਡ ਗਰੇਲੋ, ਜ਼ਿਲ੍ਹਾ ਲੜਕਾਣਾ, ਸਿੰਧ, ਪਾਕਿਸਤਾਨ।
12. ਧਰਮਸਾਲਾ ਗੁਰੂ ਨਾਨਕ ਦੇਵ ਜੀ, ਜੌਨਪੁਰ, ਬਨਾਰਸ, ਉੱਤਰ ਪ੍ਰਦੇਸ਼।
13. ਸੁਥਰੇਸ਼ਾਹੀ ਧਰਮਸਾਲਾ ਭਾਈ ਜਾਦੋ ਸ਼ਾਹ, ਕੰਧਾਰ, ਅਫਗਾਨਿਸਤਾਨ।

ਭਾਈ ਸੁਥਰੇ ਸ਼ਾਹ ਜੀ ਦੀ ਇਹ ਸੰਪ੍ਰਦਾ ਮਹਾਰਾਜਾ ਰਣਜੀਤ ਸਿੰਘ ਕਾਲ ਤੱਕ ਬਹੁਤ ਵਿਕਸਿਤ ਹੋਈ। ਪਰ ਇਸ ਕਾਲ ਵਿੱਚ ਆ ਕੇ ਇਸ ਸੰਪ੍ਰਦਾ ਵਿੱਚ ਸਿੱਖੀ ਤੋਂ ਉਲਟ ਪ੍ਰਕਾਰ ਦੀ ਨਿਯਮਾਵਲੀ ਪ੍ਰਚਲਿਤ ਹੋ ਗਈ। ਫਲਸਰੂਪ ਵੀਹਵੀਂ ਸਦੀ ਦੇ ਸ਼ੁਰੂ ਵਾਲੇ ਦੌਰ ਵਿੱਚ ਇਸ ਸੰਪ੍ਰਦਾ ਦੀ ਹਾਲਤ ਉਕਾ ਹੀ ਨਿਘਰ ਗਈ।[7]

## ਸੰਪ੍ਰਦਾ ਦਾ ਸਰੂਪ ਤੇ ਨਿਯਮਾਵਲੀ

ਸੁਥਰੇਸ਼ਾਹੀ ਸੰਪ੍ਰਦਾ ਸ਼ੁਰੂਆਤੀ ਦੌਰ ਵਿੱਚ ਸਿੱਖ ਧਰਮ ਦੇ ਕੇਂਦਰ ਨਾਲ ਜੁੜੀ ਹੋਈ ਸੀ। ਇਸ ਵਿੱਚ ਹਿੰਦੂ ਤੇ ਮੁਸਲਮਾਨ ਦੋਹਾਂ ਧਰਮਾਂ ਦੇ ਫਕੀਰ ਸ਼ਾਮਿਲ ਸਨ। ਇਹਨਾਂ ਦਾ ਮੁੱਖ ਮਕਸਦ ਸਿੱਖੀ ਦੇ ਸਰਬ ਸਾਂਝੇ ਅਸੂਲਾਂ ਦਾ ਨਿਰਾਲੇ ਢੰਗ ਨਾਲ ਪ੍ਰਚਾਰ ਕਰਨਾ ਸੀ।

'ਅੰਬਾਲਾ ਅਕਾਊਂਟ' ਵਿੱਚ ਦਰਸਾਇਆ ਗਿਆ ਹੈ ਕਿ ''ਜਦੋਂ ਬਾਰਾਂ ਸਾਲਾਂ ਦੀ ਉਮਰ ਵਿੱਚ ਔਗੁਣ ਸ਼ਾਹ (ਸੁਥਰੇ ਸ਼ਾਹ) ਦਿੱਲੀ ਵਿਖੇ ਗਿਆ ਤਾਂ ਔਰੰਗਜ਼ੇਬ ਆਪ ਦੇ ਵਿਨੋਦੀ ਸੁਭਾਅ ਤੋਂ ਬਹੁਤ ਪ੍ਰਸੰਨ ਹੋਇਆ। ਬਾਦਸ਼ਾਹ ਨੇ ਉਸ (ਸੁਥਰੇ ਸ਼ਾਹ) ਨੂੰ ਇੱਕ ਰੁਪਇਆ ਦੇਣਾ ਚਾਹਿਆ। ਆਪ ਨੇ ਇਹ ਕਹਿ ਕੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਕੱਲ੍ਹ ਨੂੰ ਤੁਸੀਂ ਮੁੜ ਦੇਣਾ ਨਹੀਂ। ਇਸ ਤਰ੍ਹਾਂ ਉਸ ਨੂੰ ਬਾਦਸ਼ਾਹ ਨੇ ਹਰ ਦੁਕਾਨ ਤੋਂ ਇੱਕ ਪੈਸਾ ਉਗਰਾਹੁਣ ਦਾ ਹੱਕ ਦੇ ਦਿੱਤਾ। ਇਸ ਦੇ ਪੈਰੋਕਾਰ 'ਸੁਥਰੇ' ਕਹਾਉਂਦੇ ਹਨ ਅਤੇ ਆਦਿ ਗੁਰੂ, ਗੁਰੂ ਨਾਨਕ ਨੂੰ ਮੰਨਦੇ ਹਨ।''[8]

ਇਸ ਦੇ ਸ਼ਰਧਾਲੂ 'ਹਰ ਦਮ ਨਾਨਕ ਸ਼ਾਹ ਗੁਰੂ। ਧਰਮ ਦਾ ਬੇੜਾ ਪਾਰ ਲਾ ਗੁਰੂ।' ਗਾਉਂਦੇ ਪੈਸੇ ਮੰਗਦੇ ਦੇਖੀਦੇ ਹਨ।''[9] ਪੈਸਾ ਉਗਰਾਹੁਣ ਦਾ ਹੱਕ, ਇਸ ਸੰਪ੍ਰਦਾ ਦੇ ਲਗਭਗ ਅਲੋਪ ਹੋਣ ਦੇ ਕਾਰਣਾਂ ਵਿੱਚੋਂ ਪ੍ਰਮੁਖ ਹੈ ਕਿਉਂਕਿ ਇਹ ਸਾਧੂ ਅੱਗੋਂ ਨਿਰਲੇਪੀ ਸੁਭਾਅ ਦੇ ਨਾ ਰਹੇ। ਸੁਥਰੇਸ਼ਾਹੀ ਫਕੀਰਾਂ ਦੀ ਨਿਯਮਾਵਲੀ ਸਮੇਂ-ਸਮੇਂ ਬਦਲਦੀ ਰਹੀ ਹੈ; ਪਹਿਲਾਂ ਦਰਸਾਏ ਅਨੁਸਾਰ ਇਸ ਸੰਪ੍ਰਦਾ ਦੇ ਫਕੀਰ ਮਹਾਰਾਜਾ ਰਣਜੀਤ ਸਿੰਘ ਕਾਲ ਸਮੇਂ ਹੌਲੀ-ਹੌਲੀ ਸਿੱਖੀ ਦੇ ਧੁਰੇ ਵਾਂਝੇ ਹੋਣ ਲੱਗ ਪਏ। ਫਲਸਰੂਪ ਇਹਨਾਂ ਦੀਆਂ ਰੀਤਾਂ ਕਈ ਥਾਂ ਸਿੱਖੀ ਦੇ ਅਨੁਰੂਪ ਨਾ ਰਹੀਆਂ। ਮਹਾਰਾਜਾ ਰਣਜੀਤ ਸਿੰਘ ਕਾਲ ਵੇਲੇ ਇਸ ਸੰਪ੍ਰਦਾ ਦੀ ਨਿਯਮਾਵਲੀ ਨਿਮਨ ਪ੍ਰਕਾਰ ਦੀ ਸੀ[10] :

1. **ਚਰਨਾਮ੍ਰਿਤ ਦੀ ਰਸਮ :** ਸਭ ਤੋਂ ਪਹਿਲਾਂ ਅਭਿਲਾਖੀ ਪੁਰਖ, ਮਹੰਤ ਅੱਗੇ ਪ੍ਰਸ਼ਾਦ ਆਦਿ ਰੱਖਦਾ ਸੀ। ਮਹੰਤ ਉਸ ਦੇ ਕੇਸ ਲੁਹਾ ਕੇ ਘੋਨ-ਮੋਨ ਬਣਵਾ ਦਿੰਦਾ। ਫਿਰ ਪੰਜ ਸੁਥਰੇ ਸਾਧੂਆਂ ਦੇ ਸੱਜੇ ਪੈਰ ਦੇ ਅੰਗੂਠੇ ਧੋ ਕੇ; ਉਸ ਪਾਣੀ ਵਿੱਚ ਮਿਠਾ ਮਿਲਾ ਕੇ ਚਰਨਾਮ੍ਰਿਤ

ਤਿਆਰ ਕੀਤਾ ਜਾਂਦਾ ਸੀ। ਬਾਅਦ ਵਿੱਚ ਸੂਰਜ ਦੇ ਸਨਮੁਖ ਖੜ੍ਹਾ ਕੇ ਨਵ-ਚੇਲੇ ਤੋਂ ਇਹ ਸ਼ਬਦ ਪੜ੍ਹਵਾਇਆ ਜਾਂਦਾ ਸੀ :

ਸਬਦੇ ਧਰਤੀ ਸਬਦਿ ਅਗਾਸ। ਸਬਦੇ ਸਬਦੁ ਭਇਆ ਪ੍ਰਕਾਸ।
ਸਤਿ ਕੀ ਛੁਰੀ, ਸਬਦ ਕਾ ਪਾਨੀ। ਗੁਰੂ ਨੇ ਮੂੰਡੇ ਜਗਤ ਨੇ ਜਾਨੀ।
ਚੰਦ ਸੂਰਜ ਨੇ ਸਾਖੀ ਦੀਨੀ। ਬ੍ਰਹਮਾ ਬਿਸਨ ਮਹਾਦੇਵਿ ਮਾਨ ਲੀਨੀ।
ਮਨ ਮੂੰਡੇ ਨਾ ਮੂੰਡ ਮੂੰਡ ਮੂੰਡਾਉ। ਬਿਨੁ ਮਨ ਮੂੰਡੇ ਮੁਕਤਿ ਨ ਪਾਉ।
ਨਾਨਕ ਨਿਰੰਜਨ ਸ੍ਰੀ ਚੰਦ, ਬਾਲਾ ਜੀ ਤੇ ਪਰਮਗਤਿ ਪਾਉ।
ਚੋਟੀ ਕਟਾਂ ਅਮਰ ਰਸ ਪੀਆ।
ਕਲਿਯੁਗ ਮਹਿ ਆਕਰ ਸੁਥਰੇ ਮਰਦ ਕਾ ਸਰਨਾ ਲੀਆ।

ਇਸ ਤੋਂ ਬਾਅਦ ਚਰਨਾਮ੍ਰਿਤ ਦਿੱਤਾ ਜਾਂਦਾ ਸੀ।

**2. ਨਿਤ ਕ੍ਰਿਆ**

(ੳ) ਐਤਵਾਰ ਨੂੰ ਆਪਣੇ ਦੋਹਾਂ ਡੰਡਿਆਂ ਨੂੰ ਜਲ ਨਾਲ ਇਸ਼ਨਾਨ ਕਰਵਾਉਣਾ ਅਤੇ ਮਿੱਠਾ ਭੋਜਨ ਛਕਣਾ।

(ਅ) ਦੋਵੇਂ ਡੰਡੇ ਵਜਾ ਕੇ ਨਿਤ ਮੰਗ ਖਾਣਾ। ਡੰਡੇ ਵਜਾਉਂਦੇ ਸਮੇਂ ਗੁਰਬਾਣੀ ਦੇ ਸ਼ਬਦ ਜਾਂ ਭਾਈ ਸੁਥਰੇ ਸ਼ਾਹ ਜੀ ਦੀ ਰਚਨਾ 'ਚੋਂ ਬੰਦ ਗਾਉਣੇ।

(ੲ) ਗੱਦੀ-ਨਸ਼ੀਨ ਸਾਧੂ ਕਫਨੀ ਪਹਿਨਦਾ ਸੀ। ਹੋਰ ਕਈ ਸਾਧੂ ਮੰਗਣ ਵੇਲੇ ਮੂੰਹ ਵੀ ਕਾਲਾ ਕਰ ਲੈਂਦੇ ਸਨ।

(ਸ) ਮਹੰਤਾਂ ਦੀਆਂ ਸਮਾਧਾਂ ਉਪਰ ਹਰ ਵੇਲੇ ਦੀਵਾ ਜਗਦਾ ਰੱਖਣਾ ਅਤੇ ਦੋ ਵੇਲੇ ਸੰਖ ਵਜਾਉਣਾ।

ਮਹੰਤ ਗਣੇਸ਼ਾ ਸਿੰਘ ਜੀ ਨੇ ਵੀਹਵੀਂ ਸਦੀ ਦੇ ਮੁਢਲੇ ਦੌਰ ਸੁਥਰਿਆਂ ਦੀਆਂ ਰਹੁ-ਰੀਤਾਂ ਨਿਮਨ ਦਰਸਾਈਆਂ ਹਨ :

(ੳ) ਚਰਨਾਮ੍ਰਿਤ ਪਿਲਾ ਕੇ ਚੇਲਾ ਕਰਨਾ ਤੇ 'ਸਤਿਨਾਮ' (ਵਾਹਗੁਰੂ) ਮੰਤ੍ਰ ਦੇਣਾ।

(ਅ) ਪਰਮੇਸ਼ਰਿ, ਗੁਰੂ ਅਰੁ ਦੇਵੀ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਮੰਨਣਾ।

(ੲ) ਪੈਸਾ ਪੈਸਾ ਹੱਟੀਆਂ ਤੋਂ ਮੰਗਣ ਬਗੈਰ, ਹੋਰ ਕੋਈ ਕਿਰਤ ਨਾ ਕਰਨੀ।

(ਸ) ਮੁਛਾਂ ਰੱਖ ਕੇ ਸਿਰ ਮੁਨਾ ਦੇਣਾ ਮਰਯਾਦਾ ਹੈ।

(ਹ) ਮਾਸ, ਸ਼ਰਾਬ ਖਾਣ-ਪੀਣ ਦੀ ਮਨਾਹੀ ਨਹੀਂ ਹੈ।

(ਕ) ਇਸਤਰੀ ਰਖਣੀ ਭੀ ਬਿਵਰਜਤ ਨਹੀਂ।

(ਖ) ਭੰਗ, ਚਰਸ ਆਦਿ ਨਸ਼ਿਆਂ ਵਿੱਚ ਗਲਤਾਨ ਰਹਿਣਾ ਹੀ ਇਨ੍ਹਾਂ ਦੀ ਸਮਾਧੀ ਹੈ।

(ਗ) ਵਿਦਿਆ ਪੜ੍ਹਨ ਵਲ ਧਿਆਨ ਦੇਣਾ ਗੁਨਾਹ ਹੈ।

ਇਸ ਤਰ੍ਹਾਂ ਸੁਥਰੇਸ਼ਾਹੀ ਫਕੀਰਾਂ ਦੀਆਂ ਕਈ ਰੀਤਾਂ ਇੰਨੀਆਂ ਅਨੈਤਿਕ ਪੱਧਰ ਦੀਆਂ ਹੋ ਗਈਆਂ ਕਿ ਅੱਜ ਇਹ ਸੰਪ੍ਰਦਾ ਬੀਤੇ ਸਮੇਂ ਅਲਪ-ਚਰਚਿਤ ਜਿਹੀ ਸੰਪ੍ਰਦਾ ਬਣ ਕੇ ਰਹਿ

ਗਈ ਹੈ। ਸੋ, ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਇਤਿਹਾਸਕ ਵਿਰਸੇ ਵਿੱਚ ਝਾਤ ਮਾਰ ਕੇ ਭਵਿੱਖ ਲਈ ਸਾਵਧਾਨ ਹੋਈਏ।

## ਅੰਤਿਕਾ (ੳ)

## ਸੁਥਰੇਸ਼ਾਹੀ ਵਚਨਾਵਲੀ

ਸਲੋਕ

ਹਾਥੀ ਘੋੜੇ ਮਾਲ ਧਨ ਇਹ ਖਤਰਾ ਹੀ ਜਿੰਦ ਕਾ।
ਜੋ ਸੁਖ ਲੋੜੈਂ ਸੁਥਰਿਆ ਸਿਮਰ ਨਾਮ ਗੋਬਿੰਦ ਕਾ।੧।

ਢੋਲ ਵਜੈ ਘਰ ਲੁਟਿਆ ਲੋਕ ਜਾਣੈ ਵੀਆਹੁ।
ਸਾਹਿਬ ਅਰਥਿ ਨਾ ਥੀਜਿਓ ਹੋਇਓ ਮੁਖ ਸਿਆਹੁ।
ਜਿਤ ਵੇਲੈ ਲੇਖਾ ਮੰਗੀਐ ਗਲਿ ਪਲੂ ਤੇ ਮੁਹਿ ਘਾਹੁ।
ਰਾਹੋਂ ਘੁਥੇ ਸੁਥਰਿਆ ਤਿਨ੍ਹਾਂ ਨੂ ਵਡਾ ਦਾਹੁ।੨।

ਆਈ ਰੰਨ ਤਾਂ ਹੋਏ ਕੰਨ।
ਘਰ ਲੁਟਣ ਤੇ ਆਖੇ ਧੰਨ।
ਲੋਕਾਂ ਆਖਿਆ ਉਡਿਆ ਘਰੁ।
ਹੋਇਆ ਵੰਨੀ ਸੰਦਾ ਵਰੁ।
ਜਿਉ ਜਿਉ ਲਗਣ ਕੁਟੰਬ ਦੀਆਂ ਲੀਕਾਂ।
ਦੇ ਦੇਇ ਰੋਸੀ ਉਚੀਆਂ ਚੀਕਾਂ।੩।

ਮੁਕਟ ਬਣਾਇ ਸੰਧੂਰੀਆ ਹੁਇ ਬੈਠਾ ਰਾਉ।
ਸੁਥਰਿਆ ਨਸ ਦਈ ਦਿਆ ਮਾਰਿਆ ਜੇ ਲਗੀ ਦਾਉ।੪।

ਸਭਿ ਦੁਖੁ ਲਗੇ ਜਾਂ ਕੀਤੇ ਘਰੁ।
ਇਕੈ ਤ ਘਰ ਦੇ ਕੰਮ ਕਰ ਇਕੈ ਤ ਵਿਚੋਂ ਮਰੁ।੫।

ਵਿਆਹਿਆ ਲਾਹੂ ਲਾਹਿਆ ਲਏ ਲਾਹਿਆਂ ਘਰ ਥੋੜ।
ਸੁਥਰਿਆ ਨਸ ਦਈ ਦਿਆ ਮਾਰਿਆ ਜੈ ਲਗਿ ਬੰਧਨ ਤੋੜ।੬।

ਇਸ ਸੈਂਸਾਰ ਸਮੁੰਦ ਵਿਚਿ ਨਾਰੀ ਘੁਮਣ ਘੇਰਿ।
ਲਹਿਰੀਂ ਧੀਆਂ ਪੁਤ ਹੈਨਿ ਪਾਰਹੁ ਭੀ ਲਿਆਵਨਿ ਫੇਰਿ।੭।

ਧੀਆਂ ਧਾੜ ਤੇ ਪੁਤ੍ਰ ਫਾਹਾ ਰੰਨੁ ਦੁਖਾਂ ਦਾ ਖੂਹ।
ਇਸ ਘਾਣੀ ਤੇ ਸੁਥਰਿਆ ਕੋਈ ਹਰਿਜਨ ਕਢ ਧੂਹਿ।੮।

ਗਲ ਸਾਂਈ ਦੀ ਸਭ ਸੈਂ ਪਿਆਰੀ।
ਖੋਟੇ ਕਰਮੁ ਨ ਦੇਂਦੇ ਵਾਰੀ।
ਜੇ ਇਹੁ ਗਲ ਆਪਣੇ ਹਥ ਹੋਵੈ।

ਤਾਂ ਇਸ ਨਾਲਹੁੰ ਕੁਈ ਵਿਛੁੜਿ ਨ ਰੋਵੈ ।
ਸੁਥਰਿਆ ਆਜਿਜ ਹੋਇ ਫਰਿਆਦ ।
ਸਾਂਈ ਪਤਿਤ ਉਧਾਰਨ ਆਦਿ ਜੁਗਾਦਿ ।੯ ।

ਖਾਣੇ ਖਾਧੇ ਪਹਿਰਿ ਦੁਪਟੇ ਰਖਿ ਨ ਕੀਤੇ ਸੁਆਹ ।
ਇਨ੍ਹੀ ਗਲੀ ਸੁਥਰਿਆ ਕਿਥਹੁੰ ਹੋਈਐ ਬੇਪਰਵਾਹ ।੧੦ ।

ਸ਼ਾਬਸ਼ ਪਟੇ ਸ਼ਾਬਸ਼ ਮੁਠੇ ਸ਼ਾਬਸ਼ ਲੀਤੇ ਲੁਟ ।
ਸ਼ਾਬਾਸ਼ ਦਾ ਮਾਰਿਆ ਸੁਥਰਿਆ ਕਹੀਂ ਨ ਲਹਿਸੈਂ ਛੁਟ ।੧੧ ।

ਨਰਕੁ ਭੀ ਝੂਠਾ ਸੁਰਗੁ ਝੂਠੇ ਨੀ ਬੇਦ ਚਾਰੇ ।
ਅਗਲੀ ਗਲੁ ਜਿ ਆਖਹਿ ਸੁਥਰਿਆ ਤ ਖਲਲ ਪਵੀ ਸੈਂਸਾਰੇ ।੧੨ ।

ਜਾਂ ਜਾਂ ਤਾਂਈ ਇਹੁ ਹੈ ਤਾਂ ਤਾਂ ਤਾਂਈ ਉਹੁ ।
ਜੇ ਇਹੁ ਵਿਚਹੁੰ ਮਿਟਿ ਗਇਆ ਨਾ ਤਦ ਏਹੁ ਨ ਉਹੁ ।੧੩ ।

ਸੁਥਰਿਆ ਲੋਕਾਂ ਦੀਆਂ ਕਹਾਣੀਆਂ ਸਰੈ ਕੰਮੁ ਨ ਹੋਇ ।
ਜੇ ਤੈਂ ਕੰਮੁ ਸਵਾਰਨਾ ਸਿਮਰ ਸਵੇਰੇ ਸੋਇ ।੧੪ ।

ਸੁਥਰਿਆ ਜੰਵ ਦੁਆਰੈ ਆਈਆ ਜਿਉ ਲੁਟਣ ਨੂ ਧਾੜ ।
ਅੰਧੇ ਸੋਝੀ ਨਾ ਪਈ ਲੀਤੀ ਅੰਦਰਿ ਵਾੜ ।੧੫ ।

ਵਡੇ ਵੇਲੇ ਉਠ ਕੇ ਨਾਂ ਕਰ ਨ ਮੁਰਦੇ ਯਾਦ ।
ਏਹੁ ਜੁ ਦਿਸਨ ਜੀਵਦੇ ਸਭੇ ਵਾਦ ਵਿਬਾਦ ।੧੬ ।

ਸੁਥਰਾ ਸਾਹਿਬ ਆਰਸੀ ਪੇਖੇ ਸਭਿ ਸੰਸਾਰ ।
ਛੁਪਿਆ ਹੋਇਆ ਸਾਹਮਣੇ ਆਪਨੜਾ ਦੀਦਾਰ ।੧੭ ।

ਜਿਉਂ ਦਸ ਗਲਾਂ ਹੋਰ ਨਿ ਰਾਮ ਕ੍ਰਿਸਨ ਭੀ ਗਲ ।
ਝਗੜਾ ਚੁਕਾ ਸੁਥਰਿਆ ਘਟ ਘਟ ਬੈਠਾ ਮਲਿ ।੧੮ ।

ਅਜਪਾ ਜਾਪ ਜਪੁ ਸੁਥਰਿਆ ਨਿਛਿ ਪਦਿ ਡੀਕਾਰਿ ।
ਖਾਣ੍ਹਾ ਹਗਣਾ ਮੂਤਣਾ ਸਉਣਾ ਪੈਰ ਪਸਾਰਿ ।੧੯ ।

ਅਠੇ ਦਾਣੇ ਸਿਮਰਨੀ ਰਖੇ ਪਉਣ ਪਰੋਇ ।
ਘਟ ਘਟਿ ਅੰਤਰਿ ਪੂਰਿਆ ਸਹਜੇ ਸਿਮਰਨ ਹੋਇ ।੨੦ ।

ਧਾਗਾ ਟੁਟਾ ਪਉਣ ਦਾ ਮਣਕੇ ਲੈ ਗਈ ਖਿਲਾਇ ।
ਖਾਲੀ ਖਪਰ ਸੁਥਰਿਆ ਆਏ ਦਬਿ ਜਲਾਇ ।੨੧ ।

ਕੋਈ ਸਮਝੈ ਮਸਖਰੀ ਕੋਈ ਬ੍ਰਹਮ ਗਿਆਨ ।

ਏਹੀ ਦੇਹੀ ਸੁਥਰਿਆ ਰਾਮ ਕਿਸਨ ਭਗਵਾਨ ।੨੨।

ਅਣਗਿਣਤੀ ਹੋਇ ਪਸਰਿਆ ਗਿਣਤੀ ਪਾਇਆ ਰੋਲ।
ਰਹੰਦਾ ਖਹੁੰਦਾ ਸੁਥਰਿਆ ਕਾਗਦ ਵਿਚਿ ਘਚੋਲ ।੨੩।[11]

ਆਰ ਗੰਗਾ ਪਾਰ ਗੰਗਾ ਵਿਚ ਮੈਂ ਤੇ ਤੂੰ।
ਲਹਿਣਾ ਲੈਣਾ ਸੁਥਰਿਆ ਵਿਚ ਨਾਸੀ ਦੇ ਕੇ ਧੂੰ ।੨੪।

ਲੋਕ ਡਰਾਵਨਿ ਕਾਰਣੇ ਕੀ ਤੈਂ ਭੇਖ ਬਣਾਇਆ।
ਨਿਰ ਉਦਮ ਟੁਕੜਾ ਖਾਉਣਾ ਬਾਬਾ ਨਾਮ ਸਦਾਇਆ।
ਜਿਉ ਜਿਉ ਚੜ੍ਹਨ ਸ਼ਰੀਣੀਆਂ ਤਿਉ ਤਿਉ ਵਧਦਾ ਜਾ।
ਦੇਇ ਦੁਆਈਂ ਖੁਲ੍ਹੀਆਂ ਅਗਲੀ ਗਲ ਨ ਕਾ ।੨੫।[12]

ਸੁਥਰਿਆ ਜੇ ਬਾਬੇ ਨੂੰ ਅਕਲ ਹੋਵੇ ਤਾਂ ਪੂਜਾ ਉਹ ਕਿਉ ਕਰਾਏ।
ਬਾਬਾ ਬਪੁੜਾ ਕੀ ਕਰੇ ਜਿ ਦਿਤੋਸੁ ਰਿਜਕ ਖਿੰਡਾਇ।
ਜਿਉ ਦੇਵੇ ਤਿਉ ਖਾਵਣਾ ਡਾਢੇ ਦੀ ਸਤ ਰਜਾਇ ।੨੬।

ਘਰ ਦੇ ਧਾੜ ਵਧਾਈਓਿ ਤੇ ਨਾਮ ਰਖਾਓ ਜੰਦ।
ਜਿਉ ਜਿਉ ਝੁਗਾ ਲੁਟਿਓਿ ਤਿਉ ਤਿਉ ਕਹੀਏ ਧੰਨ ।੨੭।

ਇਹ ਕੁਟੰਬ ਦੁਖਾਂ ਦਾ ਘਰ ਨਿਕਲ ਭਜ ਨਾ ਫਾਥਾ ਮਰ।
ਸਾਧਾਂ ਵਾਲਾ ਹੋਕਾ ਸੁਨ ਜਾਨ ਨਾਲ ਇਹ ਦੇਹੀ ਨੂੰ ਘੁਨ ।੨੮।

ਇਹ ਵਧਾਈ ਗ੍ਰਿਹਸਤ ਦੀ ਜਿਨ੍ਹਾਂ ਖੁਸ ਹੋਇ ਝਾਲੀ।
ਭੌਂਕ ਮੋਏ ਓਹ ਸੁਥਰਿਆ ਜਿਉ ਕੁਤਾ ਵਿਚ ਡਾਲੀ ।੨੯।[13]

ਰੰਨ ਕਾਠ ਤੇ ਪੁਤਰ ਕਿਲੀ।
ਦਬ ਕੇ ਠੋਕੋ ਸੁਥਰਿਆ ਕਦੀ ਨਾ ਹੋਵੇ ਢਿਲੀ ।੩੦।[14]

## ਸਬਦ
## ਰਾਗ ਰਾਮਕਲੀ

ਸਾਧੋ ਆਪਾ ਹੀ ਮੈ ਸੋਧਉ।
ਤਾ ਮਹਿ ਤਤ ਨਿਰੰਜਨ ਬਸਿਆ ਮਨ ਹੀ ਮਨ ਪਰਬਧੋਉ ॥੧॥ਰਹਾਉ॥
ਕਾਸਟਿ ਮਾਹਿ ਜੈਸੇ ਅਗਨਿ ਬਸਤਿ ਹੈ ਮਥਨ ਕੀਏ ਤੇ ਜਾਰੈ॥
ਤੈਸੇ ਕਾਇਆ ਮਹਿ ਬ੍ਰਹਮ ਬਸਤ ਹੈ ਜੇ ਕੋਈ ਆਪ ਬਿਚਾਰੈ॥੧॥
ਦੂਧ ਮਾਹਿ ਜੈਸੇ ਘ੍ਰਿਤ ਹੈ ਮਥਨ ਕੀਏ ਤੇ ਜਾਪੈ॥
ਦੂਧੁ ਮਥਿਆ ਘ੍ਰਿਤੁ ਪ੍ਰਗਟ ਦਿਖਾਨਾ ਮਨਿ ਮਥਿਆ ਹਰਿ ਆਪੇ॥੨॥

ਫੂਲੁ ਮਾਹਿ ਜੈਸੇ ਬਾਸੁ ਬਸਤਿ ਹੈ ਤੈਸੇ ਰਹੈ ਨਿਰੰਤਰਿ॥
ਜਿਨਿ ਜਿਨਿ ਖੋਜਿਆ ਤਿਨਿ ਤਿਨਿ ਪਾਇਆ ਪੂਰੇ ਗੁਰ ਕੇ ਮੰਤਰਿ॥੩॥
ਧਰਣਿ ਪਰਿ ਨੀਰੁ ਨੀਰੁ ਪਰਿ ਧਰਣੀ ਇਹੀ ਬ੍ਰਹੁ ਅਰੁ ਮਾਇਆ॥
ਸੁਥਰੇ ਕਾ ਗੁਰੁ ਸੁਥਰਾ ਕਹੀਐ ਸੁਥਰੇ ਪ੍ਰਗਟਿ ਦਿਖਾਇਆ॥੪॥੧॥

### ਰਾਗੁ ਖਟ

ਹੋਵਨਾ ਨਾ ਰਹੈ ਕਾਲ ਕੈਸੇ ਬਚੈ ਭਰਮੁ ਕੀ ਪੋਟਿ ਸਿਰਿ ਭਾਰੀ॥ਰਹਾਉ॥
ਅਨੇਕ ਸਿਧਾ ਪਏ ਭੇਖ ਮੋ ਪਚਿ ਮੁਏ ਛਾਨਿ ਕੇ ਛਾਰਿ ਸਿਰਿ ਬਹੁਤ ਵਾਰੀ।
ਕਾਨਿ ਫੂਕਾਇ ਕੈ ਭੇਖ ਦਰਸਨ ਲੀਓ ਏਕ ਮਨ ਮਾਹਿ ਜੋ ਰਹੇ ਤਾਰੀ॥੧॥
ਕਲਾ ਕੇ ਕੋਟ ਮੋ ਹੁਨਰ ਕਾ ਖੇਲ ਹੈ ਸੁਰਤਿ ਅਰੁ ਨਿਰਤਿ ਲੈ ਫਿਰਤਿ ਡੋਲੈ।
ਗਿਆਨੁ ਅਰੁ ਧਿਆਨੁ ਕਰਿ ਅੰਤਿ ਨਹੀ ਪਾਈਐ ਕਉਣ ਇਹੁ ਰੂਪੁ ਜੋ ਸਬਦੁ ਬੋਲੈ॥੨॥
ਆਪ ਮੋ ਅਵਰ ਹੈ ਅਵਰ ਮੋ ਆਪ ਹੈ ਏਕ ਅਨੇਕ ਕਹੁ ਕਿਸਹਿ ਟੋਲੈ।
ਉਰਝ ਕੈ ਸੁਰਝਿ ਮੋ ਸਿਖੁ ਅਰੁ ਗੁਰੁ ਕੀਆ ਸਬਦੁ ਕੀ ਗਾਂਠਿ ਕੋ ਸਬਦੁ ਖੋਲ੍ਹੈ॥੩॥
ਜਨਮੁ ਅਰੁ ਮਰਨੁ ਕੀ ਖਬਰ ਨਹੀ ਪਾਈਐ ਜਿਮੀ ਅਸਮਾਨ ਕਾ ਤੋਲੁ ਤੋਲੈ।
ਅਜਬ ਹੈਰਾਨਗੀ ਦੇਖੀਐ ਸੁਥਰਿਆ ਪੰਡਿਤਾ ਪੜ੍ਹਿ ਪੜ੍ਹਿ ਪਏ ਭੋਲੈ॥੪॥

### ਵਾਰ

### ਰਾਗੁ ਮਾਰੂ॥ ਪਉੜੀ॥

ਸਿਮਰਉ ਸਚੈ ਸਾਹਿਬੈ ਮਉਜੈ ਦਰੀਆਵੈ।
ਲਖ ਚਉਰਾਸੀਹ ਜੀਅ ਜੰਤ ਸਭਿ ਤੁਧ ਨੋ ਧਿਆਵੈ।
ਬ੍ਰਹਮਾ ਥਾਕਾ ਨਿਗਮ ਥਕੇ ਕਛੁ ਪਾਰ ਨ ਪਾਵੈ।
ਪਾਰ ਨਾ ਪਾਵੈ ਸੰਕਰਾ ਬਹੁ ਧਿਆਨ ਲਗਾਵੈ।
ਤੂੰ ਬਿਅੰਤ ਬੇਪਰਵਾਹ ਜੀ ਤੇਰਾ ਅੰਤਿ ਨ ਪਾਵੈ।
ਵਾਹ ਵਾਹ ਕੀ ਕੇਤੀ ਮੁਖਿ ਗਾਵੈ॥੧॥

ਸਿਮਰਹੁ ਆਦਿ ਨਿਰੰਜਨਾ ਜਿਨਿ ਦੇਹ ਬਣਾਇਆ।
ਲਖ ਚਉਰਾਸੀਹ ਭ੍ਰਮਦਿਆ ਨਰੁ ਦੇਹੀ ਪਾਇਆ।
ਕਾਮੁ ਕ੍ਰੋਧੁ ਲੋਭੁ ਮਹਿ ਬਹੁ ਜਨਮੁ ਗਵਾਇਆ।
ਤਬ ਅਉਸਰ ਗਇਆ ਵਿਹਾਇਕੈ ਫਿਰਿ ਪਛੋਤਾਇਆ।
ਨਾਮ ਵਿਹੂਣਾ ਪ੍ਰਾਨੀਆ ਜਮਿ ਬੰਨਿ ਚਲਾਇਆ।
ਉਹੋ ਦੇਖਹੁ ਜੀ ਪਤਿ ਬਿਨੁ ਆਇਆ॥੨॥

ਉਥੈ ਤ੍ਰੀਮਤ ਰਹੀ ਖੜੋਤੀਆ ਪੁਤ੍ਰ ਸਣਿ ਭਾਈ।
ਹਸਤੀ ਘੋੜੇ ਮਾਲ ਧਨ ਕਛੁ ਨਾਲਿ ਨ ਜਾਈ।
ਤਦਹੂੰ ਸਿਮਰਿਆ ਦੇਵੀ ਦੇਵਤਾ ਕਉਣ ਸਹਾਈ।
ਤਦ ਨ ਸਵੇਰੈ ਚੇਤਿਓ ਹੁਣਿ ਬਣੈ ਨ ਕਾਈ।

ਓਹੁ ਦੇਖਹੁ ਜੀ ਮਨਮੁਖ ਮਾਰੀਅਨੁ ਬਹੁ ਲਹਹਿ ਸਜਾਈ ॥੩॥
ਜਿਥੈ ਲੇਖਾ ਮੰਗੀਐ ਖੜਿ ਉਥੈ ਪਹੁੰਚਿਆ ।
ਅਗੋਂ ਕਾਗਦੁ ਕਢਿਆ ਕਾਗਦੀ ਮੁੰਹ ਮੁਗਧਿ ਛਪਾਇਆ ।
ਉਸ ਦਰਿ ਮੁਹੇ ਮੁਹੁ ਮਾਰਿਆ ਮਨ ਮਹਿ ਪਛੁਤਾਇਆ ।
ਓਥੈ ਦੇਵੀ ਸਿਧ ਨ ਮੰਨੀਐ ਨਹੀ ਲੈਨ ਛਡਾਇਆ ।
ਵਾਹਿ ਵਾਹਿ ਜੀ ਚਉਰਾਸੀ ਭਰਮਾਇਆ ॥੪॥

ਜਿਨ੍ਹਾਂ ਸਤਿਗੁਰੁ ਸਿਮਰਿਆ ਸੁਨਹੁ ਜੀ ਤਿਨ੍ਹਾਂ ਦੀ ਵਡਿਆਈ ।
ਮੇਰਾ ਮੂੰਹ ਛੋਟਾ ਉਨ੍ਹਾਂ ਦਾ ਅਗਲਾ ਮੈ ਕਿਤਨਾ ਕੁ ਗਾਈ ।
ਉਨ੍ਹਾਂ ਦੇਵੀ ਸਿਧ ਨ ਜਾਨਿਆ ਲਿਵ ਇਕੋ ਲਾਈ ।
ਆਵਾਗਉਣੀ ਤੌਂ ਰਹੇ ਮਿਲਿ ਜੋਤੀ ਜੋਤਿ ਸਮਾਈ ।
ਦੇਖਹੁ ਜੀ ਨਾਮੇ ਦੀ ਵਡਿਆਈ ॥੫॥

ਓਹੁ ਚਾਕਰ ਵਡੀ ਠਉਰ ਦਾ ਕਰਨੀ ਹੈ ਪੂਰਾ ।
ਘੋੜਾ ਉਸ ਦਾ ਲਖ ਦਾ ਹਥਿਆਰੀ ਸੂਰਾ ।
ਘਾਉ ਨ ਖਾਇ ਮਗਰ ਵਿਚਿ ਸਨਮੁਖਿ ਮਗਰੂਰਾ ।
ਖਵਈਆ ਸਾੜੇ ਦੁਧ ਦਾ ਕਦੇ ਖਾਇ ਨ ਕੂਰਾ ।
ਸਭੇ ਗਲਾ ਊਣੀਆ ਨਾਉ ਤੇਰਾ ਪੂਰਾ ॥੬॥

ਉਸਤਤਿ ਹਰਿ ਕੇ ਨਾਮ ਕੀ ਮੁਖਿ ਕਹਾ ਬਖਾਨਾ ।
ਸਤਿਗੁਰੁ ਸਰਣੀ ਆਇ ਕੈ ਮਿਟਿ ਗਿਆ ਆਵਣੁ ਜਾਣਾ ।
ਦੁਖੁ ਸੁਖੁ ਕਦੇ ਨ ਵਿਆਪਈ ਮਿਟੀ ਜਮ ਕਾਣਾ ।
ਨਰਕੁ ਸੁਰਗੁ ਬੈਕੁੰਠ ਤਜਿ ਨਿਰਭਉ ਪੁਰਿ ਜਾਣਾ ।
ਜਿਥੈ ਵਸਣਿ ਨਿਰੰਜਨਾ ਓਹੁ ਦਿਤਾ ਥਾਣਾ ॥੭॥

ਸੰਤ ਜਨਾਂ ਕੇ ਚਰਨ ਕਾ ਇਕ ਕੀਟੁ ਕਹਾਵਾ ।
ਹਉ ਢਾਢੀ ਪਰਵਰਦਿਗਾਰ ਦਾ ਤਿਸ ਦਾ ਜਸੁ ਗਾਵਾ ।
ਤੂੰ ਗੁਣੀ ਬਿਅੰਤ ਅਥਾਹੁ ਜੀ ਕੀ ਕਹੁ ਆਖ ਸੁਨਾਵਾ ।
ਏਕੋ ਨਾਮ ਧਿਆਵਈ ਦੂਜਾ ਨਹੀ ਭਾਵਾ ।[15]
ਸੁਥਰਿਆ ਇਕ ਤਿਹਾਈ ਨਾਨਕ ਨੂੰ ਜੋ ਮਿਲੈ ਜਮੁ ਤ੍ਰਾਸ ਨ ਪਾਵਾ ॥੮॥[16]

**ਸਬਦ**

ਸਾਚ ਸਾਦਿਕ ਨਬੀ ਜਹਾਨ । ਚਾਰ ਕਿਤਾਬਾਂ ਮੰਨੇ ਜਹਾਨ ।
ਜੋ ਸ਼ਰਾ ਸ਼ਰੀਅਤ ਮੰਨੇ ਨਾਹੀ ਵਹੁ ਅਸਲ ਨਹੀ ਉਸ ਕੀ ਗਤਿ ਨਾਹੀ ।
ਮਥਾ ਸਫੈਦ ਸਿਰ ਸਫਾ ।
ਮਸੀਤ ਨੈਣ ਕਾਨ ਕਾਬਾ ।

ਨਾਕ ਹਰੀਕਾ ਨਫਰ ਹਾਥ ।
ਬਹਿਸ਼ਤ ਦੋਜ਼ਖ ਸੌਦੇ ਰਸੂਲ ।
ਹਾਲ ਕਾਲ ਦਲਕ ਫਕੀਰ ਦਰਗਹਿ ਹੋਆ ਕਬੂਲ ।[17]

**ਰਜਲ ਸ਼ਾਹ**

**ਰਾਗ ਰਾਮਕਲੀ**

ਚਲ ਪੋਸ਼ ਪੋਸ਼ੈ ਪੋਸ਼ ਰੇ ।
ਸਿਰ ਤੇਰੇ ਤੇ ਕਾਲ ਦਾ ਡੰਕਾ ਪਾਉ ਪਸਰਿ ਕੀਆ ਸੋਸ ਰੇ ॥੧॥
ਹੀਰਾ ਸਾ ਜਨਮ ਅਮੋਲਕ ਪਾਇਓ ਕਉਡੀ ਬਦਲੇ ਖੋਸ ਰੇ ॥੧॥
ਗੰਗਾ ਜਾਇ ਗੋਦਾਵਰ ਨਾਇਓ ਹਉਮੈ ਮੈਲ ਨ ਧੋਸ ਰੇ ॥੨॥
ਇਹਿ ਅਉਸਰ ਫਿਰਿ ਹਾਥਿ ਨ ਆਵੈ ਸਮਝ ਕਦੇ ਬੇਹੋਸ ਰੇ ॥੩॥
ਕਹੈ ਰਜਾਲਾ ਰਾਮ ਭਜਨ ਬਿਨੁ ਝੂਠੇ ਝਗੜੇ ਝੋਸ ਰੇ ॥੪॥[18]

**ਅੰਤਿਕਾ - (ਅ) ਸੁਥਰੇਸ਼ਾਹੀ ਰਵਾਇਤਾਂ**

(੧) **ਰਵਾਇਤ ਭਾਈ ਸੁਥਰੇ ਸ਼ਾਹ ਦਾ ਜਨਮ ਪ੍ਰਸੰਗ**

**ਸਮਾਂ 1625 ਈ. ਸਥਾਨ *ਪਿੰਡ ਬਰਾਮਪੁਰ, ਬਾਰਾਮੂਲਾ, ਕਸ਼ਮੀਰ***

ਦੋਹਿਰਾ

ਪੁਰ ਬਰਾਮ ਮਹਿੰ ਇਕ ਬਸੈ ਬਹਿਜ ਨੰਦਾ ਨਾਮ ॥
ਬਾਰਕ ਜਨਮਯੋਂ ਸੋਂ ਨਾਰਦ ਬਪੁ ਤਿਹ ਧਾਮ ॥

ਚੌਪਈ ॥

ਦੇਖ ਮਾਤ ਪਿਤ ਚਿੰਤ ਉਪਾਈ ॥ ਲੀਨ ਜੋਤਸੀ ਨਿਕਟ ਬੁਲਾਈ ॥
ਕਹਯੋ ਬਾਲ ਅਬ ਭਯੋ ਹਮਾਰੇ ॥ ਦੰਤ ਸਹਿਤ ਕਸ ਕਰੋ ਬਿਚਾਰੇ ॥੨੬॥
ਸੁਨ ਕਰ ਗਨਕ ਕਹਯੋ ਇਹ ਬਾਲਾ ॥ ਜੇ ਗ੍ਰਿਹੁ ਰਾਖਹੁ ਦੇ ਹੈ ਗਾਲਾ ॥
ਤਾਂਤੇ ਇਸ ਕੋ ਅਬੈ ਉਠਾਵੋ ॥ ਕਿਤ ਕਾਨਨ ਮਹਿੰ ਛੋਰ ਸੁ ਆਵੋ ॥੨੭॥
ਦਯਾ ਹੀਨ ਤੇ ਸੁਨ ਅਸ ਬਾਨੀ ॥ ਦੰਪਤ ਨੇ ਕਰ ਭਲੇ ਸੁ ਮਾਨੀ ॥
ਲੇ ਸਿਸ ਲੀਰਨ ਮਹਿੰ ਲਪਟਾਇ ॥ ਲੇ ਕਾਨਨ ਦਿਸ ਗੇ ਇਕ ਥਾਇ ॥੨੮॥
ਪਿਖਜੇ ਢੇਰ ਇਕ ਰੂੜੀ ਕੇਰਾ ॥ ਬਾਰਕ ਘੇਰ ਆਇ ਤਿਸ ਬੇਰਾ ॥
ਇਤ ਅੰਤਰਜਾਮੀ ਹਰਿਰਾਇ[19] ॥ ਜਾਨਯੋ ਸਿਸ ਕਾਨਨ ਦਿਸ ਗਏ ਆਏ ॥੨੯॥
ਸੈਰ ਬਹਾਨੇ ਕਰੇ ਤੁਰੰਗ ॥ ਚਢੀ ਬਾਹਿਨੀ ਸੰਗ ਉਮੰਗ ॥
ਜਿਸ ਥਲ ਬਾਰਕ ਥੋ ਤਿਨ ਗੇਰਾ ॥ ਗਏ ਗੁਰੂ ਤਿਸ ਥਲ ਬਿਨ ਬੇਰਾ ॥੩੦॥
ਆਗੇ ਸਿਸ ਰੋਵੈ ਦੁਖਿਆਰਾ ॥ ਮਾਨਹੁ ਗੁ ਪੈ ਕਰੈ ਪੁਕਾਰਾ ॥
ਕਹਯੋ ਗੁਰੂ ਸਿਖ ਕੋ ਤਿਸ ਕਾਲ ॥ ਪਿਖਹੁ ਜਾਇ ਕੋ ਰੋਦਤ ਬਾਲ ॥੩੧॥
ਸਿਖ ਸੁਨ ਜਾਇ ਬਿਲੋਕਨ ਕਰਾ ॥ ਬਾਲਕ ਪਰਜੋ ਰੁਦਤ ਮਲ ਭਰਾ ॥
ਆਇ ਸਿਖ ਕਹਿ ਬਿਨੋ ਸੁਨਾਈ ॥ ਬਾਲ ਕੋਥਰਾ ਪਰਾ ਗੁਸਾਈ ॥੩੨॥

ਸੁਨ ਗੁਰ ਕਹਯੋ ਉਠਾਇ ਲਿਆਵੇ ॥ ਹ੍ਵੈ ਹੈ ਸੁਥਰਾ ਨਹਿੰ ਡਰ ਪਾਵੇ ॥
ਜਾਇ ਸਿਖ ਕਰ ਲੀਨ ਉਠਾਇ ॥ ਸ੍ਰੀ ਸਤਿਗੁਰ ਪੁਰ ਦਿਸ ਆਇ ॥੩੩॥
ਤਿਸ ਬ੍ਰਿਧ ਮਾਈ ਕੋ ਸੌ ਧਾਯੋ ॥ ਜਿਸ ਇਕ ਬੇਰ ਪ੍ਰਸਾਦਿ ਛਕਾਯੋ ॥
ਪਾਰਨ ਲਗੀ ਹੇਤ ਕਰ ਤਾਹਿ ॥ ਸੁਥਰਾ ਨਾਮ ਪਰਯੋ ਸਭ ਮਾਹਿ ॥੩੪॥
ਦਿਨ ਪ੍ਰਤ ਬ੍ਰਿਧੈ ਦੇਹ ਤਿਸ ਕੇਰੀ ॥ ਸਤਿਗੁਰ ਕ੍ਰਿਪਾ ਦ੍ਰਿਸ਼ਟ ਕਰ ਹੇਰੀ ॥
ਅਸ ਸਤਿਗੁਰ ਅਨਾਥ ਕੇ ਨਾਥ ॥ ਸੁਥਰਾ ਪ੍ਰਤਪਾਰਯੋ ਹਿਤ ਸਾਥ ॥੩੫॥[20]

**(੨) *ਰਵਾਇਤ ਦਿੱਲੀ ਜਾਣ ਦਾ ਪ੍ਰਸੰਗ* ਸਮਾਂ 1661 ਈ. ਸਥਾਨ ਕੀਰਤਪੁਰ ਸਾਹਿਬ**

**(੨.੧ ਗੁਰੂ ਹਰਿਰਾਇ ਜੀ ਦੁਆਰਾ ਰਾਮਰਾਇ ਦੀ ਘਟਨਾ ਤੋਂ ਬਾਅਦ ਭਾਈ ਸੁਥਰੇ ਸ਼ਾਹ ਜੀ ਨੂੰ ਦਿੱਲੀ ਭੇਜਣਾ)**

ਸੁਥਰਾ ਬਾਰਕ ਜੋ ਗੁਰ ਪਾਰਾ ॥ ਪੁਸ਼ਟ ਭਯੋ ਤਨ ਪਿਖ ਇਕ ਬਾਰਾ ॥
ਖੇਲਤ ਕੋ ਨਿਜ ਨਿਕਟ ਬੁਲਾਯੋ ॥ ਥਾਪੀ ਦੇ ਕਰ ਬਚਨ ਸੁਨਾਯੋ ॥੧੭॥
ਹੇ ਸੁਥਰੇ ਅਬ ਦਿਹਲੀ ਜਾਇ ॥ ਤੁਰਕਨ ਕੋ ਕੌਤਕ ਦਿਖਰਾਇ ॥
ਅੰਗ ਸੰਗ ਮੈਂ ਰਹੋਂ ਤਿਹਾਰੇ ॥ ਹਮ ਸਰੂਪ ਅਸ਼ਟਮ ਜਬ ਧਾਰੇ ॥੧੮॥
ਤਹਾਂ ਆਇ ਕਛੁ ਖੇਲਹਿੰ ਖੇਲ ॥ ਕਰਹਿੰ ਤਾਹਿ ਪੁਨ ਜੁਤਹਿ ਮੇਲ ॥
ਅਸ ਕਹਿ ਸੁਥਰਾ ਮਰਦ ਪਠਾਯੋ ॥ ਗੁਰ ਬਚ ਤੇ ਦਿਹਲੀ ਪੁਰ ਆਯੋ ॥੧੯॥

**(੨.੨ ਦਿੱਲੀ ਵਿੱਚ ਜੰਞੂ ਦਾ ਪ੍ਰਸੰਗ)**

**ਦੋਹਿਰਾ ॥**

ਤਾਹਿ ਸਮੇਂ ਦਿੱਲੀ ਬਿਖੈ ਤੁਰਕ ਕਰੈਂ ਅਸ ਕਾਰ ॥
ਹਿੰਦਨ ਮਸਤਕ ਤਿਲਕ ਜੋ ਚਾਟਹਿੰ ਬਿਨਾ ਅਵਾਰ॥੨੦॥

**ਚੌਪਈ ॥**

ਗਰ ਤੇ ਜੰਞਜ ਪਵੀਤ ਛਿਦਾਵੈਂ ॥ ਅਸ ਹਿੰਦੁਨ ਕੋ ਬਹੁ ਦਾਵੈਂ ॥
ਸੁਥਰੇ ਸ਼ਾਹ ਪਿਖੀ ਅਸ ਕਾਰ ॥ ਤਬ ਕੀਨਸ ਅਸ ਬਿਵਤ ਸੁਧਾਰ ॥੨੧॥
ਬਾਪ ਨਿਸ਼ਾਦਰ ਤਿਲਕ ਲਗਾਯੋ ॥ ਆਂਤ ਬਰਾਹ ਜਨੇਊ ਪਾਯੋ ॥
ਗਯੋ ਕਚਹਿਰੀ ਕੀ ਦਿਸ ਧਾਇ ॥ ਆਗੈ ਬਡ ਕਾਜ਼ੀ ਦਰਸਾਇ ॥੨੨॥
ਬਾਰਕ ਪਿਖ ਭੁਜ ਤੇ ਗਹਿ ਲਯੋ ॥ ਤਿਲਕ ਚਾਟ ਚਟ ਪਟ ਤਬ ਲਯੋ ॥
ਬਿਸਟਾ ਰਸ ਦੁਰਗੰਧੀ ਆਈ ॥ ਥੁਕਯੋ ਤੋਬਹਿ ਤੋਬ ਅਲਾਈ ॥੨੩॥
ਪੁਨਹਿ ਕ੍ਰੋਧ ਹੈ ਤਾਗਾ ਗਹਯੋ ॥ ਸੋ ਥੀ ਆਂਤ ਬਰਾਹਿ ਛਿਦਯੋ॥
ਨਿਕਸੀ ਮਲ ਛੀਟੈਂ ਸਭ ਪਰੀ ॥ ਸੇਤ ਪੁਸ਼ਾਕ ਗਈ ਸਭ ਭਰੀ ॥੨੪॥
ਲਾਜ ਮਾਨ ਭਾ ਬਹੁ ਪਛਤਾਯੋ ॥ ਸੁਥਰੇ ਮਰਦ ਐਸ ਪੁਨ ਗਾਯੋ ॥
ਕਾਜ਼ੀ ਪਾਜੀ ਤੁਮ ਕਜਾ ਕੀਨਾ ॥ ਚਾਟਯੋ ਤਿਲਕ ਥੁਕ ਕਜੋਂ ਦੀਨਾ ॥੨੫॥
ਅਸ ਕਹਿ ਗੁਰ ਅਜਮਤ ਤੇ ਗਹਯੋ ॥ ਬੀਚ ਕਚਹਿਰੀ ਸ਼ਾਹ ਢਿਗ ਤਯੋ ॥
ਕਹਤ ਭਯੋ ਸੁਨ ਲੀਜਹਿ ਸ਼ਾਹਿ ॥ ਰਾਜ ਤੁਮਾਰੇ ਬਹੁ ਅਨਿਆਹਿ ॥੨੬॥

ਕਾਜ਼ੀ ਮੁੱਲੇ ਯਵਨ ਪੁਨਹਿ ਗਹਿ ਤੋਰੇ ॥ ਕਾਜ਼ੀ ਤਿਲਕ ਚਾਟਯੋ ਮੋਰੇ ॥
ਸੋ ਬਿਸ਼ਟਾ ਥੋ ਉਸ ਮੁਖ ਪਾਯੋ ॥ ਭਾ ਨਪਾਕ ਬਹੁ ਕੀਨ ਗੁਨਾਯੋ ॥ ੨੭॥
ਪੁਨ ਕਿਯ ਆਂਤ ਬਰਾਹ ਜਨੇਊ ॥ ਹਾਥਿ ਲਗਾਇ ਤੋਰ ਦਿਯ ਤੇਊ ॥
ਛਟਿਹਿੰ ਪਰੀ ਨਿਹਾਰਨ ਕੀਜੈ ॥ ਅਤ ਪਲੀਤ ਪਾਜੀ ਕੋਂ ਲੀਜੈ ॥੨੮॥
ਸੁਨਤ ਸ਼ਾਹਿ ਵਿਸਮਾਦਹਿ ਪਾਇ ॥ ਲਘੁ ਤਨ ਪਿਖਹਿ ਬਾਤ ਬਡ ਆਇ ॥
ਪੁਨ ਬੂਝਯੋ ਤੂ ਕ੍ਰਿਤ ਆਯੋ ॥ ਕੋ ਹੈ ਨਾਮ ਕਿਸੀ ਸੁਤ ਥਾਯੋ ॥੨੯॥
ਸੁਨਤ ਕਹਯੋ ਮੈਂ ਸੁਥਰਾ ਸ਼ਾਹਿ ॥ ਗੁਰ ਹਰਿਰਾਇ ਬਾਲਕਾ ਆਹਿ ॥
ਤਿਨਹਿ ਪਠਾਯੋ ਇਤ ਚਲ ਆਯੋ ॥ ਹਿੰਦਨ ਕੋ ਦੁਖ ਚਹੋਂ ਮਿਟਾਯੋ ॥੩੦॥
ਸੁਨਤ ਸ਼ਾਹਿ ਅਤਿਗੁਰ ਕੋ ਨਾਮ ॥ ਕਹੀ ਸਭਾ ਮਹਿੰ ਐਸ ਕਲਾਮ ॥
ਅਜ ਤੇ ਤਿਲਕ ਨ ਕੋਊ ਚਟਾਵੈ ॥ ਨਹਿੰ ਜਨੇਊ ਕੋ ਤੁਰਤ ਛਿਦਾਵੈ ॥੩੧॥
ਕਯੋਂਕੇ ਇਸ ਤੇ ਤੁਰਕ ਪਲੀਤੇ ॥ ਸੁਥਰੇ ਕੁਟਲ ਚਲਾਈ ਰੀਤੇ ॥
ਤਿਲਕ ਚਾਟਬੋ ਤੱਗਜ ਛਿਦਾਨੋ ॥ ਤਿਨ ਦਿਨ ਤੇ ਸੁਥਰੇ ਹਟਵਾਨੋ ॥੩੨॥

## (੨.੩ ਵਚਿੱਤਰ ਜੁੱਤੀ ਦਾ ਕੌਤਕ ਕਰਨਾ)

ਇਕ ਦਿਨ ਸੁਥਰੇ ਗੁਰੂ ਚਿਤਾਰਾ ॥ ਜਿਸ ਤੇ ਭਾ ਅਜ਼ਮਤ ਬਲ ਭਾਰਾ ॥
ਕਰੀ ਚਿਤਵਨਾ ਜੋੜਾ ਆਯੋ ॥ ਕੰਟਕ ਚੂਰਨ ਬੜੇ ਸੁਹਾਯੋ ॥੩੩॥
ਇਕ ਅਸਤਾਵਤ ਬਡੂ ਅਕਾਰ ॥ ਮਲ ਮੂਤ੍ਰ ਤਿਸ ਮਹਿੰ ਦਿਯ ਡਾਰ ॥
ਕਛਅ ਮਧ ਤਹਿ ਮਾਹਿੰ ਮਿਲਾਯੋ ॥ ਨਿਸ ਮਹਿੰ ਜਾਮੇ ਮਸਜਦ ਆਯੋ ॥੩੪॥
ਕੂਜਾ ਇਕ ਪਜ਼ਾਰ ਪਰ ਗਜੋ ॥ ਸੁਥਰਾ ਮਰਦ ਨਿਕਸ ਤਬ ਗਜੋ ॥
ਭਈ ਸੁਬਹਿ ਮੁੱਲਾਂ ਜਬ ਆਯੋ ॥ ਕੂਜਾ ਬਡ ਪਨਹੀ ਤਹਿ ਪਾਯੋ ॥੩੫॥
ਜਾਨੀ ਇਹੁ ਜੁਗ ਵੱਥ ਖੁਦਾਈ ॥ ਭਾਗ ਹਮਾਰੇ ਤੋ ਇਤ ਆਈ ॥
ਅਤੀ ਭਾਵ ਜੁਤ ਚੂਮ ਪਜ਼ਾਰ ॥ ਨੈਨਨ ਲਾਇ ਸੀਸ ਪਰ ਧਾਰ ॥ ੩੬॥
ਪੁਨ ਅਸਤਾਵਾ ਕਰ ਮਹਿੰ ਧਾਰਾ ॥ ਤਾ ਮਹਿ ਥੋ ਜੋ ਕਰ ਪਰ ਡਾਰਾ ॥
ਜਾਨ ਨਯਾਮਤ ਮੁਖ ਜਬ ਪਾਯੋ ॥ ਮਿਸ਼ਟ ਸਵਾਦ ਕਛੁਕ ਆਯੋ ॥ ੩੭॥
ਬਹੁ ਹਰਖਿਓ ਤਬ ਦੀਨ ਟਿਕਾਇ ॥ ਤਿਹ ਦਿਨ ਜੁੰਮਹਿ ਕੇ ਦਿਨ ਆਇ ॥
ਜਬ ਨਿਮਾਜ ਕਾ ਸਮਾਂ ਜੁ ਥਾਇਓ ॥ ਸ਼ਾ ਉਮਰਾਓ ਊਚ ਨੀਚਾਇਓ ॥੩੮॥
ਭਈ ਨਿਮਾਜ ਬੈਠ ਗੇ ਜਬੈ ॥ ਮੁੱਲਾਂ ਲਿਆਇਓ ਜੁਗ ਤਬ ਤਬੈ ॥
ਕਹਿਓ ਕਿ ਇਹੁ ਵਥ ਜੁਗਲ ਖੁਦਾਈ ॥ ਸੁਬਹਿ ਈਹਾਂ ਤੇ ਕਰ ਮਮ ਆਈ॥੩੯॥
ਪਿਖ ਸਭ ਕਾਜ਼ੀ ਮੁੱਲਾਂ ਸਿਆਨੇ ॥ ਕਹਿਤ ਤਏ ਬਡ ਭਾਗ ਹਮਾਨੇ ॥
ਪੁਨ ਪਜ਼ਾਰ ਲੇ ਸਭ ਚੂਮਹਿੰ ॥ ਅਸਤਾਵੇ ਤੇ ਲੇ ਸਭ ਮੂੰ ਮਹਿੰ ॥੪੦॥
ਜੁੰਮੇ ਮਹਿੰ ਜੋ ਥੇ ਇਕ ਥਾਏ ॥ ਸ਼ਾਹ ਜੁਤ ਸਭ ਚੂਮੇ ਮੁਖ ਪਾਏ ॥
ਪੁਨਹਿ ਟਿਕਾਵਨ ਸੁਭ ਥਲ ਕੀਨ ॥ ਸਿਵਰ ਨਿਜੋ ਨਿਜ ਗੇ ਪਰਬੀਨ ॥੪੧॥
ਸੁਥਰੇ ਮਰਦ ਉਤਹਿ ਅਸ ਕਰਯੋ ॥ ਏਕ ਵੰਝ ਬਡ ਲੇ ਕਰ ਧਰਯੋ ॥

ਪਨਹੀ ਦੁਤਿਯ ਧਰੀ ਤਿਹ ਊਪਰਿ ॥ ਹੋਕਾ ਦਿਹੈ ਨਗਰ ਮਹਿੰ ਅਸ ਰਰ ॥੪੨॥
ਪਨਹੀ ਇਕ ਥੋ ਇਸ ਕਾ ਜੋਰਾ ॥ ਬਾਸਨ ਮਲ ਮੂਤਰ ਹਾ ਮੋਰਾ ॥
ਕਿਨਹਿ ਚੁਰਾਯੋ ਜੋ ਬਤਲਾਵੈ ॥ ਬੂਡੇ ਅਨਾਮ ਹਮੂ ਤੇ ਪਾਵੈ ॥੪੩॥
ਸੁਨ ਪੁਨ ਦੇਖ ਤੁਰਕ ਸਰਮਾਵੈਂ ॥ ਗੋਸ਼ੇ ਹੁਇ ਹੁਇ ਕੈ ਪਛਤਾਵੈਂ ॥
ਕਿਨੇ ਸ਼ਾਹ ਢਿਗ ਜਾਇ ਸੁਨਾਯੋ ॥ ਕਰਤਬ ਮਰਦ ਜੋਊ ਦਿਖਲਾਯੋ ॥੪੪॥
ਸੁਨਤ ਸ਼ਾਹ ਸੁਥਰਾ ਬੁਲਵਾਯੋ ॥ ਪਿਖ ਪਨਹੀ ਮੁਖ ਐਸ ਅਲਾਯੋ ॥
ਝੂਠ ਕਹੋ ਤੁਮ ਪਗ ਇਹੁ ਨਾਹੀ ॥ ਹਮ ਮਸਜਦ ਇਸ ਸਮ ਇਕ ਪਾਹੀ ॥੪੫॥
ਓਸ ਕਹਿ ਪਨਹੀ ਲੀਨ ਮੰਗਾਇ ॥ ਕੂਜਾ ਭੀ ਤਿਹ ਸੰਗ ਲਿਆਇ ॥
ਕਹਯੋ ਸ਼ਾਹਿ ਤੂੰ ਲਘ ਤਨ ਹੇਰਾ ॥ ਪਨਹੀ ਖੁਦਾਈ ਅਤੀ ਬਡੇਰਾ ॥੪੬॥
ਝੂਠ ਕਹੇ ਕਾ ਫਲ ਤੁਹਿ ਦਹੈਂ ॥ ਪੁਨ ਅਸ ਕਰਤਬ ਤੂ ਨਹਿੰ ਕਹੈਂ ॥
ਖਹੇ ਮਰਦ ਸੁਨੀਏ ਪਤਸ਼ਾਹਿ ॥ ਇਹੁ ਬਾਸਨ ਮਮ ਬਿਸ਼ਟਾ ਆਹਿ ॥੪੭॥
ਜੋਰਾ ਹਮਰੇ ਪਗ ਕੋ ਜਾਨੋ ॥ ਪਹਿਰ ਦਿਖਾਵੋਂ ਤਬ ਤੁਮ ਮਾਨੋ ॥
ਅਸ ਕਹਿ ਜੋਰਾ ਲੀਨ ਚਢਾਈ ॥ ਚਾਟੀ ਥੀ ਜੋ ਮਸਹਿੰ ਸੁ ਆਈ ॥੪੮॥
ਪਿਖ ਕਰ ਤੁਰਕ ਸਭ ਹੈਰਾਨੇ ॥ ਇਨ ਹਮ ਬਿਸਟਾ ਮੂਤ੍ਰ ਖੁਲਾਨੇ ॥
ਸ਼ਾਹਿ ਲਖਯੋ ਗੁਰ ਕੋ ਇਹੁ ਬਾਲ ॥ ਬਡੋ ਅਜ਼ਮਤੀ ਕਰਮ ਕਰਾਲ ॥੪੯॥
ਪ੍ਰਿਥਮਹਿ ਕਾਜੀ ਤਿਲਕ ਚਟਾਯੋ ॥ ਪੁਨ ਸਭ ਕੋ ਬਿਸ਼ਟਾ ਅਚਾਵੈਂ ॥
ਤਾਂਤੇ ਸਰਬਰ ਇਸੇ ਨ ਆਵੈਂ ॥ ਇਸ ਕੋ ਕੱਰ ਕਛਪਰਜਾ ਠਰਾਵੈਂ ॥੫੦॥
ਨਹਿ ਤ ਗੁਰ ਸੁਤ ਜਿਮ ਰਾਮ ਰਾਇ ॥ ਕਈ ਬੇਰ ਅਜ਼ਮਤ ਦਿਖਰਾਇ ॥
ਅਨਹੋਨੀ ਕੀ ਹੋਨੀ ਕੀਨ ॥ ਤਿਹ ਤੇ ਇਸ ਕ੍ਰਿਤ ਲਖੀ ਨਵੀਨ ॥੫੧॥
ਅਸ ਬਿਚਾਰ ਕਹਿ ਨੌਰੰਗ ਸ਼ਾਹਿ ॥ ਸੁਨਹੁ ਮਰਦ ਸੁਥਰੇ ਇਸ ਭਾਇ ॥
ਅਜ ਤੇ ਤੁਮਰਾ ਕਰ ਮਮ ਮਾਨੇ ॥ ਚੀਨ ਲੁਹੁ ਮਨ ਬਾਲ ਸਿਆਨੇ ॥੫੨॥
ਹਮਰੀ ਪਰਜਾ ਜਹਿ ਲਗ ਆਇ ॥ ਏਕ ਰਜਤਪਣ ਲੇਹੁ ਬਿਆਹਿ ॥
ਏਕ ਟਕਾ ਇਕ ਹਾਟਹਿ ਲੀਜੈ ॥ ਕਰਮ ਐਸ ਅਬ ਤਿਆਗਨ ਕੀਜੈ ॥੫੩॥
ਗੁਰੂ ਵਾਸਤਾ ਤੁਮ ਕੋ ਪਾਵੈਂ ॥ ਪੁਨਿ ਐਸੋ ਨਹਿੰ ਕਰਮ ਕਮਾਵੈਂ ॥
ਆਨ ਗੁਰੂ ਸੁਥਰੇ ਸ਼ਾਹਿ ਮਾਨੀ ॥ ਬਿਦਤ ਭਈ ਜਗ ਮਰਦ ਕਹਾਨੀ ॥੫੪॥
ਤਿਹ ਦਿਨ ਤੇ ਅਬ ਲਗ ਜਗ ਮਾਹਿੰ ॥ ਸੁਥਰੇ ਫਕਰ ਲਹੈਯ ਤਿਸ ਭਾਇ ॥
ਅਸ ਸਤਿਗੁਰ ਕੀ ਸ਼ਕਤ ਮਹਾਨ ॥ ਕਵਿ ਪਾਵਨ ਪਾਵਨ ਕੁਰਬਾਨੀ ॥੫੫॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਸਪਤਮ ਪਹਿਲੇ ਸੁਥਰੇ ਸ਼ਾਹ ਪ੍ਰਸੰਗ ਬਰਨਨੰ ਨਾਮ ਬੀਸਮੋਂ ਮੰਦਰਹਿ ॥੨੦॥ (ਪੰਨਾ ੧੧੫੨-੧੧੫੮)

**ਰਵਾਇਤ ਨਾ ਹਿੰਦੂ ਨਾ ਮੁਸਲਮਾਨ**

'ਸੁਥਰਾ' ਤੇ 'ਜਾਦੋ' ਦੋ ਫਕੀਰ ਸਨ। ਇਕੇਰਾਂ 'ਨਗਰ ਕੋਟ' (ਕਾਂਗੜੇ) ਗਿਆ; ਮੱਥੇ ਟਿੱਕਾ ਤੇ ਗਲ ਵਿਚ ਜੰਞੂ ਪਾ ਲਿਆ। ਗੋਕੇ ਮਾਸ ਦਾ ਕਬਾਬ ਬਾਜ਼ਾਰੀ ਰੋਟੀ ਨਾਲ ਛਕ

ਕੇ, ਮਟਰ-ਗਸ਼ਤ ਕਰਨ ਡਹਿ ਪਿਆ। ਹਿੰਦੂ ਉਸ ਨੂੰ ਫੜ ਕੇ ਜੋਰੋ ਜੋਰੀ ਕਾਜ਼ੀ (ਸਥਾਨਿਕ ਮੈਜਿਸਟਰੇਟ) ਪਾਸ ਲੈ ਗਏ। ਕਾਜ਼ੀ ਨੇ ਉਸ ਨੂੰ ਆਖਿਆ :

ਜੇ ਤੂੰ ਹਿੰਦੂ ਏਂ, ਤਾਂ ਗੋਕਾ ਮਾਸ ਤੇ ਬਾਜ਼ਾਰੀ ਰੋਟੀ ਨਾਲ ਛਕ ਤੈਨੂੰ ਖਾਣੀ ਉਚਿਤ ਨਹੀ ਅਤੇ ਜੇ ਮੁਸਲਮਾਨ ਏਂ, ਤਾਂ ਟਿੱਕਾ-ਜੰਞੂ ਦੀ ਰਸਮ ਇਸਲਾਮ ਵਿਚ ਕਿਥੇ ਹੈ ?

**ਉਤਰ ਦਿਤੋਸੁ**

ਟਿੱਕਾ ਕੇਸਰ ਤੇ ਚੰਨਣ ਦਾ ਹੈ; ਅਰੁ ਜੰਞੂ ਧਾਗੇ ਦਾ ਵਟਿਆ ਹੋਇਆ ਏ। ਗੋਕਾ ਮਾਸ ਘਾਹ ਤੇ ਜਵਾਂ ਤੋਂ ਬਣਿਆ ਹੈ, ਤੇ ਰੋਟੀ ਕਣਕ ਤੋਂ ! ਤੰਦੂਰ ਮਿੱਟੀ ਪਾਣੀ ਗੁੰਨ੍ਹ ਕੇ ਸਾਜਿਆ ਗਿਆ ਹੈ। ਜੇ ਤੁਸੀਂ ਹਕੀਕਤ ਵਲ ਨਿਗਾਹ ਮਾਰੋ; ਤਾਂ ਸਭੇ ਵਸਤਾਂ ਚਹ ਤੱਤਾਂ (ਪਾਣੀ, ਮਿੱਟੀ, ਹਵਾ ਤੇ ਅਗਨਿ) ਦੇ ਮੇਲ ਤੋਂ ਬਣੀਆਂ ਹਨ; ਜੋ ਨਾ ਹਿੰਦੂ ਨੇ, ਤੇ ਨਾ ਮੁਸਲਮਾਨ ! ਹੋਰ, ਜਿਵੇਂ ਆਪ ਹੁਕਮ ਕਰੋ !!

ਕਾਜ਼ੀ ਨੇ ਉਸ ਨੂੰ ਬਰੀ ਕਰ ਦਿੱਤਾ।[21]

**ਰਵਾਇਤ ਸਭ ਤੂੰ ਹੈਂ**

ਦੇਵਾ[22] ਨਾਮ ਦਾ ਇਕ ਬ੍ਰਾਹਮਣ ਹੈ, ਜੋ ਆਪਣੇ-ਆਪ ਨੂੰ ਗਿਆਨੀ ਸਮਝਦਾ ਹੈ। ਇਹ ਗੁਰੂ ਪਾਸ ਜਾਇਆ ਕਰਦਾ ਸੀ। ਇਕ ਦਿਨ ਗੁਰੂ (ਜੀ) ਦੇ ਸਪੁਤਰ ਗੁਰਦਿਤਾ ਦੇ, ਜੋ 'ਬਾਬਾ ਜੀਓ' ਕਰਕੇ ਪ੍ਰਸਿੱਧ ਸੀ, ਪਲੰਘ ਤੇ ਜਾ ਬਠਾ। ਲੋਕਾਂ ਨੇ ਕਿਹਾ - ''(ਇਥੇ) ਨਾ ਬੈਠ।'' ਉਸ ਨੇ ਸਬਬ ਪੁਛਿਆ। ਲੋਕਾਂ ਨੇ ਉੱਤਰ ਦਿੱਤਾ - ''ਇਹ ਗੁਰੂ ਦੀ ਥਾਂ ਹੈ।'' ਉਸ ਨੇ ਕਿਹਾ - ''ਕੀ ਗੁਰੂ ਦਾ ਸਰੀਰ ਤੱਤਾਂ ਤੋਂ ਨਹੀਂ ਬਣਿਆ ਤੇ ਕੀ ਮੇਰੇ ਵਿਚ ਆਤਮਾ ਨਹੀਂ ? ਯਾ ਮੇਰੇ ਵਿਚ ਓਹ ਹੀ (ਵਸਤੂ) ਖਾਣ ਦੀ ਸ਼ਕਤੀ ਨਹੀਂ ਜੋ ਗੁਰੂ ਪੀਂਦਾ (ਖਾਂਦਾ) ਹੈ ?'' ਇਹ ਸ਼ਬਦ ਗੁਰੂ ਤੱਕ ਪਹੁੰਚ ਗਏ। ਉਨ੍ਹਾਂ ਨੇ ਉਸ (ਦੇਵਾ) ਨੂੰ ਸੱਦਿਆ ਤੇ ਕਿਹਾ - ''ਐ ਦੇਵਾ ! ਇਹ ਸਭ ਸੰਸਾਰ ਇਕ ਵਜੂਦ ਹੈ ?'' ਉਸ ਨੇ ਜਵਾਬ ਦਿੱਤਾ - ''ਜੀ ਹਾਂ।'' ਗੁਰੂ (ਜੀ) ਨੇ ਇਕ ਖੋਤੇ ਵਲ ਇਸ਼ਾਰਾ ਕੀਤਾ (ਤੇ ਕਿਹਾ) - ''ਇਹ ਕੌਣ ਹੈ ? ਕੀ ਤੂੰ ਪਛਾਣਦਾ ਹੈ ?'' ਦੇਵਾ ਨੇ ਉੱਤਰ ਦਿੱਤਾ - ਤੂੰ ਹੱਕ ਮੁਤਲਕ (ਪੂਰਣ ਸਤ) ਹੈਂ, ਇਹ ਭੀ ਤੂੰ ਹੈਂ।'' ਗੁਰੂ ਹੱਸ ਪਿਆ ਤੇ ਕੋਈ ਗੁੱਸਾ ਨਾ ਕੀਤਾ।[23]......

**ਰਵਾਇਤ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਪ੍ਰਸੰਗ**

ਸੁੰਦਰ ਸੋਭਾ ਰਹੀ ਪ੍ਰਕਾਸ਼। ਬਿਕਸਤਿ ਸਤਿਗੁਰ ਹੇਰਿ ਬਿਲਾਸ ॥੧੭॥ ਹਟਿ ਪੁਰਿ ਆਇ ਸਭਾ ਸਭਾ ਸਭਿ ਥਿਰੀ। ਸਤਿਗੁਰ ਦ੍ਰਿਸ਼ਟਿ ਸਕਲ ਪਰ ਕਰੀ। ਇਤਨੇ ਮਹਿ ਸੁਥਰਾ ਚਲਿ ਆਯੋ। ਨਮ ਸ਼ਿਖ ਕਾਰਸ ਦੇਹ ਲਗਾਯੋ ॥੧੮॥ ਹੋਤਿ ਦੇਗ਼ ਤਹਿ ਕਾਰਸੁ ਲਈ। ਇਕ ਸਮ ਕਾਰੀ ਕਾਯਾਂ ਕਈ। ਬਹੁ ਸੁਰਮਾ ਮੁਖ ਸਿਰ ਪਰ ਲਾਯੋ। ਆਇ ਭਿਆਨਕ ਭੇਖ ਦਿਖਾਯੋ ॥੧੯॥ ਸ੍ਰੀ ਸਤਿਗੁਰ ਸਭਿ ਸੰਗਤਿ ਹੇਰਿ। ਫਿਰਜ ਚੁਗਿਰਦੇ ਇਕ ਦੁਇ ਫੇਰ। ਸ੍ਰੀ ਕਲਗੀਧਰ ਦੇਖਿ ਹਸੇ ਹੈਂ। ਬਿਦਤਿ ਦਸਨ ਭੇ

ਬਿਸਦ ਲਸੇ ਹੈਂ ॥੨੦॥ ਬਿਕਸਤਿ ਅਪਨੇ ਨਿਕਟ ਬੁਲਾਯੋ । ਬੂਝਜ 'ਬੇਖ ਕਹਾਂ ਕਰਿ ਆਯੋ ?' ਹਾਥ ਜੋਰਿ ਅਰਦਾਸ ਬਖਾਨੀ । 'ਸਤਿਗੁਰ ਸੰਗਤਿ ਸੁਭਤਿ ਮਹਾਨੀ ॥੨੧॥ ਜਿਹ ਸਮ ਜਗ ਮਹਿ ਅਪਰ ਨ ਕੋਈ । ਦਿਪਤਿ ਮਹਾਂ ਦੁਤਿ ਕੇ ਜੁਤਿ ਹੋਈ । ਡੀਠ ਪਹਾਰੀਅਨਿ ਕੀ ਹੈ ਬੁਰੀ । ਜਿਸ ਲਗਿ ਜਾਇ ਮਨਹੁਂ ਖਰ ਛੁਰੀ ॥੨੨॥ ਯਾਤੇ ਮੈਂ ਬਿਚਾਰ ਕਰਿ ਆਯੋ । ਨਖ ਸ਼ਿਖ ਕਾਰੋ ਬੇਖ ਬਨਾਯੋ । ਤਿਨ ਕੀ ਨਜ਼ਰ ਲਗਹਿ ਅਬਿ ਨਾਂਹੀ । ਕਾਰੋ ਬਦਨ ਹੋਇ ਤਿਨ ਹੋਇ ਤਿਨ ਜਾਹੀ ॥੨੩॥ ਜਿਮ ਬਾਲਿਕ ਸੁੰਦਰ ਸ਼ਿੰਗਾਰੇ । ਚਾਰੁ ਬਿਭੂਖਨ ਬਸਤ੍ਰਨਿ ਧਾਰੇ । ਬਿੰਦ ਸ਼ਜਾਮਤਾ ਮਾਤ ਲਗਾਵੈਂ । ਨਹੀ ਨਦਰਿ ਕਿਸ ਕੀ ਲਗ ਜਾਵੈ ॥੨੪॥ ਸੁੰਦਰ ਅਪਨੋ ਸਦਨ ਚਿਨਾਵੈਂ । ਅੰਤਰ ਬਾਹਿਰ ਬਿਸਦ ਬਨਾਵੈਂ । ਨਦਰ ਨਹੀ ਕਿਹਕੀ ਲਗਿ ਜਾਇ । ਕਾਰੀ ਹੰਡੀਆ ਧਰਹਿ ਬਨਾਇ ॥੨੫॥ ਨਜ਼ਰ ਕਰਹਿ ਸੰਗਤਿ ਪਰ ਜੋਇ । ਤਜਿ ਸੰਗਤਿ ਮੁਝ ਲਾਗਹਿ ਸੋਇ । ਮੈਂ ਹਾਂਡੀ ਬਨਲੇਊਂ ਸੰਭਾਰ । ਬੁਰੀ ਨਜ਼ਰ ਜੇ ਬਸਹਿ ਪਹਾਰਿ ॥੨੬॥ ਸੁਨਿ ਕਰਿ ਹਸੇ ਕ੍ਰਿਪਾਤ ਜੋਵਾ । 'ਮਮ ਸੰਗਤਿ ਕੋ ਰੱਖਜਕ ਹੋਵਾ' । ਅਧਿਕ ਖੁਸ਼ੀ ਸੁਥਰੇ ਪਰ ਕਰੀ । 'ਇਹ ਮਮ ਸਿੱਖਯ ਭਲੀ ਉਰਧਰੀ ॥੨੭॥ ਸਭਿ ਪਰ ਬਲੀ ਰਹੈ ਬਲ ਧਰਿ ਹੈ । ਹਿੰਦੂ ਤੁਰਕ ਨ ਸਮਤਾ ਕਰਿ ਹੈਂ । ਨਹਿ ਇਸ ਕੇ ਟਿਕ ਸਕਹਿ ਅਗਾਰੀ । ਸਭਿ ਪਰ ਠਹਿਰਾਵਹਿ ਨਿਜ ਕਾਰੀ'॥੨੮॥ ਜੋ ਜਾਚਜ ਸੁਥਰੇ ਕੋ ਦਯੋ । ਸਿਰੋਪਾਉ ਪੁਨ ਹੋਵਤਿ ਭਯੋ । ਅਦਭੁਤ ਹੋਰੀ ਸਤਿਗੁਰ ਕਰੀ । ਸੰਗਤਿ ਕਰਿ ਦਰਸ਼ਨ ਮੁਦ ਭਰੀ ॥੨੯॥ ਕੌਨ ਸਕਹਿ ਕਰਿ ਅਸ ਕਲਿਕਾਲ । ਸਤਿਗੁਰ ਸਕਲ ਸ਼ਕਤਿ ਕੇ ਨਾਲ । ਸਗਰੀ ਸੰਗਤਿ ਕੁ ਸੁਖ ਦਏ । ਅਨਿਕ ਬਿਲਸਤਿ ਭਏ ॥੩੦॥[24]

(ਜਦੋਂ ਗੁਰੂ ਹਰਿਗੋਬਿੰਦ ਸਾਹਿਬ ਯੁੱਧਾਂ-ਜੰਗਾਂ ਤੋਂ ਵੇਹਲੇ ਹੋ ਕੇ ਕੀਰਤਪੁਰ ਨਗਰ ਵਸਾਇਆ ਤੇ ਉਥੇ ਵਿਰਾਜ ਗਏ), "ਉਨ੍ਹਾਂ ਹੀ ਦਿਨਾਂ ਵਿੱਚ ਇੱਕ 'ਸੁਥਰਾ' ਨਾਮੇ ਫਕੀਰ ਪੈਦਾ ਹੋ ਗਿਆ । ਉਹ ਤਨੋ-ਮਨੋ ਹਜ਼ਰਤ ਨਾਨਕ ਸ਼ਾਹ ਉਤੇ ਸ਼ਰਧਾ-ਸਿਦਕ ਰਖਦਾ ਸੀ । ਇਸੇ ਕਰਕੇ ਸਤਿਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿੱਚ ਹਾਜ਼ਰ ਹੋਇਆ ਕਰਦਾ ਸੀ । ਇੱਕ ਦਿਨ ਸਤਿਗੁਰਾਂ ਦੇ ਚਰਨਾਂ ਤੱਕ ਨਾ ਪਹੁੰਚ ਸਕਿਆ । ਉਹ ਬੜਾ ਕਉਤਕੀ, ਛਲੀਆ ਤੇ ਹਾਜ਼ਰ ਜਵਾਬ ਸੀ; ਤੁਰਤ ਪੁਸ਼ਾਕਾ ਬਦਲ ਕੇ ਇਕ ਥੈਲਾ ਸਿਰ ਤੇ ਚੁਕ ਕੇ ਡਿਓੜ੍ਹੀ ਤਕ ਪਹੁੰਚ ਗਿਆ । ਦਰਬਾਨਾਂ ਨੂੰ ਆਖਣ ਲਗਾ :

"ਮਹਾਰਾਜ ਵਾਸਤੇ ਸ਼ਕਰ ਲਿਆਇਆ ਹਾਂ !"

ਦਰਬਾਨਾਂ ਅੰਦਰ ਲੰਘ ਜਾਣ ਦਿੱਤਾ । ਥੈਲਾ ਰਖ ਕੇ ਅਤੇ ਗੁਰੂ ਜੀ ਵਲ ਪਿਠ ਕਰਕੇ; ਥੈਲੇ ਨੂੰ ਬਾਰ-ਬਾਰ ਨਮਸਕਾਰਾਂ ਤੇ ਪਰਦਖਣਾ ਕਰਨ ਡਹਿ ਪਿਆ । ਸਾਹਿਬਾਂ ਪੁਛਿਆ, "ਸੁਥਰਿਆ ! ਇਹ ਕੀ ਪਾਖੰਡ ਖਿਲਾਰ ਰਿਹਾ ਏਂ ?"

ਆਖਣ ਲਗਾ - "ਇਸ ਬੋਰੀ ਦੇ ਪ੍ਰਤਾਪ ਨਾਲ ਆਪ ਜੀ ਦਾ ਦੀਦਾਰ ਹਾਸਿਲ ਹੋਇਆ ਹੈ । ਇਸੇ ਨੂੰ ਆਪਣਾ ਪੂਜਜ ਸਮਝਦਾ ਹਾਂ ।"[25]

## ਹਵਾਲੇ ਤੇ ਟਿੱਪਣੀਆਂ

1. ਸ. ਰਣਧੀਰ ਸਿੰਘ ਜੀ ਅਨੁਸਾਰ ਜਦੋਂ ਹਰਿਗੋਬਿੰਦ ਸਾਹਿਬ ਸੰਮਤ ਸੋਲ੍ਹਾਂ ਬਿਆਸ੍ਹੀਏ, ਵੈਸਾਖ 14 (ਸੋਮਵਾਰ 10 ਅਪ੍ਰੈਲ, 1625 ਈ.) ਨੂੰ ਕਸ਼ਮੀਰ ਵਿਖੇ ਗਏ, ਉਦੋਂ ਹੀ ਦੇਵਨੇਤ ਨਾਲ ਭਾਈ ਸੁਥਰਾ ਸ਼ਾਹ ਜੀ ਦਾ ਜਨਮ ਬਾਰਾਮੁਲਾ ਦੇ ਨੇੜੇ ਇਕ 'ਬਰਾਮ ਪੁਰ' ਨਾਮਕ ਪਿੰਡ ਵਿੱਚ ਨੰਦੇ ਸ਼ਾਹ ਖੱਤਰੀ ਦੇ ਘਰ ਹੋਇਆ ਅਤੇ ਛਿਪੰਜਾਹ ਵਰ੍ਹੇ ਉਮਰ ਭੋਗ ਕੇ, ਸੰਮਤ ਸਤਾਰਾਂ ਸੈ ਅਠਤੀਹ ਬਿ. (1671 ਈ.) ਵਿੱਚ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਗੁਰਪੁਰੀ ਸਿਧਾਰ ਗਏ।
   - ਇਤਿਹਾਸਕ ਪੱਤ੍ਰ, ਸੈਂਚੀ 3, ਅੰਕ 3, ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1951-52, ਪੰਨਾ 199, 239.
2. *Punjab Castes*, Denzil Ibbetson, Vol.3, Languages Department, Punjab Reprint 1971, p. 669.
3. *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼*, ਜਿਲਦ ਤੀਜੀ, ਸੋਹਿੰਦਰ ਸਿੰਘ ਵਣਜਾਰਾ ਬੇਦੀ (ਡਾ.), ਲੋਕ ਪ੍ਰਕਾਸ਼ਨ, ਨਵੀਂ ਦਿੱਲੀ, 1979, ਪੰਨਾ 727.
4. ਇਹ ਹਥਲਾ ਕਾਰਜ ਸਮੁੱਚੇ ਰੂਪ ਵਿੱਚ ਸ. ਰਣਧੀਰ ਸਿੰਘ ਜੀ ਦੇ *ਇਤਿਹਾਸਕ ਪੱਤ੍ਰ*, ਸੈਂਚੀ 3, ਅੰਕ 3, ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1951-52 ਉਪਰ ਵਧੇਰੇ ਅਧਾਰਿਤ ਹੈ।
5. *ਤਹਿਕੀਕਾਤਿ ਚਿਸ਼ਤੀ* ਦੇ ਲਿਖਾਰੀ ਮੌਲਵੀ ਨੂਰ ਅਹਿਮਦ 'ਚਿਸ਼ਤੀ' ਨੇ ਭਾਈ ਸੁਥਰੇ ਸ਼ਾਹ ਜੀ ਦੇ ਚਾਰ ਭਰਾ ਦੱਸੇ ਹਨ - 1. ਚੰਦਰ ਮੱਲ (ਸੁਥਰਾ), 2. ਜਾਦੋ 'ਲੁਥਰਾ', 3. ਮੰਗੂ, 4. ਚੰਨਣ

   *ਸੁਥਰਾ ਚੰਦ੍ਰਾ, ਜਾਦੋ ਲੁਥਰਾ, ਮੰਗੂ ਚੋਰ ਸੁਹੇਤ।*
   *ਚੰਨਣ ਭੱਛੀ ਅਧ ਰਹਤਾ, ਜ ਚਿੜੀਆਂ ਖਾਧਾ ਖੇਤ।* (ਪੰਨਾ 586)
6. ਦਬਿਸਤਾਨਿ *ਮਜ਼ਾਹਿਬ* ਕ੍ਰਿਤ ਮੋਹਸਿਨ ਫਾਨੀ, ਪੰਨਾ 173-74, ਉਦਰਿਤ *ਇਤਿਹਾਸਕ ਪੱਤ੍ਰ*, ਸੈਂਚੀ 3, ਅੰਕ 3, ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1951-52, ਪੰਨਾ 208.
7. ਭਾਈ ਕਾਹਨ ਸਿੰਘ ਜੀ ਨਾਭਾ ਅਨੁਸਾਰ "ਹੁਣ (1930 ਈ.) ਬਹੁਤ ਸੁਥਰੇ ਸਿੱਖ ਧਰਮ ਦੇ ਨਿਯਮਾਂ ਨੂੰ ਭੁਲਾ ਬੈਠੇ ਹਨ। ਡੰਡੇ ਬਜਾ ਕੇ ਹੱਟੀਆਂ ਤੋਂ ਮੰਗਦੇ ਹਨ। ਕਦੇ ਬੇਨਵਿਆਂ ਦੀ ਤਰ੍ਹਾਂ ਦੁਰਵਚਨ ਬੋਲਦੇ ਹਨ। ਕਈ ਮੂੰਹ ਕਾਲਾ ਕਰਕੇ ਧਰਨਾ ਮਾਰ ਬੈਠਦੇ ਹਨ।"
   - *ਮਹਾਨਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1976, ਪੰਨਾ 217.
8. *Ambala Account* ਉਦਰਿਤ *A Glossary of the Tribes and Castes of the Punjab and North West Frontier Province*, Vol. III, Languages Department, Punjab, 1970, p. 445.
9. *ਸਿਖ ਸੰਪ੍ਰਦਾਵਲੀ*, ਪ੍ਰੋ. ਪਿਆਰਾ ਸਿੰਘ ਪਦਮ, ਕਲਗੀਧਰ ਕਲਮ ਫਾਊਂਡੇਸ਼ਨ, ਪਟਿਆਲਾ, 2000, ਪੰਨਾ 164.
10. *ਤਹਿਕੀਕਾਤਿ ਚਿਸ਼ਤੀ*, ਮੌਲਵੀ ਨੂਰ ਅਹਿਮਦ 'ਚਿਸ਼ਤੀ', ਪੰਨਾ 593, ਉਦਰਿਤ : *ਇਤਿਹਾਸਕ ਪੱਤ੍ਰ*, ਸੈਂਚੀ 3, ਅੰਕ 3, ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1951-52, ਪੰਨਾ 243-585.
11. *ਪੰਜਾਬੀ ਅਦਬ ਦੀ ਮੁਖਤਿਸਰ ਤਾਰੀਖ*, ਮੋਹਨ ਸਿੰਘ ਦੀਵਾਨਾ (ਡਾ.), ਸ਼ਿਮਲਾ, 1948, ਪੰਨਾ 105-07.
12. *ਪੰਜਾਬੀ ਸ਼ਾਇਰਾਂ ਦਾ ਤਜ਼ਕਰਾ (ਪੰਜਾਬ ਦੇ ਹੀਰੇ)*, ਮੌਲਾ ਬਖਸ਼ ਕੁਸਤਾ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 2000 (ਨਵਾਂ ਸੰਸਕਰਨ), ਪੰਨਾ 188.

13. ਹੰਸ ਚੋਗ, ਬਾਵਾ ਬੁਧ ਸਿੰਘ / *ਬਾਵਾ ਬੁਧ ਸਿੰਘ ਰਚਨਾਵਲੀ*, ਜਿਲਦ ਪਹਿਲੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1982, ਪੰਨਾ 159.
14. *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼*, ਜਿਲਦ ਤੀਜੀ, ਸੋਹਿੰਦਰ ਸਿੰਘ ਵਣਜਾਰਾ ਬੇਦੀ (ਡਾ.), ਲੋਕ ਪ੍ਰਕਾਸ਼ਨ, ਨਵੀਂ ਦਿੱਲੀ, 1979.
15. *ਇਤਿਹਾਸਕ ਪੱਤ੍ਰ*, ਸੈਂਚੀ 3, ਅੰਕ 3, ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1951-52, ਪੰਨਾ 237-239.
16. *ਸਬਦ ਸਲੋਕ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960, ਪੰਨਾ 230-232.
17. *ਤਹਿਕੀਕਾਤਿ ਚਿਸ਼ਤੀ*, ਮੌਲਵੀ ਨੂਰ ਅਹਿਮਦ 'ਚਿਸ਼ਤੀ', ਪੰਨਾ 586, ਉਦਰਿਤ : *ਇਤਿਹਾਸਕ ਪੱਤ੍ਰ*, ਸੈਂਚੀ 3, ਅੰਕ 3, ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1951-52, ਪੰਨਾ 209.
18. *ਸਬਦ ਸਲੋਕ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960, ਪੰਨਾ 232-233.
19. ਸਿੱਖ ਇਤਿਹਾਸ ਦੀਆਂ ਰਵਾਇਤਾਂ ਵਿੱਚ ਇਹ ਘਟਨਾ ਗੁਰੂ ਹਰਗੋਬਿੰਦ ਜੀ ਨਾਲ ਸਬੰਧਿਤ ਮੰਨੀ ਜਾਂਦੀ ਹੈ।
20. *ਸ੍ਰੀ ਗੁਰ ਪੁਰ ਪ੍ਰਕਾਸ਼*, ਜਿਲਦ ਤੀਜੀ, ਕਵਿ ਸੰਤ ਰੇਣ ਪ੍ਰੇਮ ਸਿੰਘ (ਗੁਰੂ ਅੰਗਦ ਕੁਲੀਨ), ਗੁਰੂ ਅੰਗਦ ਦਰਬਾਰ, ਸਰਹਦੀ ਗੇਟ, ਪਟਿਆਲਾ, ਰਚਨਾ ਸੰਮਤ 445-50 ਨਾਨਕਸ਼ਾਹੀ (1949-54 ਈ.), ਪ੍ਰਕਾਸ਼ਨ ਸੰਮਤ 496 ਨਾਨਕਸ਼ਾਹੀ (1965 ਈ.) ਚੋਥੀ ਵਾਰ, ਪੰਨਾ 1115-16.
21. ਦਬਿਸਤਾਨਿ ਮਜ਼ਾਹਿਬ ਕ੍ਰਿਤ ਮੋਹਸਿਨ ਫਾਨੀ, ਪੰਨਾ 173. ਉਦਰਿਤ *ਇਤਿਹਾਸਕ ਪੱਤ੍ਰ*, ਸੈਂਚੀ 3, ਅੰਕ 3, ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1951-52, ਪੰਨਾ 224-225.
22. ਡਾ. ਮਦਨਜੀਤ ਕੌਰ ਹੁਰਾਂ ਦਬਿਸਤਾਨਿ ਮਜਾਹਿਬ ਵਿਚ ਵਰਣਿ ਇਸ ਦੇਵਾ ਨਾਮੀ ਵਿਅਕਤੀ ਨੂੰ ਭਾਈ ਸੁਥਰੇ ਸ਼ਾਹ ਹੀ ਪ੍ਰਗਟਾਇਆ ਹੈ :
    See Madanjit Kaur, "Suthresahis : A Forgotton Sect of Panjab", *Journal of Sikh Studies*, G.N.D.U., Amritsar, Vol. X, Feb. 1983, p.50, f.n. 5.
23. ਦਬਿਸਤਾਨਿ ਮਜਾਹਿਬ ਕ੍ਰਿਤ ਮੋਹਸਿਨ ਫਾਨੀ, ਉਦਰਿਤ *ਕੁਝ ਕੁ ਪੁਰਾਤਨ ਸਿਖ-ਇਤਿਹਾਸਕ ਪਤ੍ਰੇ*, ਗੰਡਾ ਸਿੰਘ (ਡਾ.) ਪੰਜਾਬੀ ਪਿਆਰੇ ਅੰਮ੍ਰਿਤਸਰ, 1937, ਪੰਨਾ 13.
24. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਬਾਹਰਵੀਂ, ਭਾਈ ਸੰਤੋਖ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 5091-5092.
25. ਤ੍ਵਾਰੀਖ *ਸਿਖਾਂ*, ਮੁਨਸ਼ੀ ਖੁਸ਼ਵਕਤ ਰਾਇ, ਉਦਰਿਤ *ਇਤਿਹਾਸਕ ਪੱਤ੍ਰ*, ਸੈਂਚੀ 3, ਅੰਕ 3, ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1951-52, ਪੰਨਾ 220.

# ਸਿਕਲੀਗਰ ਕਬੀਲੇ : ਇਕ ਨਜ਼ਰ

ਰਮਕੌਰ ਸਿੰਘ*

## 1.1. ਭੂਮਿਕਾ

ਗੁਰੂ ਨਾਨਕ ਸਾਹਿਬ ਵਲੋਂ ਚਲਾਏ ਨਿਰਮਲ ਪੰਥ/ਗੁਰੂ-ਪੰਥ ਵਿਚ ਜਾਤ-ਪਾਤ, ਰੰਗ, ਨਸਲ, ਲਿੰਗ, ਬੋਲੀ, ਇਲਾਕੇ, ਮਜ਼ਹਬ ਆਦਿ ਕਿਸੇ ਵੀ ਆਧਾਰ 'ਤੇ ਕਿਸੇ ਨਾਲ ਕੋਈ ਵੀ ਭੇਦ-ਭਾਵ ਜਾਂ ਵਿਤਕਰਾ ਨਹੀਂ ਕੀਤਾ ਜਾਂਦਾ। ਇਹੀ ਕਾਰਨ ਹੈ ਕਿ ਮਨੁੱਖੀ ਸਮਾਜ ਦੇ ਹਰ ਵਰਗ ਦਾ ਗੁਰੂ-ਪੰਥ ਨਾਲ ਗਹਿਰਾ ਸੰਬੰਧ ਰਿਹਾ ਹੈ। ਕਿਸਾਨ, ਮਜ਼ਦੂਰ, ਵਪਾਰੀ, ਦੁਕਾਨਦਾਰ, ਦਸਤਕਾਰ, ਮੁਲਾਜ਼ਮ, ਅਮੀਰ, ਗਰੀਬ ਸਭ ਵਰਗ ਸ਼ੁਰੂ ਤੋਂ ਹੀ ਗੁਰੂ-ਪੰਥ ਨਾਲ ਜੁੜੇ ਆ ਰਹੇ ਹਨ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਦੱਖਣੀ ਏਸ਼ੀਆ ਦੇ ਵਿਸ਼ਾਲ ਖਿੱਤੇ, ਵਿਸ਼ੇਸ਼ ਕਰ ਅਜੋਕੇ ਭਾਰਤ ਦੇ ਦੂਰ-ਦਰਾਜ ਖੇਤਰਾਂ ਵਿਚ ਗੁਰੂ ਨਾਨਕ ਦੀ ਸਿੱਖੀ ਦਾ ਵਿਆਪਕ ਪ੍ਰਭਾਵ ਰਿਹਾ ਹੈ। ਇਸ ਖੇਤਰ ਵਿਚ ਥੋੜ੍ਹੀ ਬਹੁਤ ਦਿਲਚਸਪੀ ਰੱਖਣ ਵਾਲੇ ਖੋਜੀਆਂ ਨੂੰ ਹੈਰਾਨੀਜਨਕ ਤੱਥ ਮਿਲੇ ਹਨ। ਭਾਰਤ ਦੇ ਵੱਖ-ਵੱਖ ਰਾਜਾਂ – ਮੱਧ ਪ੍ਰਦੇਸ਼, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕ, ਛੱਤੀਸਗੜ੍ਹ ਆਦਿ –ਵਿਚ ਕਈ ਐਸੇ ਕਬੀਲਿਆਂ ਬਾਰੇ ਪਤਾ ਲੱਗਾ ਹੈ ਜਿਹੜੇ ਅੱਜ ਤਕ ਗੁਰੂ ਨਾਨਕ ਦੀ ਸਿੱਖੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਾਂਭੀ ਬੈਠੇ ਹਨ। ਇਨ੍ਹਾਂ ਵਿਚੋਂ ਸਿਕਲੀਗਰ, ਵਣਜਾਰੇ, ਲੁਬਾਣੇ, ਸਤਨਾਮੀਏ, ਭੀਲ ਆਦਿ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਵੱਖ-ਵੱਖ ਇਤਿਹਾਸਕ ਕਾਰਨਾਂ ਕਰਕੇ ਗੁਰੂ-ਪੰਥ ਨਾਲ ਜੁੜੇ ਰਹੇ ਬਹੁਤ ਸਾਰੇ ਕਬੀਲੇ/ਵਰਗ ਅੱਜ ਮੁੱਖ ਧਾਰਾ ਤੋਂ ਅਲੱਗ-ਥਲੱਗ ਹੋ ਚੁੱਕੇ ਹਨ। ਇਨ੍ਹਾਂ ਬਾਰੇ ਵਿਆਪਕ ਪੱਧਰ 'ਤੇ ਸੰਜੀਦਾ ਖੋਜ-ਕਾਰਜ ਅਤੇ ਸਰਵੇਖਣ ਹੋਣੇ ਲੋੜੀਂਦੇ ਹਨ ਤਾਂ ਜੋ ਇਨ੍ਹਾਂ ਕਬੀਲਿਆਂ ਬਾਰੇ ਬਹੁਮੁੱਲੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ। ਇਸ ਨਿਬੰਧ ਵਿਚ ਕੇਵਲ ਸਿਕਲੀਗਰ ਕਬੀਲੇ ਦੇ ਗੁਰੂ-ਪੰਥ ਨਾਲ ਸੰਬੰਧਾਂ ਦਾ ਸੰਭਵ ਵਰਣਨ ਕੀਤਾ ਜਾਵੇਗਾ।

## 2.1. ਸਿਕਲੀਗਾਰ ਕਬੀਲਾ : ਅਰਥ ਅਤੇ ਪਛਾਣ

'ਸਿਕਲੀਗਰ' ਸ਼ਬਦ ਫਾਰਸੀ ਭਾਸ਼ਾ ਦੇ 'ਸਕਲਗਰ' ਦਾ ਪੰਜਾਬੀ ਰੂਪਾਂਤਰ ਹੈ, ਜਿਸ ਦਾ ਅਰਥ ਹੈ – ਸਿਕਲ ਕਰਨ ਵਾਲਾ, ਜ਼ੰਗ (ਜ਼ੰਗਾਲ) ਉਤਾਰਨ ਵਾਲਾ। ਅਰਬੀ/ਫਾਰਸੀ ਵਿਚ 'ਸਕਲ' (ਸਿਕਲ) ਦਾ ਅਰਥ ਹੈ – ਸਾਫ਼ ਕਰਨ ਦੀ ਕਿਰਿਆ, ਜ਼ੰਗ ਉਤਾਰ ਕੇ ਸ਼ਸਤਰ ਆਦਿ ਨੂੰ ਚਮਕਾਉਣ ਦਾ ਕਰਮ।[1]

'ਕਬੀਲਾ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ – ਪਰਿਵਾਰ, ਟੱਬਰ,

* ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ (ਬਠਿੰਡਾ)

ਕੁਟੰਬ, ਕੁਨਬਾ, ਕੁਲ, ਖ਼ਾਨਦਾਨ ; ਨਸਲ, ਆਲ-ਔਲਾਦ, ਘਰਾਣਾ ਆਦਿ ।[2] ਭਾਵੇਂ ਸਾਧਾਰਨ ਅਰਥਾਂ ਵਿੱਚ ਇਕੋ ਖ਼ਾਨਦਾਨ, ਵੰਸ਼ ਜਾਂ ਕੁਲ ਨਾਲ ਸੰਬੰਧਤ ਲੋਕ 'ਕਬੀਲਾ' ਅਖਵਾਉਂਦੇ ਹਨ ; ਪਰ ਵਿਸ਼ੇਸ਼ ਅਰਥਾਂ ਵਿਚ 'ਕਬੀਲਾ' ਸ਼ਬਦ ਅਜਿਹੇ ਖ਼ਾਨਦਾਨ ਜਾਂ ਕੁਨਬੇ ਲਈ ਵਰਤਿਆ ਜਾਂਦਾ ਹੈ ਜੋ ਪੁਰਾਤਨ ਵੰਸ਼ਕ ਪਰੰਪਰਾਵਾਂ ਅਰਥਾਤ ਪਿਤਾ ਪੁਰਖੀ ਰਵਾਇਤਾਂ ਨੂੰ ਕਾਇਮ ਰੱਖਦਿਆਂ, ਇਕ ਵਿਸ਼ੇਸ਼ (ਕਬਾਇਲੀ) ਜਾਬਤੇ ਵਿਚ ਬੱਝੇ ਰਹਿੰਦੇ ਹਨ। ਇਕ ਕਬੀਲੇ ਨਾਲ ਸੰਬੰਧਤ ਲੋਕ 'ਖ਼ਾਨਦਾਨੀ/ਵੰਸ਼ਕ ਸ਼ੁੱਧਤਾ ਅਤੇ ਪਛਾਣ' ਲਈ ਖਾਣ-ਪੀਣ, ਰਹਿਣ-ਸਹਿਣ, ਵਿਸ਼ੇਸ਼ ਕਰ ਵਿਆਹ ਆਦਿ ਦੇ ਮਾਮਲੇ ਵਿੱਚ 'ਕਬੀਲੇ' ਵਲੋਂ ਨਿਰਧਾਰਤ ਬੰਦਿਸ਼ਾਂ (Taboos) ਨੂੰ ਕੱਟੜਤਾ ਨਾਲ ਨਿਭਾਉਂਦੇ ਹਨ। ਵਕਤ ਦੀ ਤੋਰ ਨਾਲ ਭਾਵੇਂ ਇਨ੍ਹਾਂ ਬੰਦਿਸ਼ਾਂ ਜਾਂ ਮਨਾਹੀਆਂ ਦੀ ਕੱਟੜਤਾ ਹੌਲੀ-ਹੌਲੀ ਘਟ ਰਹੀ ਹੈ ਪਰ ਕਈ ਕਬੀਲਿਆਂ ਵਿੱਚ ਅੱਜ ਵੀ ਇਨ੍ਹਾਂ ਬੰਦਿਸ਼ਾਂ (Taboos) ਦੀ ਉਲੰਘਣਾ ਕਰਨ ਵਾਲੇ ਨਾਲ ਸਖਤੀ ਨਾਲ ਨਿਪਟਿਆ ਜਾਂਦਾ ਹੈ। ਇੱਥੋਂ ਤਕ ਕਈ ਵਾਰ ਕਬੀਲੇ ਵਿੱਚੋਂ ਛੇਕ (ਕੱਢ) ਦਿੱਤਾ ਜਾਂਦਾ ਹੈ ਜਿਸ ਕਰਕੇ ਨਵੇਂ ਕਬੀਲੇ/ਉਪ-ਕਬੀਲੇ ਹੋਂਦ ਵਿੱਚ ਆਉਂਦੇ ਰਹਿੰਦੇ ਹਨ।

ਕੋਸ਼ਗਤ ਅਰਥਾਂ ਦੀ ਰੌਸ਼ਨੀ ਵਿੱਚ 'ਸਿਕਲੀਗਰ ਕਬੀਲੇ' ਤੋਂ ਭਾਵ ਉਸ ਖ਼ਾਨਦਾਨ, ਕੁਲ ਜਾਂ ਵੰਸ਼ ਦੇ ਲੋਕਾਂ ਤੋਂ ਹੈ ਜਿਹੜੇ ਹਥਿਆਰਾਂ ਧਾਤਾਂ ਦੀਆਂ ਵਸਤਾਂ ਆਦਿ ਦਾ ਜ਼ੰਗ (ਜ਼ੰਗਾਲ) ਉਤਾਰ ਕੇ, ਉਨ੍ਹਾਂ ਨੂੰ ਲਿਸ਼ਕਾਉਣ/ਚਮਕਾਉਣ ਦਾ ਕਿੱਤਾ ਕਰਦੇ ਹਨ। ਪਰ ਕਬੀਲੇ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਲੋਕ ਹਥਿਆਰ ਚਮਕਾਉਂਦੇ ਹੀ ਨਹੀਂ ਬਲਕਿ ਬਣਾਉਂਦੇ ਵੀ ਰਹੇ ਹਨ। ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਮੱਧ-ਯੁੱਗ ਵਿਚ ਤਲਵਾਰਾਂ ਬਰਛਿਆਂ, ਤੀਰਾਂ ਢਾਲਾਂ ਆਦਿ ਤੋਂ ਜ਼ੰਗ ਉਤਾਰ ਕੇ ਉਨ੍ਹਾਂ ਨੂੰ ਲਿਸ਼ਕਾਉਣ ਦਾ ਇਕ ਵਿਸ਼ੇਸ਼ ਕਿੱਤਾ ਵਿਕਸਿਤ ਹੋ ਗਿਆ ਸੀ ਅਤੇ ਇਸ ਕਿੱਤੇ ਦੇ ਕਰਮੀਆਂ ਨੂੰ 'ਸਿਕਲੀਗਰ' ਕਿਹਾ ਜਾਣ ਲੱਗਾ।[3] ਸਿੱਖ ਸਾਹਿਤ ਵਿੱਚ ਇਨ੍ਹਾਂ ਦੀ ਪਛਾਣ 'ਮਾਰਵਾੜੀ ਲੋਹਾਰ' ਕਰਕੇ ਵੀ ਦਰਜ ਹੈ।

ਅੱਜ ਪੰਜਾਬੀ ਲੋਕ-ਮਾਨਸਿਕਤਾ ਵਿਚ 'ਸਿਕਲੀਗਰ' ਕਬੀਲੇ ਦੀ ਜੇਕਰ ਕੋਈ ਪਛਾਣ ਹੈ ਤਾਂ ਉਹ ਬੱਠਲ-ਬਾਲਟੀਆਂ ਦੇ 'ਥੱਲੇ' ਲਾਉਣ, ਚਿਮਟੇ ਖੁਰਚਣੇ, ਚਾਕੂ-ਛੁਰੀਆਂ, ਜਿੰਦੇ -ਕੁੰਜੀਆਂ, ਛਾਨਣੀਆਂ ਆਦਿ ਬਣਾਉਣ ਅਤੇ ਵੇਚਣ ਵਾਲਿਆਂ ਦੇ ਰੂਪ ਵਿਚ ਹੈ। ਆਮ ਲੋਕਾਂ ਨੂੰ ਤਾਂ ਇਹ ਵੀ ਜਾਣਕਾਰੀ ਨਹੀਂ ਕਿ ਤਖਤ ਸਾਹਿਬਾਨ ਅਤੇ ਹੋਰ ਗੁਰ-ਅਸਥਾਨਾਂ ਉਪਰ (ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਿਆਰੇ ਗੁਰਸਿੱਖਾਂ ਦੀ ਛੋਹ ਪ੍ਰਾਪਤ) ਜਿਹੜੇ ਸ਼ਸਤਰਾਂ ਦੇ ਦਰਸ਼ਨ ਕਰਵਾਏ ਜਾਂਦੇ ਹਨ, ਉਹ ਸਿਕਲੀਗਰਾਂ ਦੇ ਹੀ ਕਾਰੀਗਰ ਹੱਥਾਂ ਦੁਆਰਾ ਘੜੇ ਹੋਏ ਹਨ।

### 3.1. ਸਿਕਲੀਗਰ ਕਬੀਲੇ ਦਾ ਇਤਿਹਾਸਕ ਪਿਛੋਕੜ

ਸਿਕਲੀਗਰ ਕਬੀਲੇ ਦੇ ਇਤਿਹਾਸਕ ਪਿਛੋਕੜ ਬਾਰੇ ਕੋਈ ਬਹੁਤੀ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ। ਕਿਰਪਾਲ ਕਜ਼ਾਕ ਅਨੁਸਾਰ – "ਸਦੀਆਂ ਪੁਰਾਣਾ ਇਨ੍ਹਾਂ ਦਾ ਪਿਛੋਕੜ ਅਣਲਿਖੇ ਇਤਿਹਾਸ ਦੀ ਧੁੰਦ ਵਿਚ ਹੀ ਗੁਆਚ ਗਿਆ ਹੈ।......

ਬਿਨਾ ਕੋਈ ਦਲੀਲ ਦਿੱਤੇ (ਇਹ) ਟਪਰੀਵਾਸ ਕਬੀਲੇ ਆਪਣਾ ਪਿਛੋਕੜ ਰਾਜਪੂਤਾਨਾ ਮੁੱਢੀਆਂ ਨਾਲ ਜੋੜਦੇ ਹਨ। ਆਪਣੀ ਖ਼ਾਨਾਬਦੋਸ਼ੀ ਦਾ ਮੁੱਢਲਾ ਕਾਰਨ ਉਹ (ਸੰਨ 1308 ਈ:)

ਅਲਾਉਦੀਨ ਖਿਲਜੀ ਤੋਂ ਲੈ ਕੇ ਅਕਬਰ ਤਕ ਦਾ ਲੰਮਾ ਸਮਾਂ, ਮੁਗਲਾਂ ਵਲੋਂ ਚਿਤੌੜ 'ਤੇ ਵਾਰ-ਵਾਰ ਹਮਲਾ ਕਰਨਾ ਅਤੇ ਮੁਗਲਾਂ ਦੀ ਜਿੱਤ ਸਮਝਦੇ ਹਨ। ਬਹੁਤੇ ਟਪਰੀਵਾਸ ਇਸੇ ਧਾਰਨਾ ਦੇ ਕਾਇਲ ਹਨ।

ਇਨ੍ਹਾਂ ਕਿਆਸੀਆਂ ਧਾਰਨਾਵਾਂ ਬਾਰੇ ਕੁਝ-ਕੁਝ ਇਤਿਹਾਸਕ ਵੇਰਵੇ ਵੀ ਮਿਲਦੇ ਹਨ ਅਤੇ ਕਬੀਲਿਆਂ 'ਚ ਪੀੜ੍ਹੀ-ਦਰ-ਪੀੜ੍ਹੀ ਪ੍ਰਚਲਿਤ ਦੰਤ-ਕਥਾਵਾਂ ਵੀ ; ਪਰ ਕਬੀਲੇ ਦੇ ਮੁਢਲੇ ਉਦਗਮ ਬਾਰੇ ਕਬੀਲੇ ਦੇ ਲੋਕ, ਕੋਈ ਠੋਸ ਦਲੀਲ ਦੇਣ ਤੋਂ ਅਸਮਰੱਥ ਹਨ।"[4]

ਡਾ. ਵਣਜਾਰਾ ਬੇਦੀ ਅਨੁਸਾਰ ਵੀ ਸਿਕਲੀਗਰ ਆਪਣਾ ਮੁੱਢ ਰਾਜਪੂਤਾਂ ਨਾਲ ਜੋੜਦੇ ਹਨ। ਰਵਾਇਤਾਂ ਅਨੁਸਾਰ ਉਨ੍ਹਾਂ ਦੇ ਵਡੇਰੇ ਮਾਰਵਾੜ ਤੋਂ ਆ ਕੇ ਪੰਜਾਬ ਅਤੇ ਹਰਿਆਣੇ ਵਿਚ ਵਸੇ।[5] ਸ਼ੇਰ ਸਿੰਘ ਸ਼ੇਰ ਨੇ ਸਿਕਲੀਗਰਾਂ ਦੀ ਵੰਸ਼ਾਵਲੀ ਬਾਰੇ ਦੋ ਮਿੱਥਾਂ ਪੇਸ਼ ਕੀਤੀਆਂ ਹਨ।[6] ਪਹਿਲੀ ਅਨੁਸਾਰ ਸਿਕਲੀਗਰਾਂ ਦਾ ਸੰਬੰਧ ਵਣਜਾਰਿਆਂ, ਲੁਬਾਣਿਆਂ ਦੇ ਨਾਲ-ਨਾਲ ਜੋਗੀਆਂ, ਨਾਥਾਂ ਨਾਲ ਜੁੜਦਾ ਹੈ ਜਦਕਿ ਦੂਜੀ ਮਿਥ ਰਾਹੀਂ ਸਿਕਲੀਗਰਾਂ ਦਾ ਸੰਬੰਧ ਰਮਾਇਣ ਦੇ ਪਾਤਰ ਸੁਗਰੀਵ ਦੇ ਨਾਲ-ਨਾਲ ਸ੍ਰੀ ਕ੍ਰਿਸ਼ਨ ਦੀ ਰਾਧਾ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਪਰ ਇਨ੍ਹਾਂ ਮਿਥਾਂ ਨੂੰ ਇਤਿਹਾਸਕ ਤੱਥ ਮੰਨ ਲੈਣਾ ਠੀਕ ਨਹੀਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹੁਣ ਤਕ ਸਾਹਮਣੇ ਆਏ ਤੱਥਾਂ ਅਨੁਸਾਰ ਸਿਕਲੀਗਰਾਂ, ਵਣਜਾਰਿਆਂ, ਲੁਬਾਣਿਆਂ ਦਾ ਪਿਛੋਕੜ ਰਾਜਪੂਤਾਂ ਨਾਲ ਸੰਬੰਧਤ ਹੈ।

ਡਾ. ਵਣਜਾਰਾ ਬੇਦੀ ਨੇ 'ਖੋਜ ਦਰਪਣ', ਜੁਲਾਈ 1977 ਦਾ ਹਵਾਲਾ ਦਿੰਦਿਆਂ ਇਕ ਹੋਰ ਧਾਰਨਾ ਦਾ ਉਲੇਖ ਕੀਤਾ ਹੈ ਕਿ ਟਪਰੀਵਾਸਾਂ ਦੀਆਂ ਆਪਣੀਆਂ ਰਵਾਇਤਾਂ ਅਨੁਸਾਰ ਲੁਬਾਣੇ, ਬਾਜ਼ੀਗਰ ਅਤੇ ਸਿਕਲੀਗਰ ਇਕੋ ਵਡੇਰੇ ਦੀ ਵੰਸ਼ ਹਨ। ਇਨ੍ਹਾਂ ਦੇ ਵਡੇਰੇ ਚਾਰ ਭਰਾ ਸਨ। ਦੋਹਾਂ ਭਰਾਵਾਂ ਦੀ ਔਲਾਦ ਬਾਜ਼ੀਗਰ ਪ੍ਰਸਿੱਧ ਹੋਈ ਅਤੇ ਬਾਕੀ ਦੋਹਾਂ ਵਿਚੋਂ ਇੱਕ ਦੀ ਲੁਬਾਣੇ ਅਤੇ ਦੂਜੇ ਦੀ ਸਿਕਲੀਗਰ ਅਖਵਾਣ ਲੱਗੀ।[7]

ਇਸ ਤਰ੍ਹਾਂ ਪਤਾ ਲਗਦਾ ਹੈ ਕਿ ਸਿਕਲੀਗਰਾਂ ਦੀ ਵੰਸ਼ਕ ਉਤਪਤੀ ਅਤੇ ਇਤਿਹਾਸਕ ਪਿਛੋਕੜ ਬਾਰੇ ਵੱਖ-ਵੱਖ ਧਾਰਨਾਵਾਂ ਪਾਈਆਂ ਜਾਂਦੀਆਂ ਹਨ।

### 4.1. ਗੁਰੂ-ਪੰਥ ਨਾਲ ਸੰਬੰਧ : ਗੁਰੂ ਹਰਗੋਬਿੰਦ ਸਾਹਿਬ ਸਮੇਂ

ਗੁਰੂ-ਪੰਥ ਨਾਲ ਸਿਕਲੀਗਰਾਂ ਦਾ ਸੰਬੰਧ ਸਤਾਰਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਜੁੜਦਾ ਹੈ। ਇਹ ਉਹ ਸਮਾਂ ਹੈ ਜਦ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਉਪਰੰਤ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੂੰ ਸਮੇਂ ਦੀ ਜਾਬਰ ਮੁਗ਼ਲ ਹਕੂਮਤ ਖਿਲਾਫ਼ ਹਥਿਆਰਬੰਦ ਸੰਘਰਸ਼ ਵਿੱਢਣਾ ਪਿਆ। ਮੁਗ਼ਲਾਂ ਨਾਲ ਲੜਨ ਲਈ ਚੰਗੇ ਹਥਿਆਰਾਂ ਦੀ ਲੋੜ ਸੁਭਾਵਿਕ ਸੀ। ਪਹਿਲਾਂ ਪਹਿਲ ਇਸ ਲੋੜ ਦੀ ਪੂਰਤੀ ਲਾਹੌਰ ਦੇ ਪ੍ਰਸਿੱਧ ਲੋਹਾਰ ਮੌਲਾਬਖਸ਼ ਵਲੋਂ ਕੀਤੀ ਜਾਂਦੀ ਰਹੀ ਹੈ ਜੋ ਕਿ ਵਧੀਆ ਹਥਿਆਰਾਂ ਨੂੰ ਬਣਾਉਣ ਵਾਲਾ ਇਕ ਮਾਹਰ ਕਾਰੀਗਰ ਸੀ।

ਗੁਰੂ ਹਰਿਗੋਬਿੰਦ ਸਾਹਿਬ ਦੇ ਸਿੱਖ ਸਿਪਾਹੀਆਂ ਲਈ ਵਧੀਆ ਕੁਆਲਿਟੀ ਦੇ ਹਥਿਆਰ ਬਣਾਉਣ ਲਈ ਉਸ ਨੂੰ ਮੂੰਹ ਮੰਗੀ ਕੀਮਤ ਦਿੱਤੀ ਜਾਂਦੀ ਸੀ। ਇਸ ਦੀ ਸੂਹ ਮਿਲਣ 'ਤੇ ਮੁਗਲਾਂ ਨੇ ਮੌਲਾ ਬਖਸ਼ ਨੂੰ ਡਰਾਇਆ ਧਮਕਾਇਆ ਜਿਸ ਕਰਕੇ ਉਸ ਨੇ ਸਿੱਖ ਫੌਜਾਂ ਵਾਸਤੇ

ਘਟੀਆ ਹਥਿਆਰ ਬਣਾਉਣੇ ਸ਼ੁਰੂ ਕਰ ਦਿੱਤੇ। ਤਲਵਾਰਾਂ, ਨੇਜੇ ਆਦਿ 'ਦੁੱਪੜ'/ਕੱਚੇ ਲੋਹੇ ਦੇ ਬਣਾਉਣ ਲੱਗ ਪਿਆ ਅਤੇ ਢਾਲਾਂ ਵਿਚ ਵੀ ਕਚਿਆਈ ਰਹਿਣ ਦਿੱਤੀ। ਮੈਦਾਨੇ-ਜੰਗ ਵਿਚ ਇਨ੍ਹਾਂ ਹਥਿਆਰਾਂ ਦਾ ਘਟੀਆ ਮਿਆਰ ਸਾਹਮਣੇ ਆ ਗਿਆ। ਜਦ ਸਿੱਖਾਂ ਨੇ ਇਸ ਦੀ ਸ਼ਿਕਾਇਤ ਗੁਰੂ ਜੀ ਕੋਲ ਕੀਤੀ ਤਾਂ ਉਨ੍ਹਾਂ ਮੌਲਾਬਖਸ਼ ਨੂੰ ਤਲਬ ਕੀਤਾ। ਉਸ ਨੇ ਗੁਰੂ ਜੀ ਅੱਗੇ ਆਪਣਾ ਸਾਰਾ ਗੁਨਾਹ ਕਬੂਲ ਕਰਦਿਆਂ ਰਹਿਮ ਦਾ ਵਾਸਤਾ ਪਾਇਆ। ਇਸ 'ਤੇ ਗੁਰੂ ਜੀ ਨੇ ਉਸ ਨੂੰ ਮਾਫ ਕਰ ਦਿੱਤਾ।

### 4.2. ਮਾਰਵਾੜ ਦੇ ਕਾਬਲ ਕਾਰੀਗਰ : ਗੁਰੂ ਦਰਬਾਰ ਵਿੱਚ

ਚੰਗੇ ਹਥਿਆਰ ਬਣਾਉਣ ਲਈ ਚੰਗੇ ਕਾਰਗੀਰਾਂ ਦੀ ਲੋੜ ਦਾ ਸਵਾਲ ਪੈਦਾ ਹੋਇਆ। ਲੰਬੀ ਸੋਚ-ਵਿਚਾਰ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਦਰਬਾਰ ਦੀ ਸਿੱਧੀ ਨਿਗਰਾਨੀ ਹੇਠ ਹਥਿਆਰ ਤਿਆਰ ਕਰਵਾਉਣ ਦਾ ਨਿਰਣਾ ਲਿਆ। ਉਨ੍ਹਾਂ ਭਾਈ ਜੇਠਾ ਅਤੇ ਭਾਈ ਬਿਧੀ ਚੰਦ ਨੂੰ ਬੁਲਾ ਕੇ ਮਾਰਵਾੜ ਤੋਂ ਰਾਜਪੂਤ ਲੋਹਾਰ ਲੈ ਕੇ ਆਉਣ ਦਾ ਆਦੇਸ਼ ਦਿੱਤਾ।[8]

ਗੁਰੂ ਜੀ ਦੀ ਆਗਿਆ ਨਾਲ ਮਾਰਵਾੜ ਤੋਂ ਕੁਝ ਲੋਹਾਰ ਪਰਿਵਾਰ ਪੰਜਾਬ ਲਿਆਂਦੇ ਗਏ। ਮਾਰਵਾੜ ਤੋਂ ਆਏ ਇਹ ਪਰਿਵਾਰ ਕੇਹਰ ਸਿੰਘ ਦੀ ਅਗਵਾਈ ਵਿਚ ਗੁਰੂ ਦਰਬਾਰ 'ਚ ਹਾਜ਼ਰ ਹੋਏ ਅਤੇ ਆਪਣੇ ਬਣਾਏ ਹਥਿਆਰਾਂ ਨੂੰ ਪ੍ਰਦਰਸ਼ਿਤ ਕੀਤਾ। ਜਾਂਚ-ਪਰਖ ਉਪਰੰਤ ਗੁਰੂ ਜੀ ਨੇ ਉਨ੍ਹਾਂ ਦੇ ਹਥਿਆਰਾਂ ਦੀ ਪੁਖਤਗੀ ਅਤੇ ਕਾਰੀਗਰੀ ਦੀ ਖੂਬ ਪ੍ਰਸੰਸਾ ਕੀਤੀ। ਉਨ੍ਹਾਂ ਕੇਹਰ ਸਿੰਘ ਨੂੰ ਮਾਰਵਾੜ ਤੋਂ ਹੋਰ ਲੋਹਾਰ ਲਿਆਉਣ ਲਈ ਆਖਿਆ, ਜਿਸ ਨੂੰ ਕੇਹਰ ਸਿੰਘ ਨੇ ਖਿੜੇ ਮੱਥੇ ਪ੍ਰਵਾਨ ਕਰ ਲਿਆ।[9]

ਇਸ ਤੋਂ ਬਾਅਦ ਬਹੁਤ ਸਾਰੇ ਮਾਰਵਾੜੀ ਲੋਹਾਰ ਗੁਰੂ ਦਰਬਾਰ ਵਿਚ ਹਾਜ਼ਰ ਹੋਣ ਲੱਗੇ ਅਤੇ ਹਥਿਆਰ ਬਣਾਉਣ ਦੇ ਕੰਮ ਵਿਚ ਜੁਟ ਗਏ। ਹੌਲੀ-ਹੌਲੀ ਇਹ ਗੁਰੂ ਜੀ ਦੇ ਏਨੇ ਮੁਰੀਦ ਹੋ ਗਏ ਕਿ ਹਥਿਆਰ ਬਣਾਉਣ ਦੇ ਨਾਲ-ਨਾਲ ਮੈਦਾਨਿ-ਜੰਗ ਵਿੱਚ ਵੀ ਜੂਝਣ ਲੱਗ ਪਏ। ਮੁਗ਼ਲ ਹਕੂਮਤ ਵਿਰੁੱਧ ਰਾਜਪੂਤੀ ਖ਼ੂਨ ਖੋਲਣ ਲੱਗਾ। ਗੁਰੂ ਹਰਿਗੋਬਿੰਦ ਸਾਹਿਬ ਵਲੋਂ ਮੁਗ਼ਲਾਂ ਨਾਲ ਹੋਈਆਂ ਜੰਗਾਂ ਵਿੱਚ ਇਨ੍ਹਾਂ ਮਾਰਵਾੜੀ ਸੂਰਮਿਆਂ ਨੇ ਹੋਰਨਾਂ ਸਿੱਖਾਂ ਵਾਂਗ ਹੀ ਮੁਗ਼ਲ ਫੌਜਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਪਛਾੜਿਆ।[10]

ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਤਕ ਦੇ ਲੰਮੇ ਸਮੇਂ ਦੌਰਾਨ ਹਥਿਆਰਬੰਦ ਸੰਘਰਸ਼ ਦੀ ਲੋੜ ਨਾ ਪਈ। ਇਹ ਹਾਲਾਤ ਰਾਜਪੂਤੀ ਸੁਭਾਅ ਦੇ ਅਨੁਕੂਲ ਨਹੀਂ ਸਨ। ਇਸੇ ਸਮੇਂ ਦੌਰਾਨ ਕੁਝ ਮਾਰਵਾੜੀ ਪਰਿਵਾਰ ਵਾਪਸ ਮਾਤ-ਭੂਮੀ ਵੱਲ ਪਰਤ ਗਏ। ਕਈ ਪੰਜਾਬ ਦੇ ਵੱਖ-ਵੱਖ ਥਾਂਵਾਂ 'ਤੇ ਖਿੰਡ ਗਏ। ਕਈਆਂ ਨੇ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ। ਕੁਝ ਰਿਆਸਤੀ ਰਜਵਾੜਿਆਂ ਨੂੰ ਹਥਿਆਰ ਵੇਚਣ ਲੱਗ ਪਏ।[11] ਦੂਜੇ ਪਾਸੇ, ਮਾਰਵਾੜ ਅਤੇ ਹੋਰ ਰਾਜਪੂਤ ਰਾਜਿਆਂ-ਰਜਵਾੜਿਆਂ ਦੀਆਂ ਆਪਸੀ ਲੜਾਈਆਂ, ਮੁਗ਼ਲਾਂ ਦੇ ਹਮਲਿਆਂ, ਰਾਜਪੂਤਾਂ ਦੇ ਆਪਸੀ ਵੈਰ-ਵਿਰੋਧ ਅਤੇ ਪਰਿਵਾਰਕ ਤੰਗੀ-ਤੁਰਸ਼ੀ ਦੇ ਸਤਾਏ ਬਹੁਤ ਸਾਰੇ ਰਾਜਪੂਤ ਪਰਿਵਾਰ ਮਾਤ-ਭੂਮੀ ਛੱਡ ਕੇ ਪੰਜਾਬ ਵੱਲ ਆ ਰਹੇ ਸਨ। ਇਹ ਘੁਮੱਕੜ/ਟੱਪਰੀਵਾਸ ਕਬੀਲਿਆਂ ਦੇ ਰੂਪ ਵਿਚ ਇੱਧਰ-ਉੱਧਰ ਘੁੰਮਦੇ ਰਹਿੰਦੇ

ਸਨ ਅਤੇ ਟਿਕ ਕੇ ਨਹੀਂ ਸੀ ਬਹਿੰਦੇ। ਹੌਲੀ-ਹੌਲੀ ਇਹ ਮੁਖ ਧਾਰਾ ਨਾਲੋਂ ਟੁੱਟ ਗਏ। ਜਿਹੜੇ ਪਰਿਵਾਰ ਕਿਸੇ ਕਾਰਨ ਵਾਪਸ ਆਪਣੀ ਧਰਤੀ ਵੱਲ ਪਰਤ ਵੀ ਜਾਂਦੇ, ਉਨ੍ਹਾਂ ਨੂੰ ਮਾਰਵਾੜ ਦੀ ਰਾਜਪੂਤ ਅੱਖ ਨਫ਼ਰਤ ਨਾਲ ਵੇਖਦੀ ਸੀ। ਮਾਰਵਾੜ ਰਹਿੰਦੇ ਰਾਜਪੂਤਾਂ ਨੇ ਇਨ੍ਹਾਂ ਦੇ ਰਿਸ਼ਤੇ ਲੈਣ ਦੇਣ ਤੋਂ ਨਾਂਹ ਕਰ ਦਿੱਤੀ। ਅਜਿਹੀਆਂ ਸਥਿਤੀਆਂ ਵਿਚੋਂ ਹੀ ਵੱਟੇ-ਸੱਟਾ ਵਿਆਹ-ਪ੍ਰਥਾ ਪ੍ਰਚਲਿਤ ਹੋਈ ਅਤੇ ਅਜਿਹੇ ਕਈ ਕਾਰਨ ਪੈਦਾ ਹੋਏ, ਜਿਨ੍ਹਾਂ ਨੇ ਮਾਰਵਾੜੀ ਲੋਹਾਰਾਂ ਨੂੰ ਕਬੀਲਾਵਾਦ ਦੀਆਂ ਪੀਡੀਆਂ ਵਲਗਣਾਂ ਵਿਚ ਜਕੜ ਦਿੱਤਾ।[12] ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਜਾਤ-ਪਾਤੀ ਭਾਵਨਾ ਦੇ ਨਾਲ-ਨਾਲ ਕਈ ਹੋਰ ਸਮਾਜਿਕ ਬੰਦਿਸ਼ਾਂ ਤੇ ਕਬੀਲਾਵਾਦੀ ਰੀਤਾਂ ਸ਼ੁਰੂ ਤੋਂ ਹੀ ਰਾਜਪੂਤੀ ਜੀਵਨ-ਸ਼ੈਲੀ ਅਤੇ ਸੁਭਾਅ ਦਾ ਹਿੱਸਾ ਬਣ ਚੁੱਕੀਆਂ ਸਨ।

### 4.3.1. ਗੁਰੂ ਗੋਬਿੰਦ ਸਿੰਘ ਦਾ ਸਮਾਂ : ਮਾਰਵਾੜੀ ਕਬੀਲੇ ਦੀ ਚੜ੍ਹਤ

ਛੇਵੇਂ ਗੁਰੂ ਤੋਂ ਬਾਅਦ ਇਨ੍ਹਾਂ (ਮਾਰਵਾੜੀ ਪਰਿਵਾਰਾਂ) ਦਾ ਸੰਬੰਧ ਸਿੱਖਾਂ ਨਾਲ ਦਿਨੋ ਦਿਨ ਵਧਦਾ ਗਿਆ।[13] ਕਈ ਮਾਰਵਾੜੀ ਸਿੱਖ ਬਣ ਗਏ ਅਤੇ ਗੁਰੂ ਦਰਬਾਰ ਦੇ ਨਿਰੰਤਰ ਸੰਪਰਕ ਵਿਚ ਰਹੇ। ਸੱਤਵੇਂ ਪਾਤਸ਼ਾਹ ਨੇ ਆਪਣੇ ਪਾਸ 2200 ਘੋੜ-ਸਵਾਰ ਸੈਨਿਕ ਰੱਖੇ ਹੋਏ ਸਨ। ਜ਼ਾਹਰ ਹੈ ਉਨ੍ਹਾਂ ਵਿਚ ਮਾਰਵਾੜੀ ਸੂਰਮੇ ਵੀ ਜ਼ਰੂਰ ਹੋਣਗੇ। ਇਹ ਵੀ ਜ਼ਿਕਰ ਮਿਲਦਾ ਹੈ ਕਿ ਜਦੋਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਆਸਾਮ ਵੱਲ ਗਏ ਤਾਂ ਕਈ ਮਾਰਵਾੜੀ ਸੂਰਮੇ ਉਨ੍ਹਾਂ ਦੇ ਨਾਲ ਸਨ।[14] ਕਹਿਣ ਤੋਂ ਭਾਵ ਸ਼ਾਂਤਮਈ ਦੌਰ ਵਿਚ ਵੀ ਇਨ੍ਹਾਂ ਦਾ ਸੰਬੰਧ ਗੁਰੂ ਦਰਬਾਰ ਨਾਲੋਂ ਟੁੱਟਾ ਨਹੀਂ, ਜਿਵੇਂ ਕਿ ਕਈ ਲਿਖਾਰੀਆਂ ਨੇ ਸੰਕੇਤ ਦਿੱਤਾ ਹੈ; ਘੱਟ ਜ਼ਰੂਰ ਗਿਆ ਸੀ।

ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਜਿਉਂ ਹੀ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ, ਇਸ ਮਾਰਵਾੜੀ ਕਬੀਲੇ ਲਈ ਸਮਾਂ ਫਿਰ ਮੌਲ ਉਠਿਆ। ਪੰਜਾਬ ਵਿਚ ਭਟਕਦੇ ਮਾਰਵਾੜੀ ਲੁਹਾਰਾਂ ਨੇ ਸੁਣਿਆ ਕਿ ਕੋਈ ਇਲਾਹੀ ਯੋਧਾ ਰਣ ਵਿਚ ਉਤਰ ਰਿਹਾ ਸੀ। ਨਗਾਰੇ 'ਤੇ ਚੋਟ ਸੁਣਾਈ ਦਿੱਤੀ। ਨਰਸਿੰਗੇ ਵਜਦੇ ਸੁਣੇ। ਜਿੱਥੇ-ਜਿੱਥੇ ਵੀ ਕਬੀਲੇ ਦੇ ਲੋਕ ਸਨ, ਕਾਰੀਗਰ ਸੂਰਮਿਆਂ ਦਾ ਰਾਜਪੂਤ ਲਹੂ ਖੌਲਣ ਲਗਿਆ। ਡੌਲੇ ਫਰਕੇ ਧੁਰ ਅੰਦਰੋਂ ਕਿਤੇ ਚੀਕ ਬੁਲਬੁਲੀ ਉੱਠੀ ਅਤੇ ਇਨ੍ਹਾਂ ਮਾਰਵਾੜੀ ਕਾਰੀਗਰਾਂ ਨੇ ਆਨੰਦਪੁਰ ਵੱਲ ਵਹੀਰਾਂ ਘੱਤ ਦਿੱਤੀਆਂ।[15]

ਮਾਰਵਾੜੀਆਂ ਨੂੰ ਯਕੀਨ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਭਾਰਤੀ ਲੋਕਾਂ ਦੇ ਮਨਾਂ ਵਿਚੋਂ ਜ਼ਾਲਮ ਹਾਕਮਾਂ ਦਾ ਭੈਅ ਦੂਰ ਕਰਕੇ, ਉਨ੍ਹਾਂ ਨੂੰ ਅਣਖ ਅਤੇ ਦਲੇਰੀ ਦਾ ਸਬਕ ਪੜ੍ਹਾਉਣ ਲਈ ਤਤਪਰ ਹਨ। ਉਨ੍ਹਾਂ ਦੀ ਰਾਜਪੂਤਾਨੀ ਅਣਖ ਅਤੇ ਗੈਰਤ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਜਾਬਰ ਮੁਗ਼ਲ ਹਕੂਮਤ ਨਾਲ ਲੋਹਾ ਲੈਣ ਵਾਲਾ ਜੋਧਾ ਜਰਨੈਲ ਮਿਲ ਗਿਆ। ਗੁਰੂ ਜੀ ਦੀ ਸਰਪ੍ਰਸਤੀ ਅਤੇ ਅਗਵਾਈ ਉਨ੍ਹਾਂ ਦੇ ਰਾਜਪੂਤੀ ਸੁਭਾਅ ਨੂੰ ਬੜੀ ਹੀ ਰਾਸ ਆਈ। ਉਨ੍ਹਾਂ ਨੂੰ ਇਹ ਵੀ ਅਹਿਸਾਸ ਸੀ ਕਿ ਹਥਿਆਰ ਬਣਾਉਣ ਦੀ ਪ੍ਰਬੀਨਤਾ ਅਤੇ ਕਾਰੀਗਰੀ ਗੁਰੂ ਦਰਬਾਰ ਵਿਚ ਖ਼ੂਬ ਕੰਮ ਆਵੇਗੀ।

ਭਾਈ ਰਾਮ ਸਿੰਘ ਅਤੇ ਭਾਈ ਵੀਰ ਸਿੰਘ ਮਾਰਵਾੜੀ ਕਬੀਲੇ ਦੇ ਪ੍ਰਤੀਨਿਧ ਵਜੋਂ ਗੁਰੂ

ਗੋਬਿੰਦ ਸਿੰਘ ਦੇ ਦਰਬਾਰ ਵਿਚ ਪੇਸ਼ ਹੋਏ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਤੋਂ ਗੁਰੂ ਪੰਥ ਨਾਲ ਸੰਬੰਧਾਂ ਦਾ ਵੇਰਵਾ ਦਿੰਦਿਆਂ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਉਨ੍ਹਾਂ ਮਾਰਵਾੜੀਆਂ ਵਲੋਂ ਬਣਾਏ ਵੱਖ-ਵੱਖ ਤਰ੍ਹਾਂ ਦੇ ਹਥਿਆਰ ਗੁਰੂ ਜੀ ਨੂੰ ਭੇਟ ਕੀਤੇ। ਗੁਰੂ ਜੀ ਨੇ ਹਥਿਆਰਾਂ ਦੀ ਪਰਖ ਲਈ ਭਾਈ ਚੌਪਾ ਸਿੰਘ ਅਤੇ ਭਾਈ ਨੰਦ ਸਿੰਘ ਦੀ ਜ਼ਿੰਮੇਵਾਰੀ ਲਾਈ। ਇਹ ਹਥਿਆਰ ਅਜ਼ਮਾਇਸ਼ ਦੌਰਾਨ ਹਰ ਪੱਖੋਂ ਖਰੇ ਸਾਬਤ ਹੋਣ 'ਤੇ ਮਾਰਵਾੜੀ ਕਾਰੀਗਰਾਂ ਨੂੰ ਗੁਰੂ ਜੀ ਦੀਆਂ ਫੌਜਾਂ ਲਈ ਹਥਿਆਰ ਤਿਆਰ ਕਰਨ ਦੀ ਇਜ਼ਾਜ਼ਤ ਮਿਲ ਗਈ। ਹੌਲੀ-ਹੌਲੀ ਸਾਰਾ ਕਬੀਲਾ ਗੁਰੂ ਜੀ ਦੀ ਸਰਪ੍ਰਸਤੀ ਹੇਠ ਹਥਿਆਰ ਬਣਾਉਣ ਵਿਚ ਜੁਟ ਗਿਆ। ਮਾਰਵਾੜੀ ਕਬੀਲੇ ਦੇ ਪ੍ਰਤੀਨਿਧਾਂ ਵਿਚੋਂ ਭਾਈ ਰਾਮ ਸਿੰਘ ਬਾਰੇ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਇਹ ਦਸਮੇਸ਼ ਜੀ ਦੇ ਸਿਲਹਖਾਨੇ ਦਾ ਸਿਕਲੀਗਰ ਸਿੱਖ ਸੀ ਜੋ ਪਰਮ ਪ੍ਰੇਮ ਨਾਲ ਸੇਵਾ ਕਰਦਾ ਸੀ। ਮਾਰਵਾੜੀਆਂ ਵਿਚੋਂ ਸਭ ਤੋਂ ਪਹਿਲਾਂ ਇਸ ਨੇ ਅੰਮ੍ਰਿਤ ਛਕਿਆ ਸੀ।[16]

### 4.3.2. ਮਾਰਵਾੜੀ ਲੋਹਾਰਾਂ ਨੂੰ 'ਸਿਕਲੀਗਰ' ਦੀ ਉਪਾਧੀ

ਇਕ ਰਵਾਇਤ ਅਨੁਸਾਰ ਮਾਰਵਾੜੀ ਲੋਹਾਰਾਂ ਨੂੰ 'ਸਿਕਲੀਗਰ' ਦੀ ਉਪਾਧੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਪ੍ਰਦਾਨ ਕੀਤੀ। ਡਾ. ਕਿਰਪਾਲ ਕਜ਼ਾਕ ਨੇ ਸਿਕਲੀਗਰ ਬਜ਼ੁਰਗਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿਚ ਆਉਣ ਤੋਂ ਪਹਿਲਾਂ ਸਾਰਾ ਕਬੀਲਾ ਮਾਰਵਾੜੀ ਲੁਹਾਰਾਂ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਸੀ। ਆਨੰਦਪੁਰ ਸਾਹਿਬ ਵਿਖੇ ਲੋਹਗੜ੍ਹ ਦੇ ਕਿਲ੍ਹੇ ਵਿਚ ਹਥਿਆਰ ਬਣਾਉਣ ਦਾ ਕਾਰਖਾਨਾ (ਸਿਲਹਖਾਨਾ) ਸੀ ਜਿਸ ਵਿਚ ਮਾਰਵਾੜੀ ਲੋਹਾਰ ਭਾਈ ਰਾਮ ਸਿੰਘ ਦੀ ਨਿਗਰਾਨੀ ਵਿਚ ਹਥਿਆਰਾਂ ਦਾ ਨਿਰਮਾਣ ਕਰਨ ਦੇ ਨਾਲ-ਨਾਲ, ਹਥਿਆਰਾਂ ਦੀ ਸਫ਼ਾਈ ਆਦਿ ਦਾ ਕਾਰਜ ਵੀ ਕਰਦੇ ਸਨ। ਇਕ ਵਾਰ ਨਿਰੀਖਣ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਮਾਰਵਾੜੀ ਲੋਹਾਰਾਂ ਨੂੰ ਪ੍ਰੇਮ ਅਤੇ ਸ਼ਰਧਾ ਨਾਲ ਹਥਿਆਰਾਂ ਨੂੰ ਚਮਕਾਉਂਦੇ (ਸਿਕਲ ਕਰਦੇ) ਵੇਖਿਆ ਤਾਂ ਉਨ੍ਹਾਂ ਖੁਸ਼ ਹੋ ਕੇ ਕਬੀਲੇ ਦੀ ਸਮੁੱਚੀ ਲੋਹਵੰਸ਼ ਨੂੰ ਹੀ 'ਸਿਕਲੀਗਰਾਂ' ਦੀ ਉਪਾਧੀ ਨਾਲ ਨਿਵਾਜ ਦਿੱਤਾ। ਜਿਸ ਤੋਂ ਮਗਰੋਂ ਇਹ ਸਮੁੱਚਾ ਕਬੀਲਾ ਸਿਕਲੀਗਰਾਂ ਵਜੋਂ ਜਾਣਿਆ ਜਾਣ ਲੱਗਾ।[17]

### 4.3.3. ਸਿਕਲੀਗਰਾਂ ਦੇ ਗੁਰੂ-ਪ੍ਰੇਮ ਅਤੇ ਬਹਾਦਰੀ ਦੇ ਕਿੱਸੇ

ਸਮੁੱਚਾ ਸਿਕਲੀਗਰ ਕਬੀਲਾ ਗੁਰੂ ਗੋਬਿੰਦ ਸਿੰਘ ਜੀ ਨਾਲ ਅਥਾਹ ਸ਼ਰਧਾ ਅਤੇ ਪ੍ਰੇਮ ਰੱਖਦਾ ਸੀ। ਗੁਰੂ-ਪ੍ਰੇਮ ਦੇ ਕਈ ਕਿੱਸੇ ਸਿਕਲੀਗਰ ਅੱਜ ਵੀ ਬੜੇ ਮਾਣ ਨਾਲ ਸੁਣਾਉਂਦੇ ਹਨ। ਗੁਰੂ ਜੀ ਵੀ ਇਨ੍ਹਾਂ ਸਿੱਖਾਂ ਦੀ ਸ਼ਰਧਾ-ਭਾਵਨਾ ਵੱਲ ਪੂਰੀ ਤਵੱਜੋ ਰੱਖਦੇ ਸਨ। ਇਕ ਵਾਰ ਰਾਮ ਸਿੰਘ ਅਤੇ ਵੀਰ ਸਿੰਘ ਆਪਣੇ ਸਾਥੀਆਂ ਨਾਲ ਸ਼ਸਤਰ ਬਣਾਉਣ, ਮੁਰੰਮਤ ਕਰਨ ਅਤੇ ਸਿਕਲ ਕਰਨ ਦਾ ਕੰਮ ਕਰ ਰਹੇ ਸਨ। ਅਜਿਹਾ ਕਰਦਿਆਂ ਕਦੇ-ਕਦੇ ਸ਼ਸਤਰ ਨੂੰ ਪੈਰ ਹੇਠ ਦਬਾਉਣ ਦੀ ਲੋੜ ਵੀ ਪੈਂਦੀ ਸੀ। ਇਸੇ ਸਮੇਂ ਇਕ ਅਨਾੜੀ ਸੇਵਕ ਨੇ ਇਸ ਗੱਲ 'ਤੇ ਇਤਰਾਜ਼ ਕੀਤਾ ਕਿ ਸ਼ਸਤਰਾਂ ਨੂੰ ਪੈਰਾਂ ਹੇਠ ਦਬਾਉਣਾ ਬੇਅਦਬੀ ਹੈ। ਇਸ 'ਤੇ ਸਿਕਲੀਗਰ ਕਾਰੀਗਰਾਂ ਨੇ ਹਥਿਆਰਾਂ ਨੂੰ ਚੁੰਮ ਕੇ ਸ਼ੀਸ 'ਤੇ ਰੱਖ ਲਿਆ। ਅਜਿਹਾ ਕਰਨ ਨਾਲ ਸਾਰਾ ਕੰਮ ਬੰਦ ਹੋ ਗਿਆ। ਅਚਾਨਕ ਗੁਰੂ ਗੋਬਿੰਦ ਸਿੰਘ ਜੀ ਉਧਰ ਨਿਕਲੇ ਤਾਂ ਕਾਰੀਗਰਾਂ ਨੂੰ ਇੰਜ ਬੈਠਿਆਂ

ਵੇਖ ਕੇ ਬੜੇ ਹੈਰਾਨ ਹੋਏ। ਪੁੱਛਣ 'ਤੇ ਜਦ ਸਾਰੀ ਗੱਲ ਦਾ ਪਤਾ ਲੱਗਾ ਤਾਂ ਗੁਰੂ ਜੀ ਨੇ ਮੁਸਕਰਾਉਂਦਿਆਂ ਬੜੇ ਪ੍ਰੇਮ ਨਾਲ ਕਿਹਾ ਕਿ ਭਾਈ ਸ਼ਸਤਰਾਂ ਦੇ ਅਜਿਹੇ ਸਤਿਕਾਰ ਦੀ ਆਸ, ਮੈਦਾਨਿ-ਜੰਗ ਵਿਚ ਜੂਝਣ ਵਾਲੇ ਇਕ ਸਿਪਾਹੀ ਤੋਂ ਤਾਂ ਕੀਤੀ ਜਾ ਸਕਦੀ ਹੈ। ਜੇਕਰ ਸ਼ਸਤਰ ਤਿਆਰ ਕਰਨ ਵਾਲੇ ਕਾਰੀਗਰ ਇਸ ਤਰ੍ਹਾਂ ਜਜ਼ਬਾਤੀ ਹੋਣਗੇ ਤਾਂ ਸ਼ਸਤਰ ਤਿਆਰ ਕਿਵੇਂ ਹੋਣਗੇ ? ਸੋ ਭਾਈ ਆਪਣਾ ਕੰਮ ਜਾਰੀ ਰੱਖੋ। ਸ਼ਸਤਰ ਬਣਾਉਂਦਿਆਂ ਜਿਸ ਤਰ੍ਹਾਂ ਵੀ ਜ਼ਰੂਰੀ ਹੈ, ਤੁਸੀਂ ਕਰ ਸਕਦੇ ਹੋ ; ਤੁਹਾਨੂੰ ਸਭ ਮਾਫ ਹੈ।[18] ਇਹ ਸਿਕਲੀਗਰਾਂ ਨਾਲ ਗੁਰੂ-ਪ੍ਰੇਮ ਦੀ ਪ੍ਰਤੱਖ ਉਦਾਹਰਣ ਹੈ। ਇਸ ਘਟਨਾਂ ਨੂੰ ਸੁੱਖਾ ਸਿੰਘ ਨੇ ਵੀ 'ਗੁਰ-ਬਿਲਾਸ' ਵਿਚ ਵਿਸਥਾਰ ਸਹਿਤ ਦਰਜ ਕੀਤਾ ਹੈ। ਕੁਝ ਆਖਰੀ ਅੰਸ਼ ਇਸ ਤਰ੍ਹਾਂ ਹਨ -

*ਤੁਮ ਹੋ ਸ੍ਰੀ ਅਸਧੁਜ ਕੇ ਦਾਸਾ,*
*ਤੁਮ ਕੋ ਖਤਾ ਬਖਸ਼ ਗੁਨਤਾਸਾ।*
*ਤੁਮ ਜੋ ਸਦਾ ਸੇਵ ਇਹ ਕੈਹੋ,*
*ਰਿਧਿ ਸਿਧਿ ਸਿਖੀ ਫਲ ਪੈਹੋ।*
*ਤਿਨ ਮੇ ਰਾਮ ਸਿੰਘ ਮਤਿਸਾਰਾ,*
*ਵਾਗੀ ਦੇਸ ਮਾਰਵਾੜ ਪਿਆਰਾ।*
*ਤਾ ਕੋ ਬਖਸਿਓ ਦੀਨ ਦਿਆਲ,*
*ਹੈ ਇਹ ਰੋਸ਼ਨ ਕਥਾ ਵਿਸ਼ਾਲ।*[19]

ਇਸੇ ਤਰ੍ਹਾਂ ਸਿਕਲੀਗਰ ਅੱਜ ਵੀ ਭਾਈ ਬਚਿੱਤ੍ਰ ਸਿੰਘ ਵਲੋਂ ਬਹਾਦਰੀ ਨਾਲ ਸ਼ਰਾਬੀ ਹਾਥੀ ਦਾ ਮੁਕਾਬਲਾ ਕਰਨ ਦਾ ਜ਼ਿਕਰ ਬੜੇ ਫ਼ਖ਼ਰ ਨਾਲ ਕਰਦੇ ਹਨ। ਸੂਰਬੀਰਤਾ ਦੀ ਇਸ ਘਟਨਾ ਦਾ ਵਰਣਨ ਬਹੁਤ ਸਾਰੇ ਇਤਿਹਾਸਕਾਰਾਂ ਅਤੇ ਪੁਰਾਤਨ ਗ੍ਰੰਥਾਂ ਵਿਚ ਦਰਜ ਹੈ। ਭਾਈ ਬਚਿੱਤ੍ਰ ਸਿੰਘ, ਇਕ ਸਿਕਲੀਗਰ ਪਰਿਵਾਰ 'ਚੋਂ ਭਾਈ ਮਨੀ ਰਾਮ ਦਾ ਪੁੱਤਰ ਸੀ ਅਤੇ ਭਾਈ ਉਦਯ ਸਿੰਘ ਦਾ ਭਰਾ ਸੀ। ਭਾਈ ਕਾਨ੍ਹ ਸਿੰਘ ਨਾਭਾ[20] ਅਤੇ ਹੋਰ ਲਿਖਾਰੀਆਂ ਮੁਤਾਬਿਕ ਸੰਮਤ 1758 ਵਿਚ ਜਦ ਪਹਾੜੀ ਰਾਜਿਆਂ ਨੇ ਇਕੱਠੇ ਹੋ ਕੇ ਆਨੰਦਪੁਰ ਨੂੰ ਘੇਰ ਲਿਆ ਤਾਂ ਕੇਸਰੀ ਚੰਦ ਜਸਵਾਲੀਏ ਨੇ ਲੋਹੇ ਦੇ ਤਵਿਆਂ ਅਤੇ ਛੁਰਿਆਂ-ਕਟਾਰਾਂ ਨਾਲ ਲੈਸ ਇਕ ਸ਼ਰਾਬੀ ਹਾਥੀ ਨੂੰ ਲੋਹਗੜ੍ਹ ਕਿਲ੍ਹੇ ਦਾ ਦਰਵਾਜਾ ਤੋੜਨ ਲਈ ਅੱਗੇ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਦੁਨੀ ਚੰਦ ਨੂੰ ਹਾਥੀ ਦਾ ਮੁਕਾਬਲਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਪਰ ਉਹ ਡਰ ਕੇ ਰਾਤੋ-ਰਾਤ ਹੀ ਦੌੜ ਗਿਆ। ਇਸ ਤੋਂ ਬਾਅਦ ਗੁਰੂ ਜੀ ਦੇ ਆਦੇਸ਼ 'ਤੇ ਭਾਈ ਬਚਿੱਤ੍ਰ ਸਿੰਘ (ਸਿਕਲੀਗਰ/ਰਾਜਪੂਤ) ਹਾਥੀ ਦੇ ਮੁਕਾਬਲੇ ਲਈ ਅੱਗੇ ਆਇਆ। ਉਨ੍ਹਾਂ ਨੇ ਆਪਣੇ ਘੋੜੇ 'ਤੇ ਚੜ੍ਹ ਕੇ, ਹਾਥੀ ਦੇ ਮੱਥੇ 'ਤੇ ਐਸਾ ਨੇਜ਼ਾ (ਕਈ ਲਿਖਤਾਂ ਵਿਚ ਨਾਗਣੀ/ਬਰਛੀ ਲਿਖਿਆ ਹੈ) ਮਾਰਿਆ ਜੋ ਲੋਹੇ ਦੇ ਤਵੇ ਨੂੰ ਚੀਰ ਕੇ ਹਾਥੀ ਦੇ ਮੱਥੇ ਵਿਚ ਜਾ ਧਸਿਆ। ਹਾਥੀ ਨੇ ਪਿਛਲ-ਖੁਰੀ ਮੁੜਦਿਆਂ ਆਪਣੀ ਫੌਜ ਦੇ ਸਿਪਾਹੀਆਂ ਨੂੰ ਹੀ ਲਤਾੜਨਾ ਸ਼ੁਰੂ ਕਰ ਦਿੱਤਾ। ਇਸ ਸਮੇਂ ਮੱਚੀ ਭਗਦੜ ਕਾਰਨ ਪਹਾੜੀ ਫੌਜਾਂ ਦਾ ਬਹੁਤ ਨੁਕਸਾਨ ਹੋਇਆ।

ਭਾਈ ਬਚਿੱਤ੍ਰ ਸਿੰਘ ਦਾ ਪਿਤਾ ਭਾਈ ਮਨੀ ਰਾਮ ਮਾਰਵਾੜੀ ਛੇਵੀਂ ਪਾਤਿਸ਼ਾਹੀ ਦੀ ਹਜ਼ੂਰੀ ਵਿਚ ਕਾਫੀ ਸਮਾਂ ਰਿਹਾ ਸੀ। ਪਰ ਜਿਉਂ ਹੀ ਸਿਕਲੀਗਰ ਕਬੀਲਾ ਛੇਵੀਂ ਪਾਤਿਸ਼ਾਹੀ ਤੋਂ

ਬਾਅਦ ਟੁੱਕੜਿਆਂ ਵਿਚ ਖਿਲਰਿਆ, ਉਦੋਂ ਮਨੀ ਰਾਮ ਦੀ ਕਬੀਲਾ ਟੁੱਕੜੀ ਮੁਲਤਾਨ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਿਕਲੀਗਰ ਕਬੀਲੇ ਨੇ ਫਿਰ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਤਾਂ ਮਨੀ ਰਾਮ ਨੇ ਆਪਣੇ ਪੰਜੇ ਪੁੱਤਰ ਭੇਟ ਕੀਤੇ, ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ। ਇਹ ਪੰਜ ਯੋਧੇ ਉਦਯ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਅਨਕ ਸਿੰਘ ਅਤੇ ਵਿਚਿਤ੍ਰ ਸਿੰਘ। ਸੰਮਤ 1758 ਦੇ ਜੰਗ ਵਿੱਚ ਰਾਜਾ ਕੇਸਰੀ ਚੰਦ ਜਸਵਾਲੀਏ ਦਾ ਸਿਰ ਵੱਢ, ਨੇਜੇ ਵਿਚ ਪਰੋ ਕੇ ਦਸਮੇਸ਼ ਜੀ ਦੀ ਹਜ਼ੂਰੀ ਵਿਚ ਲਿਆਉਣ ਵਾਲੇ ਭਾਈ ਉਦਯ ਸਿੰਘ ਜੀ ਸਨ। ਜਦ ਗੁਰੂ ਜੀ ਨੇ ਆਨੰਦਪੁਰ ਛੱਡਿਆ ਤਦ ਵੀ ਇਹ ਗੁਰੂ ਜੀ ਦੇ ਨਾਲ ਸਨ। ਚਮਕੌਰ ਦੇ ਰਸਤੇ 'ਚ ਸੰਮਤ 1761 (1704 ਈ:) ਵਿਚ ਇਹ ਗੁਰੂ-ਪਿਆਰਾ ਵੱਡੀ ਬੀਰਤਾ ਨਾਲ ਵੈਰੀਆਂ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋ ਗਿਆ।

ਭਾਈ ਉਦਯ ਸਿੰਘ ਬਾਰੇ ਇਕ ਹੋਰ ਕਥਾ ਪ੍ਰਸਿੱਧ ਹੈ ਕਿ ਇਕ ਵਾਰ ਉਸ ਨੇ ਸ਼ੇਰ ਮਾਰ ਕੇ, ਉਸ ਦੀ ਖੱਲ ਗੁਰੂ ਗੋਬਿੰਦ ਸਿੰਘ ਜੀ ਅੱਗੇ ਪੇਸ਼ ਕਰ ਦਿੱਤੀ। ਦਸਮੇਸ਼ ਜੀ ਨੇ ਇਹ ਖੱਲ ਇਕ ਗਧੇ ਨੂੰ ਪੁਆਈ। ਹੁਣ ਗਧਾ ਨਿਰਭੈ ਹੋ ਕੇ ਖੇਤਾਂ ਵਿਚ ਰਹਿੰਦਾ ਅਤੇ ਰੱਜ ਕੇ ਖਾਂਦਾ। ਕੋਈ ਵੀ ਡਰਦਾ ਉਸ ਦੇ ਨੇੜੇ ਜਾਣ ਦੀ ਹਿੰਮਤ ਨਾ ਕਰਦਾ। ਬੋਝ-ਭਾਰ ਤੋਂ ਛੁਟਕਾਰਾ ਮਿਲ ਗਿਆ। ਇਕ ਵਾਰ ਉਹੀ ਗਧਾ, ਹੋਰ ਗਧਿਆਂ ਦੇ ਹੀਂਗਣ ਦੀ ਆਵਾਜ਼ ਸੁਣ ਕੇ, ਆਪਣੇ ਮਾਲਕ ਘੁਮਿਆਰ ਦੇ ਘਰ ਚਲਾ ਗਿਆ ਅਤੇ ਹੀਂਗਣ ਲੱਗ ਪਿਆ। ਘੁਮਿਆਰ ਨੇ 'ਗੁਆਚਿਆ ਹੋਇਆ' ਗਧਾ ਪਛਾਣ ਲਿਆ ਅਤੇ ਸ਼ੇਰ ਦੀ ਖੱਲ ਉਤਾਰ ਕੇ, ਭਾਰ ਢੋਣ ਵਾਲੀ ਗੂੰਣ (ਚਿੱਲੀ) ਉਸ ਉੱਤੇ ਲੱਦ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਆਪਣੇ ਖਾਲਸੇ ਨੂੰ ਸੰਬੋਧਿਤ ਹੋ ਕੇ ਕਹਿਣ ਲੱਗੇ ਕਿ ਜਿਹੜੇ ਖਾਲਸਾ ਹੋ ਕੇ, ਜਾਤ-ਪਾਤ ਵਿਚ ਮੁੜ ਜਾ ਧਸਣਗੇ, ਉਨ੍ਹਾਂ ਦੀ ਇਹੀ ਦਸ਼ਾ ਹੋਊ।[21]

### 4.3.4 ਸਿਕਲੀਗਰ ਕਬੀਲਾ ਅਤੇ ਨੰਦੇੜ

ਸਿਕਲੀਗਰ ਕਬੀਲੇ ਦੀ ਗੁਰੂ-ਭਗਤੀ, ਇਮਾਨਦਾਰੀ, ਬਹਾਦਰੀ ਅਤੇ ਗ਼ੈਰਤ ਲਈ ਕੁਰਬਾਨ ਹੋਣ ਦੀ ਭਾਵਨਾ ਬੁਰੇ ਦਿਨਾਂ ਵਿਚ ਵੀ ਘੱਟ ਨਹੀਂ ਸੀ ਹੋਈ। ਹੋਰ ਸਿਦਕੀ ਸਿੱਖਾਂ ਵਾਂਗ ਸਿਕਲੀਗਰ ਸਿੱਖ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਛੱਡਣ ਤੋਂ ਬਾਅਦ ਅਤੇ ਨੰਦੇੜ ਕੂਚ ਕਰਨ ਵੇਲੇ ਵੀ ਉਨ੍ਹਾਂ ਦੇ ਨਾਲ ਸਨ। ਸਿਕਲੀਗਰ ਇਹ ਦਾਅਵਾ ਕਰਦੇ ਹਨ ਕਿ ਮੋਹਨ ਸਿੰਘ ਅਤੇ ਬਦਨ ਸਿੰਘ ਸਮੇਤ ਕਈ ਸਿਕਲੀਗਰ ਸਿੱਖ ਗੁਰੂ ਜੀ ਦੇ ਨਾਲ ਹੀ ਨੰਦੇੜ ਗਏ। ਜਿਹੜਾ ਜੱਥਾ ਗੁਰੂ ਜੀ ਨੇ ਨੰਦੇੜ ਤੋਂ ਪੰਜਾਬ ਭੇਜਿਆ ਸੀ ਉਸ ਵਿਚ ਸੁੰਦਰ ਸਿੰਘ ਅਤੇ ਭਗਤ ਸਿੰਘ ਨਾਂ ਦੇ ਸਿਕਲੀਗਰ ਸਿੱਖ ਮੌਜੂਦ ਸਨ।[22] ਤਖਤ ਸ੍ਰੀ ਹਜ਼ੂਰ ਸਾਹਿਬ, ਨੰਦੇੜ ਵਿਖੇ ਮੌਜੂਦ ਵੱਖ-ਵੱਖ ਸ਼ਸਤਰਾਂ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਅਜਿਹੇ ਅਮੋਲਕ ਸ਼ਸਤਰ ਕਿਸੇ ਰਾਜਧਾਨੀ ਦੇ ਸਿਲਹਖਾਨੇ (ਅਸਲਾਖਾਨਾ) ਵਿਚ ਵੀ ਨਹੀਂ ਦੇਖੇ ਜਾਂਦੇ। ਨੰਦੇੜ ਦੇ ਆਸ-ਪਾਸ ਮਹਾਂਰਾਸ਼ਟਰ, ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਕਰਨਾਟਕ ਦੇ ਬਹੁਤ ਸਾਰੇ ਇਲਾਕਿਆਂ ਵਿਚ ਵਣਜਾਰਿਆਂ ਦੇ ਟਾਂਡਿਆਂ ਦੀ ਤਰ੍ਹਾਂ ਸਿਕਲੀਗਰ ਸਿੱਖਾਂ ਦੀਆਂ ਬਸਤੀਆਂ ਅੱਜ ਵੀ ਮੌਜੂਦ ਹਨ।

## 4.4. ਸਿਕਲੀਗਰ ਕਬੀਲਾ : ਗੁਰੂ ਗੋਬਿੰਦ ਸਿੰਘ ਤੋਂ ਬਾਅਦ

ਗੁਰੂ ਗੋਬਿੰਦ ਸਿੰਘ ਤੋਂ ਬਾਅਦ 'ਸਿਕਲੀਗਰ' ਸ਼ਬਦ, ਸ਼ਸਤਰ ਤਿਆਰ ਕਰਨ ਵਾਲੇ ਮਾਰਵਾੜੀ ਕਬੀਲਿਆਂ ਲਈ ਰੂੜ੍ਹ ਹੋ ਚੁੱਕਾ ਸੀ। ਉਹ ਤਲਵਾਰ ਦਾ ਯੁੱਗ ਸੀ, ਜਦੋਂ ਆਧੁਨਿਕ ਹਥਿਆਰਾਂ ਦਾ ਨਾਂ-ਨਿਸ਼ਾਨ ਵੀ ਨਹੀਂ ਸੀ। ਬਿਨਾ ਸ਼ੱਕ ਅਠਾਰਵੀਂ ਸਦੀ ਦੌਰਾਨ ਹਥਿਆਰਬੰਦ ਸੰਘਰਸ਼ ਜ਼ੋਰਾਂ 'ਤੇ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਵੇਲੇ ਅਤੇ ਉਸ ਤੋਂ ਬਾਅਦ ਸ਼ਸਤਰਾਂ ਦੀ ਲੋੜ ਸੁਭਾਵਿਕ ਸੀ। ਅਜਿਹੇ ਸਮੇਂ ਬਾਬਾ ਬੰਦਾ ਸਿੰਘ ਨਾਲ ਸਿਕਲੀਗਰਾਂ ਦੇ ਹੋਣ ਬਾਰੇ ਸ਼ੱਕ ਦੀ ਗੁੰਜਾਇਸ਼ ਨਹੀਂ ਹੈ। ਇਸ ਬਾਰੇ 'ਗੁਰਮਤਿ ਪ੍ਰਕਾਸ਼' ਵਲੋਂ ਸਿਕਲੀਗਰ-ਵਣਜਾਰਿਆ ਬਾਰੇ ਪ੍ਰਕਾਸ਼ਤ ਵਿਸ਼ੇਸ਼-ਅੰਕ ਵਿਚ ਗਿ: ਬਚਿੱਤਰ ਸਿੰਘ ਐਡਵੋਕੇਟ ਸਪਸ਼ਟ ਸੰਕੇਤ ਦਿੰਦੇ ਹੋਏ ਲਿਖਦੇ ਹਨ ਕਿ 'ਬਾਬਾ ਬੰਦਾ ਸਿੰਘ ਬਹਾਦਰ ਦੇ ਪੰਜਾਬ ਅਤੇ ਸਰਹੰਦ ਉੱਤੇ ਹਮਲੇ ਸਮੇਂ ਵਣਜਾਰੇ ਤੇ ਸਿਕਲੀਗਰ ਸਿੱਖਾਂ ਨੇ ਜਨ-ਸ਼ਕਤੀ, ਰੁਪਈਆਂ ਅਤੇ ਹਥਿਆਰਾਂ ਨਾਲ ਭਾਰੀ ਮਦਦ ਕੀਤੀ ਸੀ।' ਕਈ ਲੇਖਕ ਭਾਈ ਬਾਜ ਸਿੰਘ, ਜੋ ਬਾਬਾ ਬੰਦਾ ਸਿੰਘ ਬਹਾਦਰ ਦੀ ਸੱਜੀ ਬਾਂਹ (ਡਿਪਟੀ) ਅਤੇ ਸਰਹੰਦ ਦਾ ਪਹਿਲਾ ਸਿੱਖ ਸੂਬੇਦਾਰ ਸੀ, ਨੂੰ ਰਾਜਪੂਤ ਲਿਖਦੇ ਹਨ।[23] ਇਸ ਦੇ ਬਾਵਜੂਦ ਇਸ ਸੱਚਾਈ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਸ ਸਮੇਂ ਸਿਕਲੀਗਰ ਪਰਿਵਾਰਾਂ ਦਾ ਆਨੰਦਪੁਰ ਵਾਂਗ ਟਿਕ ਕੇ ਬੈਠਣਾ/ਵਿਚਰਨਾ ਸੰਭਵ ਨਹੀਂ ਸੀ, ਕਿਉਂਕਿ ਹਾਲਾਤ ਹੀ ਐਸੇ ਸਨ। ਇਸੇ ਕਾਰਨ ਉਸ ਸਮੇਂ ਸਿਕਲੀਗਰ ਛੋਟੀਆਂ-ਛੋਟੀਆਂ ਟੋਲੀਆਂ ਬਣਾ ਕੇ, ਟੱਪਰੀਵਾਸ ਤਰਜ਼ 'ਤੇ ਘੁੰਮਦੇ-ਘੁਮਾਉਂਦੇ ਹੀ ਹਥਿਆਰ ਬਣਾਉਂਦੇ ਅਤੇ ਸਥਾਨਕ ਰਜਵਾੜਿਆਂ ਸਮੇਤ ਜਿਥੇ-ਜਿਥੇ ਵੀ ਸੰਭਵ ਹੁੰਦਾ, ਵੇਚ ਦਿੰਦੇ। ਇਸ ਕਸਬ ਦੇ ਨਾਲ-ਨਾਲ ਉਹ ਆਮ ਲੋਕਾਂ ਲਈ ਚਾਕੂ-ਛੁਰੀਆਂ ਆਦਿ ਹੋਰ ਕੰਮ ਕਰਨੇ ਵੀ ਜਾਰੀ ਰੱਖੇ ਹੋਏ ਸਨ।

## 4.5. ਸਿਕਲੀਗਰ ਕਬੀਲਾ ਅਤੇ ਪਟਿਆਲਾ ਰਾਜ-ਦਰਬਾਰ

1937 ਈ: ਵਿਚ ਬੁੱਢਾ ਦਲ ਪਟਿਆਲਾ ਵਲੋਂ ਪ੍ਰਕਾਸ਼ਤ ਹਰਨਾਮ ਸਿੰਘ ਦੀ ਇਕ ਕਾਵਿ-ਲਿਖਤ 'ਸਿਕਲੀਗਰ ਪ੍ਰਕਾਸ਼' ਦੇ ਹਵਾਲੇ ਨਾਲ ਸ਼ੇਰ ਸਿੰਘ ਸ਼ੇਰ ਅਤੇ ਕਿਰਪਾਲ ਕਜ਼ਾਕ ਨੇ ਪਟਿਆਲਾ ਰਿਆਸਤ ਨਾਲ ਸਿਕਲੀਗਰਾਂ ਦੇ ਸੰਬੰਧਾਂ ਦਾ ਸੰਖੇਪ-ਵੇਰਵਾ ਦੇਣ ਦਾ ਉਪਰਾਲਾ ਕੀਤਾ ਹੈ। ਕਈ ਸਿਕਲੀਗਰ ਪਰਿਵਾਰ ਘੁੰਮਦੇ-ਘੁਮਾਉਂਦੇ ਪਟਿਆਲਾ ਰਾਜ-ਘਰਾਣੇ ਦੇ ਮੋਢੀ ਬਾਬਾ ਆਲਾ ਸਿੰਘ (1691-1765 ਈ:) ਦੀ ਸੇਵਾ ਵਿਚ ਆ ਗਏ। ਇਨ੍ਹਾਂ ਵਿਚੋਂ ਮੰਗਲੋਵਰੀ ਸਿੰਘ, ਲੋਤੀ ਸਿੰਘ, ਮੰਗਤ ਸਿੰਘ, ਰਾਮ ਸਿੰਘ, ਬਲ ਸਿੰਘ, ਲਾਲ ਸਿੰਘ, ਭਗਤ ਸਿੰਘ ਦਾ ਜ਼ਿਕਰ ਉਪਰੋਕਤ ਲਿਖਤਾਂ ਵਿਚ ਆਇਆ ਹੈ। 'ਜਿਉਂ ਹੀ ਬਾਬਾ ਆਲਾ ਸਿੰਘ ਦੇ ਰਾਜ-ਦਰਬਾਰ ਵਿਚ ਕਬੀਲੇ ਨੂੰ ਕਲਾ ਦੇ ਜੌਹਰ ਵਿਖਾਉਣ ਦੇ ਅਵਸਰ ਮਿਲੇ ਤਾਂ ਬਾਬਾ ਆਲਾ ਸਿੰਘ ਨੇ ਸਿਕਲੀਗਰ ਕਬੀਲੇ ਦੀ ਜੰਗੀ ਹਥਿਆਰਾਂ ਦੀ ਮੁਹਾਰਤ, ਰਾਜ ਦਰਬਾਰ ਅਤੇ ਸ਼ਸਤਰ ਵਿੱਦਿਆ ਦੀ ਸੂਝ-ਬੂਝ ਨੂੰ ਮੁਖ ਰੱਖਦਿਆਂ, ਕਬੀਲੇ ਦੇ ਚਾਤਰ ਸਿਕਲੀਗਰਾਂ ਨੂੰ ਸਿਲਹਖਾਨਾ (ਅਸਲਾਖਾਨਾ) ਦੇ ਮੁਖੀਏ ਬਣਾਇਆ।'

ਪਟਿਆਲਾ ਰਾਜ-ਦਰਬਾਰ ਦੀ ਛਤਰ-ਛਾਇਆ ਹੇਠ ਸਿਕਲੀਗਰ ਕਬੀਲੇ ਨੇ ਬੇਹਤਰੀਨ ਹਥਿਆਰਾਂ ਦੀ ਸਿਰਜਨਾ ਕੀਤੀ ਜੋ ਅੱਜ ਵੀ ਕਈ ਅਜਾਇਬ ਘਰਾਂ ਦੀ ਸ਼ੋਭਾ ਹਨ। ਇਨ੍ਹਾਂ

ਹਥਿਆਰਾਂ ਦੀ ਪੁਖ਼ਤਗੀ ਅਤੇ ਖ਼ੂਬਸੂਰਤੀ ਰਾਹੀਂ, ਇਸ ਟੱਪਰੀਵਾਸ ਕਬੀਲੇ ਦੀ ਲੋਹ-ਵੰਸ਼ ਦੀਆਂ ਪਿਤਾ-ਪੁਰਖੀ ਛੋਹਾਂ, ਪ੍ਰਤੱਖ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਦਿੱਖ, ਕੇਵਲ ਹਥਿਆਰ ਹੋਣ ਦੀ ਵਿਸ਼ੇਸ਼ਤਾ ਤਕ ਹੀ ਸੀਮਤ ਨਹੀਂ, ਸਗੋਂ ਮੁੱਠੇ, ਮਿਆਨ, ਢਾਲਾਂ ਦੀਆਂ ਪਿੱਠਾਂ, ਸੰਜੋਆਂ, ਤੀਰਾਂ ਦੇ ਨੱਕੇ, ਬਰਛੇ, ਖ਼ੁੱਖਰੀਆਂ, ਜਾਫ਼ਰਤਕੀਏ, ਨਾਗਦੌਣਾਂ, ਬਿਛੂਏ, ਗੁਪਤੀਆਂ, ਨੇਜੇ, ਬੰਦੂਕਾਂ, ਬੱਟ, ਕੋਟਲੇ, ਸਿੰਗੀਆਂ, ਖੰਡੇ, ਚੱਕਰ, ਤੇਗੇ ਗੁਰਜ, ਨਾਗਣੀਆਂ ਅਤੇ ਸੈਫਾਂ ਜਿਹੇ ਹਥਿਆਰਾਂ ਉਪਰ ਅਜਿਹੀ ਨੱਕਾਸ਼ੀ ਅਤੇ ਮੀਨਾਕਾਰੀ ਅੰਕਿਤ ਹੈ ਜਿਨ੍ਹਾਂ ਨੂੰ ਉੱਤਮ ਕਲਾ-ਕ੍ਰਿਤੀਆਂ ਦੀ ਉਪਾਧੀ ਦਿੱਤੀ ਜਾ ਸਕਦੀ ਹੈ।[24]

ਬਾਬਾ ਆਲਾ ਸਿੰਘ ਤੋਂ ਬਾਅਦ ਉਨ੍ਹਾਂ ਦੇ ਪੋਤਰੇ ਮਹਾਰਾਜਾ ਅਮਰ ਸਿੰਘ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਜੱਥੇ ਪਾਸੋਂ ਅੰਮ੍ਰਿਤ ਛਕਿਆ ਸੀ। ਰਾਜ-ਪ੍ਰਬੰਧ ਵਿਚ ਨਿਪੁੰਨ ਇਸ ਸੂਰਬੀਰ ਸਰਦਾਰ ਨੇ ਪੰਦਰਾਂ-ਸੋਲਾਂ ਸਾਲ ਦੇ ਰਾਜ-ਕਾਲ ਵਿਚ ਪਟਿਆਲਾ ਰਾਜ ਦੀ ਤਰੱਕੀ ਲਈ ਬਹੁਤ ਕੰਮ ਕੀਤਾ। ਇਸ ਦੀ ਸੇਵਾ ਵਿਚ ਵੀ ਬਹੁਤ ਸਾਰੇ ਸਿਕਲੀਗਰ ਸਿੰਘ ਮੌਜੂਦ ਸਨ। 1767 ਈ: ਵਿਚ ਰਾਜਾ ਅਮਰ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਤੋਂ ਹਜ਼ਾਰਾਂ (ਗਿਆਨੀ ਸੋਹਨ ਸਿੰਘ ਸੀਤਲ ਅਨੁਸਾਰ ਤੀਹ ਹਜ਼ਾਰ)[25] ਹਿੰਦੂ ਮਰਦ-ਇਸਤਰੀਆਂ ਨੂੰ ਕੈਦ ਵਿਚੋਂ ਛੁਡਾਇਆ ਅਤੇ ਆਪਣੇ ਪੱਲਿਓਂ ਖਰਚ ਦੇ ਕੇ ਘਰੋ-ਘਰੀ ਪਹੁੰਚਾਇਆ।[26] ਇਸ ਨੇਕ ਕਾਰਜ ਵਿਚ ਸਿਕਲੀਗਰਾਂ ਨੇ ਮਹਾਰਾਜਾ ਅਮਰ ਸਿੰਘ ਦੀ ਮੱਦਦ ਕੀਤੀ ਸੀ। ਇਕ ਵਾਰ ਨਾਹਨ ਦੇ ਰਾਜੇ ਨੇ ਸ਼ਸਤਰ ਅਤੇ ਸ਼ਸਤਰ-ਘਾੜਿਆਂ ਦੀ ਮੰਗ ਕੀਤੀ ਤਾਂ ਮਹਾਰਾਜਾ ਅਮਰ ਸਿੰਘ ਨੇ ਉਚੇਚੇ ਤੌਰ 'ਤੇ ਮੋਹਨ ਸਿੰਘ, ਬਦਨ ਸਿੰਘ, ਟਹਿਲ ਸਿੰਘ, ਮਹਿਲ ਸਿੰਘ ਆਦਿ ਮਾਰਵਾੜੀ ਕਾਰੀਗਰਾਂ (ਸਿਕਲੀਗਰਾਂ) ਨੂੰ ਹੁਨਰਮੰਦ ਜਾਣ ਕੇ ਨਾਹਨ ਭੇਜਿਆ।

ਸੰਮਤ 1851 (1794 ਈ:) ਨੂੰ ਪਟਿਆਲਾ ਰਿਆਸਤ ਦੇ ਦੀਵਾਨ/ਮਿਸਰ ਨੌਧ ਦੀ ਗੱਦਾਰੀ ਕਾਰਨ, ਜਦ ਪਟਿਆਲਾ ਰਾਜ-ਘਰਾਣੇ ਦੀ ਦਲੇਰ ਅਤੇ ਸੂਝਵਾਨ ਰਾਜ-ਪ੍ਰਬੰਧਕ ਰਾਣੀ ਸਾਹਿਬ ਕੌਰ (ਜੋ ਕਿ ਰਾਜਾ ਅਮਰ ਸਿੰਘ ਦੀ ਸਪੁੱਤਰੀ ਅਤੇ ਰਾਜਾ ਸਾਹਿਬ ਸਿੰਘ ਦੀ ਵੱਡੀ ਭੈਣ ਸੀ) ਦੀ ਮਰਹੱਟਿਆਂ ਨਾਲ ਜੰਗ ਹੋਈ ਤਾਂ ਕੇਸਰ ਸਿੰਘ, ਮਤਾਬ ਸਿੰਘ, ਖੇਮ ਸਿੰਘ, ਗੁਲਾਬ ਸਿੰਘ, ਜਵਾਹਰ ਸਿੰਘ ਸਮੇਤ ਬਹੁਤ ਸਾਰੇ ਸਿਕਲੀਗਰ ਸਿੰਘਾਂ ਨੇ ਰਾਣੀ ਦੀ ਡਟ ਕੇ ਮੱਦਦ ਕੀਤੀ। ਰਾਣੀ ਸਾਹਿਬ ਕੌਰ ਨੇ ਮਾਰਵਾੜੀ ਰਾਜਪੂਤਾਂ ਦੀ ਵਫ਼ਾਦਾਰੀ ਅਤੇ ਬਹਾਦਰੀ ਤੋਂ ਖ਼ੁਸ਼ ਹੋ ਕੇ, ਉਨ੍ਹਾਂ ਨੂੰ ਬਹੁਤ ਸਾਰੇ ਇਨਾਮ ਦੇ ਕੇ ਸਨਮਾਨਿਆ। ਇਹ ਗੱਲ ਵੱਖਰੀ ਹੈ ਕਿ ਬਾਅਦ ਵਿਚ ਮਿਸਰ ਨੌਧ ਨੇ ਕਈ ਸਿਕਲੀਗਰਾਂ ਨੂੰ ਆਪਣੀ ਮਾਂ ਦੀ ਮੌਤ ਦੇ ਇਲਜ਼ਾਮ ਵਿਚ, ਚੌਦਾਂ-ਚੌਦਾਂ ਸਾਲ ਦੀ ਕੈਦ ਕਰਵਾ ਦਿੱਤੀ। ਇਹ ਸਮੁੱਚਾ ਪ੍ਰਸੰਗ 'ਸਿਕਲੀਗਰ ਪ੍ਰਕਾਸ਼' ਵਿਚ ਵਧੇਰੇ ਵੇਰਵੇ ਸਹਿਤ ਦਰਜ ਹੈ। ਪਟਿਆਲਾ ਰਾਜ-ਦਰਬਾਰ ਨਾਲ ਸੰਬੰਧਿਤ ਸਿਕਲੀਗਰਾਂ ਦੀ ਔਲਾਦ ਅੱਜ ਵੀ ਪਟਿਆਲੇ ਨਿਵਾਸ ਕਰਦੀ ਹੈ।

### 4.6. ਸਿਕਲੀਗਰ ਕਬੀਲਾ : ਮਹਾਰਾਜਾ ਰਣਜੀਤ ਸਿੰਘ ਦੀ ਸਰਪ੍ਰਸਤੀ ਹੇਠ

ਰਾਜੇ ਰਜਵਾੜਿਆਂ ਦੀ ਆਪਸੀ ਖਹਿਬਾਜ਼ੀ/ਖਾਨਾਜੰਗੀ ਅਤੇ ਬਦੇਸ਼ੀ ਹਮਲਾਵਰਾਂ ਦੀ ਵਜ੍ਹਾ ਕਰਕੇ ਸਿਕਲੀਗਰ ਕਬੀਲੇ ਦੀ ਬੱਝਵੀਂ ਸ਼ਕਤੀ ਖਿੰਡ-ਪੁੰਡ ਚੁੱਕੀ ਸੀ। ਇਸ ਕਬੀਲੇ ਦੇ

ਛੋਟੇ-ਛੋਟੇ ਟੋਲੇ, ਵੱਖੋ-ਵੱਖਰੇ ਥਾਂਵਾਂ ’ਤੇ ਵੱਖ-ਵੱਖ ਰਾਜਿਆਂ, ਸਰਦਾਰਾਂ ਲਈ ਕੰਮ ਕਰਦੇ ਸਨ। ਜ਼ਿਆਦਾਤਰ ਸਿਕਲੀਗਰ, ਟੱਪਰੀਵਾਸ ਟੋਲਿਆਂ ਦੇ ਰੂਪ ਵਿਚ ਜੀਵਨ ਨਿਰਬਾਹ ਕਰਨ ਲੱਗ ਪਏ ਸਨ। ਮਿਸਲਾਂ ਦੇ ਪ੍ਰਬੰਧ ਦੌਰਾਨ ਵੀ ਸਿਕਲੀਗਰ ਕਬੀਲੇ ਦੇ ਕਾਰੀਗਰ, ਵੱਖ-ਵੱਖ ਮਿਸਲਾਂ ਲਈ ਜੰਗੀ ਸਾਜੋ-ਸਮਾਨ ਤਿਆਰ ਕਰਦੇ ਸਨ।

ਜਦ ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਮਿਸਲਾਂ ਨੂੰ ਇਕੱਠਾ ਕਰਕੇ ਵਿਸ਼ਾਲ ਸਿੱਖ ਰਾਜ ਦਾ ਗਠਨ ਕੀਤਾ ਤਾਂ ਉਸਨੇ ਆਪਣੀ ਫੌਜ ਲਈ ਜੰਗੀ ਸਾਜੋ-ਸਮਾਨ ਅਤੇ ਹਥਿਆਰ ਬਣਾਉਣ ਵਾਸਤੇ ਬਹੁਤ ਸਾਰੇ ਸਿਕਲੀਗਰਾਂ ਨੂੰ (ਮੁਲਾਜ਼ਮ) ਭਰਤੀ ਕਰ ਲਿਆ। ਮਹਾਰਾਜੇ ਨੇ ਆਪਣੀ ਫੌਜ ਦੀ ਸਿਖਲਾਈ, ਸ਼ਸਤਰਾਂ ਦੇ ਬੇਹਤਰ ਨਿਰਮਾਣ ਅਤੇ ਨਵੀਨੀਕਰਣ ਵੱਲ ਉਚੇਚਾ ਧਿਆਨ ਦਿੱਤਾ। ਮਹਾਰਾਜੇ ਦੀ ਫੌਜ ਲਈ ਰਵਾਇਤੀ ਅਤੇ ਨਵੀਨ ਸ਼ਸਤਰਾਂ ਦੇ ਨਿਰਮਾਣ ਅਤੇ ਮੁਹਾਰਤ ਦਾ ਕਾਰਜ, ਲਾਹੌਰ ਦੀਆਂ ਅਸਲਾ-ਵਰਕਸ਼ਾਪਾਂ ਵਿਚ ਸਿਕਲੀਗਰ ਹੀ ਕਰਦੇ ਸਨ। ਸਿਕਲੀਗਰਾਂ ਨੂੰ ਰਵਾਇਤੀ ਤੇਜ਼ਧਾਰ ਹਥਿਆਰਾਂ ਦੇ ਨਾਲ ਨਾਲ ਅਗਨ ਸ਼ਸਤਰਾਂ ਜਿਵੇਂ ਬੰਦੂਕਾਂ, ਗੋਲਾ-ਬਾਰੂਦ ਆਦਿ ਬਣਾਉਣ ਦੀ ਮੁਹਾਰਤ ਵੀ ਹਾਸਲ ਸੀ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਸਿਕਲੀਗਰ ਕਬੀਲੇ ਨੇ ਆਪਣੇ ਖੋਏ ਹੋਏ ਵਕਾਰ ਨੂੰ ਬਹਾਲ ਕਰਨ ਲਈ ਸਿਰਤੋੜ ਜਤਨ ਕੀਤੇ।[27]

### 4.7. ਅੰਗਰੇਜ਼ੀ ਰਾਜ : ਸਿਕਲੀਗਰ ਕਬੀਲੇ ਦਾ ਪਤਨ

ਭਾਰਤ ਵਿਚ ਅੰਗਰੇਜ਼ੀ ਸਾਮਰਾਜ ਸਿਕਲੀਗਰ ਕਬੀਲੇ ਦੇ ਪਤਨ ਦਾ ਕਾਰਨ ਬਣਿਆ। 1849 ਈ: ਵਿਚ ਪੰਜਾਬ ਅੰਗਰੇਜ਼ੀ ਸਮਰਾਜ ਅਧੀਨ ਚਲਾ ਗਿਆ। ਉਸ ਸਮੇਂ ਸਿਕਲੀਗਰ ਪੰਜਾਬ ਵਿਚ ਖੁੱਲ੍ਹੇ ਤੌਰ ’ਤੇ ਨੇਕ-ਨੀਤੀ ਸਹਿਤ ਹਥਿਆਰ ਬਣਾਉਣ ਦੇ ਕਿੱਤੇ ਵਿਚ ਲੱਗੇ ਹੋਏ ਸਨ। ਉਨ੍ਹਾਂ ਵਿਚੋਂ ਕੁਝ ਅੰਗਰੇਜ਼ ਸਰਕਾਰ ਦੀ ਮੁਲਾਜ਼ਮਤ ਵਿਚ ਚਲੇ ਗਏ, ਜਿਥੇ ਉਨ੍ਹਾਂ ਨੂੰ ਤਲਵਾਰਾਂ, ਵਿਸ਼ੇਸ਼ ਤੌਰ ਤੇ ਫੌਜ ਦੇ ਗੋਰਖਾ ਵਿੰਗ ਲਈ ਖੁਖਰੀਆਂ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ ਪਰ ਛੇਤੀ ਹੀ ਕਬੀਲੇ ਦੇ ਪਤਨ ਦਾ ਸਿਲਸਿਲਾ ਸ਼ੁਰੂ ਹੋ ਗਿਆ ਜਿਸ ਦੇ ਮੁੱਖ ਤੌਰ ’ਤੇ ਤਿੰਨ ਕਾਰਨ ਸਨ –

1. ਸਾਇੰਸ ਦੀ ਤਰੱਕੀ ਕਾਰਨ ਨਵੀਨ ਸ਼ਸਤਰਾਂ ਦਾ ਆਗਮਨ
2. ਅੰਗਰੇਜ਼ੀ ਸਰਕਾਰ ਵਲੋਂ ਦੇਸੀ ਹਥਿਆਰ ਬਣਾਉਣ ਤੇ ਪਾਬੰਦੀ
3. ਅਪਰਾਧੀ ਕਬੀਲਾ ਕਾਨੂੰਨ (Criminal Tribes Act)

ਉਨੀਵੀਂ ਸਦੀ ਵਿਚ ਸਾਇੰਸ ਨੇ ਹਰ ਖੇਤਰ ਵਿਚ ਤਰੱਕੀ ਕਰਕੇ ਵੱਡੀਆਂ ਮੱਲਾਂ ਮਾਰੀਆਂ। ਤਲਵਾਰਾਂ ਅਤੇ ਤੇਜ਼ਧਾਰ ਹਥਿਆਰਾਂ ਦੀ ਜਗ੍ਹਾ ਘਾਤਕ ਬੰਬਾਂ, ਬੰਦੂਕਾਂ, ਤੋਪਾਂ ਨੇ ਮੱਲ ਲਈ। ਇਸ ਕਰਕੇ ਸਿਕਲੀਗਰਾਂ ਦੇ ਰਵਾਇਤੀ ਤੇ ਪਿਤਾਪੁਰਖੀ ਕਿੱਤੇ ਨੂੰ ਭਾਰੀ ਢਾਹ ਲੱਗੀ।

ਦੂਜਾ, ਅੰਗਰੇਜ਼ ਸਰਕਾਰ ਨੇ ਭਾਰਤ ਵਿਚ ਦੇਸੀ ਹਥਿਆਰ ਬਣਾਉਣ ’ਤੇ ਪਾਬੰਦੀ ਲਾ ਦਿੱਤੀ ਅਤੇ ਇਸ ਵਿਰੁੱਧ ਕਾਨੂੰਨ ਪਾਸ ਕਰ ਦਿੱਤਾ। ਅਜਿਹਾ ਇਸ ਲਈ ਕੀਤਾ ਗਿਆ ਤਾਂ ਜੋ ਅੰਗਰੇਜ਼ ਸਰਕਾਰ ਵਿਰੁੱਧ ਲੜਨ ਵਾਲੀਆਂ ਧਿਰਾਂ ਲਈ ਨਾ ਕੋਈ ਹਥਿਆਰ ਬਣਾਏ, ਨਾ ਹੀ ਸਪਲਾਈ ਕਰ ਸਕੇ। ਇਹ ਕਾਨੂੰਨ ਸਖਤੀ ਨਾਲ ਲਾਗੂ ਕੀਤਾ ਗਿਆ। ਸਿਕਲੀਗਰ ਕਬੀਲੇ

ਦੀ ਰੀੜ੍ਹ ਤੋੜਨ ਲਈ ਇਹ ਮਾਰੂ ਕਾਨੂੰਨ ਬਹੁਤ ਭਿਆਨਕ ਅਤੇ ਕਾਫੀ ਸੀ। ਅਫਸੋਸਜਨਕ ਪਹਿਲੂ ਇਹ ਕਿ ਇਨ੍ਹਾਂ ਹੁਨਰਮੰਦ ਕਾਰੀਗਰਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਲਈ ਕਿਸੇ ਵੀ ਧਿਰ ਨੇ ਹੀਲਾ ਨਹੀਂ ਕੀਤਾ। ਇਸ ਸਮੇਂ ਸਾਰਾ ਦੇਸ਼ ਵਿਦੇਸ਼ੀ ਪ੍ਰਭਾਵ ਅਧੀਨ ਗ੍ਰਸਿਆ ਜਾ ਰਿਹਾ ਸੀ, ਇਸ ਲਈ ਸਿਕਲੀਗਰ ਕਾਰੀਗਰਾਂ ਦੇ ਬੇਹਤਰੀਨ ਹੁਨਰ ਉਨ੍ਹਾਂ ਦੇ ਹੱਥਾਂ ਵਿਚ ਹੀ ਮਰ ਮੁੱਕ ਗਿਆ।[28]

ਇਸ ਦੇ ਨਾਲ ਹੀ ਅੰਗਰੇਜ਼ ਸਰਕਾਰ ਨੇ ਅਪਰਾਧ ਦੀ ਆੜ ਹੇਠ ਭਾਰਤ ਵਿਚ ਕਬੀਲਿਆਂ ਦੇ ਘੁੰਮਣ 'ਤੇ ਪਾਬੰਦੀ ਲਾ ਦਿੱਤੀ। ਮਾਨਵਤਾਵਾਦੀ ਅਤੇ ਵਿਗਿਆਨਕ ਲੀਹਾਂ 'ਤੇ ਇਨ੍ਹਾਂ ਟੱਪਰੀਵਾਸਾਂ ਦੇ ਪੁਨਰਵਾਸ ਤੇ ਸੁਧਾਰ ਦੀ ਬਜਾਏ, 1871 ਵਿਚ 'ਅਪਰਾਧੀ ਕਬੀਲਾ ਕਾਨੂੰਨ' (**Criminal Tribes Act**) ਥੋਪ ਦਿੱਤਾ ਗਿਆ, ਜਿਸ ਨੇ ਟੱਪਰੀਵਾਸ ਕਬੀਲਿਆਂ ਨੂੰ ਪੀੜ੍ਹੀਆਂ ਤੱਕ ਦਰੜ ਕੇ ਰੱਖ ਦਿੱਤਾ। ਭਾਵੇਂ ਇਹ ਕਾਨੂੰਨ ਸਿਕਲੀਗਰਾਂ 'ਤੇ ਲਾਗੂ ਨਹੀਂ ਸੀ ਪਰ ਉਨ੍ਹਾਂ ਦੇ ਪਿਤਰੀ ਭਰਾ ਵਣਜਾਰਾ ਕਬੀਲੇ ਭਾਰਤ ਦੇ ਕਈ ਪ੍ਰਦੇਸਾਂ ਵਿਚ ਅਪਰਾਧੀ ਕਬੀਲੇ ਘੋਸ਼ਿਤ ਕਰ ਦਿੱਤੇ ਗਏ।[29]

ਇਸ ਕਾਨੂੰਨ ਦੀ ਪੀਡੀ ਪਕੜ ਵਿਚੋਂ ਕਈ ਹੁਨਰਵੰਦ ਅਤੇ ਮਜ਼ਲੂਮ ਕਬੀਲੇ ਵੀ ਨਾ ਬਚ ਸਕੇ। .... ਸਿਕਲੀਗਰ ਕਬੀਲੇ ਤੇ ਖਾਸ ਨਿਗਾਹ ਰੱਖੀ ਗਈ ਕਿਉਂਕਿ ਕਬੀਲਾ ਅੰਗਰੇਜ਼ਾਂ ਦੇ ਖਿਲਾਫ਼ ਕਿਸੇ ਵੀ ਰਜਵਾੜਾ ਤਾਕਤ ਲਈ ਹਥਿਆਰ ਬਣਾ ਸਕਦਾ ਸੀ। ਇਸ ਲਈ ਕਬੀਲੇ ਦੇ ਕਾਰੀਗਰਾਂ ਨਾਲ ਸ਼ੱਕ ਦੇ ਆਧਾਰ 'ਤੇ ਬੇਰਹਿਮ ਸਖਤੀ ਕੀਤੀ ਗਈ, ਜਿਸ ਕਰਕੇ ਸਾਰੇ ਕਬੀਲੇ ਨੇ 'ਭੱਠਾ ਤਾਉਣ' ਦੀ ਸਹੁੰ ਪਾ ਦਿੱਤੀ[30] ਅਤੇ ਗੁਜ਼ਾਰੇ ਲਈ ਘਰਾਂ ਦਾ ਨਿਕਾ-ਮੋਟਾ ਸਮਾਨ (ਚਾਕੂ-ਛੁਰੀਆਂ, ਬੱਠਲ- ਬਾਲਟੀਆਂ, ਚਿਮਟੇ-ਖੁਰਚਣੇ ਆਦਿ) ਬਣਾਉਣਾ ਸ਼ੁਰੂ ਕਰ ਦਿੱਤਾ। ਸਮਾਨ ਵੇਚਣ ਲਈ ਇਨ੍ਹਾਂ ਨੂੰ ਪਿੰਡੋ-ਪਿੰਡ, ਨਗਰ-ਨਗਰ ਘੁੰਮਣਾ ਪੈਂਦਾ, ਜਿਸ ਕਰੇ ਇਨ੍ਹਾਂ ਨੂੰ ਟੱਪਰੀਵਾਸ ਜੀਵਨ-ਸ਼ੈਲੀ ਅਪਣਾਉਣੀ ਪਈ।

### 4.8. ਆਜ਼ਾਦੀ ਉਪਰੰਤ ਸਿਕਲੀਗਰ ਕਬੀਲਾ

ਆਜ਼ਾਦੀ ਉਪਰੰਤ, ਸਮਾਜਕ-ਆਰਥਕ ਪਛੜੇਵੇਂ ਕਾਰਨ ਅਨੁਸੂਚਿਤ ਜਾਤੀਆਂ ਵਿਚ ਸ਼ਾਮਲ ਤਾਂ ਕਰ ਦਿੱਤਾ ਗਿਆ ਹੈ ਪਰ ਇਨ੍ਹਾਂ ਦੇ ਕਲਿਆਣ ਅਤੇ ਵਸੇਬੇ ਲਈ ਕੋਈ ਧਿਆਨ ਨਹੀਂ ਦਿੱਤਾ ਗਿਆ। ਅਨੁਸੂਚਿਤ ਵਰਗਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਤੋਂ ਇਹ ਲੋਕ ਇਸ ਕਰਕੇ ਵੀ ਵਾਂਝੇ ਹਨ ਕਿਉਂਕਿ ਇਹ ਅਨਪੜ੍ਹਤਾ, ਗਰੀਬੀ, ਅਸਥਿਰ ਜੀਵਨ-ਸ਼ੈਲੀ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਹਨ। ਇਹ ਕਬੀਲਾ ਕੇਵਲ ਪੰਜਾਬ ਵਿਚ ਹੀ ਨਹੀਂ ਬਲਕਿ ਪੂਰੇ ਭਾਰਤ ਵਿਚ ਖਿੰਡਿਆ ਹੋਇਆ ਹੈ। ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ, ਰਾਜਸਥਾਨ, ਯੂ.ਪੀ., ਮੱਧ ਪ੍ਰਦੇਸ਼, ਗੁਜਰਾਤ, ਮਹਾਰਾਸ਼ਟਰ ਸਮੇਤ ਬਹੁਤ ਸਾਰੇ ਪ੍ਰਦੇਸ਼ਾਂ ਵਿਚ ਇਹਨਾਂ ਦੀ ਵਸੋਂ ਕਰੋੜਾਂ ਵਿਚ ਆਂਕੀ ਗਈ ਹੈ।

ਸਮਾਜਕ, ਆਰਥਕ, ਰਾਜਨੀਤਿਕ, ਵਿਸ਼ੇਸ਼ ਕਰ ਵਿੱਦਿਅਕ ਪੱਖੋਂ ਇਹ ਕਬੀਲਾ ਬੇਹੱਦ ਪਛੜੇਪਣ ਦਾ ਸ਼ਿਕਾਰ ਹੈ। ਝੁੱਗੀਆਂ ਝੌਂਪੜੀਆਂ ਵਿਚ ਵਸ ਰਹੇ ਇਹ ਲੋਕ, ਨਵੇਂ ਜ਼ਮਾਨੇ ਦੀ ਤੋਰ ਦੇ ਮੁਕਾਬਲੇ ਵਿਚ ਪਛੜ ਜਾਣ ਕਾਰਨ, ਰੁਜ਼ਗਾਰੋਂ ਹੀਣੇ ਦੋ ਵੇਲੇ ਦੀ ਰੋਜ਼ੀ-ਰੋਟੀ ਪੱਖੋਂ

ਬੇਹਾਲ ਹਨ ; ਨਾ ਚੰਗਾ ਖਾਣ ਨੂੰ ਨਾ ਪਹਿਨਣ ਨੂੰ। ਜਿੱਥੇ ਕਿਤੇ ਸਥਾਈ ਬਸਤੀਆਂ ਬਣਾ ਕੇ ਝੌਂਪੜੀ-ਨੁਮਾ ਘਰ ਬਣਾਏ ਵੀ ਹਨ, ਉਥੇ ਨਾ ਕੋਈ ਵਿੱਦਿਆ ਲਈ ਸਕੂਲ ਦਾ ਪ੍ਰਬੰਧ ਹੈ ਅਤੇ ਨਾ ਹੀ ਕੋਈ ਡਾਕਟਰੀ ਸਹੂਲਤ। ਪੀਣ ਵਾਲੇ ਪਾਣੀ ਤੱਕ ਦਾ ਕੋਈ ਬਕਾਇਦਾ ਇੰਤਜ਼ਾਮ ਨਹੀਂ।

### 4.9 ਅਜੋਕੀਆਂ ਸਿੱਖ ਸੰਸਥਾਵਾਂ ਅਤੇ ਸਿਕਲੀਗਰ ਕਬੀਲਾ

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਇਤਿਹਾਸ ਵਿਚ ਸਿਕਲੀਗਰ ਕਬੀਲੇ ਦੀ ਬੇਹੱਦ ਪ੍ਰਸੰਸਾਯੋਗ ਭੂਮਿਕਾ ਰਹੀ ਹੈ ਪਰ ਉਨ੍ਹਾਂ ਦੇ ਸਿੱਖ ਮੂਲ-ਧਾਰਾ ਨਾਲੋਂ ਨਿਖੜਨ/ਵਿਛੜਨ ਦਾ ਗਿਆਨ ਬਹੁਤ ਘੱਟ ਸਿੱਖਾਂ ਨੂੰ ਹੈ। ਗੁਰੂ ਨਾਨਕ ਦੀ ਫੁਲਵਾੜੀ ਦੇ ਇਸ ਮਹੱਤਵਪੂਰਨ ਹਿੱਸੇ ਬਾਰੇ ਕੁਝ ਸਮਾਂ ਪਹਿਲਾਂ ਤਕ ਸਿੱਖ ਸੰਸਥਾਵਾਂ ਬਿਲਕੁਲ ਅਵੇਸਲੀਆਂ ਸਨ। ਹੁਣ ਥੋੜ੍ਹੇ ਸਮੇਂ ਤੋਂ ਵਿਅਕਤੀਗਤ ਅਤੇ ਸੰਸਥਾਗਤ ਪੱਧਰ 'ਤੇ ਕੁਝ ਜਤਨ ਸ਼ੁਰੂ ਹੋਏ ਹਨ। 'ਗੁਰਮਤਿ ਪ੍ਰਕਾਸ਼', 'ਸਿੱਖ ਫੁਲਵਾੜੀ', 'ਸਿੱਖ ਰੀਵਿਊ' ਸਮੇਤ ਕਈ ਸਿੱਖ ਪੱਤਰਕਾਰਾਂ ਵਿਚ ਸਿਕਲੀਗਰਾਂ ਤੋਂ ਇਲਾਵਾ ਵਣਜਾਰੇ, ਸਤਿਨਾਮੀਏ ਆਦਿ ਕਬੀਲਿਆਂ ਬਾਰੇ ਸਮੱਗਰੀ ਪ੍ਰਕਾਸ਼ਤ ਹੋਈ ਹੈ ਜਿਸ ਕਾਰਨ ਸਿੱਖ ਸੰਸਥਾਵਾਂ ਵਿਚ ਹਿਲਜੁਲ ਸ਼ੁਰੂ ਹੋਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਸਮੇਤ ਕਈ ਸਿੱਖ ਸੰਸਥਾਵਾਂ ਨੇ ਇਸ ਪਾਸੇ ਧਿਆਨ ਦੇਣਾ ਸ਼ੁਰੂ ਕੀਤਾ ਹੈ। ਇਸ ਪਾਸੇ ਵਧੇਰੇ ਸਰਗਰਮੀ ਛੋਟੀਆਂ/ਸਥਾਨਕ ਪੱਧਰ ਦੀਆਂ ਸੰਸਥਾਵਾਂ ਜਿਵੇਂ ਗੁਰਮਤਿ ਪ੍ਰਚਾਰ ਸੰਸਥਾ, ਨਾਗਪੁਰ, ਸਕਾਟਿਸ਼ ਸਿੱਖ ਕੌਂਸਲ, ਸਤਿਨਾਮ ਫਾਊਂਡੇਸ਼ਨ, ਰਾਇਪੁਰ ਗੁਰੂ ਅੰਗਦ ਦੇਵ ਵਿੱਦਿਅਕ ਅਤੇ ਭਲਾਈ ਸੰਸਥਾ, ਲੁਧਿਆਣਾ, ਵਣਜਾਰਾ ਐਂਡ ਅਦਰ ਵੀਕਰ ਸੈਕਸ਼ਨ ਵੈਲਫੇਅਰ ਸੁਸਾਇਟੀ, ਚੰਡੀਗੜ੍ਹ ਆਦਿ ਨੇ ਵਿਖਾਈ ਹੈ। ਗੁਰੂ ਅੰਗਦ ਦੇਵ ਵਿੱਦਿਅਕ ਤੇ ਭਲਾਈ ਸੰਸਥਾ ਵਲੋਂ ਲੁਧਿਆਣਾ ਦੇ ਪ੍ਰੀਤਨਗਰ ਦੀ ਸਿਕਲੀਗਰ ਬਸਤੀ ਵਿਚ ਸ਼ੁਰੂ ਕੀਤੇ ਪ੍ਰਾਜੈਕਟ ਨੂੰ ਦੇਖ ਕੇ ਇਸ ਪਾਸੇ ਹੋਣ ਵਾਲੇ ਕਾਰਜਾਂ ਬਾਰੇ ਜਾਣਕਾਰੀ ਮਿਲਦੀ ਹੈ ਕਿ ਇਨ੍ਹਾਂ ਕਬੀਲਿਆਂ ਲਈ ਬਹੁਤ ਕੁਝ ਹੋਣ ਵਾਲਾ ਹੈ। ਇਥੇ ਇਹ ਗੱਲ ਵਰਣਨਯੋਗ ਹੈ ਕਿ ਸਿੱਖ ਸੰਸਥਾਵਾਂ ਦੀ ਸਰਗਰਮੀ ਤੋਂ ਪਹਿਲਾਂ ਪੰਜਾਬ, ਦਿੱਲੀ ਸਮੇਤ ਕੁਝ ਥਾਵਾਂ 'ਤੇ ਸਿਕਲੀਗਰ ਬਸਤੀਆਂ ਵਿਚ ਨਿਰੰਕਾਰੀਆਂ ਵਲੋਂ ਵੀ ਇਨ੍ਹਾਂ ਦੀ ਭਲਾਈ ਲਈ ਯਤਨ ਆਰੰਭਿਆ ਗਿਆ ਸੀ।

### 5.0 ਸਿਕਲੀਗਰ ਕਬੀਲਾ : ਅਜੋਕੀ ਹਾਲਤ

ਵੱਖ-ਵੱਖ ਧਾਰਮਿਕ ਅਤੇ ਸਮਾਜ-ਸੇਵੀ ਸੰਸਥਾਵਾਂ ਵਲੋਂ ਹੋ ਰਹੇ ਛੋਟੇ ਪੱਧਰ ਦੇ, ਪਰ ਅਹਿਮ ਕਾਰਜਾਂ/ ਸਰਵੇਖਣਾਂ ਤੋਂ ਸਿਕਲੀਗਰਾਂ ਬਾਰੇ ਜੋ ਵੀ ਤੱਥ ਦ੍ਰਿਸ਼ਟੀਗੋਚਰ ਹੋ ਰਹੇ ਹਨ, ਉਨ੍ਹਾਂ ਵਿਚੋਂ ਇਕ ਇਹ ਹੈ ਕਿ ਸੈਂਕੜੇ ਵਰ੍ਹੇ ਸਿੱਖੀ ਦੀ ਮੁੱਖ-ਧਾਰਾ ਤੋਂ ਵਿਛੜੇ ਰਹਿਣ ਦੇ ਬਾਵਜੂਦ ਸਿੱਖ ਸਿਕਲੀਗਰ ਪੂਰੇ ਸਿੱਖੀ ਸਰੂਪ ਵਿਚ ਹਨ। ਗੁਰਦੁਆਰਿਆਂ, ਗੁਰਮਤਿ ਲਿਟਰੇਚਰ ਅਤੇ ਧਰਮ-ਪ੍ਰਚਾਰ ਦੀ ਅਣਹੋਂਦ ਦੇ ਬਾਵਜੂਦ ਸਿੱਖੀ ਲਈ ਉਨ੍ਹਾਂ ਅੰਦਰ ਬੇਹੱਦ ਤਾਂਘ ਹੈ। ਬੇਸ਼ੱਕ ਸਮਾਜ ਦੇ ਹੋਰ ਲੋਕਾਂ ਦੀ ਤਰ੍ਹਾਂ ਪੁਰਾਤਨ ਰਹੁ-ਰੀਤਾਂ, ਕਬੀਲਾਈ ਵਿਸ਼ਵਾਸ, ਵਹਿਮ-ਭਰਮ ਇਨ੍ਹਾਂ ਸਿਕਲੀਗਰਾਂ ਵਿਚ ਵੀ ਪ੍ਰਚਲਤ ਹਨ ਅਤੇ ਇਨ੍ਹਾਂ ਦੀ ਗਰੀਬੀ ਦਾ ਨਾਜਾਇਜ਼ ਫਾਇਦਾ ਲੈ ਕੇ, ਕਈ ਦੂਸਰੇ ਧਰਮਾਂ ਦੇ ਲੋਕ, ਇਨ੍ਹਾਂ ਦੇ ਧਰਮ ਪਰਿਵਰਤਨ ਲਈ ਸਰਗਰਮ ਹਨਾ ਪਰ ਇਸ ਦੇ

ਬਾਵਜੂਦ ਸਿਕਲੀਗਰਾਂ ਦੀ ਸਿੱਖ ਧਰਮ ਪ੍ਰਤੀ ਸ਼ਰਧਾ ਅਤੇ ਸਤਿਕਾਰ ਜਿਉਂ ਦਾ ਤਿਉਂ ਕਾਇਮ ਹੈ। ਪੁਰਾਤਨ ਰੀਤਾਂ-ਰਸਮਾਂ ਦੇ ਨਾਲ-ਨਾਲ ਸਿਕਲੀਗਰ ਕਬੀਲੇ ਦੀ ਰਹਿਤ-ਰਹਿਣੀ ਉਪਰ ਸਿੱਖੀ ਦਾ ਪ੍ਰਭਾਵ ਪ੍ਰਤੱਖ ਦੇਖਿਆ ਜਾ ਸਕਦਾ ਹੈ ਜਿਵੇਂ ਸਿੱਖ ਪਰੰਪਰਾ ਅਨੁਸਾਰ ਬੱਚਿਆਂ ਦਾ ਨਾਮਕਰਨ, ਕੇਸਾਧਾਰੀ ਹੋਣਾ, ਅੰਮ੍ਰਿਤ ਦੀ ਮਰਯਾਦਾ ਵਿਚ ਵਿਸ਼ਵਾਸ, ਗੁਰੂ ਗ੍ਰੰਥ ਸਾਹਿਬ ਅਤੇ ਗੁਰਦੁਆਰੇ ਪ੍ਰਤੀ ਅਥਾਹ ਸ਼ਰਧਾ, ਆਨੰਦ ਕਾਰਜ ਦੀ ਰਸਮ ਆਦਿ।[32]

ਸਿਕਲੀਗਰ ਕਬੀਲੇ ਦਾ ਪਸਾਰਾ ਅਤੇ ਪਛੜੇਵਾਂ ਅੱਜ ਏਨਾ ਵਿਆਪਕ ਹੈ ਕਿ ਵੱਖ-ਵੱਖ ਸੰਸਥਾਵਾਂ ਵਲੋਂ ਆਰੰਭੇ ਭਲਾਈ-ਕਾਰਜ ਨਿਗੂਣੇ ਅਤੇ ਅਧੂਰੇ ਹਨ। ਸਮਾਜਕ, ਆਰਥਕ, ਵਿੱਦਿਅਕ, ਹਰ ਪੱਖੋਂ ਇਸ ਕਬੀਲੇ ਦੀ ਹਾਲਤ ਤਰਸਯੋਗ ਹੈ। ਸਿਕਲੀਗਰਾਂ ਦੀਆਂ ਝੁੱਗੀਆਂ ਵਿਚ ਕਰਾਮਾਤੀ ਗੁਣਵਤਾ (Talent) ਛੁਪੀ ਹੋਈ ਹੈ। ਇਸ ਗੁਣਵਤਾ ਨੂੰ ਅਨਪੜ੍ਹਤਾ ਅਤੇ ਗਰੀਬੀ ਦੀ ਗ੍ਰਿਫਤ ਵਿਚੋਂ ਕੱਢਣ ਲਈ ਸਿਕਲੀਗਰ ਬਸਤੀਆਂ ਵਿਚ ਵਿੱਦਿਅਕ ਸੰਸਥਾਵਾਂ, ਤਕਨੀਕੀ ਅਤੇ ਦਸਤਕਾਰੀ ਟ੍ਰੇਨਿੰਗ ਸੰਸਥਾਵਾਂ ਦੀ ਲੋੜ ਹੈ। ਆਮ ਧਾਰਨਾ ਹੈ ਕਿ ਸਿਕਲੀਗਰਾਂ ਦੇ ਬੱਚੇ ਇੰਜੀਨੀਅਰ ਦਿਮਾਗ ਲੈ ਕੇ ਜੰਮਦੇ ਹਨ। ਪਰ ਸਕੂਲੀ ਵਿੱਦਿਆ ਅਤੇ 'ਨਵੇਂ ਜ਼ਮਾਨੇ' ਦੀ ਤਕਨੀਕੀ ਸਿਖਲਾਈ ਤੋਂ ਵਿਰਵੇ, ਪੁਰਾਣੀ ਤਕਨੀਕ ਦੇ ਮਾਹਰ ਇਹ ਕਾਬਲ ਅਤੇ ਹੁਨਰਮੰਦ ਲੋਕ ਦਰ-ਦਰ ਦੀਆਂ ਠੋਹਕਰਾਂ ਖਾਣ ਲਈ ਮਜ਼ਬੂਰ ਹਨ। ਅਗਰ ਸਿਕਲੀਗਰਾਂ ਦੀ ਨਵੀਂ ਪੀੜ੍ਹੀ ਨੂੰ ਨਵੇਂ ਜ਼ਮਾਨੇ ਦੀ ਤਕਨੀਕੀ ਸਿਖਲਾਈ ਅਤੇ ਕੁਝ ਕਰਨ ਦਾ ਮੌਕਾ ਮਿਲੇ ਤਾਂ ਹੈਰਾਨੀਜਨਕ ਨਤੀਜਿਆਂ ਦੀ ਆਸ ਕੀਤੀ ਜਾ ਸਕਦੀ ਹੈ।

## 6.0 ਅੰਤਲੀ ਗੱਲ : ਖੋਜਕਾਰਾਂ ਲਈ

ਹਥਲਾ ਨਿਬੰਧ, ਸਿਕਲੀਗਰਾਂ ਦੇ ਗੁਰੂ ਪੰਥ ਨਾਲ ਸੰਬੰਧਾਂ ਬਾਰੇ ਉਪਲਬਧ ਸਮੱਗਰੀ 'ਤੇ ਸਰਸਰੀ ਝਾਤ ਹੈ। ਇਸ ਕਬੀਲੇ ਬਾਰੇ ਥਾਂ-ਥਾਂ ਖਿੰਡੀ ਪਈ ਸਮੱਗਰੀ, ਤੱਥ, ਰਵਾਇਤਾਂ, ਸਮਾਚਾਰ ਸਿਰੜੀ ਖੋਜਕਾਰਾਂ ਦੀ ਉਡੀਕ ਵਿਚ ਹਨ। ਸਿਕਲੀਗਰ ਕਬੀਲੇ ਬਾਰੇ ਇਕਾ-ਦੁੱਕਾ ਅਕਾਦਮਿਕ ਕਾਰਜ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ। ਸ਼ੇਰ ਸਿੰਘ ਸ਼ੇਰ ਅਤੇ ਕਿਰਪਾਲ ਕਜ਼ਾਕ ਦਾ ਖੋਜ-ਕਾਰਜ, ਇਸ ਦਿਸ਼ਾ ਵਿਚ ਬਹੁਤ ਹੀ ਮਹੱਤਵਪੂਰਨ ਹੈ ਪਰ ਇਸ ਵਿਸ਼ੇ ਦੇ ਬਹੁਤ ਸਾਰੇ ਪੱਖ ਅਣਛੋਹੇ ਪਏ ਹਨ। ਨਿਰੋਲ ਇਤਿਹਾਸਕ ਪਹੁੰਚ ਤੋਂ ਇਸ ਵਿਸ਼ੇ 'ਤੇ ਕੋਈ ਵੀ ਵਿਉਂਤਬੱਧ ਕਾਰਜ ਸਾਹਮਣੇ ਨਹੀਂ ਆਇਆ। ਸਿਕਲੀਗਰਾਂ ਬਾਰੇ ਪੁਰਾਤਨ ਇਤਿਹਾਸਕ ਸਰੋਤਾਂ ਵਿੱਚ ਬਹੁਤ ਕੁਝ ਦੱਬਿਆ ਪਿਆ ਹੈ ਜੋ ਕਿ ਸੰਕੇਤਕ ਅਤੇ ਅਸਪੱਸ਼ਟ ਹੋਣ ਦੇ ਨਾਲ-ਨਾਲ ਖਿਲਰਵੇਂ ਰੂਪ ਵਿਚ ਹੈ। ਪੁਰਾਤਨ ਹਥਿਆਰਾਂ ਦੇ ਅਧਿਐਨ ਤੋਂ ਬਹੁਤ ਕੁਝ ਸਾਹਮਣੇ ਆ ਸਕਦਾ ਹੈ। ਇਸੇ ਤਰ੍ਹਾਂ ਸਮਾਜ-ਵਿਗਿਆਨ (Sociology), ਨਸਲ-ਵਿਗਿਆਨ (Ethnology), ਸੁਰੱਖਿਆ ਅਧਿਐਨ (Defence Study) ਦੇ ਖੋਜ ਵਿਦਿਆਰਥੀ ਆਪੋ-ਆਪਣੇ ਅਨੁਸ਼ਾਸਨ ਵਿਚ ਰਹਿ ਕੇ, ਇਸ ਅਣਗੌਲੇ ਖੇਤਰ ਬਾਰੇ ਬਹੁਤ ਕੁਝ ਢੂੰਡ ਸਕਦੇ ਹਨ। ਸਮਾਜ ਵਿਗਿਆਨ ਦ੍ਰਿਸ਼ਟੀਕੋਣ ਤੋਂ ਸਿਕਲੀਗਰ ਕਬੀਲੇ ਦਾ ਅਧਿਐਨ, ਵਿਸ਼ਾਲ ਸਰਵੇਖਣ-ਪ੍ਰਾਜੈਕਟ ਦਾ ਮੁਥਾਜ ਹੈ। ਕਹਿਣ ਤੋਂ ਭਾਵ, ਸਿਕਲੀਗਰ ਕਬੀਲੇ ਬਾਰੇ ਅਕਾਦਮਿਕ ਪੱਧਰ 'ਤੇ ਵੱਖ-ਵੱਖ ਪੱਖਾਂ ਤੋਂ ਖੋਜ-ਕਾਰਜ ਸੰਭਵ ਹੋ ਸਕਦਾ ਹੈ। ਖੋਜ-ਵਿਦਿਆਰਥੀਆਂ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

## ਹਵਾਲੇ ਅਤੇ ਟਿੱਪਣੀਆਂ


1. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਜਵੀਂ ਵਾਰ, 1990, ਪੰਨਾ 91.
2. ਉਹੀ, ਪੰਨਾ 298 ਅਤੇ *ਫਾਰਸੀ ਪੰਜਾਬੀ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 527.
3. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 247.
4. *ਸਿਕਲੀਗਰ ਕਬੀਲੇ ਦਾ ਸਭਿਆਚਾਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ 14
5. *ਪੰਜਾਬੀ ਲੋਕਧਾਰਾ ਵਿਸ਼ਵਕੋਸ਼*, ਜਿਲਦ ਤੀਜੀ, ਲੋਕ ਪ੍ਰਕਾਸ਼ਨ, ਨਵੀਂ ਦਿੱਲੀ, ਨਵੰਬਰ 1979, ਪੰਨਾ 639-40.
6. *The Sikligars of Punjab*, Sterling Publishers Pvt. Ltd., Jullundur-Delhi, 1966, Page 2-4.
7. *ਪੰਜਾਬੀ ਲੋਕਧਾਰਾ ਵਿਸ਼ਵਕੋਸ਼*, ਜਿਲਦ ਤੀਜੀ, ਪੰਨਾ 640.
8. *The Sikligars of Punjab*, Page 8.
9. *ਸਿਕਲੀਗਰ ਕਬੀਲੇ ਦਾ ਸਭਿਆਚਾਰ*, ਪੰਨਾ 17.
10. ਪੁਰਾਤਨ ਇਤਿਹਾਸਕ ਸੋਮਿਆਂ ਦੇ ਆਧਾਰ 'ਤੇ ਇਸ ਬਾਰੇ ਵਿਸਥਾਰਤ ਅਧਿਐਨ ਅਜੇ ਲੋੜੀਂਦਾ ਹੈ।
11. *ਸਿਕਲੀਗਰ ਕਬੀਲੇ ਸਭਿਆਚਾਰ*, ਪੰਨਾ 18.
12. ਉਹੀ
13. *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, ਪੰਨਾ 247
14. *The Sikligars of Punjab*, Page 9.
15. *ਸਿਕਲੀਗਰ ਕਬੀਲੇ ਦਾ ਸਭਿਆਚਾਰ*, ਪੰਨਾ 18.
16. *ਮਹਾਨ ਕੋਸ਼*, ਪੰਨਾ 1033.
17. *ਸਿਕਲੀਗਰ ਕਬੀਲੇ ਦਾ ਸਭਿਆਚਾਰ*, ਪੰਨਾ 19.
18. *The Sikligars of Punjab*, Page 14.
19. *ਗੁਰ ਬਿਲਾਸ ਪਾਤਸ਼ਾਹੀ ਦਸਵੀਂ*, ਭਾਸ਼ਾ ਵਿਭਾਗ ਪੰਜਾਬ, ਦੂਜੀ ਵਾਰ 1989, ਪੰਨਾ 243.
20. *ਮਹਾਨ ਕੋਸ਼*, ਪੰਨਾ 1098.
21. ਉਹੀ, ਪੰਨਾ 9 ਅਤੇ 951.
22. *The Sikligars of Punjab*, Page 16.
23. ਇਹ ਤੱਥ ਵਧੇਰੇ ਖੋਜ ਦਾ ਮੁਥਾਜ ਹੈ। ਭੱਟ ਵਹੀਆਂ ਅਤੇ ਪੰਡਾ ਵਹੀਆਂ ਦੇ ਆਧਾਰ 'ਤੇ ਕਈ ਵਿਦਵਾਨਾਂ ਨੇ ਭਾਈ ਬਚਿਤ੍ਰ ਸਿੰਘ ਤੇ ਭਾਈ ਉਦਯ ਸਿੰਘ ਨੂੰ ਭਾਈ ਮਨੀ ਸਿੰਘ ਸ਼ਹੀਦ ਦੇ ਪੁੱਤਰ ਦਸਦਿਆਂ, ਭਾਈ ਮਨੀ ਸਿੰਘ ਨੂੰ ਪੁਆਰ ਰਾਜਪੂਤ ਲਿਖਿਆ ਹੈ। ਭਾਈ ਬਾਜ ਸਿੰਘ ਨੂੰ ਭਾਈ ਮਨੀ ਸਿੰਘ (ਮਨੀ ਰਾਮ ਰਾਜਪੂਤ?) ਦੇ ਚਚੇਰੇ ਭਰਾ, ਭਾਈ ਨਠੀਆ ਦਾ ਪੁੱਤਰ ਲਿਖਿਆ ਹੈ। ਭੱਟ ਵਹੀਆਂ/ਪੰਡਾ ਵਹੀਆਂ (ਹਵਾਲਾ : "*ਗੁਰੂ ਕੀਆਂ ਸਾਖੀਆਂ*", ਸੰਪਾਦਿਤ - ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਤੀਜੀ ਵਾਰ, ਮਈ 1995) ਇਨ੍ਹਾਂ ਸਾਰੇ ਸੂਰਮੇ ਸਿੰਘਾਂ ਨੂੰ ਰਾਜਪੂਤਾਂ ਦੀ ਵਣਜਾਰਾ ਸ਼੍ਰੇਣੀ ਨਾਲ ਸੰਬੰਧਿਤ ਦੱਸ ਪਾਉਂਦੀਆਂ ਹਨ। ਇਨ੍ਹਾਂ ਸਰੋਤਾਂ (ਭੱਟ ਵਹੀਆਂ/ਪੰਡਾਂ ਵਹੀਆਂ) ਦੀ ਇਤਿਹਾਸਕ ਪ੍ਰਮਾਣਿਕਤਾ ਦੇ ਨਿਰੀਖਣ ਦੁਆਰਾ ਇਸ ਖੋਜ-ਖੇਤਰ

ਵਿਚ ਹੈਰਾਨੀਜਨਕ ਸਿੱਟੇ/ਤੱਥ ਸਾਹਮਣੇ ਆ ਸਕਦੇ ਹਨ।

24. *ਸਿਕਲੀਗਰ ਕਬੀਲੇ ਦਾ ਸਭਿਆਚਾਰ*, ਪੰਨਾ 25.
25. *ਸਿੱਖ ਮਿਸਲ ਤੇ ਸਰਦਾਰ ਘਰਾਣੇ*, ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰਜਵੀਂ ਵਾਰ, 1993, ਪੰਨਾ 136.
26. ਸਿੱਖ ਇਤਿਹਾਸ ਵਿਚ ਇਸੇ ਤਰ੍ਹਾਂ ਦੀ ਇਕ ਘਟਨਾ ਪਹਿਲਾਂ ਵੀ ਵਾਪਰੀ। 10 ਅਪ੍ਰੈਲ 1761 ਈ. ਨੂੰ ਵਿਸਾਖੀ ਵਾਲੇ ਦਿਨ ਲਏ ਇਕ ਮਹੱਤਵਪੂਰਨ ਫੈਸਲੇ ਮੁਤਾਬਿਕ ਸ. ਜੱਸਾ ਸਿੰਘ ਆਹਲੂਵਾਲੀਆ ਨੇ ਗੋਇੰਦਵਾਲ ਦੇ ਸਥਾਨ 'ਤੇ ਅਹਿਮਦਸ਼ਾਹ ਅਬਦਾਲੀ ਦੀਆਂ ਫੌਜਾਂ (ਜੋ ਅਬਦਾਲੀ ਦੇ ਪੰਜਵੇਂ ਹੱਲੇ ਸਮੇਂ ਪਾਨੀਪਤ ਦੀ ਲੜਾਈ ਜਿੱਤ ਕੇ ਵਾਪਸ ਜਾ ਰਹੀਆਂ ਸਨ) 'ਤੇ ਹਮਲਾ ਕਰਕੇ ਲਗਭਗ 2200 ਹਿੰਦੁਸਤਾਨੀ ਲੜਕੀਆਂ ਨੂੰ ਉਸ ਦੀ ਕੈਦ 'ਚੋਂ ਛੁਡਾਇਆ ਅਤੇ ਘਰੋ-ਘਰੀ ਪਹੁੰਚਾਇਆ।
27. *ਸਿਕਲੀਗਰ ਕਬੀਲੇ ਦਾ ਸਭਿਆਚਾਰ*, ਪੰਨਾ 27-28.
28. ਉਹੀ, ਪੰਨਾ 28.
29. *The Sikligars of Punjab*, Page 17.
30. ਸਿਕਲੀਗਰ ਕਬੀਲੇ ਦਾ ਸਭਿਆਚਾਰ, ਪੰਨਾ 28.
31. *ਅਣਗੌਲੇ ਸਿੱਖ ਕਬੀਲ*, (ਲੇਖਕ - ਡਾ. ਦਲਵਿੰਦਰ ਸਿੰਘ ਗਰੇਵਾਲ), ਸਕਾਟਿਸ਼ ਸਿੱਖ ਕੌਂਸਲ ਅਤੇ ਛੱਤੀਸਗੜ੍ਹ ਸਿੱਖ ਕੌਂਸਲ, ਰਾਏਪੁਰ, ਮਿਤੀਹੀਣ, ਪੰਨਾ 3.
32. *ਸਿਕਲੀਗਰ ਕਬੀਲੇ ਦਾ ਸਭਿਆਚਾਰ*, ਪੰਨਾ 97-100.

# ਨਾਮਧਾਰੀ ਸੰਪ੍ਰਦਾ

ਡਾ. ਗੁਲਜ਼ਾਰ ਸਿੰਘ ਕੰਗ*

ਕਿਸੇ ਵੀ ਧਰਮ ਦੀ ਸੰਪ੍ਰਦਾ ਉਸਦੀ ਰੂਹਾਨੀਅਤ (Spirit) ਤੋਂ ਅਲਹਿਦਾ ਨਹੀਂ ਹੁੰਦੀ, ਸਿਰਫ਼ ਰੂਪ (Form) ਪੱਖੋਂ ਨਿਆਰੇ ਹੋਣ ਦਾ ਭਰਮ ਬਣਾਈ ਰੱਖਦੀ ਹੈ। ਇਹ ਵੀ ਸੱਚ ਹੈ ਕਿ ਹਰ ਧਰਮ ਸਮਾਂ ਪਾ ਕੇ ਆਪਣੇ ਸੰਪ੍ਰਦਾਈ ਰੂਪਾਂ ਰਾਹੀਂ ਹੀ ਵਿਕਾਸ ਕਰਦਾ ਹੈ। ਗੁਰੂ ਸਾਹਿਬਾਨ ਤੋਂ ਪਿੱਛੋਂ ਸਿੱਖ ਧਰਮ ਦੀਆਂ ਵੀ ਕਈ ਸੰਪ੍ਰਦਾਵਾਂ (ਜਿਵੇਂ ਨਿਰਮਲੇ, ਉਦਾਸੀ, ਨਿਹੰਗ ਸਿੰਘ, ਅਕਾਲੀ, ਅਖੰਡ ਕੀਰਤਨੀ ਆਦਿ) ਵੇਖਣ ਨੂੰ ਮਿਲਦੀਆਂ ਹਨ। ਇਹ ਸਾਰੀਆਂ ਸੰਪ੍ਰਦਾਵਾਂ ਆਪਣੀ ਜੀਵਨ-ਜਾਚ (Way of Life) ਕਰਕੇ ਨਿਆਰੇ ਨਿਆਰੇ ਭੇਸ ਰਖਦੀਆਂ ਹਨ ਪਰ ਇਨ੍ਹਾਂ ਨੂੰ ਗ਼ੈਰ ਸਿੱਖ ਨਹੀਂ ਚਿਤਵਿਆ ਜਾ ਸਕਦਾ। ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿੱਚ ਉੱਭਰ ਕੇ ਸਾਹਮਣੇ ਆਈ ਨਾਮਧਾਰੀ ਸੰਪ੍ਰਦਾ ਮੂਲ ਰੂਪ ਵਿੱਚ ਸਿੱਖ ਰੂਹਾਨੀਅਤ ਨਾਲ ਸ਼ਰਸ਼ਾਰ ਹੀ ਨਹੀਂ, ਸਗੋਂ ਸੁੱਚ, ਸੰਜਮ ਅਤੇ ਨੈਤਿਕ ਆਚਾਰ-ਵਿਹਾਰ ਦੇ ਪੱਖੋਂ ਬਿਹਤਰ ਸਿੱਖ ਜਮਾਤ ਵੀ ਹੈ। ਆਪਣੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਸਰੋਕਾਰਾਂ ਕਰਕੇ ਇਹ ਸੰਪ੍ਰਦਾ ਇੱਕ ਲੋਕ-ਲਹਿਰ ਦੇ ਰੂਪ ਵਿਚ ਵਿਕਸਤ ਹੋਈ, ਇਸੇ ਕਰਕੇ ਇਸ ਨੂੰ 'ਨਾਮਧਾਰੀ ਲਹਿਰ' ਵੀ ਕਹਿ ਦਿੱਤਾ ਜਾਂਦਾ ਹੈ।

## ਨਾਮਕਰਨ

ਨਾਮਧਾਰੀ ਦਾ ਸ਼ਬਦੀ ਅਰਥ ਹੈ - ਜਿਸਨੇ ਪਰਮਾਤਮਾ ਦਾ ਨਾਮ ਧਾਰਨ ਕੀਤਾ ਹੋਵੇ, ਭਾਵ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਹੋਣ। ਪਰਿਭਾਸ਼ਕ ਰੂਪ ਵਿੱਚ ਕਹਿਣਾ ਹੋਵੇ ਤਾਂ ਨਾਮਧਾਰੀ ਸਿੱਖ ਧਰਮ ਵਿੱਚ ਜਗਿਆਸੂਆਂ ਅਭਿਆਸੀਆਂ ਦੀ ਜਥੇਬੰਦੀ ਦਾ ਨਾਮ ਹੈ। 'ਕੂਕਾ' ਇਨ੍ਹਾਂ ਦਾ ਰਾਜਨੀਤਿਕ ਨਾਮ ਹੈ। ਇਨ੍ਹਾਂ ਨੂੰ 'ਕੂਕੇ' ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਵਾਹਿਗੁਰੂ ਦੇ ਨਾਮ ਦਾ ਅਭਿਆਸ ਜਾਂ ਸਿਮਰਨ ਕਰਦੇ ਆਪਣੇ ਦੀਵਾਨਾਂ ਜਾਂ ਜਥਿਆਂ ਵਿਚ ਮਸਤ ਹੋ ਕੇ 'ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ' ਕੂਕਦੇ ਸਨ। ਗਿਆਨੀ ਗਿਆਨ ਪੰਥ ਪ੍ਰਕਾਸ਼ ਵਿਚ ਲਿਖਦੇ ਹਨ :

> ''ਪੰਥ ਖਾਲਸੇ ਮੈਂ ਏਕ ਸ਼ਾਖ ਕੂਕੇ ਸਿੰਘਨ ਕੀ,
> ਤੀਸਕ ਬਰਸ ਤੈ ਜੋ ਬਿਦਤੇ ਮਹਾਨ ਹੈਂ।
> ਸ਼ਬਦ ਕੀ ਮਸਤੀ ਮੈਂ ਹਾਲ ਤੇ ਬਿਹਾਲ ਹੋਇ,
> ਸਿਰ ਤੈ ਉਤਾਰ ਜਾਤ ਦਸਤਾਰ ਤਾਨ ਹੈਂ।
> ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ,

---

* ਨਯਾ ਨੰਗਲ, ਰੋਪੜ।

ਕੂਕ ਮਾਰਨੇ ਤੈ ਕੂਕੇ ਜਗਤ ਬਖਾਨ ਹੈਂ ।
ਏਕ ਦਸਤਾਰ ਕੇ ਉਤਾਰ ਬਿਨੁ ਔਰ ਰੀਤਿ,
ਚਾਹੀਜਤ ਜੈਸੀ ਤੈਸੀ ਤਿਨ ਮੈਂ ਪ੍ਰਧਾਨ ਹੈਂ ।''

(ਪੰਥ ਪ੍ਰਕਾਸ਼ ਪੰਨਾ 518)

ਗੁਰਬਾਣੀ ਵਿੱਚ ਪੂਰੀ ਤਰ੍ਹਾਂ ਯਕੀਨ ਕਰਨਾ, ਅਕਾਲ ਪੁਰਖ ਤੋਂ ਭਿੰਨ ਕਿਸੇ ਸੱਤਾ ਵਿੱਚ ਵਿਸ਼ਵਾਸ ਨਾ ਕਰਨਾ, ਸੱਚਾ ਸੁੱਚਾ ਜੀਵਨ ਬਤੀਤ ਕਰਨਾ, ਧਰਮ ਦੀ ਕਿਰਤ ਕਰਨਾ ਇਸ ਸੰਪਦਾ ਦੇ ਅਕੀਦੇ ਹਨ। ਸਫੈਦ ਹੰਸ ਬਾਣਾ, ਕਾਤਰਾਂ ਵਾਲਾ ਕੁੜਤਾ, ਚੂੜੀਦਾਰ ਪਜਾਮਾ, ਸਿਰ ਤੇ ਗੋਲ ਸਿੱਧੀ ਦਸਤਾਰ, ਗਲ ਉੱਨ ਦੀ ਸਫੈਦ ਮਾਲਾ, ਪ੍ਰਕਾਸ਼ ਦਾਹੜਾ, ਸਤਿਜੁਗੀ ਸਰੂਪ ਇਨ੍ਹਾਂ ਦੇ ਪਛਾਣ ਚਿੰਨ੍ਹ ਹਨ।

## ਪੈਦਾ ਹੋਣ ਦੇ ਕਾਰਨ ਤੇ ਪਿਛੋਕੜ

ਨਾਮਧਾਰੀ ਸੰਪ੍ਰਦਾ ਉੱਨ੍ਹੀਵੀਂ ਸਦੀ ਦੇ ਦੂਜੇ ਅੱਧ (1857 ਈ.) ਵਿੱਚ ਉਸ ਵੇਲੇ ਪੈਦਾ ਹੋਈ, ਜਦ ਮਹਾਰਾਜਾ ਰਣਜੀਤ ਸਿੰਘ ਦਾ ਸਥਾਪਤ ਕੀਤਾ ਸਿੱਖ ਰਾਜ ਢਹਿ ਢੇਰੀ ਹੋ ਰਿਹਾ ਸੀ। ਇਸ ਦੇ ਪੈਦਾ ਹੋਣ ਦੇ ਦੋ ਕਾਰਨ ਸਨ : ਇੱਕ ਅੰਦਰੂਨੀ ਅਤੇ ਦੂਜਾ ਬਹਿਰੂਨੀ। ਅੰਦਰੂਨੀ ਕਾਰਨ ਅਧਿਆਤਮਕ ਅਤੇ ਆਚਾਰ-ਵਿਹਾਰ ਦੇ ਪੱਖੋਂ ਸਿੱਖਾਂ ਵਿੱਚ ਆਈ ਗਿਰਾਵਟ ਹੈ। ਜਦ ਪੰਜਾਬ ਵਿੱਚ ਖ਼ਾਲਸਾ ਰਾਜ ਸਥਾਪਤ ਹੋ ਗਿਆ ਤਾਂ ਸਿੱਖ ਵਿਲਾਸੀ ਹੋ ਆਪਣੇ ਗੁਰੂਆਂ ਦੇ ਉਪਦੇਸ਼ਾਂ ਅਤੇ ਨਾਮ ਬਾਣੀ ਤੋਂ ਦੂਰ ਹੁੰਦੇ ਗਏ। ਰਾਈਸੀ ਰੁਚੀਆਂ ਅਤੇ ਨਸ਼ਿਆਂ ਦਾ ਸ਼ਿਕਾਰ ਹੋ ਕੇ ਇਹ ਸਿੱਖੀ ਆਦਰਸ਼ਾਂ ਤੋਂ ਦੂਰ ਹੋ ਗਏ। ਰਾਜਸੀ ਅਤੇ ਜਗੀਰਦਾਰੀ ਕਮਜ਼ੋਰੀਆਂ ਕਰਕੇ ਧਰਮ ਵਿਚੋਂ ਰੂਹਾਨੀਅਤ ਗੁਆਚ ਗਈ ਅਤੇ ਇਹ ਰਸਮੀ ਆਚਾਰ ਤੇ ਰਹੁ-ਰੀਤਾਂ ਬਣ ਕੇ ਰਹਿ ਗਈਆਂ। ਖਾਲਸਾ ਰਾਜ ਦੀ ਚਮਕ-ਦਮਕ ਜਿੰਨੀ ਛੇਤੀ ਪੈਦਾ ਹੋਈ ਸੀ, ਉਨੀ ਛੇਤੀ ਹੀ ਖ਼ਤਮ ਹੋ ਗਈ। ਇਹ ਸਮੇਂ ਦੀ ਲੋੜ ਸੀ ਕਿ ਸਿੱਖ ਆਚਰਨ ਨੂੰ ਸਿੱਖ ਸਿਧਾਂਤਾਂ ਦੇ ਅਨੁਸਾਰ ਪੁਨਰ-ਰੂਪ ਵਿੱਚ ਸਥਾਪਿਤ ਕੀਤਾ ਜਾਵੇ।

ਬਹਿਰੂਨੀ ਪੱਖ ਤੋਂ ਅੰਗਰੇਜ਼ਾਂ ਦਾ ਜਦ ਪੰਜਾਬ ਉੱਪਰ ਕਬਜ਼ਾ ਹੋ ਗਿਆ ਤਾਂ ਉਨ੍ਹਾਂ ਨੇ ਆਪਣੀ ਕੂਟ ਨੀਤੀ ਰਾਹੀਂ ਸਿੱਖੀ ਨੂੰ ਢਾਹ ਲਾਈ ਅਤੇ ਈਸਾਈ ਧਰਮ ਦਾ ਪ੍ਰਚਾਰ ਅਤੇ ਪਾਸਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਕਰਕੇ ਵੀ ਲੋੜ ਪੈਦਾ ਹੋ ਗਈ ਸੀ ਕਿ ਕੋਈ ਅਜਿਹੀ ਸੱਚੇ-ਸੁੱਚੇ ਆਚਾਰ ਵਾਲੀ ਲਹਿਰ ਉਤਪੰਨ ਕੀਤੀ ਜਾਵੇ ਜਿਸ ਨਾਲ ਸਿੱਖ ਧਰਮ ਦਾ ਬੋਲਬਾਲਾ ਵੀ ਹੋਵੇ, ਲੋਕਾਂ ਨੂੰ ਸਮਾਜਿਕ ਬੁਰਾਈਆਂ ਤੋਂ ਵੀ ਰਾਹਤ ਮਿਲੇ ਅਤੇ ਅੰਗਰੇਜ਼ ਹਕੂਮਤ ਦੇ ਜੂਲੇ ਨੂੰ ਵੀ ਮੋਢਿਆਂ ਤੋਂ ਉਤਾਰਿਆ ਜਾ ਸਕੇ। ਇਸ ਕੰਮ ਲਈ ਕਿਸੇ ਯੁਗ ਪੁਰਸ਼ ਦੀ ਲੋੜ ਸੀ ਅਤੇ ਬਾਬਾ ਰਾਮ ਸਿੰਘ ਇਸ ਵਿਅਕਤਿਤਵ ਨੂੰ ਲੈ ਕੇ ਸਾਹਮਣੇ ਆਏ।

ਬਾਬਾ ਰਾਮ ਸਿੰਘ ਜੀ 1837 ਈ. ਨੂੰ ਖਾਲਸਾ ਰਾਜ ਦੀ ਸੈਨਾ ਵਿੱਚ ਭਰਤੀ ਹੋਏ ਸਨ। ਨਾਮ ਅਭਿਆਸੀ ਸਨ ਤੇ ਸੈਨਾ ਦੀ ਨੌਕਰੀ ਦੌਰਾਨ ਉਨ੍ਹਾਂ ਏਸ ਬਿਰਤੀ ਨੂੰ ਹੋਰ ਵਿਕਸਤ ਕੀਤਾ। ਨਾਮ ਅਭਿਆਸ ਦਾ ਐਸਾ ਰੰਗ ਚੜ੍ਹਿਆ ਕਿ ਜੋ ਉਨ੍ਹਾਂ ਦੇ ਸੰਪਰਕ ਵਿੱਚ ਆਇਆ, ਉਹ ਵੀ ਰੰਗਿਆ ਗਿਆ। ਸਬੱਬ ਇਹ ਬਣਿਆ ਕਿ ਆਪ ਦੀ ਫੌਜ ਜਦ ਸਰਹੱਦੀ ਸੂਬੇ ਵਿਚ ਤਾਇਨਾਤ

ਸੀ ਤਾਂ ਆਪ ਤੇ 25 ਕੁ ਹੋਰ ਫੌਜੀ ਜਵਾਨ ਇੱਕ ਦਿਨ ਬਾਬਾ ਬਾਲਕ ਸਿੰਘ ਦੀ ਮਹਿਮਾ ਸੁਣ ਕੇ ਉਨ੍ਹਾਂ ਦੇ ਦਰਸ਼ਨਾਂ ਨੂੰ ਹਜ਼ਰੋ ਚਲੇ ਗਏ। ਬਾਬਾ ਬਾਲਕ ਸਿੰਘ ਜੀ ਨੇ ਜਦ ਨੇਤਰ ਭਰ ਕੇ ਰਾਮ ਸਿੰਘ ਵਲ ਕਿਰਪਾ ਦ੍ਰਿਸ਼ਟੀ ਕੀਤੀ ਤਾਂ ਨਦਰੋ ਨਦਰਿ ਨਿਹਾਲ ਕਰ ਦਿੱਤਾ। ਬਾਬਾ ਬਾਲਕ ਸਿੰਘ ਕਰਨੀ ਕਮਾਈ ਵਾਲੇ ਸੰਤ ਪੁਰਸ਼ ਸਨ। ਉਨ੍ਹਾਂ ਬਾਰੇ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

*''ਸੰਮ੍ਰਤ ਅਠਾਰਾਂ ਸੌ ਛਿਪੰਜਾ ਮੈਂ ਬਾਲਕ ਸਿੰਘ,*
*ਭਯੋ ਅਵਤਾਰ ਤਹਿੰ ਈਸ਼ ਅੰਸ਼ ਭਾਵਤੇ।*
*ਜਾਤਿ ਕਾ ਅਰੋੜਾ ਭਯੋ ਭਗਤ ਅਮੋੜਾ,*
*ਨਾਮ ਜਪਯੋ ਨਾ ਥੋੜਾ ਛੋੜਾ ਵਿਸ਼ੇ ਰਸ ਯਾਵਤੇ।''*

(ਪੰਥ ਪ੍ਰਕਾਸ਼, ਪੰਨਾ 518)

ਇਸ ਪਹਿਲੀ ਮੁਲਾਕਾਤ ਵਿੱਚ ਹੀ ਬਾਬਾ ਬਾਲਕ ਸਿੰਘ ਜੀ ਨੇ ਬਾਬਾ ਰਾਮ ਸਿੰਘ ਨੂੰ ਹੁਕਮ ਕੀਤਾ ਸੀ - 'ਠਾਕਰ ਜੀ ਆਪਣੀ ਅਮਾਨਤ ਸੰਭਾਲੋ, ਪੰਥ ਦੀ ਦਸ਼ਾ ਸੁਧਾਰੋ ਅਤੇ ਨਾਮ ਬਾਣੀ ਦਾ ਛੱਟਾ ਦਿਓ।' ਬਾਬਾ ਬਾਲਕ ਸਿੰਘ ਜੀ ਦਾ ਸਰਬ ਸਾਂਝਾ ਉਪਦੇਸ਼ ਸੀ :

*''ਬਹਿੰਦੇ ਉਠਦੇ, ਸੌਂਦੇ ਜਾਗਦੇ ਵਾਹਿਗੁਰੂ ਦਾ ਭਜਨ ਕਰਿਆ ਕਰੋ। ਅੱਠਾਂ ਪਹਿਰਾਂ ਵਿੱਚ ਤਿੰਨ ਵਾਰੀ ਇਸ਼ਨਾਨ ਕਰੋ। ਚਮੜੇ ਦੇ ਡੋਲ ਤੋਂ ਪਾਣੀ ਨਾ ਪੀਓ। ਆਪਣੇ ਗੁਰ-ਭਾਈਆਂ ਤੋਂ ਬਿਨਾਂ ਕਿਸੇ ਹੋਰ ਦੇ ਹੱਥਾਂ ਦਾ ਬਣਿਆ ਪ੍ਰਸ਼ਾਦ ਨਾ ਛਕੋ। ਲੜਕੀ ਨੂੰ ਦਾਜ ਵਿੱਚ ਕੁਝ ਨਾ ਦੇਵੋ। ਲੜਕੀ ਦੇ ਸਹੁਰਿਆਂ ਪਾਸੋਂ ਕੁਝ ਨਾ ਲਵੋ। ਮਾਸ ਨਾ ਖਾਓ, ਸ਼ਰਾਬ ਨਾ ਪੀਓ, ਤਮਾਕੂ ਨਾ ਵਰਤੋ, ਭਿਖ ਨਾ ਮੰਗੋ, ਕਿਰਤ ਕਮਾਈ ਕਰਕੇ ਗੁਜ਼ਾਰਨ ਕਰੋ। ਝੂਠ ਨਾ ਬੋਲੋ, ਵਿਭਚਾਰ ਨਾ ਕਰੋ।''*

ਬਾਅਦ ਵਿਚ ਇਹੀ ਉਪਦੇਸ਼ ਨਾਮਧਾਰੀ ਸੰਪਦਾ ਦਾ ਸਿਧਾਂਤਕ ਆਧਾਰ ਅਤੇ ਪਿੱਠਕੜ ਬਣੇ।

## ਇਤਿਹਾਸਕ ਵਿਕਾਸ

ਨਾਮਧਾਰੀ ਸੰਪ੍ਰਦਾ ਦਾ ਪ੍ਰਾਰੰਭ ਤਾਂ ਬਾਬਾ ਬਾਲਕ ਸਿੰਘ ਜੀ ਦੇ ਤੇਜਸਵੀ ਪ੍ਰਭਾਵ ਅਤੇ ਰੂਹਾਨੀ ਉਪਦੇਸ਼ਾਂ ਨਾਲ ਹੋ ਗਿਆ ਸੀ, ਪਰ ਇਸ ਨੂੰ ਇੱਕ ਲਹਿਰ ਦੇ ਰੂਪ ਵਿੱਚ ਬਾਬਾ ਰਾਮ ਸਿੰਘ ਜੀ ਨੇ ਵਿਕਸਿਤ ਕੀਤਾ। ਜਦ ਬਾਬਾ ਰਾਮ ਸਿੰਘ ਦੀ ਫੌਜ ਸਰਹੱਦੀ ਸੂਬੇ ਤੋਂ ਲਾਹੌਰ ਵਾਪਸ ਆਈ, ਤਾਂ ਸਿੱਖ ਰਾਜ ਦੀ ਬੁਰਛਾ-ਗਰਦੀ ਅਤੇ ਭਰਾ ਮਾਰੂ ਨੀਤੀ ਨੇ ਆਪ ਨੂੰ ਬੇਚੈਨ ਕਰ ਦਿੱਤਾ। ਆਪ ਫੌਜ ਦੀ ਨੌਕਰੀ ਤਿਆਗ ਕੇ ਭੈਣੀ ਆ ਗਏ ਅਤੇ ਨਾਮ ਅਭਿਆਸ ਵਿੱਚ ਲੀਨ ਹੋ ਗਏ। ਇਥੇ ਹੀ 1857 ਈ. ਨੂੰ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਅੰਮ੍ਰਿਤ ਦੀ ਦਾਤ ਨੂੰ ਪੁਨਰ-ਸੰਚਾਰਿਤ ਕੀਤਾ। ਉਨ੍ਹਾਂ ਨੇ ਇਹ ਦ੍ਰਿੜ ਕਰ ਲਿਆ ਸੀ ਕਿ ਕੌਮ ਨੂੰ ਅਮਲੀ ਰੂਪ ਵਿਚ ਸਵੱਛ ਕਰਕੇ ਹੀ ਬਲਵਾਨ ਬਣਾਇਆ ਜਾ ਸਕਦਾ ਹੈ। ਇਹ ਸਵੱਛਤਾ

ਆਤਮਿਕ ਰੂਪ ਵਿੱਚ ਨਾਮ ਬਾਣੀ ਦੇ ਅਭਿਆਸ ਰਾਹੀਂ ਅਤੇ ਸਰੀਰਕ ਰੂਪ ਵਿੱਚ ਰਹਿਤ ਮਰਯਾਦਾ ਰਾਹੀਂ ਆ ਸਕਦੀ ਹੈ। ਇਸ ਲਈ ਬਾਬਾ ਜੀ ਨੇ ਇਹਨਾਂ ਦੋਹਾਂ ਗੱਲਾਂ ਵਲ ਬਰਾਬਰ ਧਿਆਨ ਦੇ ਕੇ ਕੌਮ ਅੰਦਰ ਚੇਤਨਾ ਪੈਦਾ ਕੀਤੀ।

ਨਾਮਧਾਰੀ ਸੰਪ੍ਰਦਾ ਦੇ ਵਿਕਾਸ ਲਈ ਜੋ ਨਿਸ਼ਾਨਾ ਬਾਬਾ ਰਾਮ ਸਿੰਘ ਜੀ ਨੇ ਰਖਿਆ, ਉਹ ਏਨਾ ਉੱਚਾ ਤੇ ਮਹਾਨ ਸੀ ਕਿ ਕੋਈ ਵੱਡਾ ਮਰਦ ਕਾ ਚੇਲਾ ਹੀ ਏਨਾ ਹੌਸਲਾ ਕਰ ਸਕਦਾ ਹੈ। ਉਨ੍ਹਾਂ ਦੇ ਉੱਚੇ ਸੁੱਚੇ ਜੀਵਨ ਦੀ ਮਹਿਕ ਕਸਤੂਰੀ ਦੀ ਸੁਗੰਧੀ ਵਾਂਗ ਚਾਰ-ਚੁਫੇਰੇ ਫੈਲ ਗਈ। ਲੋਕ ਉਨ੍ਹਾਂ ਨੂੰ ਸਤਿਕਾਰ ਨਾਲ 'ਬਾਬਾ ਜੀ' ਕਹਿ ਕੇ ਬੁਲਾਉਣ ਲੱਗੇ ਅਤੇ ਉਨ੍ਹਾਂ ਦੇ ਨਿਕਟਵਰਤੀ ਸ਼ਰਧਾਲੂ 'ਸਤਿਗੁਰੂ ਰਾਮ ਸਿੰਘ ਜੀ' ਕਹਿਣ ਲੱਗੇ। ਭਾਵੇਂ ਉਹ ਇਉਂ ਕਹਿਣ ਤੋਂ ਸਦਾ ਰੋਕਦੇ ਰਹੇ। ਉਨ੍ਹਾਂ ਦੇ ਰੂਹਾਨੀ ਵਿਅਕਤਿਤਵ ਨੂੰ ਬਿਆਨ ਕਰਦੇ ਸਰਦਾਰ ਕਪੂਰ ਸਿੰਘ ਲਿਖਦੇ ਹਨ, ''ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜਿਹਾ ਨਹੀਂ ਹੋਇਆ, ਜਿਸਨੇ ਆਪਣੇ ਜੀਵਨ-ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉੱਚਾ ਰਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ, ਸਮਾਜਿਕ ਤੌਰ ਤੇ, ਰਾਜਸੀ ਤੌਰ ਤੇ ਸਾਰੇ ਭਰਮਾਂ ਦੇ ਬੰਧਨਾਂ ਨੂੰ ਤੋੜ ਕੇ ਉਸ ਨੂੰ ਉੱਨਤੀ ਦੀ ਸਿਖਰ ਤੇ ਲੈ ਜਾਣਾ ਹੋਵੇ। ਇਸ ਲਈ ਸ਼ਰਧਾਲੂਆਂ ਦੇ ਮਨ ਉੱਤੇ ਬਾਬਾ ਰਾਮ ਸਿੰਘ ਜੀ ਦੇ ਸਰੂਪ ਦਾ ਇਉਂ ਝਲਕਾਰਾ ਪੈਣਾ ਕਿ ਉਨ੍ਹਾਂ ਦਾ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣਾ, ਇੱਕ ਕੁਦਰਤੀ ਜੇਹੀ ਗੱਲ ਸੀ।''

ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਸੰਪ੍ਰਦਾ ਦਾ ਨਿਸ਼ਾਨਾ ਹੇਠ ਲਿਖੇ ਅਨੁਸਾਰ ਮਿਥ ਕੇ ਉਸ ਨੂੰ ਸਾਕਾਰ ਕਰਨ ਲਈ ਇੱਕ ਹੋਰ ਲਹਿਰ ਪੈਦਾ ਕੀਤੀ। ਇਹ ਨਿਸ਼ਾਨਾ ਸੀ :

1. ਲੋਕ ਆਪਣੇ ਸਰੀਰ ਤੇ ਆਪਣੀ ਰਹਿਣੀ-ਬਹਿਣੀ ਨੂੰ ਸਵੱਛ ਤੇ ਸਾਫ਼ ਰਖਣ।
2. ਲੋਕਾਂ ਦੇ ਮਨਾਂ ਭਰਮਾਂ-ਭੁਲੇਖਿਆਂ ਤੇ ਵਹਿਮਾਂ ਵਿਚੋਂ ਨਿਕਲ ਕੇ ਨਰੋਏ ਹੋਣ।
3. ਸਮਾਜਿਕ ਤੌਰ ਉੱਤੇ ਇਸਤਰੀ ਤੇ ਮਰਦ ਬਰਾਬਰ ਦੇ ਮੰਨੇ ਜਾਣ ਤੇ ਸਰਬ ਸਾਂਝੇ ਵਿੱਦਿਆ ਦੇ ਪ੍ਰਚਾਰ ਰਾਹੀਂ ਉੱਨਤੀ ਕਰਨ।
4. ਲੋਕਾਂ ਦੀ ਆਤਮਾ ਧਾਰਮਿਕ ਤੌਰ ਤੇ ਸੁਰਜੀਤ ਤੇ ਤਕੜੀ ਹੋਵੇ।
5. ਦੇਸ਼ ਦੀ ਜਨਤਾ ਬਦੇਸ਼ੀਆਂ ਤੇ ਰਾਜੇ ਰਾਣੀਆਂ ਦੀ ਪ੍ਰਾਧੀਨਤਾ ਤੋਂ ਸਵਤੰਤਰ ਹੋ ਕੇ ਆਪਣਾ ਰਾਜ ਆਪ ਕਰੇ।

ਇਸ ਨਿਸ਼ਾਨੇ ਨੂੰ ਸਾਕਾਰ ਕਰਨ ਲਈ ਆਪ ਇਹ ਉਪਦੇਸ਼ ਦਿੰਦੇ ਹੁੰਦੇ ਸਨ ਕਿ ਬਸਤਰ ਸਦਾ ਸਾਫ਼ ਤੇ ਨਿਰਮਲ ਪਹਿਨੋ, ਪਹਿਰ ਰਾਤ ਰਹਿੰਦੀ ਉੱਠ ਕੇ ਸਣੇ ਕੇਸੀ ਇਸ਼ਨਾਨ ਕਰੋ। ਦਾਤਨ ਹਰ ਰੋਜ਼ ਕਰੋ। ਖਾਣ ਪਕਾਣ ਵਿੱਚ ਸਫ਼ਾਈ ਵਰਤੋ, ਗੰਦ ਤੇ ਮੈਲ ਨੂੰ ਤਿਆਗਣ ਵਿੱਚ ਕਦੇ ਆਲਸ ਨਾ ਕਰੋ। ਸੰਜਮ ਅਤੇ ਸਹਿਜ ਦਾ ਜੀਵਨ ਜੀਓ। ਆਤਮਿਕ ਬਲ ਪੈਦਾ ਕਰਨ ਲਈ ਆਪ ਜਿਥੇ ਭਜਨ 'ਤੇ ਜ਼ੋਰ ਦਿੰਦੇ ਸਨ, ਉੱਥੇ ਗੁਰਮਤਿ ਸੰਗੀਤ ਦੀ ਮਰਯਾਦਾ ਅਨੁਸਾਰ ਤੰਤੀ ਸਾਜ਼ਾਂ ਰਾਹੀਂ ਕੀਰਤਨ ਕਰਨ ਉੱਤੇ ਵੀ ਜ਼ੋਰ ਦਿੰਦੇ ਸਨ। ਇਸ ਨਾਲ ਸਿੱਖਾਂ ਦੀ ਆਤਮਾ ਸਵੱਛ ਹੋਈ। ਸਿੱਖਾਂ ਅੰਦਰ ਪਸਰੀ ਸਿਥਲਤਾ ਨੂੰ ਦੂਰ ਕਰਨ ਲਈ ਆਪ ਜੀ ਨੇ ਵੀਰ ਰਸੀ ਕੀਰਤਨ ਕਰਵਾਉਣਾ ਸ਼ੁਰੂ ਕੀਤਾ, ਜਿਸ ਨੂੰ 'ਹੱਲੇ ਦਾ ਕੀਰਤਨ' ਕਿਹਾ ਗਿਆ। ਚੰਡੀ ਦੀ ਵਾਰ

ਦਾ ਪਾਠ ਕਰਨ ਦੀ ਆਪ ਵਿਸ਼ੇਸ਼ ਹਦਾਇਤ ਕਰਦੇ ਸਨ। ਇਸ ਨਾਲ ਸਿੱਖਾਂ ਅੰਦਰ ਅਧਿਆਤਮਿਕ ਤੇ ਵੀਰ ਰਸੀ ਭਾਵਨਾ ਵਿਕਸਿਤ ਹੋਈ ਅਤੇ ਕੌਮ ਧਰਮ ਦੀ ਰੱਖਿਆ, ਦੇਸ਼ ਦੀ ਆਜ਼ਾਦੀ ਅਤੇ ਮਾਨਵਤਾ ਦੇ ਕਲਿਆਣ ਲਈ ਅੱਗੇ ਆਈ। ਘਰ ਘਰ ਬਾਬਾ ਰਾਮ ਸਿੰਘ ਦੀ ਚਰਚਾ ਹੋਣ ਲੱਗੀ। ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅੰਮ੍ਰਿਤ ਪਾਨ ਕਰਵਾਇਆ ਜਾਣ ਲੱਗਾ। ਨਾਮਧਾਰੀ ਸਿੰਘ ਬਾਹਰੀ ਸਰੂਪ ਵਜੋਂ ਹੰਸ ਅਤੇ ਅੰਦਰਲੀ ਤਾਕਤ ਵਜੋਂ ਸ਼ੇਰ ਦਿਲ ਹੋ ਕੇ ਹਰ ਸੰਕਟ ਦਾ ਸਾਹਮਣਾ ਕਰਨ ਲਈ ਤਿਆਰ ਹੋ ਗਏ। ਇਹ ਸਾਰੀਆਂ ਗਤੀਵਿਧੀਆਂ ਵੇਖ ਕੇ ਅੰਗਰੇਜ਼ ਸਰਕਾਰ ਭੈ ਭੀਤ ਹੋ ਗਈ। ਉਨ੍ਹਾਂ ਨੇ 1863-67 ਤਕ ਚਾਰ ਸਾਲ ਲਈ ਬਾਬਾ ਰਾਮ ਸਿੰਘ ਜੀ ਨੂੰ ਭੈਣੀ ਪਿੰਡ ਵਿੱਚ ਨਜ਼ਰਬੰਦ ਕਰ ਦਿੱਤਾ। ਫਿਰ ਉਨ੍ਹਾਂ ਦੇ ਧਾਰਮਿਕ ਅਕੀਦੇ ਨੂੰ ਵੇਖ ਕੇ ਪ੍ਰਚਾਰ ਦੀ ਛੋਟ ਦੇ ਦਿੱਤੀ। ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖਾਂ ਨੇ ਨਾਮਧਾਰੀ ਆਦਰਸ਼ ਨੂੰ ਅਪਣਾ ਲਿਆ।

ਭੈਣੀ ਸਾਹਿਬ ਦੀ ਨਜ਼ਰਬੰਦੀ ਦੇ ਦੌਰਾਨ ਹੀ ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਦੇ ਪ੍ਰਚਾਰ ਲਈ 22 ਸੂਬਿਆਂ ਦੀ ਨਿਯੁਕਤੀ ਕਰ ਦਿੱਤੀ, ਜਿਨ੍ਹਾਂ ਦੇ ਨਾਮ ਜਵਾਹਰ ਸਿੰਘ, ਕਾਹਨ ਸਿੰਘ, ਸਾਹਿਬ ਸਿੰਘ, ਲੱਖਾ ਸਿੰਘ, ਦਰਬਾਰਾ ਸਿੰਘ, ਸੁਧ ਸਿੰਘ, ਅਰੂੜ ਸਿੰਘ, ਮਾਨ ਸਿੰਘ, ਭਗਵਾਨ ਸਿੰਘ, ਸੁਰਮੁਖ ਸਿੰਘ, ਰਤਨ ਸਿੰਘ, ਰਾਜਾ ਸਿੰਘ, ਜਮੀਅਤ ਸਿੰਘ, ਬ੍ਰਹਮਾ ਸਿੰਘ, ਹੁਕਮਾ ਸਿੰਘ, ਮਲੂਕ ਸਿੰਘ, ਨਾਰਾਇਣ ਸਿੰਘ, ਪਹਾੜਾ ਸਿੰਘ, ਜੈਤਾ ਸਿੰਘ, ਖੁਸ਼ਹਾਲ ਸਿੰਘ, ਸਮੁੰਦ ਸਿੰਘ, ਖਜ਼ਾਨ ਸਿੰਘ, ਗੁਪਾਲ ਸਿੰਘ। ਇਨ੍ਹਾਂ ਦੇ ਇਲਾਕਿਆਂ ਅਤੇ ਕਾਰਜ ਖੇਤਰ ਬਾਰੇ ਇਥੇ ਦਸਣ ਦੀ ਗੁੰਜਾਇਸ਼ ਨਹੀਂ, ਪਰ ਏਨਾ ਜ਼ਰੂਰ ਹੈ ਕਿ ਬਹੁਤੇ ਸੁਚੇ ਨੌਜਵਾਨ ਸਨ, ਜੋ ਜਿਧਰ ਵੀ ਜਾਂਦੇ ਸਿੱਖ ਸੇਵਕਾਂ ਵਿੱਚ ਨਵੀਂ ਰੂਹ ਅਤੇ ਨਵਾਂ ਜੋਸ਼ ਫੂਕਦੇ। ਇਸੇ ਕਰਕੇ ਐਮ. ਐਮ. ਆਹਲੂਵਾਲੀਆ ਆਪਣੀ ਪੁਸਤਕ 'Kukas – The Freedom Fighters of the Punjab' ਵਿਚ ਲਿਖਦੇ ਹਨ, ''ਇਹ ਸੂਬੇ ਬਾਬਾ ਰਾਮ ਸਿੰਘ ਜੀ ਦੀਆਂ ਅੱਖਾਂ ਤੇ ਕੰਨ ਹੀ ਨਹੀਂ ਸਨ, ਸਗੋਂ ਇਹ ਬੁਲਾਰੇ ਸਨ, ਪ੍ਰਤੀਨਿਧ ਸਨ।''

ਬਾਬਾ ਰਾਮ ਸਿੰਘ ਜੀ ਦੀ ਅਗਵਾਈ ਹੇਠ ਨਾਮਧਾਰੀ ਸੰਪ੍ਰਦਾ ਨੇ ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਇੱਕ ਵਿਸਥਾਰ ਯੋਜਨਾ ਬਣਾਈ, ਜਿਸ ਵਿੱਚ ਵਿਦੇਸ਼ੀ ਕੱਪੜੇ ਅਤੇ ਹੋਰ ਹਰ ਪ੍ਰਕਾਰ ਦੇ ਸਾਮਾਨ ਦੀ ਵਰਤੋਂ ਨਾ ਕਰਨਾ, ਸਰਕਾਰੀ ਡਾਕ ਸਿਸਟਮ ਦੀ ਥਾਂ ਆਪਣੀ ਡਾਕ-ਵਿਵਸਥਾ ਲਈ ਹਰਕਾਰੇ ਰਖਣੇ, ਸਰਕਾਰੀ ਨੌਕਰੀ ਨਾ ਕਰਨਾ, ਕਚਹਿਰੀਆਂ ਦੀ ਥਾਂ ਪੰਚਾਇਤਾਂ ਵਿੱਚ ਹਰ ਤਰ੍ਹਾਂ ਦੇ ਝਗੜੇ ਨਿਬੇੜਨ ਅਤੇ ਅੰਗਰੇਜ਼ਾਂ ਦੇ ਹਰ ਕੰਮ ਵਿੱਚ ਨਾ-ਮਿਲਵਰਤਨ ਕਰਨ ਦਾ ਪ੍ਰਣ ਕੀਤਾ। ਇਹੀ ਧਾਰਨਾ ਬਾਅਦ ਵਿੱਚ ਕਾਂਗਰਸ ਦੇ ਨਾ-ਮਿਲਵਰਤਨ ਲਹਿਰ ਦੀ ਬੁਨਿਆਦ ਬਣੀ। ਧਾਰਮਿਕ ਜਾਗ੍ਰਿਤੀ ਦੇ ਨਾਲ-ਨਾਲ ਸਮਾਜ ਸੁਧਾਰ ਦੇ ਪੱਖੋਂ ਵੀ ਬਾਬਾ ਰਾਮ ਸਿੰਘ ਜੀ ਨੇ ਕ੍ਰਾਂਤੀਕਾਰੀ ਕਾਰਜ ਕੀਤੇ। ਆਪ ਜੀ ਨੇ ਵਿਆਹ ਪ੍ਰਥਾ ਨੂੰ ਸਰਲ ਤੇ ਗੁਰਮਤਿ ਮਰਯਾਦਾ ਦੇ ਅਨੁਕੂਲ ਬਣਾਇਆ। ਵਿਆਹਾਂ ਦੀਆਂ ਫਜ਼ੂਲ ਖਰਚੀਆਂ ਬੰਦ ਕਰਕੇ ਸਵਾ ਰੁਪਏ ਨਾਲ ਗੁਰਮਤਿ ਮਰਯਾਦਾ ਅਨੁਸਾਰ ਵਿਆਹ ਕਰਨ ਦੀ ਪਿਰਤ ਪਾਈ। ਕੁੜੀਆਂ ਨੂੰ ਜੰਮਦਿਆਂ ਮਾਰਨ, ਬਾਲ ਵਿਆਹ, ਵੱਟੇ ਦੇ ਸਾਕ ਆਦਿ ਭੈੜੀਆਂ ਕੁਰੀਤੀਆਂ ਨੂੰ ਬੰਦ ਕੀਤਾ। ਵਿਧਵਾ ਵਿਆਹ ਕਰਨ ਦੀ ਰੀਤ ਤੋਰੀ। ਔਰਤ ਦੇ ਗੌਰਵ ਨੂੰ ਬਹਾਲ ਕਰਕੇ ਮਰਦ ਦੇ ਬਰਾਬਰ ਅਧਿਕਾਰ ਦੇਣ ਲਈ ਸਿੱਖ ਸਮਾਜ ਨੂੰ ਉਤਸ਼ਾਹਤ ਕੀਤਾ ਅਤੇ ਔਰਤ ਨੂੰ ਅਬਲਾ ਤੋਂ ਸਬਲਾ ਬਣਾਇਆ। ਇਵੇਂ ਬਾਬਾ

ਰਾਮ ਸਿੰਘ ਨੇ ਨਿਘਰੀ ਹੋਈ ਅਵਸਥਾ ਵਿਚੋਂ ਸਿੱਖ ਕੌਮ ਨੂੰ ਕੱਢਿਆ। ਗੁਰਬਾਣੀ ਵਿੱਚ ਅਟੱਲ ਵਿਸ਼ਵਾਸ, ਜਾਤ-ਪਾਤ ਦਾ ਖੰਡਨ, ਸੋਢੀ-ਬੇਦੀ ਬਾਬਿਆਂ ਵੱਲੋਂ ਪਸਾਰੇ ਜਾ ਰਹੇ ਪੂਜਾ-ਵਿਧਾਨ ਦਾ ਨਿਖੇਧ ਕਰਕੇ ਕੌਮ ਵਿੱਚ ਨਵੀਂ ਰੂਹ ਪੈਦਾ ਕੀਤੀ। ਇਸ ਸਾਰੇ ਕਾਰਜਾਂ ਨੂੰ ਸੰਗਠਿਤ ਰੂਪ ਵਿੱਚ ਵਿਕਸਿਤ ਕਰਨ ਲਈ ਆਪਣੇ ਪੈਰੋਕਾਰਾਂ ਨੂੰ 22 ਸੂਬਿਆਂ (ਖੇਤਰਾਂ) ਵਿੱਚ ਵੰਡ ਕੇ, ਸੂਬਿਆਂ ਰਾਹੀਂ, ਤਹਿਸੀਲਾਂ ਵਿੱਚ ਜਥੇਦਾਰਾਂ ਅਤੇ ਪਿੰਡ ਵਿੱਚ ਗ੍ਰਥੀਆਂ ਨੂੰ ਜ਼ਿੰਮੇਵਾਰੀ ਸੌਂਪੀ।

ਬਾਬਾ ਰਾਮ ਸਿੰਘ ਜੀ ਵੱਲੋਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਚੇਤਨਾ ਦੀ ਲਹਿਰ ਬੜੇ ਸ਼ਾਂਤਮਈ ਢੰਗ ਨਾਲ ਚਲਾਈ ਗਈ। ਇਸ ਸਮੇਂ ਦੌਰਾਨ ਅੰਗਰੇਜ਼ ਸਰਕਾਰ ਨੇ ਬੁੱਚੜਖਾਨੇ ਖੋਲਣ ਦੀ ਕੁਝ ਲੋਕਾਂ ਨੂੰ ਇਜ਼ਾਜਤ ਦੇ ਦਿੱਤੀ। ਅੰਮ੍ਰਿਤਸਰ ਵਿਚ ਖੁਲ੍ਹੇ ਇਹਨਾਂ ਬੁੱਚੜਖਾਨਿਆਂ ਕਰਕੇ ਹਿੰਦੂ ਸਿੱਖਾਂ ਦੇ ਮਨਾਂ ਨੂੰ ਬੜੀ ਠੇਸ ਪਹੁੰਚੀ। ਗਊ ਹੱਤਿਆ ਦੇ ਇਸ ਮਸਲੇ ਤੇ ਨਾਮਧਾਰੀਆਂ ਨੂੰ ਵਧੇਰੇ ਹੀ ਜੋਸ਼ ਆ ਗਿਆ। ਉਨ੍ਹਾਂ ਨੇ ਇਸ ਅਨਰਥ ਨੂੰ ਰੋਕਣ ਲਈ 1871 ਈ. ਨੂੰ ਬੁੱਚੜਾਂ ਨੂੰ ਸੋਧਣ ਦੀ ਯੋਜਨਾ ਬਣਾ ਲਈ। 14-15 ਜੂਨ ਦੀ ਰਾਤ ਨੂੰ ਚਾਰ ਬੁੱਚੜ ਵੱਢ ਦਿੱਤੇ ਗਏ। ਇਸ ਕਾਰੇ ਦੀ ਸਜ਼ਾ ਦੇਣ ਲਈ ਸਰਕਾਰ ਨੇ ਚਾਰ ਨਾਮਧਾਰੀਆਂ ਨੂੰ 15 ਸਤੰਬਰ, 1871 ਈ. ਨੂੰ ਰਾਮਬਾਗ ਦੇ ਬੋਹੜ ਨਾਲ ਲਟਕਾ ਕੇ ਫਾਂਸੀ ਦੇ ਦਿੱਤੀ। ਦੂਜਾ ਸਾਕਾ ਪਿੰਡ ਰਾਏਕੋਟ ਵਾਪਰਿਆ। ਇਹ ਵੀ ਬੁੱਚੜਾਂ ਨੂੰ ਸੋਧਣ ਨਾਲ ਸੰਬੰਧਿਤ ਸੀ। ਇਸ ਵਾਰ ਤਿੰਨ ਨਾਮਧਾਰੀਆਂ (ਭਾਈ ਮਸਤਾਨ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਮੰਗਲ ਸਿੰਘ) ਨੂੰ ਰਾਏਕੋਟ ਫਾਂਸੀ ਦਿੱਤੀ ਗਈ ਅਤੇ ਦੋ ਹੋਰ ਨੂੰ ਲੁਧਿਆਣੇ। ਇਨ੍ਹਾਂ ਘਟਨਾਵਾਂ ਨੂੰ ਵੇਖਦੇ ਹੋਏ ਨਾਮਧਾਰੀਆਂ ਨੇ ਅੰਗਰੇਜ਼ ਸਰਕਾਰ ਨਾਲ ਸਿੱਧੀ ਟੱਕਰ ਲੈਣ ਦੀ ਸੋਚੀ। ਹਥਿਆਰ ਪ੍ਰਾਪਤ ਕਰਨ ਲਈ ਨਾਮਧਾਰੀਆਂ ਨੇ ਮਲੇਰਕੋਟਲੇ ਦੀ ਕੋਤਵਾਲੀ 'ਤੇ ਹਮਲਾ ਕਰ ਦਿੱਤਾ, ਜਿਸ ਵਿੱਚ ਇੱਕ ਕੋਤਵਾਲ ਤੇ 7 ਸਿਪਾਹੀ ਮਾਰੇ ਗਏ। ਨਾਮਧਾਰੀ ਜੱਥੇ ਦੇ ਵੀ 7 ਸਿੰਘ ਸ਼ਹੀਦ ਹੋ ਗਏ। ਇਸ ਘਟਨਾ ਕਰਕੇ 49 ਕੂਕਿਆਂ ਨੂੰ 17 ਜਨਵਰੀ 1872 ਈ. ਦੀ ਸ਼ਾਮ ਨੂੰ ਜਮਾਲਪੁਰ ਦੀ ਰਖ ਵਿੱਚ ਤੋਪਾਂ ਦੇ ਗੋਲਿਆਂ ਨਾਲ ਉਡਾ ਦਿੱਤਾ ਗਿਆ। ਬਾਲਕ ਬਿਸ਼ਨ ਸਿੰਘ ਨੂੰ ਮਿਸਟਰ ਕਾਵਨ ਦੀ ਸੰਘੀ ਘੁਟਣ ਕਾਰਣ ਤਲਵਾਰ ਨਾਲ ਟੋਟੇ ਟੋਟੇ ਕਰ ਦਿੱਤਾ ਗਿਆ। 16 ਕੂਕਿਆਂ ਨੂੰ 18 ਜਨਵਰੀ ਦੀ ਦੁਪਹਿਰ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ। ਇਵੇਂ ਇਸ ਸਾਕੇ ਵਿੱਚ 66 ਨਾਮਧਾਰੀ ਸ਼ਹੀਦ ਕਰ ਦਿੱਤੇ ਗਏ। ਬਾਬਾ ਰਾਮ ਸਿੰਘ ਨੂੰ 18 ਜਨਵਰੀ, 1872 ਨੂੰ ਕੈਦ ਕਰਕੇ ਰੰਗੂਨ ਭੇਜ ਦਿੱਤਾ ਗਿਆ। ਸਾਰੇ ਦੇਸ਼ ਵਿੱਚ ਫੈਲੇ ਨਾਮਧਾਰੀ ਸੂਬਿਆਂ ਦੀਆਂ ਗਤੀਵਿਧੀਆਂ ਦਮਨਕਾਰੀ ਨੀਤੀ ਨਾਲ ਬੰਦ ਕਰ ਦਿੱਤੀਆਂ ਗਈਆਂ। ਬਹੁਤੇ ਸੂਬੇ ਤੇ ਨਾਮਧਾਰੀ ਪ੍ਰਮੁਖੀ ਗਿਰਫਤਾਰ ਕਰ ਲਏ ਗਏ। ਸੂਬਾ ਮਾਨ ਸਿੰਘ ਤੇ ਹੁਕਮਾ ਸਿੰਘ ਨੂੰ ਚੁਨਾਰ ਦੇ ਕਿਲ੍ਹੇ, ਅਰੂੜ ਸਿੰਘ, ਮਲੂਕ ਸਿੰਘ ਤੇ ਪਹਾੜਾ ਸਿੰਘ ਅਸੀਰ ਗੜ੍ਹ ਦੇ ਕਿਲ੍ਹੇ, ਲੱਖਾ ਸਿੰਘ, ਬ੍ਰਹਮਾ ਸਿੰਘ, ਜਵਾਹਰ ਸਿੰਘ ਨੂੰ ਮੌਲਮੀਨ (ਬਰਮਾ), ਸਾਹਬ ਸਿੰਘ, ਕਾਹਨ ਸਿੰਘ ਨੂੰ ਅਲਾਹਾਬਾਦ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਅਤੇ ਇਵੇਂ ਹੀ ਬਾਕੀ ਸੂਬੇ ਅਲੱਗ ਥਲੱਗ ਕਰਕੇ ਵੱਖ-ਵੱਖ ਥਾਈਂ ਕੈਦ ਕਰ ਦਿੱਤੇ ਗਏ। ਭੈਣੀ ਸਾਹਿਬ ਨੂੰ ਘੇਰਾ ਪਾ ਕੇ ਇੱਥੇ ਰਹਿੰਦੇ ਬਾਬਾ ਰਾਮ ਸਿੰਘ ਦੇ ਪਿਤਾ ਜੱਸਾ ਸਿੰਘ, ਭਰਾ ਬੁੱਧ ਸਿੰਘ, ਪੁੱਤਰੀ ਬੀਬੀ ਨੰਦ ਕੌਰ, ਉਸਦੇ ਤਿੰਨ ਬੱਚੇ, ਮੈਨੇਜਰ ਵਰਿਆਮ ਸਿੰਘ, ਨਿੱਜੀ ਸੇਵਕ ਮੱਖਣ ਸਿੰਘ ਤੇ ਬਾਕੀ ਡੇਰੇ ਵਿੱਚ ਰਹਿੰਦੇ 172 ਸਿੰਘਾਂ, ਬੀਬੀਆਂ ਤੇ ਬੱਚਿਆਂ ਨੂੰ ਕੜਕਦੀ ਸਰਦੀ ਵਿੱਚ ਬਾਹਰ ਕੱਢ ਕੇ ਹਰ ਚੀਜ਼

ਦੀ ਤਲਾਸ਼ੀ ਲਈ ਗਈ। ਇਥੋਂ 36 ਕੁਹਾੜੀਆਂ, 6 ਗੰਡਾਸੇ, 2 ਖੋਖਰੀਆਂ, ਚੱਕਰ, ਸਫਾਜੰਗ, 1828 ਰੁਪਏ 8 ਆਨੇ, ਹੋਰ ਸੋਨਾ ਚਾਂਦੀ, ਸ਼ਾਲਾਂ-ਲੋਈਆਂ ਤੇ ਕੀਮਤੀ ਕਢਾਈ ਵਾਲਾ ਚੋਗਾ ਆਦਿ ਬਰਾਮਦ ਕਰਕੇ ਸਰਕਾਰੀ ਅਧਿਕਾਰੀ ਲੁਧਿਆਣੇ ਲੈ ਗਏ। ਬਾਬਾ ਰਾਮ ਸਿੰਘ ਜੀ ਦੇ ਪਰਿਵਾਰ ਦੀ ਸੇਵਾ ਲਈ 3 ਪੁਰਸ਼, 2 ਬੀਬੀਆਂ ਅਤੇ ਪਸ਼ੂਆਂ ਦੀ ਸੰਭਾਲ ਲਈ 11 ਸਿੰਘਾਂ ਨੂੰ ਡੇਰੇ ਰਹਿਣ ਦੀ ਇਜ਼ਾਜਤ ਦੇ ਕੇ ਬਾਕੀ ਸਭ ਨੂੰ ਇਥੋਂ ਕੱਢ ਦਿੱਤਾ ਗਿਆ। ਹਰ ਤਰ੍ਹਾਂ ਦੀ ਗਤੀਵਿਧੀ ਉੱਪਰ ਪਾਬੰਦੀ ਲਾ ਦਿੱਤੀ ਗਈ। ਭੈਣੀ ਪਿੰਡ ਵਿੱਚ ਪੁਲਿਸ ਚੌਕੀ ਬਿਠਾ ਦਿੱਤੀ ਗਈ ਜੋ 51 ਸਾਲ ਬਾਅਦ ਸੰਨ 1923 ਈ. ਨੂੰ ਹਟਾਈ ਗਈ।

ਬਾਬਾ ਰਾਮ ਸਿੰਘ ਦੀ ਜਲਾਵਤਨੀ ਦੌਰਾਨ ਉਨ੍ਹਾਂ ਦੇ ਭਰਾ ਬਾਬਾ ਬੁੱਧ ਸਿੰਘ (ਜਿਸਦਾ ਗੁਪਤ ਨਾਮ ਬਾਬਾ ਹਰੀ ਸਿੰਘ ਰਖਿਆ ਗਿਆ) ਨਾਮਧਾਰੀ ਲਹਿਰ ਦੇ ਸੰਚਾਲਕ ਬਣੇ। ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਵਿੱਚ ਉਸੇ ਬੰਗਲੇ ਵਿੱਚ ਰਖਿਆ ਗਿਆ, ਜਿਥੇ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਨੂੰ ਕੈਦ ਕੀਤਾ ਗਿਆ ਸੀ। ਨਾਮਧਾਰੀ ਸਿੰਘ ਭੇਸ ਬਦਲ ਕੇ ਰੰਗੂਨ ਬਾਬਾ ਜੀ ਦੇ ਦਰਸ਼ਨ ਕਰਨ ਜਾਂਦੇ ਰਹੇ। ਉਥੇ ਇਹ ਰਾਕਰ-ਵਾੜੀ (ਜਿਸ ਨੂੰ ਸ਼ਿਵ ਮੰਦਰ ਕਹਿੰਦੇ ਸਨ), ਰਹਿੰਦੇ। ਦਿਨ ਵੇਲੇ ਉਹ ਬਹਾਦਰ ਸ਼ਾਹ ਜ਼ਫਰ ਦੀ ਕਬਰ ਕੋਲ ਅੰਬਾਂ ਦੇ ਰੁੱਖਾਂ ਹੇਠ ਜਾਂ ਬੈਰਾਗੀ ਸਾਧੂ ਕੋਲ ਬੈਠਦੇ। ਬਾਬਾ ਰਾਮ ਸਿੰਘ ਜੀ ਪਹਿਰੇਦਾਰਾਂ ਦੀ ਨੀਅਤ ਵੇਖ ਕੇ ਪਰਨਾ ਸੁਕਣਾ ਪਾ ਦਿੰਦੇ ਜਿਸ ਦਾ ਇਸ਼ਾਰਾ ਸੀ ਕਿ ਨੇੜੇ ਆ ਜਾਓ। ਬੰਗਲੇ ਕੋਲ ਪਹੁੰਚ ਕੇ ਕੱਪੜੇ ਵੱਟੇ ਵਿੱਚ ਲਪੇਟ ਕੇ ਹੁਕਮਨਾਮੇ ਅੰਦਰੋਂ ਬਾਹਰ ਤੇ ਬਾਹਰੋਂ ਸਿੰਘਾਂ ਦੀਆਂ ਅਰਦਾਸਾਂ ਅੰਦਰ ਸੁੱਟੀਆਂ ਜਾਂਦੀਆਂ। ਇਹ ਸਿਲਸਿਲਾ ਕਈ ਸਾਲ ਚਲਦਾ ਰਿਹਾ। ਭਾਵੇਂ ਹੁਕਮਨਾਮਿਆਂ ਨੂੰ ਗੁਪਤ ਰਖਿਆ ਜਾਂਦਾ ਸੀ ਤੇ ਇਹਨਾਂ ਵਿਚ ਨਾਮ ਵੀ ਬਦਲ ਕੇ ਲਿਖੇ ਹੁੰਦੇ (ਜਿਵੇਂ ਬਾਬਾ ਰਾਮ ਸਿੰਘ ਜੀ ਆਪਣੇ ਲਈ ਦਿਆਲ ਸਿੰਘ, ਆਪਣੇ ਸੇਵਕ ਜਾਂ ਸਿੰਘ ਲਈ ਕਿਰਪਾਲ ਸਿੰਘ, ਆਪਣੇ ਭਰਾ ਬਾਬਾ ਬੁੱਧ ਸਿੰਘ ਲਈ ਬਾਬਾ ਹਰੀ ਸਿੰਘ, ਰੂਸ ਨਾਲ ਸੰਬੰਧ ਕਾਇਮ ਕਰਨ ਤੇ ਉਸ ਲਈ ਸਰੂਪ ਸਿੰਘ ਤੇ ਅੰਗਰੇਜ਼ਾਂ ਲਈ ਬਿੱਲਾ ਸਿੰਘ ਵਰਤਦੇ), ਪਰ ਭੈਣੀ ਵਿਚ ਰਹਿੰਦਾ ਈਸ਼ਰ ਸਿੰਘ ਰਾਮਦਾਸੀਆ ਇਹਨਾਂ ਦੀ ਮੁਖਬਰੀ ਕਰਦਾ ਰਿਹਾ। ਉਹ ਹੁਕਮਨਾਮਿਆਂ ਦੀਆਂ ਨਕਲਾਂ, ਡੀ.ਐਸ.ਪੀ. ਲੁਧਿਆਣਾ ਨੂੰ ਦੇਣ ਲੱਗ ਪਿਆ। ਭਾਵੇਂ ਪਤਾ ਲੱਗਣ ਤੇ ਬਾਬਾ ਬੁੱਧ ਸਿੰਘ ਨੇ ਉਸ ਨੂੰ ਡੇਰੇ ਵਿੱਚੋਂ ਕੱਢ ਦਿੱਤਾ, ਪਰ ਅੰਗਰੇਜ਼ ਸਰਕਾਰ ਨੇ ਨਿਗਰਾਨੀ ਵਧਾ ਦਿੱਤੀ। ਰੰਗੂਨ ਦੇ ਕਮਿਸ਼ਨਰ ਨੂੰ ਇਸ ਬਾਰੇ ਤਾੜਨਾ ਕੀਤੀ ਗਈ। ਜਦ 1880 ਵਿੱਚ ਧੰਨਾ ਸਿੰਘ ਗੁੰਮਟੀ ਵਾਲੇ ਲਈ ਬਾਬਾ ਰਾਮ ਸਿੰਘ ਜੀ ਨੇ ਬੰਗਲੇ ਵਿਚੋਂ ਹੁਕਮਨਾਮਾ ਸੁੱਟਿਆ, ਉਹ ਲੈ ਕੇ ਦੌੜਨ ਲੱਗਾ ਤਾਂ ਸਿਪਾਹੀ ਨੇ ਉਸਨੂੰ ਫੜ੍ਹ ਲਿਆ। ਇਸ ਪਿੱਛੋਂ ਬਾਬਾ ਰਾਮ ਸਿੰਘ ਜੀ ਨੂੰ ਮਰਗੋਈ ਟਾਪੂ ਭੇਜ ਦਿੱਤਾ ਗਿਆ, ਜਿੱਥੇ ਆਪ ਜੀ ਦਾ 29 ਨਵੰਬਰ, 1885 ਨੂੰ ਦੇਹਾਂਤ ਹੋ ਗਿਆ।

ਅੰਗਰੇਜ਼ ਸਰਕਾਰ ਦੀ ਦਮਨਕਾਰੀ ਦੌਰਾਨ ਬਾਬਾ ਬੁੱਧ ਸਿੰਘ ਜੀ ਨੇ ਨਾਮਧਾਰੀ ਸੰਪ੍ਰਦਾ ਦੇ ਅੰਦੋਲਨ ਨੂੰ ਸੁਚੱਜੀ ਤਰ੍ਹਾਂ ਚਲਾਇਆ। ਇਸ ਸਮੇਂ ਭਾਵੇਂ ਰਾਜਸੀ ਗਤੀਵਿਧੀਆਂ ਖ਼ਤਮ ਕਰਨੀਆਂ ਪਈਆਂ, ਪਰ ਨਾਮ ਸਿਮਰਨ ਉਪਰ ਵਧੇਰੇ ਜ਼ੋਰ ਦਿੱਤਾ ਗਿਆ। ਇਸ ਨਾਮ ਅਭਿਆਸ ਰਾਹੀਂ ਪ੍ਰਾਪਤ ਹੋਏ ਮਨੋਬਲ ਕਰਕੇ ਨਾਮਧਾਰੀ ਸਿੰਘ ਆਪਣੇ ਕਰਤੱਵ-ਮਾਰਗ ਤੋਂ ਜ਼ਰਾ ਨਾ ਥਿੜਕੇ ਤੇ ਸਭ ਕਰੜਾਈਆਂ ਭਾਣਾ ਸਮਝ ਕੇ ਝਲੀਆਂ। 17 ਮਈ, 1906 ਨੂੰ ਬਾਬਾ ਬੁੱਧ ਸਿੰਘ ਜੋਤੀ

ਜੋਤ ਸਮਾ ਗਏ।

ਬਾਬਾ ਬੁੱਧ ਸਿੰਘ ਦੇ ਦੇਹਾਂਤ ਤੋਂ ਬਾਅਦ 16 ਸਾਲ ਦੀ ਉਮਰ ਵਿੱਚ ਬਾਬਾ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਸੰਪ੍ਰਦਾ ਦੀ ਵਾਂਗਡੋਰ ਸੰਭਾਲੀ। ਇਨ੍ਹਾਂ ਨੇ ਬਾਬਾ ਰਾਮ ਸਿੰਘ ਜੀ ਵਾਂਗ ਪ੍ਰਭੂ-ਭਗਤੀ ਦੇ ਨਾਲ-ਨਾਲ ਦੇਸ਼ ਭਗਤੀ ਦੀ ਭਾਵਨਾ ਨੂੰ ਵੀ ਵਿਕਸਤ ਕੀਤਾ। ਦੇਸ਼ ਭਗਤੀ ਨੂੰ ਧਰਮ ਆਧਾਰਿਤ ਨਾ ਰਖ ਕੇ ਦੇਸ਼ ਦੀਆਂ ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਢਾਲਿਆ। ਆਪ ਭਾਵੇਂ ਕਾਂਗਰਸ ਪਾਰਟੀ ਦਾ ਅੰਗ ਨਾ ਬਣੇ, ਪਰ ਉਸਦਾ ਸਮਰਥਨ ਜ਼ਰੂਰ ਕਰਦੇ ਰਹੇ। ਭਾਵੇਂ ਕਈ ਵਿਦਵਾਨ ਕਹਿੰਦੇ ਹਨ ਕਿ ਨਾਮਧਾਰੀ ਸੰਪ੍ਰਦਾ ਨੇ ਕਾਂਗਰਸ ਪਾਰਟੀ ਨੂੰ ਅਪਣਾ ਲਿਆ ਪਰ ਅਸਲ ਵਿੱਚ ਕਾਂਗਰਸ ਪਾਰਟੀ ਨੇ ਨਾਮਧਾਰੀ ਨਾ ਮਿਲਵਰਤਨ ਤੇ ਸਵਦੇਸੀ ਵਸਤੂਆਂ ਦੇ ਮੁੱਦੇ ਨੂੰ ਅਪਣਾ ਲਿਆ। ਇਹ ਗੱਲ ਇਨਸਾਈਕਲੋਪੀਡੀਆ ਬ੍ਰਟੇਨਿਕਾ ਵਿੱਚ ਵੀ ਦਰਜ ਹੈ।

*"(Guru) Ram Singh Sikh Philosopher and refromer and the first Indian to use non co-operation and boycott of the British merchandise and services as a Political weapon."*

*(Encyclopaedia Britanica, Col.8, Page 142)*

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੱਦੀ-ਕਾਲ ਵਿੱਚ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਨ ਅਤੇ ਬਾਣੀ ਪੜ੍ਹਨ 'ਤੇ ਜ਼ੋਰ ਦਿਤਾ ਜਾਂਦਾ ਰਿਹਾ, ਪਰ ਨਾਮਧਾਰੀ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬਾਲਕ ਸਿੰਘ ਤੇ ਬਾਬਾ ਰਾਮ ਸਿੰਘ ਨੂੰ ਦੇਹਧਾਰੀ ਗੁਰੂ ਮੰਨਣਾ ਸ਼ੁਰੂ ਕਰ ਦਿੱਤਾ ਅਤੇ ਇਨ੍ਹਾਂ ਦੇ ਨਾਵਾਂ ਨਾਲ ਸਤਿਗੁਰੂ ਸ਼ਬਦ ਜੋੜਿਆ ਜਾਣ ਲੱਗਾ।

ਬਾਬਾ ਪ੍ਰਤਾਪ ਸਿੰਘ ਜੀ ਦਾ ਦੇਹਾਂਤ 22 ਅਗਸਤ, 1959 ਨੂੰ ਹੋਇਆ ਅਤੇ ਇਸ ਉਪਰੰਤ ਬਾਬਾ ਜਗਜੀਤ ਸਿੰਘ ਨੇ ਇਸ ਸੰਪ੍ਰਦਾ ਦਾ ਨਿਰਦੇਸ਼ਣ ਸਤਿਗੁਰੂ ਵਜੋਂ ਕਰਨਾ ਸ਼ੁਰੂ ਕੀਤਾ। ਆਪ ਜੀ ਦੇ ਗੱਦੀ-ਕਾਲ ਸਮੇਂ ਭਵਨ ਨਿਰਮਾਣ ਹੋਇਆ ਅਤੇ ਭੈਣੀ ਸਾਹਿਬ ਦੇ ਕੱਖਾਂ ਦੇ ਛੱਪਰ ਪੱਕੀਆਂ ਇਮਾਰਤਾਂ ਵਿੱਚ ਬਦਲ ਗਏ। ਔਰਤ ਜਾਤੀ ਦੇ ਗੌਰਵ ਨੂੰ ਵਧਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਧਾਰਮਿਕ ਕਥਾ ਕੀਰਤਨ ਦੇ ਨਾਲ-ਨਾਲ ਸਿੱਖਿਆ ਗ੍ਰਹਿਣ ਕਰਨ ਵੱਲ ਵੀ ਆਪਣੇ ਅਨੁਯਾਈਆਂ ਨੂੰ ਪ੍ਰੇਰਿਤ ਕੀਤਾ ਗਿਆ। ਨਾਮਧਾਰੀ ਇਤਿਹਾਸ ਦੀ ਖੋਜ ਲਈ ਬਨਾਰਸ ਵਿੱਚ ਡਾ. ਸੰਪੂਰਨਾ ਨੰਦ ਸੰਸਕ੍ਰਿਤ ਵਿਸ਼ਵ ਵਿਦਿਆਲੇ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ 'ਸਤਿਗੁਰੂ ਰਾਮ ਸਿੰਘ' ਦੇ ਨਾਂ ਉੱਤੇ ਚੇਅਰਾਂ ਸਥਾਪਤ ਕਰਵਾਈਆਂ ਗਈਆਂ। ਖੇਡਾਂ ਨੂੰ ਵਿਕਸਤ ਕਰਨ ਲਈ ਨਾਮਧਾਰੀ ਹਾਕੀ ਟੀਮ ਨੇ ਸ਼ੁੱਧ ਸਿੱਖੀ ਸਰੂਪ ਵਿੱਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪਛਾਣ ਬਣਾਈ ਹੈ। ਖੇਤੀਬਾੜੀ ਦੇ ਵਿਕਾਸ ਅਤੇ ਗਊ-ਧਨ-ਵਰਧਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਜਾ ਰਹੀ ਹੈ। ਬੰਗਲੋਰ ਵਿਖੇ ਉੱਤਮ ਬੀਜ ਤਿਆਰ ਕਰਨ ਲਈ 'ਨਾਮਧਾਰੀ ਸੀਡ ਫਾਰਮ' ਦੀ ਸਥਾਪਨਾ ਕੀਤੀ ਗਈ ਹੈ। ਭੈਣੀ ਸਾਹਿਬ ਅਤੇ ਜੀਵਨ ਨਗਰ ਵਿੱਚ ਬਿਰਧ ਆਸ਼ਰਮ ਖੋਲ੍ਹੇ ਗਏ ਹਨ। ਲੋਕਾਂ ਦੀਆਂ ਬੀਮਾਰੀਆਂ ਦਾ ਇਲਾਜ ਕਰਨ ਲਈ ਅਪੋਲੋ ਦੇ ਸਹਿਯੋਗ ਨਾਲ ਲੁਧਿਆਣੇ ਬਹੁਤ ਵੱਡਾ ਹਸਪਤਾਲ ਬਣਾਇਆ ਗਿਆ ਹੈ। ਭੈਣੀ ਸਾਹਿਬ ਵਿਖੇ ਜਿਥੇ ਇੱਕ ਪਾਸੇ ਸਾਹਿਤਕ ਸੈਮੀਨਾਰ ਕਰਵਾਏ ਜਾਂਦੇ ਹਨ, ਉੱਥੇ ਦੂਜੇ ਪਾਸੇ ਜਪੁ ਪ੍ਰਯੋਗ (ਵਾਹਿਗੁਰੂ ਸਿਮਰਨ) ਅਤੇ ਵਰਨੀ (ਮਾਲਾ ਰਾਹੀਂ ਸਿਮਰਨ) ਦੇ ਕੈਂਪ ਲਾਏ

ਜਾਂਦੇ ਹਨ। ਇਵੇਂ (ਸਤਿਗੁਰ) ਜਗਜੀਤ ਸਿੰਘ ਜੀ ਨੇ ਨਾਮਧਾਰੀ ਸੰਪ੍ਰਦਾ ਵਿੱਚ ਕਈ ਨਵੀਆਂ ਪਿਰਤਾਂ ਪਾ ਕੇ ਇਸ ਨੂੰ ਸਮੇਂ ਦਾ ਹਾਣੀ ਬਣਾਇਆ ਹੈ।

**ਵਿਚਾਰਧਾਰਾ ਅਤੇ ਸਿਧਾਂਤ**

ਨਾਮਧਾਰੀ ਸੰਪ੍ਰਦਾ ਦੀ ਵਿਚਾਰਧਾਰਾ ਅਧਿਆਤਮਿਕ, ਸਮਾਜਿਕ ਤੇ ਰਾਜਨੀਤਿਕ ਸਰੋਕਾਰਾਂ ਦੁਆਲੇ ਕੇਂਦਰਿਤ ਹੈ। ਇਸ ਦੇ ਬੀਜ ਤਾਂ ਬਾਬਾ ਬਾਲਕ ਸਿੰਘ ਜੀ ਨੇ ਹੀ ਆਪਣੇ ਉਪਦੇਸ਼ਾਂ ਰਾਹੀਂ ਬੀਜ ਦਿੱਤੇ ਸਨ,* ਪਰ ਇਨ੍ਹਾਂ ਨੂੰ ਸਿਧਾਂਤਕ ਰੂਪ ਬਾਬਾ ਰਾਮ ਸਿੰਘ ਜੀ ਨੇ ਦਿੱਤਾ। ਨਾਮਧਾਰੀ ਵਿਚਾਰਧਾਰਾ ਦੇ ਸਿਧਾਂਤਗਤ ਪਰਿਪੇਖ ਬਾਬਾ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚੋਂ ਨਿਹਾਰੇ ਜਾ ਸਕਦੇ ਹਨ, ਜੋ ਇਸ ਪ੍ਰਕਾਰ ਹਨ :

**1. ਨਾਮ ਸਿਮਰਨ**

ਨਾਮਧਾਰੀ ਸੰਪ੍ਰਦਾ ਦਾ ਅਰਥ ਹੀ ਨਾਮ ਸਿਮਰਨ ਕਰਨ ਵਾਲੀ ਜਗਿਆਸੂਆਂ ਅਭਿਆਸੀਆਂ ਦੀ ਜੱਥੇਬੰਦੀ ਹੈ। ਨਾਮ ਸਿਮਰਨ ਉੱਤੇ ਸਿੱਖ ਧਰਮ ਵਿੱਚ ਸਭ ਤੋਂ ਵਧੇਰੇ ਜ਼ੋਰ ਦਿੱਤਾ ਗਿਆ ਹੈ। ਸਾਰਾ ਗੁਰੂ ਗ੍ਰੰਥ ਸਾਹਿਬ ਨਾਮ ਦੀ ਮਹਿਮਾ ਗਾ ਰਿਹਾ ਹੈ। ਨਾਮ ਸਿਮਰਨ ਰਾਹੀਂ ਆਤਮਾ ਦੀ ਮੈਲ ਦੂਰ ਹੋਣੀ ਹੈ ਅਤੇ ਮਨਮੁਖੀ ਸਰੋਕਾਰਾਂ ਦੀ ਥਾਂ ਗੁਰਮੁਖਾ ਜੀਵਨ ਉਜਾਗਰ ਹੋਣਾ ਹੈ। ਇਹ ਜੀਵਨ ਪਦਾਰਥਵਾਦੀ ਖਟੀਆਂ ਕਮਾਈਆਂ ਕਰਨ ਲਈ ਨਹੀਂ ਮਿਲਿਆ ਸਗੋਂ ਇਹ ਗੋਬਿੰਦ ਨੂੰ ਮਿਲਣ ਦਾ ਅਉਸਰ ਹੈ। ਸਿੱਖੀ ਜੀਵਨ ਵਿੱਚ ਗੁਰਬਾਣੀ ਪੜ੍ਹਨਾ ਜਾਂ ਪਾਠ ਕਰਨਾ-ਕਰਵਾਉਣਾ ਇੱਕ ਰੀਤ ਬਣ ਗਈ ਹੈ। ਗੁਰਬਾਣੀ ਜੋ ਕਹਿੰਦੀ ਹੈ, ਉਹ ਅਸੀਂ ਕਰ ਨਹੀਂ ਰਹੇ। ਇਸੇ ਕਰਕੇ ਸਿੱਖ ਜਗਤ ਵਿਚੋਂ ਨਾਮ-ਸਿਮਰਨ ਅਲੋਪ ਹੋ ਗਿਆ ਹੈ। ਨਾਮਧਾਰੀ ਸੰਪ੍ਰਦਾ ਦੇ ਨਾਮ ਸਿਮਰਨ ਵੱਲ ਵਧੇਰੇ ਜ਼ੋਰ ਦਿੱਤਾ ਹੈ। ਨੇਮ ਨਾਲ ਦੋਵੇਂ ਸਮੇਂ ਨਾਮ ਜਪਣਾ ਅਤੇ ਗੁਰਬਾਣੀ ਪੜ੍ਹਨਾ ਹਰ ਨਾਮਧਾਰੀ ਲਈ ਨਿੱਤ ਦਾ ਕਰਮ ਹੈ। ਬਾਬਾ ਬਾਲਕ ਸਿੰਘ ਤੋਂ ਲੈ ਕੇ ਹੁਣ ਤੱਕ ਨਾਮਧਾਰੀਆਂ ਵਿੱਚ ਨਾਮ-ਦਾਨ ਦਿੱਤਾ ਜਾਂਦਾ ਹੈ, ਜਿਸ ਨੂੰ ਉਠਦੇ-ਬਹਿੰਦੇ, ਸੌਂਦੇ-ਜਾਗਦੇ, ਤੁਰਦੇ-ਫਿਰਦੇ ਹਰ ਸੇਵਕ ਨੇ ਜਪਦੇ ਰਹਿਣਾ ਹੁੰਦਾ ਹੈ। ਗੁਰਬਾਣੀ ਪੜ੍ਹਨਾ ਇਸ ਨਾਮ-ਸਿਮਰਨ ਦੀ ਯਾਦ ਦਿਵਾਉਂਦੀ ਹੈ। ਨਾਮ ਆਤਮਾ ਦੀ ਖੁਰਾਕ ਹੈ, ਜਿਸ ਦੀ ਆਤਮਾ ਤਕੜੀ ਉਹੀ ਬਲਵਾਨ ਹੋ ਸਕਦਾ ਹੈ। ਸਰਬ ਰੋਗੁ ਕਾ ਔਖਧ ਨਾਮ ਹੈ। ਬਾਬਾ ਰਾਮ ਸਿੰਘ ਜੀ ਨੇ ਸਿੱਖ ਕੌਮ ਵਿੱਚ ਆਏ ਨਿਘਾਰ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਨਾਮ ਸਿਮਰਨ ਵੱਲ ਆਪਣੇ ਸੇਵਕਾਂ ਨੂੰ ਜੋੜਿਆ। ਉਨ੍ਹਾਂ ਦੇ ਹੁਕਮਨਾਮਿਆਂ ਵਿਚੋਂ ਕੁਝ ਸਤਰਾਂ ਦਿੱਤੀਆਂ ਜਾਂਦੀਆਂ ਹਨ, ਜੋ ਇਸ ਗੱਲ ਨੂੰ ਦ੍ਰਿੜ ਕਰਵਾਉਂਦੀਆਂ ਹਨ।

(ੳ) ਖ਼ਾਲਸਾ ਜੀ ਤਕੜੇ ਹੋ ਕੇ ਭਜਨ ਬਾਣੀ ਕਰੋ। ਬਾਣੀ ਦਾ ਉਚਾਰ ਕਰੋ ਪ੍ਰਭਾਤੇ। ਭੋਗ ਗ੍ਰੰਥ ਸਾਹਿਬ ਦੇ ਪਾਓ ਜਿਤਨੇ ਪੁਜ ਆਵਨ। ਸੋ ਇਕ ਦੁਖ ਕਿਆ ਸਭੀ ਦੁਖ ਮਿਟ ਜਾਵਨਗੇ, ਸਤਿ ਕਰ ਮੰਨਣਾ। (ਹੁਕਮਨਾਮਾ 3, ਪੰਨਾ 111)

(ਅ) ਸੋ ਭਾਈ ਬਾਣੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਨੇ, ਬੁਢੇ ਬਾਲੇ ਨੇ। ਜੋ ਬਾਣੀ ਪੜ੍ਹੇਗਾ ਅਰ ਭਜਨ ਕਰੇਗਾ, ਸੋ ਉਸਕੇ ਵਾਸਤੇ ਸਭ ਸੁਖ ਹੋਣਗੇ। ਰਿਜਕ ਦੇ ਬਿਚ ਬੀ ਬਰਕਤ ਹੋਊਗੀ। ਸਰੀਰ ਬੀ ਅਰੋਗ ਰਹੇਗਾ। ਹਰਿ ਤਰ੍ਹਾਂ ਸੇ ਉਸ ਸਰੀਰ ਦੀ ਗੁਰੂ ਰਛਿਆ

ਕਰੇਗਾ, ਸਤਿ ਕਰਕੇ ਮੰਨਣਾ। (ਹੁਕਮਨਾਮਾ 3, ਪੰਨਾ 117)

(ੲ) ਨਾਮ ਕੀ ਤਾ ਅਮਿਤ ਵਡਾਈ ਹੈ। ਮੈ ਜੀਉ ਕਿਆ ਕਹਿ ਸਕਦਾ ਹਾਂ ਸੋ ਮੈਂ ਬਾਰ ਬਾਰ ਲਿਖਦਾ ਹਾਂ। (ਹੁਕਮਨਾਮਾ 3, ਪੰਨਾ 113-14)

(ਸ) ਸੋ ਜੀ ਮੇਰਾ ਤਾ ਏਹੋ ਕਹਣਾ ਹੈ ਬਾਰੰਬਾਰ ਦਾ ਜੋ ਬਾਣੀ ਪੜ੍ਹੋ ਨਾਲੇ ਭਜਨ ਕਰੋ, ਦੋਮੇ ਕਰਨੇ। ਭਜਨ ਬਿਨਾ ਬਾਣੀ ਨਾਲ ਪਰੀਤੀ ਨਹੀਂ ਲਗਦੀ ਤੇ ਬਾਣੀ ਬਿਨਾ ਭਜਨ ਨਾਲ ਪਰੀਤੀ ਨਹੀਂ ਲਗਦੀ, ਭਜਨ ਬਿਨਾ ਬਾਣੀ ਭਾਮੇ ਪੜੋ ਈ, ਪਰ ਬਾਣੀ ਦੇ ਮਤ ਨੂ ਨਹੀਂ ਸਮਝਾ ਜਾਦਾ।

(ਹੁਕਮਨਾਮਾ 33, ਪੰਨਾ 320)

(ਹ) ਮੈਂ ਤੇ ਬਥੇਰੇ ਉਪਾ ਕਰਿ ਦੇਖੇ ਸੁਖ ਦੇ ਬਾਸਤੇ, ਸੁਖ ਨ ਹੋਆ। ਜਾ ਸੁਖ ਹੋਆ, ਤਾ ਨਾਮ ਤੇ ਹੀ ਹੋਆ ਭਾਈ। ਤਾ ਹੀ ਮੈ ਸਭ ਕਿਸੇ ਨੂੰ ਆਖਦਾ ਹਾਂ ਭਾਈ ਨਾਮ ਜਪੋ, ਨਾਮ ਜਪੋ, ਅਖੀਂ ਦੇਖ ਕੇ ਨਾਮ ਕੀ ਬਡਾਈ ਕੋ।

(ਹੁਕਮਨਾਮਾ 45, ਪੰਨਾ 378-79)

ਨਾਮ ਸਿਮਰਨ ਦੀ ਜੁਗਤਿ ਨਾਲ ਹੀ ਨਾਮਧਾਰੀਆਂ ਨੇ ਰੂਹਾਨੀ ਖੇੜੇ ਨੂੰ ਪ੍ਰਾਪਤ ਕੀਤਾ, ਪਦਾਰਥਕ ਸੁੱਖਾਂ ਦੀ ਗੁਲਾਮੀ ਖ਼ਤਮ ਕਰਕੇ ਸਹਿਜ ਤੇ ਸੰਤੋਖ ਦਾ ਜੀਵਨ ਜਿਉਣ ਦਾ ਵਲ ਸਿੱਖਿਆ। ਨਾਮ ਸਿਮਰਨ ਬੰਦੇ ਨੂੰ ਬਦੇਹ ਹੋ ਕੇ ਜਿਉਣ ਦਾ ਅਨੰਦ ਬਖਸ਼ਦਾ ਹੈ। ਬਾਬਾ ਰਾਮ ਸਿੰਘ ਤੋਂ ਪਿੱਛੋਂ ਹਰ ਨਾਮਧਾਰੀ ਗੁਰੂ ਨੇ ਇਸ ਗੱਲ ਵੱਲ ਉਚੇਚਾ ਧਿਆਨ ਦਿੱਤਾ ਹੈ। ਬਾਬਾ ਜਗਜੀਤ ਸਿੰਘ ਦਾ ਹੁਕਮ ਹੈ ਕਿ ਹਰ ਰੋਜ਼ ਘੱਟੋ-ਘੱਟ ਚਾਰ ਘੰਟੇ ਸਿਮਰਨ ਕੰਮ ਕਰਦੇ ਕਰਦੇ ਕੀਤਾ ਜਾਵੇ। ਇਕ ਘੰਟਾ ਸਮਾਧੀ ਜੁਗਤਿ ਹੋ ਕੇ। ਹਰ ਨਾਮਧਾਰੀ ਦੇ ਘਰ ਮਹੀਨੇ ਪ੍ਰਤੀ ਇਕ ਸਾਧਾਰਨ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਂ ਦਸਮ ਗ੍ਰੰਥ ਦਾ ਕੀਤਾ ਜਾਵੇ।

## 2. ਰਹਿਤ ਮਰਯਾਦਾ ਤੇ ਗੁਰ-ਉਪਦੇਸ਼

ਨਾਮ ਸਿਮਰਨ ਨਾਲ ਅੰਦਰ ਦੀ ਸੁੱਚ ਤੇ ਸਫ਼ਾਈ ਹੁੰਦੀ ਹੈ ਅਤੇ ਮਰਯਾਦਾ ਵਿੱਚ ਗੁਰੂ ਦੇ ਭਾਣੇ ਵਿੱਚ ਰਹਿਣ ਨਾਲ ਬਾਹਰਮੁਖੀ ਰੂਪ ਵਿੱਚ ਸੁੱਚ, ਸੱਚ, ਸੰਜਮ, ਸਹਿਜ, ਸਬਰ-ਸੰਤੋਖ ਦੀ ਗੁਰਮੁਖਾ ਜੀਵਨ-ਜਾਚ ਪ੍ਰਾਪਤ ਹੁੰਦੀ ਹੈ। ਨਾਮਧਾਰੀ ਸੰਪ੍ਰਦਾ ਦੀ ਵਿਲੱਖਣਤਾ ਉਨ੍ਹਾਂ ਦੇ ਉਚੇਰੇ ਜੀਵਨ ਕਰਕੇ ਹੈ। ਇਹ ਜੀਵਨ ਇਕ ਮਰਯਾਦਾਮਈ ਹੋਣਾ ਜ਼ਰੂਰੀ ਹੈ। ਸਰੀਰ ਦੀ ਸਫ਼ਾਈ, ਕੱਪੜਿਆਂ ਦੀ ਸਫ਼ਾਈ, ਆਲੇ ਦੁਆਲੇ ਦੀ ਸਫ਼ਾਈ, ਸਾਤਵਿਕ ਭੋਜਨ ਕਰਨਾ, ਮਾਸ, ਅੰਡਾ, ਸ਼ਰਾਬ ਤੋਂ ਦੂਰ ਰਹਿਣਾ, ਹਰ ਕਿਸਮ ਦੀ ਸੁੱਚ ਵਰਤਣੀ। ਆਪ ਭੋਜਨ ਤਿਆਰ ਕਰਕੇ ਖਾਣਾ ਭਾਵ ਬਾਹਰ ਦਾ ਬਣਿਆ ਭੋਜਨ ਨਾ ਵਰਤਣਾ, ਅਨਜਾਣੇ ਥਾਂ ਤੋਂ ਲੈ ਕੇ ਖਾਣ ਪੀਣ ਵਿੱਚ ਪ੍ਰਹੇਜ਼ ਕਰਨਾ ਇਨ੍ਹਾਂ ਦੀ ਵਿਚਾਰਧਾਰਾ ਦੇ ਸਿੱਧਾਂਤ ਹਨ।

ਬਾਬਾ ਬਾਲਕ ਸਿੰਘ ਜੀ ਨੇ ਵੀ ਰਹਿਤ ਮਰਯਾਦਾ ਉਪਰ ਬਹੁਤ ਜ਼ੋਰ ਦਿੱਤਾ ਸੀ। ਆਪ ਜੀ ਦਾ ਉਪਦੇਸ਼ ਸੀ - "ਬਹਿੰਦੇ ਉਠਦੇ, ਸੌਂਦੇ ਜਾਗਦੇ ਵਾਹਿਗੁਰੂ ਦਾ ਭਜਨ ਕਰਿਆ ਕਰੋ ਤੇ ਅੱਠਾਂ ਪਹਿਰਾਂ ਵਿੱਚ ਤਿੰਨ ਵਾਰੀ ਇਸ਼ਨਾਨ ਕਰੋ। ਚਮੜੇ ਦੇ ਡੋਲ ਤੋਂ ਪਾਣੀ ਨਾ ਪੀਓ। ਆਪਣੇ ਗੁਰ-ਭਾਈਆਂ ਤੋਂ ਬਿਨਾ ਕਿਸੇ ਹੋਰ ਦੇ ਹੱਥਾਂ ਦਾ ਬਣਿਆ ਪ੍ਰਸਾਦ ਨ ਛਕੋ। ਮਾਸ ਨਾ

ਖਾਓ, ਸ਼ਰਾਬ ਨਾ ਪੀਓ, ਤਮਾਕੂ ਨਾ ਵਰਤੋ।" (ਸਤਿਗੁਰੂ ਬਿਲਾਸ)

ਬਾਬਾ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿੱਚ ਸੁੱਚ ਸੋਧ ਰੱਖਣ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਜਿਵੇਂ -

(ੳ) ਹੋਰੁ ਰਹਿਤਨਾਮਾ ਸੰਬੂਹ ਸੰਗਤ ਦੇ ਵਾਸਤੇ ਲਿਖਿਆ ਭੈਣੀ ਤੇ। ਪਿਛਲੀ ਰਾਤ ਉਠਕੇ ਗੜਵਾ ਲਜਾਇ ਕਰ ਮਦਾਨੇ ਹੋਇ ਔਣਾ। ਦੋ ਵਾਰੀ ਗੜਵਾ ਮਾਜਣਾ। ਮਦਾਨ ਬਸਤ੍ਰ ਲਾਹਿ ਕੇ ਜਾਨਾ, ਦਾਤਣ ਕਰਨੀ। ਫੇਰ ਇਸਨਾਨੁ ਕਰਨਾ।

(ਹੁਕਮਨਾਮਾ 1, ਪੰਨਾ 99-100)

(ਅ) ਏਹ ਭੀ ਸਭ ਕੋ ਸਣਾਇ ਦੇਈ ਜੂਠਾ ਨਾ ਕੋਈ ਕਿਸੇ ਨੂੰ ਦੇਵੇ, ਨਾ ਕੋਈ ਜੂਠਾ ਲੇਵੇ। ਏਹ ਕਾਸਦਾ ਸੀਤ ਪ੍ਰਸਾਦਿ ਹੈ? ਜੀਅ ਦਾ ਜੂਠਾ ਖਾਧੇ ਤੇ ਕੀਧੇ ਕੁਥਾੜ ਖੁਲ ਗਏ ਹੈਨ ਕੌੜੇ ਮਾਗੁ... ਜੂਠਾ ਖਾਣਾ ਭਜਨ ਬਾਲਿਆਂ ਦਾ ਕੰਮ ਨਹੀਂ।

(ਹੁਕਮਨਾਮਾ 12, ਪੰਨਾ 200)

ਹੋਰੁ ਭਾਈ ਤੂ ਜੋ ਸੀਤ ਪ੍ਰਸਾਦਿ ਦੀ ਬਾਤ ਲਿਖੀ ਹੈ, ਸੋ ਜੀ ਸੀਤ ਪ੍ਰਸਾਦੁ ਤਾ ਮੇਰਾ ਬਚਨੁ ਹੈ। ਜੋ ਬਚਨੁ ਮੰਨੇਗਾ ਓਸ ਕੋ ਅਨੇਕ ਸੁਖ ਹੋਣਗੇ। ਜੂਠੇ ਟੁਕਰੇ ਤੇ ਕੁਛ ਨਹੀਂ ਲਾਭੁ ਹੁੰਦਾ... ਸਭ ਕੋ ਹੁਕਮ ਸੁਣਾ ਦੇਣਾ ਨਾ ਕੋਈ ਜੂਠਾ ਦੇਵੇ ਕਿਸੈ ਕੋ, ਨਾ ਕੋਈ ਜੂਠਾ ਖਾਵੈ ਕਿਸੇ ਦਾ। (ਹੁਕਮਨਾਮਾ 61, ਪੰਨਾ 500)

(ੲ) ਹੋਰੁ ਭਾਈ ਖਾਲਸਾ ਜੀ ਜਲ ਪ੍ਰਸਾਦਿ ਸੁਚ ਸੋਧ ਦਾ ਵਰਤਣਾ। ਸੁਚ ਸੋਧ ਵਾਲੇ ਬਿਨਾ ਕਿਸੇ ਦੇ ਹਥੋਂ ਨਹੀਂ ਛੱਕਣਾ। ਹੋਰੁ ਭਾਈ ਗੁਰੂ ਦਸਵੇਂ ਪਾਤਸਾਹਿ ਕਾ ਬਚਨ ਹੈ 'ਜਾਕੀ ਰਹਿਤ ਨ ਜਾਣੀਐ ਗੁਰਮੰਤ੍ਰ ਨਹੀਂ ਚੀਤਿ। ਉਨਕਾ ਭੋਜਨ ਖਾਇਕੈ ਬਿਸਰੈ ਹਰਿ ਸਿਉ ਪ੍ਰੀਤਿ।' (ਹੁਕਮਨਾਮਾ 8, ਪੰਨਾ 166)

### (3) ਨਾਰੀਵਾਦੀ ਚੇਤਨਾ

ਨਾਮਧਾਰੀ ਸੰਪ੍ਰਦਾ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦੀ ਸਿੱਖ ਵਿਚਾਰਧਾਰਾ ਨੂੰ ਅਮਲੀ ਰੂਪ ਦੇਣ ਲਈ ਸਾਰਥਕ ਯਤਨ ਕੀਤੇ। ਨਾਮਧਾਰੀਆਂ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਸਮਾਜ ਵਿੱਚ ਔਰਤ ਮਰਦ ਦੇ ਬਰਾਬਰ ਹੈ ਅਤੇ ਉਸਨੂੰ ਹਰ ਖੇਤਰ ਵਿੱਚ ਮਰਦ ਦੇ ਬਰਾਬਰ ਮੌਕੇ ਦਿੱਤੇ ਜਾਣ। ਜਿਸ ਵੇਲੇ ਬਾਬਾ ਰਾਮ ਸਿੰਘ ਜੀ ਨੇ ਆਪਣਾ ਪ੍ਰਚਾਰ ਅਰੰਭ ਕੀਤਾ ਉਸ ਸਮੇਂ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਬਾਕੀ ਵਸਤੂਆਂ ਵਾਂਗ ਇਕ ਜਾਇਦਾਦ ਹੀ ਸਮਝਿਆ ਜਾਂਦਾ ਸੀ। ਸਰਦਾਰ ਕਪੂਰ ਸਿੰਘ ਜੀ ਲਿਖਦੇ ਹਨ ਕਿ ਬਾਬਾ ਰਾਮ ਸਿੰਘ ਜੀ ਨੇ ਸਮਾਜ ਵਿੱਚ ਮਰਦ ਅਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੇ ਉਨ੍ਹਾਂ ਦੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਭੀ ਦੇਈਏ ਤਾਂ ਉਨ੍ਹਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿੱਚ ਬਰਾਬਰ ਦੇ ਹੱਕਦਾਰ ਹਨ, ਹੀ ਉਨ੍ਹਾਂ ਨੂੰ ਸੰਸਾਰ ਭਰ ਦੇ ਸ਼ਿਰੋਮਣੀ ਸੁਧਾਰਕਾਂ ਦੀ ਸਫ਼ ਵਿੱਚ ਖੜ੍ਹਾ ਕਰ ਦੇਂਦਾ ਹੈ।

ਅੱਜ ਤੋਂ 150 ਸਾਲ ਪਹਿਲਾਂ ਜਦ ਬਾਬਾ ਰਾਮ ਸਿੰਘ ਜੀ ਨੇ ਸਿੱਖੀ ਜੀਵਨ ਨੂੰ ਪ੍ਰਚੰਡ ਕਰਕੇ ਇਸ ਵਿੱਚੋਂ ਮਲੀਨ ਬਿਰਤੀਆਂ ਨੂੰ ਖ਼ਤਮ ਕਰਨ ਦਾ ਬੀੜਾ ਚੁੱਕਿਆ ਤਾਂ ਉਹ ਔਰਤ ਦੀ

ਸਥਿਤੀ ਉੱਪਰ ਸਭ ਤੋਂ ਵਧੇਰੇ ਚਿੰਤਤ ਹੋਏ। ਇਸ ਚਿੰਤਾ ਦਾ ਕਾਰਨ ਔਰਤ ਦੀ ਲਾਚਾਰੀ, ਬੇਬੱਸੀ ਅਤੇ ਕਿੱਲੇ ਬੱਧੇ ਪਸ਼ੂ ਵਰਗੀ ਸਥਿਤੀ ਸੀ ਜਿਸ ਨੂੰ ਜਦੋਂ ਚਾਹੇ ਵੱਟਾ-ਸੱਟਾ ਕਰ ਲਵੇ, ਵੇਚ ਲਵੇ, ਜਿਉਂਦਿਆਂ ਸਾੜ ਦਿਓ, ਜੰਮਦਿਆਂ ਮਾਰ ਦਿਓ। ਇਸ ਸਥਿਤੀ ਵਿੱਚੋਂ ਕੱਢਣ ਲਈ ਉਨ੍ਹਾਂ ਔਰਤ ਨੂੰ ਮਰਦ ਦੇ ਬਰਾਬਰ ਦੇ ਹੱਕਾਂ ਦੀ ਗੱਲ ਕੀਤੀ। ਜਦ 12 ਅਪ੍ਰੈਲ 1857 ਈ: ਭੈਣੀ ਸਾਹਿਬ ਆਪ ਨੇ ਅੰਮ੍ਰਿਤ ਸੰਚਾਰ ਕਰਕੇ ਆਪਣੇ ਮਿਸ਼ਨ ਨੂੰ ਸ਼ੁਰੂ ਕੀਤਾ ਤੋਂ ਉਸ ਤੋਂ 6 ਸਾਲ ਪਿੱਛੋਂ ਇਸਤਰੀਆਂ ਨੂੰ ਅੰਮ੍ਰਿਤ ਛਕਾ ਕੇ ਬਰਾਬਰੀ ਤੇ ਪੂਰਨਤਾ ਦਾ ਦਰਜਾ ਦਿੱਤਾ। 1857 ਈ: ਵਿੱਚ ਹੀ ਆਪ ਨੇ ਇਹ ਇਤਿਹਾਸਕ ਐਲਾਨਨਾਮਾ ਕੀਤਾ ਜਿਸ ਵਿੱਚ ਔਰਤ ਬਾਰੇ ਨਾਮਧਾਰੀ ਸੰਪ੍ਰਦਾ ਦੀ ਵਿਚਾਰਧਾਰਾ ਨੂੰ ਸਪਸ਼ਟ ਕਰ ਦਿੱਤਾ। ਇਸ ਦੇ ਮੁਖ ਸੂਤਰ ਇਸ ਪ੍ਰਕਾਰ ਸਨ -

(1) ਕੁੜੀਆਂ ਨਾ ਮਾਰੋ, (2) ਵੱਟਾ ਨਾ ਕਰੋ, (3) ਕੁੜੀਆਂ ਨਾ ਵੇਚੋ, (4) ਵਿਧਵਾ ਵਿਆਹ ਕਰੋ, (5) ਕੁੜੀਆਂ ਨੂੰ ਵਿੱਦਿਆ ਦੇਵੋ, (6) ਔਰਤ ਜਾਤੀ ਦੀ ਕਦਰ ਕਰੋ, (7) ਬਾਲ ਵਿਆਹ ਨਾ ਕਰੋ।

ਬਾਬਾ ਰਾਮ ਸਿੰਘ ਜੀ ਦੇ 64 ਹੁਕਮਨਾਮਿਆਂ ਵਿੱਚੋਂ 10 ਹੁਕਮਨਾਮੇ ਔਰਤ ਜਾਤੀ ਦੇ ਉਥਾਨ ਬਾਰੇ ਹਨ। ਇਹਨਾਂ ਵਿੱਚੋਂ ਨਾਮਧਾਰੀ ਸੰਪ੍ਰਦਾ ਦੀ ਨਾਰੀਵਾਦੀ ਚੇਤਨਾ ਦਾ ਅੰਦਾਜ਼ਾ ਸਹਿਜੇ ਹੀ ਲਗ ਜਾਂਦਾ ਹੈ। ਇਸ ਦੇ ਕੁਝ ਅੰਸ਼ ਇਸ ਪ੍ਰਕਾਰ ਹਨ -

(ੳ) ਹੋਰ ਪਰਾਈ ਧੀ ਭੈਣ ਆਪਣੀ ਜਾਨਣੀ। ............ ਹੋਰੁ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ, ਬਟਾ ਨਹੀਂ ਕਰਨਾ। ਸਦਾ ਗੁਰੂ ਗੁਰੂ ਜਪਦੇ ਰਹਿਣਾ। ਸਾਰੇ ਬਹੀਰ ਨੂੰ ਏਹੁ ਹੁਕਮ ਸੁਦਾਇ ਦੇਣਾ ਜੋ ਪੰਦਰਾਂ ਸੋਲਾਂ ਬਰਸ ਤੇ ਘੱਟ ਕੋਈ ਨਾ ਕੁੜੀ ਬਿਆਹੇ। (ਹੁਕਮਨਾਮਾ 1, ਪੰਨਾ 100-103)

(ਅ) ਜੋ ਕੁੜੀ ਮਾਰੇ ਕੇ ਤਾ ਬੇਚੇ ਕੇ ਤਾ ਬਟਾ ਕਰੇ, ਅਰ ਜੇਕਰ ਅਛੀ ਤਰਾ ਮਲੂਮੀ ਹੋਏ ਜਾਵੇ ਤਾਂ ਉਸਦੇ ਨਾਲ ਨਹੀਂ ਬਰਤਣਾ। ਨਾ ਓਸ ਨੂੰ ਸੰਗਤ ਮੈਂ ਬੜਕ ਦੇਣਾ। (ਹੁਕਮਨਾਮਾ 4, ਪੰਨਾ 133-34)

(ੲ) ਗੁਰੂ ਜੀ ਦਾ ਬੀ ਏਹੋ ਹੁਕਮੁ ਹੈ ਜੋ ਅਠਾਰਾਂ ਬਰਸਾਂ ਦੀ ਲੜਕੀ, ਬੀਸ ਬਰਸ ਦਾ ਲੜਕਾ ਹੋਵੇ ਤਾਂ ਬਿਆਹੁ ਕਰਨਾ, ਉਰੇ ਨਹੀਂ ਕਰਨਾ। ਓਹ ਹੁਕਮ ਗੁਰੂ ਜੀ ਨੇ ਏਸੇ ਸੰਤ ਖਾਲਸੇ ਦੇ ਵਾਸਤੇ ਲਿਖਾ ਹੈ। ਸੋ ਜੇ ਅਸੀਂ ਨਹੀਂ ਮੰਨਾਂਗੇ ਤਾਂ ਹੋਰ ਕੌਣ ਮੰਨੂਗਾ ਗੁਰੂ ਦਾ ਹੁਕਮ? ਭਾਮੇ ਤੁਸੀਂ ਦੇਖ ਲੇਓ ਪ੍ਰੇਮ ਸੁਮਾਰਗ ਮੇਂ ਲਿਖਾ ਹੈ। ਅਗੇ ਸਾਨੂੰ ਖਵਰ ਨਹੀਂ ਸੀ ਏਸ ਹੁਕਮ ਦੀ, ਤਾ ਥੋੜਿਆ ਮਹੀਨਿਆਂ ਦੀਆਂ ਕੁੜੀਆਂ ਲੋਕ ਬਿਆਹ ਦਿੰਦੇ ਥੇ। ਇਹ ਹਰਿਦਾਸ ਦੇਣੀ ਡੇਰੇ। (ਹੁਕਮਨਾਮਾ 23, ਪੰਨਾ 276-77)

(ਸ) ਹੋਰੁ ਆਗੇ ਜੋ ਲੜਕੀ ਮਾਰ ਦੇਣੇ ਦਾ ਅਰੁ ਲੜਕੀ ਬੇਚਣੇ ਦਾ, ਬਟਾ ਕਰਿਨੇ ਦਾ ਬੜਾ ਪਾਪੁ ਹੈ। ਜੋ ਮਾਰਨੇ ਦਾ ਏਹੁ ਪਾਪੁ ਹੈ ਜੋ ਲੜਕੀਆ ਮੈ ਬਹੁਤ ਈ ਗੁਣ ਹੈਨ, ਅਨੇਕ ਤਰ੍ਹਾਂ ਦੇ ਸੁਖ ਦਿੰਦਿਆ ਹੈਨ ਇਸਤਰੀਆਂ ਗਿਣੇ ਨਹੀਂ ਜਾਂਦੇ ਮੇਰੇ ਪਾਸ ਤੇ। ਕੁੜੀ ਦਾ ਮਾਰਨਾ ਗਊ ਤੇ ਬੀ ਬਡਾ ਪਾਪੁ ਹੈ ਅਰੁ ਬਰੁ ਬੱਟਾ ਕਰਨੇ ਤੇ, ਦੰਮ ਲੈਣੇ ਤੇ ਕੁੜੀ ਕੋ ਬਰੁ ਅਛਾ ਨਹੀਂ ਮਿਲਦਾ, ਕੇ ਬੁਢਾ ਕੇ ਕਿਸੋਹਣਾ ਲਭਦਾ ਹੈ। ਦੰਮ ਲੈਣੇ ਤੇ ਨਾਲੇ ਕੁੜੀ ਦੇ ਘਦਰ ਰਿਜਕੁ ਨਹੀਂ ਰਹਦਾ। ਕੁੜੀ ਬਹੁਤ ਦੁਖੀ ਹੁੰਦੀ ਹੈ ਨਾਲੇ ਕੁੜੀ

ਬਿਭਿਚਾਰਨੀ ਹੋਇ ਜਾਂਦੀ ਹੈ। ਬਹੁਤੇ ਥਾਈਂ ਖਰਾਬੁ ਹੁੰਦੀ ਰਹਦੀ ਹੈ। ਏਹੁ ਸਾਰੇ ਪਾਪ ਮਾਪਿਆਂ ਕੋ ਲਗਦਾ ਹੈ। (ਹੁਕਮਨਾਮਾ 28, ਪੰਨਾ 296-97)

ਸੋ ਇਸ ਪ੍ਰਕਾਰ ਨਾਮਧਾਰੀ ਸੰਪ੍ਰਦਾ ਦੀ ਇਹ ਵਿਚਾਰਧਾਰਾ ਹੈ ਕਿ ਸਮਾਜਕ ਕਦਰਾਂ-ਕੀਮਤਾਂ ਓਨੀ ਦੇਰ ਪੈਦਾ ਨਹੀਂ ਹੋ ਸਕਦੀਆਂ ਜਦ ਤਕ ਸਮਾਜ ਵਿਚ ਔਰਤ ਨੂੰ ਸਤਿਕਾਰ ਵਾਲਾ ਅਤੇ ਮਰਦ ਦੇ ਬਰਾਬਰ ਸਥਾਨ ਪ੍ਰਾਪਤ ਨਹੀਂ ਹੁੰਦਾ। ਬਾਬਾ ਰਾਮ ਸਿੰਘ ਨੇ ਆਪਣੇ ਹੁਕਮਨਾਮਿਆਂ ਵਿੱਚ ਬੀਬੀਆਂ ਨੂੰ ਸਤਿਕਾਰ ਵੀ ਦ੍ਰਿੱਤਾ ਅਤੇ ਮਰਦ ਦੇ ਬਰਾਬਰ ਜੀਵਨ ਜਿਉਣ ਦੇ ਉਪਦੇਸ ਵੀ ਦਿੱਤੇ ਹਨ। ਇਸ ਉਚੇਰੀ ਪਰੰਪਰਾ ਨੂੰ ਅਮਲੀ ਰੂਪ ਦੇਣ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਉਚੇਚਾ ਧਿਆਨ ਦਿੱਤਾ।

## 4. ਸਮਾਜ ਸੁਧਾਰ

ਨਾਮਧਾਰੀ ਸੰਪ੍ਰਦਾ ਸਿੱਖ ਸਮਾਜ ਵਿੱਚ ਉਚੇਰੀਆਂ ਕਦਰਾਂ-ਕੀਮਤਾਂ ਸਥਾਪਤ ਕਰਨ ਲਈ ਹਮੇਸ਼ਾਂ ਬਚਨ-ਬੱਧ ਰਹੀ ਹੈ। ਅਸਲ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿੱਚ ਰਈਸੀ ਰੁਚੀਆਂ ਦਾ ਵਿਕਾਸ ਹੋਣ ਕਰਕੇ ਸਿੱਖ ਸਮਾਜ ਗਿਰਾਵਟ ਵਲ ਧਕੇਲਿਆ ਗਿਆ। ਸਰਦਾਰੀਆਂ ਖੁਆਰੀਆਂ ਵਿਚ ਬਦਲ ਗਈਆਂ। ਸਿੱਖ ਨਸ਼ਿਆਂ ਅਤੇ ਕੁਕਰਮਾਂ ਵਿਚ ਪੈ ਕੇ ਸਿੱਖੀ ਅਦਰਸ਼ ਤੋਂ ਥਿੜਕ ਗਏ। ਬਾਬਾ ਰਾਮ ਸਿੰਘ ਨੇ ਨਰੋਏ ਸਮਾਜਕ ਦੀ ਸਥਾਪਤੀ ਲਈ ਸਿੱਖਾਂ ਨੂੰ ਉਚੇਰੀਆਂ ਕਦਰਾਂ-ਕੀਮਤਾਂ ਨੂੰ ਅਪਨਾਉਣ ਲਈ ਅਤੇ ਸਮਾਜ ਬੁਰਾਈਆਂ ਤੋਂ ਮੁਕਤ ਹੋਣ ਲਈ ਪ੍ਰੇਰਿਤ ਕੀਤਾ। ਇਵੇਂ ਸਮਾਜ-ਸੁਧਾਰ ਨਾਮਧਾਰੀ ਨਿਸ਼ਾਨੇ ਦਾ ਮੁੱਦਾ ਬਣਕੇ ਉਨ੍ਹਾਂ ਦੀ ਵਿਚਾਰਧਾਰਾ ਦਾ ਅੰਗ ਬਣ ਗਿਆ। ਬਾਬਾ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚੋਂ ਸਮਾਜ ਸੁਧਾਰ ਦੀ ਵਿਚਾਰਧਾਰਾ ਉਪਦੇਸ਼ ਆਤਮਿਕ ਰੂਪ ਵਿਚ ਉਭਰਦੀ ਹੈ ਜਿਸ ਨਾਲ ਨਾਮਧਾਰੀ ਸੰਪ੍ਰਦਾ ਨੇ ਇਕ ਨਿਰੋਏ ਸਿੱਖ ਸਮਾਜ ਦੀ ਸਥਾਪਨਾ ਕਰਨ ਲਈ ਅਮਲੀ ਯਤਨ ਕੀਤੇ। ਜਾਤਪਾਤ, ਰੰਗ ਨਸਲ ਦੇ ਵਿਤਕਰੇ ਖ਼ਤਮ ਕਰਨ, ਨਸ਼ਿਆਂ ਤੋਂ ਮੁਕਤ ਹੋਣ, ਚੋਰੀ ਯਾਰੀ ਦਾ ਤਿਆਗ, ਸਾਦਾ ਤੇ ਸੰਜਮ ਭਰਪੂਰ ਜੀਵਨ, ਦਾਜ ਦੀ ਰਸਮ ਦਾ ਤਿਆਗ, ਸਾਦਾ ਵਿਆਹ, ਸ਼ਾਦੀਆਂ ਤੇ ਉਚੇਰੀਆਂ ਨੈਤਿਕ ਕਦਰਾਂ-ਕੀਮਤਾਂ ਬਾਰੇ ਇਹਨਾਂ ਹੁਕਮ- ਨਾਮਿਆਂ ਵਿੱਚੋਂ ਅਨੇਕਾਂ ਹਵਾਲੇ ਸਹਿਜੇ ਹੀ ਮਿਲ ਜਾਂਦੇ ਹਨ। ਜਿਵੇਂ -

(ੳ) ਹੋਰੁ ਪਰਾਈ ਧੀ ਭੈਣ ਆਪਣੀ ਜਾਨਣੀ। ਪਰਾਇਆ ਹਕੁ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ 'ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ।' ... ਹੋਰੁ ਜੀ ਕਿਸੇ ਨੇ ਮੰਦਾ ਫਿਕਾ ਨਹੀਂ ਬੋਲਣਾ, ਖਿਮਾ ਕਰਨੀ। ਬੋਲੁ ਕੁਬੋਲੁ ਸਹਿ ਜਾਣਾ ਸਭ ਦਾ। ਜੋ ਕੋਈ ਮਾਰੇ ਕੁਛ ਤਾ ਭੀ ਖਿਮਾ ਕਰਨੀ, ਤੁਸਾਂ ਦਾ ਰਛਕ ਗੁਰੂ ਹੈ। ਹਰਿ ਬਖਤ ਤੁਸੀਂ ਬਹੁਤ ਆਪਣੀ ਭਲਾਈ ਛਪਾਉਣ ਦੀ ਕਰਨੀ।

(ਹੁਕਮਨਾਮਾ 1, ਪੰਨਾ 100-101)

(ਅ) ਹੋਰੁ ਖਾਲਸਾ ਜੀ ਜੇ ਸਰਬੰਧੀ ਸਰੀਰ ਛੋਡ ਜਾਇ ਤਾ ਉਸ ਦੇ ਪਿਛੇ ਰੋਣਾ ਪਿਟਣਾ ਨਹੀਂ। ਰੋਏ ਪਿਟੇ ਤੇ ਇਕ ਤਾਂ ਪ੍ਰਮੇਸਰ ਤੇ ਬੇਮੁਖੀ ਹੁੰਦੀ ਹੈ ਅਰ ਸਰੀਰ ਨੂੰ ਬੀ ਕਸਟ ਹੁੰਦਾ ਹੈ, ਨਾਲੇ ਹਥ ਪਲੇ ਬੀ ਕੁਛ ਨਹੀਂ ਪੈਂਦਾ। (ਹੁਕਮਨਾਮਾ 3, ਪੰਨਾ 123-124)

(ੲ) ਕਿਸੇ ਦਾ ਧਨ ਪਦਾਰਥ ਨਹੀਂ ਲੈਣਾ। ਕਿਸੇ ਦਾ ਧਕਾ ਕਰਕੇ, ਨਾ ਚੋਰੀ ਕਰਕੇ, ਨਾ

ਠੱਗੀ ਕਰਕੇ ਕਖ ਆਦਿਕ ਬੀ ਨਹੀਂ ਲੈਣਾ। (ਹੁਕਮਨਾਮਾ 20, ਪੰਨਾ 255)

(ਸ) ਅਰ ਲੜਕੇ ਲੜਕੀਆ ਨੂ ਅਖਰ ਪੜ੍ਹਾਵਣੇ ਪਹਿਲਾ ਹੋਛ ਔਦੀ ਦੇ ਨਾਲ। (ਹੁਕਮਨਾਮਾ 21, ਪੰਨਾ 270)

(ਹ) ਹੋਰੂ ਬਗਾਨੀ ਅੰਸ ਕਿਸੇ ਤਰ੍ਹਾਂ ਬੀ ਨਾ ਲੈਣੀ, ਚੁਰਾਕੇ ਨਾ ਖੋਹ ਕੇ, ਨਾ ਠੱਗੀ ਕਰਕੇ। ਜੇ ਡਿਗੀ ਪਈ ਬੀ ਲਭੇ ਤਾ ਜਿਸਦੀ ਹੋਵੇ ਉਸ ਕੋ ਦੇ ਦੇਣੀ। ਅਰੁ ਕਰਿਜਾ ਲੈ ਕੇ ਨਾ ਦੇਣਾ ਏਹੁ ਚੋਰੀ ਧਾੜੇ ਤੇ ਬੀ ਬਡਾ ਪਾਪੁ ਹੈ। (ਹੁਕਮਨਾਮਾ 28, ਪੰਨਾ 294-295)

(ਕ) ਸੋ ਏ ਦੋਨੋ ਨਹੀ ਮਾਸ ਤੇ ਛਰਾਵ (ਸ਼ਰਾਬ) ਬਰਤਣੇ। ਏਹ ਤੇ ਮਲੇਛਾ ਦਾ ਖਾਣਾ ਹੈ। ਜੋ ਖਾਊ ਓਸਦੀ ਬੁਧਿ ਮਲੇਛੀ ਹੋਇ ਜਾਊਗੀ। (ਹੁਕਮਨਾਮਾ 28, ਪੰਨਾ 299)

(ਖ) ਰੰਡੀ ਦੇ ਸੰਗਿ ਤੇ ਇਕ ਤਾ ਸਰੀਰ ਨੂੰ ਦੁਖ ਲਗ ਜਾਂਦਾ ਹੈ, ਦੂਜਾ ਪੈਸਾ ਬਰਬਾਦ ਜਾਂਦਾ ਹੈ, ਤੀਅ ਧਰਮ ਜਾਂਦਾ ਹੈ, ਚੌਥਾ ਲੋਕਾ ਮੈਂ ਬਹੁਤ ਭੰਡੀ ਹੁੰਦੀ ਹੈ। ਅਰ ਬੇਸਵਾ ਲੋਕ ਜੋ ਹੈਨ ਇਨਕੇ ਪਾਸ ਭੰਗੀ ਮੁਸਲਾ ਸਭ ਆਉਂਦੇ ਹਨ। (ਹੁਕਮਨਾਮਾ 49, ਪੰਨਾ 403)

(ਗ) ਗੁਰੂ ਜੀ ਦਾ ਬੀ ਏਹੋ ਹੁਕਮ ਹੈ ਜੋ ਅਠਾਰਾ ਬਰਸਾ ਦੀ ਲੜਕੀ, ਬੀਸ ਬਰਸ ਦਾ ਲੜਕਾ ਹੋਵੇ ਤਾ ਬਿਆਹੁ ਕਰਨਾ, ਉਰੇ ਨਹੀ ਕਰਨਾ। (ਹੁਕਮਨਾਮਾ 33, ਪੰਨਾ 276)

### 5. ਅਹਿੰਸਾਵਾਦੀ ਵਿਚਾਰਧਾਰਾ

ਅਹਿੰਸਾ ਬਹਾਦਰ ਕੌਮਾਂ ਦੀ ਸ਼ਕਤੀ ਹੁੰਦੀ ਹੈ। ਸਿੱਖ ਧਰਮ ਵਿੱਚ ਸ਼ਹਾਦਤਾਂ ਦਾ ਵਰਤਾਰਾ ਇਸੇ ਅਹਿੰਸਾ ਦੀ ਸ਼ਕਤੀ ਨੂੰ ਵਡਿਆਉਂਦਾ ਹੈ। ਧਰਮ ਦੀ ਖਾਤਰ ਤਸੀਹੇ ਝਲ ਲੈਣ ਇਹ ਆਤਮਿਕ ਸ਼ਕਤੀ ਦਾ ਪਰਮਾਣ ਹੈ। ਨਾਮਧਾਰੀ ਸੰਪਦਾ ਨੇ ਵੀ ਅਹਿੰਸਾਵਾਦੀ ਵਿਚਾਰਧਾਰਾ ਨੂੰ ਅਪਣਾਇਆ। ਇਸੇ ਕਰਕੇ ਅਨੇਕਾਂ ਨਾਮਧਾਰੀ ਤੋਪਾ ਦੇ ਗੋਲਿਆਂ ਨਾਲ ਉਡਾਏ ਗਏ, ਫਾਂਸੀ ਲਾ ਦਿੱਤੇ ਗਏ ਪਰ ਕਿਸੇ ਭੜਕਾਹਟ ਵਿਚ ਨਹੀਂ ਆਏ। ਇਸੇ ਧਾਰਨਾ ਨੂੰ ਮਹਾਤਮਾ ਗਾਂਧੀ ਨੇ ਅਪਣਾਇਆ। ਗਰੀਬਾਂ ਮਜਲੂਮਾਂ ਦੀ ਰਖਿਆ ਕਰਨੀ, ਕਿਸੇ ਜੀਵ ਨੂੰ ਦੁੱਖ ਨਾ ਦੇਣਾ ਮਾਨਵਵਾਦ ਹੈ। ਜੀਓ ਅਤੇ ਜੀਣ ਦਿਓ ਨਾਲ ਜੀਵ ਪ੍ਰੇਮ ਦੀ ਭਾਵਨਾ ਜੁੜੀ ਹੋਈ ਹੈ। ਨਾਮਧਾਰੀ ਸ਼ਾਕਾਹਾਰੀ ਇਸੇ ਕਰਕੇ ਹਨ ਕਿਉਂਕਿ ਮਾਸਾਹਾਰੀ ਵਿਅਕਤੀ ਦੇ ਮਨ ਵਿੱਚ ਜੀਵਾਂ ਪ੍ਰਤੀ ਦਇਆ ਭਾਵਨਾ ਪੈਦਾ ਨਹੀਂ ਹੋ ਸਕਦੀ। ਬਾਬਾ ਰਾਮ ਸਿੰਘ ਜੀ ਗੁਰੂ-ਘਰ ਦੇ ਇਹ ਬਚਨ ਦੁਹਾਰਾਉਂਦੇ ਹੁੰਦੇ ਸਨ ਕਿ ਗਊ ਗਰੀਬ ਦੀ ਰਖਿਆ ਕੀਤੀ ਜਾਵੇ, ਅਜਿਹਾ ਨਾ ਕਰਨ ਕਰਕੇ ਪ੍ਰਿਥਵੀ ਬੜਾ ਦੁੱਖ ਪਾਵੇਗੀ ਗਊ ਹੱਤਿਆ ਨੂੰ ਰੋਕਣ ਲਈ ਹੀ ਇਸ ਲਹਿਰ ਨੇ ਏਡਾ ਵੱਡਾ ਜੋਖਮ ਉਠਾਇਆ। ਸੋ ਇਵੇਂ ਵਿਸ਼ਵ-ਸ਼ਾਂਤੀ, ਮਾਨਵ-ਭਲਾਈ, ਸਹਿਹੋਂਦ, ਸਹਿਨਸ਼ੀਲਤਾ ਆਦਿ ਸਾਰੇ ਉਦਾਰਵਾਦੀ ਸਰੋਕਾਰ ਨਾਮਧਾਰੀਆਂ ਦੀ ਅਹਿੰਸਾਵਾਦੀ ਵਿਚਾਰਧਾਰਾ ਦੇ ਅੰਗ ਹਨ।

### ਦੇਣ ਅਤੇ ਯੋਗਦਾਨ

ਨਾਮਧਾਰੀ ਸੰਪ੍ਰਦਾ ਭਾਵੇਂ ਮੂਲ ਰੂਪ ਵਿਚ ਅਧਿਆਤਮਕ ਸਾਧਨਾ ਵਾਲੀ ਜਮਾਤ ਹੈ ਪਰ

ਫਿਰ ਵੀ ਸਮਾਜ ਸੁਧਾਰ ਅਤੇ ਸਦਾਚਾਰਕ ਨਸੀਹਤਾ ਦੇ ਬਾਣੇ ਵਿਚ ਇਸ ਨੇ ਦੇਸ਼ ਦੀ ਆਜ਼ਾਦੀ ਲਈ ਡੂੰਘੇ ਮਨਸੂਬੇ ਬਣਾਏ। ਇਸ ਸਾਰੇ ਕੁਝ ਨੂੰ ਜੇਕਰ ਮੱਦੇ-ਨਜ਼ਰ ਰਖਿਆ ਜਾਵੇ ਤਾਂ ਸਿੱਖ ਸਮਾਜ ਅਤੇ ਭਾਰਤੀ ਸਭਿਆਚਾਰ ਨੂੰ ਇਸ ਲਹਿਰ ਦੀ ਦੇਣ ਬਹੁ-ਪਰਤੀ ਅਤੇ ਬਹੁ-ਪਾਸਾਰੀ ਹੈ। ਇਸ ਲਹਿਰ ਦਾ ਲੇਖਾ-ਜੋਖਾ ਕਰਦੇ ਸਮੇਂ ਸਾਨੂੰ ਹੇਠ ਲਿਖੇ ਪੱਖਾਂ ਉੱਪਰ ਕੇਂਦਰਿਤ ਹੋਣਾ ਪੈਂਦਾ ਹੈ।

### (1) ਦੇਸ਼ ਦੀ ਆਜ਼ਾਦੀ ਵਿਚ ਯੋਗਦਾਨ

ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਤੋਂ ਬਾਅਦ ਪੰਜਾਬ ਅੰਗਰੇਜ਼ੀ ਹਕੂਮਤ ਹੇਠ ਆ ਗਿਆ। ਭਾਵੇਂ ਇਸ ਸਮੇਂ ਭਾਈ ਮਹਾਰਾਜ ਸਿੰਘ ਨੇ ਅੰਗਰੇਜ਼ ਸਰਕਾਰ ਖਿਲਾਫ ਵਿਦਰੋਹ ਜਾਰੀ ਰੱਖਿਆ ਪਰ ਜਦ ਉਸ ਨੂੰ ਕੈਦ ਕਰਕੇ ਅੰਗਰੇਜ਼ਾਂ ਨੇ ਸਿੰਘਾਪੁਰ ਜਲਾਵਤਨ ਕਰ ਦਿੱਤਾ ਇਹ ਸੰਘਰਸ਼ ਵੀ ਸਮਾਪਤ ਹੋ ਗਿਆ। ਇਸ ਸਮੇਂ ਦੌਰਾਨ ਅੰਗਰੇਜ਼ਾਂ ਨੇ ਆਪਣੇ ਰਾਜ ਨੂੰ ਹਰਮਨ ਪਿਆਰਾ ਬਣਾਉਣ ਲਈ ਪੈਸੇ ਦੇ ਕੇ ਪੰਡਤ ਸ਼ਰਧਾ ਰਾਮ ਫਿਲੌਰੀ ਵਰਗੇ ਲੇਖਕਾਂ ਪਾਸੋਂ ਆਪਣੇ ਰਾਜ ਦੀਆਂ ਤਾਰੀਫਾਂ ਅਤੇ ਸਿੱਖਾਂ ਦੇ ਰਾਜ ਦੀਆਂ ਬਦਖੋਹੀਆਂ ਬਾਰੇ ਰਚਨਾਵਾਂ ਲਿਖਵਾਈਆਂ। ਈਸਾਈ ਮਿਸ਼ਨਰੀਆਂ ਦੀ ਚੜ੍ਹ ਮੱਚ ਜਾਣ ਕਰਕੇ ਉਨ੍ਹਾਂ ਨੇ ਭਾਰਤੀ ਧਰਮਾਂ ਵਿਰੁੱਧ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਗਊ ਮਾਸ ਸਪਲਾਈ ਕਰਨ ਲਈ ਕਈ ਬੁੱਚੜਖਾਨੇ ਖੋਲ੍ਹ ਦਿੱਤੇ ਗਏ। 1857 ਈ: ਤੋਂ ਬਾਅਦ ਨਾਮਧਾਰੀ ਪਹਿਲੀ ਧਾਰਮਿਕ ਸੰਪ੍ਰਦਾ ਸੀ ਜਿਸ ਨੇ ਅੰਗਰੇਜ਼ ਨੀਤੀਆਂ ਦਾ ਵਿਰੋਧ ਕੀਤਾ ਅਤੇ ਦੇਸ਼ ਦੀ ਆਜ਼ਾਦੀ ਲਈ ਪਿੜ ਤਿਆਰ ਕੀਤਾ।

ਬਾਬਾ ਰਾਮ ਸਿੰਘ ਜੀ ਰਾਜੇ ਰਾਣੀਆਂ ਦੇ ਐਸ਼ ਪ੍ਰਸਤ ਜੀਵਨ ਅਤੇ ਅੰਗਰੇਜ਼ਾਂ ਦੁਆਰਾ ਫੈਲਾਏ ਜਾ ਰਹੇ ਪੱਛਮੀ ਸਭਿਆਚਾਰ ਦੇ ਸਖਤ ਵਿਰੁੱਧ ਸਨ। ਉਨ੍ਹਾਂ ਨੇ 'ਸੰਤ ਖ਼ਾਲਸੇ' ਰਾਹੀਂ ਲੋਕਾਂ ਅੰਦਰ ਜਿਥੇ ਅਧਿਆਤਮਿਕ ਜਾਗ੍ਰਿਤੀ ਲਿਆਂਦੀ, ਉਥੇ ਅੰਗਰੇਜ਼ ਸਰਕਾਰ ਦੇ ਸਿਸਟਮ ਨਾਲ ਨਾ-ਮਿਲਵਰਤਨ ਕਾਇਮ ਕੀਤਾ। ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਸੰਦੇਸ਼ ਦਿਤਾ ਕਿ ਸਵਦੇਸੀ ਵਸਤੂਆਂ ਦਾ ਪ੍ਰਯੋਗ ਕਰੋ, ਹੱਥਾਂ ਦੇ ਬੁਣੇ ਬਸਤਰ ਪਹਿਨੋ ਅਤੇ ਅੰਗਰੇਜ਼ਾਂ ਦੀਆਂ ਬਣਾਈਆਂ ਵਸਤਾਂ ਦਾ ਬਾਈਕਾਟ ਕਰੋ। ਇਸ ਨਾ-ਮਿਲਵਰਤਨ ਲਈ ਇਸ ਸੰਪ੍ਰਦਾ ਨੇ ਰੇਲ, ਡਾਕ ਦੀ ਥਾਂ ਆਪਣੇ ਸਾਧਨ ਅਪਣਾਏ। ਸਰਕਾਰੀ ਨਿਆਂ ਪਾਲਿਕਾ ਦਾ ਤਿਆਗ ਕਰਕੇ ਝਗੜੇ ਤੇ ਮਸਲੇ ਪੰਚਾਇਤਾਂ ਰਾਹੀਂ ਨਜਿੱਠੇ ਜਾਣ ਲਗੇ। ਪੱਛਮੀ ਤਰਜ਼ ਤੇ ਸਥਾਪਤ ਸਕੂਲਾਂ ਦੀ ਬਜਾਏ ਬੱਚਿਆਂ ਨੂੰ ਸਥਾਨਿਕ ਪਾਠਸਾਲਾਵਾਂ ਵਿਚ ਵਿੱਦਿਆ ਪ੍ਰਾਪਤੀ ਲਈ ਭੇਜਣ ਦਾ ਸੰਦੇਸ਼ ਦਿੱਤਾ। ਇਸ ਸਾਰੇ ਕੁਝ ਨੂੰ ਨਾਮਧਾਰੀ ਸੰਪ੍ਰਦਾ ਨੇ ਇਕ ਲਹਿਰ ਦਾ ਰੂਪ ਦੇ ਦਿੱਤਾ। ਇਸ ਲਹਿਰ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਬਾਬਾ ਰਾਮ ਸਿੰਘ ਨੇ ਸਾਰੇ ਪੰਜਾਬ ਨੂੰ 22 ਹਿੱਸਿਆਂ ਵਿੱਚ ਵੰਡ ਕੇ ਸੂਬੇ ਥਾਪ ਦਿੱਤੇ ਜੋ ਜਿਥੇ ਸੰਗਤ ਦੀ ਮਾਨਸਿਕ ਅਧਿਆਤਮਿਕ ਜਗਿਆਸਾਵਾਂ ਪੂਰੀਆਂ ਕਰਦੇ, ਉਥੇ ਅੰਗਰੇਜ਼ ਹਕੂਮਤ ਦੇ ਮਨਸੂਬਿਆਂ ਉੱਪਰ ਵੀ ਅੱਖ ਰੱਖਦੇ। 1863 ਈ: ਵਿਚ ਜਦ ਨਾਮਧਾਰੀ ਸ਼ਰਧਾਲੂਆਂ ਦੀ ਗਿਣਤੀ ਹਜ਼ਾਰਾਂ ਵਿਚ ਪਹੁੰਚ ਗਈ ਤਾਂ ਅੰਗਰੇਜ਼ ਸਰਕਾਰ ਨੇ ਗੰਭੀਰਤਾ ਨਾਲ ਸੋਚਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਬਾਬਾ ਰਾਮ ਸਿੰਘ ਦੇ ਭੈਣੀ ਸਾਹਿਬ ਤੋਂ ਬਾਹਰ ਨਿਕਲਣ ਉਪਰ ਪਾਬੰਦੀ ਲਾ ਦਿੱਤੀ। ਇਸ ਨਾਲ ਨਾਮਧਾਰੀ ਸਿੱਖਾਂ ਦਾ ਮਨੋਬਲ ਹੋਰ ਵੀ ਵੱਧ ਗਿਆ ਤੇ ਹੋਰ ਲੋਕ ਵੀ ਇਸ ਨੂੰ ਗਲਤ

ਸਮਝਣ ਲਗੇ। ਇਸ ਕਰਕੇ 1867 ਈ: ਨੂੰ ਅੰਗਰੇਜ਼ਾਂ ਨੂੰ ਇਹ ਪਾਬੰਦੀ ਖ਼ਤਮ ਕਰਨੀ ਪਈ।

1871 ਈ: ਵਿਚ ਗਊਆਂ ਦੀ ਹੱਤਿਆ ਰੋਕਣ ਲਈ ਨਾਮਧਾਰੀਆਂ ਨੇ ਅੰਮ੍ਰਿਤਸਰ ਅਤੇ ਰਾਏਕੋਟ ਦੇ ਕੁਝ ਬੁੱਚੜ ਜਾਨੋ ਮਾਰ ਦਿੱਤੇ। ਇਨ੍ਹਾਂ ਕੇਸਾਂ ਵਿਚ 9 ਨਾਮਧਾਰੀਆਂ ਨੂੰ ਫਾਂਸੀ ਅਤੇ ਦੋ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਇਸ ਪਿੱਛੋਂ ਨਾਮਧਾਰੀਆਂ ਨੇ ਹਥਿਆਰਬੰਦ ਸੰਘਰਸ਼ ਕਰਨ ਲਈ ਮਲੌਦ ਤੇ ਮਲੇਰਕੋਟਲੇ ਤੋਂ ਹਥਿਆਰ ਪ੍ਰਾਪਤ ਕਰਨ ਲਈ ਕੋਤਵਾਲੀ ਤੇ ਹਮਲੇ ਕੀਤੇ ਜਿਸ ਦੇ ਜੁਰਮ ਵਿਚ 66 ਨਾਮਧਾਰੀ ਤੋਪਾਂ ਦੇ ਗੋਲਿਆਂ ਨਾਲ ਉਡਾ ਦਿੱਤੇ ਗਏ। ਬਾਬਾ ਰਾਮ ਸਿੰਘ ਨੂੰ ਰੰਗੂਨ ਨਜ਼ਰਬੰਦ ਕਰ ਦਿੱਤਾ ਗਿਆ ਤੇ ਕੁਝ ਸੂਬਿਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਇਸ ਨਾਲ ਨਾਮਧਾਰੀ ਲਹਿਰ ਦਾ ਦੇਸ਼ ਦੀ ਆਜ਼ਾਦੀ ਪ੍ਰਾਪਤੀ ਦਾ ਸੰਘਰਸ਼ ਰਾਜਨੀਤਿਕ ਰੂਪ ਧਾਰਨ ਕਰ ਗਿਆ। ਬਾਬਾ ਰਾਮ ਸਿੰਘ ਨੇ ਖ਼ਤਾਂ (ਜਿਸਨੂੰ ਹੁਕਮਨਾਮੇ ਕਿਹਾ ਜਾਂਦਾ ਹੈ) ਰਾਹੀਂ ਆਪਣੇ ਸੇਵਕਾਂ ਨਾਲ ਅਤੇ ਸੇਵਕਾਂ ਨੇ ਨੇਪਾਲ, ਕਾਬਲ ਤੇ ਰੂਸ ਨਾਲ ਸੰਬੰਧ ਕਾਇਮ ਕਰ ਲਏ ਸਨ। ਇਸੇ ਕਰਕੇ ਨਾਮਧਾਰੀਆਂ ਦੀਆਂ ਹਰ ਪ੍ਰਕਾਰ ਦੀਆਂ ਗਤੀਵਿਧੀਆਂ ਉੱਪਰ ਕਰੜੀ ਨਿਗਰਾਨੀ ਰਖੀ ਜਾਂਦੀ ਸੀ। ਸਰਕਾਰੀ ਰਿਪੋਰਟਾਂ ਵਿਚ ਬਾਬਾ ਰਾਮ ਸਿੰਘ ਨੂੰ ਅੰਗਰੇਜ਼ ਸਰਕਾਰ ਲਈ ਬਹੁਤ ਖ਼ਤਰਨਾਕ ਵਿਅਕਤੀ ਗਰਦਾਨਿਆ ਗਿਆ ਸੀ। ਮਈ 1878 ਈ: ਦੀ ਇਕ ਸਰਕਾਰੀ ਫਾਈਲ ਵਿਚ ਲਿਖਿਆ ਗਿਆ ਹੈ -

**"He (Ram Singh) is very dangerous man, the most dangerous man perhaps now in India and correspondence with him must be stopped by what ever means."**

ਇਵੇਂ ਉੱਨੀਵੀਂ ਸਦੀ ਦੇ ਦੂਜੇ ਅੱਧ ਵਿੱਚ ਕੇਵਲ ਨਾਮਧਾਰੀ ਸਮਾਜ ਹੀ ਅਜਿਹਾ ਸਮਾਜ ਸੀ ਜਿਸ ਨੇ ਸੰਗਠਿਤ ਰੂਪ ਵਿਚ ਅੰਗਰੇਜ਼ ਸਾਮਰਾਜ ਦੇ ਵਿਰੁੱਧ ਸੰਘਰਸ਼ ਕੀਤਾ। ਇਸ ਤੋਂ ਪ੍ਰਭਾਵਤ ਹੋ ਕੇ ਹੀ ਕਾਂਗਰਸ ਨੇ ਨਾ-ਮਿਲਵਰਤਨ ਦੀ ਲਹਿਰ ਚਲਾਈ ਸੀ। ਸੱਚ ਤਾਂ ਇਹ ਹੈ ਕਿ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਜੋ ਸੁਤੰਤਰਤਾ ਦੀ ਜੋਤ ਜਗਾਈ ਉਸਦੇ ਫਲਸਰੂਪ 'ਕੂਕਾ ਲਹਿਰ' ਨੇ ਜੋ ਸੰਗਰਾਮ ਰਚਿਆ ਅਤੇ ਅਦੁੱਤੀਆਂ ਕੁਰਬਾਨੀਆਂ ਦਿੱਤੀਆਂ ਉਸ ਕਾਰਨ ਨਾਮਧਾਰੀ ਕੇਵਲ ਭਾਰਤੀ ਇਤਿਹਾਸ ਵਿਚ ਹੀ ਨਹੀਂ ਸਗੋਂ ਵਿਸ਼ਵ ਦੇ ਸੁਤੰਤਰਤਾ ਦੇ ਇਤਿਹਾਸ ਵਿਚ ਨਿਵੇਕਲੀ ਸ਼ਾਨ ਰਖਦੇ ਹਨ।

### (2) ਸਾਹਿਤ ਨੂੰ ਦੇਣ

ਕੋਈ ਵੀ ਸੰਪ੍ਰਦਾ ਜਾਂ ਲਹਿਰ ਆਪਣੇ ਕਾਰਨਾਮਿਆਂ ਜਾਂ ਸਾਹਿਤ ਰਚਨਾ ਰਾਹੀਂ ਇਤਿਹਾਸ ਵਿਚ ਪੈੜ ਸਥਾਪਤ ਕਰਦੀ ਹੈ। ਨਾਮਧਾਰੀ ਸੰਪ੍ਰਦਾ ਨੇ ਵੀ ਆਪਣੇ 150 ਸਾਲਾਂ ਦੇ ਅਧਿਆਤਮਕ, ਸਮਾਜਕ ਤੇ ਰਾਜਨੀਤਿਕ ਸਫ਼ਰ ਦੌਰਾਨ ਬਹੁਤ ਸਾਰੇ ਸਾਹਿਤ ਦੀ ਸਿਰਜਣਾ ਕੀਤੀ। ਵੇਖਿਆ ਜਾਵੇ ਤਾਂ ਕਿਸੇ ਵੀ ਧਰਮ ਪਰੰਪਰਾ ਦਾ ਸਾਹਿਤ ਸਿੱਧਾਂਤਗਤ ਅਤੇ ਇਤਿਹਾਸਗਤ ਦੋ ਰੂਪਾਂ ਵਿਚ ਉਜਾਗਰ ਹੁੰਦਾ ਹੈ। ਨਾਮਧਾਰੀ ਸੰਪ੍ਰਦਾ ਦਾ ਸਿੱਧਾਂਤਗਤ ਸਾਹਿਤ ਇਸਦੇ ਅਧਿਆਤਮਿਕ, ਸਮਾਜ ਸੁਧਾਰਕ ਅਤੇ ਰਾਜਨੀਤਿਕ ਨਿਸ਼ਾਨਿਆਂ ਨਾਲ ਸਬੰਧਿਤ ਹੈ, ਜੋ ਮੁੱਢਲੇ ਰੂਪ ਵਿਚ ਬਾਬਾ ਰਾਮ ਸਿੰਘ ਜੀ ਦੇ ਉਪਦੇਸ਼ਾਂ ਰਾਹੀਂ ਮੌਖਿਕ ਰੂਪ ਵਿਚ ਸਾਹਮਣੇ ਆਇਆ। ਜਦ ਉਨ੍ਹਾਂ ਨੂੰ ਜਲਾਵਤਨ

ਕਰਕੇ ਰੰਗੂਨ ਵਿਖੇ ਨਜ਼ਰਬੰਦ ਕਰ ਦਿਤਾ ਗਿਆ ਤਾਂ ਇਹ ਹੁਕਮਨਾਮਿਆਂ ਦੇ ਰੂਪ ਵਿਚ ਸਿੱਖ ਸੰਗਤਾਂ ਦੇ ਸਾਹਮਣੇ ਆਉਂਦਾ ਹੈ। ਇਹਨਾਂ ਹੁਕਮਨਾਮਿਆਂ ਦੀ ਗਿਣਤੀ 64 ਹੈ।

ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਨਾਮਧਾਰੀ ਸਾਹਿਤ ਨੂੰ ਤਿੰਨ ਕਾਲਾਂ ਵਿਚ ਵੰਡ ਕੇ ਸਰਵੇਖਣ ਦਾ ਯਤਨ ਕੀਤਾ ਹੈ। ਇਹ ਕਾਲ ਖੰਡ ਹਨ -

(ੳ) 1857 ਤੋਂ 1906 ਈ: (ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੀ ਜਲਾਵਤਨੀ ਦੇ ਸਮੇਂ ਬਾਬਾ ਹਰੀ ਸਿੰਘ (ਬੁੱਧ ਸਿੰਘ) ਦਾ ਕਾਲ।

(ਅ) 1906 ਤੋਂ 1959 ਈ: (ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮਾਂ)

(ੲ) 1959 ਤੋਂ ਵਰਤਮਾਨ ਤਕ (ਸਤਿਗੁਰੂ ਜਗਜੀਤ ਸਿੰਘ ਜੀ ਦਾ ਸਮਾਂ)

ਨਾਮਧਾਰੀ ਲਹਿਰ ਦੇ ਪਹਿਲੇ ਕਾਲ-ਖੰਡ ਦਾ ਸਾਹਿਤ ਬ੍ਰਜ ਅਤੇ ਪੰਜਾਬੀ ਦੋਵਾਂ ਭਾਸ਼ਾਵਾਂ ਵਿਚ ਕਵਿਤਾ ਤੇ ਵਾਰਤਕ ਰੂਪ ਵਿਚ ਹੈ। ਇਸ ਵਿਚ ਨਾਮਧਾਰੀ ਲਹਿਰ ਦੇ ਉਦੇਸ਼, ਉਪਦੇਸ਼ ਅਤੇ ਸਰਗਰਮੀਆਂ ਦਾ ਵੇਰਵਾ ਮਿਲਦਾ ਹੈ। ਇਸ ਕਾਲ ਦੀਆਂ ਮਹੱਤਵਪੂਰਨ ਰਚਨਾਵਾਂ ਇਸ ਪ੍ਰਕਾਰ ਹਨ -

1. ਹੁਕਮਨਾਮੇ (ਸਤਿਗੁਰੂ ਰਾਮ ਸਿੰਘ ਜੀ ਦੇ)
2. ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ 12ਵੀਂ - ਭਾਈ ਸੰਤੋਖ ਸਿੰਘ ਬਾਹੋਵਾਲ
3. 28 ਕਬਿੱਤ - ਗਿਆਨੀ ਗਿਆਨ ਸਿੰਘ (ਬ੍ਰਜ ਭਾਸ਼ਾ)
4. ਸ੍ਰੀ ਸਤਿਗੁਰੂ ਬਿਲਾਸ - ਸੰਤ ਧਿਆਨ ਸਿੰਘ ਕਾਦਰਬਾਦੀ (ਕਵਿਤਾ ਬ੍ਰਜ ਭਾਸ਼ਾ)
5. ਗੁਰਿੰਡ ਨਾਮ (ਕਵਿਤਾ ਬ੍ਰਜ ਭਾਸ਼ਾ)
6. ਬਾਰਾਮਾਹ - ਬਾਬਾ ਚੰਦ ਸਿੰਘ
7. ਬਾਰਾਮਾਹ - ਬਾਬਾ ਨਿਹਾਲ ਸਿੰਘ
8. ਬਾਰਾਮਾਹ - ਬਾਬਾ ਕਾਲਾ ਸਿੰਘ
9. ਪੈਂਤੀ ਅੱਖਰੀ - ਬਾਬਾ ਕਾਲਾ ਸਿੰਘ
10. ਸ਼ਹੀਦ ਬਿਲਾਸ - ਬਾਬਾ ਕਾਲਾ ਸਿੰਘ
11. ਉਸਤਤ ਨਾਮਾ - ਬਾਬਾ ਕਾਲਾ ਸਿੰਘ

ਇਸ ਕਾਲ ਦੀ ਸਭ ਤੋਂ ਮਹੱਤਵਪੂਰਨ ਰਚਨਾ ਬਾਬਾ ਰਾਮ ਸਿੰਘ ਜੀ ਦੇ ਹੁਕਮਨਾਮੇ ਹਨ। ਇਸ ਵਿਚ ਨਾਮਧਾਰੀ ਸੰਪ੍ਰਦਾ ਦੀ ਰਹਿਤ ਮਰਯਾਦਾ, ਧਾਰਮਿਕ ਸੰਸਕਾਰ, ਧਾਰਨ ਕਰਨ ਯੋਗ ਵਿਅਕਤੀਗਤ ਤੇ ਸਮੂਹਿਕ ਵਿਵਹਾਰ ਬਾਰੇ ਆਦੇਸ਼ ਹਨ। ਇਸ ਕਾਲ ਵਿਚ ਰਚੇ ਤਿੰਨੇ ਬਾਰਾਮਾਹ ਨਾਮਧਾਰੀ ਸਾਹਿਤ ਹੀ ਨਹੀਂ ਸਗੋਂ ਪੰਜਾਬੀ ਬਾਰਹਮਾਹ ਕਾਵਿ ਦੀ ਵੱਡੀ ਪ੍ਰਾਪਤੀ ਵੀ ਹਨ, ਇਹਨਾਂ ਵਿਚੋਂ ਨਾਮਧਾਰੀ ਮਤ ਦੀ ਅੰਤਰੀਵ ਆਤਮਾ ਦੇ ਦਿਗ-ਦਰਸ਼ਨ ਹੁੰਦੇ ਹਨ।

ਦੂਜੇ ਕਾਲ ਦੇ ਪ੍ਰਮੁਖ ਸਾਹਿਤਕਾਰਾਂ ਵਿਚ ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਨਿਧਾਨ ਸਿੰਘ ਆਲਿਮ, ਸੰਤ ਤਰਨ ਸਿੰਘ ਵਹਿਮੀ, ਸ੍ਰੀ ਅਮਰ ਭਾਰਤੀ ਤੇ ਸਰਦਾਰ ਨਾਹਰ ਸਿੰਘ ਪ੍ਰਮੁਖ ਹਨ। ਸੰਤ ਇੰਦਰ ਸਿੰਘ ਚੱਕਰਵਰਤੀ ਨੇ 'ਮਾਲਵਿੰਦਰ' (ਮਹਾਂਕਾਵਿ) ਜਿਸ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਸੰਪੂਰਨ ਜੀਵਨ ਬ੍ਰਿਤਾਂਤ ਬਿਆਨ ਕੀਤਾ, ਤਿੰਨ ਨਾਵਲ ('ਬੀਤ ਰਾਗ', 'ਅੜਬੰਗੀ' ਤੇ 'ਜੈ') ਜੋ 'ਪਹਿਲਾਂ ਮਰਨ ਕਬੂਲ' ਪੁਸਤਕ ਵਿਚ ਸੰਕਲਿਤ ਹੋਏ ਹਨ, ਨਾਮਧਾਰੀ ਲਹਿਰ ਦਾ

ਇਤਿਹਾਸ ਦਰਸਾਉਂਦੇ ਹਨ। 'ਸ਼ਾਹੀ ਕੈਦੀ' ਨਾਟਕ ਹੈ ਜੋ ਸਤਿਗੁਰੂ ਰਾਮ ਸਿੰਘ ਜੀ ਜਲਾਵਤਨੀ ਬਾਰੇ ਹੈ। ਇਸ ਤੋਂ ਬਿਨਾ 'ਨਾਮਧਾਰੀ ਇਤਿਹਾਸ' (ਹਿੱਸਾ ਪਹਿਲਾ) ਸਤਿਗੁਰੂ ਬਾਲਕ ਸਿੰਘ ਦੇ ਜੀਵਨ ਸਮਾਚਾਰਾਂ ਬਾਰੇ ਅਤੇ 'ਅਟੱਲ ਪ੍ਰਤਾਪੀ' ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਬਾਰੇ ਹੈ।

ਸੰਤ ਨਿਧਾਨ ਸਿੰਘ ਆਲਿਮ ਦੀਆਂ ਰਚਨਾਵਾਂ 'ਗੁਰ ਪਦ ਪ੍ਰਕਾਸ਼' (ਦੋ ਭਾਗ), 'ਰੂਹਾਨੀ ਟੈਲੀਫ਼ੂਨ', 'ਨਾਮਧਾਰੀ ਸਿੱਧਾਂਤ ਪ੍ਰਦਰਸ਼ਨ', 'ਸਿੱਖ ਧਰਮ ਤੇ ਮਾਸ', 'ਜੁਗ ਪਲਟਾਊ ਸਤਿਗੁਰੂ' ਆਦਿ ਹਨ। ਇਹਨਾਂ ਵਿਚੋਂ 'ਨਾਮਧਾਰੀ ਸਿੱਧਾਂਤ ਪ੍ਰਦਰਸ਼ਨ' ਬਹੁਤ ਉਚ ਕੋਟੀ ਦੀ ਪੁਸਤਕ ਹੈ।

ਸੰਤ ਤਰਨ ਸਿੰਘ ਵਹਿਮੀ ਦੀਆਂ 'ਨਦੇੜੇ ਬਾਦ ਦਸਮ ਗੁਰ ਦਰਸ਼ਨ', 'ਅੱਖੀਆਂ' (ਕਵਿਤਾ), 'ਜਸ ਜੀਵਨ' (ਵੱਡੇ ਆਕਾਰ ਦੇ ਛੇ ਭਾਗਾਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੁੱਚੇ ਜੀਵਨ ਸਮਾਚਾਰਾਂ ਬਾਰੇ) ਆਦਿ ਪੁਸਤਕਾਂ ਹਨ। ਇਸੇ ਕਾਲ ਖੰਡ ਵਿਚ 26 ਮਈ 1920 ਵਿਚ 'ਸਤਿਜੁਗ' (ਜੋ ਪਹਿਲਾਂ ਅਖਬਾਰ ਸੀ ਤੇ ਹੁਣ ਮਾਸਿਕ ਪੱਤਰ ਹੈ), ਸ਼ੁਰੂ ਹੋ ਗਿਆ ਸੀ। ਕਵਿਤਾ ਦੇ ਖੇਤਰ ਵਿਚ ਇਸ ਪੱਤ੍ਰਿਕਾ ਦਾ ਪੰਜਾਬੀ ਸਾਹਿਤ ਵਿੱਚ ਅਹਿਮ ਸਥਾਨ ਹੈ। ਇਸਦੇ ਅਨੇਕਾਂ ਵਿਸ਼ੇਸ਼ ਅੰਕ ਨਿਕਲੇ ਹਨ।

ਤੀਜੇ ਦੌਰ ਦਾ ਨਾਮਧਾਰੀ ਸਾਹਿਤ ਜਨਮਸਾਖੀ ਪਰੰਪਰਾ ਨੂੰ ਨਵਾਂ ਮੋੜ ਦਿੰਦਾ ਹੈ। ਇਸ ਕਾਲ-ਖੰਡ ਵਿਚ ਮਾਸਟਰ ਨਿਹਾਲ ਸਿੰਘ ਦੀਆਂ ਰਚਨਾਵਾਂ 'ਕੂਕਿਆ ਦਾ ਪੰਥ ਨਿਰਾਲਾ', 'ਅਲੌਕਿਕ ਦਰਸ਼ਨ', 'ਰਤਨਮਾਲਾ', 'ਬਾਈਕਾਟ', 'ਸਤਿਗੁਰੂ ਸਾਖੀਆਂ', 'ਚਮਤਕਾਰ', 'ਮੌਜੀ ਠਾਕਰ', 'ਮਾਤਾਵਾਂ', 'ਦਾਨੇ ਤੇ ਮਸਤਾਨੇ' ਵਰਨਣ ਯੋਗ ਹਨ। ਪ੍ਰੀਤਮ ਸਿੰਘ ਕਵੀ ਦੀਆਂ 'ਬੀਤੇ ਦੀਆਂ ਪੈੜਾਂ' (ਦੱਸ ਭਾਗ), 'ਸ੍ਰੀ ਜੀਵਨ ਨਗਰ', 'ਸ੍ਰੀ ਭੈਣੀ ਸਾਹਿਬ', 'ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਇਕ ਪਰਿਵਰਤਨ' ਆਦਿ ਪੁਸਤਕਾਂ ਵੀ ਵਿਸ਼ੇਸ਼ ਧਿਆਨ ਮੰਗਦੀਆਂ ਹਨ। ਸੂਬਾ ਸੁਰਿੰਦਰ ਕੌਰ ਦੀਆਂ 'ਬਖਸ਼ਿਸ' ਤੇ 'ਪ੍ਰਕਾਸ਼ ਪੁੰਜ' ਕਾਵਿ ਰਚਨਾਵਾਂ ਹਨ।

ਇਤਿਹਾਸ ਦੇ ਪੱਖੋਂ ਡਾ. ਜਸਵੰਤ ਸਿੰਘ ਜੱਸ ਦੀ 'ਬਾਬਾ ਰਾਮ ਸਿੰਘ ਨਾਮਧਾਰੀ', ਡਾ. ਕਰਮ ਸਿੰਘ ਕਪੂਰ ਦੀ 'ਸਤਿਗੁਰੂ ਪ੍ਰਤਾਪ ਸਿੰਘ', ਤਾਰਾ ਸਿੰਘ ਅਨਜਾਣ ਦੀ 'ਸਭਹਨ ਕੇ ਸਿਰਮੌਰ', 'ਸਾਹਿਬ ਗੁਣੀ ਗਹੇਰਾ', ਬਿਸ਼ਨ ਸਿੰਘ ਇਤਿਹਾਸਕਾਰ ਦੀ 'ਮਲੇਰਕੋਟਲੇ ਦਾ ਸ਼ਹੀਦੀ ਸਾਕਾ' ਆਦਿ ਪੁਸਤਕਾਂ ਹਨ। ਇਸੇ ਸਮੇਂ ਦੀ 'ਮਹਾਨੂਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ' ਇਕ ਦਰਸ਼ਨੀ ਪੁਸਤਕ ਹੈ ਜਿਸ ਵਿੱਚ 50 ਤੋਂ ਵਧੇਰੇ ਲੇਖਕਾਂ ਵਿਦਵਾਨਾਂ ਦੇ ਲੇਖ ਹਨ। ਤਾਰਾ ਸਿੰਘ ਅਨਜਾਣ ਦੀ ਸੰਪਾਦਤ 'ਰਾਮ ਵਿਯੋਗੀਆਂ ਦੇ ਬਾਰਾਮਾਹ' ਇਸ ਕਾਲ ਵਿਚ ਰਚੇ ਚਾਰ ਬਾਰਾਮਾਹਾਂ ਦਾ ਸੰਕਲਨ ਹੈ। ਅਮਰ ਭਾਰਤੀ ਦੀ 'ਸਿੱਖ ਇਤਿਹਾਸ ਤੇ ਕੂਕੇ' ਮਹੱਤਵਪੂਰਨ ਰਚਨਾ ਹੈ।

ਕੁਲ ਮਿਲਾ ਕੇ ਜੇਕਰ ਵੇਖਿਆ ਜਾਵੇ ਤਾਂ ਨਾਮਧਾਰੀ ਸੰਪ੍ਰਦਾ ਦਾ ਸਾਹਿਤ ਅਤੇ ਇਸ ਲਹਿਰ ਬਾਰੇ ਰਚਿਆ ਗਿਆ ਸਾਹਿਤ ਪੰਜਾਬੀ ਸਾਹਿਤ ਦੇ ਭੰਡਾਰ ਵਿਚ ਵਾਧਾ ਕਰਦਾ ਹੈ ਅਤੇ ਅਨੇਕਾਂ ਸਾਹਿਤ ਵਿਧਾਵਾਂ ਰਾਹੀਂ ਉਚੇਰੀਆਂ ਪਰੰਪਰਾਵਾਂ ਵੀ ਕਾਇਮ ਕਰਦਾ ਹੈ। ਸਿਹਤਮੰਤ ਸਾਹਿਤ ਪੈਦਾ ਕਰਨ ਵਿੱਚ ਇਸ ਲਹਿਰ ਦਾ ਮਹੱਤਵਪੂਰਨ ਯੋਗਦਾਨ ਹੈ।

### (3) ਸੰਗੀਤ ਪਰੰਪਰਾ ਨੂੰ ਦੇਣ

ਸੰਗੀਤ ਜਿਸ ਨੂੰ ਸਿੱਖ ਸਮਾਜ ਵਿਚ 'ਕੀਰਤਨ' ਕਿਹਾ ਜਾਂਦਾ ਹੈ, ਗੁਰੂ-ਘਰ ਦੀ ਇਕ ਸਾਧਨਾ ਪੱਧਤੀ ਹੈ ਅਤੇ ਇਸ ਨੂੰ ਨਾਮਧਾਰੀ ਸੰਪ੍ਰਦਾ ਨੇ ਵੀ ਕਾਇਮ ਰੱਖਿਆ। ਬਾਬਾ ਰਾਮ ਸਿੰਘ ਜੀ ਸੰਗੀਤ ਪ੍ਰੇਮੀ ਸਨ ਅਤੇ ਉਹ ਸਮਝਦੇ ਸਨ ਕਿ ਕੌਮ ਵਿੱਚ ਰੂਹ ਭਰਨ ਲਈ ਸੰਗੀਤ ਤੇ ਸਾਹਿਤ ਦੋ ਹਥਿਆਰ ਹਨ। ਉਨ੍ਹਾਂ ਨੇ ਢੋਲਕੀ ਦੀ ਥਾਪ ਨਾਲ ਹੀ ਅੰਗਰੇਜ਼ ਹਕੂਮਤ ਹਿਲਾ ਦਿੱਤੀ ਸੀ।

ਨਾਮਧਾਰੀ ਸੰਪ੍ਰਦਾ ਨੇ ਸੰਗੀਤ ਦੀਆਂ ਦੋ ਸ਼ੈਲੀਆਂ ਪ੍ਰਚਲਤ ਕੀਤੀਆਂ। ਇਕ ਰਾਗੀਆਂ ਰਬਾਬੀਆਂ ਵਾਲੀ ਰਾਗਾਂ ਉੱਪਰ ਆਧਾਰਿਤ ਸ਼ਾਸਤਰੀ ਸੰਗੀਤ ਵਾਲੀ ਅਤੇ ਦੂਜੀ ਸੰਗਤਾਂ ਵਲੋਂ ਪ੍ਰੇਮ ਨਾਲ ਰਲ ਕੇ ਗਾਉਣ ਵਾਲੀ ਲੋਕ-ਧਾਰਨਾ ਵਾਲੀ ਜਿਸ ਨੂੰ ਉਨ੍ਹਾਂ ਨੇ 'ਹੱਲੇ ਦਾ ਕੀਰਤਨ' ਕਿਹਾ ਹੈ। ਅਮਰ ਭਾਰਤੀ ਇਕ ਲੇਖ 'ਢੋਲਕੀ ਵਜਦੀ ਰਹੀ' ਵਿੱਚ ਲਿਖਦੇ ਹਨ - "ਢੋਲਕੀ ਦੀ ਥਾਪ, ਹੱਥੀ ਛੈਣੇ, ਖ਼ੂਬ ਸਿਰ ਮਾਰ ਮਾਰ ਕੇ ਕੰਨਾਂ ਵਿਚ ਉਂਗਲਾਂ ਪਾ ਕੇ ਜਦ ਇਕ-ਇਕ ਧਾਰਨਾ ਤੇ ਧਮ-ਚੌਗਤੀ ਚੁਕਣੀ ਤਾਂ ਇਵੇਂ ਲਗਦਾ ਜਿਵੇਂ ਇਹ ਰਾਤੀਂ ਫਰੰਗੀਆਂ ਨੂੰ ਦੇਸ਼ ਵਿੱਚੋਂ ਕੱਢ ਕੇ ਸੌਣਗੇ।" ਇਕ ਸਮਾਂ ਸੀ ਕਿ 'ਹੱਲੇ ਦੇ ਕੀਰਤਨ' ਦੀਆਂ ਲੋਕ-ਧਾਰਨਾਵਾਂ ਗਲੀ-ਗਲੀ ਵਿਚ ਗੂੰਜਣ ਲਗੀਆਂ। ਜਿਵੇਂ -

1. ਓਏ ਅਸਾਂ ਹਿੰਦ ਵਿਚ ਗਦਰ ਮਚੌਣਾ, ਕੱਢਣਾ ਫਰੰਗੀਆਂ ਨੂੰ।
2. ਏਥੋਂ ਚੁਕ ਲੈ ਫਰੰਗੀਆਂ ਤੇ ਖ਼ਾਲਸੇ ਨੇ ਰਾਜ ਕਰਨਾ।
   ਛਾਉਣੀ ਕਰਦੇ ਫਰੰਗੀਆਂ ਖਾਲੀ ਖ਼ਾਲਸੇ ਨੇ ਭੰਗ ਬੀਜਣੀ।

ਜਦ ਅੰਗਰੇਜ਼ ਨੇ ਜਬਰਨ ਇਹ ਕੀਰਤਨ ਬੰਦ ਕਰ ਦਿੱਤਾ ਤਾਂ ਇਹ ਢੋਲਕੀ ਹੀ ਸੀ ਜਿਸ ਨੇ ਅੰਗਰੇਜ਼ ਰਾਜ ਦੀਆਂ ਜੜ੍ਹਾਂ ਉਖਾੜ ਦੱਤੀਆਂ। ਘਰ ਘਰ 'ਹੱਲੇ ਦਾ ਕੀਰਤਨ' ਗੂੰਜਾਰਾ ਪਾਉਣ ਲਗਾ। ਬੁੱਢੇ ਜਵਾਨ ਸਭ ਗਾਉਂਦੇ -

1. ਉਹ ਘਰ ਕੂਕਿਆਂ ਦਾ ਜਿਥੇ ਛੈਣੇ ਢੋਲਕੀ ਖੜਕੇ।
2. ਮੇਰੇ ਛੈਣਿਆਂ 'ਚੋ ਹਰਿ ਹਰਿ ਬੋਲੇ, ਢੋਲਕੀ 'ਚੋਂ ਰਾਮ ਬੋਲਦਾ।

'ਨਾਮਧਾਰੀ ਇਤਿਹਾਸ' ਵਿਚ ਨਾਹਰ ਸਿੰਘ ਜੀ ਲਿਖਦੇ ਹਨ -

"ਚਾਰ ਸਾਲ ਦੇ ਥੋੜ੍ਹੇ ਸਮੇਂ ਵਿਚ ਹੀ ਹਰ ਇਲਾਕੇ ਵਿਚ ਮਰਦ ਇਸਤਰੀਆਂ ਵਿਚ ਮਿਲਕੇ ਇਕੱਠਿਆਂ ਢੋਲਕ, ਛੈਣਿਆਂ ਨਾਲ ਸਿਧੀਆਂ-ਸਾਧੀਆਂ ਪੇਂਡੂ ਧਾਰਨਾਵਾਂ ਵਿਚ ਸ਼ਬਦ ਪੜ੍ਹਨ ਦਾ ਰਿਵਾਜ ਪੈ ਗਿਆ। ਦੀਵਾਨਾਂ ਵਿਚ ਤੰਤੀ ਸਾਜ਼ਾਂ, ਰਬਾਬ, ਤਾਊਸ ਤੇ ਤਬਲਿਆਂ ਵਾਲੀਆਂ ਚੌਕੀਆਂ ਭੈਣੀ ਸਾਹਿਬ ਵਿਚ ਹੀ ਤਿਆਰ ਕੀਤੀਆਂ ਗਈਆਂ ਤੇ ਫਿਰ ਢੱਡ ਸਾਰੰਗੀ ਨਾਲ ਵਾਰਾਂ ਦੀ ਤਰਜ਼ ਤੇ ਗੁਰਬਾਣੀ ਗਾਈ ਜਾਣ ਲੱਗੀ।"

ਬਾਬਾ ਰਾਮ ਸਿੰਘ ਜੀ ਤੇ ਬਾਬਾ ਹਰੀ ਸਿੰਘ ਤੋਂ ਪਿੱਛੋਂ ਬਾਬਾ ਪ੍ਰਤਾਪ ਸਿੰਘ ਜੀ ਨੇ ਸੰਗੀਤ ਵਿਚ ਦੋ ਹੋਰ ਵਾਧੇ ਕੀਤੇ - ਪਹਿਲਾ ਰੀਤੀਆਂ ਦੇ ਵਿਆਪਕ ਪ੍ਰਸਾਰ ਤੇ ਬਲ ਦਿਤਾ ਅਤੇ ਦੂਜਾ ਪੰਜਾਬ ਦੇ ਪਖਾਵਜ ਨੂੰ ਪੁਨਰ ਸੁਰਜੀਤ ਕੀਤਾ ਜੋ ਅਲੋਪ ਹੋ ਗਿਆ ਸੀ। ਆਪ ਸੰਗੀਤ ਦੇ ਪ੍ਰੇਮੀ ਹੀ ਨਹੀਂ ਸਗੋਂ ਦਿਲਰੁਬਾ ਵਜਾਉਣ ਵਿਚ ਨਿਪੁੰਨ ਸਨ। ਸੰਗੀਤਕਾਰਾਂ ਦੇ ਕਦਰਦਾਨ ਹੋਣ ਕਰਕੇ ਆਪ ਉੱਚ ਕੋਟੀ ਦੇ ਸੰਗੀਤਕਾਰਾਂ ਨੂੰ ਭੈਣੀ ਸਾਹਿਬ ਬੁਲਾਉਂਦੇ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸੋਂ ਦਿਲਰੁਬਾ ਵਜਾਉਣਾ ਸਿੱਖਿਆ। ਇਨ੍ਹਾਂ ਦਾ ਸ਼ਾਸਤਰੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਧੁਰਪਦ, ਧਮਾਰ, ਖ਼ਿਆਲ ਅਤੇ ਲੋਕ ਸੰਗੀਤ ਵਿਚ ਵਾਰਾਂ, ਧਾਰਨਾ ਆਦਿ ਨੂੰ ਉਤਸ਼ਾਹਿਤ ਕੀਤਾ। ਇਨ੍ਹਾਂ ਨੇ ਦਿਲਰੁਬਾ, ਸਿਤਾਰ, ਸਰੋਦ, ਤਾਰ ਸ਼ਹਿਨਾਈ, ਸੰਤੂਰ ਵਾਦਨ, ਤਬਲਾ, ਪਖਾਵਜ, ਢੋਲਕੀ, ਛੈਣੇ, ਬਾਂਸਰੀ ਨੂੰ ਕੀਰਤਨ ਵਿਚ ਪ੍ਰਯੋਗ ਕਰਨ ਦੀ ਪਿਰਤ ਪਾਈ ਅਤੇ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦਾ ਪ੍ਰਚਾਰ ਕੀਤਾ।

ਸੰਗੀਤ ਦੇ ਖੇਤਰ ਵਿੱਚ ਨਾਮਧਾਰੀ ਸੰਪ੍ਰਦਾ ਦੀ ਦੇਣ ਬਹੁ-ਪੱਖੀ ਅਤੇ ਬਹੁ-ਪਾਸਾਰੀ ਹੈ। ਵਿਸਥਾਰ ਵਿਚ ਨਾ ਜਾਂਦੇ ਹੋਏ ਇਸ ਯੋਗਦਾਨ ਨੂੰ ਇਵੇਂ ਗਿਣਿਆ ਜਾ ਸਕਦਾ ਹੈ -

1. ਸੰਗੀਤ ਵਿਚ ਨਵੇਂ ਤਜਰਬੇ ਕਰਨੇ ਅਤੇ ਪੌਣੀਆਂ, ਸਵਾਈਆਂ ਮਾਤਰਾ ਦੀਆਂ ਧੁਨੀਆਂ ਇਜਾਦ ਕਰਨਾ।
2. ਨਵੇਂ ਤਾਲ ਤੇ ਨਵੇਂ ਸਾਜ ਇਜ਼ਾਦ ਕਰਨਾ।
3. ਗੁਰੂ ਸ਼ਿਸ਼ ਦੀ ਪਰੰਪਰਾ ਕਾਇਮ ਕਰਨੀ।
4. ਸੰਗੀਤ ਸੰਮੇਲਨ ਕਰਵਾਉਣੇ।
5. ਪ੍ਰਸਿੱਧ ਸੰਗੀਤਕਾਰਾਂ ਨੂੰ ਸਨਮਾਨਤ ਕਰਨਾ।
6. ਆਸਾ ਦੀ ਵਾਰ ਦੀ ਅਲੱਗ ਸ਼ੈਲੀ ਪ੍ਰਚਲਤ ਕਰਨੀ।
7. ਹੱਲੇ ਦੇ ਦੀਵਾਨ ਲਾਉਣੇ ਤੇ ਹੱਲੇ ਦੇ ਸ਼ਬਦ ਪੜ੍ਹਨੇ।
8. ਗੁਰਬਾਣੀ ਕੀਰਤਨ ਦੀ ਰੀਤ ਨੂੰ ਘਰ-ਘਰ ਪਹੁੰਚਾਉਣਾ।

### 4. ਸਮਾਜਕ ਪੱਖੋਂ ਦੇਣ

ਸਮਾਜਕ ਪੱਖੋਂ ਨਾਮਧਾਰੀ ਸੰਪ੍ਰਦਾ ਨੇ ਹਰ ਤਰ੍ਹਾਂ ਦੀਆਂ ਕੁਰੀਤੀਆਂ ਤੋਂ ਸਿੱਖ ਸਮਾਜ ਨੂੰ ਅਰੋਗ ਤੇ ਨਰੋਆ ਕਰਨ ਦਾ ਯਤਨ ਕੀਤਾ। ਔਰਤਾਂ ਨੂੰ ਮਰਦ ਦੇ ਬਰਾਬਰ ਹੱਕ ਦੇਣੇ, ਜੰਮਦੀਆਂ ਲੜਕੀਆਂ ਦਾ ਮਾਰਨਾ ਬੰਦ ਕਰਨਾ, ਲੜਕੀਆਂ ਨੂੰ ਪੜ੍ਹਾਉਣਾ, 18 ਸਾਲ ਦੀ ਉਮਰ ਤੋਂ ਪਹਿਲਾਂ ਵਿਆਹ ਨਾ ਕਰਨਾ, ਦਾਜ ਤੋਂ ਬਿਨਾ ਸਵਾ ਰੁਪਏ ਨਾਲ ਵਿਆਹ ਕਰਨਾ, ਫਜ਼ੂਲ ਖਰਚੀਆਂ ਤੇ ਫਜ਼ੂਲ ਰਸਮਾਂ ਬੰਦ ਕਰਨਾ, ਨਸ਼ਿਆਂ ਤੋਂ ਮੁਕਤ ਕਰਨਾ, ਜਾਤ-ਪਾਤ ਦਾ ਵਿਰੋਧ ਕਰਨਾ, ਸਾਤਵਿਕ ਭੋਜਨ ਕਰਨਾ, ਰਹਿਣੀ ਬਹਿਣੀ ਵਿਚ ਪਵਿੱਤਰਤਾ ਲਿਆਉਣਾ, ਗੱਲ ਕੀ ਹਰ ਪੱਖੋਂ ਸਮਾਜ ਵਿਚ ਉਚੇਰੀਆਂ ਕਦਰਾਂ-ਕੀਮਤਾਂ ਅਤੇ ਰੀਤੀਆਂ ਦੀ ਸਥਾਪਨਾ ਕੀਤੀ। ਰੱਬ ਦੇ ਭੈਅ ਵਿਚ ਰਹਿਣ ਕਰਕੇ ਨਾਮਧਾਰੀ ਚੋਰੀ-ਯਾਰੀ, ਠੱਗੀ, ਫਰੇਬੀ ਤੇ ਝੂਠ ਨਹੀਂ ਬੋਲਦਾ। ਉਸਦੇ ਜੀਵਨ ਵਿਚ ਸਹਿਜ ਤੇ ਸਾਦਗੀ ਹੁੰਦੀ ਹੈ।

### ਅਜੋਕੇ ਸੰਦਰਭ ਵਿੱਚ ਪ੍ਰਸੰਗਿਕਤਾ

ਵਰਤਮਾਨ ਅਤੇ ਭਵਿੱਖ ਵਿਚ ਨਾਮਧਾਰੀ ਸਿੱਖ ਸਿੱਧਾਂਤਾਂ ਦੀ ਸਾਰਥਿਕਤਾ ਸਦਾ ਕਾਇਮ ਰਹੇਗੀ। ਇਸ ਸੰਪ੍ਰਦਾ ਦਾ ਕੇਂਦਰੀ ਸਰੋਕਾਰ ਨਾਮ ਹੈ। ਇਹ ਨਾਮ ਅਕਾਲ-ਪੁਰਖ ਵਾਹਿਗੁਰੂ ਦਾ ਹੈ ਅਤੇ ਇਸਦਾ ਸਿਮਰਨ ਨਾਮਧਾਰੀ ਸਿੱਖ ਦਾ ਜੀਵਨ ਅਮਲ ਹੈ। ਨਾਮ ਜਪਣ ਨਾਲ ਸੁੱਖ-ਸ਼ਾਂਤੀ ਮਿਲਦੀ ਹੈ, ਭਟਕਣਾ ਖ਼ਤਮ ਹੁੰਦੀ ਅਤੇ ਮਨ ਨੂੰ ਚੈਨ ਆਉਂਦਾ ਹੈ। ਅੱਜ ਹਰ

ਮਨੁੱਖ ਆਪਣੇ ਮਨ ਦਾ ਚੈਨ ਗਵਾ ਚੁੱਕਾ ਹੈ, ਭਟਕਣ ਦਾ ਸ਼ਿਕਾਰ ਹੈ। ਸੁੱਖ ਦੀ ਪ੍ਰਾਪਤੀ ਲੋਕ ਧਨ-ਦੌਲਤ ਰਾਹੀਂ ਪ੍ਰਾਪਤ ਕਰਨ ਲੱਗੇ ਹੋਏ ਹਨ। ਧਨ ਪ੍ਰਾਪਤ ਕਰਨ ਲਈ ਹਰ ਵਿਅਕਤੀ ਜਾਇਜ਼ ਨਜ਼ਾਇਜ ਤਰੀਕੇ ਅਪਣਾ ਰਿਹਾ ਹੈ ਅਤੇ ਇਹੀ ਉਸ ਲਈ ਸੰਤਾਪ ਬਣਦੇ ਜਾ ਰਹੇ ਹਨ। ਗਲਤ ਢੰਗਾਂ ਨਾਲ ਕਮਾਇਆ ਧਨ ਭਿਆਨਕ ਬੀਮਾਰੀਆਂ ਦੇ ਇਲਾਜ, ਐਸ਼ੋ-ਇਸ਼ਰਤ ਤੇ ਨਸ਼ਿਆਂ ਪੱਤਿਆਂ ਦੀਆਂ ਅਲਾਮਤਾਂ ਤੇ ਖਰਚ ਹੋ ਰਿਹਾ ਹੈ ਜਿਸ ਨਾਲ ਮਨ ਦਾ ਸਾਕੂਨ ਗਵਾਚਦਾ ਹੈ। ਅੰਦਰ ਦਾ ਸਹਿਜ ਅਤੇ ਖੇੜਾ ਵਡੇ ਵੀ ਪਦਾਰਥਕ ਚੀਜ਼ਾਂ ਦੀ ਬਹੁਲਤਾ ਵਿਚੋਂ ਨਹੀਂ ਮਿਲ ਸਕਦਾ। ਅੱਜ ਲੋਕ ਟੀ.ਵੀ. ਚੈਨਲਾਂ ਰਾਹੀਂ ਪ੍ਰਚਾਰ ਕਰ ਰਹੇ ਸੰਤਾਂ, ਬਾਪੂਆਂ, ਬਾਬਿਆਂ, ਸੁਆਮੀਆਂ ਵਲ ਦੌੜ ਰਹੇ ਹਨ ਪਰ ਉਨ੍ਹਾਂ ਦੇ ਉਪਦੇਸ਼ ਵਕਤੀ ਧਰਵਾਸ ਤਾਂ ਦੇ ਸਕਦੇ ਹਨ ਪਰ ਅੰਦਰ ਦੀ ਸੁੱਖ ਸ਼ਾਂਤੀ, ਸਹਿਜ ਤੇ ਰੂਹਾਨੀ ਖੇੜਾ ਨਾਮ ਸਿਮਰਨ ਰਾਹੀਂ ਹੀ ਪੈਦਾ ਹੋਣਾ ਹੈ। ਨਾਮ ਦਾ ਬੀਜ ਇਸ ਸਰੀਰ ਰੂਪੀ ਧਰਤੀ ਵਿੱਚ ਅਸੀਂ ਬੀਜ ਨਹੀਂ ਰਹੇ ਅਤੇ ਸੁਖ ਸਹਿਜ ਲਈ ਅਸਾਨ ਤੋਂ ਅਸਾਨ ਤਰੀਕੇ ਲਭ ਰਹੇ ਹਾਂ, ਇਹ ਸਭ ਫੋਕਟ-ਕਰਮ ਹਨ। ਨਾਮਧਾਰੀਆਂ ਦਾ ਵਿਸ਼ਵਾਸ ਹੈ ਕਿ ਨਾਮ ਉਹ ਬੀਜ ਹੈ ਜਿਸ ਨੂੰ ਬੀਜਣ ਨਾਲ ਲੋਕ-ਪ੍ਰਲੋਕ ਦੇ ਸੁਖ ਦੀ ਫ਼ਸਲ ਤਿਆਰ ਹੁੰਦੀ ਹੈ।

ਅਧਿਆਤਮਕ ਪ੍ਰਾਪਤੀ ਤਿਆਗ ਵਿਚੋਂ ਹੋਣੀ ਹੈ ਅਤੇ ਤਿਆਗ ਕਰਨ ਲਈ ਅਸੀਂ ਤਿਆਰ ਨਹੀਂ ਕਿਉਂਕਿ ਅਜੋਕਾ ਸਮਾਂ ਬਹੁਲਤਾ ਦਾ ਹੈ। ਤਿਆਗ ਦਾ ਨਾਮ ਹੀ ਰਹਿਤ-ਮਰਯਾਦਾ ਹੈ। ਮਰਯਾਦਾ ਨਾਮਧਾਰੀ ਸਿੱਖ ਦੀ ਸੁੱਖ-ਸੋਧ ਹੈ। ਅੱਜ ਇਹ ਸੁੱਚ ਨਾ ਰਹਿਣ ਕਰਕੇ ਅਸੀਂ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਹਾਂ। ਕੁਦਰਤੀ ਸੋਮਿਆਂ ਨੂੰ ਵੀ ਗੰਦਾ ਕਰ ਰਹੇ ਹਾਂ ਅਤੇ ਆਪ ਵੀ ਗੰਦ-ਮੰਦ ਭਾਖਣ ਅਤੇ ਭੋਗਣ ਲਗੇ ਹੋਏ ਹਾਂ। ਰੋਜ਼ਾਨਾ ਸਣੇ ਕੇਸੀ ਇਸਨਾਨ ਕਰਨਾ ਅਤੇ ਆਪਣਾ ਪਾਣੀ ਦਾ ਗੜਵਾ ਰੱਖਣਾ ਨਾਮਧਾਰੀ ਦੀ ਪਛਾਣ ਹੈ। ਅੱਜ ਹਰ ਕੋਈ ਮਜਬੂਰੀ ਵੱਸ ਆਪਣੀ ਵੱਖਰੀ ਪਾਣੀ ਦੀ ਬੋਤਲ ਰੱਖਣ ਲਗ ਪਿਆ ਹੈ। ਇਹ ਧਾਰਨਾ ਸੁੱਚ, ਸ਼ੁੱਧ ਤੇ ਸਫ਼ਾਈ ਦੇ ਸਰੋਕਾਰ ਹਨ ਪਰ ਇਸ ਸੁੱਚ ਅਤੇ ਪਵਿੱਤਰਤਾ ਨੂੰ ਅਸੀਂ ਆਪਣੀ ਰਹਿਣੀ ਅਤੇ ਵਰਤੋਂ-ਵਿਹਾਰ ਵਿਚ ਅਜੇ ਪੈਦਾ ਨਹੀਂ ਕਰ ਸਕੇ ਅਤੇ ਨਾ ਹੀ ਵਾਤਾਵਰਣ ਨੂੰ ਅਸੀਂ ਪਵਿੱਤਰ ਰੱਖ ਸਕੇ ਹਾਂ।

ਨਾਮਧਾਰੀ ਸਾਕਾਹਾਰ, ਨਸ਼ੇ ਰਹਿਤ ਅਹਾਰ ਕਰਦੇ ਹਨ। ਉਹ ਸਮਝਦੇ ਹਨ ਕਿ ਸਾਤਵਿਕ ਜੀਵਨ ਜਿਊਣ ਲਈ ਤਾਮਸਿਕ ਭੋਜਨ ਠੀਕ ਨਹੀਂ। ਗੱਲ ਵੱਢ ਹੱਤਿਆ ਕਮਾਉਣਾ ਪਾਪ ਹੈ। ਮਨੁੱਖ ਜਿਸ ਪਸ਼ੂ-ਪੰਛੀ ਦਾ ਮਾਸ ਖਾਂਦਾ ਹੈ, ਉਸਦੀਆਂ ਬੀਮਾਰੀਆਂ ਉਸ ਦੇ ਸਰੀਰ ਵਿੱਚ ਆ ਜਾਂਦੀਆਂ ਹਨ। ਜੀਵ ਹੱਤਿਆ ਕੁਦਰਤ ਦਾ ਤਵਾਜਨ ਵਿਗਾੜਦਾ ਹੈ। ਨਸ਼ਿਆਂ ਨੂੰ ਕੋਈ ਵੀ ਧਰਮ ਮਾਨਤਾ ਨਹੀਂ ਦਿੰਦਾ। ਇਹ ਸਰੀਰਕ ਕਮਜ਼ੋਰੀ ਅਤੇ ਆਲਸ ਪੈਦਾ ਕਰਦੇ ਹਨ। ਕਹਿੰਦੇ ਹਨ ਜਿਸ ਕੌਮ ਨੂੰ ਬਰਬਾਦ ਕਰਨਾ ਹੋਵੇ, ਉਸ ਨੂੰ ਨਸ਼ਿਆਂ ਵਿੱਚ ਪਾ ਦਿਓ। ਅੱਜ ਸਿੱਖ ਧਰਮ ਲਈ ਸਭ ਤੋਂ ਵੱਡੀ ਵੰਗਾਰ ਨਸ਼ਿਆਂ ਤੋਂ ਮੁਕਤ ਹੋਣ ਦੀ ਬਣ ਗਈ ਹੈ। ਇਸ ਪੱਛਮ ਦੀ ਜੂਠ ਨੂੰ ਸਿੱਖੀ ਦੇ ਘਰੋਂ ਬਾਹਰ ਕੱਢਣ ਦੀ ਲੋੜ ਹੈ।

ਸਦਾਚਾਰ ਕਦਰਾਂ-ਕੀਮਤਾਂ ਤੇ ਉੱਚਾ-ਸੁੱਚਾ ਜੀਵਨ ਨਾਮਧਾਰੀ ਲਈ ਜ਼ਰੂਰੀ ਹੈ। ਇਸ ਨਾਲ ਇਕ ਪਾਸੇ ਜੀਵਨ ਸਰਲ, ਸਹਿਜ ਵਾਲਾ, ਛਲ ਕਪਟ ਰਹਿਤ ਬਣਦਾ ਹੈ, ਉਥੇ ਦੂਜੇ ਪਾਸੇ ਏਡਜ਼ ਵਰਗੇ ਭਿਆਨਕ ਰੋਗਾਂ ਤੋਂ ਮੁਕਤ ਰਹਿੰਦਾ ਹੈ। ਪਦਾਰਥਵਾਦੀ ਜੀਵਨ ਵਿਚ ਰਿਸ਼ਤੇ ਤੇ ਸਾਂਝਾਂ ਟੁੱਟ ਰਹੀਆਂ ਹਨ ਪਰ ਨਾਮਧਾਰੀ ਜੀਵਨ ਦੇ ਧਾਰਨੀ ਸਾਂਝ ਦੀਆਂ ਤੰਦਾਂ ਜੋੜਦੇ ਹਨ।

ਅੱਜ ਲੋਕ-ਸੇਵਾ ਦਾ ਵਿਖਾਵਾ ਵੱਧ ਗਿਆ ਪਰ ਆਪਣੇ ਬਜ਼ੁਰਗਾਂ ਨੂੰ ਕੋਈ ਨਹੀਂ ਸਾਂਭ ਰਿਹਾ। ਇਸ ਪੱਖੋਂ ਵੀ ਨਾਮਧਾਰੀ ਸਿੱਖ ਸਿੱਧਾਂਤਾਂ ਦੀ ਪ੍ਰਸੰਗਾ ਹੈ। ਅੱਜ ਲੋਕ ਆਰਥਿਕ ਪੱਖੋਂ ਅਮੀਰ ਹੋ ਰਹੇ ਪਰ ਨੈਤਿਕ ਪੱਖੋਂ ਕੰਗਾਲ ਹੋ ਰਹੇ ਹਨ। ਨਾਮਧਾਰੀ ਸੰਪ੍ਰਦਾ ਮਨੁੱਖ ਨੂੰ ਆਤਮਿਕ, ਸਰੀਰਕ ਤੇ ਸਮਾਜਿਕ ਪੱਖੋਂ ਆਦਰਸ਼ਕ ਜੀਵਨ ਜਿਊਣ ਦਾ ਸੰਦੇਸ਼ ਦਿੰਦੀ ਹੈ ਜਿਸਦੀ ਅਜੋਕੇ ਸੰਦਰਭ ਵਿੱਚ ਬਹੁਤ ਲੋੜ ਹੈ।

ਸਮੁੱਚੇ ਰੂਪ ਵਿਚ ਜੇਕਰ ਵੇਖਿਆ ਜਾਵੇ ਤਾਂ ਨਾਮਧਾਰੀ ਸੰਪ੍ਰਦਾ ਸਿੱਖੀ ਆਦਰਸ਼ ਨੂੰ ਅਮਲ ਰੂਪ ਵਿਚ ਜਿਉਂਣ ਅਤੇ ਹੰਢਾਉਣ ਦੀ ਇਕ ਜੀਵਨ-ਜਾਚ ਹੈ। ਰੂਹਾਨੀਅਤ ਕਰਕੇ ਇਹ ਸਿੱਖੀ ਤੋਂ ਨਿਆਰੀ ਨਹੀਂ ਸਗੋਂ ਵੇਸ ਤੇ ਭੇਸ ਕਰਕੇ ਆਪਣੀ ਨਿਆਰੀ ਆਭਾ ਰੱਖਦੀ ਹੈ।

### ਸਹਾਇਕ ਪੁਸਤਕਾਂ

1. *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ) - ਡਾ. ਰਤਨ ਸਿੰਘ ਜੱਗੀ, ਗੁਰ ਰਤਨ ਪਬਲਿਸ਼ਰ, ਪਟਿਆਲਾ।
2. *ਕੂਕਿਆਂ ਦੀ ਵਿਥਿਆ* - ਡਾ. ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
3. *ਨਾਮਧਾਰੀ ਲਹਿਰ* - ਸੰਪਾਦਕ ਡਾ. ਹਰਮਿੰਦਰ ਸਿੰਘ ਬੇਦੀ ਤੇ ਸ. ਜਸਵਿੰਦਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
4. *ਪੰਥ ਪ੍ਰਕਾਸ਼* - ਗਿਆਨੀ ਗਿਆਨ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ।
5. *ਸਪਤ ਸ੍ਰਿੰਗ* - ਸ. ਕਪੂਰ ਸਿੰਘ, ਹਿੰਦ ਪਬਲਿਸ਼ਰਜ਼ ਲਿਮਟਿਡ, ਜਲੰਧਰ।
6. *ਪੰਜਾਬ ਦੀਆਂ ਲੋਕ ਲਹਿਰਾਂ* - ਏ.ਸੀ. ਅਰੋੜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
7. *ਪੰਜਾਬ ਦੀਆਂ ਲਹਿਰਾਂ* - ਸ਼ਮਸ਼ੇਰ ਸਿੰਘ ਅਸ਼ੋਕ, ਅਸ਼ੋਕ ਪੁਸਤਕਮਾਲਾ, ਪਟਿਆਲਾ।
8. *ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮ* - ਸੰਪਾਦਕ ਜਸਵਿੰਦਰ ਸਿੰਘ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ।
9. *ਸਤਿਗੁਰੂ ਬਿਲਾਸ* - ਸੰਤ ਸੰਤੋਖ ਸਿੰਘ ਬਾਹੋਵਾਲ, ਉਹੀ।
10. *ਨਾਮਧਾਰੀ ਇਤਿਹਾਸ* (ਸੰਖੇਪ) - ਤਾਰਾ ਸਿੰਘ ਅਨਜਾਣ, ਉਹੀ।
11. *ਸਭਹਨ ਕੇ ਸਿਰਮੌਰ* - ਤਾਰਾ ਸਿੰਘ ਅਨਜਾਣ, ਉਹੀ।
12. *ਬੇਅੰਤ ਪਾਤਸ਼ਾਹ* - ਜਸਵਿੰਦਰ ਸਿੰਘ, ਉਹੀ।
13. *ਸ੍ਰੀ ਸਤਿਗੁਰੂ ਰਾਮ ਸਿੰਘ ਜੀ* - ਸੰਪਾਦਕ ਨਿਹਾਲ ਸਿੰਘ, ਉਹੀ।
14. *ਮਹਾਨੂਰ* - ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ - ਸੰਪਾਦਕ ਪ੍ਰੀਤਮ ਸਿੰਘ ਆਰਸੀ, ਨਵਯੁਗ ਪਬਲਿਸ਼ਰਜ਼, ਦਿੱਲੀ।
15. Kukas, The Freedom Fighters of the Punjab - M.M. Ahluwalia, Allied Publishers, Delhi.
16. Namdhari Siks - A Brief Account CAs Narrated by Giani Gian Singh, English Version Dr. Harbhajan Singh, Jiwan Nagar, Sirsa (Haryana)

# ਸਿੰਘ ਸਭਾ ਲਹਿਰ ਦੀ ਸਥਾਪਨਾ ਤੇ ਸੰਪ੍ਰਦਾਇਕ ਯੋਗਦਾਨ

ਡਾ. ਸਰਬਜਿੰਦਰ ਸਿੰਘ*

ਧਰਮਾਂ ਦੇ ਇਤਿਹਾਸ ਦਾ ਜੇਕਰ ਅਧਿਐਨ ਕੀਤਾ ਜਾਵੇ ਤਾਂ ਸਪਸ਼ਟ ਹੁੰਦਾ ਹੈ ਕਿ ਦੁਨੀਆਂ ਭਰਦੇ ਧਰਮਾਂ ਵਿੱਚ ਬਹੁਤ ਸਾਰੀਆਂ ਸਮਾਨਤਾਵਾਂ ਹੁੰਦੀਆਂ ਹਨ। ਉਦਾਹਰਣ ਵਜੋਂ ਹਰ ਧਰਮ ਨੂੰ ਪੈਦਾ ਕਰਨ ਵਾਲੀ ਪੈਗੰਬਰੀ ਰੂਹ ਹੁੰਦੀ ਹੈ। ਉਸ ਇਲਾਹੀ ਨੂਰ ਨੂੰ ਪ੍ਰਾਪਤ ਹੋਏ ਦੈਵੀ ਆਦੇਸ਼ ਦਾ ਅੱਖਰੀ ਰੂਪ, ਧਰਮ ਗ੍ਰੰਥ ਹੁੰਦਾ ਹੈ। ਵੱਡੀ ਗਿਣਤੀ ਵਿੱਚ ਉਸ ਧਰਮ ਨੂੰ ਮੰਨਣ ਵਾਲੇ ਪੈਰੋਕਾਰ ਹੁੰਦੇ ਨੇ ਜੋ ਉਸ ਧਰਮ ਦੀ ਕੌਮੀਅਤ ਵਜੋਂ ਜਾਣੇ ਜਾਂਦੇ ਹਨ। ਇਸ ਤੋਂ ਅੱਗੇ ਜਾ ਕੇ ਜੇ ਵੇਖਿਆ ਜਾਵੇ ਤਾਂ ਜੋ ਦੂਜੀਆਂ ਸਮਾਨਤਾਵਾਂ ਸਾਹਮਣੇ ਆਉਂਦੀਆਂ ਹਨ, ਉਹ ਇਹ ਹਨ ਕਿ ਬਾਨੀਆਂ ਦੇ ਤੁਰ ਜਾਣ ਤੋਂ ਪਿਛੋਂ, ਪੈਰੋਕਾਰਾਂ ਵਿੱਚ ਆਇਆ ਅਵੇਸਲਾਪਨ ਅਜਿਹਾ ਵਾਤਾਵਰਣ ਪੈਦਾ ਕਰ ਦਿੰਦਾ ਹੈ ਕਿ ਹਰ ਸਖਸ਼ ਇਹ ਮਹਿਸੂਸ ਕਰਨ ਤੇ ਮਜਬੂਰ ਹੋ ਜਾਂਦਾ ਹੈ ਕਿ ਹੁਣ ਇਸ ਧਰਮ ਦਾ ਖਾਤਮਾ ਲਾਜ਼ਮੀ ਹੈ। ਦੈਵੀ ਸਿਧਾਂਤਾਂ ਦੇ ਨਾਲ-ਨਾਲ ਅਜਿਹੇ ਸਿਧਾਂਤਾਂ ਦਾ ਮਿਲਗੋਭਾ ਵੀ ਕੌਮੀਅਤਾਂ ਸਵੀਕਾਰ ਕਰ ਲੈਂਦੀਆਂ ਹਨ, ਜਿਨ੍ਹਾਂ ਦਾ ਕੋਈ ਸਿਧਾਂਤਕ ਆਧਾਰ ਨਹੀਂ ਹੁੰਦਾ। ਪਰ ਇਸ ਨੂੰ ਐਨੀ ਮਾਨਤਾ ਪ੍ਰਾਪਤ ਹੋ ਜਾਂਦੀ ਹੈ ਕਿ ਇਹ ਮੂਲ ਹੋਣ ਦਾ ਭੁਲੇਖਾ ਪਾ ਅਸਲ ਸਿਧਾਂਤ ਨੂੰ ਗੌਣ ਮਹਿਸੂਸ ਕਰਾਉਣਾ ਸ਼ੁਰੂ ਕਰ ਦਿੰਦਾ ਹੈ। ਅਜਿਹੇ ਵਰਤਾਰੇ ਤੋਂ ਉਸ ਧਰਮ ਨਾਲ ਜੁੜੀਆਂ ਹੋਈਆਂ ਸੱਚੀਆਂ ਰੂਹਾਂ ਉਦਾਸ ਹੁੰਦੀਆਂ ਹਨ, ਕੁਝ ਕਰਨ ਦੀ ਭਾਵਨਾ ਉਨ੍ਹਾਂ ਦੇ ਮਨ ਵਿੱਚ ਪੈਦਾ ਹੁੰਦੀ ਹੈ, ਬੇਵਸ ਵੀ ਮਹਿਸੂਸ ਕਰਦੀਆਂ ਹਨ, ਪਰ ਜਦੋਂ ਇਹ ਇਕੱਠੀਆਂ ਹੋ ਜਾਂਦੀਆਂ ਹਨ ਤਾਂ ਅਜਿਹੀ ਲਹਿਰ ਖੜੀ ਕਰ ਦਿੰਦੀਆਂ ਹਨ ਕਿ ਬਿਪਰਨ ਕੀ ਰੀਤ ਤੋਂ ਚੇਤਨਾ ਦੇ ਪ੍ਰਕਾਸ਼ ਨਾਲ ਸਾਰੀ ਕੌਮ ਅੰਦਰੋਂ ਬਾਹਰੋਂ ਇੱਕ ਸੁਰ ਹੋ ਜਾਂਦੀ ਹੈ। ਇਹ ਸਾਰਾ ਕੁਝ ਸਾਮੀ ਧਰਮਾਂ ਵਿੱਚ ਵੀ ਵਾਪਰਿਆ ਅਤੇ ਪੂਰਬੀ ਧਰਮਾਂ ਵਿੱਚ ਵੀ। ਜਦੋਂ ਇਸਾਈ ਧਰਮ ਦੇ ਸਿਧਾਂਤਾਂ ਦੇ ਸਾਹਮਣੇ ਧੂੜ ਦੇ ਬੱਦਲ ਖੜੇ ਹੋ ਗਏ, ਸਵਰਗ ਦੀਆਂ ਟਿਕਟਾਂ ਦੀ ਬੁਕਿੰਗ ਸ਼ੁਰੂ ਹੋ ਗਈ ਤਾਂ ਫਿਰ ਪ੍ਰੋਟੈਸਟੈਂਟ ਲਹਿਰ ਨੂੰ ਸਾਹਮਣੇ ਆਉਣਾ ਪਿਆ। ਜਦੋਂ ਇਸਲਾਮ ਧਰਮ ਦੇ ਪੈਰੋਕਾਰਾਂ ਨੇ ਕੱਟੜਵਾਦ ਨੂੰ ਹੀ ਧਰਮ ਪ੍ਰਵਾਨ ਕਰ ਲਿਆ ਤਾਂ ਸੂਫੀਆਂ ਨੂੰ ਸਾਹਮਣੇ ਆਉਣਾ ਪਿਆ। ਪੂਰਬੀ ਧਰਮ ਜਿਨ੍ਹਾਂ ਦੀ ਜਨਮ ਭੋਅ ਹੋਣ ਦਾ ਮਾਣ ਭਾਰਤ ਨੂੰ ਪ੍ਰਾਪਤ ਹੈ, ਵਿੱਚ ਸੱਚ ਗੁਆਚ ਗਿਆ ਤਾਂ ਬਹੁਤ ਸਾਰੀਆਂ ਲਹਿਰਾਂ ਹੀ ਪੈਦਾ ਨਹੀਂ ਹੋਈਆਂ, ਸਗੋਂ ਨਵੇਂ ਧਰਮਾਂ ਦਾ ਪ੍ਰਕਾਸ਼ ਵੀ ਹੋਇਆ, ਜਿਨ੍ਹਾਂ ਨੇ ਦੰਭ ਦੇ ਅਤੇ ਪਾਖੰਡ ਦੇ ਸਾਏ ਹੇਠ ਜਿਊ ਰਹੀ ਲੋਕਾਈ ਨੂੰ ਨਵਾਂ ਜੀਵਨ ਬਖਸ਼ਿਆ। ਇਸ ਸਮੇਂ ਭਾਰਤ ਦੀ ਧਰਤੀ ਤੇ ਇੱਕ ਦੈਵੀ ਰੂਹ ਦਾ ਪ੍ਰਕਾਸ਼ ਹੋਇਆ, ਜਿਸ ਨੇ ਨਾ ਕੇਵਲ

* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸ਼ੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਥਾਪਤ ਕੀਤਾ, ਸਗੋਂ ਮਨੁੱਖ ਹੋਣ ਦਾ ਅਹਿਸਾਸ ਭੁੱਲ ਚੁਕੀ ਲੋਕਾਈ ਲਈ ਇੱਕ ਇਹੋ ਜਿਹੇ ਧਰਮ ਦਾ ਪ੍ਰਕਾਸ਼ ਕਰ ਦਿੱਤਾ, ਜਿਸ ਨੂੰ ਦੁਨੀਆਂ ਦੇ ਧਰਮਾਂ ਦੇ ਇਤਿਹਾਸ ਵਿੱਚ ਸਿੱਖ ਧਰਮ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਇਸ ਦੇ ਪੈਰੋਕਾਰਾਂ ਨੂੰ ਸਿੱਖ ਕੌਮ ਵਜੋਂ ਮਾਨਤਾ ਪ੍ਰਾਪਤ ਹੈ।

ਸਿੱਖ ਧਰਮ ਦੇ ਬਾਨੀ ਨੇ ਹਿੰਦੁਸਤਾਨ ਦੀ ਧਰਤੀ ਤੇ '੧' ਦਾ ਦੈਵੀ ਨਾਦ ਗੁੰਜਾ ਕੇ, ਉਨ੍ਹਾਂ ਨੂੰ ਪਰਮੇਸ਼ਵਰ ਦੇ ਪੁੱਤਰ ਹੋਣ ਦਾ ਅਹਿਸਾਸ ਕਰਾਇਆ। ਉਹ ੧ ਤੇ ਉਸਦੀ ਕਿਰਤ ਵੀ ੧ ਦਾ ਅਜਿਹਾ ਪਾਠ ਪੜ੍ਹਾਇਆ ਕਿ ਹਿੰਦੁਸਤਾਨ ਦਾ ਲੋਕਾਈ ਦੀਆਂ ਨਾੜਾਂ ਵਿੱਚ ਸਦੀਆਂ ਤੋਂ ਜਖ ਹੋਏ ਖੂਨ ਨੇ ਰੁਮਕਣਾ ਸ਼ੁਰੂ ਕਰ ਦਿੱਤਾ। ਹੁਣ ਗੁਰੂ ਨਾਨਕ ਉਨ੍ਹਾਂ ਦੀ ਮੁਕਤੀ ਦਾ ਰਹਿਬਰ ਸੀ ਅਤੇ ਉਹ ਉਸਦੇ 'ਬੰਦੇ'। ਦੂਰ-ਦਰਾਜ ਤੋਂ ਸੈਂਕੜਿਆਂ ਦੀ ਗਿਣਤੀ ਵਿਚ ਲੋਕ ਗੁਰੂ ਸਾਹਿਬ ਦੇ ਦੈਵੀ ਝੰਡੇ ਥੱਲੇ ਇਕੱਤਰ ਹੋਣ ਲੱਗੇ। ਗੁਰੂ ਨਾਨਕ ਪਾਤਸ਼ਾਹ ਨੇ ਸ਼ੋਸ਼ਣਕਾਰੀਆਂ ਦੀ ਧੱਕੇ-ਸ਼ਾਹੀ ਵਿਰੁੱਧ ਪਾਠ ਪੜ੍ਹਾਉਣ ਲਈ ਪੂਰੀ ਦੁਨੀਆਂ ਦਾ ਭਰਮਣ ਕੀਤਾ। ਬਰਾਬਰੀ, ਮਨੁੱਖੀ ਸਨਮਾਨ, ਸੁਤੰਤਰਤਾ ਅਤੇ ਭਾਈਚਾਰੇ ਦੇ ਅਜਿਹੇ ਪੂਰਨੇ ਪਾਏ ਕਿ ਉਹ ਦਮਨਕਾਰੀਆਂ ਵਿਰੁੱਧ ਗੁਰਮਤਿ ਦੇ ਝੰਡੇ ਹੇਠ ਲਾਮਬੰਦ ਹੋਣ ਲੱਗੇ ਅਤੇ ਭੂਤ ਤੇ ਭਵਿੱਖ ਦੇ ਚੱਕਰ ਵਿਚੋਂ ਨਿਕਲ ਕੇ ਵਰਤਮਾਨ ਦੀ ਸਥਾਪਨਾ ਉਨ੍ਹਾਂ ਦੀ ਮਾਨਸਿਕਤਾ ਦਾ ਹਿੱਸਾ ਬਣ ਗਈ। ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ ਮਨੁੱਖਾਂ ਦੇ ਮਾੜੇ ਭਾਗਾਂ 'ਤੇ ਰਹਿਮਤੇ ਬਾਰਸ਼ ਸਿੱਧ ਹੋਏ। ਗੁਲਾਮ ਜ਼ਹਿਨੀਅਤ ਦੇ ਕਾਲੇ ਬੱਦਲ ਛੰਡਣ ਲੱਗੇ ਅਤੇ ਇਨ੍ਹਾਂ ਵਿਚੋਂ ਨਵੇ-ਨਵੇਲੇ ਸੂਰਜ ਦੇ ਲਸ਼ਕਾਰੇ ਦੱਬੀ-ਕੁਚਲੀ ਲੋਕਾਈ ਲਈ ਨਵਾਂ ਸੁਨੇਹਾ ਲੈ ਕੇ ਆਉਣ ਲੱਗੇ।

ਇਨ੍ਹਾਂ ਪੂਰਨਿਆਂ ਨੂੰ ਬਾਕੀ ਗੁਰੂ ਸਾਹਿਬਾਨ ਨੇ ਅਮਲ ਵਿੱਚ ਤਬਦੀਲ ਕਰਦਿਆਂ ਸਿਰਲੱਥ ਸੂਰਮਿਆਂ ਦੀ ਇੱਕ ਅਜਿਹੀ ਕੌਮੀਅਤ ਤਿਆਰ ਕਰ ਦਿੱਤੀ, ਜੋ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ' ਦੇ ਸੰਕਲਪ ਨਾਲ ਸਰਸ਼ਾਰ ਹੋਈ ਪਈ ਸੀ। ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾ ਹਿੰਦੂ ਮੁਸਲਮਾਨ ਦਾ ਫਰਕ ਸੀ, ਨਾ ਹੀ ਉਚ-ਨੀਚ ਅਤੇ ਔਰਤ-ਮਰਦ ਦਾ। ਗੁਰੂ ਨਾਨਕ ਸਾਹਿਬ ਦਾ ਸੰਗੀ-ਸਾਥੀ ਭਾਈ ਮਰਦਾਨਾ, ਜੋ ਗੁਰੂ ਸਾਹਿਬ ਨਾਲ ਅੰਤਮ ਸੁਆਸ ਤਕ ਨਿਬਹਿਆ, ਮੁਸਲਮਾਨ ਧਰਮ ਨਾਲ ਸੰਬੰਧਿਤ ਸੀ ਅਤੇ ਅਖੌਤੀ ਨੀਵੀਂ ਮੰਨੀ ਜਾਂਦੀ ਸ਼੍ਰੇਣੀ ਮਰਾਸੀ ਜਾਤ ਦਾ ਸੀ।

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨੇ ਸਭ ਕਿਸਮ ਦੀਆਂ ਭ੍ਰਾਂਤੀਆਂ ਨੂੰ ਹਮੇਸ਼ਾਂ-ਹਮੇਸ਼ਾਂ ਲਈ ਖ਼ਤਮ ਕਰਦਿਆਂ ''ਕੋਈ ਬੋਲੈ ਰਾਮ ਰਾਮ ਕੋਈ ਖੁਦਾਇ'' ਦਾ ਅਜਿਹਾ ਸਬਕ ਪੜ੍ਹਾਇਆ ਕਿ ਜਨ ਸਾਧਾਰਣ ਲਈ ਗੁਰੂ-ਘਰ ਅੰਤਮ ਸਤ ਹੋ ਨਿਬੜਿਆ ਸੀ। ਹੁਣ ਹਿੰਦੁਸਤਾਨ ਦੇ ਕੋਨੇ-ਕੋਨੇ ਵਿੱਚ ਗੁਰੂ ਨਾਨਕ ਪਾਤਸ਼ਾਹ ਦੇ ਸਿੱਖ ਸਨ, ਇਲਾਹੀ ਨਾਦ ਦੀ ਗੂੰਜ ਸੀ ਅਤੇ ਇਹ ਗੂੰਜ ਕਿਸੇ ਵੱਡੇ ਸੱਚ ਵੱਲ ਇਸ਼ਾਰਾ ਕਰ ਰਹੀ ਸੀ। ਜਿਥੇ ਸੱਚ ਦੇ ਰਹਿਬਰਾਂ 'ਤੇ ਪ੍ਰਗਟ ਹੋਈ 'ਧੁਰ ਕੀ ਬਾਣੀ' ਦੇ ਨਾਦ ਨੇ ਹਿੰਦੁਸਤਾਨ ਦੇ ਕਣ-ਕਣ ਨੂੰ ਰੁਸ਼ਨਾ ਦਿੱਤਾ ਸੀ, ਉਥੇ ਕਾਲੀਆਂ ਰੂਹਾਂ ਦੇ ਧੁਰ ਅੰਦਰ ਤਕ ਕੰਬਣੀ ਵੀ ਛੇੜ ਕੇ ਰੱਖ ਦਿੱਤੀ ਸੀ। ਸਿੱਟੇ ਵਜੋਂ ਚੜ੍ਹਦੇ ਸੂਰਜ ਨੂੰ ਰੋਕਣ ਦੇ ਅਨੇਕਾਂ ਉਪਰਾਲੇ ਸ਼ੁਰੂ ਹੋ ਗਏ। ਇਹ ਉਪਰਾਲੇ ਬਾਹਰੀ ਵੀ ਸਨ ਅਤੇ ਅੰਦਰੂਨੀ ਵੀ।

ਕਾਲੀਆਂ ਅਤੇ ਬਦਰੂਹਾਂ ਲਈ ਇਹ ਅਸਹਿ ਸੀ। ਉਹ ਆਪਣੀ ਦੱਬੀ ਚਾਦਰ ਨਾਲ

ਇਸ ਚੜ੍ਹਦੇ ਸੂਰਜ ਦਾ ਪ੍ਰਕਾਸ਼ ਰੋਕਣ ਲਈ ਤਰਲੋ-ਮੱਛੀ ਹੋ ਰਹੇ ਸਨ। ਗੁਰੂ ਸਿਧਾਂਤ ਤੇ ਤੇਜ਼ ਨੇ ਇਨ੍ਹਾਂ ਬੌਣ ਧਾਰੀਆਂ ਨੂੰ ਨੰਗਿਆਂ ਕਰਕੇ ਰੱਖ ਦਿੱਤਾ ਸੀ। ਉਹ ਗੁੱਸੇ ਵਿੱਚ ਤਿਲਮਿਲਾ ਰਹੇ ਸਨ ਅਤੇ ਇਸ ਤਿਲਮਿਲਾਹਟ ਵਿੱਚ ਹਰ ਅਸੂਲ ਦਾ ਛਿੱਕੇ ਟੰਗਿਆ ਜਾਣਾ ਸੁਭਾਵਕ ਸੀ। ਉਨ੍ਹਾਂ ਦਾ ਗੁਰੂ ਅਰਜਨ ਪਾਤਸ਼ਾਹ ਨੂੰ ਸ਼ਹੀਦ ਕਰਕੇ ਖੁਸ਼ੀ ਦੇ ਡੰਕੇ ਵਜਾਉਣਾ ਬੌਣੀ ਜ਼ਹਿਨੀਅਤ ਦਾ ਨਤੀਜਾ ਹੀ ਸੀ ਪਰ ਸੱਚ ਦੇ ਪਾਂਧੀ ਆਪਣੀ ਮੰਜ਼ਿਲ ਤੱਕ ਪਹੁੰਚਣ ਲਈ ਸਿਰ 'ਤੇ ਕਫ਼ਨ ਬੰਨ੍ਹ ਕੇ ਨਿਕਲ ਚੁੱਕੇ ਸਨ।

ਗੁਰੂ ਤੇਗ ਬਹਾਦਰ ਸਾਹਿਬ ਦੀ ਗੁਰਿਆਈ ਵੇਲੇ ਤੱਕ ਨਾਨਕ ਘਰ ਦੇ ਸੱਚੇ ਨਾਦ ਨੇ ਪੂਰੇ ਹਿੰਦੁਸਤਾਨ ਵਿੱਚ ਹਕੂਮਤ ਨੂੰ ਤਰਲੋ-ਮੱਛੀ ਕਰਕੇ ਰੱਖ ਦਿੱਤਾ ਸੀ। ਸਰਕਾਰੇ ਦਰਬਾਰੇ ਸ਼ਿਕਾਇਤਾਂ ਦੇ ਜੰਗਲ ਉਗ ਆਏ ਸਨ। ਹੁਣ ਇਕੋ ਰਸਤਾ ਸੀ, ਜਾਂ ਤੇ ਹਥਿਆਰਬੰਦ ਘੋਲ ਜਾਂ ਪੰਚਮ ਪਾਤਸ਼ਾਹ ਵਾਂਗ ਸਿੱਖੀ ਦੇ ਬੂਟੇ ਨੂੰ ਹਰਾ-ਭਰਾ ਰੱਖਣ ਲਈ ਆਪਣੇ ਖੂਨ ਦੀ ਆਹੂਤੀ। ਗੁਰੂ ਤੇਗ ਬਹਾਦਰ ਜੀ ਨੇ ਦੂਜਾ ਰਾਹ ਚੁਣਿਆ। ਦਸਮ ਪਾਤਸ਼ਾਹ ਹਜ਼ੂਰ ਨੇ ਖਾਲਸੇ ਦੀ ਸਿਰਜਣਾ ਕਰਕੇ ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਾਇਆ ਅਤੇ ਸ਼ੋਸ਼ਨਕਾਰੀਆਂ ਵਿਰੁੱਧ ਸਿਰਲੱਥ ਸੂਰਮਿਆਂ ਦੀ ਇੱਕ ਅਜਿਹੀ ਕੌਮੀਅਤ ਖੜ੍ਹੀ ਕਰ ਦਿੱਤੀ, ਜਿਸਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ। ਗੁਰੂ ਪਾਤਸ਼ਾਹ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਦੀ ਧਰਤੀ 'ਤੇ ਭੇਜਿਆ, ਜਿਥੇ ਉਸ ਨੇ ਦਮਨਕਾਰੀਆਂ ਨੂੰ ਅਜਿਹੀ ਸਜ਼ਾ ਦਿੱਤੀ ਕਿ ਹਿੰਦੁਸਤਾਨ ਦੀ ਧਰਤੀ ਤੋਂ ਮੁਗਲੀਆ ਸਲਤਨਤ ਨੂੰ ਤਹਿਸ਼-ਨਹਿਸ਼ ਕਰਕੇ ਰੱਖ ਦਿੱਤਾ।

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖ ਧਰਮ ਲਈ ਸੰਕਟ ਦਾ ਸਮਾਂ ਸੀ। ਸ਼ਾਹੀ ਫੁਰਮਾਨ ਸਿੱਖਾਂ ਨੂੰ ਖਤਮ ਕਰਨ ਦਾ ਸੀ ਅਤੇ ਉਸ ਲਈ ਹਰ ਸਖਤੀ ਵਰਤੀ ਜਾ ਰਹੀ ਸੀ। ਲਗਭਗ ਪੰਜ ਦਹਾਕੇ ਕੌਮ ਨੇ ਖੂਨ ਦੀਆਂ ਨਦੀਆਂ ਪਾਰ ਕੀਤੀਆਂ। 'ਪੰਥ ਕੀ ਜੀਤ' ਦਾ ਇਲਾਹੀ ਬੋਲ ਉਨ੍ਹਾਂ ਦੀ ਰਗ-ਰਗ ਵਿੱਚ ਸਮਾਇਆ ਹੋਇਆ ਸੀ। 'ਰਾਜ ਕਰੇਗਾ ਖਾਲਸਾ' ਦਾ ਦੈਵੀ ਨਾਦ ਉਨ੍ਹਾਂ ਨੂੰ ਬਲ ਬਖਸ਼ਦਾ। ਫਲਸਰੂਪ ਉਨ੍ਹਾਂ ਨੇ ਹਕੂਮਤ ਦੀ ਹਰ ਤਲਖੀ ਅਤੇ ਹਰ ਜਬਰ ਨੂੰ ਖਿੜੇ ਮੱਥੇ ਸਹਾਰਦਿਆਂ ਹੋਇਆਂ ਰਬ ਦੇ ਸ਼ਾਹਦ ਹੋਣ ਦੀ ਅਦੁੱਤੀ ਮਿਸਾਲ ਸੰਸਾਰ ਸਾਹਮਣੇ ਪੇਸ਼ ਕਰ ਦਿੱਤੀ। ਮੌਤ ਨੂੰ ਮਖੌਲਾਂ ਕਰਨ ਵਾਲੇ ਇਨ੍ਹਾਂ ਸੂਰਮਿਆਂ ਨੇ ਜਾਬਰਾਂ ਦੀ ਦਾਤਰੀਆਂ ਨਾਲ ਤੁਲਨਾ ਕਰਦੇ ਹੋਏ ਕਿਹਾ ਕਿ ਅਸੀਂ ਇਨ੍ਹਾਂ ਦੇ ਸੋਏ ਹਾਂ, ਕਿਉਂਕਿ ਸੋਏ ਇੱਕ ਅਜਿਹੀ ਫ਼ਸਲ ਹੈ, ਜੋ ਕੱਟਣ ਲਗਿਆਂ ਜ਼ਮੀਨ 'ਤੇ ਝੜ ਜਾਂਦੀ ਹੈ ਅਤੇ ਇੱਕ ਬੂਟੇ ਤੋਂ ਅਨੇਕਾਂ ਬੂਟੇ ਪੈਦਾ ਹੋ ਜਾਂਦੇ ਹਨ। ਜੋ ਗੁਰੂ ਦੇ ਸਿੱਖ ਇਲਾਹੀ ਮਸਤੀ ਵਿੱਚ : "ਮੰਨੂ ਸਾਡੀ ਦਾਤਰੀ ਅਸੀਂ ਮੰਨੂ ਦੇ ਸੋਏ, ਜਿਉਂ ਜਿਉਂ ਮੰਨੂ ਵੱਢਦਾ ਅਸੀਂ ਦੂਣ ਸਵਾਏ ਹੋਏ" ਦਾ ਜਾਪ ਕਰਦੇ। ਮੌਤ ਤੋਂ ਬੇਖੌਫ ਇਨ੍ਹਾਂ ਸੂਰਮਿਆਂ ਨੇ ਅੰਤ ਮੌਤ 'ਤੇ ਕਾਬੂ ਪਾ ਲਿਆ ਅਤੇ ਆਪਣੀਆਂ ਕੁਰਬਾਨੀਆਂ ਸਦਕਾ ਮਿਸਲਾਂ ਦੀ ਸਥਾਪਨਾ ਕਰਦੇ ਹੋਏ ਸਿੰਧ ਨਦੀ ਤੋਂ ਲੈ ਕੇ ਜਮਨਾ ਤੱਕ ਖਾਲਸਾਈ ਝੰਡੇ ਝੁਲਾ ਦਿੱਤੇ। ਇਨ੍ਹਾਂ ਮਿਸਲਾਂ ਵਿਚੋਂ ਹੀ ਸ਼ੁਕਰਚੱਕੀਏ ਮਿਸਲ ਦੇ ਸਰਦਾਰ ਰਣਜੀਤ ਸਿੰਘ ਨੇ ਸਾਰੀਆਂ ਮਿਸਲਾਂ ਨੂੰ ਖਾਲਸਾਈ ਝੰਡੇ ਥੱਲੇ ਇਕੱਤਰ ਕਰ ਜੰਮੂ ਕਸ਼ਮੀਰ, ਲਦਾਖ ਅਤੇ ਸਿੰਧ ਪਾਰ ਦੇ ਇਲਾਕਿਆਂ ਉਪਰ ਕਬਜ਼ਾ ਕਰਕੇ ਖਾਲਸਾਈ ਰਾਜ ਦਾ ਵਿਸਤਾਰ ਚੀਨ ਅਤੇ ਅਫ਼ਗਾਨਿਸਤਾਨ ਤੱਕ ਕਰ ਦਿੱਤਾ।

ਸਿੱਖ ਰਾਜ ਦੀ ਸਥਾਪਨਾ ਹੋ ਗਈ ਅਤੇ ਮਹਾਰਾਜਾ ਰਣਜੀਤ ਸਿੰਘ ਇਸ ਰਾਜ ਦੇ ਮੁੱਖ ਪ੍ਰਬੰਧਕ ਬਣੇ। ਮਹਾਰਾਜਾ ਰਣਜੀਤ ਸਿੰਘ ਨੇ ਰਾਜ ਸਥਾਪਤੀ ਉਪਰੰਤ ਸਿੱਖ ਧਾਰਮਿਕ ਕੇਂਦਰਾਂ ਨੂੰ ਬੇਹੱਦ ਮਾਣ ਦਿੱਤਾ। ਵੱਡੀਆਂ ਜਗੀਰਾਂ ਅਤੇ ਧਨ ਗੁਰਦੁਆਰਿਆਂ ਵਿੱਚ ਭੇਟਾ ਰੂਪ ਵਿੱਚ ਦਿੱਤਾ ਜਾਣ ਲੱਗਾ। ਜਿਸ ਕਾਰਨ ਇਨ੍ਹਾਂ ਧਾਰਮਿਕ ਕੇਂਦਰਾਂ ਦੀ ਆਮਦਨ ਬੇਹੱਦ ਵਧ ਗਈ। ਇਥੇ ਮਹਾਰਾਜਾ ਰਣਜੀਤ ਸਿੰਘ ਕੋਲੋਂ ਇੱਕ ਅਹਿਮ ਭੁੱਲ ਹੋਈ, ਉਸ ਨੇ ਧਾਰਮਿਕ ਕੇਂਦਰਾਂ ਨੂੰ ਮਾਲਾਮਾਲ ਤੇ ਕਰ ਦਿੱਤਾ, ਪਰ ਇਨ੍ਹਾਂ ਕੇਂਦਰਾਂ ਦੇ ਕਾਰਜ ਵੱਲ ਵੇਖਣ ਦੀ ਬਿਲਕੁਲ ਅਣਗਹਿਲੀ ਕਰ ਦਿੱਤੀ। ਫਲਸਰੂਪ ਇਨ੍ਹਾਂ ਚੇਤਨਾ ਕੇਂਦਰਾਂ ਦੇ ਉਹ ਲੋਕ ਆਣ ਮਾਲਕ ਬਣੇ, ਜਿਨ੍ਹਾਂ ਦੀ ਨਿਗਾਹ ਵਿੱਚ ਕੇਵਲ ਇਨ੍ਹਾਂ ਧਰਮ ਅਸਥਾਨਾਂ ਦੀ ਅਮੀਰੀ ਸੀ, ਪਰ ਜਿਸ ਚੇਤਨਾ ਦਾ ਪ੍ਰਕਾਸ਼ ਇਥੋਂ ਹੋਣਾ ਸੀ, ਉਸ ਨਾਲ ਇਨ੍ਹਾਂ ਦਾ ਕੋਈ ਸਰੋਕਾਰ ਨਹੀਂ ਸੀ। ਦੂਸਰਾ ਇਹ ਲੋਕ ਸਿੱਖ ਰਾਜ ਦੀ ਠਾਠ-ਬਾਠ ਨੂੰ ਵੇਖ ਕੇ ਦਾੜ੍ਹੀ, ਕੇਸ ਰੱਖ ਰਹੇ ਸਨ। ਪਰ ਅੰਦਰੋਂ ਇਹ ਪੂਰੀ ਤਰ੍ਹਾਂ ਵੈਦਿਕ ਮੱਤ ਨਾਲ ਜੁੜੇ ਹੋਏ ਸਨ। ਸਿੱਟੇ ਵਜੋਂ ਸਿੱਖ ਧਰਮ ਦੇ ਇਨ੍ਹਾਂ ਪਵਿੱਤਰ ਅਸਥਾਨਾਂ ਵਿੱਚ ਉਹ ਸਾਰੇ ਕਰਮ-ਕਾਂਡ ਅਤੇ ਮਨਾਹੀਆਂ ਆਣ ਵੜੀਆਂ, ਜਿਨ੍ਹਾਂ ਦੀ ਸਿੱਖ ਧਰਮ ਵਿੱਚ ਸਖ਼ਤੀ ਨਾਲ ਮਨਾਹੀ ਸੀ। ਸਿੱਖ ਧਰਮ ਉਪਰ ਬਿਪਰਨ ਦੀ ਰੀਤ ਦੀ ਅਜਿਹੀ ਧੂੜ ਚੜ੍ਹੀ ਕਿ ਲੱਗਦਾ ਇਸ ਤਰ੍ਹਾਂ ਸੀ ਕਿ ਹੁਣ ਉਹ ਸਮਾਂ ਦੂਰ ਨਹੀਂ ਜਦੋਂ ਸਿੱਖ ਧਰਮ ਇਸ ਦੁਨੀਆਂ ਤੋਂ ਖ਼ਤਮ ਹੋ ਜਾਵੇਗਾ। ਇਸੇ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਜਾਂਦੀ ਹੈ। ਯੋਗ ਵਾਰਸ ਦੀ ਅਣਹੋਂਦ ਆਪਣਾ ਰੰਗ ਲਿਆਈ, ਸਿੱਖ ਰਾਜ ਕੁਝ ਸਮੇਂ ਵਿੱਚ ਹੀ ਖਿੰਡ-ਪੁੰਡ ਗਿਆ। ਅੰਗਰੇਜ਼ ਸਤਲੁਜ ਦਰਿਆ ਦੇ ਕੰਢੇ ਇਸੇ ਤਾਕ ਵਿੱਚ ਸਨ। ਅੰਤ 1849 ਈਸਵੀ ਨੂੰ ਅੰਗਰੇਜ਼ਾਂ ਨੇ ਸਮੁੱਚੇ ਸਿੱਖ ਰਾਜ 'ਤੇ ਕਬਜ਼ਾ ਕਰ ਇਸਨੂੰ ਅੰਗਰੇਜ਼ੀ ਹਕੂਮਤ ਵਿੱਚ ਮਿਲਾ ਲਿਆ। ਸਿੱਖ ਰਾਜ ਦਾ ਖ਼ਾਤਮਾ ਹੁੰਦੇ ਹੀ ਉਹ ਸਾਰੇ ਲੋਕ ਜੋ ਕੇਵਲ ਮੌਕਾ ਪ੍ਰਸਤੀ ਅਧੀਨ ਸਿੱਖ ਬਣੇ ਸਨ, ਆਪਣੇ ਦਾੜ੍ਹੀ, ਕੇਸ ਕਟਵਾ ਕੇ ਆਪਣੇ ਪਿਤਰੀ ਧਰਮਾਂ ਵਿੱਚ ਚਲੇ ਗਏ ਅਤੇ ਕੁਝ ਸਹਿਜਧਾਰੀ ਸਿੱਖ ਬਣ ਗਏ।[1] ਪੰਜਾਬ 'ਤੇ ਕਬਜ਼ਾ ਕਰਨ ਉਪਰੰਤ ਅੰਗਰੇਜ਼ਾਂ ਨੇ 1851-52 ਨੂੰ ਇੱਕ ਖੁਫੀਆ ਰਿਪੋਰਟ ਵਾਇਸ ਰਾਏ ਨੂੰ ਭੇਜੀ ਜਿਸ ਤੋਂ ਸਿੱਖ ਧਰਮ ਦੇ ਉਸ ਵੇਲੇ ਦੇ ਹਲਾਤਾਂ ਦੀ ਸਪਸ਼ਟ ਤਰਜ਼ਮਾਨੀ ਹੋ ਜਾਂਦੀ ਹੈ : "ਸਿੱਖ ਧਰਮ ਅਤੇ ਸਿੱਖ ਮਾਨਸਿਕਤਾ ਹੁਣ ਓਧਰ ਹੀ ਜਾ ਰਹੇ ਹਨ, ਜਿਸ ਪਾਸੇ ਸਿੱਖਾਂ ਦਾ ਰਾਜ ਪਹਿਲਾਂ ਹੀ ਜਾ ਚੁੱਕਾ ਹੈ। ਖ਼ਾਲਸਾ ਪੰਥ ਦੇ ਅੰਗਾਂ ਨਾਨਕ ਪੰਥੀ ਅਤੇ ਗੁਰੂ ਗੋਬਿੰਦ ਸਿੰਘ ਦੇ ਸਿੱਖਾਂ ਵਿਚੋਂ ਪਹਿਲੇ ਤੇ ਕਾਇਮ ਰਹਿਣਗੇ, ਪਰ ਦੂਜੇ ਨਹੀਂ। ਪੁਰਾਣੇ ਪਰਿਵਾਰ ਦੇ ਮੁਕਾਬਲੇ ਘੱਟ ਗਿਣਤੀ ਵਾਲੇ ਅਮਨ-ਪਸੰਦ ਨਾਨਕ ਪੰਥੀ ਸਿੱਖ ਸ਼ਾਇਦ ਆਪਣੀਆਂ ਧਾਰਮਿਕ ਰਹੁਰੀਤਾਂ ਨਾਲ ਜੁੜੇ ਰਹਿਣ। ਪਰ ਖ਼ਾਲਸਾ ਜਿਸ ਨੂੰ ਸਿੰਘ ਅਰਥਾਤ ਬਬਰ ਸ਼ੇਰ ਕਰਕੇ ਜਾਣਿਆ ਜਾਂਦਾ ਹੈ ਅਤੇ ਜੋ ਸਿੱਖੀ ਨੂੰ ਜੰਗਾਂ ਜਿੱਤਾਂ ਦਾ ਧਰਮ ਸਮਝ ਕੇ ਇਸ ਵੱਲ ਖਿਚੇ ਗਏ ਹੁਣ ਖ਼ਾਲਸੇ ਦੀ ਕਦਰ ਨਹੀਂ ਕਰਦੇ ਕਿਉਂਕਿ ਹੁਣ ਇਸ ਦਾ ਗੌਰਵ ਜਾ ਚੁੱਕਾ ਹੈ। ਇਹ ਲੋਕ ਹਜ਼ਾਰਾਂ ਦੀ ਗਿਣਤੀ ਵਿੱਚ ਪੰਥ ਵਿੱਚ ਸ਼ਾਮਲ ਹੋਏ ਸਨ ਅਤੇ ਹੁਣ ਉਸੇ ਹਿਸਾਬ ਨਾਲ ਛੱਡ ਕੇ ਜਾ ਰਹੇ ਸਨ। ਉਹ ਹਿੰਦੂ ਧਰਮ ਵਿੱਚ ਜਿਥੋਂ ਉਹ ਆਏ ਸਨ, ਵਾਪਸ ਜਾ ਰਹੇ ਹਨ। ਅੰਮ੍ਰਿਤਸਰ ਜੋ ਖ਼ਾਲਸੇ ਦਾ ਮੱਕਾ ਸੀ, ਉਧਰ ਵੀ ਲੋਕ ਬਹੁਤ ਘਟ ਜਾ ਰਹੇ ਹਨ। ਅੰਮ੍ਰਿਤ ਪ੍ਰਚਾਰ ਖ਼ਤਮ ਹੋਣ ਦੇ ਬਰਾਬਰ ਹੈ।[2] ਉਪਰੋਕਤ ਸਨਸਨੀ ਖੇਜ ਰਿਪੋਰਟ ਸਪਸ਼ਟ ਕਰਦੀ ਹੈ ਕਿ ਸਿੱਖ ਧਰਮ ਇਸ ਸਮੇਂ ਨੇਤਾਹੀਣ ਹੋਣ

ਕਰਕੇ ਡਕੋਡੋਲੇ ਖਾ ਰਿਹਾ ਸੀ। ਅਜਿਹੇ ਹਾਲਾਤ ਉਨ੍ਹਾਂ ਲੋਕਾਂ ਨੂੰ ਬੇਹੱਦ ਪਰੇਸ਼ਾਨ ਕਰਦੇ ਸਨ, ਜੋ ਪੂਰੀ ਤਰ੍ਹਾਂ ਸਿੱਖੀ ਸਿਧਾਂਤ ਨਾਲ ਇੱਕਸੁਰ ਹੋ ਕੇ ਜ਼ਿੰਦਗੀ ਬਸਰ ਕਰ ਰਹੇ ਸਨ। ਉਹ ਕੋਸ਼ਿਸ਼ ਵਿੱਚ ਸਨ ਕਿ ਕੋਈ ਇਹੋ ਜਿਹੀ ਲਹਿਰ ਲਾਮਬੰਦ ਕੀਤੀ ਜਾਵੇ ਜੋ ਸਿੱਖੀ ਦੇ ਸ਼ਾਨਮੱਤੇ ਇਤਿਹਾਸ ਨੂੰ ਜਿਉਂ ਦਾ ਤਿਉਂ ਨਵਾਂ ਨਰੋਆ ਕਰ ਦੇਵੇ। ਉਨ੍ਹਾਂ ਦੀ ਕੋਸ਼ਿਸ਼ ਸਫਲ ਹੋਈ ਅਤੇ 1873 ਈਸਵੀ ਵਿੱਚ ਸਿੰਘ ਸਭਾ ਲਹਿਰ ਹੋਂਦ ਵਿੱਚ ਆ ਗਈ, ਜਿਸਨੇ ਵਿਰਾਸਤ ਦੇ ਫਖਰ ਨੂੰ ਨਵਾਂ ਨਰੋਆ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ। ਹੁਣ ਅਸੀਂ ਉਨ੍ਹਾਂ ਕਾਰਣਾਂ ਵੱਲ ਝਾਤ ਮਾਰਨ ਦੀ ਕੋਸ਼ਿਸ਼ ਕਰਦੇ ਹਾਂ, ਜਿਨ੍ਹਾਂ ਸਦਕਾ ਸਿੰਘ ਸਭਾ ਲਹਿਰ ਦੀ ਸਥਾਪਨਾ ਹੋਈ।

### ਈਸਾਈ ਮਿਸ਼ਨਰੀ

ਯੂਰਪੀਨ ਦੇਸ਼ਾਂ ਦੀ ਇਹ ਖਾਸੀਅਤ ਰਹੀ ਹੈ ਕਿ ਉਹ ਜਿਸ ਦੇਸ਼ ਵਿੱਚ ਰਾਜ ਸਥਾਪਤੀ ਦੀ ਭਾਵਨਾ ਨਾਲ ਗਏ, ਉੱਥੇ ਉਹ ਆਪਣੇ ਨਾਲ ਆਪਣੇ 'ਧਰਮ ਦੇ ਪਰਚਾਰਕਾਂ' ਨੂੰ ਵੀ ਲੈ ਕੇ ਗਏ ਤਾਂ ਕਿ ਉਥੋਂ ਦੇ ਵਸਨੀਕਾਂ ਨੂੰ ਆਪਣੇ ਧਰਮ ਵਿੱਚ ਪਰਵਰਤਿਤ ਕਰਕੇ ਕਿਸੇ ਵੀ ਕਿਸਮ ਦੀ ਵਿਰੋਧਤਾ ਨੂੰ ਹਮੇਸ਼ਾਂ-ਹਮੇਸ਼ਾਂ ਲਈ ਖ਼ਤਮ ਕਰ ਦਿੱਤਾ ਜਾਵੇ। ਲਗਭਗ ਅਜਿਹਾ ਹੀ ਹਿੰਦੋਸਤਾਨ ਦੀ ਧਰਤੀ ਤੇ ਵੀ ਵਾਪਰਿਆ। ਸਮੁੱਚੇ ਭਾਰਤ ਉੱਤੇ ਕਬਜ਼ਾ ਕਰਨ ਤੋਂ ਬਾਅਦ ਉਨ੍ਹਾਂ ਦਾ ਧਿਆਨ 'ਖਾਲਸਾ ਰਾਜ ਵਲ ਹੋਇਆ'। ਪਰ ਉਹ ਸਿੱਖ ਰਾਜ ਦੀ ਤਾਕਤ ਅਤੇ ਸਿੱਖਾਂ ਦੇ ਲੜਾਕੂ ਗੁਣਾਂ ਤੋਂ ਭਲੀ-ਭਾਂਤ ਜਾਣੂ ਸਨ, ਇਸ ਲਈ ਉਨ੍ਹਾਂ ਨੇ ਸਿੱਧੇ ਰੂਪ ਵਿੱਚ ਸਿੱਖਾਂ ਦੇ ਵਿਰੋਧ ਤੋਂ ਬਚਣ ਦੀ ਹਰ ਕੋਸ਼ਿਸ਼ ਕੀਤੀ, ਪਰ ਠੰਢੀ ਯੁੱਧ ਨੀਤੀ ਦੀ ਵਰਤੋਂ ਕਰਦਿਆਂ ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਰਾਜ ਵਿਸਥਾਰ ਦੀ ਨੀਤੀ ਤੇ ਪੂਰੀ ਤਰ੍ਹਾਂ ਰੋਕ ਲਗਾ ਉਸਨੂੰ ਸਤਲੁਜ ਦਰਿਆ ਤੱਕ ਸੀਮਿਤ ਕਰ ਦਿੱਤਾ। ਹੁਣ ਸਤਲੁਜ ਤੱਕ ਉਨ੍ਹਾਂ ਨੂੰ ਖੁੱਲ ਖੇਡਣ ਦਾ ਮੌਕਾ ਮਿਲ ਗਿਆ। ਉਨ੍ਹਾਂ ਨੇ 1835 ਵਿੱਚ ਲੁਧਿਆਣੇ ਇੱਕ ਈਸਾਈ ਮਿਸ਼ਨ ਦੀ ਸਥਾਪਨਾ ਕੀਤੀ, ਜਿਸ ਨੇ ਪੰਜਾਬੀਆਂ ਦੀ ਮਾਨਸਿਕਤਾ ਦਾ ਪੂਰਨ ਅਧਿਐਨ ਕੀਤਾ ਅਤੇ ਫਿਰ ਅਜਿਹੇ ਕੰਮ ਕੀਤੇ, ਜਿਹੜੇ ਉਨ੍ਹਾਂ ਨੂੰ ਪ੍ਰਭਾਵਿਤ ਕਰ ਸਕਦੇ ਸਨ। ਸਭ ਤੋਂ ਪਹਿਲਾਂ ਉਨ੍ਹਾਂ ਨੇ ਗੁਰਮੁਖੀ ਛਾਪਾ ਖਾਨਾ ਸ਼ੁਰੂ ਕਰ ਦਿੱਤਾ ਅਤੇ ਇਸ ਵਿੱਚ ਛਪਾਈ ਲਈ ਸਿੱਖ ਧਰਮ ਗ੍ਰੰਥਾਂ ਨੂੰ ਚੁਣਿਆ ਗਿਆ, ਦੂਜਾ ਕੰਮ ਪੰਜਾਬੀ, ਅੰਗਰੇਜ਼ੀ ਸ਼ਬਦ ਕੋਸ਼ ਤਿਆਰ ਕਰਨਾ ਸੀ, ਤੀਸਰਾ ਮਹੱਤਵਪੂਰਨ ਕੰਮ ਪੰਜਾਬੀ ਦੀ ਵਿਆਕਰਣ ਕਰਕੇ ਭਾਸ਼ਾ ਨੂੰ ਸਮਝਣ ਦਾ ਯਤਨ ਸੀ, ਜਿਸ ਰਾਹੀਂ ਉਹ ਪੰਜਾਬੀ ਮਾਨਸਿਕਤਾ ਤੱਕ ਪਹੁੰਚ ਕਰ ਸਕਦੇ ਸਨ, ਚੌਥਾ ਮੁੱਖ ਕੰਮ ਬਾਈਬਲ ਦਾ ਪੰਜਾਬੀ ਅਨੁਵਾਦ ਕਰਕੇ ਉਸ ਨੂੰ ਮੁਫਤ ਵੰਡਣਾ ਸੀ।[3]

ਜਿਵੇਂ ਪਹਿਲਾਂ ਗੱਲ ਕਰ ਚੁੱਕੇ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਖੇਰੂੰ ਖੇਰੂੰ ਹੋ ਗਿਆ ਅਤੇ ਅੰਗਰੇਜ਼ ਪੰਜਾਬ ਉਪਰ ਪੂਰੀ ਤਰ੍ਹਾਂ ਕਾਬਜ਼ ਹੋ ਗਏ। ਹੁਣ ਉਨ੍ਹਾਂ ਨੇ ਪਹਿਲਾ ਕੰਮ ਇਹ ਕੀਤਾ ਕਿ ਅੰਮ੍ਰਿਤਸਰ ਵਿੱਚ ਈਸਾਈ ਮਿਸ਼ਨ ਸਥਾਪਤ ਕਰਕੇ ਦੋ ਪ੍ਰਚਾਰਕ ਸੀ. ਡਬਲਯੂ. ਫਾਰਮੈਨ ਅਤੇ ਜਾਨ ਨਿਊਟਨ ਨਿਯੁਕਤ ਕਰ ਦਿੱਤੇ, ਜੋ ਹਕੂਮਤ ਦੀ ਮਦਦ ਨਾਲ ਈਸਾਈ ਧਰਮ ਦੇ ਪ੍ਰਚਾਰ ਵਿੱਚ ਜੁਟ ਗਏ। ਇਸ ਮਿਸ਼ਨ ਦੀ ਦੇਖ-ਰੇਖ ਵਿੱਚ ਹੋਰ ਬਹੁਤ ਸਾਰੇ ਈਸਾਈ ਕੇਂਦਰਾਂ ਦੀ ਸਥਾਪਨਾ ਕੀਤੀ ਗਈ। ਫਰਵਰੀ, 1852 ਈਸਵੀ ਨੂੰ ਲਾਹੌਰ ਵਿੱਚ ਵੀ ਵੱਡਾ ਮਿਸ਼ਨ ਸਥਾਪਤ ਕਰ ਦਿੱਤਾ ਅਤੇ ਇਸ ਦੀ ਸਿੱਧੀ ਜ਼ਿੰਮੇਵਾਰੀ ਹੈਨਰੀ ਲਾਰੰਸ,

ਡਨਾਲਡ ਮੈਕਲੋਡ, ਹਰਬਰਟ ਐਡਵਰਜ, ਟੇਲਰ ਆਦਿ ਪ੍ਰਮੁਖ ਅਫਸਰਾਂ ਨੂੰ ਸੌਂਪ ਦਿੱਤੀ ਅਤੇ ਹੁਕਮ ਕੀਤਾ ਕਿ ਈਸਾਈ ਧਰਮ ਦੇ ਪ੍ਰਚਾਰ ਵਿੱਚ ਮਿਸ਼ਨਰੀਆਂ ਦੀ ਜ਼ਿੰਮੇਵਾਰੀ ਇਨ੍ਹਾਂ ਉਪਰ ਹੋਵੇਗੀ। ਇੰਗਲੈਂਡ ਵਿੱਚ ਇਸੇ ਸਮੇਂ ਈਸਟ ਇੰਡੀਆ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਦੇ ਚੇਅਰਮੈਨ ਜੇ. ਆਰ. ਮੈਂਗਲਜ ਨੇ ਬਰਤਾਨਵੀ ਪਾਰਲੀਮੈਂਟ ਵਿੱਚ ਸਪਸ਼ਟ ਕਿਹਾ ਕਿ : ਪਰਮੇਸ਼ਵਰ ਨੇ ਹਿੰਦੋਸਤਾਨ ਦਾ ਵਿਸ਼ਾਲ ਰਾਜ ਬਰਤਾਨੀਆ ਦੇ ਸਪੁਰਦ ਇਸ ਲਈ ਕੀਤਾ ਹੈ ਕਿ ਈਸਾ ਦੇ ਧਰਮ ਦਾ ਝੰਡਾ ਭਾਰਤ ਦੇ ਇੱਕ ਕੋਨੇ ਤੋਂ ਲੈ ਕੇ ਦੂਜੇ ਕੋਨੇ ਤੱਕ ਲਹਿਰਾਇਆ ਜਾਵੇ।[4]

ਅੰਗਰੇਜ਼ਾਂ ਦੀਆਂ ਨੀਤੀਆਂ ਤੋਂ ਸਪਸ਼ਟ ਸੀ ਕਿ ਉਹ ਹਰ ਹਾਲਤ ਵਿੱਚ ਭਾਰਤ ਵਿੱਚ ਈਸਾਈਅਤ ਦਾ ਬੋਲਬਾਲਾ ਕਰਨ ਲਈ ਤਤਪਰ ਸਨ। ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਵਧੀਆ ਹੁੰਗਾਰਾ ਵੀ ਮਿਲਿਆ। ਪਹਿਲਾ ਸਿੱਖ ਜੋ ਈਸਾਈ ਬਣਿਆ, ਉਸਦਾ ਨਾਂ ਦਾਊਦ ਸਿੰਘ ਸੀ, ਉਸਨੂੰ 1852 ਵਿੱਚ ਵੱਡੀ ਉਪਾਧੀ ਦਿੱਤੀ ਅਤੇ ਅੰਮ੍ਰਿਤਸਰ ਵਿੱਚ ਪਾਦਰੀ ਨਿਯੁਕਤ ਕੀਤਾ, ਜੋ ਈਸਾਈ ਧਰਮ ਵਿੱਚ ਅਹਿਮ ਰੁਤਬਾ ਰੱਖਦਾ ਸੀ।[5]

1853 ਵਿੱਚ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾ ਲਿਆ ਗਿਆ ਅਤੇ ਫਿਰ ਈਸਾਈ ਧਰਮ ਧਾਰਨ ਕਰਨ ਵਾਲਿਆਂ ਵਿੱਚ ਦੌੜ ਲੱਗ ਗਈ। ਖਾਸ ਕਰ ਨੀਵੀਆਂ ਜਾਤਾਂ ਦੇ ਸਿੱਖਾਂ ਲਈ ਆਰਥਿਕ ਵਸੀਲੇ ਪੈਦਾ ਕਰ ਉਨ੍ਹਾਂ ਨੂੰ ਈਸਾਈ ਧਰਮ ਵੱਲ ਆਕਰਸ਼ਤ ਕਰ ਲਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਈਸਾਈ ਪ੍ਰਚਾਰਕਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਹੁਣ ਉਹ ਦਿਨ ਦੂਰ ਨਹੀਂ ਜਦੋਂ ਹਰਿਮੰਦਰ ਚਰਚ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ।[6] 1855-56 ਨੂੰ ਇੱਕ ਹੋਰ ਖੁਫੀਆ ਰਿਪੋਰਟ ਵਾਇਸ ਰਾਏ ਨੂੰ ਭੇਜੀ ਗਈ, ਜੋ ਸਿੱਖ ਧਰਮ ਦੀ ਅਧੋਗਤੀ ਦਾ ਖੁਲਾਸਾ ਕਰਦੀ ਪ੍ਰਤੀਤ ਹੁੰਦੀ ਹੈ : ਹਾਲਾਤ ਇਸ ਆਮ ਮਨੌਤ ਦੀ ਭਰਪੂਰ ਗਵਾਹੀ ਦਿੰਦੇ ਹਨ ਕਿ ਸਿੱਖ ਕਬੀਲੇ ਦੀ ਗਿਣਤੀ ਬੜੀ ਤੇਜ਼ੀ ਨਾਲ ਘਟ ਰਹੀ ਹੈ। ਅਜੋਕੀ ਸਿੱਖੀ ਕੇਵਲ ਹਿੰਦੂਆਂ ਵਿਚੋਂ ਨਿਕਲਿਆ ਇੱਕ ਸਿਆਸੀ ਸੰਗਠਨ ਸੀ, ਜਿਸ ਵਿੱਚ ਲੋਕ ਸਮੇਂ ਦੀ ਤੋਰ ਅਨੁਸਾਰ ਸ਼ਾਮਿਲ ਹੁੰਦੇ ਜਾਂ ਛੱਡ ਜਾਂਦੇ। ਕੋਈ ਮਨੁੱਖ ਮੁਸਲਮਾਨਾਂ ਜਾਂ ਹਿੰਦੂਆਂ ਵਾਂਗ ਜੰਮਦਾ ਸਿੱਖ ਨਹੀਂ ਹੁੰਦਾ। ਉਸਨੂੰ ਇੱਕ ਵਿਸ਼ੇਸ਼ ਰਸਮ ਰਾਹੀਂ ਸਿੱਖੀ ਧਾਰਨ ਕਰਨੀ ਪੈਂਦੀ ਹੈ। ਹੁਣ ਜਦ ਕਿ ਸਿੱਖ ਰਾਜ ਖ਼ਤਮ ਹੋ ਚੁੱਕਾ ਹੈ, ਲੋਕ ਸਿੱਖੀ ਦੀ ਪਾਹੁਲ ਨਹੀਂ ਲੈਂਦੇ ਅਤੇ ਵਾਪਸ ਹਿੰਦੂ ਮੱਤ ਵਿੱਚ ਰਲ ਜਾਂਦੇ ਹਨ। ਉਂਞ ਇਸ ਗੱਲ 'ਤੇ ਯਕੀਨ ਨਹੀਂ ਆਉਂਦਾ, ਪਰ ਅੰਕੜਿਆਂ ਅਨੁਸਾਰ ਇਹ ਤੱਥ ਸਿੱਧ ਹੋ ਜਾਂਦਾ ਹੈ।[7]

ਉਪਰੋਕਤ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਿੱਖ ਧਰਮ ਅਸਲ ਵਿੱਚ ਰਸਾਤਲ ਵਲ ਜਾ ਰਿਹਾ ਸੀ ਅਤੇ ਇਸ ਨੂੰ ਰੋਕਣ ਲਈ ਕੁਝ ਕਰਨਾ ਲਾਜ਼ਮੀ ਸੀ।

### ਆਰੀਆ ਸਮਾਜ ਲਹਿਰ

ਆਰੀਆ ਸਮਾਜ ਲਹਿਰ ਦਾ ਆਰੰਭ ਸੁਆਮੀ ਦਯਾਨੰਦ ਜੀ ਦੁਆਰਾ ਬੰਬਈ ਵਿੱਚ ਕੀਤਾ ਗਿਆ।[8] ਇਸ ਲਹਿਰ ਦਾ ਮੁੱਖ ਮੰਤਵ ਤੇ ਆਦਰਸ਼ ਵੇਦਾਂ ਵਿੱਚ ਦਸੇ ਨਿਯਮਾਂ ਅਨੁਸਾਰ ਹਿੰਦੂ ਧਰਮ ਨੂੰ ਭਾਰਤੀ ਜਨ ਸਮੂਹ ਵਿੱਚ ਮੁੜ ਸੁਰਜੀਤ ਕਰਨਾ ਸੀ। ਇਸ ਕਰਕੇ ਇਹ ਲਹਿਰ 'ਵੇਦਾਂ ਵਲ ਵਾਪਸੀ' ਦੇ ਨਾਂਅਰੇ ਨਾਲ ਸ਼ੁਰੂ ਕੀਤੀ ਗਈ।[9] ਇਸ ਸ਼ਹਿਰ ਵਿੱਚ ਇਸ

ਲਹਿਰ ਨੂੰ ਕਈ ਹੁੰਗਾਰਾ ਨਾ ਮਿਲਿਆ, ਫਲਸਰੂਪ ਸਵਾਮੀ ਦਯਾਨੰਦ ਨੇ ਗੁਜਰਾਤ ਅਤੇ ਬੰਗਾਲ ਵਲ ਮੂੰਹ ਕੀਤਾ। ਪਰ ਉਥੇ ਵੀ ਉਸਨੂੰ ਨਿਰਾਸ਼ਤਾ ਹੀ ਹੱਥ ਲੱਗੀ। ਥੱਕ ਹਾਰ ਕੇ ਉਹ ਲਾਹੌਰ ਆਣ ਬੈਠਿਆ, ਜਿਹੜਾ ਹੁੰਗਾਰਾ ਉਸਨੂੰ ਪੰਜਾਬ ਦੀ ਧਰਤੀ 'ਤੇ ਮਿਲਿਆ, ਉਸ ਨਾਲ ਉਹ ਖੁਦ ਹੈਰਾਨੀ ਵਿੱਚ ਪੈ ਗਿਆ। ਭਾਸ਼ਾ ਅਤੇ ਸਭਿਆਚਾਰਕ ਵਖਰੇਵੇਂ ਦੇ ਬਾਵਜੂਦ ਪੰਜਾਬੀਆਂ ਨੇ ਭਾਵੇਂ ਉਹ ਹਿੰਦੂ ਸਨ ਜਾਂ ਸਿੱਖ ਉਸ ਨੂੰ ਅੱਖਾਂ ਉਪਰ ਚੁੱਕ ਲਿਆ।

ਪੰਜਾਬੀਆਂ ਦੇ ਇਸ ਹੁੰਗਾਰੇ ਨਾਲ ਉਸਨੂੰ ਆਪਣੀਆਂ ਆਸਾਂ ਤੇ ਬੂਰ ਪੈਂਦਾ ਨਜ਼ਰ ਆਉਣ ਲੱਗਾ। ਉਸਨੇ ਆਪਣੇ ਪ੍ਰਚਾਰ ਦਾ ਮੁਖ ਸ੍ਰੋਤ ਵੇਦਾਂ ਨੂੰ ਹੀ ਬਣਾਇਆ। ਵੇਦਾਂ ਦੀ ਸਿੱਖਿਆ ਦੇ ਨਾਲ-ਨਾਲ ਉਨ੍ਹਾਂ ਨੇ ਦੂਜੇ ਧਰਮਾਂ ਦੀ ਆਲੋਚਨਾ ਵੀ ਤਿਖੇ ਸ਼ਬਦਾਂ ਵਿੱਚ ਕਰਨੀ ਸ਼ੁਰੂ ਕਰ ਦਿੱਤੀ। ਇਸ ਆਲੋਚਨਾ ਨੇ ਹੌਲੀ-ਹੌਲੀ ਅਜਿਹਾ ਤੀਬਰ ਰੂਪ ਅਖਤਿਆਰ ਕਰ ਲਿਆ ਕਿ ਸਵਾਮੀ ਦਯਾਨੰਦ ਦੇ ਨਾਲ-ਨਾਲ ਉਸਦੇ ਚੇਲਿਆਂ ਨੇ ਗੁਰੂ ਨਾਨਕ ਅਤੇ ਮੁਹੰਮਦ ਸਾਹਿਬ ਨੂੰ ਅਨਪੜ੍ਹ ਅਤੇ ਅੱਧ ਬੁਧੀ ਦੇ ਕਹਿਣ ਤੋਂ ਵੀ ਗੁਰੇਜ਼ ਨਾ ਕੀਤਾ। ਪੰਜਾਬ ਦੇ ਸ਼ਾਂਤ ਮੌਸਮ ਵਿੱਚ ਜਿਵੇਂ ਹਨੇਰੀ ਆ ਗਈ ਹੋਵੇ। ਇਥੋਂ ਤਕ ਧਾਰਮਿਕ ਦੰਗਿਆਂ ਦੀ ਨੌਬਤ ਆ ਗਈ। ਇੱਕ ਲੇਖ ਰਾਜ ਨਾਂ ਦੇ ਆਰੀਆ ਸਮਾਜੀ ਨੂੰ ਇੱਕ ਮੁਸਲਮਾਨ ਨੇ ਉਸ ਵੇਲੇ ਕਤਲ ਕਰ ਦਿੱਤਾ, ਜਦੋਂ ਲੇਖ ਰਾਜ ਕਿਸੇ ਸਭਾ ਵਿੱਚ ਬੋਲ ਰਿਹਾ ਸੀ। ਪਰ ਇਸ ਘਟਨਾ ਦਾ ਵੀ ਸਵਾਮੀ ਦਯਾਨੰਦ 'ਤੇ ਕੋਈ ਅਸਰ ਨਾ ਹੋਇਆ। ਉਸਨੇ ਉਨ੍ਹਾਂ ਲੋਕਾਂ ਲਈ ਜੋ ਹਿੰਦੂ ਧਰਮ ਛੱਡ ਕੇ ਦੂਸਰੇ ਧਰਮਾਂ ਵਿੱਚ ਚਲੇ ਗਏ ਸਨ, ਉਨ੍ਹਾਂ ਲਈ ਮੁੜ ਧਰਮ ਬਦਲੀ ਦਾ ਅੰਦੋਲਨ ਚਲਾਇਆ ਅਤੇ ਇਸ ਲਈ ਬਕਾਇਦਾ ਇੱਕ ਸੰਮਤੀ ਦਾ ਗਠਨ ਕਰ ਦਿੱਤਾ, ਜਿਸਨੂੰ ਸ਼ੁਧੀ ਸਭਾ ਨਾਂ ਦਿੱਤਾ ਗਿਆ। ਹੁਣ ਉਨ੍ਹਾਂ ਦੇ ਨਿਸ਼ਾਨੇ 'ਤੇ ਸਿੱਖ ਧਰਮ ਸੀ। ਉਨ੍ਹਾਂ ਨੇ ਅਜਿਹੇ ਸਾਹਿਤ ਦੀ ਰਚਨਾ ਸ਼ੁਰੂ ਕਰ ਦਿੱਤੀ, ਜਿਸ ਵਿਚ ਮੁਖ ਨਿਸ਼ਾਨਾ ਸਿੱਖ ਧਰਮ ਨੂੰ ਬਣਾਇਆ। ਇਸ ਪ੍ਰਥਾਇ ਉਨ੍ਹਾਂ ਨੇ 'ਸਤਿਆਰਥ ਪ੍ਰਕਾਸ਼' ਪ੍ਰਕਾਸ਼ਤ ਕੀਤਾ।[10] ਇਸ ਪੁਸਤਕ ਵਿੱਚ ਉਨ੍ਹਾਂ ਨੇ ਆਪਣਾ ਨਿਸ਼ਾਨਾ ਸਿੱਖ ਗੁਰੂਆਂ ਨੂੰ ਬਣਾਇਆ ਅਤੇ ਉਨ੍ਹਾਂ ਦੇ ਵਿਰੁੱਧ ਬਹੁਤ ਹੀ ਅਸ਼ੋਭਾਜਨਕ ਸ਼ਬਦਾਵਲੀ ਦੀ ਵਰਤੋਂ ਕੀਤੀ। ਇਸ ਤੋਂ ਬਿਨਾਂ ਸਮੇਂ-ਸਮੇਂ ਤੇ ਇਸ਼ਤਿਹਾਰਬਾਜ਼ੀ ਕਰਦੇ ਜਿਸ ਵਿੱਚ ਗੁਰੂ ਸਾਹਿਬਾਨ ਬਾਰੇ ਨਿੰਦਣਯੋਗ ਗੱਲਾਂ ਆਮ ਦਰਜ ਹੁੰਦੀਆਂ ਸਨ। ਉਦਾਹਰਣ ਵਜੋਂ ਉਨ੍ਹਾਂ ਦੀ ਇੱਕ ਕਵਿਤਾ ਦਾ ਜ਼ਿਕਰ ਕਰਨਾ ਜ਼ਰੂਰੀ ਹੈ, ਜੋ ਗੁਰੂ ਨਾਨਕ ਦੇਵ ਜੀ ਤੇ ਦਸਮ ਪਾਤਸ਼ਾਹ ਦਾ ਮਖੌਲ ਉਡਾਉਂਦੀ ਨਜ਼ਰ ਆਉਂਦੀ ਹੈ :

*ਨਾਨਕ ਪੰਥੀ ਪੀਰ ਨੇ*
*ਇਕ ਨਵਾਂ ਚਲਾਇਆ ਪੰਥ*
*ਇਧਰ ਓਧਰ ਸ ਜੋੜਕੇ*
*ਲਿਖ ਮਾਰਿਆ ਇਕ ਗ੍ਰੰਥ*
*ਪਹਿਲਾ ਚੇਲੇ ਘੜ ਲੀਏ*
*ਪੀਛੇ ਬਦਲਾ ਭੇਸ ॥*

ਇਸ ਕਵਿਤਾ ਦਾ ਪਹਿਲਾ ਹਿੱਸਾ ਗੁਰੂ ਨਾਨਕ ਪਾਤਸ਼ਾਹ ਨੂੰ ਸੰਬੋਧਿਤ ਸੀ ਅਤੇ

ਅਖੀਰਲਾ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾਈ ਸਰੂਪ ਦੀ ਸਥਾਪਨਾ ਦੀ ਖਿਲੀ ਉਡਾ ਰਿਹਾ ਸੀ। ਸਿੱਖਾਂ ਲਈ ਹੁਣ ਹੋਰ ਸਹਿਣਾ ਮੁਸ਼ਕਲ ਸੀ ਅਤੇ ਉਨ੍ਹਾਂ ਨੇ ਅਜਿਹੇ ਆਦਮੀ ਨੂੰ ਸਿੱਧੇ ਰਸਤੇ ਤੇ ਲਿਆਉਣ ਲਈ ਭਾਈ ਦਿੱਤ ਸਿੰਘ ਦੀ ਅਗਵਾਈ ਵਿੱਚ ਵੰਗਾਰਿਆ, ਜਿਥੇ ਭਰੀ ਸਭਾ ਵਿੱਚ (ਸਿੰਘ ਸਭਾ ਲਹੌਰ) ਦੀ ਹੋ ਰਹੀ ਬਹਿਸ ਵਿਚੋਂ ਬਹਾਨਾ ਮਾਰ ਕੇ ਸਵਾਮੀ ਦਯਾਨੰਦ ਪਤਰਾ ਵਾਚ ਗਿਆ। ਹੁਣ ਸਿੱਖਾਂ ਲਈ ਇਕੋ ਰਸਤਾ ਸੀ, ਆਪਣੀ ਵਿਰਾਸਤ ਦੇ ਫਖਰ ਨੂੰ ਰੂਪਮਾਨ ਕਰਨ ਲਈ ਕਿਸੇ ਲਹਿਰ ਦੀ ਲਾਮਬੰਦੀ ਦਾ ਅਤੇ ਇਹ ਲਹਿਰ ਸਿੰਘ ਸਭਾ ਲਹਿਰ ਨਾਲ ਪ੍ਰਸਿੱਧ ਹੋਈ।

### ਬੇਦੀ, ਸੋਢੀ ਅਤੇ ਭੱਲੇ

ਸਿੱਖ ਗੁਰੂ ਸਾਹਿਬਾਨ ਬੇਦੀ, ਤ੍ਰੇਹਨ, ਭੱਲੇ ਅਤੇ ਸੋਢੀ ਪਰਿਵਾਰਾਂ ਨਾਲ ਸੰਬੰਧਿਤ ਸਨ। ਪਰ ਗੁਰੂ ਪਾਤਸ਼ਾਹਾਂ ਦੇ ਦਿੱਤੇ ਸਿਧਾਂਤ ਅਤੇ ਉਸ ਸਿਧਾਂਤ ਉਪਰ ਸਿਰਜੇ ਇਤਿਹਾਸ ਵਿੱਚ ਗੁਰੂ ਸਾਹਿਬਾਨ ਨੇ ਸਿੱਖ ਧਰਮ ਵਿੱਚ ਪਰਿਵਾਰਿਕ ਰਿਸ਼ਤਿਆਂ ਦੇ ਸਥਾਨ ਬਾਰੇ ਕੋਈ ਭੁਲੇਖਾ ਨਾ ਰਹਿਣ ਦਿੱਤਾ ਅਤੇ ਖੁਦ ਸਿੱਖਾਂ ਵਿਚੋਂ ਗੁਰੂ ਸਥਾਪਤ ਕਰਕੇ ਸਪਸ਼ਟ ਕਰ ਦਿੱਤਾ ਕਿ ਨਾਨਕ ਘਰ ਯੋਗਤਾ ਵਿੱਚ ਪ੍ਰਥਮ ਹੈ, ਸੰਬੰਧਾਂ ਵਿਚ ਨਹੀਂ। ਇਸ ਕਸਵੱਟੀ ਵਿੱਚ ਹੀ ਭਾਈ ਲਹਿਣਾ ਗੁਰੂ ਅੰਗਦ ਬਣਿਆ, ਪਰ ਗੁਰੂ ਪਾਤਸ਼ਾਹਾਂ ਦੇ ਚਲੇ ਜਾਣ ਤੋਂ ਬਾਅਦ, ਜਦੋਂ ਸਿੱਖ ਸਮੱਸਿਆਵਾਂ ਦੇ ਜੰਗਲਾਂ ਵਿਚੋਂ ਬਾਹਰ ਨਿਕਲ ਆਏ ਤਾਂ ਇਨ੍ਹਾਂ ਨੇ ਵੀ ਪਰ ਮਾਰਨੇ ਸ਼ੁਰੂ ਕਰ ਦਿੱਤੇ। ਆਪਣੇ ਆਪ ਨੂੰ ਗੁਰੂ ਪਰਿਵਾਰਾਂ ਨਾਲ ਸੰਬੰਧਿਤ ਕਰ ਸਾਧਾਰਣ ਸਿੱਖ ਮਾਨਸਿਕਤਾ ਦਾ ਸੋਸ਼ਣ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦੀਆਂ ਗੱਦੀਆਂ ਪੰਜਾਬ ਵਿੱਚ ਖੁੰਬਾਂ ਵਾਂਗੂੰ ਨਿਕਲ ਆਈਆਂ, ਹਰ ਪਿੰਡ ਹਰ ਕਸਬੇ ਵਿੱਚ ਇਨ੍ਹਾਂ ਨੇ ਗੁਰੂ ਡੰਮ ਸਥਾਪਤ ਕਰ ਲਿਆ। ਇਥੋਂ ਤਕ ਕੇ ਇਨ੍ਹਾਂ ਨੇ ਹਰਿਮੰਦਰ ਸਾਹਿਬ ਨੂੰ ਵੀ ਨਾ ਬਖਸ਼ਿਆ ਅਤੇ ਉਥੇ ਵੀ ਆਪਣੀਆਂ ਗੱਦੀਆਂ ਲਾ ਕੇ ਬੈਠ ਗਏ। ਇਹ ਪਾਖੰਡ ਧਾਰੀ ਆਪਣੀ ਪੂਜਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੀ ਕਰਵਾਉਂਦੇ ਅਤੇ ਪਜਾ ਦਾ ਧਾਨ ਆਪ ਹੀ ਹਜ਼ਮ ਕਰ ਜਾਂਦੇ। ਸਿੱਖਾਂ ਦੀ ਕੋਈ ਵੀ ਨੁਮਾਇੰਦਾ ਜਥੇਬੰਦੀ ਨਹੀਂ ਸੀ ਜਿਹੜੀ ਇਨ੍ਹਾਂ ਦੀਆਂ ਕਰਤੂਤਾਂ ਨੂੰ ਫਿਟਕਾਰਦੀ। ਤਖਤਾਂ, ਧਾਮਾਂ, ਬੁੰਗਿਆਂ ਨੂੰ ਇਨ੍ਹਾਂ ਆਪਣੀਆਂ ਨਿੱਜੀ ਜ਼ਾਇਦਾਦਾਂ ਵਾਂਗ ਵਰਤਣਾ ਸ਼ੁਰੂ ਕਰ ਦਿੱਤਾ। ਕੁਰੀਤੀਆਂ ਪ੍ਰਚਲਤ ਹੋ ਗਈਆਂ, ਜਿਸ ਪਾਸੇ ਤੋਂ ਗੁਰੂ ਸਾਹਿਬਾਨਾਂ ਨੇ ਜਾਣ ਤੋਂ ਵਰਜਿਆ ਸੀ ਉਹ ਸਾਰੇ ਸਿੱਖੀ ਦਾ ਅੰਗ ਬਣ ਗਏ ਅਤੇ ਹੁਣ ਸਿੱਖਾਂ ਕੋਲ ਹਨੇਰੇ ਵਿੱਚ ਹੱਥ ਮਾਰਨ ਤੋਂ ਬਿਨਾਂ ਹੋਰ ਕੁਝ ਨਹੀਂ ਸੀ। ਇਸ ਸਮੇਂ ਦੀ ਹਾਲਤ ਵੀ ਡਾ. ਬਲਬੀਰ ਸਿੰਘ ਬਹੁਤ ਖੂਬਸੂਰਤੀ ਨਾਲ ਵਰਨਣ ਕਰਦੇ ਹਨ :

> ਸਿੱਖ ਇਸ ਸਮੇਂ ਮਿਲਗੋਭੇ ਦੀ ਨਿਸਲਤਾ ਵਿੱਚ ਉਪਜ ਰਹੇ ਸਨ। ਕੌਮੀ ਰੰਗ ਦੇ ਚਿੰਨ ਬਦਲ ਚੁੱਕੇ ਸਨ। ਸਿੱਖ ਧਰਮ ਦੀ ਹਾਲਤ ਉਸ ਅਮੀਰ ਮਰੀਜ਼ ਵਰਗੀ ਸੀ, ਜਿਸਦੇ ਹੁਣ ਗੋਡੇ ਜੁੜੇ ਹੋਏ ਸਨ, ਜੋ ਵਾਧੂ ਦੇ ਰੋਗ ਨਾਲ ਮੰਜੇ ਉਪਰ ਸਿਥਲ ਪਿਆ ਸੀ, ਉਸ ਮਰੀਜ਼ ਨੂੰ ਜਦੋਂ ਖੰਘ ਦਾ ਦੌਰਾ ਪੈਂਦਾ ਤੇ ਉਹ ਉਠ ਪੈਂਦਾ ਅਤੇ ਫਿਰ ਘਬਰਾਹਟ ਵਿੱਚ ਮੰਜੇ ਤੇ ਡਿੱਗ ਪੈਂਦਾ। ਉਸ ਦੇ ਸਨੇਹੀ ਇਸ ਤਾਕ ਵਿੱਚ ਸਨ ਕਿ ਉਹ ਕਦੋਂ ਖ਼ਤਮ ਹੋਵੇ ਅਤੇ ਉਸਦੀ ਜ਼ਾਇਦਾਦ ਉਨ੍ਹਾਂ ਦੀ ਹੋ ਜਾਵੇ।[11]

### ਮਿਸ਼ਨ ਸਕੂਲ ਦੀ ਘਟਨਾ

1849 ਈਸਵੀ ਨੂੰ ਪੰਜਾਬ ਤੇ ਕਬਜ਼ਾ ਕਰਨ ਉਪਰੰਤ ਜਦੋਂ ਅੰਗਰੇਜ਼ਾਂ ਨੇ ਹਰ ਵਿਰੋਧ ਨੂੰ ਖ਼ਤਮ ਕਰ ਦਿੱਤਾ ਤਾਂ ਉਨ੍ਹਾਂ ਜਨ-ਸਾਧਾਰਣ ਨੂੰ ਪ੍ਰਭਾਵਿਤ ਕਰਨ ਹਿੱਤ ਲੋਕ ਭਲਾਈ ਦੇ ਕਾਰਜ ਸ਼ੁਰੂ ਕੀਤੇ, ਹਾਲਾਂਕਿ ਇਸ ਦੇ ਪਿਛੇ ਉਨ੍ਹਾਂ ਦੀ ਆਪਣੇ ਰਾਜ ਨੂੰ ਪੱਕੇ ਕਰਨ ਦੀ ਹਵਸ ਸਪਸ਼ਟ ਨਜ਼ਰ ਆਉਂਦੀ ਸੀ। ਇਨ੍ਹਾਂ ਕਾਰਜਾਂ ਤਹਿਤ 1853 ਈਸਵੀ ਨੂੰ ਅੰਮ੍ਰਿਤਸਰ ਵਿੱਚ ਇਸਾਈ ਮਿਸ਼ਨ ਸਕੂਲ ਦੀ ਸਥਾਪਨਾ ਕੀਤੀ ਗਈ ਸੀ, ਜਿਸ ਵਿੱਚ ਗੁਰਮੁਖੀ ਵਿੱਚ ਪੜ੍ਹਾਈ ਕਰਾਈ ਜਾਂਦੀ ਸੀ। ਪੜ੍ਹਾਈ ਦਾ ਸਾਰਾ ਖਰਚ ਸਰਕਾਰ ਦਾ ਸੀ। ਕਿਤਾਬਾਂ ਅਤੇ ਰੋਟੀ ਮੁਫ਼ਤ ਸਨ। ਪਰ ਇਥੇ ਪੜ੍ਹਨ ਵਾਲਿਆਂ ਉਪਰ ਇੱਕ ਸ਼ਰਤ ਸੀ ਕਿ ਉਹ ਹਰ ਰੋਜ਼ ਇੱਕ ਪੀਰੀਅਡ ਬਾਈਬਲ ਦਾ ਪਾਠ ਲਾਜ਼ਮੀ ਕਰਨਗੇ।[12] ਇਸੇ ਮਿਸ਼ਨ ਦੀ ਸਲਾਹ ਨਾਲ ਇੱਕ ਕਾਨੂੰਨ ਵੀ ਪਾਸ ਕਰ ਦਿੱਤਾ ਕਿ ਕਿਸੇ ਵੀ ਮਨੁੱਖ ਦੇ ਮਜ਼ਹਬ ਬਦਲਣ ਨਾਲ ਉਸਦਾ ਆਪਣੀ ਜਾਇਦਾਦ ਤੋਂ ਹੱਕ ਖ਼ਤਮ ਨਹੀਂ ਹੋਵੇਗਾ।[13] ਇਸ ਕਾਨੂੰਨ ਨਾਲ ਧਰਮ ਤਬਦੀਲ ਕਰਨ ਲਈ ਰਾਹ ਖੋਲ੍ਹ ਦਿੱਤਾ। ਬੇਸ਼ਕ ਇਸ ਦੇ ਜਲਦੀ-ਜਲਦੀ ਕੋਈ ਨਤੀਜੇ ਨਾ ਨਿਕਲੇ, ਕਿਉਂਕਿ ਭਾਰਤੀ ਲੋਕਾਂ ਵਿੱਚ ਧਰਮ ਛੱਡਣ ਨੂੰ ਬਹੁਤ ਮਾੜਾ ਸਮਝਿਆ ਜਾਂਦਾ ਸੀ ਪਰ ਈਸਾਈ ਮਿਸ਼ਨਰੀਆਂ ਦੀ ਕੋਸ਼ਿਸ਼ ਨੇ ਹੌਲੀ-ਹੌਲੀ ਰੰਗ ਲਿਆਉਣਾ ਸ਼ੁਰੂ ਕਰ ਦਿੱਤਾ। ਮਿਸ਼ਨਰੀਆਂ ਦੀ ਪ੍ਰੇਰਨਾ ਸਦਕਾ ਕੁਝ ਵਿਦਿਆਰਥੀਆਂ ਨੇ ਧਰਮ ਛੱਡਣਾ ਪ੍ਰਵਾਨ ਕਰ ਲਿਆ ਅਤੇ ਉਹ ਵੀ ਖੁੱਲ੍ਹੇ ਰੂਪ ਵਿੱਚ ਇੱਕ ਖਾਸ ਇਕੱਠ ਵਿੱਚ। ਇਹ ਚਾਰੇ ਵਿਦਿਆਰਥੀ ਸਿੱਖ ਧਰਮ ਨਾਲ ਸੰਬੰਧਤ ਸਨ ਅਤੇ ਇਨ੍ਹਾਂ ਦੇ ਨਾਮ ਸਨ : ਆਇਆ ਸਿੰਘ, ਅੱਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ। ਇਸ ਘਟਨਾ ਨੇ ਸਮੁੱਚੀ ਸਿੱਖ ਕੌਮ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਕੁਝ ਪੜ੍ਹੇ ਲਿਖੇ ਸਿੱਖਾਂ ਦੀ ਮਦਦ ਨਾਲ ਇਨ੍ਹਾਂ ਬੱਚਿਆਂ ਨੂੰ ਮਨਾ ਲਿਆ ਗਿਆ[14] ਅਤੇ ਸਿੱਖ ਇਤਿਹਾਸ ਕਲੰਕਤ ਹੋਣ ਤੋਂ ਬਚ ਗਿਆ।

### ਸਿੰਘ ਸਭਾ ਲਹਿਰ ਦੀ ਸਥਾਪਨਾ

1873 ਤੱਕ ਜਦੋਂ ਉਪਰੋਕਤ ਸਾਰੇ ਕਾਰਨਾਂ ਨੇ ਸਿੱਖ ਜਗਤ ਦੀ ਨੀਂਦ ਹਰਾਮ ਕਰ ਦਿੱਤੀ ਤਾਂ ਗੁਰੂ ਖਾਲਸਾ ਪੰਥ ਨੇ 30 ਜੁਲਾਈ, 1873 ਈਸਵੀ ਨੂੰ ਗੁਰੂ ਕੇ ਬਾਗ, ਅੰਮ੍ਰਿਤਸਰ ਵਿਖੇ ਇੱਕ ਭਾਰੀ ਇਕੱਠ ਕੀਤਾ, ਲੰਮੇ ਵਿਚਾਰ-ਵਟਾਂਦਰੇ ਹੋਏ, ਸਿੱਖ ਧਰਮ ਦੀ ਹੋ ਰਹੀ ਅਧੋਗਤੀ ਬਾਰੇ ਗੱਲਾਂ ਹੋਈਆਂ, ਇਹਨਾਂ ਵਿਚਾਰਾਂ ਉਪਰੰਤ ਸਿੰਘ ਸਭਾ ਲਹਿਰ ਦੀ ਸਥਾਪਤੀ ਦਾ ਐਲਾਨ ਕਰ ਦਿੱਤਾ। ਇਸ ਦਾ ਨਾਂ ਸ੍ਰੀ ਗੁਰੂ ਸਿੰਘ ਸਭਾ ਰੱਖਿਆ। ਪ੍ਰਧਾਨਗੀ ਦੇ ਅਹੁਦੇ ਤੇ ਸਰਦਾਰ ਠਾਕਰ ਸਿੰਘ ਸੰਧਾਵਾਲੀਆ ਸੁਸ਼ੋਭਿਤ ਹੋਏ ਅਤੇ ਸਕੱਤਰ ਗਿਆਨੀ ਗਿਆਨ ਸਿੰਘ ਨਿਯੁਕਤ ਕੀਤੇ ਗਏ। ਮੀਤ ਸਕੱਤਰ ਸਰਦਾਰ ਅਮਰ ਸਿੰਘ ਅਤੇ ਖਜ਼ਾਨਚੀ ਭਾਈ ਧਰਮ ਸਿੰਘ ਬੰਗਾ ਮਜੀਠੀਆ ਵਾਲਾ ਥਾਪੇ ਗਏ[15]। ਬਾਬਾ ਖੇਮ ਸਿੰਘ ਬੇਦੀ ਅਤੇ ਕੰਵਰ ਬਿਕਰਮਾ ਸਿੰਘ ਇਸ ਲਹਿਰ ਦੇ ਸਰਪ੍ਰਸਤ ਨਿਯੁਕਤ ਕੀਤੇ ਗਏ। ਸਿੰਘ ਸਭਾ ਲਹਿਰ ਦੀ ਸਥਾਪਤੀ ਉਪਰੰਤ ਪਹਿਲੀ ਮੀਟਿੰਗ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਰਖੀ ਗਈ। ਮੀਟਿੰਗ ਉਪਰੰਤ ਲਹਿਰ ਦੇ ਮੰਤਵ ਲਿਖਤ ਰੂਪ ਵਿੱਚ ਕੌਮ ਦੇ ਨਾਮ ਜਾਰੀ ਕਰ ਦਿੱਤੇ।

1. ਤਮਾਮ ਸਿੱਖ ਭਾਈ ਅਤੇ ਖਾਲਸਾ ਜੀ ਨੇ ਸਿੱਖ ਧਰਮ ਦੇ ਨਾਲ ਪਿਆਰ ਰੱਖਣਾ।

2. ਇਸ ਸ੍ਰੇਸ਼ਟ ਧਰਮ ਦੇ ਨਿਯਮਾਂ ਨੂੰ ਪ੍ਰਗਟ ਕਰਨਾ ਅਤੇ ਥਾਂ ਪਰ ਥਾਂ ਇਸ ਸ੍ਰੇਸ਼ਟ ਧਰਮ ਦੀ ਚਰਚਾ ਕਰਨੀ।
3. ਜਿਨ੍ਹਾਂ ਪੋਥੀਆਂ, ਕਿਤਾਬਾਂ ਵਿੱਚ ਧਰਮ ਦੀ ਵਡਿਆਈ ਤੇ ਭਲਿਆਈ ਪਾਈ ਜਾਂਦੀ ਹੈ, ਉਹਨਾਂ ਨੂੰ ਛਪਵਾ ਕੇ ਪ੍ਰਗਟ ਕਰਨਾ।
4. ਸੰਪ੍ਰਦਾਇ ਬਾਣੀ ਨੂੰ ਪ੍ਰਗਟ ਕਰਨਾ ਅਤੇ ਮਜ਼੍ਹਬੀ ਪੋਥੀਆਂ ਨੂੰ (ਜੈਸੇ ਜਨਮ ਸਾਖੀ ਅਤੇ ਗੁਰ ਪ੍ਰਕਾਸ਼ ਆਦਿਕ), ਜਿਨ੍ਹਾਂ ਵਿੱਚ ਕਿਸੀ ਤਰ੍ਹਾਂ ਦਾ ਕੁਝ ਸ਼ੰਸ਼ਾ ਹੈ ਉਨ੍ਹਾਂ ਨੂੰ ਅਸਲੇ ਕਢਾਇ ਕੇ ਅੱਗਾ ਪਿਛਾ ਦੇਖ ਕੇ ਸੁਧ ਕਰਨਾ।
5. ਪੰਜਾਬੀ ਜ਼ਬਾਨ ਦੁਆਰਾ ਇਲਮ ਮੁਰੱਵਜੇ ਦੀ ਉੱਨਤੀ ਕਰਨੀ ਅਤੇ ਇਸ ਅਭਿਪ੍ਰਾਇ ਨਾਲ ਰਸਾਲੇ ਤੇ ਅਖ਼ਬਾਰਾਂ ਨਿਕਾਲਣੀਆਂ।
6. ਜੋ ਲੋਕ ਸਿੱਖ ਧਰਮ ਦੇ ਵਿਰੋਧੀ ਹਨ ਅਥਵਾ ਜਿਨ੍ਹਾਂ ਇਸ ਦੇ ਵਿਰੁੱਧ ਕੁਝ ਕਿਹਾ ਅਥਵਾ ਸੁਣਿਆ ਹੈ ਅਥਵਾ ਜੋ ਸਿੱਖ ਲੋਕ ਤਖ਼ਤਾਂ ਤੋਂ ਖਾਰਜ ਹਨ, ਅਥਵਾ ਜਿਨ੍ਹਾਂ ਨੇ ਆਪਣੇ ਕੇਸਾਂ ਦੀ ਬੇਅਦਬੀ ਕਰਾਈ ਹੋਵੇ ਅਥਵਾ ਜੋ ਸਰਕਾਰ ਦੇ ਨਜ਼ਦੀਕ ਗਿਣੇ ਗਏ ਹੋਣ ਅਥਵਾ ਜੋ ਕੌਮ ਦੇ ਵਿਰੋਧੀ ਹੋਣ, ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ। ਮਗਰ ਜਦ ਇਹਨਾਂ ਵਿਚੋਂ ਕੋਈ ਪਿਛਲੀ ਕੀਤੀ ਤੋਂ ਤਨਖਾਹ ਲੁਆਏ ਤੇ ਅੱਗੇ ਸਭਾ ਦੀ ਰਾਇ ਨਾਲ ਸਹਿਮਤ ਹੋ ਜਾਵੇ ਤਾਂ ਮਿਲ ਸਕਦੇ ਹਨ।
7. ਵੱਡੇ ਮਰਤਬੇ ਵਾਲੇ ਅੰਗਰੇਜ਼ ਬਹਾਦਰ ਵਿਦਿਆ ਸ਼ਾਖ ਦੇ ਮੈਂਬਰ ਬਣ ਸਕਦੇ ਹਨ। ਹੋਰ ਕੌਮਾਂ ਤੇ ਪੰਥਾਂ ਦੇ ਲੋਕ ਵੀ ਸਿੰਘ ਸਭਾ ਦੇ ਮੈਂਬਰ ਤਦ ਬਣ ਸਕਦੇ ਹਨ ਜਦ ਇਹ ਚੰਗੀ ਤਰ੍ਹਾਂ ਮਾਲੂਮ ਹੋ ਜਾਵੇ ਕਿ ਉਹ ਸਿੱਖੀ ਧਰਮ ਤੇ ਪੰਜਾਬੀ ਦੇ ਖੈਰ ਖਾਹ ਹਨ।
8. ਕਿਸੀ ਦੂਸਰੇ ਮੱਤ ਦੇ ਵਿਰੁੱਧ ਕਹਿਣਾ ਸੁਣਨਾ ਅਥਵਾ ਲਿਖਣਾ ਸ੍ਰੀ ਗੁਰੂ ਸਿੰਘ ਸਭਾ ਦੇ ਕੰਮ ਨਹੀਂ।
9. ਨਿਸ਼ਚਿਤ ਯੋਗਤਾ ਦਾ ਧਾਰਨੀ ਕੋਈ ਵੀ ਦੇਸ਼ ਵਾਸੀ ਸਿੱਖ ਸਿੰਘ ਸਭਾ ਦਾ ਮੈਂਬਰ ਬਣ ਸਕਦਾ ਸੀ। ਉਸ ਦਾ ਸਿੱਖ ਹੋਣਾ ਅਤੇ ਗੁਰੂਆਂ ਦੀ ਸਿੱਖਿਆਵਾਂ ਵਿੱਚ ਵਿਸ਼ਵਾਸ ਰੱਖਣਾ ਜ਼ਰੂਰੀ ਸੀ।[16]

ਉਪਰੋਕਤ ਮੰਤਵਾਂ ਨੂੰ ਲੈ ਕੇ ਸਿੰਘ ਸਭਾ ਲਹਿਰ ਨੇ ਕਾਰਜ ਸ਼ੁਰੂ ਕੀਤਾ। ਪਰ ਕੌਮ ਨੂੰ ਕੋਈ ਵੱਡੀ ਪ੍ਰਾਪਤੀ ਨਾ ਹੋਈ, ਕਿਉਂਕਿ ਇਸ ਲਹਿਰ ਨਾਲ ਜੁੜੇ ਹੋਏ ਲੋਕ ਅਮੀਰ ਘਰਾਣਿਆਂ ਨਾਲ ਸੰਬੰਧਿਤ ਸਨ ਅਤੇ ਆਪਣੀ ਰੁਝੇਵੇਂ ਭਰੀ ਜ਼ਿੰਦਗੀ ਵਿਚੋਂ ਸਮਾਂ ਕੱਢਣਾ ਇਨ੍ਹਾਂ ਲਈ ਕੋਈ ਸੌਖਾ ਕਾਰਜ ਨਹੀਂ ਸੀ। ਦੂਜਾ ਇਨ੍ਹਾਂ ਲੀਡਰਾਂ ਦੀ ਆਪਸ ਵਿੱਚ ਵਿਚਾਰਧਾਰਕ ਸੁਮੇਲਤਾ ਵੀ ਨਹੀਂ ਸੀ। ਕੰਵਰ ਬਿਕਰਮਾ ਸਿੰਘ ਸਿੱਖ ਧਰਮ ਵਿੱਚ ਸੁਧਾਰ ਤੇ ਚਾਹੁੰਦਾ ਸੀ ਪਰ ਅੰਗਰੇਜ਼ਾਂ ਦੀ ਕਿਸੇ ਵੀ ਤਰ੍ਹਾਂ ਦੀ ਵਿਰੋਧਤਾ ਲੈਣ ਤੋਂ ਡਰਦਾ ਸੀ। ਸਰਦਾਰ ਸੰਧਾਵਾਲੀਆਂ ਦਲੇਰ ਆਦਮੀ ਸੀ ਅਤੇ ਇਸ ਲਹਿਰ ਰਾਹੀਂ ਖਾਲਸੇ ਦੇ ਖੁਸੇ ਰਾਜ ਨੂੰ ਮੁੜ ਸਥਾਪਤ ਕਰਨ ਵਾਲੀ ਸੋਚ ਦਾ ਧਾਰਨੀ ਸੀ। ਬਾਬਾ ਖੇਮ ਸਿੰਘ ਬੇਦੀ ਗੁਰੂ ਨਾਨਕ ਸਾਹਿਬ ਦੇ ਪਰਿਵਾਰ ਨਾਲ ਸੰਬੰਧਤ ਹੋਣ ਦਾ ਮਾਣ

ਪਾਲਦਾ ਸੀ ਅਤੇ ਉਸਦੀ ਆਪਣੀ ਸਿੱਖੀ ਸੇਵਕੀ ਸੀ। ਇਸ ਲਹਿਰ ਦਾ ਜੋਬਨ ਮੱਤਾ ਇਤਿਹਾਸ ਉਸ ਵੇਲੇ ਸ਼ੁਰੂ ਹੋਇਆ, ਜਦੋਂ ਪ੍ਰੋਫੈਸਰ ਗੁਰਮੁਖ ਸਿੰਘ, ਭਾਈ ਜਵਾਹਰ ਸਿੰਘ ਅਤੇ ਗਿਆਨੀ ਦਿੱਤ ਸਿੰਘ ਇਸ ਲਹਿਰ ਨਾਲ ਜੁੜੇ। ਪ੍ਰੋਫੈਸਰ ਗੁਰਮੁਖ ਸਿੰਘ ਗਰੀਬ ਕਿਰਸਾਨੀ ਪਰਿਵਾਰ ਨਾਲ ਸੰਬੰਧਤ ਸੀ ਜੋ ਕੁੰਵਰ ਬਿਕਰਮਾ ਸਿੰਘ ਦੀ ਸਹਾਇਤਾ ਨਾਲ ਪੜ੍ਹ ਕੇ ਲਾਹੌਰ ਦੇ ਕਿਸੇ ਕਾਲਜ ਵਿੱਚ ਅਧਿਆਪਕ ਦੇ ਅਹੁੱਦੇ ਤੱਕ ਪਹੁੰਚ ਗਿਆ ਸੀ। ਗਿਆਨੀ ਦਿੱਤ ਸਿੰਘ ਬਹੁਤ ਹੀ ਸੂਝਵਾਨ ਰਾਮਦਾਸੀਆ ਪਰਿਵਾਰ ਵਿੱਚ ਪੈਦਾ ਹੋਇਆ ਸੀ ਅਤੇ ਪਹਿਲਾ ਗੁਲਾਬ ਦਾਸੀਏ ਸੰਤਾਂ ਦਾ ਚੇਲਾ ਸੀ। ਸਰਦਾਰ ਜਵਾਹਰ ਸਿੰਘ ਰੇਲਵੇ ਵਿੱਚ ਮੁਲਾਜ਼ਮ ਸੀ ਅਤੇ ਆਰੀਆ ਸਮਾਜ ਨਾਲ ਗੂੜ੍ਹਾ ਸੰਬੰਧ ਰੱਖਦਾ ਸੀ। ਇਨ੍ਹਾਂ ਤਿੰਨਾਂ ਅੰਦਰ ਜਦੋਂ ਵਿਰਾਸਤ ਦੇ ਫਖਰ ਦਾ ਅਹਿਸਾਸ ਪੈਦਾ ਹੋਇਆ ਤਾਂ 12 ਨਵੰਬਰ, 1879 ਨੂੰ ਇਨ੍ਹਾਂ ਲਹੌਰ ਵਿੱਚ ਸਿੰਘ ਸਭਾ ਲਹਿਰ ਸਥਾਪਤ ਕੀਤੀ। ਇਨ੍ਹਾਂ ਤੋਂ ਪ੍ਰੇਰਤ ਹੋ ਕੇ ਵੱਖ-ਵੱਖ ਕਸਬਿਆਂ ਅਤੇ ਸ਼ਹਿਰਾਂ ਵਿੱਚ ਬਹੁਤ ਸਾਰੀਆਂ ਸਿੰਘ ਸਭਾਵਾਂ ਦੀ ਸਥਾਪਤੀ ਹੋ ਗਈ ਜੋ ਸਿੱਖੀ ਦੇ ਕਾਰਜ ਹਿੱਤ ਯਤਨਸ਼ੀਲ ਹੋਈਆਂ। ਇਨ੍ਹਾਂ ਸਾਰੀਆਂ ਸਿੰਘ ਸਭਾਵਾਂ ਵਿੱਚ ਤਾਲਮੇਲ ਰੱਖਣ ਲਈ ਸਿੰਘ ਸਭਾਵਾਂ ਦਾ ਇੱਕ ਇਜਲਾਸ ਅੰਮ੍ਰਿਤਸਰ ਵਿੱਚ ਬੁਲਾਇਆ ਗਿਆ, ਜਿਸ ਨੂੰ 1883 ਦੀ ਵਿਸਾਖੀ ਵਾਲੇ ਦਿਨ ਖਾਲਸਾ ਦੀਵਾਨ ਅੰਮ੍ਰਿਤਸਰ ਦਾ ਨਾਮ ਦਿੱਤਾ ਗਿਆ। ਇਸ ਦੇ ਸਰਪ੍ਰਸਤ ਫਰੀਦਕੋਟ ਦੇ ਕੁੰਵਰ ਬਿਕਰਮ ਸਿੰਘ ਬਣੇ। ਬਾਬਾ ਖੇਮ ਸਿੰਘ ਬੇਦੀ ਬਤੌਰ ਪ੍ਰਧਾਨ ਅਤੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਪ੍ਰੋ: ਗੁਰਮੁਖ ਸਿੰਘ ਨੂੰ ਸੌਂਪੀ ਗਈ। ਪਰ ਇਨ੍ਹਾਂ ਦੀ ਨਿਯੁਕਤੀ ਤੋਂ ਤੁਰੰਤ ਬਾਅਦ ਹੀ ਪ੍ਰਧਾਨ ਅਤੇ ਜਰਨਲ ਸਕੱਤਰ ਵਿਚਕਾਰ ਅਜਿਹੇ ਮਤਭੇਦ ਪੈਦਾ ਹੋਏ ਜੋ ਜਿਊਂਦੇ ਰਹਿਣ ਤਕ ਖਤਮ ਨਾ ਹੋਏ। ਖਾਲਸਾ ਦੀਵਾਨ ਅੰਮ੍ਰਿਤਸਰ ਦੀ ਪਹਿਲੀ ਮੀਟਿੰਗ ਵਿੱਚ ਇੱਕ ਮਤਾ ਰਖਿਆ ਗਿਆ, ਜਿਸ ਵਿੱਚ ਸਿੰਘ ਸਭਾ ਲਹਿਰ ਦਾ ਨਾਮ ਬਦਲ ਕੇ ਸਿੱਖ ਸਭਾ ਲਹਿਰ ਰੱਖਣ ਦੀ ਬੇਨਤੀ ਸੀ। ਪ੍ਰੋ. ਗੁਰਮੁਖ ਸਿੰਘ ਇਸ ਤੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਤੋਂ ਭਲੀ-ਭਾਂਤ ਵਾਕਫ ਸੀ, ਸੋ ਉਨ੍ਹਾਂ ਨੇ ਇਸ ਤਜਵੀਜ਼ ਨੂੰ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਪਰ ਬਾਬਾ ਖੇਮ ਸਿੰਘ ਬੇਦੀ ਨੇ ਪ੍ਰਧਾਨ ਦੀ ਹੈਸੀਅਤ ਵਿੱਚ ਇਸ ਮਤੇ ਨੂੰ ਪ੍ਰਵਾਨਗੀ ਦੇ ਦਿੱਤੀ। ਅਗਲੇ ਸਾਲ ਦੀ ਮੀਟਿੰਗ ਵਿੱਚ ਪ੍ਰੋਫੈਸਰ ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਨੇ ਨਾਂ ਬਦਲਣ ਦਾ ਮਸਲਾ ਉਠਾਇਆ, ਜਿਸ ਤੇ ਖੇਮ ਸਿੰਘ ਬੇਦੀ ਨੇ ਇਨ੍ਹਾਂ ਦੋਵਾਂ ਨੂੰ ਬੁਰਾ ਭਲਾ ਕਿਹਾ ਅਤੇ ਮੀਟਿੰਗ ਵਿਚੋਂ ਉਠ ਕੇ ਚਲਾ ਗਿਆ। ਅਗਲੇ ਦਿਨ ਉਸਨੇ ਦਰਬਾਰ ਸਾਹਿਬ ਆਪਣਾ ਗੱਦਾ ਲਾ ਲਿਆ ਅਤੇ ਪੂਜਾ ਕਰਵਾਉਣੀ ਸ਼ੁਰੂ ਕਰ ਦਿੱਤੀ। ਮਤਭੇਦ ਬਹੁਤ ਵੱਧ ਗਏ। ਸਿੱਟੇ ਵਜੋਂ ਖਾਲਸਾ ਦੀਵਾਨ ਲਾਹੌਰ ਦੀ ਸਥਾਪਨਾ ਕਰ ਲਈ ਗਈ। ਕੁੱਲ 36 ਸਿੰਘ ਸਭਾਵਾਂ ਵਿਚੋਂ 30 ਖਾਲਸਾ ਦੀਵਾਨ ਲਾਹੌਰ ਦੇ ਬੈਨਰ ਥੱਲੇ ਇਕੱਤਰ ਹੋ ਗਈਆਂ। ਬਾਬਾ ਖੇਮ ਸਿੰਘ ਬੇਦੀ ਕਲਮਕੱਲਾ ਰਹਿ ਗਿਆ। ਬਾਬਾ ਖੇਮ ਸਿੰਘ ਬੇਦੀ ਨੇ ਆਪਣਾ ਅਸਰ, ਰਸੂਖ ਵਰਤ ਕੇ ਅਕਾਲ ਤਖਤ ਸਾਹਿਬ ਤੋਂ ਮਾਰਚ 1887 ਨੂੰ ਪ੍ਰੋਫੈਸਰ ਗੁਰਮੁਖ ਸਿੰਘ ਵਿਰੁੱਧ ਹੁਕਮਨਾਮਾ ਜਾਰੀ ਕਰਾ ਕੇ ਉਸਨੂੰ ਪੰਥ ਵਿਚੋਂ ਛੇਕ ਦਿੱਤਾ ਅਤੇ ਬਾਅਦ ਵਿੱਚ ਦੂਜੇ ਤਖਤਾਂ ਤੋਂ ਵੀ ਇਸ ਪ੍ਰਥਾਇ ਹੁਕਮਨਾਮੇ ਜਾਰੀ ਕਰਵਾ ਦਿੱਤੇ।[17] ਗਿਆਨੀ ਦਿੱਤ ਸਿੰਘ ਹੋਰਾਂ ਤੇ ਗੜਵੀ ਚੋਰੀ ਦਾ ਇਲਜ਼ਾਮ ਲਾ ਕੇ ਫੌਜਦਾਰੀ ਕੇਸ ਦਰਜ ਕਰਵਾ ਦਿੱਤਾ। ਪਰ ਬਾਬਾ ਖੇਮ ਸਿੰਘ ਬੇਦੀ ਦੀਆਂ ਇਨ੍ਹਾਂ ਚਾਲਾਂ ਦਾ ਉਨ੍ਹਾਂ ਤੇ ਕੋਈ ਅਸਰ ਨਾ ਹੋਇਆ ਅਤੇ ਖਾਲਸਾ ਦੀਵਾਨ ਲਾਹੌਰ

ਦੇ ਝੰਡੇ ਥੱਲੇ ਸਿੰਘ ਸਭਾ ਲਹਿਰ ਫਲਦੀ-ਫੂਲਦੀ ਰਹੀ। ਸਿੰਘ ਸਭਾ ਲਹਿਰ ਦੇ ਇਹ ਸਾਰੇ ਮਹਾਰਥੀ ਉਨੀਵੀਂ ਸਦੀ ਦੇ ਅਖੀਰਲੇ ਦਹਾਕੇ ਵਿੱਚ ਸਵਰਗ ਸੁਧਾਰ ਗਏ, ਜਿਨ੍ਹਾਂ ਵਿੱਚ 1887 ਨੂੰ ਕੰਵਰ ਬਿਕਰਮਾ ਸਿੰਘ, 1898 ਵਿੱਚ ਪ੍ਰੋ. ਗੁਰਮੁਖ ਸਿੰਘ, 1901 ਵਿੱਚ ਗਿਆਨੀ ਦਿੱਤ ਸਿੰਘ ਅਤੇ ਬਾਬਾ ਖੇਮ ਸਿੰਘ ਬੇਦੀ ਪ੍ਰਮੁਖ ਸਨ। ਇਨ੍ਹਾਂ ਦੀ ਮੌਤ ਤੋਂ ਬਾਅਦ ਖਾਲਸਾ ਦੀਵਾਨ ਲਾਹੌਰ ਨੂੰ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦਾ ਨਾਂ ਦੇ ਕੇ ਲਾਹੌਰ ਤੋਂ ਅੰਮ੍ਰਿਤਸਰ ਤਬਦੀਲ ਕਰ ਦਿੱਤਾ ਗਿਆ, ਜੋ ਅੱਜ ਤਕ ਆਪਣੇ ਕਾਰਜ ਲਈ ਯਤਨਸ਼ੀਲ ਹੈ।

### ਸਿੰਘ ਸਭਾ ਲਹਿਰ ਦਾ ਟਕਸਾਲੀ ਯੋਗਦਾਨ

ਸਿੰਘ ਸਭਾ ਲਹਿਰ ਦਾ ਸਿਖਰ 1873 ਤੋਂ 1913 ਤੱਕ ਰਿਹਾ। ਇਸ ਸਮੇਂ ਵਿੱਚ ਇਸ ਨੇ ਅਹਿਮ ਪ੍ਰਾਪਤੀਆਂ ਹੀ ਨਹੀਂ ਕੀਤੀਆਂ, ਸਗੋਂ ਸਿੱਖਾਂ ਵਿੱਚ ਅਜਿਹੀ ਚੇਤਨਾ ਦਾ ਪ੍ਰਕਾਸ਼ ਕਰ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਅੰਗਰੇਜ਼ਾਂ ਦੀ ਗੁਲਾਮੀ ਵਿਚੋਂ ਹਿੰਦੋਸਤਾਨ ਨੂੰ ਕੱਢਣ ਲਈ ਸਿੱਖਾਂ ਨੇ ਅਹਿਮ ਰੋਲ ਅਦਾ ਕੀਤਾ। ਗੁਰਦੁਆਰਾ ਸੁਧਾਰ ਲਹਿਰ, ਬਬਰ ਅਕਾਲੀ ਦਲ, ਗਦਰ ਲਹਿਰ, ਸਿੰਘ ਸਭਾ ਲਹਿਰ ਦੀ ਚੇਤਨਾ ਦਾ ਅੰਮ੍ਰਿਤਫਲ ਪ੍ਰਵਾਨ ਕੀਤੇ ਜਾ ਸਕਦੇ ਹਨ।

ਸਿੰਘ ਸਭਾ ਲਹਿਰ ਦੇ ਬਾਨੀਆਂ ਨੇ ਈਸਾਈ ਮਿਸ਼ਨਰੀਆਂ ਨੂੰ ਕੰਮ ਕਰਦਿਆਂ ਨੂੰ ਵੇਖਿਆ, ਉਨ੍ਹਾਂ ਦੇ ਢੰਗ-ਤਰੀਕਿਆਂ ਨੂੰ ਨਿਰਖਿਆ ਪਰਖਿਆ। ਉਨ੍ਹਾਂ ਦੇ ਹਰਮਨ-ਪਿਆਰੇ ਹੋਣ ਦੇ ਕਾਰਨਾਂ ਵਿੱਚ ਜੋ ਉਨ੍ਹਾਂ ਨੂੰ ਦਿਸਿਆ ਉਹ ਸੀ, ਉਨ੍ਹਾਂ ਦਾ ਬੇਹੱਦ ਪੜ੍ਹੇ-ਲਿਖੇ ਹੋਣਾ, ਜਿਸ ਦੀ ਸਿੱਖ ਪੰਥ ਵਿੱਚ ਵੱਡੀ ਘਾਟ ਸੀ। ਇਸ ਘਾਟ ਨੂੰ ਪੂਰਾ ਕਰਨ ਲਈ ਯੋਜਨਾ-ਬੱਧ ਤਰੀਕੇ ਨਾਲ ਸਿੰਘ ਸਭਾ ਲਹਿਰ ਨੇ ਕੰਮ ਕੀਤਾ। ਸਕੂਲਾਂ ਅਤੇ ਕਾਲਜਾਂ ਦੀ ਸਥਾਪਨਾ ਵਲ ਵਧੇਰੇ ਧਿਆਨ ਦਿੱਤਾ। ਖਾਲਸਾ ਕਾਲਜ ਲਾਹੌਰ, ਕੁੜੀਆਂ ਦਾ ਖਾਲਸਾ ਸਕੂਲ ਮਿੰਟਗੁਮਰੀ ਅਤੇ ਫਿਰੋਜ਼ਪੁਰ ਇਸ ਸਭਾ ਦੀਆਂ ਅਹਿਮ ਪ੍ਰਾਪਤੀਆਂ ਸਨ। ਇਸ ਤੋਂ ਬਿਨਾਂ ਉਹ ਚੇਤੰਨ ਸਨ ਕਿ ਪੱਛਮ ਵਿੱਚ ਜੋ ਵਿਗਿਆਨ ਅਤੇ ਤਕਨੀਕ ਦੀ ਤਰੱਕੀ ਹੋਈ ਹੈ, ਉਸ ਤੋਂ ਸਿੱਖ ਜਗਤ ਨੂੰ ਵੀ ਜਾਣੂ ਕਰਵਾਇਆ ਜਾਵੇ, ਫਲਸਰੂਪ ਅਜਿਹੇ ਚਾਨਣ ਦਾ ਪ੍ਰਕਾਸ਼ ਕਰਦੀਆਂ ਕਿਤਾਬਾਂ ਨੂੰ ਗੁਰਮੁਖੀ ਲਿਪੀ ਵਿੱਚ ਹੀ ਨਹੀਂ ਛਪਵਾਇਆ ਸਗੋਂ ਯੋਗ ਅੰਗਰੇਜ਼ ਅਧਿਆਪਕਾਂ ਨੂੰ ਵੱਡੀਆਂ ਤਨਖਾਹਾਂ ਦੇ ਕੇ ਆਪਣੇ ਸਕੂਲਾਂ ਕਾਲਜਾਂ ਵਿੱਚ ਨਿਯੁਕਤ ਕਰਕੇ ਉਨ੍ਹਾਂ ਦੀ ਵਿਦਵਤਾ ਦਾ ਲਾਭ ਉਠਾਇਆ।

ਸਿੰਘ ਸਭਾ ਲਹਿਰ ਪ੍ਰੈਸ ਦੀ ਤਾਕਤ ਤੋਂ ਭਲੀ-ਭਾਂਤ ਜਾਣੂ ਸੀ। ਇਸ ਲਈ ਉਨ੍ਹਾਂ ਨੇ ਪਹਿਲੀ ਅਖ਼ਬਾਰ 'ਅਕਾਲ ਪ੍ਰਕਾਸ਼' ਦੇ ਨਾਂ ਤੇ ਜੂਨ 1876 ਵਿੱਚ ਸ਼ੁਰੂ ਕਰ ਦਿੱਤੀ, ਉਸ ਤੋਂ ਬਾਅਦ ਖਾਲਸਾ ਦੀਵਾਨ ਲਾਹੌਰ ਨੇ 1886 ਵਿੱਚ ਖਾਲਸਾ ਅਖ਼ਬਾਰ ਦਾ ਸੰਪਾਦਨ ਕਰਨਾ ਸ਼ੁਰੂ ਕਰ ਦਿੱਤਾ। ਖਾਲਸਾ ਗਜਟ 1887 ਵਿੱਚ ਅਤੇ ਸ੍ਰੀ ਗੁਰੂ ਸਿੰਘ ਸਭਾ ਗਜਟ 1893 ਵੱਡੀਆਂ ਪ੍ਰਾਪਤੀਆਂ ਸਨ। ਇਸ ਤੋਂ ਬਿਨਾਂ ਖਾਲਸਾ ਸਮਾਚਾਰ, ਸ੍ਰੀ ਗੁਰਮਤ ਪ੍ਰਕਾਸ਼ਕ, ਨਾਨਕ ਪ੍ਰਕਾਸ਼ ਦੀ ਖਾਲਸਾ ਹਰਮਨ ਪਿਆਰੇ ਅਖਬਾਰ ਸਨ।

ਸਿੰਘ ਸਭਾ ਲਹਿਰ ਦੀ ਸਰਪ੍ਰਸਤੀ ਅਧੀਨ ਖਾਲਸਾ ਪੰਥ ਦੇ ਗ੍ਰੰਥਾਂ ਦੀ ਛਪਾਈ ਦਾ ਕਾਰਜ ਵੀ ਸਪੰਨ ਹੋਇਆ। ਇਸ ਤੋਂ ਬਿਨਾਂ ਗੁਰਮਤ ਨਿਰਣਯ ਸਾਗਰ, ਗੁਰ ਤੀਰਥ ਸੰਗ੍ਰਹਿ, ਪੰਥ ਪ੍ਰਕਾਸ਼ ਤਵਾਰੀਖ, ਗੁਰੂ ਖਾਲਸਾ ਅਤੇ ਹਮ ਹਿੰਦੂ ਨਹੀਂ ਵੱਡੀਆਂ ਪ੍ਰਾਪਤੀਆਂ ਸਨ। ਉਪਰੋਕਤ

ਤੋਂ ਸਪਸ਼ਟ ਹੈ ਕਿ ਸਿੰਘ ਸਭਾ ਲਹਿਰ ਅੰਗਰੇਜ਼ਾਂ ਦੀ ਸਰਪ੍ਰਸਤੀ ਵਿੱਚ ਪਲ ਰਹੀ ਕੋਈ ਡਰੂ ਲਹਿਰ ਨਹੀਂ ਸੀ, ਸਗੋਂ ਇਸ ਨੇ ਜਿਸ ਵਕਤ ਕਾਰਜ ਸ਼ੁਰੂ ਕੀਤਾ ਉਸ ਸਮੇਂ ਦੀ ਨਬਜ਼ ਨੂੰ ਵੇਖਦੇ ਹੋਏ ਸੁਧਾਰਵਾਦੀ ਰੂਪ ਅਖਤਿਆਰ ਕੀਤਾ, ਪਰ ਆਉਣ ਵਾਲੇ ਸਮੇਂ ਲਈ ਉਹ ਇਸ ਤਰ੍ਹਾਂ ਦੀ ਜਰਖੇਜ਼ ਜ਼ਮੀਨ ਤਿਆਰ ਕਰ ਗਏ, ਜਿਸ ਵਿੱਚ ਹਿੰਦੋਸਤਾਨ ਨੂੰ ਆਜ਼ਾਦ ਕਰਨ ਵਾਲੀਆਂ ਰੂਹਾਂ ਖਾਲਸਾ ਜਲਾਲ ਨਾਲ ਸਰਸ਼ਾਹ ਹੋਈਆਂ ਅੰਗਰੇਜ਼ਾਂ ਵਿਰੁੱਧ ਜੂਝ ਪਈਆਂ ਅਤੇ ਹਿੰਦੋਸਤਾਨ ਦੇ ਮੱਥੇ ਤੋਂ ਗੁਲਾਮੀ ਦਾ ਕਲੰਕ ਲਾਹ ਮਾਰਿਆ।

## ਹਵਾਲੇ ਅਤੇ ਟਿੱਪਣੀਆਂ


1. ਹਰਬੰਸ ਸਿੰਘ : *ਦੀ ਹੈਰੀਟੇਜ ਆਫ ਦੀ ਸਿਖਸ਼*, ਪੰਨਾ 210
2. ਹਰਬੰਸ ਸਿੰਘ : *ਦੀ ਹੈਰੀਟੇਜ ਆਫ ਦੀ ਸਿਖਸ਼*, ਪੰਨਾ 231.
3. ਗੋਪਾਲ ਸਿੰਘ : *ਏ ਹਿਸਟਰੀ ਆਫ ਦਾ ਸਿੱਖ ਪੀਪਲ*, ਪੰਨਾ 607
4. ਵੀ. ਡੀ. ਸਾਵਰਕਰ : *ਇੰਡੀਅਨ ਵਾਰ ਆਫ ਇੰਡੀਪੈਂਨਡੈਂਸ*, ਪੰਨਾ 55
5. ਹਰਬੰਸ ਸਿੰਘ : ਉਹੀ ਰਚਨਾ, ਪੰਨਾ 232
6. ਡਾ. ਬਲਬੀਰ ਸਿੰਘ : *ਸ੍ਰੀ ਚਰਨਹਰਿ ਵਿਸਥਾਰ*, ਜਿਲਦ ਦੂਜੀ ਪੰਨਾ 62
7. ਹਰਬੰਸ ਸਿੰਘ : ਉਹੀ ਰਚਨਾ, ਪੰਨਾ 232
8. R. W. Fraza : *Indian Tought Past X Present*, P. 35
9. A. R. Desai : *Social Background of Indian Nationalism*, P. 230
10. ਡਾ. ਗੁਰਚਰਨ ਸਿੰਘ ਮਹਿਤਾ : *ਭਾਈ ਵੀਰ ਸਿੰਘ ਦੀ ਕਵਿਤਾ*, ਪੰਨਾ 8
11. ਡਾ. ਬਲਬੀਰ ਸਿੰਘ : *ਸ੍ਰੀ ਚਰਨਹਰਿ ਵਿਸਥਾਰ*, ਪੰਨਾ 64
12. ਪ੍ਰੋ. ਕਰਤਾਰ ਸਿੰਘ : *ਸਿੱਖ ਇਤਿਹਾਸ*, ਪੰਨਾ 21
13. ਸ.ਸ. ਅਮੋਲ : *ਪੰਜਾਬੀ ਸਾਹਿਤ ਵਿਚਾਰ*, ਪੰਨਾ 87
14. ਸਮਸ਼ੇਰ ਸਿੰਘ ਅਸ਼ੋਕ : *ਪੰਜਾਬੀ ਦੀਆਂ ਲਹਿਰਾਂ*, ਪੰਨਾ 87
15. ਸਿੰਘ ਸਭਾ ਲਹਿਰ (ਮਿਸ਼ਨਰੀ ਕਾਲਜ), ਪੰਨਾ 7
16. ਡਾਕਟਰ ਜਗਜੀਤ ਸਿੰਘ : *ਸਿੰਘ ਸਭਾ ਲਹਿਰ*, ਪੰਨਾ 16
17. ਸਮਸ਼ੇਰ ਸਿੰਘ ਅਸ਼ੋਕ : ਉਹੀ ਰਚਨਾ, ਪੰਨਾ 109

# ਭਾਰਤੀ ਧਾਰਮਿਕ ਸੰਗੀਤ ਸੰਪ੍ਰਦਾਇ : ਇਕ ਅਧਿਐਨ

ਡਾ. ਜਸਬੀਰ ਕੌਰ*

ਭਾਰਤੀ ਧਰਮਾਂ ਦੇ ਇਤਿਹਾਸ ਵਿਚ ਇਸ਼ਟ ਦੀ ਸਾਧਨਾ ਹਿੱਤ ਸਾਧਕ ਸਦੀਆਂ ਤੋਂ ਆਪਣੇ-ਆਪਣੇ ਧਰਮ ਅਨੁਸਾਰ ਕਾਰਜਸ਼ੀਲ ਰਹੇ ਹਨ। ਇਨ੍ਹਾਂ ਦੀਆਂ ਸਾਧਨਾਵਾਂ ਵਿਚ ਕਈ ਭਿੰਨਤਾਵਾਂ ਦੇ ਬਾਵਜੂਦ ਹਰ ਸਾਧਕ ਜੀਵ ਦੀ ਸਾਧਨਾ ਦਾ ਉਦੇਸ਼ ਇਕੋ ਹੀ ਹੈ। ਭਾਰਤੀ ਲੋਕਾਂ ਵਿਚ ਇਸ ਵੰਨ-ਸੁਵੰਨੀ ਧਰਮ ਭਾਵਨਾ ਨੇ ਕੇਵਲ ਦਾਰਸ਼ਨਿਕ ਵਾਦਾਂ ਅਤੇ ਧਾਰਮਿਕ ਮੱਤਾਂ ਨੂੰ ਹੀ ਜਨਮ ਨਹੀਂ ਦਿੱਤਾ ਸਗੋਂ ਇਥੋਂ ਦੀਆਂ ਕਲਾਵਾਂ ਉਪਰ ਵੀ ਗਹਿਰਾ ਪ੍ਰਭਾਵ ਪਾਇਆ ਹੈ। ਇਥੋਂ ਤੱਕ ਕਿ ਇਹਨਾਂ ਕਲਾਵਾਂ ਦੇ ਅਧਿਐਨ ਅਤੇ ਵਿਆਖਿਆਵਾਂ ਵਿੱਚ ਧਰਮ ਦੀ ਮੂਲ ਪ੍ਰਵਿਰਤੀ ਪਾਈ ਜਾਂਦੀ ਹੈ। ਇਸ ਖੋਜ ਨੂੰ ਮੁਖ ਰੱਖਦਿਆਂ ਜੇਕਰ ਸੰਗੀਤ ਸੰਦਰਭ ਵਿਚ ਵਾਚੀਏ ਤਾਂ ਸੰਗੀਤ ਦੀ ਉਤਪਤੀ ਅਤੇ ਇਸ ਦੇ ਪ੍ਰਯੋਜਨ ਦੀ ਬੁਨਿਆਦ ਵਿਚ ਉਪਰੋਕਤ ਤੱਥ ਦੇ ਪ੍ਰਮਾਣ ਸਹਿਜੇ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਸੰਗੀਤ ਦੀ ਉਤਪਤੀ ਸੰਬੰਧੀ ਮੂਲ ਰੂਪ ਵਿਚ ਪ੍ਰਚਲਿਤ ਮੱਤਾਂ ਵਿਚੋਂ ਸਰਬ ਪ੍ਰਥਮ ਅਤੇ ਵਧੇਰੇ ਪ੍ਰਚਲਿਤ ਮੱਤ ਅਧੀਨ ਸੰਗੀਤ ਨੂੰ ਦੈਵੀ ਸਿਰਜਨਾ ਮੰਨਿਆ ਗਿਆ। ਸੰਗੀਤ ਦੀ ਉਤਪਤੀ ਸੰਬੰਧੀ ਵਿਭਿੰਨ ਮੱਤ ਪ੍ਰਚਲਿਤ ਹਨ। ਵਿਸ਼ੇਸ਼ ਕਰਕੇ ਵਿਭਿੰਨ ਧਰਮਾਂ ਨੇ ਸੰਗੀਤ ਦੀ ਉਤਪਤੀ ਨੂੰ ਆਪੋ ਆਪਣੇ ਧਰਮਾਂ ਦੀ ਸੰਪ੍ਰਦਾ ਨਾਲ ਜੋੜਿਆ ਹੈ। ਭਾਵੇਂ ਇਨ੍ਹਾਂ ਦੇ ਪ੍ਰਮਾਣਿਕ ਹੋਣ ਬਾਰੇ ਕੋਈ ਵਿਸ਼ੇਸ਼ ਪ੍ਰਮਾਣ ਉਪਲੱਬਧ ਨਹੀਂ, ਪ੍ਰੰਤੂ ਵਿਭਿੰਨ ਪੁਸਤਕਾਂ ਗ੍ਰੰਥ ਵਿਚ ਇਨ੍ਹਾਂ ਦਾ ਉਲੇਖ ਪ੍ਰਾਪਤ ਹੁੰਦਾ ਹੈ। ਸੰਗੀਤ ਦਰਪਣ ਦੇ ਰਚੈਤਾ ਪੰਡਿਤ ਦਮੋਦਰ ਨੇ ਸੰਗੀਤ ਨੂੰ ਮੁਕਤੀਦਾਇਕ ਸਵੀਕਾਰਦਿਆਂ ਇਸ ਦਾ ਜਨਮ ਬ੍ਰਹਮ ਦੁਆਰਾ ਮੰਨਿਆ ਹੈ। ਹਿੰਦੂ ਧਰਮ ਸੰਪ੍ਰਦਾ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਬ੍ਰਹਮਾ ਜੀ ਤੋਂ ਇਹ ਕਲਾ ਸ਼ਿਵ ਜੀ ਨੂੰ ਸਰਸਵਤੀ ਤੋਂ ਨਾਰਦ ਜੀ, ਨਾਰਦ ਜੀ ਤੋਂ ਸਵਰਗਾਂ ਦੇ ਗੰਧਰਵ, ਕਿਨੰਰ ਅਤੇ ਇਸ ਉਪਰੰਤ ਅਪਸਰਾਵਾਂ ਨੂੰ ਪ੍ਰਾਪਤ ਹੋਈ। ਇਥੋਂ ਭਰਤ, ਨਾਰਦ ਅਤੇ ਹਨੂਮਾਨ ਭੂ-ਲੋਕ ਵਿਚ ਸੰਗੀਤ ਨੂੰ ਪ੍ਰਚਾਰਨ ਲਈ ਆਏ। ਵੱਖ-ਵੱਖ ਹਿੰਦੂ ਦੇਵਤਿਆਂ ਦੇ ਚਿੱਤਰਾਂ ਵਿਚ ਉਨ੍ਹਾਂ ਦੁਆਰਾ ਧਾਰਣ ਕੀਤੇ ਗਏ ਵਿਭਿੰਨ ਸੰਗੀਤਕ ਸਾਜ਼ ਇਸ ਤੱਥ ਦੀ ਪ੍ਰੋੜਤਾ ਕਰਦੇ ਹਨ ਜਿਵੇਂ ਕਿ ਸ਼ਿਵ ਜੀ ਦੇ ਹੱਥ ਵਿਚ ਡਮਰੂ, ਸਰਸਵਤੀ ਦੇ ਹੱਥ ਵਿਚ ਵੀਣਾ, ਭਗਵਾਨ ਵਿਸ਼ਨੂੰ ਦੇ ਹੱਥ ਵਿਚ ਸੰਖ, ਕ੍ਰਿਸ਼ਨ ਭਗਵਾਨ ਦੇ ਹੱਥ ਵਿਚ ਬੰਸਰੀ, ਨਾਰਦ ਜੀ ਦੇ ਹੱਥ ਵਿਚ ਇਕਤਾਰਾ ਵਰਣਨਯੋਗ ਹਨ।

ਭਾਰਤੀ ਕਲਾਵਾਂ ਅਤੇ ਸਾਹਿਤ ਦੇ ਅਧਿਐਨ ਵਿਚ ਸਾਹਿਤ ਅਤੇ ਕਲਾ ਦਾ ਬੁਨਿਆਦੀ ਸੰਬੰਧ ਵੈਦਿਕ ਪਰੰਪਰਾ ਨਾਲ ਜੋੜਿਆ ਜਾਂਦਾ ਹੈ। ਕੁਝ ਅਜਿਹੀਆਂ ਪਰਵਿਰਤੀਆਂ ਭਾਰਤੀ ਸੰਗੀਤ ਦੇ ਅਧਿਐਨਕਾਰਾਂ ਵਿਚ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ, ਪਰ ਭਾਰਤੀ ਸੰਗੀਤ ਇਕ ਵਿਸ਼ਾਲ

---

* ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪ੍ਰਾਚੀਨ ਪਰੰਪਰਾ ਭਾਰਤੀ ਲੋਕਾਂ ਵਿਚ ਵੈਦਿਕ ਪਰੰਪਰਾ ਤੋਂ ਪੂਰਵ ਵੀ ਪ੍ਰਚਲਿਤ ਰਹੀ ਹੋਵੇਗੀ। ਪ੍ਰੰਤੂ ਲਗਭਗ ਸਾਰੇ ਹੀ ਵਿਦਵਾਨ ਭਾਰਤੀ ਸੰਗੀਤ ਦੇ ਸਿਧਾਂਤਾਂ ਅਤੇ ਸਰੂਪ ਉਪਰ ਚਰਚਾ ਦਾ ਆਰੰਭ ਵੈਦਿਕ ਕਾਲ ਤੋਂ ਹੀ ਕਰਦੇ ਹਨ। ਅਜਿਹਾ ਸ਼ਾਇਦ ਇਸ ਕਰਕੇ ਕਿਉਂਕਿ ਵੇਦ ਗ੍ਰੰਥ ਆਪਣੇ ਸਮੇਂ ਦੇ ਸਾਹਿਤ ਅਤੇ ਸੰਗੀਤ ਲਈ ਮਹੱਤਵਪੂਰਨ ਤੇ ਪ੍ਰਮਾਣਿਕ ਸ੍ਰੋਤ ਹਨ ਪ੍ਰੰਤੂ ਇਸ ਦੇ ਨਾਲ ਹੀ ਇਕ ਧਰਮ ਭਾਵਨਾ ਵੀ ਜੁੜੀ ਹੋਈ ਹੈ, ਜਿਸ ਕਰਕੇ ਵੇਦਾਂ ਦੇ ਸੰਗੀਤ ਨੂੰ ਉੱਤਮ ਅਤੇ ਭਾਰਤੀ ਸੰਗੀਤ ਦਾ ਮੂਲ ਮੰਨਿਆ ਜਾਂਦਾ ਹੈ।[1] ਭਾਰਤ ਵਿਚ ਹੀ ਨਹੀਂ ਸਗੋਂ ਸਾਰੇ ਵਿਸ਼ਵ ਵਿਚ ਸੰਗੀਤ ਦਾ ਆਰੰਭ ਧਾਰਮਿਕ ਭਾਵਨਾਵਾਂ ਦੀ ਅਭਿਵਿਅਕਤੀ ਨਾਲ ਮੰਨਿਆ ਜਾਂਦਾ ਹੈ। ਪ੍ਰੰਤੂ ਭਾਰਤੀ ਸੰਸਕ੍ਰਿਤੀ ਤੋਂ ਬਿਨਾਂ ਵਿਸ਼ਵ ਦੀਆਂ ਬਾਕੀ ਸੰਸਕ੍ਰਿਤੀਆਂ ਵਿਚ ਧਰਮ ਭਾਵਨਾ ਦੇ ਤੱਤ ਅੱਜ ਨਾ-ਮਾਤਰ ਹੀ ਹਨ। ਉਨ੍ਹਾਂ ਦਾ ਅਦਿੱਖ ਸਾਹਿਤ ਜਿਸ ਦੇ ਆਧਾਰ ਉੱਤੇ ਉਨ੍ਹਾਂ ਦਾ ਪ੍ਰੀਚੇ ਪਾਇਆ ਜਾ ਸਕਦਾ ਸੀ, ਅੱਜ ਉਪਲੱਬਧ ਨਹੀਂ ਫਿਰ ਵੀ ਉਨ੍ਹਾਂ ਸਭਿਅਤਾਵਾਂ ਦੇ ਪੌਤਿਕ ਅਵਸ਼ੇਸ਼ ਸਮੇਂ-ਸਮੇਂ ਉਪਲੱਬਧ ਹੁੰਦੇ ਹਨ, ਜਿਨ੍ਹਾਂ ਤੋਂ ਇਸ ਸਮੇਂ ਦੇ ਜਨ-ਜੀਵਨ ਵਿਚ ਪ੍ਰਯੋਗ ਹੋਣ ਵਾਲੇ ਸੰਗੀਤ ਸਾਜ਼ਾਂ ਦੀ ਜਾਣਕਾਰੀ ਮਿਲਦੀ ਹੈ ਜੋ ਧਾਰਮਿਕ ਸੰਗੀਤ ਦੀ ਸੰਗਤ ਲਈ ਪ੍ਰਯੁਕਤ ਹੁੰਦੇ ਹਨ।[2]

ਉਪਰੋਕਤ ਸੰਦਰਭ ਵਿਚ ਹਿੰਦੁਸਤਾਨ ਸੰਗੀਤ ਨੂੰ ਵਾਚੀਏ ਤਾਂ ਦ੍ਰਾਵਿੜ ਕਾਲ ਅਤੇ ਉਸ ਉਪਰੰਤ ਸਿੰਧ ਘਾਟੀ ਦੇ ਲੋਕਾਂ ਵਿਚ ਵੀ ਸੰਗੀਤ ਪੂਜਾ, ਅਰਚਾਂ ਲਈ ਪ੍ਰਯੋਗ ਕੀਤਾ ਜਾਂਦਾ ਸੀ। ਹੜੱਪਾ, ਮਹਿੰਜੋਦੜੋ ਦੇ ਖੰਡਰਾਂ ਤੋਂ ਉਪਲੱਬਧ ਗਾ ਰਹੀ ਨਾਰੀ, ਨ੍ਰਿਤ ਕਰਦੀ ਨਾਰੀ, ਤਾਂਡਵ ਨ੍ਰਿਤ ਅਤੇ ਅਰਧਨਾਰੀ ਨਟੇਸਵਰ ਦੀਆਂ ਮੂਰਤੀਆਂ ਵੀ ਇਸ ਸਭਿਅਤਾ ਦੇ ਲੋਕਾਂ ਵਿਚ ਧਰਮ ਅਤੇ ਸੰਗੀਤ ਦਾ ਅਨਿੱਖੜਵਾਂ ਸੰਬੰਧ ਦਰਸਾਉਂਦੀਆਂ ਹਨ। ਅਸੀਂ ਕਹਿ ਸਕਦੇ ਹਾਂ ਕਿ ਭਾਰਤੀ ਲੋਕਾਂ ਵਿਚ ਵੈਦਿਕ ਕਾਲ ਤੋਂ ਪਹਿਲਾਂ ਵੀ ਸੰਗੀਤ ਕਾਫ਼ੀ ਪ੍ਰਚਾਰ ਵਿਚ ਸੀ ਅਤੇ ਧਰਮ ਭਾਵਨਾ ਇਸ ਦੀ ਵਿਸ਼ੇਸ਼ ਤੇ ਮਹੱਤਵਪੂਰਨ ਪਰਵਿਰਤੀ ਸੀ। ਇਥੇ ਅਸੀਂ ਵੱਖ-ਵੱਖ ਕਾਲਾਂ ਤੇ ਫਿਰਕਿਆਂ ਦੀਆਂ ਧਾਰਮਿਕ ਸੰਗੀਤ ਸੰਪ੍ਰਦਾਵਾਂ ਦਾ ਸੰਖੇਪ ਰੂਪ ਵਿਚ ਸਰਵੇਖਣ ਕਰਾਂਗੇ।

### ਵੈਦਿਕ ਸੰਗੀਤ ਪਰੰਪਰਾ

ਵੇਦਾਂ ਨੂੰ ਭਾਰਤੀ ਸੰਗੀਤ ਪਰੰਪਰਾ ਦਾ ਆਰੰਭਿਕ ਸਰੋਤ ਸਵੀਕਾਰਿਆ ਜਾਂਦਾ ਹੈ ਅਤੇ ਵੈਦਿਕ ਸੰਗੀਤ ਭਾਰਤੀ ਅਧਿਆਤਮਿਕ ਸੰਗੀਤ ਦਾ ਉਪਲੱਬਧ ਪ੍ਰਾਂਭਿਕ ਪ੍ਰਮਾਣਿਕ ਰੂਪ ਹੈ। ਚਾਰ ਵੇਦ ਗ੍ਰੰਥਾਂ ਵਿਚੋਂ ਇਕ 'ਸਾਮਵੇਦ' ਦਾ ਸੰਬੰਧ ਗਾਇਨ ਤੇ ਸੰਗੀਤ ਨਾਲ ਹੈ। ਇਸ ਨੂੰ ਭਾਰਤੀ ਸੰਗੀਤ ਸ਼ਾਸਤਰ ਦਾ ਪ੍ਰਥਮ ਸਰੋਤ ਮੰਨਿਆ ਜਾਂਦਾ ਹੈ। ਇਸ ਦਾ ਸਵਰੂਪ ਸਾਮਵੇਦ ਵਿਚੋਂ ਪ੍ਰਾਪਤ ਹੁੰਦਾ ਹੈ। ਸਾਮਵੇਦ ਵਿਚ ਅੰਕਿਤ ਮੰਤਰਾਂ ਦਾ ਗਾਇਨ ਸ਼ੁਰੂ ਵਿਚ ਉਦਾਂਤ, ਅਨੁਦਾਤ ਅਤੇ ਸਵਰਿਤ ਤਿੰਨਾਂ ਸੁਰਾਂ ਤੇ ਕੀਤਾ ਜਾਂਦਾ ਸੀ। ਇਨ੍ਹਾਂ ਤਿੰਨਾਂ ਤੋਂ ਬਾਅਦ ਸੰਪੂਰਣ ਸਪਤਕ ਹੋਂਦ ਵਿਚ ਆਇਆ। ਵੈਦਿਕ ਕਾਲ ਵਿਚ ਰਿਚਾਵਾਂ (ਮੰਤਰ) ਇਕ ਜਾਤੀ ਦੇ ਰੂਪ ਵਿੱਚ ਉਚਾਰੇ ਜਾਂਦੇ ਸਨ। ਇਨ੍ਹਾਂ ਵਿਚੋਂ ਕੁਝ ਕੁ ਸੁਰਬੱਧ ਵੀ ਕੀਤੇ ਅਤੇ ਇਸ ਤਰ੍ਹਾਂ ਛੇਤੀ ਹੀ ਗਾਇਕ ਪ੍ਰੋਹਿਤਾਂ ਦੀ ਸ਼੍ਰੇਣੀ ਹੋਂਦ ਵਿੱਚ ਆ ਗਈ। ਇਹ ਮੰਤਰ ਠੀਕ ਉਚਾਰਨ, ਪ੍ਰਾਸ ਸ਼ਬਦਾਂ ਤੇ ਵਿਸ਼ੇਸ਼ ਵਚਨ ਦੀ ਮੰਗ ਕਰਦੇ ਸਨ ਅਤੇ ਇਨ੍ਹਾਂ ਦਾ ਵਿਸਤਾਰ ਲੰਮੇ ਸਮੇਂ

ਤੱਕ ਹੁੰਦਾ ਸੀ। ਇਸ ਲਈ ਇਨ੍ਹਾਂ ਦੇ ਉਚਾਰਣ ਲਈ ਆਵਾਜ਼ ਦੇ ਲਗਾਓ-ਚੜ੍ਹਾਓ ਅਤੇ ਵਿਚਕਾਰਲੇ ਠਹਿਰਾਵਾਂ ਦੀ ਲੋੜ ਹੁੰਦੀ ਸੀ। ਇਸ ਪ੍ਰਕਾਰ ਅਚੇਤ ਹੀ ਰਾਗਾਤਮਿਕਤਾ ਅਤੇ ਲੈਅ ਦੇ ਜ਼ਰੂਰੀ ਤੱਤ ਪ੍ਰਸਿੱਧ ਹੋ ਗਏ। ਆਰੰਭ ਵਿਚ ਗੀਤਕਾ ਜਾਂ ਗੀਤ ਦਾ ਰੂਪ ਸਾਦਾ ਤੇ ਸੰਖੇਪ ਹੋਣਾ ਕੁਦਰਤੀ ਹੀ ਸੀ। ਹੌਲੀ-ਹੌਲੀ ਇਸ ਦੀਆਂ ਹੱਦਾਂ ਫੈਲੀਆਂ ਅਤੇ ਇਹ ਸਪਤਕ ਦੇ ਵੱਡੇ ਹਿੱਸੇ ਵਿਚ ਪਸਾਰ ਕਰਨ ਲੱਗਾ। ਇਹੋ ਗੱਲ ਤਾਲ ਜਾਂ ਲੈਅ ਬਾਰੇ ਠੀਕ ਸੀ। ਇਕ ਸਾਧਾਰਣ ਅੰਤਰਾਲ ਤੋਂ ਲੈਅ ਸਮੇਂ ਦੇ ਚੱਕਰਾਂ ਵਿਚ ਇਕ ਉੱਨਤ ਵਿਗਿਆਨ ਬਣ ਗਈ।[3] ਇਸ ਤਰ੍ਹਾਂ ਸਾਮਗਾਨ ਦੇ ਤਿੰਨ ਪ੍ਰਧਾਨ ਸਵਰ ਸੱਤ ਸਵਰਾਂ ਵਿਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਵਿਕਾਸ ਲਈ ਵੀ ਲੰਬਾ ਸਮਾਂ ਲੱਗਾ ਹੋਵੇਗਾ। ਇਤਿਹਾਸ ਅਨੁਸਾਰ ਸਾਨੂੰ ਸੱਤ ਸਵਰ ਮਿਲਦੇ ਹਨ ਅਤੇ ਇਹ ਸੱਤ ਸਵਰ ਕ੍ਰਮਿਕ ਵਿਕਾਸ ਨੂੰ ਲੈ ਕੇ ਚਲਦੇ ਹਨ 'ਸਾਮਗਾਨ', ਸਾਮਿਕ ਤੋਂ ਲੈ ਕੇ ਸੰਪੂਰਨ ਯੁੱਗ ਤੱਕ ਵਿਸਤਰਿਤ ਹੈ। 'ਸਾਮਿਕ' ਯੁੱਗ ਦਾ ਸਵਰ ਵਿਕਾਸ ਕੇਵਲ ਤਿੰਨ ਸਵਰਾਂ ਤੱਕ ਹੀ ਸੀਮਤ ਹੈ। ਇਹ ਤਿੰਨ ਵੈਦਿਕ ਸਵਰ ਕਰਿਸ਼ਟ, ਪ੍ਰਥਮ, ਚਤੁਰਥ ਹਨ। ਇਨ੍ਹਾਂ ਸਵਰਾਂ ਨੂੰ ਰਾਗ ਬਿਬੋਧਕਾਰ ਸੋਮਨਾਥ (16 ਸ਼ਤਾਬਦੀ) ਨੇ ਸਵੈਜ ਮਭੂ ਅਤੇ ਅਵਿਨਾਸ਼ੀ (Unborn and Uncreated) ਦੱਸਿਆ ਹੈ। ਪੁੱਤ੍ਰ ਕਲਿਨਾਥ (1440-1456) ਨੇ ਮਾਧਿਅਮ ਅਤੇ ਵੈਦਿਕ ਪ੍ਰਥਮ ਸਵਰ ਨੂੰ ਹੀ ਅਵਿਨਾਸ਼ੀ ਅਤੇ ਅਲੋਪੀ ਦੱਸਿਆ ਹੈ। ਸਾਰੰਗ ਦੇਵ ਨੇ ਮਧਿਅਮ ਸਵਰ ਨੂੰ ਹੀ ਅਵਿਨਾਸ਼ੀ ਸਵਰ ਮੰਨਿਆ ਹੈ। ਮਧਿਅਮ ਸਵਰ ਅਤੇ ਪ੍ਰਥਮ ਸਵਰ ਹੀ ਸ੍ਰਿਸ਼ਟੀ ਦਾ ਆਦਿ ਸਵਰ ਹੈ। ਅਕਾਸ਼ ਦੇਵਤਾ ਅਤੇ ਵਰੁਣ ਦੇਵਤਾ ਨੇ ਇਸ ਦੀ ਸ੍ਰਿਸ਼ਟੀ ਕੀਤੀ।[4] ਵੈਦਿਕ ਸਾਮਗਾਨ ਵਿਚ ਪ੍ਰਚਲਿਤ ਸੱਤ ਸਵਰ - ਕਰਿਸ਼ਟ, ਪ੍ਰਥਮ, ਦ੍ਵਿਤੀਆ, ਤ੍ਰਿਤੀਆ, ਚਤੁਰਥ, ਮਦਰ ਅਤੇ ਗਤਿ ਸਵਾਰਥ ਮਿਲਦੇ ਹਨ। ਵੈਦਿਕ ਸਾਹਿਤ ਵਿਚ ਇਹਨਾਂ ਦੇ ਨਾਮ ਅਤਿਨਿਹਤ, ਪ੍ਰਸਾਲਿਸ਼ਟ, ਜਾਤਜ, ਖੇਤਰ, ਪਾਦਬ੍ਰਤ, ਤੈਰਵਜਕ ਅਤੇ ਤੇਰ ਵਿਰਾਮ ਵੀ ਹਨ। ਛੰਦ, ਉਪਨਿਸ਼ਦ ਵਿਚ ਅਨਿਰੁਕਤ, ਨਿਰਯੁਕਤ, ਮਰਬ੍ਹ, ਕੋਜ ਆਦਿ ਨਾਮ ਮਿਲਦੇ ਹਨ।[5]

ਸਾਮਗਾਨ ਸੰਬੰਧੀ ਧਾਰਨਾ ਹੈ ਕਿ ਸਾਮਵੇਦ ਦੇ ਮੰਤਰਾਂ ਦਾ ਗਾਇਨ ਰਿਸ਼ੀਆਂ ਦੁਆਰਾ ਧਾਰਮਿਕ ਸਮਾਗਮਾਂ ਜਿਵੇਂ ਕਿ ਯੱਗ, ਹਵਨ ਆਦਿ ਸਮੇਂ ਦੇਵੀ-ਦੇਵਤਿਆਂ ਦੀ ਮਹਿਮਾ ਲਈ ਕੀਤਾ ਜਾਂਦਾ ਸੀ, ਵੈਦ ਵਾਕਿਆਂ ਵਿਚ ਸਮਝਾਏ ਇਸ ਸੰਗੀਤ ਨੂੰ ਉਪਯੋਗ ਵਿੱਚ ਲਿਆਉਂਦੇ ਹੋਏ ਬ੍ਰਾਹਮਣ ਅਤੇ ਵਿਦਵਾਨ ਜਨ ਇਸ ਲੋਕ ਪਰਲੋਕ ਦੇ ਮੋਕਸ਼ ਸੁੱਖ ਨੂੰ ਜਲਦੀ ਹੀ ਪ੍ਰਾਪਤ ਕਰ ਲੈਂਦੇ ਸਨ।[6]

ਵੈਦਿਕ ਸੰਗੀਤ ਤੋਂ ਬਾਅਦ ਸੰਗੀਤ ਧਾਰਮਿਕ ਪੂਜਾ ਪਾਠ ਦਾ ਅਨਿੱਖੜਵਾਂ ਅੰਗ ਸੀ। ਬ੍ਰਾਹਮਣ ਗ੍ਰੰਥਾਂ ਵਿਚ ਕਾਵਿ (ਰਿਕ) ਅਤੇ ਸੰਗੀਤ (ਸਾਮ) ਦੇ ਪ੍ਰਸਪਰਿਕ ਸੰਬੰਧਾਂ ਨੂੰ ਦਾਂਪਤਯ ਰੂਪਕਾ ਦੁਆਰਾ ਵਿਅਕਤ ਕੀਤਾ ਗਿਆ ਹੈ।[7] ਉਪਨਿਸ਼ਦਾਂ ਵਿਚ ਵੀ ਸੰਗੀਤ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਸੀ। ਇਸ ਸਮੇਂ ਸਾਰੀ ਵਿਦਿਆ ਨੂੰ 'ਪਰਾ ਵਿਦਿਆ' ਅਤੇ 'ਅਪਰਾ ਵਿਦਿਆ' ਨਾਮਕ ਦੋ ਭਾਗਾਂ ਵਿਚ ਵਿਭਾਜਿਤ ਕੀਤਾ ਜਾਂਦਾ ਸੀ। ('ਰਿਕ' ਅਤੇ 'ਸਾਮ' ਦੀ ਗਣਨਾ 'ਅਪਰਾ ਵਿਦਿਆ' ਵਿਚੋਂ ਕੀਤੀ ਜਾਂਦੀ ਸੀ ਅਤੇ ਉਹਨਾਂ ਦੇ ਵਿਸ਼ੇਸ਼ ਗਿਆਨ ਲਈ ਸਿੱਖਿਆ ਗ੍ਰੰਥਾਂ ਦੀ ਰਚਨਾ ਹੋਈ। ਸ਼ਬਦ ਅਤੇ ਸੁਰ ਦੇ ਸਹਿਯੋਗ ਨਾਲ

ਨਿਸਪਾਦਿਤ ਰਸ ਬ੍ਰਹਨੰਦ ਸਹੋਦਰ ਮੰਨਿਆ ਗਿਆ ਹੈ।[9] ਇਸ ਸਮੇਂ ਯੱਗ ਅਤੇ ਹਵਨ ਆਦਿ ਲਈ ਵਿਸ਼ੇਸ਼ ਗਾਇਕ ਤੋਂ ਪ੍ਰੋਹਿਤ ਸ਼੍ਰੇਣੀ ਮਾਰਗੀ ਸੰਗੀਤ ਦਾ ਪ੍ਰਯੋਗ ਕਰਦੀ ਸੀ।

## ਰਮਾਇਣ ਤੇ ਮਹਾਂਭਾਰਤ ਕਾਲ ਦੀ ਸੰਗੀਤ ਪਰੰਪਰਾ

ਰਮਾਇਣ ਤੇ ਮਹਾਂਭਾਰਤ ਕਾਲ ਵਿਚ ਸਤੋਤਰ ਗਾਇਨ ਨੂੰ ਸੰਗੀਤ ਜਗਤ ਵਿਚ ਵਿਲੱਖਣ ਤੇ ਵਿਸ਼ਿਸ਼ਟ ਮੰਨਿਆ ਜਾਂਦਾ ਹੈ। ਪੁਰਾਣਾ ਦੇ ਸਤੋਤਰ ਗਾਇਨ ਨੂੰ ਸਵਰ ਸਾਹਿਤ ਗਾਉਣ ਦੀ ਪਰੰਪਰਾ ਸੀ। ਸੰਗੀਤ ਦਾ ਪ੍ਰਯੋਗ ਵਿਅਕਤੀਗਤ ਰੂਪ ਵਿਚ ਹੋਣ ਲੱਗ ਪਿਆ ਸੀ। ਰਮਾਇਣ ਅਤੇ ਮਹਾਂਭਾਰਤ ਕਾਲ ਸਤੋਤਰ ਗਾਇਨ ਪਰੰਪਰਾ ਦਾ ਵਿਸ਼ੇਸ਼ ਪ੍ਰਚਲਨ ਸੀ, ਬਾਲਮੀਕ ਦੀ ਇਕ ਧਾਰਮਿਕ ਰਚਨਾ ਜਿਥੇ ਕਾਵਿ ਪੱਖੋਂ ਉੱਤਮ ਹੈ, ਉਥੇ ਇਸ ਵਿਚ ਸੰਗੀਤ ਸੰਬੰਧੀ ਕਈ ਹਵਾਲੇ ਵੀ ਉਪਲੱਬਧ ਹਨ। ਮਹਾਰਿਸ਼ੀ ਬਾਲਮੀਕ ਨੇ ਰਮਾਇਣ ਦਾ ਗਾਇਨ ਲਵ ਕੁਸ਼ ਨੂੰ ਵਿਸ਼ੇਸ਼ ਰੂਪ ਵਿੱਚ ਸਿਖਾਇਆ। ਇਸ ਸਮੇਂ ਸੰਗੀਤ ਦੇ ਰੂਪ ਗੰਧਰਵ ਅਤੇ ਦੇਸੀ (ਸ਼ਾਸਤਰੀ ਅਤੇ ਲੋਕ) ਪ੍ਰਚਾਰ ਵਿਚ ਸਨ। ਬਾਲਮੀਕ ਰਮਾਇਣ ਵਿਚ ਗਾਇਨ, ਵਾਦਨ, ਨ੍ਰਿਤ ਅਤੇ ਤਾਲ ਆਦਿ ਦੇ ਵਿਭਿੰਨ ਅੰਗਾਂ ਤੇ ਪ੍ਰਕਾਰਾਂ ਦਾ ਜ਼ਿਕਰ ਵੀ ਉਪਲੱਬਧਾ ਹੈ। ਮਹਾਂਭਾਰਤ ਗ੍ਰੰਥ, ਵਿਆਸ ਰਿਸ਼ੀ ਦੀ ਪ੍ਰਸਿੱਧ ਰਚਨਾ, ਸਲੋਕ ਸ਼ੈਲੀ ਉੱਤੇ ਆਧਾਰਿਤ ਹੈ। ਇਸ ਵਿਚ ਸੱਤ ਅਤੇ ਗੰਧਾਰ ਧਰਮ ਦਾ ਉਲੇਖ ਮਿਲਦਾ ਹੈ।[10] ਸੰਗੀਤ ਦਾ ਪ੍ਰਯੋਗ ਧਾਰਮਿਕ ਪੂਜਾ-ਪਾਠ ਲਈ ਜਾਰੀ ਸੀ। ਕ੍ਰਿਸ਼ਨ ਜੀ ਦਾ ਬੰਸਰੀ ਵਾਦਨ ਵਚਿੱਤਰ ਅਤੇ ਜਾਦੂਮਈ ਸੀ।

ਰਮਾਇਣ ਅਤੇ ਮਹਾਂਭਾਰਤ ਕਾਲ ਵਿਚ ਸਾਰ ਤੇ ਸਤੋਤਰ ਗਾਇਨ ਸਹਿਤ ਜਾਤੀ ਗਾਇਨ ਵੀ ਪ੍ਰਚੱਲਿਤ ਸੀ। ਜਾਤੀ ਗਾਇਨ ਨੂੰ 'ਸਾਮ' ਗਾਇਨ ਵਾਂਗੂ ਪਵਿੱਤਰ ਮੰਨਿਆ ਜਾਂਦਾ ਸੀ। 'ਸੰਗੀਤ ਰਤਨਾਕਰ' ਗ੍ਰੰਥ ਵਿਚ ਜਾਤੀ ਗਾਇਨ ਸੰਬੰਧੀ ਕਿਹਾ ਹੈ ਕਿ ਜਾਤੀਆਂ ਬ੍ਰਹਮ ਹੱਤਿਆ ਦੇ ਪਾਪ ਤੋਂ ਮੁਕਤੀ ਦਿਵਾਉਣ ਵਾਲੀਆਂ ਹਨ। ਜਿਸ ਤਰ੍ਹਾਂ ਰਿਕ, ਯਜੁ ਅਤੇ ਸਾਮ ਵਿਚ ਪ੍ਰੀਵਰਤਨ ਨਹੀਂ ਕੀਤੇ ਜਾ ਸਕਦੇ, ਉਸੇ ਤਰ੍ਹਾਂ ਸਾਮ ਤੋਂ ਉਪਜੀਆਂ ਜਾਤੀਆਂ ਵਿਚ ਵੀ ਪ੍ਰੀਵਰਤਨ ਨਹੀਂ ਕੀਤਾ ਜਾ ਸਕਦਾ।[11] ਰਮਾਇਣ ਅਤੇ ਮਹਾਂਭਾਰਤ ਕਾਲ ਵਿੱਚ ਮਹਾਂਰਿਸ਼ੀ ਬਾਲਮੀਕੀ ਦੁਆਰਾ ਰਚਿਤ 'ਰਮਾਇਣ' ਅਤੇ ਸ੍ਰੀ ਵੇਦ ਵਿਆਸ ਦੁਆਰਾ ਲਿਖਿਤ 'ਮਹਾਂਭਾਰਤ' ਗ੍ਰੰਥ ਹਨ। ਰਮਾਇਣ ਵਿਚ ਜਾਤੀ, ਗਾਇਨ, ਗਾਇਨ ਵਿਧੀਆਂ, ਕਈ ਪ੍ਰਕਾਰ ਦੇ ਤੱਤ ਅਤੇ ਅਵਨਧ ਸਾਜਾਂ ਬਾਰੇ ਉਲੇਖ ਮਿਲਦਾ ਹੈ। ਮਹਾਂਭਾਰਤ ਗ੍ਰੰਥ ਦੀ ਰਚਨਾ ਸਲੋਕ ਸ਼ੈਲੀ ਉਤੇ ਆਧਾਰਿਤ ਹੈ। ਇਸ ਵਿੱਚ ਸੱਤ ਸੁਰਾਂ ਬਾਰੇ ਉਲੇਖ ਮਿਲਦਾ ਹੈ।[12] ਇਸ ਕਾਲ ਦੇ ਭਗਤੀ ਸੰਗੀਤ ਦੇ ਸਮੁੱਚੇ ਰੂਪ ਨੂੰ 'ਗੰਧਰਵ ਸੰਗੀਤ' ਕਿਹਾ ਜਾਂਦਾ ਹੈ।

ਬੁੱਧ ਧਰਮ ਅਤੇ ਜੈਨ ਧਰਮ ਦੋਨਾਂ ਧਰਮਾਂ ਨੇ ਵੀ ਆਪੋ-ਆਪਣੇ ਧਰਮਾਂ ਦੇ ਪ੍ਰਚਾਰ ਲਈ ਸੰਗੀਤ ਦਾ ਪ੍ਰਯੋਗ ਕੀਤਾ। ਬੁੱਧ ਧਰਮ ਦੇ ਸਾਹਿਤ ਵਿਚ ਗਾਇਨ, ਵਾਦਨ, ਨ੍ਰਿਤ ਅਤੇ ਸੰਗੀਤਕਾਰਾਂ, ਵਿਭਿੰਨ ਸਾਜਾਂ ਦਾ ਜ਼ਿਕਰ ਮਿਲਦਾ ਹੈ।[13] ਬੁੱਧ ਸਾਹਿਤ ਦਾ ਗਾਇਨ ਕਰਨ ਵਾਲੇ ਨੂੰ 'ਵੈਤਾਲਿਕ' ਕਿਹਾ ਜਾਂਦਾ ਸੀ। ਇਹ ਦੋ ਤਰ੍ਹਾਂ ਦੀ ਗਾਥਾ 'ਥੈਰ ਗਾਥਾ' ਅਤੇ 'ਥੈਰੀ ਗਾਥਾ' ਗਾਉਂਦੇ ਸਨ। ਥੈਰ ਗਾਥਾ ਪੁਰਸ਼ਾਂ ਦੇ ਲਈ ਅਤੇ ਥੈਰੀ ਗਾਥਾ ਇਸਤਰੀਆਂ ਦੇ ਲਈ ਸੀ, ਜਿਨ੍ਹਾਂ ਨੂੰ ਕ੍ਰਮਵਾਰ 'ਸਥਵਿਰ' ਅਤੇ 'ਮਥਵਿਰਾ' ਕਿਹਾ ਜਾਂਦਾ ਸੀ, ਜਿਨ੍ਹਾਂ ਧੁਨਾਂ ਤੇ ਇਨ੍ਹਾਂ ਦਾ ਗਾਇਨ

ਕੀਤਾ ਜਾਂਦਾ ਸੀ, ਉਹ ਦੇਸੀ ਸੁਰ ਸ਼ੜਜ, ਰਿਸ਼ਭ, ਗੰਧਾਰ ਆਦਿ ਤੋਂ ਬਣੀਆਂ ਅਤੇ ਇਹ ਵਿਭਿੰਨ ਲੈਅ ਪ੍ਰਕਾਰਾਂ ਤੇ ਆਧਾਰਿਤ ਸਨ।[14] ਬੁੱਧ ਕਵੀ ਅਸ਼ਵਘੋਸ ਬਾਰੇ ਪ੍ਰਸਿੱਧ ਹੈ ਕਿ ਉਹ ਆਪਣੇ ਨਾਲ ਸੰਗੀਤ ਮੰਡਲੀ ਰੱਖਦਾ ਹੁੰਦਾ ਸੀ ਤੇ ਗਾ-ਗਾ ਕੇ ਬੋਧੀ ਵਿਚਾਰਾਂ ਦਾ ਪ੍ਰਚਾਰ ਕਰਦਾ ਸੀ।[15] ਜੈਨ ਧਰਮ ਵਿੱਚ ਵੰਦਨਾ, ਪੂਜਾ-ਪਾਠ ਲਈ ਅਨੇਕ ਰਚਨਾਵਾਂ ਜਿਥੇ ਧਰੁਪਦ, ਟੇਕ ਚਾਰ ਕੜੀਆਂ, ਰਾਗ ਤਲੰਗੜੀ, ਲਾਵਨੀ ਦੋਹਾਂ ਸੇਰਗਜ਼ਲ ਕਵਿੱਤ ਮੱਤਰਾਯਦ, ਕਵਿੱਤ ਮਨਹਰ, ਇਕੱਤੀ ਮਾਤਰਾ ਦੀ ਸਰਯਾ, ਦੋ ਮਾਤਰਾ ਦਾ ਸਵੈਯਾ, ਛਪਯ, ਚੌਪਈ, ਸੁੰਦਰੀ, ਭੁੰਜਰਾ, ਪ੍ਰਯਾਦ ਛੰਦ ਆਦਿ ਪ੍ਰਚਾਰ ਵਿੱਚ ਹਨ।[16] ਜੈਨ ਧਰਮ ਦੀਆਂ ਪਾਲਹਣਪੁਰ ਮੰਡਨ, ਪਾਸ਼ਰਵ ਮਤਨ, ਕ੍ਰਿਤਿ ਕੁਸ਼ਮਾਂਜਲੀ ਗ੍ਰੰਥਾਂ ਵਿੱਚ ਦਰਜ ਰਚਨਾਵਾਂ ਰਾਗ ਅੰਕ ਸਹਿਤ ਅੰਕਿਤ ਹਨ।

## ਸਿੱਧ ਤੇ ਨਾਥ ਸੰਪ੍ਰਦਾਇ ਦੀ ਸੰਗੀਤ ਪਰੰਪਰਾ

ਵਜਰਯਾਨ ਨਾਮਕ ਸੰਪ੍ਰਦਾ ਅੱਠਵੀਂ ਨੌਵੀਂ ਸਦੀ ਵਿਚ ਆਈ, ਜਿਸ ਨੂੰ ਧਰਮ ਦੀ ਮਹਾਯਾਨ ਸ਼ਾਖਾ ਦਾ ਤੰਤਰ ਮੰਤਰ ਪੱਧਤੀਆਂ ਤੋਂ ਪਰਿਵਰਤਿਤ ਰੂਪ ਮੰਨਿਆ ਜਾਂਦਾ ਹੈ। ਇਸ ਸੰਪ੍ਰਦਾ ਦੇ ਸਾਧਕਾਂ ਨੂੰ ਸਿੱਧ ਕਿਹਾ ਜਾਂਦਾ ਹੈ। ਚਰਯਾ ਪਦ, ਸੂਰਾ ਪਦ, ਸੂਈ ਪਦ, ਕਪ੍ਰਹਦ ਆਦਿ ਵੰਨਗੀਆਂ ਦੇ ਪਦੇ ਮਿਲਦੇ ਹਨ, ਜਿਨ੍ਹਾਂ ਦਾ ਗਾਇਨ ਕੀਤਾ ਜਾਂਦਾ ਸੀ। ਇਹ ਗਾਇਨ ਇਨ੍ਹਾਂ ਦੀ ਭਾਸ਼ਾ ਵਾਂਗੂ ਸਰਬ ਸਾਧਾਰਣ ਲਈ ਅਤੇ ਲੋਕ ਗਾਇਨ ਰੂਪਾਂ ਦੇ ਨੇੜਲਾ ਸੀ।

ਨਾਥ ਸੰਪ੍ਰਦਾਇ ਨੂੰ 'ਯੋਗ ਮਾਰਗ' ਵੀ ਕਿਹਾ ਜਾਂਦਾ ਹੈ। ਇਸ ਵਿੱਚ ਮਛੰਦਰ ਨਾਥ ਅਤੇ ਗੋਰਖ ਨਾਥ ਦੋ ਸ਼ਾਖਾਵਾਂ ਹਨ। ਇਸ ਵਿਚ ਗੋਰਖ ਨਾਥ ਬਾਣੀ ਦਾ ਵੇਰਵਾ ਪਾਇਆ ਜਾਂਦਾ ਹੈ, ਜਿਸ ਵਿਚ ਸ਼ਬਦੀ, ਪਦ, ਸ਼ਿਖਸ਼ਾ, ਦਰਸ਼ਨ, ਪ੍ਰਾਣ ਸੰਗਲੀ, ਨਾਰਵੇ, ਬੋਧ, ਆਤਮਬੋਧ, ਮਛੰਦਰ ਗੋਰਖਨਾਥ, ਗਿਆਨ ਚਾਲੀਸਾ ਆਦਿ ਵਿਸ਼ੇਸ਼ ਹਨ। ਨਾਥ ਬਾਣੀ ਦੇ ਰਚਨਾਕਾਰਾਂ ਨੇ 'ਪਦ' ਰੂਪ ਦੀ ਜ਼ਿਆਦਾ ਵਰਤੋਂ ਕੀਤੀ ਹੈ। ਨਾਥ ਬਾਣੀ ਦੀ ਗਾਇਨ ਵਿਧੀ ਇਸ ਕਰਕੇ ਵੀ ਵਿਸ਼ਿਸ਼ਟ ਰੂਪ ਰੱਖਦੀ ਹੈ, ਕਿਉਂਕਿ ਇਸ ਵਿਚ ਸੰਗੀਤ ਅਤੇ ਰਾਗਮਈ ਸਰੂਪ ਨੂੰ ਵੀ ਸਵੀਕਾਰਿਆ ਗਿਆ ਹੈ। ਰਾਮਕਲੀ ਰਾਗ ਇਸ ਪਰੰਪਰਾ ਦਾ ਪ੍ਰਿਯ ਰਾਗ ਹੈ। ਇਸ ਦਾ ਉਲੇਖ ਗੋਰਖ ਬਾਣੀ ਵਿੱਚ ਵਿਸ਼ੇਸ਼ ਰੂਪ ਵਿਚ ਹੈ।[17] ਇਸ ਤੋਂ ਬਿਨਾਂ ਗੌੜ, ਮਾਰੂ, ਗੁਜਰੀ, ਪਟਮੰਜਰੀ, ਦੇਵਕਰੀ, ਦੇ ਸਾਥ, ਭੈਰਵੀ, ਕਾਮੋਦ, ਧਨਾਸਰੀ, ਸਿਵਾਰ, ਵਰਾਟੀ, ਮਲਾਦੀ, ਮਾਲਸ੍ਰੀ, ਮਾਲਸਾ ਗੌਂਡ ਆਦਿ ਰਾਗਾਂ ਦਾ ਪ੍ਰਯੋਗ ਵੀ ਮਿਲਦਾ ਹੈ।

## ਦੱਖਣ ਦੇ ਵੈਸ਼ਨਵ ਅਲਾਵਰ ਭਗਤਾਂ ਦੀ ਸੰਗੀਤ ਪਰੰਪਰਾ

ਭਗਤੀ ਅੰਦੋਲਨ ਦੇ ਵਿਕਾਸ ਵਿੱਚ ਦੱਖਣ ਦੇ ਬਾਰਾਂ ਵੈਸ਼ਨਵ ਅਲਾਵਰਾਂ ਦੀ ਦੇਣ ਵਿਸ਼ੇਸ਼ ਅਤੇ ਮਹੱਤਵਪੂਰਨ ਹੈ। ਲਗਭਗ ਚਾਰ ਹਜ਼ਾਰ ਪਦਿਆਂ ਦਾ ਉਹਨਾਂ ਦਾ 'ਪ੍ਰਬੰਧਮ' ਜਿਸ ਨੂੰ 'ਤਾਮਿਲ ਵੇਦ' ਵੀ ਕਿਹਾ ਜਾਂਦਾ ਹੈ ਗਿਆਨ, ਪ੍ਰੇਮ, ਸੌਂਦਰਯ ਅਤੇ ਆਨੰਦ ਨਾਲ ਉਤਪੋਤ ਭਗਤੀ ਦਾ ਅਸਲੀ ਖਜ਼ਾਨਾ ਹੈ। ਇਸ ਵਿਚ ਪ੍ਰਵਾਹਿਤ ਭਗਤੀ ਸੰਗੀਤ ਦੀ ਅੰਮ੍ਰਿਤਧਾਰਾ ਸਪਸ਼ਟ ਭਾਂਤ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸੇ ਸਮੇਂ ਦੌਰਾਨ ਸੈਵ ਅਤੇ ਵੈਸ਼ਨਵ ਧਰਮ ਦੇ ਪੈਰੋਕਾਰਾਂ ਨੇ ਮਿਲ ਕੇ ਬੁੱਧ ਅਤੇ ਜੈਨ ਧਰਮ ਦਾ ਵਿਰੋਧ ਕਰਦਿਆਂ ਭਗਤੀ ਸੰਗੀਤ ਦਾ ਪ੍ਰਚਾਰ ਕੀਤਾ।

ਵੈਸ਼ਨਵ ਮਤ ਜੋ ਕਿ ਵਾਸਦੇਵ ਸਾਤਵਤ ਭਾਗਵਤ ਆਦਿ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ, ਲਗਭਗ ਪੰਜਵੀਂ ਸਦੀ ਵਿਚ ਆਰੰਭ ਹੋਇਆ। ਵੈਸਨਵ ਸੰਤਾਂ ਨੂੰ ਅਲਾਵਰ ਕਿਹਾ ਜਾਂਦਾ ਹੈ। ਇਹ ਵੈਸ਼ਨਵ ਸੰਤ ਚਲਦੇ ਫਿਰਦੇ ਗਵੱਈਏ ਸਨ, ਜੋ ਕਿ ਮੰਦਰਾਂ ਤੋਂ ਦੂਸਰੇ ਮੰਦਰਾਂ ਵੱਲ ਜਾਂਦੇ, ਪ੍ਰਮਾਤਮਾ ਦੇ ਗੁਣ ਗਾਇਨ ਕਰਦੇ, ਯਾਤਰਾ ਕਰਦੇ ਸਨ। ਇਸ ਪਰੰਪਰਾ ਦੇ ਮਹਾਨ ਪ੍ਰਚਾਰਕ ਰਾਮਾਨੁਜ ਤੋਂ ਬਿਨਾਂ ਰਾਮਾਨੰਦ, ਨਿਬਾਰਕ, ਮਾਧਵਚਾਰੀਆ ਹੋਏ ਹਨ।

ਬਾਰਵੀਂ ਸਦੀ ਵਿਚ ਜੈਦੇਵ ਦੁਆਰਾ ਰਚਿਤ 'ਗੀਤ ਗੋਵਿੰਦ' ਇਸ ਪਰੰਪਰਾ ਦੀ ਮਹਾਨ ਰਚਨਾ ਹੈ। ਇਹ ਗ੍ਰੰਥ ਜਿਵੇਂ ਕਾਵਿ ਪੱਖ ਤੋਂ ਵਿਸ਼ੇਸ਼ ਹੈ, ਉਵੇਂ ਸੰਗੀਤ ਪੱਖ ਤੋਂ ਵੀ ਮਹੱਤਵਪੂਰਨ ਹੈ। ਜੈਦੇਵ ਦੀਆਂ ਰਚਨਾਵਾਂ ਇਸ ਕਾਲ ਵਿਚ ਪ੍ਰਚਲਿਤ ਪ੍ਰਬੰਧ ਸ਼ੈਲੀ ਦਾ ਉੱਤਮ ਨਮੂਨਾ ਹਨ। ਜੈਦੇਵ ਨੇ ਆਪਣੀਆਂ ਕਾਲ ਰਚਨਾਵਾਂ ਲਈ ਮਾਲਵਾ, ਗੁਜਰੀ, ਵਸੰਤ, ਰਾਮਕ੍ਰੀ, ਕਰਨਾਟ, ਦੇਸਵਗਾੜੀ, ਗੋਡਕ੍ਰੀ, ਭੈਰਵੀ, ਵਰਾਡੀ, ਵਿਭਾਸ ਰਾਗ ਅਤੇ ਨਿਹਾਸਰਾ ਯਤੀ ਏਕ ਤਾਲ ਵਰਗੇ ਤਾਲਾਂ ਦਾ ਪ੍ਰਯੋਗ ਕੀਤਾ।[18] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਜੈਦੇਵ ਦੁਆਰਾ ਰਚਿਤ ਰਾਗ ਗੂਜਰੀ ਅਤੇ ਰਾਗ ਮਾਰੂ ਅਧੀਨ ਦਰਜ ਪਦੇ ਮਿਲਦੇ ਹਨ। ਅੱਜ ਵੀ ਜਗਨਨਾਥ ਪੁਰੀ ਦੇ ਮੰਦਰਾਂ ਵਿਚ ਵੀ ਦੇਵਦਾਸੀਆਂ ਦੁਆਰਾ ਗੀਤ ਗੋਵਿੰਦ ਦੀਆਂ ਰਚਨਾਵਾਂ ਦੇ ਗਾਇਨ ਦੀ ਪਰੰਪਰਾ ਹੈ। 'ਗੀਤ ਗੋਵਿੰਦ' ਦੀਆਂ ਅੱਠ ਪਦਿਆਂ ਦੀਆਂ ਰਚਨਾਵਾਂ 'ਅਸਟਪਦੀਆਂ' ਭਾਰਤੀ ਸੰਗੀਤ ਦੀ ਗਾਇਨ ਸ਼ੈਲੀ ਪੱਖੋਂ ਉੱਚਾ ਸਥਾਨ ਰੱਖਦੀਆਂ ਹਨ।

## ਸ਼ੈਵ ਅਡਿਆਰ ਭਗਤਾਂ ਦੀ ਸੰਗੀਤ ਪਰੰਪਰਾ

ਭਗਤੀ ਅਤੇ ਭਗਤੀ ਸੰਗੀਤ ਦੇ ਵਿਕਾਸ ਵਿਚ ਵੈਸ਼ਨਵ ਅਲਾਵਰਾਂ ਤੋਂ ਬਿਨਾਂ ਸ਼ੈਵ ਆਡਿਆਰ ਭਗਤਾਂ ਨੇ ਵੀ ਯੋਗ ਹਿੱਸਾ ਪਾਇਆ। ਸ਼ਿਵ ਨੂੰ ਪਰਮੇਸ਼ਵਰ ਮੰਨਣ ਵਾਲੇ ਜਾਂ ਸ਼ਿਵ ਭਗਤਾਂ ਨੂੰ 'ਸ਼ੈਵ' ਕਿਹਾ ਜਾਂਦਾ ਸੀ। ਇਨ੍ਹਾਂ ਸ਼ੈਵ ਭਗਤਾਂ ਦੀਆਂ ਰਚਨਾਵਾਂ ਦੇ ਗ੍ਰੰਥ ਦਾ ਨਾਮ 'ਤ੍ਰਿਸੁਰਾਇ' ਹੈ। ਇਹਨਾਂ ਭਗਤਾਂ ਨੂੰ ਸਾਇਸਾਰ ਵੀ ਕਿਹਾ ਜਾਂਦਾ ਹੈ। ਇਹਨਾਂ ਦੀਆਂ ਰਚਨਾਵਾਂ ਰਾਗਾਤਮਿਕ ਸਰੂਪ ਦੀਆਂ ਧਾਰਣੀਆਂ ਹਨ। ਇਹਨਾਂ ਦਾ ਗਾਇਨ ਰਾਗ ਤਾਲ ਨਾਲ ਕੀਤਾ ਜਾਂਦਾ ਹੈ।[19]

## ਗੋੜੀਯ ਸੰਪ੍ਰਦਾਇ ਦੀ ਸੰਗੀਤ ਪਰੰਪਰਾ

ਗੋੜੀਯ ਸੰਪ੍ਰਦਾਇ ਦੀ ਸਥਾਪਨਾ ਚੈਤੰਨਯ ਮਹਾਪ੍ਰਭੂ ਨੇ ਕੀਤੀ। ਗੋੜੀਯ ਮੱਠ ਜਾਂ ਚੈਤੰਨਯ ਸੰਪ੍ਰਦਾਇ ਵਿਚ ਰਾਧਾ ਕ੍ਰਿਸ਼ਨ ਦੀ ਜੋੜੀ ਦੀ ਭਗਤੀ, ਨਾਮ-ਸਿਮਰਨ ਅਤੇ ਲੀਲਾ ਕੀਰਤਨ ਉਤੇ ਜ਼ੋਰ ਦਿੱਤਾ ਜਾਂਦਾ ਸੀ, ਪਰ ਇਸ ਸੰਪ੍ਰਦਾਇ ਵਿਚ ਭਗਵਾਨ ਕ੍ਰਿਸ਼ਨ ਦੀ ਪੂਜਾ ਤੋਂ ਪਹਿਲਾਂ ਚੈਤੰਨਯ ਅਤੇ ਉਸ ਦੇ ਸਾਥੀਆਂ ਦੀ ਪੂਜਾ ਅਤੇ ਕ੍ਰਿਸ਼ਨ ਲੀਲਾ ਤੋਂ ਪੂਰਬ ਗੋਰਾਮ ਲੀਲਾ ਦਾ ਚਿੰਤਨ ਕੀਤੇ ਜਾਣ ਦਾ ਰਿਵਾਜ ਸੀ। ਇਸ ਕਾਰਨ ਸੀ ਕਿ ਲੋਕ ਚੈਤੰਨਯ ਮਹਾਪ੍ਰਭੂ ਨੂੰ ਕ੍ਰਿਸ਼ਨ ਦਾ ਦੂਜਾ ਰੂਪ ਸਮਝਦੇ ਸਨ। ਗੋੜੀਯ ਸੰਪ੍ਰਦਾਇ ਅਧੀਨ ਰਾਮ ਕ੍ਰਿਸ਼ਨ ਦੋਹਾਂ ਦੀ ਭਗਤੀ ਕੀਤੀ ਜਾਂਦੀ ਸੀ।

ਚੈਤੰਨਯ ਅਨੁਸਾਰ ਕ੍ਰਿਸ਼ਨ ਦੀ ਭਗਤੀ ਲਈ ਹਰੇਕ ਨੂੰ ਸਮਾਨ ਅਧਿਕਾਰ ਸਨ। ਇਸ ਸੰਪ੍ਰਦਾਇ ਅਧੀਨ ਦੋ ਕਵੀਆਂ ਦਾ ਉਲੇਖ ਮਿਲਦਾ ਹੈ - ਗਦਾਧਰ ਭੱਟ ਅਤੇ ਸੂਰਦਾਸ ਮਦਮੋਹਨ।

ਇਹਨਾਂ ਨੇ ਗੋੜੀਯ ਸੰਪ੍ਰਦਾਇ ਅਧੀਨ ਕੀਰਤਨ ਦੀ ਪ੍ਰਥਾ ਨੂੰ ਤੋਰਿਆ। ਸ਼ਿਵ ਸਿੰਘ ਨੇ ਰਾਦਾਘਰ ਭੱਟ ਕਵੀ ਦੇ ਇਕ ਪਦ 'ਸਖੀ ਹੋ ਸਾਮ ਕੇ ਰੰਗ ਰਗੀ' ਦਾ ਉਲੇਖ ਕੀਤਾ ਅਤੇ ਕਿਹਾ ਕਿ ਇਨ੍ਹਾਂ ਦੇ ਪਦ ਰਾਗ-ਸਾਮਗੋਦ੍ਭਵ ਵਿਚ ਹਨ।[20] ਇਸ ਤਰ੍ਹਾਂ ਜੋ ਕ੍ਰਿਸ਼ਨ ਦਾ ਭਜਨ ਕਰੇ ਉਹੀ ਵੱਡਾ ਹੈ। ਜੋ ਭਗਤੀ ਭਾਵਨਾ ਤੋਂ ਕੋਰਾ ਹੈ ਉਹੀ ਨੀਚ ਹੈ[21] ਨਾਮ ਕੀਰਤਨ ਬਹੁਤ ਸਰਲ ਹੈ। ਇਸ ਦਾ ਬੰਗਾਲ ਵਿੱਚ ਬਹੁਤ ਪ੍ਰਭਾਵ ਸੀ, ਖਾਸ ਕਰ ਦੱਖਣੀ-ਪੱਛਮੀ ਬੰਗਾਲ ਵਿਚ ਰਾਮ ਭਗਤੀ ਦਾ ਪ੍ਰਭਾਵ ਸੀ। ਚੈਤੰਨਯ ਦੇਵ ਦੇ ਸੇਵਕ ਬਟਤੇ ਰਾਮ ਭਗਤੋਂ ਵਿਚੋਂ ਸਨ। ਕੁਝ ਸਮੇਂ ਬਾਅਦ ਉਨ੍ਹਾਂ ਸ੍ਰੀ ਕ੍ਰਿਸ਼ਨ ਦੀ ਰਾਧਾ ਤੱਤ ਵਾਲੀ ਪੂਜਾ ਨੂੰ ਅਪਣਾ ਲਿਆ ਪਰ ਰਾਮ ਲੀਲਾ ਦਾ ਗਾਇਨ ਖੜਤਾਲਾਂ ਛੈਣਿਆਂ ਨਾਲ ਆਮ ਲੋਕਾਂ ਵਿਚ ਬਣਿਆ ਹੀ ਰਿਹਾ। ਬੰਗਾਲ ਦੇ ਪ੍ਰਸਿੱਧ ਲੇਖਕ ਬ੍ਰਾਹਮਣ ਕ੍ਰਿਤੀਵਾਸ ਨੇ ਜੋ ਰਚਨਾਵਾਂ ਲਿਖੀਆਂ, ਉਹ ਬਹੁਤੀਆਂ ਗਾ ਕੇ ਪੜ੍ਹੀਆਂ ਜਾਣ ਲਈ ਰਚੀਆਂ ਗਈਆਂ ਸਨ ਅਤੇ ਕੀਰਤਨ ਦਾ ਅੰਗ ਸਮਝਣ ਯੋਗ ਸਨ।[22] ਇਸ ਤਰ੍ਹਾਂ ਨਾਮ ਕੀਰਤਨ ਇਸ ਪਰੰਪਰਾ ਦੀ ਵਿਸ਼ਿਸ਼ਟ ਸ਼ੈਲੀ ਹੈ, ਜਿਸ ਵਿਚ ਜਲੂਸ ਦੀ ਸ਼ਕਲ ਵਿਚ ਕ੍ਰਿਸ਼ਨ ਜੀ ਦੇ ਨਾਮ ਦਾ ਸਮੂਹਿਕ ਗਾਇਨ ਕੀਤਾ ਜਾਂਦਾ ਹੈ। ਇਸ ਵਿਚ ਕੁਝ ਕੁ ਤਾਲਾਂ ਬਾਰੇ ਵੀ ਜ਼ਿਕਰ ਹੈ, ਜਿਵੇਂ ਝਾਪ, ਘੋੜਾ (ਤੀਵਰਾ) ਤ੍ਰਾਸ਼ ਪਾਹਿੜ (8 ਮਾਤਰਾ) ਜਤ ਦੇ ਸਮਾਨ, ਚੱਚੁਪਟ (ਕਹਿਰਵਾ ਦੇ ਸਮਾਨ) ਝਾੜ (ਸੂਲ ਜੈਸਾ) 2 ਅੱਖਰ ਦੇ ਤਾਲ ਦੇ ਬਾਅਦ 4 ਅੱਖਰ ਦਾ ਤਾਲ ਹੋਵੇ ਤਾਂ ਇਨ੍ਹਾਂ ਦੋਹਾਂ ਨੂੰ ਮਿਲਾ ਕੇ ਜੋੜਾ ਜਾਂ "ਯੁਗਮਤਾਲਾ" ਕਿਹਾ ਜਾਂਦਾ ਹੈ ਅਤੇ ਇਨ੍ਹਾਂ ਤੋਂ ਭਿੰਨ-ਭਿੰਨ ਰੂਪ ਹੁੰਦੇ ਹਨ – ਛੋਟਾ, ਮਧਿਅਮ ਜਿਨ੍ਹਾਂ ਦੇ ਵਿਸਜਿਤਾ, ਕ੍ਰਿਮਯਾ, ਪਤਾਕਾ ਆਦਿ ਨਾਂ ਹਨ ਜੋ ਸੰਗੀਤ ਰਤਨਾਕਰ ਦੇ ਸਮਾਨ ਹਨ ਪਰ ਸਰੂਪ ਭਿੰਨ ਹਨ। ਇਸ ਤਰ੍ਹਾਂ ਕੀਰਤਨ ਵਿਚ ਲੈਅ ਦਾ ਪ੍ਰਯੋਗ ਵੀ ਵਿਭਿੰਨ ਪ੍ਰਕਾਰਾਂ ਨਾਲ ਹੁੰਦਾ ਹੈ, ਜਿਵੇਂ ਕਦੀ ਵਿਲੰਬਿਤ ਤੋਂ ਦਰੁਤ, ਕਦੀ ਦਰੁਤ ਤੋਂ ਵਿਲੰਬਿਤ। ਇਸ ਵਿਚ ਸ਼ਾਸਤਰੋਕਤ (ਯਤਿ) ਦਾ ਕੁਝ ਰੂਪ ਹੈ। ਆਧੁਨਿਕ ਸ਼ਾਸਤਰੀ ਸੰਗੀਤ ਦਾ (ਸਮ) ਦੀ ਧਾਰਣਾ ਕੀਰਤਨ ਵਿਚ ਨਹੀਂ ਹੈ, ਕਿਉਂਕਿ ਤਾਲ ਦਾ ਪ੍ਰਥਮ ਘਾਤ ਵਿਚ ਹੀ ਕੀਰਤਨ ਦੀ ਸਮਾਪਤੀ ਜ਼ਰੂਰੀ ਹੈ।[23]

## ਸੂਫੀ ਸੰਗੀਤ ਪਰੰਪਰਾ

ਸੂਫੀ ਸੰਗੀਤ ਪਰੰਪਰਾ ਵਿਚ ਸੂਫੀਆਂ ਨੇ ਆਪਣੇ ਮੱਤ ਦੇ ਪ੍ਰਚਾਰ ਲਈ "ਸੂਫੀਆਨਾ ਕਲਾਮ" ਦੀ ਰਚਨਾ ਕੀਤੀ। ਇਨ੍ਹਾਂ ਨੇ ਰੱਬ ਨੂੰ ਪ੍ਰੀਤਮ ਦਾ ਰੂਪ ਦਿੱਤਾ ਅਤੇ ਰੱਬੀ ਪ੍ਰੇਮ ਨੂੰ ਜ਼ਾਹਿਰ ਕਰਨ ਲਈ ਕਾਵਿ ਅਤੇ ਸੰਗੀਤ ਨੂੰ ਮਾਧਿਅਮ ਬਣਾਇਆ। ਸੂਫੀਆਂ ਨੇ ਆਪਣੇ ਪੂਰਵਜਾਂ ਤੋਂ ਚਲੀ ਆ ਰਹੀ ਕਾਵਿਕ ਪਰੰਪਰਾ ਨੂੰ ਅਪਣਾਉਂਦੇ ਹੋਏ ਭਾਰਤੀ ਸੰਗੀਤ ਦਾ ਪ੍ਰਯੋਗ ਕੀਤਾ। ਸੂਫੀ ਕਾਵਿ ਅਤੇ ਸੰਗੀਤ ਦੁਆਰਾ ਸੂਫੀਆਨਾ ਅੰਦਾਜ਼ ਵਿਚ ਪ੍ਰਸਤੁਤੀ ਹੀ ਸੂਫੀ ਸੰਗੀਤ ਹੈ। ਸੂਫੀਆਂ ਨੇ ਆਪਣੀ ਬਾਣੀ ਦੀ ਸੰਗੀਤਕ ਪ੍ਰਸਤੁਤੀ ਲਈ ਨਿਬੰਧ ਅਤੇ ਅਨਿਬੰਧ ਦੋਵੇਂ ਪ੍ਰਕਾਰ ਦੀਆਂ ਸ਼ੈਲੀਆਂ ਦਾ ਪ੍ਰਯੋਗ ਕੀਤਾ। ਕਾਫੀ ਸੁਤੰਤਰ ਗਾਇਨ ਸ਼ੈਲੀ ਦੇ ਤੌਰ ਤੇ ਪ੍ਰਚਾਰ ਵਿਚ ਸੀ ਅਤੇ ਇਸ ਨੂੰ ਉਪ-ਸ਼ਾਸਤਰੀ ਸ਼ੈਲੀ ਠੁਮਰੀ ਭਜਨ ਦੀ ਤਰ੍ਹਾਂ ਵੀ ਗਾਇਨ ਕੀਤਾ ਜਾਂਦਾ ਸੀ। ਕਾਫੀ ਦਾ ਗਾਇਨ ਵਿਸ਼ੇਸ਼ ਤਾਲਾਂ ਵਿਚ ਕੀਤਾ ਜਾਂਦਾ ਸੀ। ਇਹ ਜ਼ਿਆਦਾਤਰ ਕਹਿਰਵਾ ਅਤੇ ਰੂਪਕ ਤਾਲਾਂ ਵਿਚ ਗਾਈ ਜਾਂਦੀ ਹੈ। ਸੂਫੀ ਸੰਗੀਤ ਵਿਚ ਪ੍ਰਚਲਿਤ ਕਾਫੀ ਗਾਇਨ ਸ਼ੈਲੀ ਉੱਤੇ

ਭਗਤੀ ਸੰਗੀਤ ਦੀ ਪਦ ਗਾਇਨ ਸ਼ੈਲੀ ਦਾ ਕਾਫ਼ੀ ਪ੍ਰਭਾਵ ਹੈ, ਜਿਸ ਅਧੀਨ ਜਿਥੇ ਕਾਫ਼ੀ ਰਚਨਾ ਉਪਰ ਰਹਾਉ, ਅੰਕ, ਰਾਗ ਆਦਿ ਵਰਗੇ ਗਾਇਨ ਸੰਕੇਤ ਵਿਦਮਾਨ ਹਨ, ਉਥੇ ਮੁਸਲਿਮ ਕਵਾਲੀ ਦੇ ਅੰਦਾਜ਼ ਤੋਂ ਇਸ ਵਿਚ ਵਾਰ-ਵਾਰ ਦੁਹਰਾਅ ਕੀਤਾ ਜਾਂਦਾ ਹੈ। ਪਰ ਕਾਫੀ ਸ਼ੈਲੀ ਆਪਣੀ ਪ੍ਰਕ੍ਰਿਤੀ ਅਤੇ ਸੂਫੀਆਨਾ ਅੰਦਾਜ਼ ਤੋਂ ਭਾਰਤੀ ਸੰਗੀਤ ਦੀ ਵਿਭਿੰਨ ਗਾਇਨ ਸ਼ੈਲੀਆਂ ਤੋਂ ਆਪਣਾ ਵੱਖਰਾ ਸਰੂਪ ਰੱਖਦੀ ਹੈ।

ਇਸ ਤਰ੍ਹਾਂ ਦੀ ਕਵਾਲੀ ਸੂਫੀ ਸੰਗੀਤ ਦੀ ਵਿਸ਼ਿਸ਼ਟ ਗਾਇਨ ਸ਼ੈਲੀ ਹੈ। ਇਸ ਦਾ ਵਿਸ਼ੇਸ਼ ਲੋਕਾਂ ਦੁਆਰਾ ਦਰਗਾਹ ਤੇ ਗਾਇਨ ਕੀਤਾ ਜਾਂਦਾ ਹੈ। ਸੂਫੀ ਸੰਗੀਤ ਦੇ ਅੰਤਰਗਤ ਗਾਇਕ ਨੂੰ ਕਵਾਲ ਦਾ ਨਾਮ ਦਿੱਤਾ ਗਿਆ ਹੈ ਅਤੇ ਇਨ੍ਹਾਂ ਕਵਾਲਾਂ ਦੁਆਰਾ ਗਾਇਨ ਕੀਤੇ ਗੀਤਾਂ ਨੂੰ ਕਵਾਲੀ ਕਿਹਾ ਗਿਆ ਹੈ। ਕਵਾਲੀ ਦਾ ਸਮੂਹਿਕ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ। ਇਸ ਵਿਚ ਦੋ ਮੁੱਖ ਕਲਾਕਾਰ ਹੁੰਦੇ ਹਨ ਅਤੇ ਬਾਕੀ ਉਹਨਾਂ ਦੁਆਰਾ ਉਚਾਰੀਆਂ ਪੰਕਤੀਆਂ, ਪਦਿਆਂ ਦਾ ਅਨੁਕਰਣ ਕਰਦੇ ਹਨ। ਕਵਾਲੀ ਦਾ ਭਾਵ ਸਪਸ਼ਟ ਕਰਨ ਲਈ ਜਿਥੇ ਸੋਥੀ ਤੁੱਕ ਦਾ ਬਾਰ-ਬਾਰ ਗਾਇਨ ਕੀਤਾ ਜਾਂਦਾ ਹੈ, ਉਥੇ ਅੰਤਰਿਆਂ ਦੀਆਂ ਤੁਕਾਂ ਵਿਚ ਵਿਸ਼ੇ ਨਾਲ ਸੰਬੰਧਿਤ ਸਲੋਕ ਅਤੇ ਦੋਹਰਿਆਂ ਦਾ ਗਾਇਨ ਕੀਤਾ ਜਾਂਦਾ ਹੈ। ਅਨਿਬੱਧ ਗਾਇਨ ਸ਼ੈਲੀਆਂ ਤਾਲ ਦੇ ਬੰਧਨਾਂ ਤੋਂ ਆਜ਼ਾਦ ਹੁੰਦੀਆਂ ਹਨ। ਸੂਫੀ ਸੰਗੀਤ ਵਿਚ ਸੀਹਰਫੀ, ਦੋਹੜੀ, ਸਲੋਕ, ਗਾਇਕ ਸ਼ੈਲੀਆਂ ਅਨਿਬੱਧ ਦਾ ਰੂਪ ਹਨ। ਸੋ ਸੂਫੀ ਸੰਗੀਤ ਪਰੰਪਰਾ ਮੁੱਢ ਤੋਂ ਹੀ ਸੰਗੀਤਕ ਵਿਸ਼ੇਸ਼ਤਾਈਆਂ ਵਾਲੀ ਰਹੀ ਹੈ। ਮੱਧ ਭਾਰਤੀ ਅਧਿਆਤਮਕ ਸੰਗੀਤ ਪਰੰਪਰਾ ਵਿਚ ਇਸ ਦਾ ਨਿਵੇਕਲਾ ਵਿਸ਼ੇਸ਼ ਸਥਾਨ ਰਿਹਾ ਹੈ।

## ਭਗਤੀ ਲਹਿਰ ਅਤੇ ਭਗਤੀ ਸੰਗੀਤ

ਭਗਤੀ ਲਹਿਰ ਦੱਖਣ ਵਿਚ ਅਲਵਾਰ ਸੰਤਾਂ ਰਾਹੀਂ ਸ਼ੁਰੂ ਹੋਈ ਅਤੇ ਸੱਤਵੀਂ-ਅੱਠਵੀਂ ਸਦੀ ਵਿਚ ਵਧੀ ਫੁੱਲੀ। ਭਾਵੇਂ ਭਗਤੀ ਦਾ ਸੋਮਾ ਭਗਵਤ ਗੀਤਾ ਸੀ, ਪਰ ਦੱਖਣ ਦੇ ਲੋਕਾਂ ਵਿਚ ਇਸ ਨੂੰ ਵੈਸ਼ਨਵ ਸੰਤਾਂ ਨੇ ਫੈਲਾਇਆ, ਜੋ ਚਲਦੇ-ਫਿਰਦੇ ਗਵੱਈਏ ਸਨ। ਦੱਖਣ ਤੋਂ ਇਹ ਭਗਤੀ ਲਹਿਰ ਦੇਸ਼ ਦੇ ਹੋਰ ਹਿੱਸਿਆਂ ਵਿਚ ਫੈਲੀ। ਹਰ ਥਾਂ ਤੇ ਪ੍ਰਭੂ ਭਗਤੀ ਦੇ ਗੀਤ ਲਿਖੇ। ਇਹ ਰਚਨਾਵਾਂ ਸੰਸਕ੍ਰਿਤ ਵਿਚ ਨਹੀਂ ਸਗੋਂ ਲੋਕਾਂ ਦੀ ਭਾਸ਼ਾ ਸਾਧਾਰਣ ਬੋਲੀ ਵਿੱਚ ਹੋਈਆਂ ਅਤੇ ਇਨ੍ਹਾਂ ਨੂੰ ਮੰਦਰਾਂ ਅਤੇ ਸੰਗਤ ਵਿਚ ਕੀਰਤਨ ਦੇ ਰੂਪ ਵਿਚ ਗਾਇਆ ਜਾਂਦਾ ਸੀ। ਭਗਤੀ ਲਹਿਰ ਦਾ ਆਰੰਭ ਇੱਕ ਧਾਰਮਿਕ ਅੰਦੋਲਨ ਵਜੋਂ ਹੋਇਆ। ਇਸ ਅਧੀਨ ਪ੍ਰਯੋਗ ਕੀਤੇ ਗਏ ਕਾਵਿ ਨੂੰ ਭਗਤੀ-ਕਾਵਿ ਕਿਹਾ ਜਾਂਦਾ ਹੈ ਅਤੇ ਭਗਤੀ-ਕਾਵਿ ਦੀ ਪ੍ਰਸਤੁਤੀ ਲਈ ਪ੍ਰਯੋਗ ਕੀਤੇ ਗਏ ਸੰਗੀਤ ਨੂੰ ਭਗਤੀ ਸੰਗੀਤ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਭਗਤੀ ਲਹਿਰ ਤੋਂ ਇਲਾਵਾ ਖੇਤਰੀ ਭਾਸ਼ਾਵਾਂ ਵੀ ਵਿਕਸਤ ਹੋਈਆਂ ਜਿਸ ਦੇ ਫਲਸਰੂਪ ਭਾਸ਼ਾਵਾਂ ਵਿਚ ਭਗਤੀ ਸੰਗੀਤ ਦੇ ਕਾਵਯ ਦੀ ਰਚਨਾ ਹੋਈ, ਜੋ ਪੂਰਨ ਸੰਗੀਤਮਈ ਸੀ। ਇਹ ਸਮਾਂ 11ਵੀਂ ਸਦੀ ਦਾ ਸੀ, ਜਿਸ ਸਮੇਂ ਹਿੰਦੁਸਤਾਨੀ ਸੰਗੀਤ ਗਿਰਾਵਟ ਵਲ ਜਾ ਰਿਹਾ ਸੀ ਤਾਂ ਸਾਰੇ ਹਿੰਦੁਸਤਾਨ ਵਿਚ ਭਗਤੀ ਅੰਦੋਲਨ ਸ਼ੁਰੂ ਹੋਇਆ। 14ਵੀਂ ਸਦੀ ਵਿਚ ਪੂਰਨ ਜ਼ੋਰਾਂ 'ਤੇ ਚਲ ਰਿਹਾ ਇਹ ਭਗਤੀ ਅੰਦੋਲਨ ਦੋ ਧਾਰਾਵਾਂ ਵਿਚ ਪ੍ਰਵਾਹਿਤ ਹੋਇਆ :

(1) ਨਿਰਗੁਣ ਧਾਰਾ

(2) ਸਰਗੁਣ ਧਾਰਾ

ਨਿਰਗੁਣ ਭਗਤੀ ਨੂੰ ਦੋ ਉਪ-ਭਾਸ਼ਾਵਾਂ ਵਿੱਚ ਵਿਭਾਜਿਤ ਕੀਤਾ ਗਿਆ ਹੈ :

(ੳ) ਗਿਆਨ ਮਾਰਗੀ ਸੰਤਾਂ ਦੀ ਧਾਰਾ

(ਅ) ਪ੍ਰੇਮ ਮਾਰਗੀ ਸੂਫੀਆਂ ਦੀ ਧਾਰਾ

ਗਿਆਨ ਮਾਰਗੀ ਦੇ ਪ੍ਰਤੀਨਿਧ ਕਬੀਰਦਾਸ ਅਤੇ ਪ੍ਰੇਮ ਮਾਰਗੀ ਭਗਤੀ ਦੇ ਪ੍ਰਤੀਨਿਧ ਮਲਿਕ ਮੁਹੰਮਦ ਜਾਯਸੀ ਸਨ, ਜਿਨ੍ਹਾਂ ਨੇ ਪਦਮਾਵਤ ਗ੍ਰੰਥਾਂ ਦੀ ਰਚਨਾ ਕੀਤੀ[੪] ਨਿਰਗੁਣਧਾਰਾ ਦੇ ਪ੍ਰਵਰਤਕ ਪ੍ਰਮਾਤਮਾ ਨੂੰ ਨਿਰਾਕਾਰ ਮੰਨਦੇ ਸਨ। ਉਹ ਉਸ ਦੀ ਉਸਤਤੀ ਸ਼ਬਦ ਭਜਨ ਗਾਇਨ, ਕੀਰਤਨ ਦੁਆਰਾ ਕਰਦੇ। ਇਨ੍ਹਾਂ ਨੇ ਭਜਨ ਜਾਪ ਅਤੇ ਸਿਮਰਨ ਦੀ ਗੱਲ ਕੀਤੀ।

ਸਰਗੁਣ ਭਗਤੀ ਦੀਆਂ ਦੋ ਉਪ ਧਾਰਾਵਾਂ ਬਣੀਆਂ – (1) ਰਾਮ ਭਗਤੀ (2) ਕ੍ਰਿਸ਼ਨ ਭਗਤੀ। ਰਾਮ ਭਗਤੀ ਦੇ ਪ੍ਰਤੀਨਿਧ ਗੋਸੁਆਮੀ ਤੁਲਸੀਦਾਸ ਜੀ ਸਨ, ਜਿਨ੍ਹਾਂ ਨੇ ਰਾਮ ਚਰਿਤ ਮਾਨਸ ਅਵਧੀ ਵਿਚ ਲਿਖਿਆ ਬਿਨੈ ਪ੍ਰਤਿਕਾ ਦੀ ਰਚਨਾ ਕੀਤੀ ਅਤੇ ਕ੍ਰਿਸ਼ਨ ਭਗਤੀ ਦੇ ਪ੍ਰਤੀਨਿਧ ਕਵੀ ਰਾਜ ਸੂਰਦਾਸ ਜੀ ਸਨ।[੫] ਇਹ ਸਰਗੁਣ ਧਾਰਾ ਦੇ ਪਰਵਰਤਕ ਪ੍ਰਮਾਤਮਾ ਦਾ ਸਾਕਾਰ ਰੂਪ ਮੰਨ ਕੇ ਉਸ ਦੀ ਉਸਤਤੀ ਦਾ ਗਾਇਨ ਕਰਦੇ ਸਨ। ਇਸ ਧਾਰਾ ਦੇ ਅੰਤਰਗਤ ਮੀਰਾ, ਨੰਦ ਦਾਸ, ਪਦਮ ਦਾਸ, ਰੈਦਾਸ ਅਤੇ ਅਸ਼ਟਛਾਪ ਕਵੀ ਹੋਏ। ਨਿਰਗੁਣ ਧਾਰਾ ਦੀ ਸ਼੍ਰਿਖਲਾ ਵਿਚ ਕਬੀਰ, ਫਰੀਦ, ਨਾਮਦੇਵ, ਤਿਰਲੋਚਨ, ਸੈਣ, ਰਵੀਦਾਸ ਤੇ ਇਸ ਧਾਰਾ ਨਾਲ ਸੰਬੰਧਿਤ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਅਨੁਯਾਈ ਗੁਰੂਆਂ ਦਾ ਸਮੁੱਚੀ ਪਰੰਪਰਾ ਵਿਚ ਵਿਸ਼ੇਸ਼ ਸਥਾਨ ਹੈ। ਸਰਗੁਣ ਦੇ ਅੰਤਰਗਤ ਭਗਤੀ ਲਹਿਰ ਵਿਚ ਕਈ ਵੈਸ਼ਨਵ ਸੰਪ੍ਰਦਾਵਾਂ ਚੱਲੀਆਂ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

## ਰਾਮਾਨੁਜ ਸੰਪ੍ਰਦਾਇ

ਇਸ ਦੇ ਸੰਸਥਾਪਕ ਸ੍ਰੀ ਰਾਮਾਨੁਜ ਸਨ। ਇਨ੍ਹਾਂ ਦਾ ਜਨਮ ਸਲਕੋਟ ਦੱਖਣੀ ਭਾਰਤ ਵਿਚ ਹੋਇਆ ਪਰ ਇਨ੍ਹਾਂ ਨੇ ਬਨਾਰਸ ਨੂੰ ਆਪਣੀ ਭਗਤੀ ਦਾ ਪ੍ਰਚਾਰ ਕੇਂਦਰ ਬਣਾਇਆ। ਰਾਮਾਨੁਜ ਨੇ ਰਾਮ ਅਤੇ ਸੀਤਾ ਦੀ ਭਗਤੀ ਦਾ ਪ੍ਰਚਾਰ ਕੀਤਾ। ਸੁਆਮੀ ਰਾਮਾਨੰਦ ਜਾਤ-ਪਾਤ ਦੇ ਭੇਦ-ਭਾਵ ਨੂੰ ਨਹੀਂ ਮੰਨਦੇ ਸਨ। ਇਨ੍ਹਾਂ ਦੇ ਸ਼ਿਸ਼ਾਂ ਵਿਚ ਸਰਗੁਣ ਮਾਰਗੀ ਗੋਸਵਾਮੀ ਤੁਲਸੀਦਾਸ ਅਤੇ ਨਿਰਾਕਾਰ-ਮਾਰਗੀ ਕਬੀਰ ਦੇ ਨਾਂ ਗਿਣੇ ਜਾਂਦੇ ਹਨ। ਭਗਤੀ ਅੰਦੋਲਨ ਦੇ ਵਿਕਾਸ ਵਿੱਚ ਰਾਮਾਨੰਦ ਦੀ ਦੇਣ ਮਹੱਤਵਪੂਰਨ ਹੈ। ਇਹਨਾਂ ਨੇ ਰਾਮ ਭਗਤੀ ਦੀ ਇਕ ਅਜਿਹੀ ਧਾਰਾ ਉੱਤਰੀ ਭਾਰਤ ਵਿਚ ਵਹਾਈ ਜੋ ਚਿਰਾਕਾਲ ਤੱਕ ਵਹਿੰਦੀ ਹੋਈ ਸਾਰੇ ਉੱਤਰੀ ਭਾਰਤ ਨੂੰ ਸਿੰਜਦੀ ਸੀ। ਇਸੇ ਧਾਰਾ ਦੀਆਂ ਅਗਾਂਹ ਚਲ ਕੇ ਦੋ ਸ਼ਾਖਾਵਾਂ ਹੋ ਗਈਆਂ, ਨਿਰਗੁਣ ਭਗਤੀ ਧਾਰਾ ਜਿਸ ਦੇ ਪਰਵਰਤਕ ਕਬੀਰ ਜੀ ਅਤੇ ਸਰਗੁਣ ਧਾਰਾ ਜਿਸ ਦੇ ਸਿਰੋਮਣੀ ਭਗਤ ਤੁਲਸੀ ਦਾਸ ਮੰਨੇ ਜਾਂਦੇ ਹਨ। ਇਸ ਪਰੰਪਰਾ ਅਧੀਨ ਸੰਤ, ਭਗਤ ਜਨਾਂ ਵਿਚ ਰਾਮ ਦੀ ਨਿਰਗੁਣ ਭਗਤੀ ਰਵੀਦਾਸ ਨੇ ਵੀ ਕੀਤੀ, ਰਾਮਾਨੁਜਚਾਰੀਆ ਨਾਲ ਸੰਬੰਧਿਤ ਭਗਤਾਂ ਦੀਆਂ ਰਚਨਾਵਾਂ ਉਪਰ ਰਾਗ ਸਿਰਲੇਖ ਵਜੋਂ ਅੰਕਿਤ ਹਨ, ਉਨ੍ਹਾਂ ਨੇ ਆਪਣੇ ਪਦਿਆਂ ਨੂੰ ਵਿਸ਼ਿਸ਼ਟ ਸੰਗੀਤ ਨਿਯਮਾਂ ਸਹਿਤ ਰਾਗਾਂ ਅਧੀਨ

ਗਾਇਆ ਅਤੇ ਪ੍ਰਚਾਰਿਆ।

**ਵੱਲਭ ਸੰਪ੍ਰਦਾਇ**

ਸ੍ਰੀ ਵੱਲਭ ਆਚਾਰਯ ਨੇ ਵਿਸ਼ਨੂੰ ਸਵਾਮੀ ਦੇ ਸਿਧਾਂਤਾਂ ਤੋਂ ਪ੍ਰੇਰਣਾ ਲੈ ਕੇ ਪ੍ਰੇਮ ਭਗਤੀ ਮਾਰਗ ਦੀ ਸਥਾਪਨਾ ਕੀਤੀ। ਆਚਾਰਯ ਨੇ ਭਗਤ ਦੇ ਭਗਵਾਨ ਦੀ ਸ਼ਰਣ ਗ੍ਰਹਿਣ ਕਰਨ ਵੇਲੇ ਭਗਵਾਨ ਕ੍ਰਿਸ਼ਨ ਦੇ ਬਾਲ ਰੂਪ ਦੀ ਭਗਤੀ ਕਰਨ ਦਾ ਆਦੇਸ਼ ਦਿੱਤਾ ਸੀ। ਪਰ ਇਨ੍ਹਾਂ ਦੀ ਜ਼ਿੰਦਗੀ ਦੇ ਮਗਰਲੇ ਹਿੱਸੇ ਵਿਚ ਇਨ੍ਹਾਂ ਦੇ ਭਗਤ ਸੁਭਾਉ ਦੇ ਪੁੱਤਰ ਅਤੇ ਵੱਲਭ ਸੰਪ੍ਰਦਾਇ ਦੇ ਉੱਤਰਅਧਿਕਾਰੀ ਗੋਸੁਆਮੀ ਵਿਠੁਲ ਨਾਥ ਨੇ ਕਿਸ਼ੋਰ ਕ੍ਰਿਸ਼ਨ ਅਤੇ ਗੋਪੀ ਲੀਲਾ ਦੀ ਜੁਗਲ-ਭਾਵਨਾ ਦਾ ਸਮਾਵੇਸ਼ ਆਪਣੀ ਉਪਾਸਤਨਾਂ ਵਿਧੀ ਵਿਚ ਕਰ ਲਿਆ।

ਮਥਰਾ-ਬ੍ਰਿੰਦਾਬਨ ਵਿਚ ਵਿਕਸਿਤ ਵੱਲਭ ਸੰਪ੍ਰਦਾਇ ਵਿਚ ਅੱਠ ਕਵੀਆਂ ਨੇ ਹਿੰਦੀ ਸਾਹਿਤ ਵਿਚ ਬੜਾ ਨਾਮਣਾ ਖੱਟਿਆ ਹੈ। ਇਨ੍ਹਾਂ ਵਿਚ ਚਾਰ ਵੱਲਭਾਚਾਰੀਆ ਸ਼ਿਸ਼ ਸਨ – ਸੂਰਦਾਸ, ਪਰਮਾਨੰਦ ਦਾਸ, ਕੁੰਤਨਦਾਸ ਅਤੇ ਕ੍ਰਿਸ਼ਨ ਦਾਸ ਅਧਿਕਾਰੀ ਵੱਲਭ ਆਚਾਰਯ ਜੀ ਦੇ ਸਪੁੱਤਰ ਸ੍ਰੀ ਵਿਠੁਲਨਾਥ ਅਤੇ ਕ੍ਰਿਸ਼ਨ ਦਾਸ ਅਧਿਕਾਰੀ ਵੱਲਭ ਆਚਾਰਯ ਜੀ ਦੇ ਸਪੁੱਤਰ ਸ੍ਰੀ ਵਿਠੁਲ ਨਾਥ ਦੇ ਚਾਰ ਚੇਲੇ ਸਨ : ਨੰਦ ਦਾਸ, ਚਤੁਰਭੁਜ ਦਾਸ, ਗੋਵਿੰਦ ਸੁਆਮੀ ਅਤੇ ਛੀਤ ਸੁਆਮੀ। ਇਨ੍ਹਾਂ ਅੱਠ ਭਗਤਾਂ ਕਵੀਆਂ ਨੇ ਗੁਸੁਆਮੀ ਵਿਠੁਲ ਨਾਥ ਦੇ ਨਾਲ ਰਹਿ ਕੇ ਬ੍ਰਜ ਲੋਕ (ਮਥੁਰਾ ਜ਼ਿਲ੍ਹਾ ਉੱਤਰ ਪ੍ਰਦੇਸ਼) ਵਿਚ ਕਥਿਤ ਸ੍ਰੀ ਨਾਥ (ਕ੍ਰਿਸ਼ਨ) ਜੀ ਦੇ ਮੰਦਰ ਵਿੱਚ ਕੀਰਤਨ ਦੀ ਸੇਵਾ ਕੀਤੀ ਅਤੇ ਭਗਵਾਨ ਕ੍ਰਿਸ਼ਨ ਦੀ ਭਗਤੀ ਦੇ ਪਦਾਂ ਦੀ ਰਚਨਾ ਕੀਤੀ। ਇਸ ਲਈ ਇਨ੍ਹਾਂ ਅੱਠੇ ਸਮਕਾਲੀ ਕਵੀਆਂ ਨੂੰ ਅੱਠ ਮਿੱਤਰ ਜਾਂ ਹਿੰਦੀ ਸਾਹਿਤ ਦੇ ਇਤਿਹਾਸ ਵਿਚ ਅਸ਼ਟ-ਛਾਪ ਦੇ ਕਵੀ ਸੱਦਿਆ ਜਾਂਦਾ ਹੈ।[26]

ਉੱਤਰੀ ਭਾਰਤ ਵਿਚ ਰਾਧਾ ਕ੍ਰਿਸ਼ਨ ਦੀ ਭਗਤੀ ਭਾਵਨਾ ਨੂੰ ਵਿਅਕਤ ਕਰਨ ਵਿਚ ਵੱਲਭਾਚਾਰੀਆ ਅਤੇ ਚੇਤੰਨਯ ਮਹਾਂਪ੍ਰਭੂ ਦਾ ਹੱਥ ਹੈ। ਦੱਖਣ ਤੋਂ ਜੋ ਭਗਤੀ ਅੰਦੋਲਨ ਸਹਿਜੇ-ਸਹਿਜੇ ਵੱਧ ਫੁੱਲ ਰਿਹਾ ਸੀ, ਉਸ ਨੂੰ ਉੱਤਰੀ ਭਾਰਤ ਵਿਚ ਸੰਪੂਰਣਤਾ ਪ੍ਰਾਪਤ ਕਰਾਉਣ ਵਿਚ ਵੱਲਭਾਚਾਰੀਆ ਦਾ ਮਹੱਤਵਪੂਰਨ ਯੋਗਦਾਨ ਹੈ। ਅਸ਼ਟਛਾਪ ਕਵੀਆਂ ਨੇ ਬ੍ਰਜ ਭਾਸ਼ਾ ਵਿਚ ਪ੍ਰਬੰਧ ਪਦ ਅਤੇ ਭਜਨ ਸ਼ੈਲੀ ਦੀ ਰਚਨਾ ਕੀਤੀ, ਜਿਨ੍ਹਾਂ ਉਪਰ ਰਾਗ ਆਦਿ ਸ਼ਾਸਤਰੀ ਸੰਕੇਤ ਵੀ ਹਨ, ਜੋ ਸੰਬੰਧਿਤ ਰਾਗ ਅਧੀਨ ਗਾਇਨ ਕਰਨ ਦਾ ਸੂਚਕ ਹਨ। ਇਸ ਪਰੰਪਰਾ ਦੇ ਉੱਘੇ ਕਵੀ ਗਾਇਕ ਸੂਰਦਾਸ ਅਤੇ ਮੀਰਾ ਦੇ ਨਾਮ ਵਿਸ਼ੇਸ਼ ਹਨ। ਮੀਰਾ ਨੇ ਸਾਜ਼ ਕਰਤਾਲ ਅਤੇ ਏਕਤਾਰਾ ਨਾਲ ਪਦਿਆਂ ਜਾਂ ਭਜਨਾਂ ਦਾ ਗਾਇਨ ਕੀਤਾ। ਆਪ ਨੇ ਕਈ ਭਜਨਾਂ ਦੀ ਰਚਨਾ ਵੀ ਕੀਤੀ, ਜਿਨ੍ਹਾਂ ਵਿਚੋਂ ਪ੍ਰੇਮ ਅਤੇ ਬਿਰਹੋ ਦੀ ਭਾਵਨਾ ਝਲਕਦੀ ਹੈ।[27]

ਭਗਤ ਸੂਰਦਾਸ ਦਾ ਲਿਖਿਆ ਗ੍ਰੰਥ 'ਸੁਰਸਾਗਰ' ਪ੍ਰਸਿੱਧ ਗ੍ਰੰਥ ਹੈ, ਜਿਸ ਵਿਚ ਕ੍ਰਿਸ਼ਨ ਦੀਆਂ ਲੀਲਾਵਾਂ ਨੂੰ ਵੱਖ-ਵੱਖ ਰਾਗਾਂ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਵੱਲਭ ਸੰਪ੍ਰਦਾ ਅਧੀਨ ਭਗਤੀ ਲਈ ਕਈ ਗਾਇਨ ਵਿਧੀਆਂ ਨੂੰ ਪ੍ਰਯੋਗ ਕੀਤਾ ਜੋ ਇਸ ਪ੍ਰਕਾਰ ਹੈ :

ਕ੍ਰਿਸ਼ਨ ਦੀਆਂ ਲੀਲਾਵਾਂ ਦੇ ਕੀਰਤਨ ਨੂੰ ਰਾਸ ਜਾਂ ਲੀਲਾ ਦਾ ਨਾਮ ਦਿੱਤਾ ਜਾਂਦਾ ਹੈ। ਇਹ ਕੀਰਤਨ ਪਰੰਪਰਾ ਵੀ ਵੱਲਭ ਸੰਪ੍ਰਦਾਇ ਵੱਲੋਂ ਹੋਂਦ ਵਿੱਚ ਆਈ, ਇਸ ਵਿਚ ਅਸ਼ਟਛਾਪ

ਕੀਰਤਨ ਦੀ ਝਲਕ ਮਿਲਦੀ ਹੈ। ਇਸ ਕੀਰਤਨ ਵਿਧੀ ਵਿਚ ਸ਼ਾਸਤਰੀ ਸੰਗੀਤ ਦੇ ਵਿਸ਼ੇਸ਼ ਨਿਯਮਾਂ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ। ਵੱਲਭ ਸੰਪ੍ਰਦਾਇ ਦੇ ਆਚਾਰੀਆ ਦੁਆਰਾ ਅਸ਼ਟਯਾਮ ਕੀਰਤਨ ਪ੍ਰਣਾਲੀ ਦਾ ਖੂਬ ਪ੍ਰਚਾਰ ਹੋਇਆ। ਇਸ ਵਿਚ ਕ੍ਰਿਸ਼ਨ ਭਗਤੀ ਅਧੀਨ ਕ੍ਰਿਸ਼ਨ ਦੀਆਂ ਮੰਗਲਾ, ਸ਼ਿੰਗਾਰ, ਰਾਜਭੋਗ, ਉਥਾਪਨ ਸੰਸਯਾ, ਸ਼ੂਧਨ, ਸੈਜਾ ਵਰਗੀਆਂ ਨਿਤਪ੍ਰਤੀ ਦੀਆਂ ਕ੍ਰਿਆਵਾਂ ਦਾ ਦਿਨ ਦੇ ਅੱਠਾਂ ਪਹਿਰਾਂ ਵਿਚ ਨਿਰਧਾਰਿਤ ਸਮੇਂ ਤੇ ਨਿਰਧਾਰਿਤ ਪਦਿਆਂ ਜਾਂ ਭਜਨਾਂ ਦਾ ਗਾਇਨ ਕੀਤਾ ਜਾਂਦਾ ਹੈ।[28] ਵੱਲਭ ਸੰਪ੍ਰਦਾਇ ਦੇ ਅਸ਼ਟਛਾਪ ਕਵੀ ਸਾਲ ਭਰ ਦੇ ਤਿਉਹਾਰਾਂ ਅਤੇ ਕ੍ਰਿਸ਼ਨ, ਰਾਧਾ ਦੇ ਸੰਬੰਧ ਵਿਚ ਮਨਾਏ ਜਾਣ ਵਾਲੇ ਉਤਸਵਾਂ ਦੇ ਲਈ ਪਦ ਰਚਨਾ ਕਰਦੇ ਸਨ[29] ਅਤੇ ਉਨ੍ਹਾਂ ਦਾ ਵਿਸ਼ੇਸ਼ ਮੌਕੇ ਤੇ ਗਾਇਨ ਕਰਦੇ ਸਨ। ਜੀਵਨ ਨਾਲ ਸੰਬੰਧਿਤ ਰਸਮਾਂ, ਰੀਤਾਂ, ਰਿਵਾਜਾਂ ਸਮੇਂ ਵੀ ਕੀਰਤਨ ਕਰਨ ਦੀ ਪਰੰਪਰਾ ਹੈ। ਇਨ੍ਹਾਂ ਵਿਸ਼ੇਸ਼ ਉਤਸਵਾਂ ਤੇ ਉਹੀ ਪਦਿਆਂ ਦਾ ਗਾਇਨ ਕੀਤਾ ਜਾਂਦਾ ਹੈ, ਜੋ ਪ੍ਰਾਚੀਨ ਪਰੰਪਰਾ ਤੋਂ ਚਲੇ ਆ ਰਹੇ ਹਨ।[30]

ਇਸ ਤਰ੍ਹਾਂ ਅਸ਼ਟਛਾਪ ਕਵੀਆਂ ਦੇ ਦੇਵੀ-ਦੇਵਤਿਆਂ ਵਿਸ਼ੇਸ਼ ਕਰਕੇ ਕ੍ਰਿਸ਼ਨ ਦੇ ਗੁਣ ਗਾਨ ਕਰਨ ਲਈ ਯਾਤਰਾ ਕੀਰਤਨ ਸ਼ੈਲੀ ਦਾ ਪ੍ਰਯੋਗ ਕੀਤਾ। ਗਾਇਨ ਕਰਨ ਦੇ ਨਾਲ ਨ੍ਰਿਤ ਕਰਨ ਦੀ ਪਰੰਪਰਾ ਵੀ ਇਸ ਸ਼ੈਲੀ ਦਾ ਇੱਕ ਹਿੱਸਾ ਹੈ। ਇਹ ਕੀਰਤਨ ਵਿਧੀ ਸਮੂਹ ਲੋਕਾਂ ਨੂੰ ਕੀਰਤਨ ਕਰਨ ਵਲ ਪ੍ਰੇਰਿਤ ਕਰਦੀ ਸੀ। ਇਹ ਕੀਰਤਨ ਕ੍ਰਿਸ਼ਨ ਦੀਆਂ ਲੀਲਾਵਾਂ ਅਤੇ ਜੀਵਨ ਚਰਿੱਤਰ ਸੰਬੰਧੀ ਭਗਤੀ ਗੀਤਾਂ ਤੇ ਆਧਾਰਿਤ ਹੈ। ਅੱਜਕਲ ਭਜਨ ਕੀਰਤਨ ਦਾ ਸ਼ਾਸਤਰੀ ਸੰਗੀਤ ਦੇ ਸਮਾਰੋਹ ਵਿਚ ਵੀ ਵਿਸ਼ੇਸ਼ ਸਥਾਨ ਹੈ।[31] ਵਰਤਮਾਨ ਸਮੇਂ ਭਜਨ ਕੀਰਤਨ ਵਿਚ ਤੁਲਸੀਦਾਸ, ਮੀਰਾ ਬਾਈ, ਸੂਰਦਾਸ ਆਦਿ ਦੇ ਪਦੇ ਪ੍ਰਸਿੱਧ ਹਨ, ਜਿਨ੍ਹਾਂ ਦੇ ਸੁਤੰਤਰ ਰੂਪ ਵਿਚ ਰਸਮੀ ਬੰਧਨਾਂ ਤੋਂ ਮੁਕਤ ਹੋ ਕੇ ਗਾਇਨ ਕਰਨ ਦੀ ਪ੍ਰਥਾ ਚਲ ਪਈ ਹੈ।

### ਸਖੀ ਸੰਪ੍ਰਦਾਇ

ਸਖੀ ਸੰਪ੍ਰਦਾਇ ਦੇ ਪ੍ਰਥਮ ਗੁਰੂ ਆਸਧੀਰ ਜੀ ਹੋਏ ਹਨ। ਉਹਨਾਂ ਤੋਂ ਬਾਅਦ ਇਸ ਭਗਤੀ ਪੱਧਤੀ ਨੂੰ ਸੁਤੰਤਰ ਸੰਪ੍ਰਦਾਇ ਦਾ ਰੂਪ ਦੇਣ ਵਾਲੇ ਗੁਰੂ ਅਲੀਗੜ੍ਹ ਦੇ ਨੇੜੇ ਸਥਿਤ ਹਰਦਾਸਪੁਰ ਸਥਾਨ ਦੇ ਨਿਵਾਸੀ ਅਸ਼ਟਛਾਪ ਕਵੀਆਂ ਦੇ ਸਮਕਾਲੀਨ ਸਵਾਮੀ ਹਰਿਦਾਸ ਜੀ ਹੋਏ ਹਨ।[32] ਸਖੀ ਸੰਪ੍ਰਦਾਇ ਵਿਚ ਰਾਧਾ-ਕ੍ਰਿਸ਼ਨ ਦੀ ਯੁਗਲ ਉਪਾਸਨਾ ਦੀ ਸਖੀ ਭਾਵ ਨਾਲ ਮਾਨਤਾ ਸੀ। ਹਰਿਦਾਸ ਜੀ ਆਪਣੇ ਸਮੇਂ ਦੇ ਮਹਾਨ ਸੰਗੀਤਕਾਰ ਸਨ। ਆਪ ਦੇ ਚੇਲਿਆਂ ਵਿਚੋਂ ਬੈਜੂਬਾਵਰਾ, ਤਾਨਸੈਨ, ਗੋਪਾਲ ਲਾਲ, ਮਦਨ ਲਾਲ, ਦਿਵਾਕਰ ਪੰਡਿਤ, ਸੋਮਨਾਥ ਪੰਡਿਤ ਵਰਗੇ ਮਹਾਨ ਸੰਗੀਤਕਾਰ ਸਨ।[33] ਜਿਹਨਾਂ ਨੇ ਆਪਣੇ ਕਾਲ ਵਿਚ ਭਗਤੀ ਸੰਗੀਤ ਦਾ ਬਹੁਤ ਪ੍ਰਚਾਰ ਕੀਤਾ। ਕਾਸ਼ੀ ਪ੍ਰਚਾਰਿਨੀ ਸਭਾ ਵਿਚ ਪ੍ਰਾਪਤ ਪਦ ਸੰਗ੍ਰਹਿ ਵਿਚ ਪਦ ਸੰਖਿਆ ਇਕ ਤੋਂ ਸਤਾਈ ਤੱਕ ਸੁਆਮੀ ਹਰਿਦਾਸ ਜੀ ਦੇ ਪਦ ਪ੍ਰਾਪਤ ਹੁੰਦੇ ਹਨ। ਆਪ ਨੇ ਵਿਭਾਸ, ਬਿਲਾਵਲ, ਆਸਾਵਰੀ, ਕਲਿਆਣ, ਕਾਨਹਰੇ, ਕੇਦਾਰੇ, ਸਾਰੰਗ, ਗੌੜ ਮਲ੍ਹਾਰ, ਬਸੰਤ ਗੌਰੀ, ਨਟ ਆਦਿ ਰਾਗਾਂ ਵਿਚ ਰਚਨਾ ਕੀਤੀ।[34]

ਸਖੀ ਸੰਪ੍ਰਦਾਇ ਅਧੀਨ ਭਾਰਤੀ ਸੰਗੀਤ ਦੀ ਵਿਸ਼ੇਸ਼ ਵਿਅਕਤੀਗਤ ਪਦ ਕੀਰਤਨ ਸ਼ੈਲੀ ਦਾ ਖੂਬ ਪ੍ਰਚਾਰ ਹੋਇਆ। ਪਦ ਕੀਰਤਨ ਸ਼ੈਲੀ ਸੰਗੀਤ ਦੇ ਵਿਸ਼ਿਸ਼ਟ ਨਿਯਮਾਂ ਦੀ ਧਾਰਨੀ

ਹੈ। ਇਸ ਅਧੀਨ ਕਿਸੇ ਸੰਤ, ਭਗਤ ਕਵੀ ਦੁਆਰਾ ਰਚਿਤ ਪਦ ਨੂੰ ਗਾਇਆ ਜਾਂਦਾ ਹੈ। ਇਸ ਲਈ ਇਨ੍ਹਾਂ ਨੂੰ ਕੀਰਤੀ ਗਾਥਾਗਾਨ ਨਾਮ ਨਾਲ ਪੁਕਾਰਿਆ ਜਾਂਦਾ ਹੈ।[35]

ਸੁਆਮੀ ਹਰਿਦਾਸ ਤੋਂ ਬਿਨਾਂ ਵਿਠੂਲ ਵਿਪੁਲ, ਬਿਹਾਰਨ ਦਾਸ ਵੀ ਸਖੀ ਸੰਪ੍ਰਦਾਇ ਨਾਲ ਸੰਬੰਧਿਤ ਕਵੀ ਹਨ। ਇਹਨਾਂ ਦੀ ਰਚਨਾ ਵੀ ਕਾਸ਼ੀ ਪ੍ਰਚਾਰਿਨੀ ਵਿਚ ਉਪਲੱਬਧ ਹੈ। ਵਿਠੂਲ ਵਿਪੁਲ ਨੇ 40 ਪਦ ਰਾਗ-ਬੱਧ ਰੂਪ ਵਿਚ ਰਾਗ ਵਿਭਾਗ, ਭੈਰੋ, ਬਸੰਤੁ, ਸਾਰੰਗ, ਮਲਾਰ ਕਲਿਆਣ, ਕਾਨਹਰੋ, ਕੇਦਾਰਾ ਆਦਿ ਮਿਲਦੇ ਹਨ।[36]

ਪਦ ਗਾਇਨ ਸ਼ੈਲੀ ਧਰੁਪਦ ਸ਼ੈਲੀ ਤੋਂ ਪ੍ਰਭਾਵਿਤ ਸੀ। ਪਦ ਕੀਰਤਨ ਪਦਿਆਂ ਵਿਚ ਉਸ ਸਮੇਂ 'ਧਰੁਵ' ਸਥਾਈ ਜਾਂ ਟੇਕ ਬਣਾ ਕੇ ਬਾਕੀ ਪੰਕਤੀਆਂ ਨੂੰ ਅੰਤਰੇ ਦੇ ਰੂਪ ਵਿਚ ਗਾਇਆ ਜਾਂਦਾ ਹੈ। ਪਦ ਸ਼ੈਲੀ ਨੂੰ ਗਾਇਨ ਕਰਨ ਦੇ ਸਮੇਂ ਪਹਿਲਾਂ ਖਿਆਲ ਦੀ ਤਰ੍ਹਾਂ ਥੋੜ੍ਹਾ ਅਲਾਪ ਕਰਦੇ ਹਨ। ਇਸ ਤਰ੍ਹਾਂ ਬੰਦਿਸ਼ ਅਤੇ ਪਖਾਵਜ ਦੀ ਸੰਗੀਤ ਦੀ ਦ੍ਰਿਸ਼ਟੀ ਤੋਂ ਧਰੁਪਦ ਅਤੇ ਅਲਾਪ ਪ੍ਰਯੋਗ ਦੀ ਦ੍ਰਿਸ਼ਟੀ ਤੋਂ ਖਿਆਲ ਦਾ ਰੂਪ ਇਸ ਵਿਚ ਵਿਖਾਈ ਦਿੰਦਾ ਹੈ।[37]

## ਸਿੱਖ ਪਰੰਪਰਾ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ ਧਰਮ ਦੀ ਨੀਂਹ ਰਖੀ ਗਈ। ਗੁਰੂ ਸਾਹਿਬ ਨੇ ਮਧਕਾਲੀਨ ਦੀ ਭਗਤੀ ਧਾਰਾ ਦੇ ਅੰਤਰਗਤ ਨਿੱਜੀ ਧਰਮ-ਚਿੰਤਨ ਦੇ ਆਧਾਰ ਤੇ ਨਵੀਨ ਤੇ ਸੁਤੰਤਰ ਧਰਮ ਦੀ ਸਥਾਪਨਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਇੱਕ ਪ੍ਰਮਾਤਮਾ ਦੀ ਉਪਾਸਨਾ, ਨਾਮ ਜਪਣ, ਕਿਰਤ ਕਰਨ, ਵੰਡ ਛਕਣ ਤੇ ਬਰਾਬਰੀ ਦੇ ਸੰਦੇਸ਼ ਦੇ ਨਾਲ-ਨਾਲ ਲੋਕਾਈ ਨੂੰ ਆਪੋ-ਆਪਣੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਮੁੱਲਾਂ ਨੂੰ ਅਪਨਾਉਣ 'ਤੇ ਜ਼ੋਰ ਦਿੱਤਾ ਅਤੇ ਇਨ੍ਹਾਂ ਦੀ ਸਹੀ ਵਿਆਖਿਆ ਕਰਕੇ ਸਮਕਾਲੀਨ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਲੋਕਾਂ ਵਿਚ ਇਕ ਚੇਤਨਾ ਜਾਗ੍ਰਿਤ ਕੀਤੀ। ਗੁਰੂ ਨਾਨਕ ਨੇ ਆਪਣੇ ਸਮੇਂ ਦੇ ਸਰਬ ਧਰਮਾਂ ਦੇ ਭੂਤ, ਭਵਿੱਖ ਅਤੇ ਵਰਤਮਾਨ ਦਾ ਆਪਣੇ ਚਿੰਤਨ ਦੁਆਰਾ ਮੰਥਨ ਕਰਕੇ ਇੱਕ ਨਵੀਨ ਧਰਮ-ਮਾਰਗ ਦਰਸਾਇਆ ਜਿਹੜਾ ਸਿੱਖ ਧਰਮ ਦੇ ਨਾਮ ਨਾਲ ਪ੍ਰਚੱਲਿਤ ਹੋਇਆ। ਇਹ ਧਰਮ ਭਾਰਤ ਵਿਚ ਹਿੰਦੂ ਤੇ ਮੁਸਲਮਾਨੀ ਸਭਿਆਚਾਰਕ ਧਾਰਾਵਾਂ ਵਿਚ ਇਕ ਕੜੀ ਵਜੋਂ ਸਾਹਮਣੇ ਆਇਆ। ਗੁਰੂ ਸਾਹਿਬ 'ਗੁਰੂ' ਅਤੇ 'ਪੀਰ' ਦੇ ਰੂਪ ਵਿਚ ਇਸ ਧਰਮ ਦੇ ਖੇਤਰ ਵਿਚ ਗੁਰੂ ਨਾਨਕ ਦੇਵ ਜੀ ਨੇ ਇੱਕ ਨਵੀਨ ਪਰਿਵਰਤਨ ਲਿਆਂਦਾ। ਗੁਰੂ ਸਾਹਿਬ ਨੇ ਸੰਗੀਤ ਦੇ ਸੰਦਰਭ ਵਿੱਚ ਆਪਣੀ ਵਿਲੱਖਣਤਾ ਨੂੰ ਕਾਇਮ ਰੱਖਦਿਆਂ ਪੂਰਵ ਕਾਲੀਨ ਤੇ ਸਮਕਾਲੀਨ ਧਾਰਮਿਕ ਸੰਗੀਤ ਪਰੰਪਰਾਵਾਂ ਦੇ ਚਿੰਤਨ ਤੇ ਮੰਥਨ ਦੁਆਰਾ ਇੱਕ ਭਗਤੀ ਦੀ ਨਵੀਨ ਪ੍ਰਣਾਲੀ 'ਗੁਰਮਤਿ ਸੰਗੀਤ' ਪਰੰਪਰਾ ਵਜੋਂ ਸਥਾਪਿਤ ਕੀਤੀ, ਜਿਸ ਦਾ ਬਾਕੀ ਗੁਰੂ ਸਾਹਿਬਾਨ ਵੇਲੇ ਵੀ ਬਹੁਤ ਪ੍ਰਚਾਰ ਹੋਇਆ।

### ਟਿੱਪਣੀਆਂ ਤੇ ਹਵਾਲੇ


1. ਡਾ. ਗੁਰਨਾਮ ਸਿੰਘ : *ਪੰਜਾਬੀ ਲੋਕ ਸੰਗੀਤ ਸਿਧਾਂਤ ਤੇ ਸਰੂਪ*, ਪੰਨਾ 12-13
2. ਸਰਚੰਦ੍ਰ ਸੀਧਰ ਪਰਾਂਜਪੇ : *ਭਾਰਤੀ ਸੰਗੀਤ ਦਾ ਉਦਗਮ ਔਰ ਵਿਕਾਸ*, ਪੰਨਾ 225
3. Ranade : *G.H. Hindustani Music, Its Physics and Aesthetics*, P.1-2.
4. ਉਮੇਸ਼ ਜੋਸ਼ੀ : *ਭਾਰਤੀ ਸੰਗੀਤ ਦਾ ਇਤਿਹਾਸ*, ਪੰਨਾ 78

5. ਉਮੇਸ਼ ਜੋਸ਼ੀ : *ਭਾਰਤੀ ਸੰਗੀਤ ਦਾ ਇਤਿਹਾਸ*, ਪੰਨਾ 79
6. ਪੰ: ਅਹੋਬਾਲ : *ਸੰਗੀਤ ਪਾਰਿਜਾਤ*, ਪੰਨਾ 1
7. ਜੌਹਰੀ ਪੁਸ਼ਪਾ (ਡਾ.) : *ਸੰਤ ਨਾਮਦੇਵ ਕਾ ਕਾਵਯ ਔਰ ਸੰਗੀਤ*, ਪੰਨਾ 11
8. ਜੌਹਰੀ ਪੁਸ਼ਪਾ (ਡਾ.) : *ਸੰਤ ਨਾਮਦੇਵ ਕਾ ਕਾਵਯ ਔਰ ਸੰਗੀਤ*, ਪੰਨਾ 11
9. ਆਚਾਰੀਆ ਬ੍ਰਹਸਪਤਿ : *ਸੰਗੀਤ ਚਿੰਤਾਮਣੀ*, ਪੰਨਾ 36
10. ਜੌਹਰੀ ਪੁਸ਼ਪਾ (ਡਾ.) : *ਸੰਤ ਨਾਮਦੇਵ ਕਾ ਕਾਵਯ ਔਰ ਸੰਗੀਤ ਤੱਤਵ*, ਪੰਨਾ 22
11. ਸਾਰਹਾਦੇਵ (ਪੰਡਿਤ) : *ਸੰਗੀਤ ਰਤਨਾਕਰ (ਭਾਗ ਦੂਜਾ)*, ਪੰਨਾ 113
12. ਜੌਹਰੀ ਪੁਸ਼ਪਾ (ਡਾ.) : *ਸੰਤ ਨਾਮਦੇਵ ਕਾ ਕਾਵਯ ਔਰ ਸੰਗੀਤ ਤੱਤਵ*, ਪੰਨਾ 173
13. ਨਿਖਿਲ ਘੋਸ਼ : *ਰਾਗ ਤਾਲ ਕੇ ਮੂਲ ਤੱਤਵ ਔਰ ਅਭਿਨਵ*, ਪੰਨਾ 13.
14. ਨਿਖਿਲ ਘੋਸ਼ : *ਰਾਗ ਤਾਲ ਕੇ ਮੂਲ ਤੱਤਵ ਔਰ ਅਭਿਨਵ*, ਪੰਨਾ 1
15. ਪਦਮ ਪਿਆਰਾ ਸਿੰਘ : *ਸ੍ਰੀ ਗੁਰੂ ਗ੍ਰੰਥ ਕੋਸ਼*, ਪੰਨਾ 266
16. ਵਰਮਾ ਧੀਰੇਂਦਰ (ਡਾ.) : *ਹਿੰਦੀ ਸਹਿਤਯ ਕੋਸ਼ (ਭਾਗ ਪਹਿਲਾ)*, ਪੰਨਾ 751
17. ਬੜਥਵਾਲ ਪੀਤਾਬਰਦੱਤ (ਡਾ.) : *ਗੋਰਖ ਬਾਣੀ*, ਪੰਨਾ 85
18. Suniti Kumar Chatterji : *Jayadeva*, Page 66.
19. Simon Rebert Leopold, *Spiritual Aspects of Indian Music*, Page 48.
20. ਰਾਮ ਚੰਦ ਸ਼ੁਕਲ : *ਹਿੰਦੀ ਸਾਹਿਤਯ ਕਾ ਇਤਿਹਾਸ*, ਪੰਨਾ 172
21. ਮਨਮੋਹਨ ਸਿੰਘ : *ਗੁਰੂ ਨਾਨਕ ਅਤੇ ਭਗਤੀ ਅੰਦੋਲਨ*, ਪੰਨਾ 42
22. ਦਵਿੰਦਰ ਸਿੰਘ ਵਿਦਿਆਰਥੀ : *ਕੀਰਤਨ ਸੰਦਰਭ ਅਤੇ ਸਰੂਪ*, ਪੰਨਾ 79
23. ਚੌਧਰੀ ਸੁਭਦਰਾ (ਡਾ.) : *ਭਾਰਤੀਯ ਸੰਗੀਤ ਮੇ ਤਾਲ ਔਰ ਰੂਪ ਵਿਧਾਨ*, ਪੰਨਾ 290
24. *ਨਾਨਕ ਪ੍ਰਕਾਸ਼ ਪੱਤ੍ਰਿਕਾ (ਭਗਤੀ ਵਿਸ਼ੇਸ਼ ਅੰਕ)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 23
25. *ਨਾਨਕ ਪ੍ਰਕਾਸ਼ ਪੱਤ੍ਰਿਕਾ (ਭਗਤੀ ਵਿਸ਼ੇਸ਼ ਅੰਕ)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 20
26. *ਨਾਨਕ ਪ੍ਰਕਾਸ਼ ਪੱਤ੍ਰਿਕਾ (ਭਗਤੀ ਵਿਸ਼ੇਸ਼ ਅੰਕ)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 90
27. ਡਾ. ਵਰਮਾ ਧੀਰੇਂਦਰ : *ਹਿੰਦੀ ਸਾਹਿਤ ਦਾ ਇਤਿਹਾਸ (ਭਾਗ–I)*, ਪੰਨਾ 600
28. ਵਿਜੇਂਦਰ ਸਨਾਤਕ : *ਰਾਧਾ ਵੱਲਭ ਸੰਪ੍ਰਦਾਇ ਸਿਧਾਂਤ ਔਰ ਸਾਹਿਤਯ*, ਪੰਨਾ 247
29. ਡਾ. ਧੀਰੇਂਦਰ ਵਰਮਾ : *ਹਿੰਦੀ ਸਾਹਿਤ ਕੋਸ਼*, ਪੰਨਾ 67
30. ਚੌਧਰੀ ਵਿਮਲਾ ਕਾਂਤ ਰਾਏ : *ਭਾਰਤੀ ਸੰਗੀਤ ਕੋਸ਼*, ਪੰਨਾ 73
31. ਚੌਧਰੀ ਵਿਮਲਾ ਕਾਂਤ ਰਾਏ : *ਭਾਰਤੀ ਸੰਗੀਤ ਕੋਸ਼*, ਪੰਨਾ 73
32. ਊਸ਼ਾ ਗੁਪਤਾ : *ਹਿੰਦੀ ਕੇ ਕ੍ਰਿਸ਼ਨ ਭਗਤੀ ਕਾਲੀਨ ਮੇ ਸਹਿਤਯ ਔਰ ਸੰਗੀਤ*, ਪੰਨਾ 8
33. ਉਮੇਸ਼ ਜੋਸ਼ੀ : *ਭਾਰਤੀ ਸੰਗੀਤ ਦਾ ਇਤਿਹਾਸ*, ਪੰਨਾ 211
34. ਜਤਿੰਦਰ ਸਿੰਘ ਖੰਨਾ : *ਮਧ ਕਾਲੀਨ ਧਰਮੋ ਮੇ ਸ਼ਾਸਤਰੀ ਸੰਗੀਤ*, ਪੰਨਾ 227
35. Swami Prajanandan : *A Historical Study of Indian Music*, P. 47
36. ਜਤਿੰਦਰ ਸਿੰਘ ਖੰਨਾ : *ਮਧ ਕਾਲੀਨ ਧਰਮੋ ਮੇ ਸ਼ਾਸਤਰੀ ਸੰਗੀਤ ਦਾ ਤੁਲਨਾਤਮਕ ਅਧਿਐਨ*, ਪੰਨਾ 227
37. ਡਾ. ਚੌਧਰੀ ਸੁਭੱਦਰ : *ਭਾਰਤੀ ਸੰਗੀਤ ਮੇ ਤਾਲ ਰੂਪ ਵਿਧਾਨ*, ਪੰਨਾ 147



PUNJABI UNIVERSITY PATIALA